# Sri Guru Granth Sahib

## ENGLISH & PUNJABI TRANSLATION

## VOL 4

Publisher :

Shiromani Gurdwara Parbandhak Committee,

Amritsar

125/-

੧ਓ

# SRI GURU GRANTH SAHIB

*( English & Panjabi Translation )*

**Vol. 4**

Translated by

MANMOHAN SINGH

SHIROMANI GURDWARA PARBANDHAK COMMITTEE, AMRITSAR

| | | |
|---|---|---|
| First Impression | : | 1965 |
| Second Edition | : | 1981 |
| Third Edition | : | 1989 |
| Fourth Edition | : | 1996 |
| Fifth Edition | : | 2002 |
| Sixth Edition | : | 2006 |

Distributed in India and abroad by
The Shiromani Gurdwara Parbandhak Committee,
Teja Singh Samundari Hall, Golden Temple.
AMRITSAR.

PRINTED IN INDIA

*Printed at*

*Golden Offset Press (SGPC) Amritsar.*

Dedicated

to my beloved wife

Sardarni Ajaib Kaur

through whose encouragement and service,

this Divine work

is accomplished.

# PREFACE

In the wake of partition of the country in 1947, the Divine Guru ingrained in me the intuition of translating Sri Guru Granth Sahib into English and Panjabi so that the meaning of each word in the text may be found in the versions concerned.

However, the actual work of translation was commenced at Nabha, where I was then staying as a refugee from Lyallpur, at I P.M. on 12. 4. 1948, the birthday of Khalsa Panth. The relevant hymn of the ti me from the Holi Sri Guru Granth Sahib reads as :

ਸਾਰਗ ਮਹਲਾ ੫ ॥

ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥
ਪੇਖਿ ਆਇਓ ਸਰਬ ਥਾਨ ਦੇਸ ਪ੍ਰਿਅ ਰੋਮ ਨ ਸਮਸਰਿ ਲਾਗੈ ॥ ੧ ॥ ਰਹਾਉ ॥
ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥
ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ ॥ ੧ ॥
ਗੁਣ ਨਿਧਾਨ ਮਨਮੋਹਨ ਲਾਲਨ ਸੁਖਦਾਈ ਸਰਬਾਂਗੈ ॥
ਗਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥੨॥੫॥੨੮॥
(ਪੰਨਾ ੧੨੦੯)

By the Guru's Grace the entire work of translation was fully completed at 8 A.M. on 8.8. 1960, at Patiala and the order of the time from Sri Guru Granth Sahib reads as :

ਸੂਹੀ ਮਹਲਾ ੫ ॥

ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ ॥
ਹਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥ ੧ ॥ ਰਹਾਉ ॥
ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥
ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥ ੧ ॥
ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣਿ ਗਾਉ ॥
ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥ ੨ ॥ ੩ ॥ ੪੩ ॥
(ਪੰਨਾ ੭੪੫)

Thenceforth the revision of the manuscript has been taken in hand and I am doing my best to complete it at the earliest.

I have not adhered to the interpretation in conformitv with the grammatical rules, or the principles enunciated in *Shabdarath*, but have taken the simpler view in harmony with Sikh faith and tenets. It is a single-handed effort and attempt with no extraneous financial or scholarly help from any quarter. Prior to commencing the printing of the first volume at the Manjit Printing and Publishing Co., Patiala, on 12.1.62, the auspicious occasion of the birthday of the Tenth Guru Gobind Singh, the blessings of Guru Teg Bahadar were invoked by means of an *Ardasa* at Gurdwara Dukhniwarn Sahib, Patiala for the success of the mission. The entire work shall be printed in eight volumes, covering about five thousand pages of the size and pattern of first volume which has already been got printed by me.

To facilitate the understanding of translation, the following points may kindly be borne in mind.

(i) To know the meaning of a particular word in the text, the corresponding numbers in English and Panjabi versions may be seen.

(ii) In case of compound words the number precedes the first part and succeeds the second one.

(iii) The corresponding numbers in the columns are at the end of the word or words concerned.

(iv) To make full sense, read either the words in the first pair or in the second pair of brackets. The words in the second pair denote the literal meaning.

(v) The sole number shown within dots in a line of text denotes the page of the edition of Sri Guru Granth Sahib having 1430 pages

# ਤਤਕਰਾ CONTENTS
## ਚੌਥੀ ਪੋਥੀ 4th Volume

੫੩੭

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

There is but One God. True is His Name and Creative and All-pervading His personality He is without fear, without enmity, Immortal in form, beyond birth and self-illumined. By Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚਾ ਹੈ ਉਸ ਦਾ ਨਾਮ, ਰਚਨਹਾਰ ਵਿਆਪਕ ਉਸ ਦੀ ਵਿਅਕਤੀ। ਉਹ ਨਿੱਡਰ, ਨਿਰਵੈਰ, ਅਮਰ ਉਸ ਦੀ ਹਸਤੀ ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਰਾਗੁ ਬਿਹਾਗੜਾ ਚਉਪਦੇ ਮਹਲਾ ੫ ਘਰੁ ੨ ॥

Rag Bihagra Chaupade
5th Guru.

ਰਾਗ ਬਿਹਾਗੜਾ ਚਉਪਦੇ
ਪੰਜਵੀਂ ਪਾਤਸ਼ਾਹੀ।

ਦੂਤਨ[50] ਸੰਗਰੀਆ[51] ॥ ਭੁਇਅੰਗਨਿ[52] ਬਸਰੀਆ[53]॥ ਅਨਿਕ[54] ਉਪਰੀਆ[55] ॥੧॥

To associate with[51] the arch adversaries[50], is to abide[53] with the vipers[52]. I made various[54] efforts[55] to shake them off.

ਕੱਟੜ ਵੈਰੀਆਂ[50] ਦਾ ਮੇਲ-ਮਿਲਾਪ[51] ਨਾਗਾਂ[52] ਦੇ ਨਾਲ ਵਸਣਾ[53]ਹੈ। ਉਨ੍ਹਾਂ ਨੂੰ ਪਰੇ ਹਟਾਉਣ ਲਈ ਮੈਂ ਘਨੇਰੇ[54] ਉਪਰਾਲੇ[55] ਕੀਤੇ।

ਤਉ[56] ਮੈ ਹਰਿ ਹਰਿ[57] ਕਰੀਆ[58] ॥ ਤਉ[59] ਸੁਖ[60] ਸਹਜਰੀਆ[61] ॥੧॥ਰਹਾਉ॥

Then[56] I repeated[58] God's Name[57], wherefore[59] I obtain peace[60] and poise[61]. Pause.

ਤਦ[56] ਮੈਂ ਵਾਹਿਗੁਰੂ ਦੇ[57] ਨਾਮ ਦਾ ਜਾਪ ਕੀਤਾ[58]। ਇਸ ਲਈ[59] ਮੈਨੂੰ ਆਰਾਮ[60] ਅਤੇ ਅਡੋਲਤਾ[61] ਪ੍ਰਾਪਤ ਹੋ ਗਏ। ਠਹਿਰਾਉ।

ਮਿਥਨ[62] ਮੋਹਰੀਆ[63] ॥ ਅਨ ਕਉ[64] ਮੇਰੀਆ[65]॥ ਵਿਚਿ[66]ਘੂਮਨ ਘਿਰੀਆ[67] ॥੨॥

False[62] is the love[63] of the various[64] types of worldly attachments[65] which entangle man in[66] the whirlpool[67] of transmigration.

ਅਨੇਕਾਂ[64] ਕਿਸਮਾਂ ਦੀ ਹੰਗਤਾ ਅਤੇ ਮਮਤਾ[63] ਝੂਠੀ[62] ਹੈ, ਜੋ ਬੰਦੇ ਨੂੰ ਆਵਾਗਾਉਣ ਦੀ ਘੁਮਣਘੇਰੀ[67] ਅੰਦਰ[66] ਪਾ ਦਿੰਦੀ ਹੈ।

ਸਗਲ[68] ਬਟਰੀਆ[69] ॥ ਬਿਰਖ[70] ਇਕ ਤਰੀਆ[71]॥ ਬਹੁ[72] ਬੰਧਹਿ[73] ਪਰੀਆ[74]॥੩॥

All[68] the mortals are the wayfarer[69], who have gathered[71] under the world tree[70] and are tied down to[74] manifold[72] bonds[73].

ਸਾਰੇ[68] ਪ੍ਰਾਣੀ ਮੁਸਾਫ਼ਰ[69] ਹਨ, ਜੋ ਸੰਸਾਰ ਦੇ ਰੁਖ[70] ਹੇਠਾਂ ਇਕੱਤ੍ਰ[71] ਹੋਏ ਹਨ ਅਤੇ ਘਣੇਰੇ[72] ਜੂੜਾਂ[73] ਨਾਲ ਜਕੜੇ[74] ਹੋਏ ਹਨ।

ਥਿਰੁ[75] ਸਾਧ ਸਫਰੀਆ[76] ॥ ਜਹ[77]ਕੀਰਤਨੁ[78] ਹਰੀਆ[79]॥

Eternal[76] is the saints' congregation[76], wherein[77] God's[79] praises are hymned[78].

ਮੁਸਤਕਿਲ[75] ਹੈ ਸਤਿ ਸੰਗਤ[76] ਜਿਸ[77]ਵਿੱਚ ਵਾਹਿਗੁਰੂ[79] ਦੀਆਂ ਸਿਫਤ-ਸ਼ਲਾਘਾ ਗਾਇਨ ਕੀਤੀਆਂ ਜਾਂਦੀਆਂ[78] ਹਨ।

ਨਾਨਕ ਸਰਨਰੀਆ[80] ॥੪॥੧॥

Nanak has, therefore, sought its protection[80].

ਇਸ ਲਈ ਨਾਨਕ ਨੇ ਉਸ ਦੀ ਪਨਾਹ[80] ਪਕੜੀ ਹੈ।

੧ ਓ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।

ਰਾਗੁ ਬਿਹਾਗੜਾ ਮਹਲਾ ੯ ॥

Rag Bihagra
9th Guru.

ਰਾਗ ਬਿਹਾਗੜਾ
ਨੌਵੀਂ ਪਾਤਸ਼ਾਹੀ।

| | | |
|---|---|---|
| ਹਰਿ ਕੀ ਗਤਿ[81] ਨਹਿ ਕੋਊ ਜਾਨੈ ॥ | No one knows the state[81] of the Lord. | ਵਾਹਿਗੁਰੂ ਦੀ ਦਸ਼ਾ[81] ਨੂੰ ਕੋਈ ਭੀ ਨਹੀਂ ਜਾਣਦਾ। |
| ਜੋਗੀ[82] ਜਤੀ[83] ਤਪੀ[84] ਪਚਿ ਹਾਰੇ[85] ਅਰੁ[86] ਬਹੁ[87] ਲੋਗ[88] ਸਿਆਨੇ[89] ॥੧॥ ਰਹਾਉ॥ | The renunciators[82], celibates[83], penitents[84] and[86] good many[87] wise men[89] have utterly failed[85]. Pause. | ਤਿਆਗੀ[82], ਬ੍ਰਹਮਚਾਰੀ[83], ਤਪੱਸਵੀ[84] ਅਤੇ[86] ਘਣੇਰੇ[87] ਅਕਲਮੰਦ[89] ਇਨਸਾਨ[88] ਬੁਰੀ ਤਰ੍ਹਾਂ ਫੇਲ੍ਹ[85] ਹੋ ਗਏ ਹਨ। ਠਹਿਰਾਉ। |
| ਛਿਨ[90] ਮਹਿ[91] ਰਾਉ[92] ਰੰਕ[93] ਕਉ ਕਰਈ ਰਾਉ ਰੰਕ ਕਰਿ ਡਾਰੇ[94] ॥ | In[91] a trice[90], He makes[94] a pauper[93] a king[92], and a king a pauper. | ਇਕ ਮੁਹਤ[90] ਵਿੱਚ[91] ਉਹ ਇਕ ਕੰਗਲੇ[93] ਨੂੰ ਰਾਜਾ[92] ਅਤੇ ਇਕ ਰਾਜੇ ਨੂੰ ਕੰਗਲਾ ਬਣਾ ਦਿੰਦਾ[94] ਹੈ। |
| ਰੀਤੇ[95] ਭਰੇ[96] ਭਰੇ ਸਖਨਾਵੈ[97] ਯਹ[98] ਤਾਕੋ[99] ਬਿਵਹਾਰੇ[100] ॥੧॥ | What is empty[95] He fills[96], and what is full He empties[97]. Such[98] are His[99] ways[100]. | ਜੋ ਖਾਲੀ[95] ਹੈ ਉਸ ਨੂੰ ਲਬਾਲਬ ਭਰ ਦਿੰਦਾ[96] ਹੈ ਅਤੇ ਜੋ ਪਰੀ-ਪੂਰਨ ਹੈ ਉਸ ਨੂੰ ਖਾਲੀ ਕਰ ਦਿੰਦਾ[97] ਹੈ। ਇਹ[98] ਹੈ ਉਸ[99] ਦਾ ਸ਼ੁਗਲ[100]। |
| ਅਪਨੀ ਮਾਇਆ[2] ਆਪਿ[3] ਪਸਾਰੀ[4] ਆਪਹਿ ਦੇਖਨਹਾਰਾ[5] ॥ | His mammon[2], He Himself has spread[4] and He Himself[3] is the Beholder[5] thereof. | ਆਪਣੀ ਸ਼ਕਤੀ[2] ਨੂੰ ਉਸ ਨੇ ਆਪੇ[3] ਹੀ ਖਿਲਾਰਿਆ[4] ਹੈ ਅਤੇ ਉਹ ਆਪੇ ਹੀ ਉਸ ਨੂੰ ਵੇਖਣ ਵਾਲਾ[5] ਹੈ। |
| ਨਾਨਾ[6] ਰੂਪੁ[7] ਧਰੇ[8] [9]ਬਹੁ ਰੰਗੀ[10] ਸਭ ਤੇ ਰਹੈ ਨਿਆਰਾ[12] ॥੨॥ | He assumes[8] many[6] forms[7] and plays many[9] sports[10], yet he remains distinct[12] from all. | ਉਹ ਅਨੇਕਾਂ[6] ਸਰੂਪ[7] ਧਾਰਦਾ[8] ਹੈ ਅਤੇ ਅਨੇਕਾਂ[9] ਖੇਡਾਂ[10] ਖੇਡਦਾ ਹੈ, ਫੇਰ ਵੀ ਉਹ ਸਾਰਿਆਂ ਨਾਲੋਂ ਅਲੱਗਥਲੱਗ[12] ਰਹਿੰਦਾ ਹੈ। |
| ਅਗਨਤ[13] ਅਪਾਰੁ[14] ਅਲਖ[15] ਨਿਰੰਜਨ[16] ਜਿਹ ਸਭ ਜਗੁ[17] ਭਰਮਾਇਓ[18] ॥ | Incomputable[13], Illimitable[14], Incomprehensible[15] and Immaculate[16] is the Lord who has lured away[18] the whole world[17]. | ਬੇਸ਼ੁਮਾਰ[13], ਹੱਦ ਬੰਨਾ-ਰਹਿਤ[14], ਅਗਾਧ[15] ਅਤੇ ਪਵਿੱਤਰ[16] ਹੈ ਸੁਆਮੀ, ਜਿਸ ਨੇ ਸਾਰੇ ਸੰਸਾਰ[17] ਨੂੰ ਬਹਿਕਾਇਆ ਹੋਇਆ[18] ਹੈ। |
| ਸਗਲ[19] ਭਰਮ[20] ਤਜਿ[21] ਨਾਨਕ ਪ੍ਰਾਣੀ[22] ਚਰਨਿ[23] ਤਾਹਿ[24] ਚਿਤੁ[25] ਲਾਇਓ[26]॥੩॥੧॥੨॥ | Says Nanak, O mortal[22], lay aside[21] thou all[19] thy doubts[20] and fix[26] thy mind[25] on His[24] feet[23]. | ਗੁਰੂ ਜੀ ਫੁਰਮਾਉਂਦੇ ਹਨ, ਹੇ ਫ਼ਾਨੀ ਬੰਦੇ[22]! ਤੂੰ ਆਪਣੇ ਸਮੂਹ[19] ਸੰਸੇ[20] ਨਵਿਰਤ ਕਰ ਦੇ[21] ਅਤੇ ਆਪਣਾ ਮਨ[25] ਉਸ[24] ਦੇ ਪੈਰਾਂ[23] ਨਾਲ ਜੋੜ[26]। |
| ਰਾਗੁ ਬਿਹਾਗੜਾ ਛੰਤ ਮਹਲਾ ੪ ਘਰੁ ੧ | Rag Bihagra Chhant 4th Guru. | ਰਾਗ ਬਿਹਾਗੜਾ ਛੰਤ ਚੌਥੀ ਪਾਤਿਸ਼ਾਹੀ। |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ੫੩੮ | | |
| ਹਰਿ ਹਰਿ[27] ਨਾਮੁ ਧਿਆਈਐ[28] ਮੇਰੀ | O my soul[29], meditate[28] thou on the Name of the Lord Master[27]. The | ਹੇ ਮੈਂਡੀ ਆਤਮਾ[29]! ਤੂੰ ਸੁਆਮੀ[27] ਮਾਲਕ ਦੇ ਨਾਮ ਦਾ ਆਰਾਧਨ[28] ਕਰ। ਅਣਮੁੱਲਾ[31] ਨਾਮ, ਗੁਰਾਂ ਦੇ ਰਾਹੀਂ[30] |

| | | |
|---|---|---|
| ਜਿੰਦੁੜੀਏ[29] ਗੁਰਮੁਖਿ[30] ਨਾਮੁ ਅਮੋਲੇ[31] ਰਾਮ ॥ | invaluable[31] Name is obtained, through the Guru[30]. | ਪਾਇਆ ਜਾਂਦਾ ਹੈ। |
| ਹਰਿ ਰਸਿ[32] ਬੀਧਾ[33] ਹਰਿ ਮਨੁ ਪਿਆਰਾ[34] ਮਨੁ ਹਰਿ ਰਸਿ ਨਾਮਿ ਝਕੋਲੇ[35] ਰਾਮ ॥ | My mind is pierced[33] through with God's Name-elixir[32]; God is dear[34] unto my mind. With God's Name-Nectar the mind is washed clean[35]. | ਮੇਰਾ ਚਿੱਤ ਵਾਹਿਗੁਰੂ ਦੇ ਨਾਮ ਅੰਮ੍ਰਿਤ[32] ਨਾਲ ਵਿੰਨਿਆ ਗਿਆ[33] ਹੈ। ਵਾਹਿਗੁਰੂ ਮੇਰੇ ਚਿੱਤ ਨੂੰ ਲਾਡਲਾ[34] ਲੱਗਦਾ ਹੈ। ਵਾਹਿਗੁਰੂ ਦੇ ਨਾਮ ਨਾਲ ਚਿੱਤ ਧੋਤਾ ਜਾ ਕੇ ਸਾਫ਼ ਸੁਥਰਾ[35] ਹੋ ਗਿਆ ਹੈ। |
| ਗੁਰਮਤਿ[36] ਮਨੁ[37] ਠਹਰਾਈਐ[38] ਮੇਰੀ ਜਿੰਦੁੜੀਏ ਅਨਤ[39] ਨ ਕਾਹੂ ਡੋਲੇ[40] ਰਾਮ ॥ | O my soul, By Guru's instruction[36] hold[38] thy mind[37] and it shall not wander[40] to any other place[39] again. | ਹੇ ਮੇਰੀ ਆਤਮਾ ! ਗੁਰਾਂ ਦੇ ਉਪਦੇਸ਼[36] ਦੁਆਰਾ, ਤੂੰ ਆਪਣੇ ਮਨ[37] ਨੂੰ ਅਸਥਿਰ[38] ਰੱਖ ਅਤੇ ਇਹ ਮੁੜ ਕੇ ਕਿਸੇ ਹੋਰਸ[39] ਜਗ੍ਹਾ ਅੰਦਰ ਡਿੱਕੋਡੋਲੇ[40] ਨਹੀਂ ਖਾਵੇਗਾ। |
| ਮਨ[41] ਚਿੰਦਿਅੜਾ[42] ਫਲੁ[43] ਪਾਇਆ ਹਰਿ ਪ੍ਰਭੁ ਗੁਣ[44] ਨਾਨਕ ਬਾਣੀ[45] ਬੋਲੇ[46] ਰਾਮ ॥੧॥ | He who utters[46] the praise-worthy[44] hymns[45] of the God Lord, O Nanak, obtains the fruit[43] his heart[41] desires[42]. | ਜੋ ਕੋਈ ਵਾਹਿਗੁਰੂ ਸੁਆਮੀ ਦੀ ਉਪਮਾ-ਯੋਗ[44] ਗੁਰਬਾਣੀ[45] ਦਾ ਉਚਾਰਨ[46] ਕਰਦਾ ਹੈ, ਹੇ ਨਾਨਕ ! ਉਹ ਆਪਣੇ [41]ਦਿਲ-ਚਾਹੁੰਦੇ[42] ਮੇਵੇ[43] ਪਾ ਲੈਂਦਾ ਹੈ। |
| ਗੁਰਮਤਿ[47] ਮਨਿ ਅੰਮ੍ਰਿਤੁ[48] ਵੁਠੜਾ[49] ਮੇਰੀ ਜਿੰਦੁੜੀਏ ਮੁਖਿ[50] ਅੰਮ੍ਰਿਤ ਬੈਣ[51] ਅਲਾਏ[52] ਰਾਮ ॥ | O my soul, by Guru's instruction[47], the Name-Nectar[48] abides[49] within man's mind and he, then, with his mouth[50], utters[52] nectar-sweet words[51]. | ਹੇ ਮੇਰੀ ਜਿੰਦੇ ! ਗੁਰਾਂ ਦੀ ਸਿਖ-ਮੱਤ[47] ਦੁਆਰਾ ਅੰਮ੍ਰਿਤ[48] ਨਾਮ ਜੀਵ ਦੇ ਚਿੱਤ ਵਿੱਚ ਵੱਸ ਜਾਂਦਾ[43] ਹੈ ਅਤੇ ਤਦ ਉਹ, ਆਪਣੇ ਮੂੰਹ[50] ਨਾਲ ਅੰਮ੍ਰਿਤ ਬਚਨ[51] ਉਚਾਰਨ ਕਰਦਾ[52] ਹੈ। |
| ਅੰਮ੍ਰਿਤ ਬਾਣੀ ਭਗਤ ਜਨਾ[53] ਕੀ ਮੇਰੀ ਜਿੰਦੁੜੀਏ ਮਨਿ[54] ਸੁਣੀਐ[55] ਹਰਿ ਲਿਵ[56] ਲਾਇ[57] ਰਾਮ ॥ | Nectar-sweet are the hymns of the saintly persons[53], O my soul. By heartily[54] hearing[55] them, one comes to embrace[57] affection[56] for the Lord. | ਅੰਮ੍ਰਿਤ ਵਰਗੀ ਮਿੱਠੜੀ ਹੈ ਗੁਰਬਾਣੀ ਸਾਧੂ-ਸਰੂਪ ਪੁਰਸ਼ਾਂ ਦੀ, ਹੇ ਮੇਰੀ ਜਿੰਦੇ ! ਉਸ ਨੂੰ ਦਿਲੋਂ[54] ਸ੍ਰਵਣ[55] ਕਰਨ ਦੁਆਰਾ ਬੰਦੇ ਦਾ ਪ੍ਰਭੂ ਨਾਲ ਪਿਆਰ[56] ਪੈ ਜਾਂਦਾ[57] ਹੈ। |
| ਚਿਰੀ ਵਿਛੁੰਨਾ[58] ਹਰਿ ਪ੍ਰਭੁ ਪਾਇਆ ਗਲਿ ਮਿਲਿਆ[59] ਸਹਜਿ ਸੁਭਾਏ[60] ਰਾਮ ॥ | I have obtained the Lord God, since long-separated[58] from me and He has, naturally[60], hugged me to His bosom[59]. | ਮੇਰੇ ਨਾਲੋਂ ਦੇਰ ਤੋਂ ਵਿਛੁੜਿਆ ਹੋਇਆ[58] ਸੁਆਮੀ ਵਾਹਿਗੁਰੂ ਮੈਂ ਪ੍ਰਾਪਤ ਕਰ ਲਿਆ ਹੈ। ਉਸ ਨੇ ਸੁਭਾਵਕ ਹੀ[60] ਮੈਨੂੰ ਆਪਣੀ ਛਾਤੀ[59] ਨਾਲ ਲਾ ਲਿਆ ਹੈ। |
| ਜਨ[61] ਨਾਨਕ ਮਨਿ ਅਨਦੁ[62] ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ[63] ਵਜਾਏ[64] ਰਾਮ ॥੨॥ | Servant[61] Nanak's mind is in bliss[62], O my soul, and the celestial strain[63] rings[64] within him. | ਦਾਸ[61] ਨਾਨਕ ਦੇ ਚਿੱਤ ਅੰਦਰ ਖੁਸ਼ੀ[62] ਹੋ ਗਈ ਹੈ, ਹੇ ਮੇਰੀ ਜਿੰਦੇ ! ਅਤੇ ਬੈਕੁੰਠੀ ਕੀਰਤਨ[63] ਉਸ ਦੇ ਅੰਦਰ ਗੂੰਜਦਾ[64] ਹੈ। |
| ਸਖੀ[65] ਸਹੇਲੀ[66] ਮੇਰੀਆ ਮੇਰੀ ਜਿੰਦੁੜੀਏ ਕੋਈ ਹਰਿ | O my soul, let my comrades[65] and friends[66] come[68] and unite[69] me with | ਹੇ ਮੈਂਡੇ ਜੀਉੜਿਆ ! ਮੇਰੀ ਕੋਈ ਸਾਥਣ[65] ਅਤੇ ਹਮਜੋਲਣ[66] ਆ[68] ਕੇ ਮੈਨੂੰ ਮੇਰੇ ਪਾਰਬ੍ਰਹਮ ਪਰਮੇਸ਼ਰ[67] |

| | | |
|---|---|---|
| ਪ੍ਰਭੁ[67] ਆਣਿ[68] ਮਿਲਾਵੈ[69] ਰਾਮ ॥ | my Lord Master[67]. | ਨਾਲ ਜੋੜ ਦੇਵੇ[69] । |
| ਹਉ ਮਨੁ[70] ਦੇਵਉ[71] ਤਿਸੁ[72] ਆਪਣਾ ਮੇਰੀ ਜਿੰਦੁੜੀਏ ਹਰਿ ਪ੍ਰਭ ਕੀ ਹਰਿ[73] ਕਥਾ[74] ਸੁਣਾਵੈ[75] ਰਾਮ ॥ | I surrender[71] my mind[70] unto him[72], O my soul, who recites[75] to me, the Divine[73] discourse[74] of the Lord God. | ਮੈਂ ਆਪਣਾ ਮਨ[70] ਉਸ ਨੂੰ[72] ਸਮਰਪਣ[71] ਕਰਦਾ ਹਾਂ, ਹੇ ਮੇਰੀ ਜਿੰਦੇ ! ਜਿਹੜਾ ਮੈਨੂੰ ਸੁਆਮੀ ਵਾਹਿਗੁਰੂ ਦੀ ਈਸ਼ਵਰੀ[73] ਕਥਾ-ਵਾਰਤਾ[74] ਸੁਣਾਉਂਦਾ[75] ਹੈ । |
| ਗੁਰਮੁਖਿ[76] ਸਦਾ[77] ਅਰਾਧਿ[78] ਹਰਿ ਮੇਰੀ ਜਿੰਦੁੜੀਏ ਮਨ[79]ਚਿੰਦਿਅੜਾ[80] ਫਲੁ[81] ਪਾਵੈ ਰਾਮ ॥ | Through the Guru[76], ever[77] contemplate[78] thou on God, O my soul, and thou shalt attain the boons[81] of thy heart's[79] desire[80]. | ਗੁਰਾਂ ਦੇ ਜ਼ਰੀਏ[76] ਤੂੰ ਹਮੇਸ਼ਾ[77] ਰੱਬ ਦਾ ਚਿੰਤਨ ਕਰ[78], ਹੇ ਮੇਰੀ ਜਿੰਦੇ ! ਅਤੇ ਤੂੰ ਆਪਣੇ [79]ਚਿੱਤ-ਚਾਹੁੰਦੀਆਂ[80] ਮੁਰਾਦਾਂ[81] ਪਾ ਲਵੇਂਗੀ । |
| ਨਾਨਕ ਭਜੁ[82] ਹਰਿ ਸਰਣਾਗਤੀ[83] ਮੇਰੀ ਜਿੰਦੁੜੀਏ [84]ਵਡਭਾਗੀ[85] ਨਾਮੁ ਧਿਆਵੈ[86] ਰਾਮ ॥੩॥ | Says Nanak, hasten[82] thou to seek Lord's protection[83], O my soul, as only the very[84] fortunate ones[85] meditate[86] on the Master's Name. | ਗੁਰੂ ਜੀ ਫੁਰਮਾਉਂਦੇ ਹਨ, ਤੂੰ ਦੌੜ ਕੇ[82] ਪ੍ਰਭੂ ਦੀ ਪਨਾਹ[83] ਪਕੜ ਲੈ, ਹੇ ਮੇਰੀ ਜਿੰਦੇ ! ਕੇਵਲ ਪਰਮ[84] ਚੰਗੇ ਕਰਮਾਂ ਵਾਲੇ[85] ਹੀ ਮਾਲਕ ਦੇ ਨਾਮ ਦਾ ਸਿਮਰਨ ਕਰਦੇ[86] ਹਨ । |
| ਕਰਿ ਕਿਰਪਾ[87] ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ ਗੁਰਮਤਿ[88] ਨਾਮੁ ਪਰਗਾਸੇ[89] ਰਾਮ ॥ | O my soul, in His mercy[87] the Lord comes and meets the mortal and through Guru's teaching[88] reveals[89] His Name unto him. | ਹੇ ਮੇਂਡੇ ਜੀਉੜਿਆ ! ਮਿਹਰ[87] ਧਾਰ ਕੇ ਸੁਆਮੀ ਪ੍ਰਾਣੀ ਨੂੰ ਆ ਮਿਲਦਾ ਹੈ ਅਤੇ ਗੁਰਾਂ ਦੇ ਉਪਦੇਸ਼[88] ਰਾਹੀਂ ਆਪਣਾ ਨਾਮ ਉਸ ਉੱਤੇ ਪ੍ਰਗਟ ਕਰਦਾ[89] ਹੈ । |
| ਹਉ[90] ਹਰਿ ਬਾਝੁ[91] ਉਡੀਣੀਆ[92] ਮੇਰੀ ਜਿੰਦੁੜੀਏ ਜਿਉ[93] ਜਲ[94] ਬਿਨੁ ਕਮਲ[95] ਉਦਾਸੇ[96] ਰਾਮ ॥ | Without[91] God, I[90] am as crestfallen[92], O my soul, as[93] the lotus[95] is sad[96] without water[94]. | ਵਾਹਿਗੁਰੂ ਦੇ ਬਗੈਰ[91] ਮੈਂ[90] ਐਉਂ ਨਿਮੋਝੂਣੀ[92] ਹਾਂ, ਹੇ ਮੇਰੇ ਜੀਉੜਿਆ ! ਜਿਸ ਤਰ੍ਹਾਂ[93] ਪਾਣੀ[94] ਦੇ ਬਗੈਰ ਕੰਵਲ[95] ਉਦਾਸਹੀਨ[96] ਹੁੰਦਾ ਹੈ । |
| ਗੁਰਿ ਪੂਰੈ[97] ਮੇਲਾਇਆ[98] ਮੇਰੀ ਜਿੰਦੁੜੀਏ ਹਰਿ ਸਜਣੁ[99] ਹਰਿ ਪ੍ਰਭੁ ਪਾਸੇ[100] ਰਾਮ ॥ | The Perfect[97] Guru, has united[98] me with[100] Lord God, the Friend[99], O my soul. | ਪੂਰਨ[97] ਗੁਰਾਂ ਨੇ ਮੈਨੂੰ ਸੁਆਮੀ ਵਾਹਿਗੁਰੂ ਮਾਲਕ, ਮਿੱਤ੍ਰ[99] ਨਾਲ[100] ਜੋੜ[98] ਦਿੱਤਾ ਹੈ, ਹੇ ਮੇਰੇ ਜੀਵੜਿਆ ! |
| ਧਨੁ[2] ਧਨੁ ਗੁਰੂ ਹਰਿ ਦਸਿਆ[3] ਮੇਰੀ ਜਿੰਦੁੜੀਏ ਜਨੁ[4] ਨਾਨਕ ਨਾਮਿ ਬਿਗਾਸੇ[5] ਰਾਮ ॥੪॥੧॥ | Blest[2] ! blest is the Guru, O my soul, who has shown[3] me the Lord, with whose Name, slave[4] Nanak has blossomed[5] forth. | ਮੁਬਾਰਕ[2] ! ਮੁਬਾਰਕ ! ਹਨ ਗੁਰਦੇਵ ਜੀ, ਹੇ ਮੇਰੀ ਜਿੰਦੇ ! ਜਿਨ੍ਹਾਂ ਨੇ ਮੈਨੂੰ ਸੁਆਮੀ ਵਿਖਾਲ ਦਿੱਤਾ[3] ਹੈ, ਜਿਸ ਦੇ ਨਾਮ ਨਾਲ ਗੋਲਾ[4] ਨਾਨਕ ਪ੍ਰਫੁੱਲਤ[5] ਹੋ ਗਿਆ ਹੈ । |
| ਰਾਗੁ ਬਿਹਾਗੜਾ ਮਹਲਾ ੪ ॥ | Rag Bihagra 4th Guru. | ਰਾਗ ਬਿਹਾਗੜਾ ਚੌਥੀ ਪਾਤਿਸ਼ਾਹੀ । |
| ਅੰਮ੍ਰਿਤੁ[6] ਹਰਿ ਹਰਿ ਨਾਮੁ | Nectar[6] is the Name of the Lord | ਸੁਧਾਰਸ[6] ਹੈ ਵਾਹਿਗੁਰੂ ਸੁਆਮੀ ਦਾ ਨਾਮ, ਹੇ ਮੇਰੀ |

| | | |
|---|---|---|
| ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ[7] ਪਾਏ ਰਾਮ ॥ | God, O my soul. By Guru's instruction[7] the Name-Nectar is attained. | ਜਿੰਦੇ ! ਗੁਰਾਂ ਦੀ ਸਿਖਮੱਤ[7] ਦੁਆਰਾ ਇਹ ਅੰਮ੍ਰਿਤ ਨਾਮ ਪਾਇਆ ਜਾਂਦਾ ਹੈ । |
| ਹਉਮੈ[8] ਮਾਇਆ[9] ਬਿਖੁ[10] ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ[13] ਜਾਏ ਰਾਮ ॥ | Poisonous[10] is the pride[8] of worldly valuables[9], O my soul. Through the God's Name-Nectar this poison is eliminated[13]. | ਜ਼ਹਿਰੀਲਾ[10] ਹੈ ਸੰਸਾਰੀ ਪਦਾਰਥਾਂ[9] ਦਾ ਹੰਕਾਰ[8], ਹੇ ਮੇਰੀ ਜਿੰਦੇ ! ਵਾਹਿਗੁਰੂ ਦੇ ਨਾਮ-ਅੰਮ੍ਰਿਤ ਰਾਹੀਂ ਇਹ ਜ਼ਹਿਰ ਉੱਤਰ[13] ਜਾਂਦੀ ਹੈ । |
| ਮਨੁ[12] ਸੁਕਾ[14] ਹਰਿਆ[15] ਹੋਇਆ ਮੇਰੀ ਜਿੰਦੁੜੀਏ[16] ਹਰਿ ਹਰਿ ਨਾਮੁ ਧਿਆਏ[17] ਰਾਮ ॥ | Meditating[17] on the Lord Master's Name, O my soul[16], this dried-up[14] frame[12] is reverdured[15]. | ਸੁਆਮੀ ਮਾਲਕ ਦੇ ਨਾਮ ਦਾ ਸਿਮਰਨ[17] ਕਰਨ ਦੁਆਰਾ, ਹੇ ਮੇਰੇ ਜੀਵੜਿਆ[16] ! ਇਹ ਖ਼ੁਸ਼ਕ ਹੋ ਚੁੱਕੀ[14] ਆਤਮਾ[12] ਹਰੀ ਭਰੀ ਹੋ ਜਾਂਦੀ[15] ਹੈ । |
| ਹਰਿ ਭਾਗ[18] ਵਡੇ[19] ਲਿਖਿ[20] ਪਾਇਆ[21] ਮੇਰੀ ਜਿੰਦੁੜੀਏ ਜਨ[22] ਨਾਨਕ ਨਾਮਿ ਸਮਾਏ[23] ਰਾਮ ॥੧॥ | The Lord by His writ[20] has made[21] my destiny[18] great[19], O my soul and slave[22] Nanak has merged[23] in the Name. | ਆਪਣੀ ਲਿਖਤ[20] ਦੁਆਰਾ ਪ੍ਰਭੂ ਨੇ ਮੇਰੀ ਕਿਸਮਤ[18] ਵਿਸ਼ਾਲ[19] ਕਰ ਦਿੱਤੀ[21] ਹੈ, ਹੇ ਮੇਰੀ ਜਿੰਦੇ ! ਅਤੇ ਗੋਲਾ[22] ਨਾਨਕ ਨਾਮ ਅੰਦਰ ਲੀਨ ਹੋ ਗਿਆ[23] ਹੈ । |
| ਹਰਿ ਸੇਤੀ[24] ਮਨੁ ਬੇਧਿਆ[25] ਮੇਰੀ ਜਿੰਦੁੜੀਏ ਜਿਉ ਬਾਲਕ ਲਗਿ ਦੁਧ[26] ਖੀਰੇ[27] ਰਾਮ ॥ | My mind is attached[25] to[24] the Lord, O my soul, as the milk-sucking[26] child is to the milk[27]. | ਮੇਰਾ ਚਿੱਤ ਇਸ ਤਰ੍ਹਾਂ ਸੁਆਮੀ ਨਾਲ[24] ਜੁੜਿਆ[25] ਹੈ, ਹੇ ਮੇਰੀ ਜਿੰਦੇ ! ਜਿਸ ਤਰ੍ਹਾਂ ਦੁੱਧ ਚੁੰਘਣ[26] ਵਾਲਾ ਬੱਚਾ ਦੁੱਧ[27] ਨਾਲ । |
| ਹਰਿ ਬਿਨੁ ਸਾਂਤਿ[28] ਨ ਪਾਈਐ ਮੇਰੀ ਜਿੰਦੁੜੀਏ ਜਿਉ ਚਾਤ੍ਰਿਕੁ[29] ਜਲ[30] ਬਿਨੁ ਟੇਰੇ[31] ਰਾਮ ॥ | Without God, I obtain not peace[28], O my soul, as the pied-cuckoo[29] cries[31] without the rain-drops[30]. | ਜਿਸ ਤਰ੍ਹਾਂ ਮੀਂਹ ਦੀਆਂ ਕਣੀਆਂ[30] ਦੇ ਬਾਝੋਂ ਬੰਬੀਹਾ[29] ਕੁਰਲਾਉਂਦਾ[31] ਹੈ, ਤਿਵੇਂ, ਵਾਹਿਗੁਰੂ ਦੇ ਬਾਝੋਂ ਮੈਨੂੰ ਵੀ ਸੁੱਖ ਆਰਾਮ[28] ਨਹੀਂ ਆਉਂਦਾ, ਹੇ ਮੇਰੀ ਜਿੰਦੇ ! |
| ਸਤਿਗੁਰ ਸਰਣੀ[32] ਜਾਇ[33] ਪਉ[34] ਮੇਰੀ ਜਿੰਦੁੜੀਏ ਗੁਣ[35] ਦਸੇ[37] ਹਰਿ ਪ੍ਰਭ ਕੇਰੇ[36] ਰਾਮ ॥ | Go[33] and seek[34] the shelter[32] of the True Guru, O my soul, and he shall tell[37] thee the merits[35] of[36] the Lord God. | ਜਾ ਕੇ[33] ਸੱਚੇ ਗੁਰਾਂ ਦੀ ਪਨਾਹ[32] ਲੈ[34], ਹੇ ਮੇਰੀ ਜਿੰਦੇ ! ਅਤੇ ਉਹ ਤੈਨੂੰ ਸੁਆਮੀ ਵਾਹਿਗੁਰੂ ਦੀਆਂ[36] ਖ਼ੂਬੀਆਂ[35] ਬਾਰੇ ਦੱਸਣਗੇ[37] । |
| ਜਨ[38] ਨਾਨਕ ਹਰਿ ਮੇਲਾਇਆ ਮੇਰੀ ਜਿੰਦੁੜੀਏ ਘਰਿ[39] ਵਾਜੇ[40] ਸਬਦ[41] ਘਣੇਰੇ[42] ਰਾਮ ॥੨॥ | Servant[38] Nanak, the Lord has united with Himself, O my soul and on that account, many[42] songs[41] of Bliss ring[40] in his heart[39]. | ਦਾਸ[38] ਨਾਨਕ ਨੂੰ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੈ, ਹੇ ਮੇਰੇ ਜੀਵੜਿਆ ਅਤੇ ਉਸ ਦੇ ਗ੍ਰਿਹ[39] (ਹਿਰਦੇ) ਵਿੱਚ ਬਹੁਤੇ[42] ਖ਼ੁਸ਼ੀ ਦੇ ਗੀਤ[41] ਗੂੰਜਦੇ[40] ਹਨ । |
| ਮਨਮੁਖਿ[43] ਹਉਮੈ[44] ਵਿਛੁੜੇ[45] ਮੇਰੀ ਜਿੰਦੁੜੀਏ ਬਿਖੁ[46] ਬਾਧੇ[47] ਹਉਮੈ[48] ਜਾਲੇ[49] ਰਾਮ ॥ | Self-conceit[44] has separated[45] the way-ward[43] from the Lord and has bound them to poisonous[46] sins. They are being burnt[49] by the sense of ego[48], O my soul. | ਸਵੈ-ਹੰਗਤਾ[44] ਨੇ ਆਪ-ਹੁਦਰਿਆਂ[43] ਨੂੰ ਸਾਹਿਬ ਨਾਲੋਂ ਵਿਛੋੜ ਦਿੱਤਾ[45] ਹੈ ਅਤੇ ਉਹ ਜ਼ਹਿਰੀਲੇ[46] ਪਾਪਾਂ ਨਾਲ ਬੱਧੇ[47] ਹਉਮੈ ਅਤੇ ਹੰਕਾਰ[49] ਦੀ ਅੱਗ ਵਿਚ ਸੜ[49] ਰਹੇ ਹਨ । |

| | | |
|---|---|---|
| ਜਿਉ[50] ਪੰਖੀ[51] ਕਪੋਤਿ[52] ਆਪੁ[53] ਬਨ੍ਹਾਇਆ[54] ਮੇਰੀ ਜਿੰਦੁੜੀਏ ਤਿਉ[55] ਮਨਮੁਖ ਸਭਿ ਵਸਿ[56] ਕਾਲੇ[57] ਰਾਮ॥ | As[50] a bird[51], like a pigeon[52], of himself[53], falls[54] into a net, O my soul, similarly[55] all the self-willed come under the spell[56] of death[57]. | ਜਿਸ ਤਰ੍ਹਾਂ[50] ਕਬੂਤਰ[52] ਵਰਗਾ ਪੰਛੀ[51], ਖਦ ਬਖਦ[53] ਜਾਲ ਅੰਦਰ ਜਾ ਫਸਦਾ[54] ਹੈ, ਹੇ ਮੇਰੀ ਜਿੰਦੇ ! ਏਸੇ ਤਰ੍ਹਾਂ[55] ਹੀ ਸਮੂਹ ਆਪ-ਹੁਦਰੇ ਮੌਤ[57] ਦੇ ਇਖ਼ਤਿਆਰ[56] ਵਿੱਚ ਆ ਡਿਗਦੇ ਹਨ । |
| ਪ੩੯ | | |
| ਜੋ ਮੋਹਿ[58] ਮਾਇਆ[59] ਚਿਤੁ[60] ਲਾਇਦੇ[61] ਮੇਰੀ ਜਿੰਦੁੜੀਏ ਸੇ ਮਨਮੁਖ[62] ਮੂੜ[63] ਬਿਤਾਲੇ[64] ਰਾਮ ॥ | Faithless[62], foolish[63] and devilish[64] are the mortals, O my soil, who fix[61] their mind[60] on worldly love[58] and wealth[59]. | ਸ਼ਰਧਾ-ਹੀਣ[62], ਬੇਵਕੂਫ਼[63] ਤੇ ਭੂਤਨੇ[64] ਹਨ ਉਹ ਪ੍ਰਾਣੀ, ਹੇ ਮੇਰੇ ਜੀਉੜਿਆ ! ਜੋ ਆਪਣੇ ਮਨ[60] ਨੂੰ ਸੰਸਾਰੀ ਮਮਤਾ[58] ਤੇ ਧਨ-ਦੌਲਤ[59] ਨਾਲ ਜੋੜਦੇ[61] ਹਨ । |
| ਜਨ[69] ਤ੍ਰਾਹਿ ਤ੍ਰਾਹਿ[65] ਸਰਣਾਗਤੀ[66] ਮੇਰੀ ਜਿੰਦੁੜੀਏ ਗੁਰ ਨਾਨਕ ਹਰਿ[67] ਰਖਵਾਲੇ[68] ਰਾਮ ॥੩॥ | Lord's slaves[69], beseeching and imploring[65], enter His sanctuary[66], O my soul and Divine[67] Guru Nanak becomes their Saviour[68]. | ਹਾੜੇ ਤੇ ਤਰਲੇ[65] ਕਢਦੇ ਹੋਏ ਸਾਹਿਬ ਦੇ ਗੋਲੇ[69] ਉਸ ਦੀ ਸ਼ਰਣ[66] ਲੈਂਦੇ ਹਨ, ਹੇ ਮੇਰੇ ਜੀਉੜਿਆ ! ਅਤੇ ਨਿਰੰਕਾਰੀ[67] ਗੁਰੂ ਨਾਨਕ ਉਨ੍ਹਾਂ ਦੀ ਰਖਿਆ ਕਰਨ ਵਾਲੇ[68] ਹੋ ਜਾਂਦੇ ਹਨ । |
| ਹਰਿ ਜਨ[70] ਹਰਿ ਲਿਵ[71] ਉਬਰੇ[72] ਮੇਰੀ ਜਿੰਦੁੜੀਏ ਧੁਰਿ[73] ਭਾਗ[74] ਵਡੇ[75] ਹਰਿ ਪਾਇਆ[76] ਰਾਮ ॥ | God's men[70] are delivered[72] through God's love[71], O my soul and through the primal[73] greatest[75] good luck[74], they attain[76] to their Lord. | ਰੱਬ ਦੀ ਪ੍ਰੀਤ[71] ਦੇ ਰਾਹੀਂ ਰੱਬ ਦੇ ਬੰਦੇ[70] ਪਾਰ ਉੱਤਰ ਜਾਂਦੇ[72] ਹਨ । ਹੇ ਮੇਰੇ ਜੀਵੜਿਆ ! ਮੁਢ ਦੇ[73] ਪਰਮ[75] ਚੰਗੇ ਨਸੀਬਾਂ[74] ਦੇ ਜ਼ਰੀਏ ਉਹ ਆਪਣੇ ਸੁਆਮੀ ਨੂੰ ਪ੍ਰਾਪਤ ਹੋ ਜਾਂਦੇ[76] ਹਨ । |
| ਹਰਿ ਹਰਿ ਨਾਮੁ ਪੋਤੁ[77] ਹੈ ਮੇਰੀ ਜਿੰਦੁੜੀਏ ਗੁਰ ਖੇਵਟ[78] ਸਬਦਿ[79] ਤਰਾਇਆ[80] ਰਾਮ ॥ | The Lord God's Name is the ship[77], O my life, and Guru, the steersman[78], by his sermon[79], ferries[80] the man across. | ਵਾਹਿਗੁਰੂ ਸੁਆਮੀ ਦਾ ਨਾਮ ਜਹਾਜ਼[77] ਹੈ, ਹੇ ਮੇਰੇ ਜੀਵੜਿਆ ! ਅਤੇ ਗੁਰੂ ਮਲਾਹ[78], ਆਪਣੇ ਉਪਦੇਸ਼[79] ਦੁਆਰਾ, ਬੰਦੇ ਨੂੰ ਪਾਰ ਕਰ ਦਿੰਦੇ[80] ਹਨ । |
| ਹਰਿ ਹਰਿ[81] ਪੁਰਖੁ[82] ਦਇਆਲੁ[83] ਹੈ ਮੇਰੀ ਜਿੰਦੁੜੀਏ ਗੁਰ[84] ਸਤਿਗੁਰ ਮੀਠ[85] ਲਗਾਇਆ[86] ਰਾਮ॥ | Compassionate[83] is the Omnipotent[82] Lord Master[81], O my soul and by the great[84] True Guru's grace, He seems[86] sweet[85] unto the man. | ਮਿਹਰਬਾਨ[83] ਹੈ ਸਰਬ-ਸ਼ਕਤੀਵਾਨ[82] ਪ੍ਰਭੂ-ਪ੍ਰਮੇਸ਼ਰ[81], ਹੇ ਮੇਰੀ ਜਿੰਦੜੀਏ ! ਵਿਸ਼ਾਲ[84] ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਇਨਸਾਨ ਨੂੰ ਮਿਠੜਾ[85] ਲੱਗਣ[86] ਲੱਗ ਜਾਂਦਾ ਹੈ । |
| ਕਰਿ[87] ਕਿਰਪਾ[88] ਸੁਣਿ ਬੇਨਤੀ[89] ਹਰਿ ਹਰਿ ਜਨ[90] ਨਾਨਕ ਨਾਮੁ ਧਿਆਇਆ[91] ਰਾਮ ॥੪॥੨॥ | My Lord God, shower[87] Thy benediction[88], hear slave[90] Nanak's supplication[89] and cause him to dwell[91] on Thy Name. | ਮੇਰੇ ਸੁਆਮੀ ਵਾਹਿਗੁਰੂ ਆਪਣੀ ਰਹਿਮਤ[88] ਧਾਰ[87], ਗੋਲੇ[90] ਨਾਨਕ ਦੀ ਪ੍ਰਾਰਥਨਾ[89] ਸ੍ਰਵਣ ਕਰ ਅਤੇ ਉਸ ਤੋਂ ਆਪਣੇ ਨਾਮ ਦਾ ਸਿਮਰਨ[91] ਕਰਵਾ । |
| ਬਿਹਾਗੜਾ ਮਹਲਾ ੪ ॥ | Bihagra 4th Guru. | ਬਿਹਾਗੜਾ ਚੌਥੀ ਪਾਤਸ਼ਾਹੀ । |
| ਜਗਿ[92] [93]ਸੁਕ੍ਰਿਤੁ[94]ਕੀਰਤਿ[95] ਨਾਮੁ ਹੈ ਮੇਰੀ ਜਿੰਦੁੜੀਏ ਹਰਿ ਕੀਰਤਿ ਹਰਿ ਮਨਿ | O my soul, in this world[92], the hymning of the praise[95] of God's Name is a good[93] avocation[94] and | ਹੇ ਮੇਰੀ ਜਿੰਦੇ ! ਰੱਬ ਦੇ ਨਾਮ ਦੀ ਸਿਫ਼ਤ ਸ਼ਲਾਘਾ[95] ਕਰਨੀ ਇਕ ਚੰਗਾ[93] ਬਿਉਹਾਰ[94] ਹੈ, ਇਸ ਸੰਸਾਰ[92] ਅੰਦਰ । ਸੁਆਮੀ ਦੀ ਕੀਰਤੀ ਰਾਹੀਂ ਸੁਆਮੀ ਹਿਰਦੇ |

| | | |
|---|---|---|
| ਧਾਰੇ[96] ਰਾਮ ॥ | through the Lord's praise, the Lord is enshrined[96] in the mind. | ਵਿੱਚ ਟਿਕ[96] ਜਾਂਦਾ ਹੈ । |
| ਹਰਿ ਹਰਿ ਨਾਮੁ ਪਵਿਤੁ[97] ਹੈ ਮੇਰੀ ਜਿੰਦੁੜੀਏ ਜਪਿ[98] ਹਰਿ ਹਰਿ ਨਾਮੁ ਉਧਾਰੇ[99] ਰਾਮ ॥ | Immaculate[97] is the Lord Master's Name, O my soul and by meditating[98] on the Name of the Lord Master the mortal is delivered[99]. | ਪਵਿੱਤ੍ਰ[97] ਹੈ ਪ੍ਰਭੂ ਪ੍ਰਮੇਸ਼ਰ ਦਾ ਨਾਮ, ਹੇ ਮੇਰੀ ਜਿੰਦੜੀਏ ! ਪ੍ਰਭੂ ਪ੍ਰਮੇਸ਼ਰ ਦੇ ਨਾਮ ਦੀ ਅਰਾਧਨਾ[98] ਕਰਨ ਦੁਆਰਾ ਪ੍ਰਾਣੀ ਪਾਰ ਉੱਤਰ ਜਾਂਦਾ[99] ਹੈ । |
| ਸਭ ਕਿਲਵਿਖ[100] ਪਾਪ[2] ਦੂਖ[3] ਕਟਿਆ[4] ਮੇਰੀ ਜਿੰਦੁੜੀਏ ਮਲੁ[5] ਗੁਰਮੁਖਿ[6] ਨਾਮਿ ਉਤਾਰੇ[7] ਰਾਮ ॥ | All the sins[100], mis-deeds[2] and pains[3] are effaced[4]. O my soul, and through the Name the Exalted Guru[6] removes[7] the filth[5]. | ਸਾਰੇ ਗੁਨਾਹ[100], ਕੁਕਰਮ[2] ਅਤੇ ਦੁਖੜੇ[3] ਨਾਸ ਹੋ ਜਾਂਦੇ[4] ਹਨ, ਹੇ ਮੇਰੀ ਜਿੰਦੇ ! ਅਤੇ ਨਾਮ ਦੇ ਰਾਹੀਂ ਮੁਖੀ ਗੁਰੂ[6] ਜੀ ਮੈਲ[5] ਨੂੰ ਕੱਟ ਦਿੰਦੇ[7] ਹਨ । |
| ਵਡ[8] ਪੁੰਨੀ[9] ਹਰਿ ਧਿਆਇਆ[10] ਜਨ[12] ਨਾਨਕ ਹਮ[13] ਮੂਰਖ[14] ਮੁਗਧ[15] ਨਿਸਤਾਰੇ[16] ਰਾਮ ॥੧॥ | By great[8] good fortune[9], servant[12] Nanak has contemplated[10] over the Lord and He has saved the fools[14] and idiots[15] like me[13]. | ਪਰਮ[8] ਚੰਗੇ ਨਸੀਬਾਂ[9] ਦੇ ਜ਼ਰੀਏ ਨੌਕਰ[12] ਨਾਨਕ ਨੇ ਸਾਹਿਬ ਦਾ ਸਿਮਰਨ[10] ਕੀਤਾ ਹੈ, ਅਤੇ ਉਸ ਨੇ ਮੇਰੇ[13] ਵਰਗੇ ਬੇਵਕੂਫਾਂ[14] ਤੇ ਬੁਧੂਆਂ[15] ਨੂੰ ਭੀ ਤਾਰ ਦਿੱਤਾ[16] ਹੈ । |
| ਜੋ ਹਰਿ ਨਾਮੁ ਧਿਆਇਦੇ[17] ਮੇਰੀ ਜਿੰਦੁੜੀਏ ਤਿਨਾ ਪੰਚੇ ਵਸਗਤਿ[18] ਆਏ ਰਾਮ ॥ | Those, who meditate[17] on God's Name, O my soul, over-power[18] their five evil desires. | ਜੋ ਵਾਹਿਗੁਰੂ ਦੇ ਨਾਮ ਦਾ ਚਿੰਤਨ[17] ਕਰਦੇ ਹਨ, ਹੇ ਮੇਰੀ ਜਿੰਦੇ ! ਪੰਜੇ ਮੰਦ ਖਾਹਿਸ਼ਾਂ ਉਨ੍ਹਾਂ ਦੇ ਵੱਸ ਵਿੱਚ[18] ਆ ਜਾਂਦੀਆਂ ਹਨ । |
| ਅੰਤਰਿ[19] ਨਵਨਿਧਿ[20] ਨਾਮੁ ਹੈ ਮੇਰੀ ਜਿੰਦੁੜੀਏ ਗੁਰੁ ਸਤਿਗੁਰੁ ਅਲਖੁ[21] ਲਖਾਏ[22] ਰਾਮ ॥ | Within[19], are the Names's nine treasures[29]. O my soul, and the great[23] True Guru shows[22] the unperceivable Lord[21]. | ਅੰਦਰਵਾਰ[19] ਨਾਮ ਦੇ ਨੌ ਖਜ਼ਾਨੇ[20] ਹਨ, ਹੇ ਮੇਰੀ ਜਿੰਦੇ ! ਅਤੇ ਵੱਡੇ[23] ਸੱਚੇ ਗੁਰੂ ਜੀ ਅਦ੍ਰਿਸ਼ਟਾਂ[21] ਨੂੰ ਵਿਖਾਲ ਦਿੰਦੇ[22] ਹਨ । |
| ਗੁਰਿ ਆਸਾ[23] ਮਨਸਾ[24] ਪੂਰੀਆ[25] ਮੇਰੀ ਜਿੰਦੁੜੀਏ ਹਰਿ ਮਿਲਿਆ[26] ਭੁਖ[27] ਸਭ ਜਾਏ[28] ਰਾਮ ॥ | The Guru has fulfilled[25] my hopes[23] and yearning[24], O my soul, and by meeting[26] God, all the hunger[27] of mine is satiated[28]. | ਗੁਰੂ ਨੇ ਮੇਰੀਆਂ ਉਮੈਦਾਂ[23] ਅਤੇ ਸੱਧਰਾਂ[24] ਪੂਰਨ ਕਰ ਦਿੱਤੀਆਂ[25] ਹਨ, ਹੇ ਮੇਰੀ ਜਿੰਦੇ ! ਵਾਹਿਗੁਰੂ ਨੂੰ ਭੇਟਣ ਦੁਆਰਾ[26] ਮੇਰੀ ਸਾਰੀ ਖੁਧਿਆ[27] ਨਵਿਰਤ ਹੋ ਗਈ[28] ਹੈ । |
| ਧੁਰਿ[29] ਮਸਤਕਿ[30] ਹਰਿ ਪ੍ਰਭਿ[31] ਲਿਖਿਆ[32] ਮੇਰੀ ਜਿੰਦੁੜੀਏ ਜਨ[33] ਨਾਨਕ ਹਰਿ ਗੁਣ[33] ਗਾਏ[34] ਰਾਮ ॥੨॥ | Says slave[33] Nanak, he alone sings[34] God's praise[33], O my soul, on whose brow[30] it is so written[32] by the Lord God[31], since the very beginning[29]. | ਗੋਲਾ[33] ਨਾਨਕ ਆਖਦਾ ਹੈ, ਕੇਵਲ ਓਹੀ ਵਾਹਿਗੁਰੂ ਦਾ ਜੱਸ[33] ਗਾਇਨ[34] ਕਰਦਾ ਹੈ, ਹੇ ਮੇਰੇ ਜੀਉੜਿਆ ! ਜਿਸ ਦੇ ਮੱਥੇ[30] ਉਤੇ ਸੁਆਮੀ ਵਾਹਿਗੁਰੂ ਨੇ ਮੁੱਢ ਤੋਂ[29] ਐਸਾ ਲਿਖ ਛੱਡਿਆ[32] ਹੈ । |
| ਹਮ[35] ਪਾਪੀ[36] ਬਲਵੰਚੀਆ[37] ਮੇਰੀ ਜਿੰਦੁੜੀਏ[38] ਪਰਦ੍ਰੋਹੀ[39] ਠਗ[40] ਮਾਇਆ ਰਾਮ ॥ | O my soul, I[35] am a sinner[36], a deceiver[37], a cheat[39] and the plunderer[40] of other's[38] weatth[41]. | ਹੇ ਮੇਰੀ ਜਿੰਦੜੀਏ ! ਮੈਂ[35] ਗੁਨਾਹਗਾਰ[36], ਧੋਖੇਬਾਜ਼[37] ਛਲੀਆ[39] ਅਤੇ ਹੋਰਨਾ[38] ਦਾ ਮਾਲ ਧਨ[41] ਲੁੱਟਣ ਵਾਲਾ[40] ਹਾਂ । |
| ਵਡਭਾਗੀ[42] ਗੁਰੁ ਪਾਇਆ | By good fortune[42], I have obtained | ਭਾਰੇ ਨਸੀਬਾਂ[42] ਦੁਆਰਾ ਮੈਨੂੰ ਗੁਰੂ ਪ੍ਰਾਪਤ ਹੋਇਆ |

ਮੇਰੀ ਜਿੰਦੁੜੀਏ ਗੁਰਿ ਪੂਰੈ[43] ਗਤਿ[44] ਮਿਤਿ[45] ਪਾਇਆ ਰਾਮ ॥

the Guru, O my soul, and through the Perfect[43] Guru I have found the way[45] to salvation[44].

ਹੈ, ਹੇ ਮੇਰੀ ਜਿੰਦੜੀਏ ! ਅਤੇ ਪੂਰਨ[43] ਗੁਰਾਂ ਦੇ ਰਾਹੀਂ ਹੀ ਮੈਨੂੰ ਮੋਖਸ਼[44] ਦਾ ਮਾਰਗ[45] ਮਿਲਿਆ ਹੈ ।

ਗੁਰਿ ਅੰਮ੍ਰਿਤੁ[46]ਹਰਿ ਮੁਖਿ[47] ਚੋਇਆ[48] ਮੇਰੀ ਜਿੰਦੁੜੀਏ ਫਿਰਿ[49] ਮਰਦਾ[50] ਬਹੁੜਿ[51] ਜੀਵਾਇਆ[52] ਰਾਮ ॥

The Guru has poured[48] God's elixir[46] into my mouth[47], O my life, and then[49], my dead[50] soul has come to life[52] again[51].

ਗੁਰਾਂ ਨੇ ਵਾਹਿਗੁਰੂ ਦਾ ਸੁਧਾਰਸ[46] (ਅੰਮ੍ਰਿਤ) ਮੇਰੇ ਮੂੰਹ[47] ਵਿੱਚ ਪਾਇਆ[48] ਹੈ, ਹੇ ਮੇਰੇ ਜੀਵੜਿਆ ! ਅਤੇ ਤਦ[49] ਮੇਰੀ ਮੁਰਦਾ[50] ਆਤਮਾ ਮੁੜ ਕੇ[51] ਸੁਰਜੀਤ ਹੋ ਗਈ[52] ਹੈ ।

ਜਨ[53] ਨਾਨਕ ਸਤਿਗੁਰ ਜੋ ਮਿਲੇ ਮੇਰੀ ਜਿੰਦੁੜੀਏ ਤਿਨ[55] ਕੇ ਸਭ ਦੁਖ[54] ਗਵਾਇਆ[56] ਰਾਮ ॥੩॥

Says serf[53] Nanak, those who meet with the True Guru, O my soul, all their[55] woes[54] are dispelled[56].

ਗੋਲਾ[53] ਨਾਨਕ ਆਖਦਾ ਹੈ, ਜਿਹੜੇ ਆਪਣੇ ਸੱਚੇ ਗੁਰਾਂ ਨੂੰ ਮਿਲ ਪੈਂਦੇ ਹਨ, ਹੇ ਮੇਰੀ ਜਿੰਦੇ ! ਉਨ੍ਹਾਂ[55] ਦੇ ਸਾਰੇ ਦੁਖੜੇ[54] ਦੂਰ ਹੋ ਜਾਂਦੇ[56] ਹਨ ।

ਅਤਿ[57] ਊਤਮੁ[58] ਹਰਿ ਨਾਮੁ ਹੈ ਮੇਰੀ ਜਿੰਦੁੜੀਏ ਜਿਤੁ ਜਪਿਐ[59] ਪਾਪ[60] ਗਵਾਤੇ[61] ਰਾਮ ॥

Supremely[57] sublime[58] is the God's Name, by remembering[59] which the sins[60] are washed off[61], O my soul.

ਪਰਮ[57] ਸ੍ਰੇਸ਼ਟ[58] ਹੈ ਵਾਹਿਗੁਰੂ ਦਾ ਨਾਮ, ਹੇ ਮੇਰੀ ਜਿੰਦੇ ! ਜਿਸ ਦਾ ਆਰਾਧਨ[59] ਕਰਨ ਦੁਆਰਾ ਗੁਨਾਹ[60] ਧੋਤੇ[61] ਜਾਂਦੇ ਹਨ ।

ਪਤਿਤ[62] ਪਵਿਤ੍ਰ[63] ਗੁਰਿ ਹਰਿ[64]ਕੀਏ ਮੇਰੀ ਜਿੰਦੁੜੀਏ [65]ਚਹੁ ਕੁੰਡੀ[66] ਚਹੁ ਜੁਗਿ ਜਾਤੇ[67] ਰਾਮ ॥

The Guru-God[64] has made the sinners[62], pure[63], O my soul, and they are renowned[67] in four[65] directions[66] and the four yugas.

ਪਾਪੀਆਂ[62] ਨੂੰ ਗੁਰੂ-ਗੋਬਿੰਦ[64]ਪਾਵਨ[63] ਕਰ ਦਿੰਦੇ ਹਨ, ਹੇ ਮੇਰੀ ਜਿੰਦੇ ! ਅਤੇ ਉਹ ਚਾਰੀਂ[65] ਪਾਸੀਂ[66] ਅਤੇ ਚਾਰਾਂ ਹੀ ਯੁਗਾਂ ਅੰਦਰ ਪ੍ਰਸਿੱਧ ਹੋ ਜਾਂਦੇ[67] ਹਨ ।

ਹਉਮੈ[68] ਮੈਲੁ[69] ਸਭ[70] ਉਤਰੀ[71] ਮੇਰੀ ਜਿੰਦੁੜੀਏ ਹਰਿ[72] ਅੰਮ੍ਰਿਤਿ[73] ਹਰਿ[74] ਸਰਿ[75] ਨਾਤੇ[76] ਰਾਮ ॥

The filth[69] of self-conceit[68] is all[70] wiped off[71], O my soul, by bathing[76] in the tank[75] of God's[74] Name[72]-Nectar[73].

ਵਾਹਿਗੁਰੂ[74] ਦੇ ਨਾਮ[72]-ਸੁਧਾਰਸ[73] ਦੇ ਸਰੋਵਰ[75] ਵਿੱਚ ਇਸ਼ਨਾਨ[76]ਕਰਨ ਨਾਲ, ਹੇ ਮੇਰੇ ਜਿੰਦੇ ! ਸਵੈ-ਹੰਗਤਾ[68] ਦੀ ਸਮੂਹ[70] ਮਲੀਣਤਾ[69] ਕੱਟੀ ਜਾਂਦੀ[71] ਹੈ ।

ਅਪਰਾਧੀ[77] ਪਾਪੀ[78]ਉਧਰੇ[79] ਮੇਰੀ ਜਿੰਦੁੜੀਏ ਜਨ[80] ਨਾਨਕ ਖਿਨੁ[81] ਹਰਿ ਰਾਤੇ[82] ਰਾਮ ॥੪॥੩॥

Says servant[80] Nanak, the offenders[77] and sinner[78] cross over[79], O my life, by being imbued[82] with God even for an instant[81].

ਨੌਕਰ[80] ਨਾਨਕ ਆਖਦਾ ਹੈ, ਇੱਕ ਮੁਹਤ[81] ਭਰ ਲਈ ਭੀ ਵਾਹਿਗੁਰੂ ਨਾਲ ਰੰਗੀਜਣ[82] ਦੁਆਰਾ, ਹੇ ਮੇਰੇ ਜੀਉੜਿਆ ! ਮੁਜਰਮ[77] ਅਤੇ ਪਾਂਬਰ[78] ਪਾਰ ਉੱਤਰ ਜਾਂਦੇ[79] ਹਨ ।

ਬਿਹਾਗੜਾ ਮਹਲਾ ੪ ॥

Bihagra 4th Guru.

ਬਿਹਾਗੜਾ ਚੋਥੀ ਪਾਤਸ਼ਾਹੀ ।

ਹਉ ਬਲਿਹਾਰੀ[83] ਤਿਨ੍[84] ਕਉ ਮੇਰੀ ਜਿੰਦੁੜੀਏ ਜਿਨ੍ ਹਰਿ ਹਰਿ[85] ਨਾਮੁ ਅਧਾਰੋ[86] ਰਾਮ ॥

O my soul, I am a sacrifice[83] unto those[84], who have the support[86] of the Name of the Lord Master[85].

ਹੇ ਮੇਰੀ ਜਿੰਦੇ ! ਮੈਂ ਉਨ੍ਹਾਂ[84] ਉਤੋਂ ਕੁਰਬਾਨ[83] ਜਾਂਦਾ ਹਾਂ, ਜਿਨ੍ਹਾਂ ਨੂੰ ਪਾਰਬ੍ਰਹਮ ਪਰਮੇਸ਼ਰ[85] ਦੇ ਨਾਮ ਦਾ ਆਸਰਾ[86] ਹੈ ।

ਗੁਰਿ[87] ਸਤਿਗੁਰਿ ਨਾਮੁ ਦ੍ਰਿੜਾਇਆ[88] ਮੇਰੀ

The Great[87] Satguru has implanted[88] the Name, within me, O my soul,

ਵਿਸ਼ਾਲ[87] ਸਤਿਗੁਰਾਂ ਨੇ ਮੇਰੇ ਅੰਦਰ ਨਾਮ ਪੱਕਾ ਕੀਤਾ[88] ਹੈ, ਹੇ ਮੇਰੀ ਜਿੰਦੇ ! ਅਤੇ ਇਸ ਨੇ ਮੈਨੂੰ ਸੰਸਾਰ ਦੇ

| | | |
|---|---|---|
| ਜਿੰਦੁੜੀਏ[88] ਬਿਖੁ[89] [90]ਭਉਜਲੁ[91] ਤਾਰਣਹਾਰੋ[92] ਰਾਮ ॥ | and it has ferried[92] me across the world's terrible[90] ocean[91] of poison[89]. | ਜ਼ਹਿਰ[89] ਦੇ ਭਿਆਨਕ[90] ਸਮੁੰਦਰ[91] ਤੋਂ ਪਾਰ ਕਰ ਦਿੱਤਾ[92] ਹੈ । |
| ਜਿਨ ਇਕ ਮਨਿ[93] ਹਰਿ ਧਿਆਇਆ[94] ਮੇਰੀ ਜਿੰਦੁੜੀਏ ਤਿਨ[95] ਸੰਤ ਜਨਾ[96] ਜੈਕਾਰੋ[97] ਰਾਮ ॥ | They, who have single-mindedly[93] remembered[94] God, O my soul, I acclaim the victory[97] of those[95] holy men[96]. | ਜਿਨ੍ਹਾਂ ਨੇ ਇੱਕ ਚਿੱਤ[93] ਹੋ ਕੇ ਵਾਹਿਗੁਰੂ ਦਾ ਸਿਮਰਨ[94] ਕੀਤਾ ਹੈ, ਹੇ ਮੇਰੀ ਜਿੰਦੜੀਏ । ਉਨ੍ਹਾਂ[95] ਨੇਕ ਪੁਰਸ਼ਾਂ[96] ਦੀ ਜਿੱਤ[97] ਦੇ ਮੈਂ ਨਾਹਰੇ ਲਾਉਂਦਾ ਹਾਂ । |
| ੫੪੦ | | |
| ਨਾਨਕ ਹਰਿ ਜਪਿ[98] ਸੁਖੁ[99] ਪਾਇਆ ਮੇਰੀ ਜਿੰਦੁੜੀਏ ਸਭਿ ਦੂਖ[100] ਨਿਵਾਰਣਹਾਰੋ[2] ਰਾਮ ॥੧॥ | O my soul, Nanak has obtained peace[99] by meditating[98] over God, who is the Destroyer[2] of all distress[100]. | ਹੇ ਮੇਰੀ ਜਿੰਦੇ ! ਸਾਰੀਆਂ ਪੀੜਾਂ[100] ਨੂੰ ਨਾਸ ਕਰਨ ਵਾਲੇ[2] ਵਾਹਿਗੁਰੂ ਦਾ ਆਰਾਧਨ[98] ਕਰਨ ਦੁਆਰਾ, ਨਾਨਕ ਨੂੰ ਆਰਾਮ[99] ਪਰਾਪਤ ਹੋਇਆ ਹੈ । |
| ਸਾ[3] ਰਸਨਾ[4] ਧਨੁ[5] ਧੰਨੁ ਹੈ ਮੇਰੀ ਜਿੰਦੁੜੀਏ ਗੁਣ[6] ਗਾਵੈ[7] ਹਰਿ ਪ੍ਰਭ[8] ਕੇਰੇ[9] ਰਾਮ ॥ | Blessed[5] ! blessed ! is the[3] tongue[4], O my soul, which sings[7] the praises[6] of[9] the Lord Master[8]. | ਮੁਬਾਰਕ[5] ! ਮੁਬਾਰਕ ਹੈ ਉਹ[3] ਜੀਭਾ[4], ਹੇ ਮੇਰੀ ਜਿੰਦੜੀਏ ! ਜੋ ਪ੍ਰਭੂ ਪਰਮੇਸ਼ਰ[8] ਦੇ[9] ਗੁਣ[6] ਗਾਇਨ ਕਰਦੀ[7] ਹੈ । |
| ਤੇ[10] ਸ੍ਰਵਨ[12] ਭਲੇ[13] ਸੋਭਨੀਕ[14] ਹਹਿ[15] ਮੇਰੀ ਜਿੰਦੁੜੀਏ ਹਰਿ ਕੀਰਤਨੁ[16] ਸੁਣਹਿ[17] ਹਰਿ ਤੇਰੇ ਰਾਮ ॥ | Sublime[13] and splendid[14] are[15] the[10] ears[12], O my soul, which hear[17] the singing of the praise[16] of the Lord God. | ਸ੍ਰੇਸ਼ਟ[13] ਅਤੇ ਸੁਭਾਇਮਾਨ[14] ਹਨ[15], ਉਹ[10] ਕੰਨ[12], ਹੇ ਮੇਰੀ ਜਿੰਦੇ ! ਜੋ ਸੁਆਮੀ ਵਾਹਿਗੁਰੂ ਦੀ ਕੀਰਤੀ ਗਾਇਨ[16] ਹੁੰਦੀ ਸ੍ਰਵਣ[17] ਕਰਦੇ ਹਨ । |
| ਸੋ[18] ਸੀਸੁ[19] ਭਲਾ[20] ਪਵਿਤ੍ਰੁ[21] ਪਾਵਨੁ[22] ਹੈ ਮੇਰੀ ਜਿੰਦੁੜੀਏ ਜੋ ਜਾਇ[23] ਲਗੈ[24] ਗੁਰ ਪੈਰੇ[25] ਰਾਮ ॥ | Sublime[20] pure[21] and pious[22] is the[18] head[19], O my soul, which goes[23] and falls[24] at the Guru's feet[25]. | ਸ੍ਰੇਸ਼ਟ[20], ਪੁਨੀਤ[21] ਤੇ ਪੁੰਨ-ਆਤਮਾ[22] ਹੈ ਉਹ[18] ਸਿਰ[19], ਹੇ ਮੇਰੀ ਜਿੰਦੇ ! ਜਿਹੜਾ ਜਾ ਕੇ[23] ਗੁਰਾਂ ਦੇ ਪੈਰਾਂ ਉਤੇ ਢਹਿ ਪੈਂਦਾ[24] ਹੈ । |
| ਗੁਰ ਵਿਟਹੁ[26] ਨਾਨਕੁ ਵਾਰਿਆ[27] ਮੇਰੀ ਜਿੰਦੁੜੀਏ ਜਿਨਿ ਹਰਿ ਹਰਿ[28] ਨਾਮੁ ਚਿਤੇਰੇ[29] ਰਾਮ ॥੨॥ | O my soul, Nanak is a sacrifice[27] unto[26] the Guru, who has brought Lord God's[28] Name into his mind[29]. | ਹੇ ਮੇਰੀ ਜਿੰਦੇ ! ਨਾਨਕ ਗੁਰਾਂ ਉਤੋਂ[26] ਕੁਰਬਾਨ[27] ਜਾਂਦਾ ਹੈ, ਜਿਨ੍ਹਾਂ ਨੇ ਸੁਆਮੀ ਵਾਹਿਗੁਰੂ[28] ਦਾ ਨਾਮ ਉਸ ਦੇ ਚਿੱਤ[29] ਵਿੱਚ ਲਿਆਂਦਾ ਹੈ । |
| ਤੇ[30] ਨੇਤ੍ਰ[36] ਭਲੇ[31] ਪਰਵਾਣੁ[32] ਹਹਿ[33] ਮੇਰੀ ਜਿੰਦੁੜੀਏ ਜੋ ਸਾਧੂ[34] ਸਤਿਗੁਰੁ ਦੇਖਹਿ[35] ਰਾਮ ॥ | Auspicious[31] and approved[32] are[33] the[30] eyes[36], O my soul, which see[35] the saintly[34] True Guru. | ਮੁਬਾਰਕ[31] ਅਤੇ ਮਕਬੂਲ[32] ਹਨ[33] ਉਹ[30] ਅੱਖਾਂ[36], ਹੇ ਮੇਰੇ ਜੀਉੜਿਆ, ਜਿਹੜੀਆਂ ਸੰਤ-ਸਰੂਪ[34] ਸੱਚੇ ਗੁਰਾਂ ਨੂੰ ਵੇਖਦੀਆਂ[35] ਹਨ । |
| ਤੇ[43] ਹਸਤ[37] ਪੁਨੀਤ[38] ਪਵਿਤ੍ਰ[39] ਹਹਿ ਮੇਰੀ | O my soul, sacred[38] and sanctified[39] are those[43] hands[37], which write[42] | ਹੇ ਮੇਰੀ ਜਿੰਦੇ ! ਪਾਰਸਾ[38] ਅਤੇ ਪਾਵਨ[39] ਹਨ ਉਹ[43] ਹੱਥ[37] ਜਿਹੜੇ ਪ੍ਰਭੂ ਦੀ ਸਿਫਤ[40] ਅਤੇ ਪ੍ਰਭੂ ਦਾ ਨਾਮ[41] |

| | | |
|---|---|---|
| ਜਿੰਦੁੜੀਏ ਜੋ ਹਰਿ ਜਸੁ[40] ਹਰਿ ਹਰਿ[41] ਲੇਖਹਿ[42] ਰਾਮ ॥ | down the Lord's praise[40] and the Lord's Name[41]. | ਲਿਖਦੇ[42] ਹਨ । |
| ਤਿਸੁ[44] ਜਨ[45] ਕੇ ਪਗ[46] ਨਿਤ[47] ਪੂਜੀਅਹਿ[48] ਮੇਰੀ ਜਿੰਦੁੜੀਏ ਜੋ ਮਾਰਗਿ[49] ਧਰਮ[50] ਚਲੇਸਹਿ[51] ਰਾਮ ॥ | I ever[47] adore[48] the feet[46] of that[44] person[45], O my soul, who walks[51] on to the way[49] of righteousness[50]. | ਮੈਂ ਸਦੀਵ[47] ਹੀ ਉਸ[44] ਪੁਰਸ਼[45] ਦੇ ਪੈਰਾਂ[46] ਦੀ ਪੂਜਾ[48] ਕਰਦਾ ਹਾਂ, ਹੇ ਮੇਰੀ ਜਿੰਦੇ ! ਜਿਹੜਾ ਸਚਾਈ[50] ਦੇ ਰਸਤੇ[49] ਤੇ ਟੁਰਦਾ[51] ਹੈ । |
| ਨਾਨਕੁ ਤਿਨ ਵਿਟਹੁ[54] ਵਾਰਿਆ[52] ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ[53] ਰਾਮ ॥੩॥ | Nanak is a sacrifice[52] unto[54] those, O my soul, who hear of God and believe[53] in God's Name. | ਨਾਨਕ ਉਨ੍ਹਾਂ ਉਤੋਂ[54] ਘੋਲੀ[52] ਵੰਞਦਾ ਹੈ, ਹੇ ਮੇਰੀ ਜਿੰਦੜੀਏ ! ਜੋ ਵਾਹਿਗੁਰੂ ਬਾਰੇ ਸੁਣਦੇ ਹਨ ਅਤੇ ਵਾਹਿਗੁਰੂ ਦੇ ਨਾਮ ਉਤੇ ਭਰੋਸਾ ਧਾਰਦੇ[53] ਹਨ । |
| ਧਰਤਿ[54]* ਪਾਤਾਲੁ[55] ਆਕਾਸੁ[56] ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ[57] ਰਾਮ ॥ | The earth[54], nether-world[55] and firmament[56], O my soul, all meditate[57] on the Lord Master's Name. | ਮਾਤਲੋਕ[54]*, ਪਾਤਾਲ[55] ਅਤੇ ਅਸਮਾਨ[56], ਹੇ ਮੇਰੀ ਜਿੰਦੇ ! ਸਾਰੇ ਸੁਆਮੀ ਮਾਲਕ ਦੇ ਨਾਮ ਦਾ ਚਿੰਤਨ[57] ਕਰਦੇ ਹਨ । |
| ਪਉਣੁ[58] ਪਾਣੀ[59] ਬੈਸੰਤਰੋ[60] ਮੇਰੀ ਜਿੰਦੁੜੀਏ ਨਿਤ[61] ਹਰਿ ਹਰਿ ਹਰਿ[62] ਜਸੁ[63] ਗਾਵੈ[64] ਰਾਮ ॥ | The wind[58], the water[59] and the fire[60], O my soul, ever[61] hymn[64] the praise[63] of Lord God, the Master[62]. | ਹਵਾ[58], ਜਲ[59] ਅਤੇ ਅੱਗ[60] ਹੇ ਮੇਰੀ ਜਿੰਦੜੀਏ, ਸਦਾ[61] ਹੀ, ਸੁਆਮੀ ਵਾਹਿਗੁਰੂ ਮਾਲਕ[62] ਦੀ ਕੀਰਤੀ[63] ਗਾਇਨ[64] ਕਰਦੇ ਹਨ । |
| ਵਣੁ[65] ਤ੍ਰਿਣੁ[66] ਸਭੁ ਆਕਾਰੁ[67] ਹੈ ਮੇਰੀ ਜਿੰਦੁੜੀਏ ਮੁਖਿ[68] ਹਰਿ ਹਰਿ ਨਾਮੁ ਧਿਆਵੈ[69] ਰਾਮ ॥ | The woods[65], the grass blades[66] and the whole world[67], O my soul, utter[69] with their mouth the Lord Master's Name. | ਜੰਗਲ[65], ਘਾਹ ਦੀਆਂ ਤਿੜਾਂ[66] ਅਤੇ ਸਾਰਾ ਜਹਾਨ[67], ਹੇ ਮੇਰੀ ਜਿੰਦੜੀਏ ! ਆਪਣੇ ਮੂੰਹ[68] ਨਾਲ ਪ੍ਰਭੂ-ਪ੍ਰਮੇਸ਼ਵਰ ਦਾ ਨਾਮ ਉਚਾਰਨ[69] ਕਰਦੇ ਹਨ । |
| ਨਾਨਕ ਤੇ[70] ਹਰਿ ਦਰਿ[71] ਪੈਨ੍ਹਾਇਆ[72] ਮੇਰੀ ਜਿੰਦੁੜੀਏ ਜੋ ਗੁਰਮੁਖਿ[73] ਭਗਤਿ[74] ਮਨੁ[75] ਲਾਵੈ[76] ਰਾਮ ॥੪॥੪॥ | Nanak, he[70] who fixes[76] his mind[75], through the Guru[73], on Lord's devotional service[74], O my soul, is robed[72] in the God's court[71]. | ਨਾਨਕ, ਜੋ[70] ਗੁਰਾਂ ਦੁਆਰੇ[73], ਆਪਣਾ ਚਿੱਤ[75] ਸਾਈਂ ਦੀ ਪ੍ਰੇਮਮਈ-ਸੇਵਾ[74] ਅੰਦਰ ਜੋੜਦਾ[76] ਹੈ, ਹੇ ਮੇਰੀ ਜਿੰਦੜੀਏ ਉਸ ਨੂੰ[70] ਵਾਹਿਗੁਰੂ ਦੇ ਦਰਬਾਰ[71] ਵਿਚ ਇੱਜ਼ਤ ਦੀ ਪੁਸ਼ਾਕ[72] ਪਹਿਨਾਈ ਜਾਂਦੀ ਹੈ । |
| ਬਿਹਾਗੜਾ ਮਹਲਾ ੪ ॥ | **Bihagra 4th Guru.** | ਬਿਹਾਗੜਾ ਚੌਥੀ ਪਾਤਿਸ਼ਾਹੀ । |
| ਜਿਨ ਹਰਿ ਹਰਿ ਨਾਮੁ ਨ ਚੇਤਿਓ[77] ਮੇਰੀ ਜਿੰਦੁੜੀਏ ਤੇ ਮਨਮੁਖ[78] ਮੂੜ[79] ਇਆਣੇ[80] ਰਾਮ ॥ | They, who remember[77] not the Name of the Lord Master, O my soul, are perverse[78], stupid[79] and ignorant[80]. | ਜੋ ਸੁਆਮੀ ਮਾਲਕ ਦੇ ਨਾਮ ਦਾ ਆਰਾਧਨ[77] ਨਹੀਂ ਕਰਦੇ, ਹੇ ਮੇਰੇ ਜੀਵੜਿਆ ! ਉਹ ਮਨਮੁਖ[78], ਮਤ-ਹੀਨ[79] ਅਤੇ ਬੇਸਮਝ[80] ਹਨ । |

| | | |
|---|---|---|
| ਜੋ ਮੋਹਿ[81] ਮਾਇਆ[82] ਚਿਤੁ[83] ਲਾਇਦੇ[84] ਮੇਰੀ ਜਿੰਦੁੜੀਏ ਸੇ ਅੰਤਿ[85] ਗਏ[86] ਪਛੁਤਾਣੇ[87] ਰਾਮ ॥ | They, who attach[84] their mind[83] to temporal love[81] and worldly valuables[82], O my soul, regretfully[87] depart[86] in the end[85]. | ਜਿਹੜੇ ਆਪਣੇ ਮਨ[83] ਨੂੰ ਸੰਸਾਰੀ ਮਮਤਾ[81], ਅਤੇ ਦੁਨਿਆਵੀ ਪਦਾਰਥਾਂ[83] ਨਾਲ ਜੋੜਦੇ[84] ਹਨ, ਹੇ ਮੇਰੇ ਜੀਊੜਿਆ ! ਉਹ ਅਖ਼ੀਰ[85] ਨੂੰ ਅਫ਼ਸੋਸ ਕਰਦੇ ਹੋਏ (ਇਸ ਜਹਾਨੋਂ) ਟੁਰ ਜਾਂਦੇ[86] ਹਨ। |
| ਹਰਿ ਦਰਗਹ[88] ਢੋਈ[89] ਨਾ ਲਹਨਿ੍[90] ਮੇਰੀ ਜਿੰਦੁੜੀਏ ਜੋ ਮਨਮੁਖ[91] ਪਾਪਿ[92] ਲੁਭਾਣੇ[93] ਰਾਮ ॥ | The perverse persons[91], who are deluded[93] by sin[92], O my soul, find[90] no place of rest[89] in God's court[88]. | ਮਨਮੱਤੀਏ ਪੁਰਸ਼[91], ਜਿਨ੍ਹਾਂ ਨੂੰ ਗੁਨਾਹਾਂ[92] ਨੇ ਲੁਭਾ ਲਿਆ[93] ਹੋਇਆ ਹੈ, ਹੇ ਮੇਰੇ ਜੀਊੜਿਆ ! ਉਹ ਰੱਬ ਦੇ ਦਰਬਾਰ[88] ਅੰਦਰ ਆਰਾਮ ਦੀ ਥਾਂ[89] ਨਹੀਂ ਪਾਉਂਦੇ[90]। |
| ਜਨ[94] ਨਾਨਕ ਗੁਰ ਮਿਲਿ ਉਬਰੇ[95] ਮੇਰੀ ਜਿੰਦੁੜੀਏ ਹਰਿ ਜਪਿ[96] ਹਰਿ ਨਾਮਿ ਸਮਾਣੇ[97] ਰਾਮ ॥੧॥ | Says slave[94] Nanak, they who meet the Guru and meditate[96] over God, are saved[95], O my soul, and are absorbed[97] in God's Name. | ਗੋਲਾ[94] ਨਾਨਕ ਆਖਦਾ ਹੈ, ਜੋ ਗੁਰਾਂ ਨੂੰ ਮਿਲਦੇ ਹਨ, ਅਤੇ ਵਾਹਿਗੁਰੂ ਦੇ ਨਾਮ ਨੂੰ ਸਿਮਰਦੇ[96] ਹਨ, ਉਹ ਤਰ ਜਾਂਦੇ[95] ਹਨ, ਹੇ ਮੇਰੀ ਜਿੰਦੇ ! ਅਤੇ ਵਾਹਿਗੁਰੂ ਦੇ ਨਾਮ ਅੰਦਰ ਲੀਨ[97] ਹੋ ਜਾਂਦੇ ਹਨ। |
| ਸਭਿ[98] ਜਾਇ[99] ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ ਜੋ ਹਰਿ ਹਰਿ ਨਾਮੁ ਦ੍ਰਿੜਾਵੈ[100] ਰਾਮ ॥ | Go ye[99] all[98] and meet the True Guru, O my soul, who fixes[100] the Lord God's Name in the heart. | ਤੁਸੀਂ ਸਾਰੇ[98] ਜਣੇ ਜਾ ਕੇ[99] ਸੱਚੇ ਗੁਰਾਂ ਨੂੰ ਮਿਲੋ। ਹੇ ਮੇਰੀ ਜਿੰਦੇ ! ਜੋ ਸੁਆਮੀ ਵਾਹਿਗੁਰੂ ਦੇ ਨਾਮ ਨੂੰ ਦਿਲ ਅੰਦਰ ਪੱਕਾ ਕਰਦੇ[100] ਹਨ। |
| ਹਰਿ ਜਪਦਿਆ[2] ਖਿਨੁ[3] ਢਿਲ[4] ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ[5] ਸਾਹੁ[6] ਆਵੈ ਕਿ ਨ ਆਵੈ ਰਾਮ ॥ | Make not a moment's[3] delay[4] in contemplating[2] over God, O my soul, as who knows[5] whether mortal shall draw or draw not another breath[6]? | ਵਾਹਿਗੁਰੂ ਦਾ ਸਿਮਰਨ[2] ਕਰਨ ਅੰਦਰ ਇਕ ਮੁਹਤ[3] ਭਰ ਦੀ ਭੀ ਦੇਰੀ[4] ਨਾ ਕਰ, ਹੇ ਮੇਰੀ ਆਤਮਾ ! ਕੀ ਮਲੂਮ[5] ਹੈ ਕਿ ਪ੍ਰਾਣੀ ਨੂੰ ਅਗਲਾ ਸੁਆਸ[6] ਆਉਗਾ ਕਿ ਆਊਗਾ ਹੀ ਨਹੀਂ। |
| ਸਾ[7] ਵੇਲਾ[8] ਸੋ ਮੂਰਤੁ[9] ਸਾ ਘੜੀ[10] ਸੋ ਮੁਹਤੁ[12] ਸਫਲੁ[13] ਹੈ ਮੇਰੀ ਜਿੰਦੁੜੀਏ ਜਿਤੁ ਹਰਿ ਮੇਰਾ ਚਿਤਿ[14] ਆਵੈ ਰਾਮ ॥ | That[7] time[8], that instant[9], that moment[10] and that trice[12] are profitable[13], O my soul, when my God comes into my mind[14]. | ਉਹ[7] ਸਮਾਂ[8], ਉਹ ਬਿੰਦ[9], ਉਹ ਲਮ੍ਹਾ[10] ਅਤੇ ਉਹ ਖਿਣ[12] ਲਾਭਦਾਇਕ[13] ਹਨ, ਹੇ ਮੇਰੇ ਜੀਊੜਿਆ ! ਜਦ ਮੇਰਾ ਵਾਹਿਗੁਰੂ ਮੇਰੇ ਅੰਤਰ-ਆਤਮੇ[14] ਆਉਂਦਾ ਹੈ। |
| ਜਨ[15] ਨਾਨਕ ਨਾਮੁ ਧਿਆਇਆ[16] ਮੇਰੀ ਜਿੰਦੁੜੀਏ ਜਮੁ[17] ਕੰਕਰੁ[18] ਨੇੜਿ[19] ਨ ਆਵੈ ਰਾਮ ॥੨॥ | Attendant[15] Nanak has meditated[16] on the Lord's Name, O my soul and now, the death's[17] myrmidon[18] draws not near[19] him. | ਸੇਵਕ[15] ਨਾਨਕ ਨੇ ਸੁਆਮੀ ਦੇ ਨਾਮ ਦਾ ਸਿਮਰਨ[16] ਕੀਤਾ ਹੈ, ਹੇ ਮੇਰੀ ਜਿੰਦੜੀਏ ! ਅਤੇ ਹੁਣ ਮੌਤ ਦਾ[17] ਦੂਤ[18] ਉਸ ਦੇ ਲਾਗੇ[19] ਨਹੀਂ ਲਗਦਾ। |
| ਹਰਿ ਵੇਖੈ ਸੁਣੈ ਨਿਤ[20] ਸਭੁ ਕਿਛੁ[21] ਮੇਰੀ ਜਿੰਦੁੜੀਏ ਸੋ ਡਰੈ[22] ਜਿਨਿ ਪਾਪ[23] ਕਮਤੇ[24] ਰਾਮ ॥ | God ever[20] beholds and hears everything[21], O my soul, and he alone is afraid[22] who commits[24] sins[23]. | ਵਾਹਿਗੁਰੂ ਸਦਾ[20] ਹੀ ਸਾਰਾ ਕੁਛ[21] ਦੇਖਦਾ ਅਤੇ ਸੁਣਦਾ ਹੈ ਹੇ ਮੇਰੀ ਜਿੰਦੜੀਏ ! ਕੇਵਲ ਉਸ ਨੂੰ ਹੀ ਭੈ[22] ਵਿਆਪਦਾ ਹੈ ਜੋ ਗੁਨਾਹ[23] ਕਰਦਾ[24] ਹੈ। |

| | | |
|---|---|---|
| ਜਿਸੁ ਅੰਤਰੁ[25] ਹਿਰਦਾ[26] ਸੁਧੁ[27] ਹੈ ਮੇਰੀ ਜਿੰਦੁੜੀਏ ਤਿਨਿ ਜਨਿ[28] ਸਭਿ ਡਰ[29] ਸੁਟਿ ਘਤੇ[30] ਰਾਮ ॥ | The man[28], whose heart[26] is pure[27] from within[25] him, O my soul, casts off[30] all his fears[29]. | ਜਿਸ ਇਨਸਾਨ[28] ਦਾ ਦਿਲ[26] ਅੰਦਰੋਂ[25] ਪਵਿੱਤ੍ਰ[27] ਹੈ, ਹੇ ਮੇਰੀ ਜਿੰਦੇ ! ਉਹ ਆਪਣੇ ਸਾਰੇ ਤ੍ਰਾਸਾਂ[29] ਨੂੰ ਪਰੇ ਸੁੱਟ ਦਿੰਦਾ[30] ਹੈ । |
| ਹਰਿ ਨਿਰਭਉ[30] ਨਾਮਿ ਪਤੀਜਿਆ[31] ਮੇਰੀ ਜਿੰਦੁੜੀਏ ਸਭਿ ਝਖ ਮਾਰਨੁ[32] ਦੁਸਟ[33] ਕੁਪਤੇ[34] ਰਾਮ ॥ | All the villains[33] and contendents[34] prate in vain[22] against him, O my soul, who has faith[31] in the Lord's fearless[30] Name. | ਜਿਸ ਦਾ ਭੈ-ਰਹਿਤ[30]ਸੁਆਮੀ ਦੇ ਨਾਮ ਉੱਤੇ ਨਿਸਚਾ[31] ਹੈ, ਹੇ ਮੇਰੀ ਜਿੰਦੜੀਏ ! ਉਸ ਦੇ ਖਿਲਾਫ਼ ਸਾਰੇ ਗੁੰਡੇ[33] ਅਤੇ ਹੁੱਜਤੀ[34] ਬੇਫ਼ਾਇਦਾ ਬਕਵਾਸ[32] ਕਰਦੇ ਹਨ । |
| ੫੪੧ | | |
| ਗੁਰੁ ਪੂਰਾ[35] ਨਾਨਕਿ ਸੇਵਿਆ[36] ਮੇਰੀ ਜਿੰਦੁੜੀਏ ਜਿਨਿ ਪੈਰੀ[37] ਆਣਿ ਸਭਿ ਘਤੇ[38] ਰਾਮ ॥੩॥ | Nanak has served[36] his Perfect[35] Guru, O my soul, who has made all men to fall[38] at his feet[37]. | ਨਾਨਕ ਨੇ ਆਪਣੇ ਪੂਰਨ[35] ਗੁਰਾਂ ਦੀ ਘਾਲ ਕਮਾਈ[36] ਹੈ, ਹੇ ਮੇਰੀ ਜਿੰਦੜੀਏ ! ਜਿਸ ਨੇ ਸਾਰਿਆਂ ਨੂੰ ਲਿਆ ਕੇ ਉਸ ਦੇ ਪੈਰੀਂ[37] ਪਾਇਆ[38] ਹੈ । |
| ਸੋ ਐਸਾ[39] ਹਰਿ ਨਿਤ[42] ਸੇਵੀਐ[40] ਮੇਰੀ ਜਿੰਦੁੜੀਏ ਜੋ ਸਭ ਦੂ ਸਾਹਿਬੁ ਵਡਾ[41] ਰਾਮ ॥ | Ever[42] serve[40] thou such[39] God, O my soul, who is the great[41] Lord of all. | ਤੂੰ ਸਦਾ[42] ਹੀ ਐਹੋ ਜੇਹੇ[39] ਵਾਹਿਗੁਰੂ ਦੀ ਘਾਲ ਕਮਾ[40], ਹੇ ਮੇਰੀ ਜਿੰਦੇ ! ਜਿਹੜਾ ਸਾਰਿਆਂ ਦਾ ਭਾਰਾ[41] ਸੁਆਮੀ ਹੈ । |
| ਜਿਨ੍ਹੀ ਇਕ ਮਨਿ[43] ਇਕੁ ਅਰਾਧਿਆ[44] ਮੇਰੀ ਜਿੰਦੁੜੀਏ ਤਿਨਾ ਨਾਹੀ ਕਿਸੈ ਦੀ ਕਿਛੁ ਚੜਾ[45] ਰਾਮ ॥ | They, who single-mindedly[43] meditate[44] on one God, O my soul, bear not subservience[45] to anyone. | ਜੋ ਇੱਕ ਚਿੱਤ[43] ਇੱਕ ਵਾਹਿਗੁਰੂ ਦਾ ਸਿਮਰਨ[44] ਕਰਦੇ ਹਨ, ਹੇ ਮੇਰੀ ਜਿੰਦੇ ! ਉਹ ਕਿਸੇ ਦੀ ਮੁਛੰਦਗੀ[45] ਨਹੀਂ ਧਰਾਉਂਦੇ । |
| ਗੁਰ ਸੇਵਿਐ[46] ਹਰਿ ਮਹਲੁ[47] ਪਾਇਆ ਮੇਰੀ ਜਿੰਦੁੜੀਏ ਝਖ ਮਾਰਨੁ[48] ਸਭਿ ਨਿੰਦਕ[49] ਘੰਡਾ[50] ਰਾਮ ॥ | By serving[46] the Guru, God's mansion[47] I have attained, O my soul, and all the slanderers[49] and mischief-makers[50] bark but in vain[48]. | ਗੁਰਾਂ ਦੀ ਚਾਕਰੀ ਕਮਾਉਣ ਦੁਆਰਾ[46] ਮੈਂ ਵਾਹਿਗੁਰੂ ਦਾ ਮੰਦਰ[47] (ਟਿਕਾਣਾ) ਪਾ ਲਿਆ ਹੈ, ਹੇ ਮੇਰੀ ਜਿੰਦੇ ! ਅਤੇ ਸਾਰੇ ਕਲੰਕ ਲਾਉਣ ਵਾਲੇ[49] ਤੇ ਸ਼ਰਾਰਤੀ[50] ਬੇਹੂਦਾ ਬਕਵਾਸ ਕਰਦੇ[48] ਹਨ । |
| ਜਨ[51] ਨਾਨਕ ਨਾਮੁ ਧਿਆਇਆ[52] ਮੇਰੀ ਜਿੰਦੁੜੀਏ ਧੁਰਿ[53] ਮਸਤਕਿ[54] ਹਰਿ ਲਿਖਿ ਛਡਾ[55] ਰਾਮ ॥੪॥੫॥ | Slave[51] Nanak has meditated[52] on the Name, O my soul, which the Lord had writ[55] on his fore-head[54] since the very beginning[53]. | ਗੋਲੇ[51] ਨਾਨਕ ਨੇ, ਹੇ ਮੇਰੀ ਜਿੰਦੜੀਏ, ਨਾਮ ਦਾ ਸਿਮਰਨ ਕੀਤਾ ਹੈ, ਜੋ ਪ੍ਰਭੂ ਨੇ, ਅਰੰਭ ਤੋਂ[53]ਹੀ ਉਸ ਦੇ ਮੱਥੇ[54] ਉੱਤੇ ਲਿਖਿਆ[55] ਹੋਇਆ ਸੀ । |
| ਬਿਹਾਗੜਾ ਮਹਲਾ ੪ ॥ | Bihagra 4th Guru. | ਬਿਹਾਗੜਾ ਚੌਥੀ ਪਾਤਸ਼ਾਹੀ । |
| ਸਭਿ ਜੀਅ[56] ਤੇਰੇ ਤੂੰ | All the beings[56] are Thine and Thou | ਸਮੂਹ ਜੀਵ[56]ਤੇਰੇ ਹਨ ਅਤੇ ਤੂੰ ਉਨ੍ਹਾਂ ਅੰਦਰ ਰਮਿਆ[57] |

| | | |
|---|---|---|
| ਵਰਤਦਾ[57] ਮੇਰੇ ਹਰਿ ਪ੍ਰਭ[58] ਤੂੰ ਜਾਣਹਿ ਜੋ[59] ਜੀਇ[60] ਕਮਾਈਐ[61] ਰਾਮ ॥ | art contained[67] in them and Thou knowest what[59] they do[61] in their mind[60], O Lord God[58]. | ਹੋਇਆ ਹੈਂ । ਜਿਹੜਾ ਕੁਛ[59] ਉਹ ਆਪਣੇ ਅੰਤਰ-ਆਤਮੇ[60] ਕਰਦੇ[61] ਹਨ, ਤੂੰ ਉਸ ਨੂੰ ਜਾਣਦਾ ਹੈਂ, ਹੇ ਸਾਂਈਂ ਵਾਹਿਗੁਰੂ[58] । |
| ਹਰਿ ਅੰਤਰਿ[62] ਬਾਹਰਿ ਨਾਲਿ[63] ਹੈ ਮੇਰੀ ਜਿੰਦੁੜੀਏ ਸਭ ਵੇਖੈ[66] ਮਨਿ[64] ਮੁਕਰਾਈਐ[65] ਰਾਮ ॥ | Within[62] and withut, God is with[63] the man, O my soul, and He beholds[66] everything; but the man denies[65] the Lord in his mind[64] | ਅੰਦਰ[62] ਤੇ ਬਾਹਰ ਵਾਹਿਗੁਰੂ ਬੰਦੇ ਦੇ ਨਾਲ[63] ਹੈ, ਹੇ ਮੇਰੀ ਜਿੰਦੇ ! ਅਤੇ ਸਾਰਾ ਕੁਛ ਦੇਖਦਾ[66] ਹੈ। ਪ੍ਰੰਤੂ ਬੰਦਾ ਆਪਣੇ ਚਿੱਤ[64] ਅੰਦਰ ਸਾਹਿਬ ਤੋਂ ਮੁਨਕਰ[65] ਹੈ । |
| ਮਨਮੁਖਾ[67] ਨੋ ਹਰਿ ਦੂਰਿ[68] ਹੈ ਮੇਰੀ ਜਿੰਦੁੜੀਏ ਸਭ ਬਿਰਥੀ[69] ਘਾਲ[70] ਗਵਾਈਐ ਰਾਮ ॥ | God is far away[68] from the selfwilled persons[67], O my mind, and all their toils[70] go in vain[69]. | ਆਪ ਹੁਦਰਿਆਂ ਪੁਰਸ਼ਾਂ[67] ਦੇ ਭਾਣੇ ਵਾਹਿਗੁਰੂ ਬਹੁਤ ਦੁਰੇਡੇ[68]ਹੈ, ਹੇ ਮੇਰੇ ਮਨ ! ਅਤੇ ਉਨ੍ਹਾਂ ਦੀ ਸਾਰੀ ਮਿਹਨਤ ਮੁਸ਼ੱਕਤ[70] ਨਿਸਫ਼ਲ[69] ਜਾਂਦੀ ਹੈ । |
| ਜਨ[71] ਨਾਨਕ ਗੁਰਮੁਖਿ[72] ਧਿਆਇਆ[73] ਮੇਰੀ ਜਿੰਦੁੜੀਏ ਹਰਿ ਹਾਜਰੁ[74] ਨਦਰੀ[75] ਆਈਐ ਰਾਮ ॥੧॥ | Slave[71] Nanak has meditated[73] over God, O my soul, through the Guru[72] and he sees[75] Lord's presence[74] all over. | ਗੋਲੇ[71] ਨਾਨਕ ਨੇ, ਗੁਰਾਂ ਦੇ ਜ਼ਰੀਏ[72] ਵਾਹਿਗੁਰੂ ਦਾ ਆਰਾਧਨ[73] ਕੀਤਾ ਹੈ, ਹੇ ਮੇਰੀ ਜਿੰਦੇ ! ਅਤੇ ਉਹ ਸਾਹਿਬ ਦੀ ਹਜ਼ੂਰੀ[74] ਨੂੰ ਹਰ ਪਾਸੇ ਵੇਖਦਾ[75] ਹੈ । |
| ਸੇ[76] ਭਗਤ[77] ਸੇ ਸੇਵਕ[78] ਮੇਰੀ ਜਿੰਦੁੜੀਏ ਜੋ ਪ੍ਰਭ ਮੇਰੇ ਮਨਿ[80] ਭਾਣੇ[79] ਰਾਮ ॥ | They[76] alone are the devotees[77] and they alone the servants[73], O my mind, who are pleasing[70] to my Lord's mind[80]. | ਕੇਵਲ ਓਹੀ[76] ਅਨਿੰਨ ਸ਼੍ਰਧਾਲੂ[77] ਹਨ ਤੇ ਕੇਵਲ ਓਹੀ ਦਾਸ[78], ਹੇ ਮੇਰਿਆ ਮਨਾ ! ਜਿਹੜੇ ਮੈਂਡੇ ਸੁਆਮੀ ਦੇ ਚਿੱਤ[80] ਨੂੰ ਚੰਗੇ ਲਗਦੇ[79] ਹਨ । |
| ਸੇ ਹਰਿ ਦਰਗਹ[81] ਪੈਨਾਇਆ[82] ਮੇਰੀ ਜਿੰਦੁੜੀਏ [83]ਅਹਿਨਿਸਿ[84] ਸਾਚਿ[85] ਸਮਾਣੇ[86] ਰਾਮ ॥ | They are robed[82] in God's court[81], O my mind and day[83] and night[84] remain absorbed[86] in the True Lord[85]. | ਰੱਬ ਦੇ ਦਰਬਾਰ[81] ਵਿੱਚ ਉਨ੍ਹਾਂ ਨੂੰ ਇੱਜ਼ਤ ਦੀ ਪੁਸ਼ਾਕ ਪਹਿਰਾਈ[82] ਜਾਂਦੀ ਹੈ ਹੇ ਮੇਰੇ ਮਨਾ ! ਅਤੇ ਦਿਹੁੰ[83]ਰੈਣ[84] ਉਹ ਸੱਚੇ ਸੁਆਮੀ[85] ਅੰਦਰ ਲੀਨ[86] ਰਹਿੰਦੇ ਹਨ । |
| ਤਿਨ[87] ਕੈ ਸੰਗਿ[88] ਮਲੁ[89] ਉਤਰੈ[90] ਮੇਰੀ ਜਿੰਦੁੜੀਏ ਰੰਗਿ[91] ਰਾਤੇ[92] ਨਦਰਿ[93] ਨੀਸਾਣੇ[94] ਰਾਮ ॥ | In their[87] company[88] the filth[89] of sins is washed off[90], O my soul and one is imbued[92] with the Lord's love[91] and comes to bear the mark[94] of Master's grace[93]. | ਉਨ੍ਹਾਂ ਦੀ ਸੰਗਤ[88] ਅੰਦਰ ਪਾਪਾਂ ਦੀ ਮੈਲ[89] ਧੋਤੀ ਜਾਂਦੀ[90] ਹੈ, ਹੇ ਮੇਰੇ ਮਨਾ ! ਬੰਦਾ ਪ੍ਰਭੂ ਦੀ ਪ੍ਰੀਤ[91]ਨਾਲ ਰੰਗਿਆ ਜਾਂਦਾ[92] ਹੈ ਅਤੇ ਉਸ ਉੱਤੇ ਮਾਲਕ ਦੀ ਮਿਹਰ[93] ਦਾ ਚਿਨ੍ਹ[94] ਪੈ ਜਾਂਦਾ ਹੈ । |
| ਨਾਨਕ ਕੀ ਪ੍ਰਭ[95] ਬੇਨਤੀ[96] ਮੇਰੀ ਜਿੰਦੁੜੀਏ ਮਿਲਿ ਸਾਧੂ ਸੰਗਿ ਅਘਾਣੇ ਰਾਮ ॥੨॥ | Nanak Makes a supplication[96] before his Lord[95], O my mind, that meeting the saints' guild, he may remain sated. | ਨਾਨਕ, ਸੁਆਮੀ[95] ਅਗੇ ਬਿਨੇ[96] ਕਰਦਾ ਹੈ, ਹੇ ਮੇਰੇ ਮਨਾ ! ਕਿ ਉਹ ਸਤਿ ਸੰਗਤ ਨਾਲ ਜੁੜ ਕੇ ਤ੍ਰਿਪਤ ਹੋਇਆ ਰਹੇ । |
| ਹੇ ਰਸਨਾ[97] ਜਪਿ[98] | O my soul[5], O my tongue[97], | ਹੇ ਮੇਰੀ ਜਿੰਦੇ[5] ! ਹੇ ਮੇਰੀ ਜੀਭੇ[97] ! ਤੂੰ ਸ੍ਰਿਸ਼ਟੀ[99] ਦੇ |

[99]ਗੋਬਿੰਦੋ[100]ਮੇਰੀ ਜਿੰਦੁੜੀਏ[5] ਜਪਿ[2] ਹਰਿ ਹਰਿ ਤ੍ਰਿਸਨਾ[3] ਜਾਏ[4] ਰਾਮ ॥

meditate[98] thou on the world[99] Lord[100], that by remembering[2] the Lord God thy worldly desires[3] be extinguished[4].

ਸੁਆਮੀ[100] ਦਾ ਭਜਨ ਕਰ[98], ਤਾਂ ਜੋ ਸੁਆਮੀ ਵਾਹਿਗੁਰੂ ਨੂੰ ਚੇਤੇ ਕਰਨ ਨਾਲ[2] ਤੇਰੀਆਂ ਦੁਨਿਆਵੀ-ਖ਼ਾਹਿਸ਼ਾਂ[3] ਬੁਝ ਜਾਣ[4]।

ਜਿਸੁ ਦਇਆ[6] ਕਰੇ[7] ਮੇਰਾ ਪਾਰਬ੍ਰਹਮੁ[8] ਮੇਰੀ ਜਿੰਦੁੜੀਏ ਤਿਸੁ[9] ਮਨਿ[12] ਨਾਮੁ ਵਸਾਏ[10] ਰਾਮ ॥

He, to whom my Transcendent Lord[8] shows[7] mercy[6], O my soul, in his[9] mind[12], He enshrines[10] His Name.

ਜਿਸ ਉਤੇ ਮੈਂਡਾ ਪਰਮ ਪ੍ਰਭੂ[8] ਮਿਹਰ[6] ਧਾਰਦਾ[7] ਹੈ, ਹੇ ਮੇਰੇ ਮਨਾ! ਉਸ ਦੇ[9] ਹਿਰਦੇ[12] ਅੰਦਰ ਉਹ ਆਪਣੇ ਨਾਮ ਨੂੰ ਟਿਕਾਉਂਦਾ[10] ਹੈ।

ਜਿਸੁ ਭੇਟੇ[13] ਪੂਰਾ[14] ਸਤਿਗੁਰੂ ਮੇਰੀ ਜਿੰਦੁੜੀਏ ਸੋ ਹਰਿ ਧਨੁ[15] ਨਿਧਿ[16] ਪਾਏ ਰਾਮ ॥

He, who meets[13] the Perfect[14] True Guru, O my soul, obtains the treasure[16] of God's wealth[15].

ਜੋ ਪੂਰਨ[14] ਸੱਚੇ ਗੁਰਾਂ ਨੂੰ ਮਿਲ ਪੈਂਦਾ[13] ਹੈ, ਹੇ ਮੇਰੀ ਜਿੰਦੇ! ਉਹ ਵਾਹਿਗੁਰੂ ਦੀ ਦੌਲਤ[15] ਦੇ ਖ਼ਜ਼ਾਨੇ[16] ਨੂੰ ਪਾ ਲੈਂਦਾ ਹੈ।

[17]ਵਡਭਾਗੀ[18] ਸੰਗਤਿ[19] ਮਿਲੈ[20] ਮੇਰੀ ਜਿੰਦੁੜੀਏ ਨਾਨਕ ਹਰਿ ਗੁਣ[21] ਗਾਏ[22] ਰਾਮ ॥੩॥

Nanak, through the great[17] good fortune[18], the society of saints[19] is obtained[20], O my soul, wherein God's praises[21] are sung[22].

ਨਾਨਕ, ਭਾਰੇ[17] ਚੰਗੇ ਨਸੀਬਾਂ[18] ਦੇ ਰਾਹੀਂ ਸਤਿ ਸੰਗਤ[19] ਪ੍ਰਾਪਤ ਹੁੰਦੀ[20] ਹੈ, ਹੇ ਮੇਰੀ ਜਿੰਦੇ! ਜਿਸ ਵਿੱਚ ਵਾਹਿਗੁਰੂ ਦੀਆਂ ਸਿਫ਼ਤਾਂ[21] ਗਾਇਨ[22] ਹੁੰਦੀਆਂ ਹਨ।

ਥਾਨ[23] ਥਨੰਤਰਿ[24] ਰਵਿ ਰਹਿਆ[25] ਮੇਰੀ ਜਿੰਦੁੜੀਏ ਪਾਰਬ੍ਰਹਮੁ[26] ਪ੍ਰਭੁ[27] ਦਾਤਾ[28] ਰਾਮ ॥

In all the places[23] and inter-spaces[24], the Supreme Lord[26] and the Beneficent[28] Master[27] prevails[25], O my soul.

ਸਾਰੀਆਂ ਥਾਵਾਂ[23] ਅਤੇ ਥਾਵਾਂ ਦੀਆਂ ਵਿੱਥਾਂ[24] ਅੰਦਰ ਸ਼੍ਰੋਮਣੀ ਸਾਹਿਬ[26] ਤੇ ਦਾਤਾਰ[28] ਮਾਲਕ[27] ਪਰੀਪੂਰਨ[25] ਹੈ, ਹੇ ਮੇਰੇ ਜੀਵੜਿਆ!

ਤਾਕਾ[29] ਅੰਤੁ ਨ[30] ਪਾਈਐ ਮੇਰੀ ਜਿੰਦੁੜੀਏ ਪੂਰਨ[31] ਪੁਰਖੁ[32] ਬਿਧਾਤਾ[33] ਰਾਮ ॥

His[29] limits[30] cannot be known, O my soul. He is All-perfection[31], and All-pervading[32] and arbiter of destiny[33].

ਉਸ ਦਾ[29] ਓੜਕ[30] ਜਾਣਿਆ ਨਹੀਂ ਜਾ ਸਕਦਾ। ਉਹ ਸਰਬ-ਵਿਆਪਕ[31] ਸੰਪੂਰਨ[32] ਕਿਸਮਤ[33] ਦਾ ਲਿਖਾਰੀ ਹੈ।

ਸਰਬ[34] ਜੀਆ[35] ਪ੍ਰਤਿਪਾਲਦਾ[36] ਮੇਰੀ ਜਿੰਦੁੜੀਏ ਜਿਉ[37] ਬਾਲਕ[38] ਪਿਤ[39] ਮਾਤਾ[40] ਰਾਮ[41] ॥

O my soul, the Lord[41] cherishes[36] all[34] the beings[35] as[37] do father[39] and mother[40] their child[38].

ਹੇ ਮੇਰੀ ਜਿੰਦੇ! ਸੁਆਮੀ[41] ਸਾਰੇ[34] ਜੀਵਾਂ[35] ਨੂੰ ਐਉਂ ਪਾਲਦਾ ਪੋਸਦਾ[36] ਹੈ, ਜਿਸ ਤਰ੍ਹਾਂ[37] ਪਿਉ[39] ਤੇ ਮਾਂ[40] ਆਪਣੇ ਬੱਚੇ[38] ਨੂੰ ਪਾਲਦੇ-ਪੋਸਦੇ ਹਨ।

ਸਹਸ[42] ਸਿਆਣਪ[43] ਨਹ ਮਿਲੈ[44] ਮੇਰੀ ਜਿੰਦੁੜੀਏ ਜਨ[45] ਨਾਨਕ ਗੁਰਮੁਖਿ[46] ਜਾਤਾ[47] ਰਾਮ[48] ॥੪॥੬॥ ਛਕਾ ੧ ॥

By thousands[42] of clevernesses[43] He is attained[44] not, O my soul. Slave[45] Nanak has known[47] his Lord[48] through the Guru[46].

ਹਜ਼ਾਰਾਂ[42] ਹੀ ਚਤੁਰਾਈਆਂ[43] ਦੁਆਰਾ ਉਹ ਪ੍ਰਾਪਤ[44] ਨਹੀਂ ਹੁੰਦਾ ਹੇ ਮੇਰੀ ਜਿੰਦੜੀਏ! ਗੋਲੇ[45] ਨਾਨਕ ਨੇ ਆਪਣੇ ਸੁਆਮੀ[48] ਨੂੰ ਗੁਰਾਂ ਦੇ ਰਾਹੀਂ[46] ਜਾਣ ਲਿਆ[47] ਹੈ।

ਬਿਹਾਗੜਾ
ਮਹਲਾ ੫ ਛੰਤ ਘਰੁ ੧

Bihagra
5th Guru.

ਬਿਹਾਗੜਾ
ਪੰਜਵੀਂ ਪਾਤਸ਼ਾਹੀ।

| | | |
|---|---|---|
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਹਰਿ ਕਾ ਏਕੁ ਅਚੰਭਉ[49] ਦੇਖਿਆ ਮੇਰੇ ਲਾਲ[50] ਜੀਉ ਜੋ[51] ਕਰੇ ਸੁ[52] ਧਰਮ[53] ਨਿਆਏ[54] ਰਾਮ ॥ | I have seen one miracle[49] of God, O my beloved[50]. Whatever[51] He does that[52] is righteous[53] and just[54]. | ਮੈਂ ਵਾਹਿਗੁਰੂ ਦੀ ਇਕ ਕਰਾਮਾਤ[49] ਦੇਖੀ ਹੈ, ਹੇ ਮੇਰੇ ਪ੍ਰੀਤਮ[50]! ਜਿਹੜਾ ਕੁਛ ਭੀ[51] ਉਹ ਕਰਦਾ ਹੈ ਉਹ[52] ਸੱਚਾ[53] ਤੇ ਨਿਆਇਕਾਰੀ[54] ਹੁੰਦਾ ਹੈ। |
| ਹਰਿ ਰੰਗੁ[55] ਅਖਾੜਾ[56] ਪਾਇਓਨੁ[57] ਮੇਰੇ ਲਾਲ ਜੀਉ[58] ਆਵਣੁ[59] ਜਾਣੁ[60] ਸਭਾਏ[61] ਰਾਮ ॥ | God has made[57] this world as a beautiful[55] arena[56], O my venerable[58] beloved, where all[61] the mortals continue coming[59] and going[60]. | ਵਾਹਿਗੁਰੂ ਨੇ ਇਸ ਸੰਸਾਰ ਨੂੰ ਇੱਕ ਸੁੰਦਰ[55] ਖੇਲ ਦਾ ਮੈਦਾਨ[56] ਬਣਾਇਆ[57] ਹੈ, ਹੇ ਮੇਰੇ ਪੂਜਯ[58] ਪਿਆਰੇ! ਜਿਥੇ ਸਾਰੇ[61] ਪ੍ਰਾਣੀ ਆਉਂਦੇ[59] ਤੇ ਜਾਂਦੇ[60] ਰਹਿੰਦੇ ਹਨ। |
| ੫੪੨ | | |
| ਆਵਣੁ ਤ ਜਾਣਾ ਤਿਨਹਿ[62] ਕੀਆ[63] ਜਿਨਿ[64] ਮੇਦਨਿ[65] ਸਿਰਜੀਆ[66] ॥ | He[62], who[64] created[66] the world[65], has destined[63] the mortals' coming and going. | ਜਿਸ[64] ਨੇ ਸੰਸਾਰ[65] ਰਚਿਆ[66] ਹੈ, ਜੀਵਾਂ ਦਾ ਆਉਣਾ ਤੇ ਜਾਣਾ ਉਸੇ[62] ਨੇ ਹੀ ਨੀਅਤ ਕੀਤਾ[63] ਹੈ। |
| ਇਕਨਾ[67] ਮੇਲਿ[68] ਸਤਿਗੁਰੁ ਮਹਲਿ[69] ਬੁਲਾਏ[70] ਇਕਿ ਭਰਮਿ[71] ਭੂਲੇ ਫਿਰਦਿਆ[72]॥ | Some[67], who meet[68] the True Guru, God invites[70] to His mansion[69] and some wander astray[72] in doubt[71]. | ਕਈਆਂ ਨੂੰ[67], ਜੋ ਸੱਚੇ ਗੁਰਾਂ ਨੂੰ ਮਿਲ ਪੈਂਦੇ[68] ਹਨ, ਵਾਹਿਗੁਰੂ ਆਪਣੇ ਮੰਦਰ[69] ਵਿੱਚ ਸੱਦ ਲੈਂਦਾ ਹੈ ਅਤੇ ਕਈ ਸੰਦੇਹ[71] ਵਿੱਚ ਭਟਕਦੇ ਫਿਰਦੇ[72] ਹਨ। |
| ਅੰਤੁ[73] ਤੇਰਾ ਤੂੰਹੈ[74] ਜਾਣਹਿ[75] ਤੂੰ ਸਭ[76] ਮਹਿ[77] ਰਹਿਆ ਸਮਾਏ[78] ॥ | Thy limit[73] Thou alone[74] knowest[75], O Lord and Thou art contained[78] amongst[77] all[76]. | ਤੇਰਾ ਹੱਦ ਬੰਨਾ[73] ਕੇਵਲ[74] ਤੂੰ ਹੀ ਜਾਣਦਾ[75] ਹੈਂ, ਹੇ ਪ੍ਰਭੂ! ਤੂੰ ਸਾਰਿਆਂ[76] ਅੰਦਰ[77] ਵਿਆਪਕ[78] ਹੋ ਰਿਹਾ ਹੈਂ। |
| ਸਚੁ[79] ਕਹੈ[82] ਨਾਨਕੁ ਸੁਣਹੁ[83] ਸੰਤਹੁ ਹਰਿ ਵਰਤੈ[80] ਧਰਮ ਨਿਆਏ[81] ॥੧॥ | Nanak tells[82] the truth[79], listen[83] O ye saints that God dispenses[80] even-handed justice[81]. | ਨਾਨਕ ਸੱਚੋ ਸੱਚ[79] ਆਖਦਾ[82] ਹੈ, ਸ੍ਰਵਣ ਕਰੋ[83] ਤੁਸੀਂ ਹੇ ਸੰਤੋ! ਵਾਹਿਗੁਰੂ ਸੋਲਾਂ ਆਨੇ ਖਰਾ ਇਨਸਾਫ਼[81] ਕਰਦਾ[80] ਹੈ। |
| ਆਵਹੁ ਮਿਲਹੁ ਸਹੇਲੀਹੋ[82]* ਮੇਰੇ ਲਾਲ[83]* ਜੀਉ[84] ਹਰਿ ਹਰਿ ਨਾਮੁ ਆਰਾਧੇ[85] ਰਾਮ ॥ | Come and meet me, O mates[83]*, my venerable[84] beloveds[83] and let us meditate[85] on Lord God's Name. | ਆਓ ਤੇ ਮੈਨੂੰ ਮਿਲੋ, ਹੇ ਸਖੀਓ[82]*! ਮੇਰੀ ਪੂਜਨੀਯ[34] ਪਿਆਰੀਓ[83]* ਆਉ ਆਪਾਂ ਸੁਆਮੀ ਵਾਹਿਗੁਰੂ ਦੇ ਨਾਮ ਦਾ ਸਿਮਰਨ[85] ਕਰੀਏ। |
| ਕਰਿ[86] ਸੇਵਹੁ[87] ਪੂਰਾ[88] ਸਤਿਗੁਰੂ ਮੇਰੇ ਲਾਲ ਜੀਉ ਜਮ[89] ਕਾ ਮਾਰਗੁ[90] ਸਾਧੇ[91] ਰਾਮ ॥ | Let us perform[86] the Perfect[88] True Guru's service[87], O my beloveds, and smoothen[91] the way[90] of death[89]. | ਆਓ ਆਪਾਂ ਪੂਰਨ[88] ਸੱਚੇ ਗੁਰਾਂ ਦੀ ਘਾਲ[87] ਕਮਾਈਏ[86], ਹੇ ਮੇਰੀ ਪਿਆਰੀਓ! ਅਤੇ ਮੌਤ[89] ਦੇ ਰਸਤੇ[90] ਨੂੰ ਪੱਧਰਾ ਕਰੀਏ[91]। |
| ਮਾਰਗੁ ਬਿਖੜਾ[92] ਸਾਧਿ[93] ਗੁਰਮੁਖਿ[94] ਹਰਿ ਦਰਗਹ[95] ਸੋਭਾ[96] ਪਾਈਐ ॥ | Having smoothed[93] the arduous[92] road, through the Guru[94], we shall attain honour[96] in the God's court[95]. | ਔਖੇ[92] ਰਸਤੇ ਨੂੰ ਗੁਰਾਂ ਦੇ ਰਾਹੀਂ[94] ਸੁਖਦਾਈ[93] ਬਣਾ ਕੇ, ਅਸੀਂ ਵਾਹਿਗੁਰੂ ਦੇ ਦਰਬਾਰ[95] ਵਿੱਚ ਇੱਜ਼ਤ[96] ਆਬਰੂ ਪਾਵਾਂਗੇ। |

| | | |
|---|---|---|
| ਜਿਨ ਕਉ ਬਿਧਾਤੈ[97] ਧੁਰਹੁ[98] ਲਿਖਿਆ[99] ਤਿਨ੍ਾ[100] ਰੈਣਿ[4] ਦਿਨੁ ਲਿਵ[2] ਲਾਈਐ[3] ॥ | They[100] whom the Creator[97] has so pre[98]-ordained[99], fix[3] their attention[2] on the Lord night[4] and day. | ਜਿਨ੍ਹਾਂ ਲਈ ਸਿਰਜਣਹਾਰ[97] ਨੇ, ਮੁੱਢ[98] ਤੋਂ ਐਸੀ ਲਿਖਤਾਕਾਰ[99] ਕਰ ਛੱਡੀ ਹੈ, ਉਹ[100] ਰਾਤ[4] ਦਿਹੁੰ ਸਾਈਂ ਨਾਲ ਆਪਣੀ ਬਿਰਤੀ[2] ਜੋੜਦੇ[3] ਹਨ। |
| ਹਉਮੈ[5] ਮਮਤਾ[6] ਮੋਹੁ[7] ਛੁਟਾ[8] ਜਾ[9] ਸੰਗਿ ਮਿਲਿਆ[10] ਸਾਧੇ ॥ | Self-conceit[5], egoism[6] and worldly love[7] depart[8], when[9] man meets the society of saints[10]. | ਸਵੈ-ਹੰਗਤਾ[5], ਅਪਣੱਤ[6] ਅਤੇ ਸੰਸਾਰੀ ਲਗਨ[7] ਦੂਰ[8] ਹੋ ਜਾਂਦੇ[9] ਹਨ, ਜਦ[9] ਬੰਦਾ ਸਤਿ ਸੰਗਤ[10] ਅੰਦਰ ਜੁੜ ਜਾਂਦਾ ਹੈ। |
| ਜਨੁ[12] ਕਹੈ ਨਾਨਕੁ ਮੁਕਤੁ[13] ਹੋਆ ਹਰਿ ਹਰਿ ਨਾਮੁ ਅਰਾਧੇ[14] ॥੨॥ | Says servant[12] Nanak, the mortal is emancipated[13] by contemplating[14] over the Lord Master's Name. | ਦਾਸ[12] ਨਾਨਕ ਆਖਦਾ ਹੈ, ਕਿ ਸੁਆਮੀ ਵਾਹਿਗੁਰੂ ਦੇ ਨਾਮ ਦਾ ਸਿਮਰਨ[14] ਕਰਨ ਦੁਆਰਾ ਜੀਵ ਬੰਦ-ਖਲਾਸ[13] ਹੋ ਜਾਂਦਾ ਹੈ। |
| ਕਰ[15] ਜੋੜਿਹੁ[16] ਸੰਤ ਇਕਤ੍ਰ[17] ਹੋਇ ਮੇਰੇ ਲਾਲ ਜੀਉ ਅਬਿਨਾਸੀ[18] ਪੁਰਖੁ[19] ਪੂਜੇਹਾ[2] ਰਾਮ[21] ॥ | O saints, my venerable beloveds, let us get together[17] and with-joined[16] hands[15], adore[29] the Imperishable[18] Omnipotent[19] Lord[21]. | ਹੇ ਮੇਰੇ ਪੂਜਨੀਯ ਪਿਆਰੇ ਸਾਧੂਓ ! ਆਓ ਆਪਾਂ ਇਕੱਠੇ[17] ਹੋਈਏ ਅਤੇ ਹੱਥ[15] ਬੰਨ੍ਹ ਕੇ[16] ਅਮਰ[18] ਅਤੇ ਸਰਬ-ਸ਼ਕਤੀਵਾਨ[19] ਸੁਆਮੀ[21] ਦੀ ਉਪਾਸ਼ਨਾ[20] ਕਰੀਏ। |
| ਬਹੁ[22] ਬਿਧਿ[23] ਪੂਜਾ[24] ਖੋਜੀਆ[25] ਮੇਰੇ ਲਾਲ ਜੀਉ ਇਹੁ ਮਨੁ[26] ਤਨੁ[27] ਸਭੁ[28] ਅਰਪੇਹਾ[29] ਰਾਮ[30] ॥ | (In vain) did I seek[25] Him through adorations[24] of many[22] kinds[23]. Let us now offer[29] all[28] this mind[26] and body[27] to the Lord[30], O my beloved. | (ਬੇਅਰਥ ਹੀ) ਮੈਂ ਉਸ ਨੂੰ ਅਨੇਕਾਂ[22] ਤਰ੍ਹਾਂ ਦੀਆਂ[23] ਉਪਾਸ਼ਨਾਵਾਂ[24] ਦੇ ਜ਼ਰੀਏ ਭਾਲਿਆ[25] ਹੈ। ਆਓ, ਆਪਾਂ ਹੁਣ ਇਹ ਆਤਮਾ[26] ਤੇ ਦੇਹ[27] ਸਮੂਹ[28] ਸੁਆਮੀ[30] ਨੂੰ ਭੇਟ[29] ਕਰ ਦੇਈਏ, ਹੇ ਮੇਰੇ ਪਿਆਰੇ ! |
| ਮਨੁ ਤਨੁ ਧਨੁ ਸਭੁ ਪ੍ਰਭੁ ਕੇਰਾ[31] ਕਿਆ[32] ਕੋ[33] ਪੂਜ[34] ਚੜਾਵਏ[35] ॥ | The mind, body and wealth all belong[31] to the Lord. What[32] can anyone[33] offer[35] to Him in worship[34] ? | ਆਤਮਾ, ਦੇਹ ਅਤੇ ਦੌਲਤ ਸਮੂਹ ਸੁਆਮੀ ਦੇ[31] ਹਨ। ਕੋਈ ਜਣਾ[33] ਉਪਾਸ਼ਨਾ[34] ਵਜੋਂ ਉਸ ਨੂੰ ਕੀ[32] ਭੇਟਾ ਕਰ ਸਕਦਾ[35] ਹੈ ? |
| ਜਿਸੁ ਹੋਇ ਕ੍ਰਿਪਾਲੁ[36] ਦਇਆਲੁ ਸੁਆਮੀ[37] ਸੋ[38] ਪ੍ਰਭ ਅੰਕਿ[39] ਸਮਾਵਏ[40] ॥ | He[38] alone merges[40] into the Lord's lap[39], unto whom the Merciful Master[37] becomes compassionate[36]. | ਕੇਵਲ ਓਹੀ[38] ਸਾਹਿਬ ਦੀ ਗੋਦ[39] ਅੰਦਰ ਲੀਨ[40] ਹੁੰਦਾ ਹੈ, ਜਿਸ ਉਤੇ ਕਿਰਪਾਲੂ ਮਾਲਕ[37] ਮੇਹਰਬਾਨ[36] ਹੁੰਦਾ ਹੈ। |
| ਭਾਗੁ[41] ਮਸਤਕਿ[42] ਹੋਇ ਜਿਸ ਕੈ ਤਿਸੁ[43] ਗੁਰ ਨਾਲਿ[44] ਸਨੇਹਾ[45] ॥ | He[43], on whose brow[42] such destiny[51] is writ, comes to bear love[45] with[44] the Guru. | ਜਿਸ ਦੇ ਮਥੇ[42] ਉਤੇ ਐਹੋ ਜੇਹੀ ਕਿਸਮਤ[41] ਲਿਖੀ ਹੋਈ ਹੈ, ਉਸ ਦੀ[43] ਪ੍ਰੀਤ[45] ਗੁਰਾਂ ਦੇ ਨਾਲ[44] ਲੱਗ ਜਾਂਦੀ ਹੈ। |
| ਜਨੁ ਕਹੈ ਨਾਨਕੁ ਮਿਲਿ[46] ਸਾਧਸੰਗਤਿ ਹਰਿ ਹਰਿ ਨਾਮੁ ਪੂਜੇਹਾ[47] ॥੩॥ | Says slave Nanak, joining[46] the saints' society, let us worship[47] the Lord God's Name. | ਗੋਲਾ ਨਾਨਕ ਆਖਦਾ ਹੈ, ਸਤਿ ਸੰਗਤ ਅੰਦਰ ਜੁੜ ਕੇ[46] ਆਓ ਆਪਾਂ ਸੁਆਮੀ ਵਾਹਿਗੁਰੂ ਦੇ ਨਾਮ ਨੂੰ ਪੂਜੀਏ[47]। |
| ਦਹ[18] ਦਿਸ[49] ਖੋਜਤ[50] ਹਮ[51] ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ[52] ਘਰਿ[53] ਆਏ[54] ਰਾਮ ॥ | I[51] have been searching[50] in ten[48] directions[49], O my honourable beloved, but have found[52] God in my heart-home[53] on return[54]. | ਮੈਂ[51] ਦਸੀਂ[48] ਪਾਸੀਂ[49] ਲੱਭਦਾ[50] ਫਿਰਿਆ ਹਾਂ, ਹੇ ਮੇਰੇ ਪਤਿਵੰਤ ਪਿਆਰਿਆ ! ਪ੍ਰੰਤੂ ਵਾਪਸ ਆ ਕੇ[54], ਮੈਂ ਵਾਹਿਗੁਰੂ ਨੂੰ ਆਪਣੇ ਹਿਰਦੇ-ਧਾਮ[53] ਵਿਚੋਂ ਹੀ ਪਾ ਲਿਆ[52] ਹੈ। |

| | | |
|---|---|---|
| ਹਰਿ ਮੰਦਰੁ[55] ਹਰਿ ਜੀਉ[56] ਸਾਜਿਆ[57] ਮੇਰੇ ਲਾਲ ਜੀਉ ਹਰਿ ਤਿਸੁ[58] ਮਹਿ[59] ਰਹਿਆ ਸਮਾਏ[60] ਰਾਮ ॥ | The reverend[56] Lord has made[57] this body palace[55], O my beloved, and there[58] in[59] the Lord continues to abide[60]. | ਪੂਜਨੀਯ[56] ਪ੍ਰਭੂ ਨੇ ਦੇਹ ਰੂਪੀ ਮਹਿਲ[55] ਬਣਾਇਆ[57] ਹੈ, ਹੇ ਮੇਰੇ ਪਿਆਰਿਆ ! ਉਸ[58] ਅੰਦਰ[59] ਪ੍ਰਭੂ ਵਸ[60] ਰਿਹਾ ਹੈ । |
| ਸਰਬੇ[61] ਸਮਾਣਾ[62] ਆਪਿ ਸੁਆਮੀ ਗੁਰਮੁਖਿ[63]ਪਰਗਟੁ[64] ਹੋਇਆ ॥ | The Lord abides[62] in all[61] and through the Guru[63], He manifests[64] Himself. | ਸਾਹਿਬ ਸਾਰਿਆਂ[61] ਅੰਦਰ ਰਮਿਆ[62] ਹੋਇਆ ਹੈ ਅਤੇ ਗੁਰਾਂ ਦੇ ਰਾਹੀਂ[63] ਹੀ, ਉਹ ਆਪਣੇ ਆਪ ਨੂੰ ਜ਼ਾਹਰ[64] ਕਰਦਾ ਹੈ । |
| ਨਾਨਕ ਏਕੀ[34] ਬਾਹਰਾ[35] ਦੂਜਾ[36] ਨਾਹੀ ਕੋਇ ॥ | Nanak, without[35] the One Lord[34], there is not any other[36]. | ਨਾਨਕ, ਇਕ ਸੁਆਮੀ[34] ਦੇ ਬਗੈਰ[35] ਹੋਰ ਕੋਈ[36]ਨਹੀਂ। |
| ਤੈ[37] ਸਹ ਲਗੀ[38] ਜੇ ਰਹੈ[39] ਭੀ ਸਹੁ[40] ਰਾਵੈ[41] ਸੋਇ[42] ॥੪॥੨॥ | If[39] the bride remains attached[38] to Thee[37], she[42] too shall enjoy[41] (Thee) her Spouse[40]. | ਜੇਕਰ[39] ਪਤਨੀ ਤੇਰੇ[37] ਨਾਲ ਜੁੜੀ[38] ਰਹੇ, ਤਾਂ ਉਹ[42] ਭੀ (ਤੈਨੂੰ) ਆਪਣੇ ਪਤੀ[40] ਨੂੰ ਮਾਣ ਲਵੇਗੀ[41]। |
| ਵਡਹੰਸੁ ਮਹਲਾ ੧ ਘਰੁ ੨ ॥ | Wadhans Ist Guru. | ਵਡਹੰਸ ਪਹਿਲੀ ਪਾਤਿਸ਼ਾਹੀ। |
| ਮੋਰੀ[43] ਰੁਣਝੁਣ[44] ਲਾਇਆ ਭੈਣੇ[45] ਸਾਵਣੁ ਆਇਆ ॥ | The peacocks[43] are sweetly crying[44], O sister[45], the rainy month of "Sawan" has come. | ਮੋਰ[43] ਮਿਠਾਸ ਨਾਲ[44] ਬੋਲ ਰਹੇ ਹਨ। ਹੇ ਅੰਮਾ ਜਾਈਏ[45]! ਬਰਸਾਤ ਦਾ ਮਹੀਨਾ "ਸਾਉਣ" ਆ ਗਿਆ ਹੈ। |
| ਤੇਰੇ[46] ਮੁੰਧ[47] ਕਟਾਰੇ[48] ਜੇਵਡਾ[49] ਤਿਨਿ[50] ਲੋਭੀ[51] ਲੋਭ[52] ਲੁਭਾਇਆ[53] ॥ | O Beloved, Thine[46] amorous eyes[48] are like a rope[49] and their[50] charm[51] has fascinated[52] and bewitched[53] the bride[47]. | ਹੇ ਪ੍ਰੀਤਮ! ਤੈਂਡੇ[46] ਰਸੀਲੇ ਨੈਣ[48] ਰੱਸੇ[49] ਵਾਙੂ ਹਨ। ਉਨ੍ਹਾਂ[50] ਦੀ ਫ਼ਰੇਫ਼ਤਗੀ[51] (ਖਿਚ) ਨੇ ਪਤਨੀ[47] ਨੂੰ ਲੁਭਾਇਮਾਨ[52] ਤੇ ਮੋਹਿਤ ਕਰ ਲਿਆ[53] ਹੈ। |
| ਤੇਰੇ ਦਰਸਨ[54] ਵਿਟਹੁ | I may cut myself into pieces[56] for a | ਤੇਰੇ ਇਕ ਦੀਦਾਰ[54] ਦੇ ਲਈ ਮੈਂ ਟੋਟੇ ਟੋਟੇ[56] ਹੋ ਜਾਵਾਂ |

| | | |
|---|---|---|
| ਖੰਨੀਐ[56] ਵੰਞਾ ਤੇਰੇ ਨਾਮ ਵਿਟਹੁ[55] ਕੁਰਬਾਣੋ[57] ॥ | glimpse[54] of Thine and unto[55] Thy Name I am a sacrifice[57]. | ਅਤੇ ਤੇਰੇ ਨਾਮ ਉੱਤੋਂ[55] ਮੈਂ ਬਲਿਹਾਰ[57] ਹੋ ਵੰਞਾ। |
| ਜਾ[58] ਤੂ ਤਾ[59] ਮੈ ਮਾਣੁ[60] ਕੀਆ ਹੈ ਤੁਧੁ ਬਿਨੁ[61] ਕੇਹਾ ਮੇਰਾ[62] ਮਾਣੋ ॥ | Now that[58] I have attained thee, I then[59] take pride[60] in Thee. Without[61] Thee, what[62] can I be proud of? | ਹੁਣ ਜਦ[58] ਤੂੰ ਮੇਰਾ ਹੈਂ, ਤਦ[59] ਮੈਂ ਤੇਰੇ ਉਤੇ ਮਾਣ[60] ਕਰਦੀ ਹਾਂ। ਤੇਰੇ ਬਾਝੋਂ[61] ਮੇਰਾ ਕਾਹਦਾ[62] ਫ਼ਖ਼ਰ ਹੈ? |
| ਚੂੜਾ[63] ਭੰਨੁ[64] ਪਲੰਘ[67] ਸਿਉ[65] ਮੁੰਧੇ[66] ਸਣੁ ਬਾਹੀ[68] ਸਣੁ ਬਾਹਾ[69] ॥ | O bride[66], smash[64] thy brcelets[63] alongwith[65] thy couch[67] and break thy arms[68] as well as the arms[69] of thy couch. | ਆਪਣੀਆਂ ਵੰਙਾਂ[63] ਨੂੰ ਸਣੇ[65] ਆਪਣੇ ਪਲੰਘ[67] ਦੇ ਤੋੜ[64] ਸੁੱਟ, ਹੇ ਵਹੁਟੀਏ[66]। ਆਪਣੀਆਂ ਬਾਹਾਂ[68] ਸਮੇਤ ਆਪਣੇ ਮੰਜੇ ਦੀਆਂ ਬਾਹੀਆਂ[69] ਵੀ ਤੋੜਦੇ। |
| ਏਤੇ[70*] ਵੇਸ[71] ਕਰੇਦੀਏ[72] ਮੁੰਧੇ[73] ਸਹੁ[74] ਰਾਤੋ[75] ਅਵਰਾਹਾ[76] ॥ | Because inspite of thy making[72] so many[70*] decorations[71], O bride[73], thy Groom[74] is imbued[75] with the love of another[76] | ਤੇਰੇ ਏਨੇ[70*] ਹਾਰ ਸ਼ਿੰਗਾਰ[71] ਕਰਨ[72] ਦੇ ਬਾਵਜੂਦ, ਹੇ ਬਾਲੜੀਏ[73]! ਤੇਰਾ ਲਾੜ੍ਹਾ[74] ਹੋਰਸੁ[76] ਦੀ ਪ੍ਰੀਤ ਨਾਲ ਰੰਗਿਆ ਹੋਇਆ[75] ਹੈ। |
| ੫੫੮ | | |
| ਨਾ ਮਨੀਆਰੁ[77] ਨ ਚੂੜੀਆ[78] ਨਾ ਸੇ[79] ਵੰਗੁੜੀਆਹਾ[80] ॥ | Thou hast not the real bracelet-dealer[77], neither gold bracelets[78], nor good[79] glass bangles[80]. | ਤੇਰੇ ਕੋਲ ਅਸਲੀ ਮਨਿਆਰੀ ਵਾਲਾ[77] ਨਹੀਂ, ਨਾ ਸੋਨੇ ਦੀਆਂ ਕੰਗਣੀਆਂ[78] ਹਨ ਤੇ ਨਾ ਹੀ ਸ਼ੀਸ਼ੇ ਦੀਆਂ ਸ੍ਰੇਸ਼ਟ[79] ਵੰਗਾਂ[80]। |
| ਜੋ ਸਹ[81] ਕੰਠਿ[82] ਨ ਲਗੀਆ[83] ਜਲਨੁ[84] ਸਿ[85] ਬਾਹੜੀਆਹਾ[86] ॥ | The arms[86], which embrace[83] not the Spouse's[81] neck[82], they[85] burn[84] in anguish. | ਜਿਹੜੀਆਂ ਬਾਹਾਂ[86] ਪਤੀ[81] ਦੇ ਗਲੇ[82] ਨੂੰ ਨਹੀਂ ਲਗਦੀਆਂ[83], ਉਹ[85] ਦੁਖ ਅੰਦਰ ਸੜਦੀਆਂ[84] ਹਨ। |
| ਸਭਿ ਸਹੀਆ[87] ਸਹੁ[88] ਰਾਵਣਿ[89] ਗਈਆ ਹਉ ਦਾਧੀ[90] ਕੈ[91] ਦਰਿ ਜਾਵਾ[92] ॥ | All my mates[87] have gone to enjoy[89] their Bridegroom[88], whose[91] door[92], should I, the wretched one[90], approach? | ਮੇਰੀਆਂ ਸਾਰੀਆਂ ਸਹੇਲੀਆਂ[87] ਆਪਣੇ ਕੰਤ[88] ਨੂੰ ਮਾਨਣ[89] ਲਈ ਗਈਆਂ ਹਨ। ਮੈਂ ਨਿਕਰਮਣ[90] ਕੀਹਦੇ[91] ਬੂਹੇ ਉੱਤੇ ਜਾਵਾਂ? |
| [93]ਅੰਮਾਲੀ[94] ਹਉ[99] ਖਰੀ[95] ਸੁਚਜੀ[96] ਤੈ[97] ਸਹਿ[98] ਏਕਿ ਨ ਭਾਵਾ[100] ॥ | O[93] friend[94], I[99] am of good[95] conduct[96], but not even one deed of mine is pleasing[100] to Him[97], my Lord[98]. | ਹੇ[93] ਸਜਣੀਏ[94]! ਮੈਂ[99] ਬਹੁਤ[95] ਹੀ ਚੰਗੇ ਆਚਰਣ[96] ਵਾਲੀ ਹਾਂ, ਪਰ ਮੇਰਾ ਇਕ ਕਰਮ ਭੀ ਮੇਰੇ ਉਸ[97] ਪ੍ਰੀਤਮ[98] ਨੂੰ ਚੰਗਾ ਨਹੀਂ ਲਗਦਾ! |
| ਮਾਠਿ[2] ਗੁੰਦਾਈਂ[3] ਪਟੀਆ[4] ਭਰੀਐ[5] ਮਾਗ[6] ਸੰਧੂਰੇ[7] ॥ | Dressing[2] my hair, I plait[3] them into tresses[4] and fill[5] their partings[6] with vermillion[7]. | ਆਪਣੇ ਵਾਲਾਂ ਨੂੰ ਸੁਆਰ[2] ਕੇ, ਮੈਂ ਉਨ੍ਹਾਂ ਦੀਆਂ ਮੀਢੀਆਂ[4] ਗੁੰਦਦੀ[3] ਹਾਂ ਅਤੇ ਉਨ੍ਹਾਂ ਦੇ ਚੀਰਾਂ[6] ਨੂੰ ਸ਼ਿੰਗਰਫ਼[7] ਨਾਲ ਭਰਦੀ[5] ਹਾਂ। |
| ਅਗੈ[8] ਗਈ ਨ ਮੰਨੀਆ[10] ਮਰਉ[9] ਵਿਸੂਰਿ ਵਿਸੂਰੇ[12] ॥ | But, when I go before[8] my love, I am not accepted[10] and I die[9] of excessive sorrow[12]. | ਹਾਂ, ਪਰ ਜਦ ਮੈਂ ਆਪਣੇ ਪਿਆਰੇ ਮੂਹਰੇ[8] ਜਾਂਦੀ ਹਾਂ, ਮੈਂ ਕਬੂਲੀ ਨਹੀਂ ਜਾਂਦੀ[10] ਤੇ ਮੈਂ ਘਣੇਰੇ ਝੁਰੇਵੇਂ[12] ਨਾਲ ਮਰ ਵੰਞਦੀ[9] ਹਾਂ। |
| ਮੈ ਰੋਵੰਦੀ[13] ਸਭੁ ਜਗੁ ਰੁਨਾ | I weep[13], the whole world weeps and | ਮੈਂ ਰੋਂਦੀ[13] ਹਾਂ, ਸਾਰਾ ਜਹਾਨ ਰੋਂਦਾ ਹੈ ਅਤੇ ਮੇਰੇ ਨਾਲ |

| | | |
|---|---|---|
| ਰੁੰਨੜੇ[14] ਵਣਹੁ[15] ਪੰਖੇਰੂ[16]॥ | even the birds[16] of the forests[15] weep[14] with me. | ਜੰਗਲ[15] ਦੇ ਪੰਛੀ[16] ਭੀ ਰੋਂਦੇ[14] ਹਨ। |
| ਇਕੁ ਨ ਰੁਨਾ ਮੇਰੇ ਤਨ[17] ਕਾ ਬਿਰਹਾ[18] ਜਿਨਿ ਹਉ[19] ਪਿਰਹੁ[20] ਵਿਛੋੜੀ[21] ॥ | But one thing, my body's[17] soul[18] weeps not, which has separated[21] me[19] from my beloved[10]. | ਪਰ ਇਕ ਸ਼ੈ, ਮੇਰੀ ਦੇਹ[17] ਦੀ ਵਿਛੁੜੀ ਹੋਈ ਆਤਮਾ[18] ਰੋਂਦੀ ਨਹੀਂ ਜਿਸ ਨੇ ਮੈਨੂੰ[19] ਮੇਰੇ ਪ੍ਰੀਤਮ[20] ਨਾਲੋਂ ਵੱਖ[21] ਕਰ ਛੱਡਿਆ ਹੈ। |
| ਸੁਪਨੈ[22] ਆਇਆ ਭੀ[23] ਗਇਆ ਮੈ ਜਲੁ ਭਰਿਆ[24] ਰੋਇ[25] ॥ | He came to me in my dream[22] and again[23] went away, upon which I wept[25] copious tears[24]. | ਉਹ ਮੇਰੇ ਸੁਫਨੇ[22] ਵਿੱਚ ਮੇਰੇ ਕੋਲ ਆਇਆ ਅਤੇ ਫੇਰ[23] ਚਲਿਆ ਗਿਆ, ਜਿਸ ਉਤੇ ਮੈਂ ਹੰਝੂ ਭਰ ਕੇ[24] ਰੋਈ[25]। |
| ਆਇ ਨ ਸਕਾ ਤੁਝ[26] ਕਨਿ[27] ਪਿਆਰੇ[28] ਭੇਜਿ[29] ਨ ਸਕਾ ਕੋਇ ॥ | I cannot come to[27] Thee[26], O my love[28], nor can I send[29] any one. | ਮੈਂ ਤੇਰੇ[26] ਕੋਲ[27] ਨਹੀਂ ਆ ਸਕਦੀ, ਹੇ ਮੇਰੇ ਦਿਲਬਰ[28]! ਨਾ ਹੀ ਮੈਂ ਕਿਸੇ ਨੂੰ ਘਲ ਸਕਦੀ[29] ਹਾਂ। |
| ਆਉ[30] ਸਭਾਗੀ[31] ਨੀਦੜੀਏ[32] ਮਤੁ[33] ਸਹੁ[34] ਦੇਖਾ[36] ਸੋਇ[35]॥ | Come[30], O fortunate[31] sleep[32], perhaps[33] I may, again, behold[36] that[35] Husband[34] of mine (in dreams). | ਆ ਜਾ[30], ਹੇ ਭਾਗਾਂ ਵਾਲੀਏ[31] ਨੀਂਦ੍ਰੇ[32]! ਸ਼ਾਇਦ[33] ਮੈਂ ਆਪਣੇ ਉਸ[35] ਭਰਤੇ[34] ਨੂੰ ਮੁੜ (ਸੁਪਨੇ ਵਿੱਚ) ਤੱਕ[36] ਲਵਾਂ। |
| ਤੈ[37] ਸਾਹਿਬ[38] ਕੀ ਬਾਤ[39] ਜਿ ਆਖੈ ਕਹੁ[40] ਨਾਨਕ ਕਿਆ[41] ਦੀਜੈ[42] ॥ | Says[40] Nanak, what[41] shall I give[42] him, who gives me a message[39] of that[37] Master[38] of mine ? | ਨਾਨਕ ਆਖਦਾ[40] ਹੈ, ਮੈਂ ਉਸ ਨੂੰ ਕੀ[41] ਦੇਵਾਂਗਾ[42], ਜੋ ਮੈਨੂੰ ਮੇਰੇ ਉਸ[37] ਮਾਲਕ[38] ਦਾ ਸੁਨੇਹਾ[39] ਦਿੰਦਾ ਹੈ ? |
| ਸੀਸੁ[43] ਵਢੇ ਕਰਿ[44] ਬੈਸਣੁ[45] ਦੀਜੈ[46] ਵਿਣੁ ਸਿਰ ਸੇਵ[47] ਕਰੀਜੈ[48] ॥ | Cutting off[44] my head[43] I will give[46] it to him to sit[45] on, and without head, I will perform[48] his service[47]. | ਆਪਣੇ ਸਿਰ[43] ਨੂੰ ਕੱਟ ਕੇ[44] ਮੈਂ ਉਸ ਨੂੰ ਬੈਠਣ[45] ਨੂੰ ਦੇਵਾਂਗੀ[46] ਅਤੇ ਸਿਰੇ ਦੇ ਬਗੈਰ ਮੈਂ ਉਸ ਦੀ ਟਹਿਲ-ਸੇਵਾ[47] ਕਮਾਵਾਂਗੀ[48]। |
| ਕਿਉ ਨ ਮਰੀਜੈ[49] ਜੀਅੜਾ[50] ਨ ਦੀਜੈ[55] ਜਾ[51] ਸਹੁ[52] ਭਇਆ[53] ਵਿਡਾਣਾ[54] ॥੧॥੩॥ | Why do I not die[49] and give up[55] my life[50], since[51] my Spouse[52] has chosen to cherish[53] another[54] ? | ਮੈਂ ਕਿਉਂ ਨਹੀਂ ਮਰਦੀ[49] ਅਤੇ ਆਪਣੀ ਜ਼ਿੰਦਗੀ[50] ਨਹੀਂ ਦਿੰਦੀ[55], ਜਦ ਕਿ[51] ਮੇਰਾ ਪਤੀ[52] ਕਿਸੇ ਹੋਰਸ[54] ਦਾ ਹੋ ਗਿਆ[53] ਹੈ। |
| ਵਡਹੰਸੁ ਮਹਲਾ ੩ ਘਰੁ ੧ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ। |
| ੧ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਮਨਿ ਮੈਲੈ[56] ਸਭੁ ਕਿਛੁ[57] ਮੈਲਾ ਤਨਿ[58] ਧੋਤੈ[59] ਮਨੁ[61] ਹਛਾ[60] ਨ ਹੋਇ ॥ | When the mind is filthy[56], everything[57] is filthy. By washing[59] the body[58], the mind[61] becomes not pure[90]. | ਜਦ ਚਿੱਤ ਪਲੀਤ[56] ਹੈ, ਤਾਂ ਸਾਰਾ ਕੁੱਛ[57] ਪਲੀਤ ਹੈ। ਸਰੀਰ[58] ਨੂੰ ਧੋਣ ਨਾਲ[59] ਚਿੱਤ[61] ਪਵਿੱਤ੍ਰ[60] ਨਹੀਂ ਹੁੰਦਾ। |
| ਇਹੁ ਜਗਤੁ[62] ਭਰਮਿ[63] ਭੁਲਾਇਆ[64] ਵਿਰਲਾ[65] ਬੂਝੈ[66] ਕੋਇ ॥ | This world[62] is led astray[64] by doubt[63] and only a rare one[65] understands[66] this. | ਇਹ ਸੰਸਾਰ[62] ਸੰਦੇਹ[63] ਨੇ ਕੁਰਾਹੇ ਪਾਇਆ ਹੋਇਆ[64] ਹੈ। ਕੋਈ ਵਿਰਲਾ[65] ਹੀ ਇਸ ਗੱਲ ਨੂੰ ਸਮਝਦਾ[66] ਹੈ। |

| | | |
|---|---|---|
| ਜਪਿ[67] ਮਨ[68] ਮੇਰੇ ਤੂ ਏਕੋ[69] ਨਾਮੁ ॥ | O my soul[68], repeat[67] thou the one Name[69]. | ਹੇ ਮੇਰੀ ਜਿੰਦੇ[68] ! ਤੂੰ ਕੇਵਲ ਇੱਕ ਨਾਮ[69] ਦਾ ਉਚਾਰਨ[67] ਕਰ । |
| ਸਤਿਗੁਰਿ ਦੀਆ[70] ਮੋਕਉ[71] ਏਹੁ ਨਿਧਾਨੁ[72] ॥੧॥ਰਹਾਉ॥ | The True Guru has given[70] me[71] this treasure[72]. Pause. | ਸੱਚੇ ਗੁਰਾਂ ਨੇ ਮੈਨੂੰ[71] ਇਹ ਖ਼ਜ਼ਾਨਾ[72] ਬਖਸ਼ਿਆ[70] ਹੈ । ਠਹਿਰਾਉ । |
| ਸਿਧਾ[73] ਕੇ ਆਸਣ[74] ਜੇ[75] ਸਿਖੈ[76] ਇੰਦ੍ਰੀ[77] ਵਸਿ[78]ਕਰਿ ਕਮਾਇ[79] ॥ ਮਨ[80] ਕੀ ਮੈਲੁ[84] ਨ ਉਤਰੈ[82] ਹਉਮੈ[83] ਮੈਲੁ ਨ ਜਾਇ[84] ॥੨॥ | Even[75] if one learns[76] the postures[74] of the adepts[73] -and practises[79] the restraint[78] of his senses[77], the dirt[81] of his mind[80] is removed[82] not, nor goeth[84] the filth of his self-conceit[83]. | ਭਾਵੇਂ[75] ਆਦਮੀ ਕਰਾਮਾਤੀ ਬੰਦਿਆਂ[73] ਦੇ ਆਸਨ ਸਿਖ ਲਵੇ[76] ਅਤੇ ਆਪਣੇ ਹਵਾਸਾ[77] ਨੂੰ ਕਾਬੂ[78] ਰੱਖਣ ਦਾ ਅਭਿਆਸ[79] ਕਰੇ ਉਸ ਦੇ ਚਿੱਤ[80] ਦੀ ਗੰਦਗੀ[81] ਲਹਿੰਦੀ[82] ਨਹੀਂ, ਨਾ ਹੀ ਉਸ ਦੀ ਸਵੈ-ਹੰਗਤਾ[83] ਦੀ ਮਲੀਣਤਾ ਜਾਂਦੀ[84] ਹੈ । |
| ਇਸੁ ਮਨ ਕਉ ਹੋਰੁ[85] ਸੰਜਮੁ[86] ਕੋ ਨਾਹੀ ਵਿਣੁ[87] ਸਤਿਗੁਰ ਕੀ ਸਰਣਾਇ[88] ॥ | There is no other[85] cure[86] for the ailment of this mind, except[87] by taking shelter[88] in the True Guru. | ਬਗ਼ੈਰ[87] ਸੱਚੇ ਗੁਰਾਂ ਦੀ ਪਨਾਹ[88]ਹੇਠਾਂ ਆਉਣ ਦੇ, ਇਸ ਮਨ ਦੀ ਬੀਮਾਰੀ ਦਾ ਕੋਈ ਹੋਰ[85] ਇਲਾਜ[86] ਨਹੀਂ । |
| ਸਤਿਗੁਰ ਮਿਲਿਐ[89] ਉਲਟੀ[90] ਭਈ ਕਹਣਾ ਕਿਛੂ[91] ਨ ਜਾਇ ॥੩॥ | By meeting[89] with the True Guru, the mind's outlook is changed[90] beyond expression[91]. | ਸੱਚੇ ਗੁਰਾਂ ਨੂੰ ਭੇਟਣ ਦੁਆਰਾ[89], ਮਨ ਦਾ ਦ੍ਰਿਸ਼ਟੀਕੋਣ, ਕਹਿਣ ਕਥਨ ਤੋਂ ਬਾਹਰ[91] ਬਦਲ ਜਾਂਦਾ[90] ਹੈ । |
| ਭਣਤਿ[92] ਨਾਨਕੁ ਸਤਿਗੁਰ ਕਉ ਮਿਲਦੋ[93] ਮਰੈ[98] ਗੁਰ ਕੈ ਸਬਦਿ[94] ਫਿਰਿ[95] ਜੀਵੈ[96] ਕੋਇ[97] ॥ ਮਮਤਾ[99] ਕੀ ਮਲੁ[100] ਉਤਰੈ[2] ਇਹੁ ਮਨੁ[4] ਹਛਾ[3] ਹੋਇ ॥੪॥੧॥ | Says[92] Nanak, if any one[97] dies[98] on meeting[92] the True Guru and be again[95], re-animated[96] by Guru's teaching[94], the filth[100] of his worldly love[99] shall depart[2], and this mind[4] of his shall become pure[3]. | ਗੁਰੂ ਜੀ ਆਖਦੇ ਹਨ[92], ਜੇਕਰ ਕੋਈ ਜਣਾ[97] ਸੱਚੇ ਗੁਰਾਂ ਨੂੰ ਭੇਟ ਕੇ[93] ਮਰ ਵੰਞੇ[98] ਅਤੇ ਮੁੜ ਕੇ[95] ਗੁਰਾਂ ਦੀ ਸਿੱਖਿਆ[94] ਦੁਆਰਾ ਸੁਰਜੀਤ[96] ਹੋ ਜਾਵੇ, ਤਾਂ ਉਸ ਦੀ ਸੰਸਾਰੀ ਮੋਹ[99] ਦੀ ਗੰਦਗੀ[100] ਲਹਿ ਜਾਵੇਗੀ[2] ਅਤੇ ਉਸ ਦਾ ਇਹ ਮਨ[4] ਸ਼ੁੱਧ[3] ਹੋ ਜਾਵੇਗਾ । |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ । |
| ਨਦਰੀ[5] ਸਤਗੁਰੁ ਸੇਵੀਐ[6] ਨਦਰੀ ਸੇਵਾ[7] ਹੋਇ[8] ॥ | By God's grace[5], the mortal serves[6] the True Guru and through God's grace, the service[7] is performed[8]. | ਰੱਬ ਦੀ ਦਇਆ ਦੁਆਰਾ[5] ਪ੍ਰਾਣੀ ਸੱਚੇ ਗੁਰਾਂ ਦੀ ਘਾਲ ਕਮਾਉਂਦਾ[6] ਹੈ ਅਤੇ ਰੱਬ ਦੀ ਦਇਆ ਰਾਹੀਂ ਹੀ ਚਾਕਰੀ[7] ਨਿਭਾਈ ਜਾਂਦੀ[8] ਹੈ । |
| ਨਦਰੀ[9] ਇਹੁ ਮਨੁ ਵਸਿ[10] ਆਵੈ ਨਦਰੀ ਮਨੁ ਨਿਰਮਲੁ[12] ਹੋਇ ॥੧॥ | By Lord's grace[9] this mind is controlled[10] and by His grace it becomes pure[12]. | ਸੁਆਮੀ ਦੀ ਮਿਹਰ ਸਦਕਾ[9] ਇਹ ਮਨੂਆ ਕਾਬੂ[10] ਵਿੱਚ ਆਉਂਦਾ ਹੈ ਅਤੇ ਉਸ ਦੀ ਮਿਹਰ ਸਦਕਾ ਹੀ ਇਹ ਪਵਿੱਤ੍ਰ[12] ਹੁੰਦਾ ਹੈ । |
| ਮੇਰੇ ਮਨ[13] ਚੇਤਿ[14] ਸਚਾ[15] ਸੋਇ[16] ॥ | O my soul[13], contemplate[14] thou on that[16] True Lord[15]. | ਹੇ ਮੇਰੀ ਜਿੰਦੇ[13] ! ਤੂੰ ਉਸ[16] ਸੱਚੇ ਸਾਹਿਬ[15] ਦਾ ਸਿਮਰਨ ਕਰ[14] । |
| ਏਕੋ ਚੇਤਹਿ ਤਾ[17] ਸੁਖੁ ਪਾਵਹਿ ਫਿਰਿ[18] ਦੂਖੁ ਨ ਮੂਲੇ ਹੋਇ ॥੧॥ਰਹਾਉ॥ | If thou remember the One Lord then[17] shalt thou obtain peace and shalt never come to grief, again[18]. Pause. | ਜੇਕਰ ਤੂੰ ਇੱਕ ਪ੍ਰਭੂ ਦਾ ਆਰਾਧਨ ਕਰੇਂ, ਤਦ[17] ਤੂੰ ਆਰਾਮ ਪਾ ਲਵੇਂਗਾ ਅਤੇ ਤੈਨੂੰ ਮੁੜ[18] ਕਦਾਚਿੱਤ ਦੁਖ ਨਹੀਂ ਹੋਵੇਗਾ । ਠਹਿਰਾਉ । |

| | | |
|---|---|---|
| ਨਦਰੀ ਮਰਿ[19] ਕੈ ਜੀਵੀਐ[20] ਨਦਰੀ ਸਬਦੁ[21] ਵਸੈ[22] ਮਨਿ[24] ਆਇ[23] ॥ | By God's favour, dying unto himself[19], the man is resurrected[20] and, by His grace, the Name[21] comes[23] to be enshrined[22] in his mind[24]. | ਵਾਹਿਗੁਰੂ ਦੀ ਰਹਿਮਤ ਸਦਕਾ, ਜੀਊਂਦੇ ਜੀ ਮਰ ਕੇ[19], ਇਨਸਾਨ ਸੁਰਜੀਤ[20] ਹੋ ਜਾਂਦਾ ਹੈ ਅਤੇ ਉਸ ਦੀ ਮਿਹਰ ਸਦਕਾ ਹੀ ਨਾਮ[21] ਆ ਕੇ[23] ਅੰਤਰ-ਆਤਮੇ[24] ਟਿੱਕ ਜਾਂਦਾ[22] ਹੈ। |
| ਨਦਰੀ ਹੁਕਮੁ[25] ਬੁਝੀਐ[26] ਹੁਕਮੇ ਰਹੈ ਸਮਾਇ[27] ॥੨॥ | By God's grace His will[25] is realised[26] and in His will, the mortal remains merged[27]. | ਵਾਹਿਗੁਰੂ ਦੀ ਮਿਹਰ ਦੁਆਰਾ ਉਸ ਦਾ ਭਾਣਾ[25] ਅਨੁਭਵ[26] ਕੀਤਾ ਜਾਂਦਾ ਹੈ ਅਤੇ ਪ੍ਰਾਣੀ ਉਸ ਦੇ ਭਾਣੇ ਅੰਦਰ ਲੀਨ[27] ਰਹਿੰਦਾ ਹੈ। |
| ਜਿਨਿ[28] ਜਿਹਵਾ[29] ਹਰਿ ਰਸੁ[30] ਨ ਚਖਿਓ[31] ਸਾ[32] ਜਿਹਵਾ ਜਲਿ[33] ਜਾਉ ॥ | The tongue[29], which[28] enjoys[31] not the Lord's elixir[30], may that[32] tongue be burnt[33]. | ਜਿਹੜੀ[28] ਜੀਭ[29] ਸਾਹਿਬ ਦੇ ਅੰਮ੍ਰਿਤ[30] ਨੂੰ ਨਹੀਂ ਮਾਣਦੀ[31]; ਰੱਬ ਕਰੇ ਉਹ[32] ਸੜ ਵੰਞੇ[33]। |
| [34]ਅਨ ਰਸ[35] ਸਾਦੇ[36] ਲਗਿ[37] ਰਹੀ ਦੁਖੁ[38] ਪਾਇਆ[39] ਦੂਜੈ[40] ਭਾਇ ॥੩॥ | It remains attached[37] to the relishes[36] of other[34] pleasures[35] and suffers[39] pain[38] through duality[40]. | ਇਹ ਹੋਰਨਾਂ[34] ਸੁਆਦਾਂ[35] ਦੀ ਖੁਸ਼ੀ[36] ਨਾਲ ਜੁੜੀ[37] ਹੋਈ ਹੈ ਅਤੇ ਦਵੈਤ-ਭਾਵ[40] ਦੇ ਰਾਹੀਂ ਤਕਲੀਫ[38] ਉਠਾਉਂਦੀ[39] ਹੈ। |
| ੫੫੯ | | |
| ਸਭਨਾ[41] ਨਦਰਿ[42] ਏਕ ਹੈ[43] ਆਪੇ[44] ਫਰਕੁ[45] ਕਰੇਇ[46] ॥ ਨਾਨਕ ਸਤਿਗੁਰਿ ਮਿਲਿਐ ਫਲੁ[47] ਪਾਇਆ ਨਾਮੁ ਵਡਾਈ[48] ਦੇਇ[49] ॥੪॥੨॥ | The Unique Lord[43] shows mercy[42] unto all[41], but in its degree, He Himself[44] makes[46] a difference[45]. Meeting with the True Guru, the fruit[47] is obtained, and the Guru blesses[49] the mortal with the Name's greatness[48]. | ਅਦੁੱਤੀ ਸਾਹਿਬ[43] ਸਾਰਿਆਂ[31] ਤੇ ਮਿਹਰਬਾਨੀ[42] ਕਰਦਾ ਹੈ। ਇਸ ਦੀ ਮਿਕਦਾਰ ਵਿੱਚ ਉਹ ਆਪ[44] ਹੀ ਫ਼ਰਕ[45] ਪਾਉਂਦਾ[46] ਹੈ। ਸੱਚੇ ਗੁਰਾਂ ਨੂੰ ਮਿਲਣ ਨਾਲ ਮੇਵਾ[47] ਪ੍ਰਾਪਤ ਹੁੰਦਾ ਹੈ ਅਤੇ ਗੁਰੂ ਜੀ ਪ੍ਰਾਣੀ ਨੂੰ ਨਾਮ ਦੀ ਬਜ਼ੁਰਗੀ[48] ਦੀ ਦਾਤ ਬਖਸ਼ਦੇ[49] ਹਨ। |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ। |
| ਮਾਇਆ[50] ਮੋਹੁ[51] ਗੁਬਾਰੁ[52] ਹੈ ਗੁਰ ਬਿਨੁ ਗਿਆਨੁ[53] ਨ ਹੋਈ ॥ | The love[51] of wealth[50] is spiritual darkness[52] and without the Guru, gnosis[53] is attained not. | ਧਨ-ਦੌਲਤ[50] ਦੀ ਮੁਹੱਬਤ[51] ਆਤਮਿਕ ਅੰਨ੍ਹੇਰਾ[52] ਹੈ। ਗੁਰਾਂ ਦੇ ਬਾਝੋਂ ਗਿਆਤ[53] ਪ੍ਰਾਪਤ ਨਹੀਂ ਹੁੰਦੀ। |
| ਸਬਦਿ[54] ਲਗੇ[55] ਤਿਨ[60] ਬੁਝਿਆ[56] ਦੂਜੈ[57] ਪਰਜ[58] ਵਿਗੋਈ[59] ॥੧॥ | They[60], who are attached[55] to the Name[54], understand[56] this but duality[57] has ruined[59] the people[58]. | ਜੋ ਨਾਮ[54] ਨਾਲ ਜੁੜੇ[55] ਹਨ, ਉਹ[60] ਇਸ ਨੂੰ ਸਮਝਦੇ[56] ਹਨ। ਦਵੈਤ-ਭਾਵ[57] ਨੇ ਲੋਕਾਂ[58] ਨੂੰ ਤਬਾਹ[59] ਕਰ ਛੱਡਿਆ ਹੈ। |
| ਮਨ[64] ਮੇਰੇ ਗੁਰਮਤਿ[61] ਕਰਣੀ[62] ਸਾਰੁ[63] ॥ ਸਦਾ[65] ਸਦਾ ਹਰਿ ਪ੍ਰਭੁ[66] ਰਵਹਿ[67] ਤਾ[70] ਪਾਵਹਿ ਮੋਖ[68] ਦੁਆਰੁ[69] ॥੧॥ਰਹਾਉ॥ | O my soul[64], under Guru's instruction[61] do thou the good[63] deeds[62]. If thou ever and ever[65] meditate[67] on the Lord God[66], then[70], shalt thou obtain the door[69] of salvation[68]. Pause. | ਹੇ ਮੇਰੀ ਜਿੰਦੜੀਏ[64]! ਗੁਰਾਂ ਦੇ ਉਪਦੇਸ਼[61] ਤਾਬੇ ਤੂੰ ਸ੍ਰੇਸ਼ਟ[63] ਅਮਲ[62] ਕਮਾ। ਹਮੇਸ਼ਾ[65], ਹਮੇਸ਼ਾ ਹੀ ਜੇਕਰ ਤੂੰ ਸੁਆਮੀ ਵਾਹਿਗੁਰੂ[66] ਦਾ ਸਿਮਰਨ[67] ਕਰੇਂ, ਤਦ[70] ਤੂੰ ਮੁਕਤੀ[68] ਦੇ ਦਰਵਾਜ਼ੇ[69] ਨੂੰ ਪਾ ਲਵੇਂਗੀ। ਠਹਿਰਾਉ। |
| ਗੁਣਾ[71] ਕਾ ਨਿਧਾਨੁ[72] ਏਕੁ[73] | The Lord alone[73] is the treasure[72] | ਕੇਵਲ[73] ਸਾਹਿਬ ਹੀ ਖੂਬੀਆਂ[71] ਦਾ ਖਜ਼ਾਨਾ[72] ਹੈ। |

| | | |
|---|---|---|
| ਹੈ ਆਪੇ[74] ਦੇਇ[75] ਤਾ[76] ਕੋ[77] ਪਾਏ[78] ॥ | of virtues[71] and if He Himself[74] gives[75], then[76] alone can anyone[77] attain[78] them. | ਜੇਕਰ ਉਹ ਆਪ[74] ਦੇਵੇ[75], ਤਦ[76] ਹੀ ਉਨ੍ਹਾਂ ਨੂੰ ਕੋਈ ਜਣਾ[77] ਹਾਸਲ[78] ਕਰ ਸਕਦਾ ਹੈ। |
| ਬਿਨੁ ਨਾਵੈ ਸਭ[79] ਵਿਛੁੜੀ ਗੁਰ ਕੈ ਸਬਦਿ[80] ਮਿਲਾਏ[81] ॥੨॥ | Without the Name all[79] are separated from the Lord. By Guru's instruction[80], one meets[81] the Lord. | ਨਾਮ ਦੇ ਬਾਝੋਂ ਸਾਰੇ[79] ਸਾਂਈਂ ਨਾਲੋਂ ਵਿਛੜੇ ਹੋਏ ਹਨ। ਗੁਰਾਂ ਦੇ ਉਪਦੇਸ਼[80] ਦੁਆਰਾ ਬੰਦਾ ਪ੍ਰਭੂ ਨੂੰ ਮਿਲ ਪੈਂਦਾ[81] ਹੈ। |
| ਮੇਰੀ ਮੇਰੀ[82] ਕਰਦੇ ਘਟਿ[83] ਗਏ ਤਿਨਾ[84] ਹਥਿ ਕਿਹੁ[85] ਨ ਆਇਆ ॥ | By practising ego[82], men have run into loss[38] and nothing has come into their[84] hands[85]. | ਹੰਕਾਰ[82] ਕਰਨ ਦੁਆਰਾ, ਬੰਦੇ ਨੁਕਸਾਨ[83] ਉਠਾ ਗਏ ਹਨ ਅਤੇ ਉਨ੍ਹਾਂ ਦੇ[84] ਹੱਥ-ਪੱਲੇ[85] ਕੁਝ ਨਹੀਂ ਪਿਆ। |
| ਸਤਗੁਰਿ ਮਿਲਿਐ ਸਚਿ ਮਿਲੇ ਸਚਿ ਨਾਮਿ ਸਮਾਇਆ[86] ॥੩॥ | Meeting the True Guru, man obtains Truth and is merged[86] in the True Name. | ਸੱਚੇ ਗੁਰਾਂ ਨੂੰ ਮਿਲ ਕੇ ਇਨਸਾਨ ਸੱਚ ਨੂੰ ਪਾ ਲੈਂਦਾ ਹੈ ਅਤੇ ਸੱਚੇ ਨਾਮ ਅੰਦਰ ਲੀਨ[86] ਹੋ ਜਾਂਦਾ ਹੈ। |
| ਆਸਾ[87] ਮਨਸਾ[88] ਏਹੁ ਸਰੀਰੁ[89] ਹੈ ਅੰਤਰਿ[90] ਜੋਤਿ[91] ਜਗਾਏ[92] ॥ | Hope[87] and desire[88] abide in this body[89] and the Lord's light[91], too, burns[92] therein[90]. | ਉਮੇਦ[87] ਤੇ ਖ਼ਾਹਿਸ਼[88] ਇਸ ਦੇਹ[89] ਅੰਦਰ ਵਸਦੇ ਹਨ ਅਤੇ ਪ੍ਰਭੂ ਦਾ ਪ੍ਰਕਾਸ਼[91] ਭੀ ਉਸ ਅੰਦਰ[90] ਜਗਦਾ[92] ਹੈ। |
| ਨਾਨਕ ਮਨਮੁਖਿ[93] ਬੰਧੁ ਹੈ[94] ਗੁਰਮੁਖਿ[95] ਮੁਕਤਿ[96] ਕਰਾਏ ॥੪॥੩॥ | Nanak, the self-wards[93] remain in bondage[94] and the Guru-wards[95] the Lord emancipates[96]. | ਨਾਨਕ, ਆਪ-ਹੁਦਰੇ[93] ਕੈਦ[94] ਵਿੱਚ ਰਹਿੰਦੇ ਹਨ ਅਤੇ ਗੁਰੂ-ਸਮਰਪਣਾਂ[95] ਨੂੰ ਪ੍ਰਭੂ ਬੰਦ-ਖ਼ਲਾਸ[96] ਕਰ ਦਿੰਦਾ ਹੈ। |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ। |
| ਸੋਹਾਗਣੀ[97] ਸਦਾ ਮੁਖੁ[98] ਉਜਲਾ[99] ਗੁਰ ਕੈ ਸਹਜਿ ਸੁਭਾਇ[100] ॥ | Ever bright[99] is the face[98] of the happy brides[97], who through the Guru, remain sober-minded[100]. | ਹਮੇਸ਼ਾ ਨੂਰਾਨੀ[99] ਹੈ ਚਿਹਰਾ[98] ਸੁਹਾਗਣੀਆਂ[97] ਦਾ ਜੋ ਗੁਰਾਂ ਦੇ ਰਾਹੀਂ, ਸੀਤਲ ਸੁਭਾਵ ਵਾਲੀਆਂ[100] ਹੁੰਦੀਆਂ ਹਨ। |
| ਸਦਾ[4] ਪਿਰੁ[2] ਰਾਵਹਿ ਆਪਣਾ ਵਿਚਹੁ[5] ਆਪੁ[6] ਗਵਾਇ[7] ॥੧॥ | Eradicating[7] their ego[6] from within[5], they ever[4] enjoy[3] her Beloved[2]. | ਉਹ ਹੰਕਾਰ[6] ਨੂੰ ਆਪਣੇ ਅੰਦਰੋਂ[5] ਦੂਰ[7] ਕਰ ਕੇ, ਹਮੇਸ਼ਾ[4] ਆਪਣੇ ਪ੍ਰੀਤਮ[2] ਨੂੰ ਮਾਣਦੀਆਂ[3] ਹਨ। |
| ਮੇਰੇ ਮਨ ਤੂ ਹਰਿ ਹਰਿ[8] ਨਾਮੁ ਧਿਆਇ[9] ॥ | O my mind, meditate[9] thou on the Lord God's[8] Name. | ਹੇ ਮੇਰੇ ਮਨੂਏ! ਤੂੰ ਵਾਹਿਗੁਰੂ ਸੁਆਮੀ[8] ਦੇ ਨਾਮ ਦਾ ਸਿਮਰਨ[9] ਕਰ। |
| ਸਤਗੁਰਿ ਮੋ ਕਉ[10] ਹਰਿ ਦੀਆ ਬੁਝਾਇ[12] ॥੧॥ ਰਹਾਉ॥ | The True Guru has made me[10] realise[12] the Lord. Pause. | ਸੱਚੇ ਗੁਰਾਂ ਨੇ ਮੈਨੂੰ[10] ਪ੍ਰਭੂ ਅਨੁਭਵ[12] ਕਰਾ ਦਿੱਤਾ ਹੈ। ਠਹਿਰਾਉ। |
| ਦੋਹਾਗਣੀ[13] ਖਰੀਆ[14] ਬਿਲਲਾਦੀਆ[15] ਤਿਨਾ[16] ਮਹਲੁ[17] ਨ ਪਾਇ[18] ॥ | The deserted[13] wives bewail[15] profusely[14] as they[16] attain[18] not their Lord[17]. | ਛੁੱਟੜਾਂ[13] ਘਣਾ[14] ਵਿਰਲਾਪ[15] ਕਰਦੀਆਂ ਹਨ। ਉਹ[16] ਆਪਣੇ ਸੁਆਮੀ ਦੀ ਹਜ਼ੂਰੀ[17] ਨੂੰ ਪਰਾਪਤ[18] ਨਹੀਂ ਕਰਦੀਆਂ। |
| ਦੂਜੈ[19] ਭਾਇ[20] ਕਰੂਪੀ[21] | Owing to another's[19] love[20], they | ਹੋਰਸ ਦੀ[19] ਪ੍ਰੀਤ[20] ਦੇ ਕਾਰਨ, ਉਹ ਕੋਝੀਆਂ[21] |

| | | |
|---|---|---|
| ਦੂਖੁ ਪਾਵਹਿ ਆਗੈ[22] ਜਾਇ[23] ॥੨॥ | look ugly[21] and going[23] to the world beyond[24], they suffer pain. | ਦਿਸਦੀਆਂ ਹਨ ਅਤੇ ਪ੍ਰਲੋਕ[22] ਵਿੱਚ ਜਾ ਕੇ[23] ਉਹ ਦੁੱਖ ਉਠਾਉਂਦੀਆਂ ਹਨ । |
| ਗੁਣਵੰਤੀ[24] ਨਿਤ[25] ਗੁਣ[26] ਰਵੈ[27] ਹਿਰਦੈ[28] ਨਾਮੁ ਵਸਾਇ[29] ॥ | The virtuous one[24] ever[25] utters[27] Lord's praise[26], and in her mind[28] enshrines[29] the Lord's Name. | ਨੇਕੀ-ਨਿਪੁੰਨ ਪਤਨੀ[24] ਸਦਾ[25] ਸਾਂਈਂ ਦਾ ਜੱਸ[26] ਉਚਾਰਨ[27] ਕਰਦੀ ਹੈ ਤੇ ਆਪਣੇ ਮਨ[28] ਅੰਦਰ ਸਾਂਈਂ ਦੇ ਨਾਮ ਨੂੰ ਟਿਕਾਉਂਦੀ[29] ਹੈ । |
| ਅਉਗਣਵੰਤੀ[30] ਕਾਮਣੀ[31] ਦੁਖੁ ਲਾਗੈ ਬਿਲਲਾਇ[32] ॥ ੩॥ | The unrighteous[30] woman[31] suffers pain and bewails[32]. | ਪਾਪ ਭਰੀ[30] ਪਤਨੀ[31] ਕਸ਼ਟ ਝੱਲਦੀ ਹੈ ਅਤੇ ਵਿਰਲਾਪ ਕਰਦੀ[32] ਹੈ । |
| ਸਭਨਾ ਕਾ ਭਤਾਰੁ[33] ਏਕੁ ਹੈ ਸੁਆਮੀ ਕਹਣਾ[34] ਕਿਛੂ ਨ ਜਾਇ ॥ | The One Lord is the Spouse[33] of all. His praise is beyond expression[34]. | ਇੱਕ ਸਾਹਿਬ ਹੀ ਸਾਰਿਆਂ ਦਾ ਕੰਤ[33] ਹੈ । ਉਸ ਦੀ ਕੀਰਤੀ ਵਰਨਣ[34] ਨਹੀਂ ਕੀਤੀ ਜਾ ਸਕਦੀ । |
| ਨਾਨਕ ਆਪੇ[35] ਵੇਕ[36] ਕੀਤਿਅਨੁ ਨਾਮੇ ਲਇਅਨੁ ਲਾਇ[37] ॥੪॥੪॥ | Nanak, the Lord has separated[36] some from Himself[35], and some He has attached[37] with His Name. | ਨਾਨਕ ਕਈਆਂ ਨੂੰ ਸੁਆਮੀ ਨੇ ਆਪਣੇ[35] ਨਾਲੋਂ ਵੱਖ ਕਰ ਛੱਡਿਆ[36] ਹੈ ਅਤੇ ਕਈਆਂ ਨੂੰ ਉਸ ਨੇ ਆਪਣੇ ਨਾਮ ਨਾਲ ਜੋੜ ਦਿੱਤਾ[37] ਹੈ । |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ । |
| ਅੰਮ੍ਰਿਤ[41] ਨਾਮੁ ਸਦ ਮੀਠਾ[40] ਲਾਗਾ ਗੁਰ ਸਬਦੀ[39] ਸਾਦੁ ਆਇਆ ॥ | The Name Nectar[41] is ever[38] sweet unto me and by Guru's instruction[39] I have enjoyed its relish[40]. | ਅੰਮ੍ਰਿਤ[41] ਨਾਮ ਮੈਨੂੰ ਹਮੇਸ਼ਾ[38] ਮਿੱਠਾ ਲਗਦਾ ਹੈ । ਗੁਰਾਂ ਦੇ ਉਪਦੇਸ਼[39] ਦੁਆਰਾ ਮੈਂ ਇਸ ਦਾ ਸੁਆਦ[40] ਮਾਣਿਆ ਹੈ । |
| ਸਚੀ ਬਾਨੀ ਸਹਜਿ[42] ਸਮਾਣੀ[43] ਹਰਿ ਜੀਉ[44] ਮਨਿ ਵਸਾਇਆ[45] ॥੧॥ | Through the True hymns of the Guru, man is merged[43] into equipoise[42] and the reverend[44] Lord is enshrined[45] in the mind. | ਸੱਚੀ ਗੁਰਬਾਣੀ ਦੇ ਰਾਹੀਂ ਇਨਸਾਨ ਅਡੋਲਤਾ[42] ਵਿੱਚ ਲੀਨ[43] ਹੋ ਜਾਂਦਾ ਹੈ ਅਤੇ ਮਾਣਨੀਜ[44] ਮਾਲਕ ਉਸ ਦੇ ਹਿਰਦੇ ਅੰਦਰ ਟਿੱਕ ਜਾਂਦਾ[45] ਹੈ । |
| ਹਰਿ ਕਰਿ[46] ਕਿਰਪਾ[47] ਸਤਗੁਰੂ ਮਿਲਾਇਆ ॥ | Showing[46] His mercy[47], God has made me meet the True Guru. | ਆਪਣੀ ਮਿਹਰ[87] ਧਾਰ ਕੇ[46] ਵਾਹਿਗੁਰੂ ਨੇ ਮੈਨੂੰ ਸੱਚੇ ਗੁਰਾਂ ਨਾਲ ਮਿਲਾ ਦਿੱਤਾ ਹੈ । |
| ਪੂਰੈ[48] ਸਤਗੁਰਿ ਹਰਿ ਨਾਮੁ ਧਿਆਇਆ[49] ॥੧॥ਰਹਾਉ॥ | Through the Perfect[48] Satguru I have contemplated[49] over the God's Name. Pause. | ਪੂਰਨ[48] ਸਤਿਗੁਰਾਂ ਦੇ ਰਾਹੀਂ ਮੈਂ ਵਾਹਿਗੁਰੂ ਦੇ ਨਾਮ ਦਾ ਸਿਮਰਨ ਕੀਤਾ[49] ਹੈ । |
| ਬ੍ਰਹਮੈ ਬੇਦ ਬਾਣੀ[50] ਪਰਗਾਸੀ[51] ਮਾਇਆ[52] ਮੋਹ[53] ਪਸਾਰਾ[54] ॥ | Through Brahma, the hymns[60] of the Vedas were revealed[51], however, he extended[54] the love[53] of mammon[52]. | ਬ੍ਰਹਮੇ ਦੇ ਰਾਹੀਂ ਵੇਦਾਂ ਦੇ ਮੰਤ੍ਰ[50] ਪ੍ਰਗਟ ਹੋਏ[51] । ਉਸ ਨੇ ਦੁਨਿਆਵੀ ਪਦਾਰਥਾਂ[52] ਦੀ ਲਗਨ[53] ਵਧੇਰੇ ਖਿਲਾਰ ਦਿੱਤੀ[54] । |
| ਮਹਾਦੇਉ[55] ਗਿਆਨੀ[56] ਵਰਤੈ[57] ਘਰਿ ਆਪਣੈ[58] ਤਾਮਸੁ[59] ਬਹੁਤੁ[60] ਅਹੰਕਾਰਾ[61] ॥੨॥ | The seer[56] Shiva[55] remains absorbed[57] in himself[58] and he is engrossed in excessive[60] wrath[59] and pride[61]. | ਗਿਆਨਵਾਨ[56] ਸ਼ਿਵਜੀ[55] ਆਪਣੇ ਆਪ[58] ਵਿੱਚ ਲੀਨ ਰਹਿੰਦਾ[57] ਹੈ । ਉਹ ਵੱਡੇ[60] ਗੁੱਸੇ[59] ਅਤੇ ਹੰਕਾਰ[61] ਅੰਦਰ ਖੱਚਤ ਹੈ । |
| ਕਿਸਨੁ[62] ਸਦਾ[63] ਅਵਤਾਰੀ[64] | Vishnu[62] is ever[63] busy[65] in | ਵਿਸ਼ਨੂੰ[62] ਹਮੇਸ਼ਾ[63] ਅਉਤਾਰ[64] ਹੋ ਉਤਰਨ ਵਿੱਚ |

| | | |
|---|---|---|
| ਰੂਧਾ[65] ਕਿਤੁ[67] ਲਗਿ[66] ਤਰੈ[68] ਸੰਸਾਰਾ[69] ॥ | reincarnating[64] himself. So, by whose[67] association[66] is the world[69] to be emancipated[68] ? | ਰੁੱਝਿਆ[65] ਰਹਿੰਦਾ ਹੈ । ਜਗਤ[69] ਦਾ ਪਾਰ ਉਤਾਰਾ[68] ਕਿਸ ਦੀ[67] ਸੰਗਤ[66] ਨਾਲ ਹੋਵੇ ? |
| ਗੁਰਮੁਖਿ[70] ਗਿਆਨਿ[71] ਰਤੇ[72] ਜੁਗ[73] ਅੰਤਰਿ[74] ਚੂਕੈ[75] ਮੋਹ[76] ਗੁਬਾਰਾ[77] ॥੩॥ | The Guru-wards[70] are imbued[72] with gnosis[71] in[74] this age[73] and they are rid of[75] the darkness[77] of worldly love[76]. | ਇਸ ਜੁੱਗ[73] ਅੰਦਰ[74] ਗੁਰੂ-ਅਨੁਸਾਰੀ[70] ਬ੍ਰਹਿਮ ਵੀਚਾਰ[71] ਨਾਲ ਰੰਗੇ ਹੋਏ[72] ਹਨ ਅਤੇ ਉਹ ਸੰਸਾਰੀ ਮਮਤਾ[76] ਦੇ ਅਨ੍ਹੇਰੇ[77] ਤੋਂ ਖਲਾਸੀ[75] ਪਾ ਜਾਂਦੇ ਹਨ । |
| ਸਤਗੁਰ ਸੇਵਾ[78] ਤੇ ਨਿਸਤਾਰਾ[79] ਗੁਰਮੁਖਿ[80] ਤਰੈ[81] ਸੰਸਾਰਾ[82] ॥ | By the True Guru's service[78], emancipation[79] is attained, and through the Guru[80], the mortal crosses[81] the world[82] ocean. | ਸੱਚੇ ਗੁਰਾਂ ਦੀ ਚਾਕਰੀ[78] ਦੁਆਰਾ ਮੁਕਤੀ[79] ਪ੍ਰਾਪਤ ਹੋ ਜਾਂਦੀ ਹੈ ਅਤੇ ਗੁਰਾਂ ਦੇ ਰਾਹੀਂ[80], ਪ੍ਰਾਣੀ ਸੰਸਾਰ[82] ਸਮੁੰਦਰ ਤੋਂ ਪਾਰ ਹੋ ਜਾਂਦਾ[81] ਹੈ । |
| ਸਾਚੈ[83]ਨਾਇ ਰਤੇ[84]ਬੈਰਾਗੀ[85] ਪਾਇਨਿ[88] ਮੋਖ[86]ਦੁਆਰਾ[87]॥੪॥ | The world-renouncers[85] are imbued[84] with the True Name[83]and they attain[88] the door[87] of salvation[86]. | ਸੰਸਾਰ-ਤਿਆਗੀ[85] ਸੱਚੇ ਨਾਮ[83] ਨਾਲ ਰੰਗੇ ਹੋਏ[84] ਹਨ, ਉਹ ਮੁਕਤੀ[86] ਦੇ ਦਰਵਾਜ਼ੇ[87] ਨੂੰ ਪਾ ਲੈਂਦੇ[88] ਹਨ । |
| ਏਕੋ[89] ਸਚੁ ਵਰਤੈ[91] ਸਭ ਅੰਤਰਿ[94] ਸਭਨਾ[92] ਕਰੇ ਪ੍ਰਤਿਪਾਲਾ[93] ॥ | The unique[89] True Lord[90] is contained[91] within[94] all and He cherishes[93] everyone[92] | ਅਦੁੱਤੀ[89] ਸੱਚਾ ਸੁਆਮੀ[90] ਸਾਰਿਆਂ ਅੰਦਰ[94] ਵਿਆਪਕ ਹੋ ਰਿਹਾ[91] ਹੈ, ਅਤੇ ਉਹ ਹਰ ਇਕਸ[92] ਦੀ ਪਾਲਣਾ-ਪੋਸਣਾ[93] ਕਰਦਾ ਹੈ । |
| ਨਾਨਕ ਇਕਸੁ[95] ਬਿਨੁ[96] ਮੈ ਅਵਰੁ[97] ਨ ਜਾਣਾ ਸਭਨਾ[98] ਦੀਵਾਨੁ[99] ਦਇਆਲਾ[100] ॥ ॥੫॥੫॥ | Nanak, without[96] the one God[95], I know not another[97]. He is the merciful[100] Master[99] of all[98]. | ਨਾਨਕ, ਇੱਕ ਵਾਹਿਗੁਰੂ[95] ਦੇ ਬਾਝੋਂ[96] ਮੈਂ ਹੋਰ ਕਿਸੇ[97] ਨੂੰ ਨਹੀਂ ਜਾਣਦਾ । ਉਹ ਸਮੂਹ[98] ਮਿਹਰਬਾਨ[100] ਮਾਲਕ[99] ਹੈ । |
| ੫੬੦ | | |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ । |
| ਗੁਰਮੁਖਿ[2] ਸਚੁ ਸੰਜਮੁ[3] ਤਤੁ[4] ਗਿਆਨੁ[5] ॥ | Through the Guru[2], one acquires truth, self-discipline[3] and the real[4] divine knowledge[5]. | ਗੁਰਾਂ ਦੇ ਰਾਹੀਂ[2], ਇਨਸਾਨ ਸੱਚ, ਸਵੈ-ਰੋਕਥਾਮ[3] ਅਤੇ ਯਥਾਰਥ[4] ਬ੍ਰਹਿਮ ਵੀਚਾਰ[5] ਪ੍ਰਾਪਤ ਕਰ ਲੈਂਦਾ ਹੈ । |
| ਗੁਰਮੁਖਿ ਸਾਚੇ[6] ਲਗੈ[7] ਧਿਆਨੁ[8] ॥੧॥ | Through the Guru, man's attention[8] is fixed[7] on the True One[6]. | ਗੁਰਾਂ ਦੇ ਰਾਹੀਂ, ਆਦਮੀ ਦੀ ਬਿਰਤੀ[8] ਸਤਿਪੁਰਖ[6]ਨਾਲ ਜੁੜ ਜਾਂਦੀ[7] ਹੈ । |
| ਗੁਰਮੁਖਿ ਮਨ[9] ਮੇਰੇ ਨਾਮੁ ਸਮਾਲਿ[10] ॥ | Through the Guru, O my soul[9], remember[10] thou the Name. | ਗੁਰਾਂ ਦੇ ਰਾਹੀਂ, ਹੇ ਮੇਰੀ ਜਿੰਦੜੀਏ[9] ! ਤੂੰ ਨਾਮ ਦਾ ਆਰਾਧਨ[10] ਕਰ । |
| ਸਦਾ[12] ਨਿਬਹੈ[13] ਚਲੈ[14] ਤੇਰੈ ਨਾਲਿ[15] ॥ਰਹਾਉ॥ | I shall ever[12] stand by[13] Thee and shall go[14] with[15] thee hereafter. Pause. | ਇਹ ਸਦੀਵ[12] ਹੀ ਤੇਰਾ ਪੱਖ ਪੂਰੇਗਾ[13] ਅਤੇ ਅੱਗੇ ਨੂੰ ਤੇਰੇ ਨਾਲ[15] ਜਾਵੇਗਾ[14] । ਠਹਿਰਾਉ । |
| ਗੁਰਮੁਖਿ[16] ਜਾਤਿ[17] ਪਤਿ[18] ਸਚੁ[19] ਸੋਇ[20] ॥ | He[20], the True Lord[19], is the caste[17] and honour[18] of the Guru wards[16]. | ਉਹ[20] ਸੱਚਾ ਸੁਆਮੀ[19] ਹੀ ਗੁਰੂ-ਪਿਆਰਿਆਂ[16] ਦੀ ਜ਼ਾਤ-ਗੋਤ[17] ਤੇ ਇੱਜ਼ਤ-ਆਬਰੂ[18] ਹੈ । |

| | | |
|---|---|---|
| ਗੁਰਮੁਖਿ ਅੰਤਰਿ[21] ਸਖਾਈ[22] ਪ੍ਰਭੁ ਹੋਇ ॥੨॥ | Within the mind[21] of the Guru-wards, abides that Master, the Succourer[22]. | ਗੁਰੂ–ਪਿਆਰਿਆਂ ਦੇ ਮਨ[21] ਅੰਦਰ ਉਹ ਮਦਦਗਾਰ[22] ਮਾਲਕ ਵਸਦਾ ਹੈ। |
| ਗੁਰਮੁਖਿ[26] ਜਿਸ ਨੋ ਆਪਿ ਕਰੇ[23] ਸੋ[24] ਹੋਇ[25] ॥ | He[24] alone turns[26] Guru-ward whom the Lord, Himself so blesseth[23]. | ਕੇਵਲ ਓਹੀ[24] ਗੁਰੂ ਦਾ ਸੱਚਾ[26] ਸਿੱਖ ਬਣਦਾ[25] ਹੈ, ਜਿਸ ਨੂੰ ਸੁਆਮੀ ਖ਼ੁਦ ਬਣਾਉਂਦਾ[23] ਹੈ। |
| ਗੁਰਮੁਖਿ[29] ਆਪਿ[27] ਵਡਾਈ[28]ਦੇਵੈ[30]ਸੋਇ[31] ॥੩॥ | To the Guru wards[29], He[31] Himself[27] grants[30] greatness[28]. | ਸਾਧੂ[29] ਨੂੰ ਉਹ[31] ਖ਼ੁਦ[27] ਬਜ਼ੁਰਗੀ[28] ਬਖ਼ਸ਼ਦਾ[30] ਹੈ। |
| ਗੁਰਮੁਖਿ ਸਬਦੁ[32] ਸਚੁ ਕਰਣੀ[33] ਸਾਰੁ[34] ॥ | The Guru-ward practiseth the True Name[32] and the sublime[34] deeds[33]. | ਸਾਧੂ[29] ਸੱਚੇ ਨਾਮ[32] ਅਤੇ ਸ੍ਰੇਸ਼ਟ[34] ਅਮਲਾਂ[33] ਦੀ ਕਾਰ ਕਮਾਉਂਦਾ ਹੈ। |
| ਗੁਰਮੁਖਿ ਨਾਨਕ ਪਰਵਾਰੈ[35] ਸਾਧਾਰੁ[36] ॥੪॥੬॥ | The Guru-ward, O Nanak, emancipates[36] his kinsmen[36], too. | ਗੁਰੂ–ਸਮਰਪਣ, ਹੇ ਨਾਨਕ! ਆਪਣੇ ਟੱਬਰ–ਕਬੀਲੇ[35] ਦਾ ਵੀ ਪਾਰ ਉਤਾਰਾ ਕਰ ਦਿੰਦਾ[36] ਹੈ। |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ। |
| ਰਸਨਾ[37] ਹਰਿ ਸਾਦਿ[38] ਲਗੀ[39] ਸਹਜਿ ਸੁਭਾਇ[40] ॥ | My tongue[37] is spontaneously[40] attached[39] to God's relish[38]. | ਮੇਰੀ ਜੀਭਾ[37] ਸੁਭਾਵਕ[40] ਹੀ ਰੱਬੀ ਸੁਆਦ[38] ਨਾਲ ਜੁੜ ਗਈ[39] ਹੈ। |
| ਮਨੁ[41] ਤ੍ਰਿਪਤਿਆ[42] ਹਰਿ ਨਾਮੁ ਧਿਆਇ[43] ॥੧॥ | My soul[41] is satiated[42] by meditating[43] on the God's Name. | ਮੇਰੀ ਆਤਮਾ[41] ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਦੁਆਰਾ[43] ਰੱਜ ਗਈ[42] ਹੈ। |
| ਸਦਾ[44] ਸੁਖੁ ਸਾਚੈ ਸਬਦਿ[45] ਵੀਚਾਰੀ[46] ॥ | Eternal[44] peace is obtained by remembering[46] the True Name[45]. | ਸੱਚੇ ਨਾਮ[45] ਨੂੰ ਯਾਦ ਕਰਨ ਦੁਆਰਾ[46] ਸਦੀਵ[44] ਆਰਾਮ ਪ੍ਰਾਪਤ ਹੁੰਦਾ ਹੈ। |
| ਆਪਣੇ ਸਤਗੁਰ ਵਿਟਹੁ[47] ਸਦਾ[49] ਬਲਿਹਾਰੀ[48] ॥੧॥ ਰਹਾਉ॥ | Unto[47] my True Guru, I am ever[49] a sacrifice[48]. Pause. | ਆਪਣੇ ਸੱਚੇ ਗੁਰਾਂ ਉੱਤੋਂ[47] ਮੈਂ ਹਮੇਸ਼ਾ[49] ਹੀ ਕੁਰਬਾਨ[48] ਜਾਂਦਾ ਹਾਂ। ਠਹਿਰਾਉ। |
| ਅਖੀ[50] ਸੰਤੋਖੀਆ[51] ਏਕ[54] ਲਿਵ[52] ਲਾਇ[53] ॥ | Embracing[53] love[52] for the One Lord[54], mine eyes[50] are content[51]. | ਇੱਕ ਪ੍ਰਭੂ[54] ਨਾਲ ਪ੍ਰੀਤ[52] ਪਾ ਕੇ[53], ਮੇਰੇ ਨੇਤ੍ਰ[50] ਸੰਤੁਸ਼ਟ[51] ਹੋ ਗਏ ਹਨ। |
| ਮਨੁ ਸੰਤੋਖਿਆ ਦੂਜਾ[55] ਭਾਉ[56] ਗਵਾਇ[57] ॥੨॥ | My soul is propitiated by forsaking[57] the love[56] of another[55]. | ਹੋਰਸ[55] ਦੇ ਪਿਆਰ[56] ਨੂੰ ਤਿਆਗ ਕੇ[57], ਮੇਰੇ ਮਨ ਅੰਦਰ ਸਬਰ ਸੰਤੋਖ ਆ ਵਸਿਆ ਹੈ। |
| ਦੇਹ[58] ਸਰੀਰਿ[59] ਸੁਖੁ[60] ਹੋਵੈ ਸਬਦਿ[61] ਹਰਿ ਨਾਇ[62] ॥ | In the body[58] frame[59] prevails the peace[60] by pondering over the Lord[61] God's Name[62]. | ਸੁਆਮੀ[61] ਵਾਹਿਗੁਰੂ ਦੇ ਨਾਮ[62] ਦਾ ਆਰਾਧਨ ਕਰਨ ਦੁਆਰਾ ਜਿਸਮ[58] ਦੇ ਢਾਂਚੇ[59] ਅੰਦਰ ਠੰਢ–ਚੈਨ[60] ਵਰਤ ਜਾਂਦੀ ਹੈ। |
| ਨਾਮ ਪਰਮਲੁ[62] ਹਿਰਦੈ[64] ਰਹਿਆ ਸਮਾਇ[65] ॥੩॥ | The Name's fragrance[63] abides[65] within my mind[64]. | ਨਾਮ ਦੀ ਸੁਗੰਧਤਾ[63] ਮੇਰੇ ਮਨ[64] ਅੰਦਰ ਰਮੀ ਹੋਈ[65] ਹੈ। |
| ਨਾਨਕ ਮਸਤਕਿ[66] ਜਿਸੁ [67]ਵਡਭਾਗੁ[68] ॥ ਗੁਰ ਕੀ | Nanak, he on whose brow[66] is writ the great[67] destiny[68], through Guru's | ਨਾਨਕ ਜਿਸ ਦੇ ਮੱਥੇ[66] ਤੇ ਚੰਗੇ[67] ਨਸੀਬ[68] ਲਿਖੇ ਹੋਏ ਹਨ, ਉਹ ਗੁਰਬਾਣੀ ਰਾਹੀਂ ਕੁਦਰਤੀ ਤੌਰ ਤੇ[69] ਇੱਛਾ– |

| | | |
|---|---|---|
| ਬਾਣੀ ਸਹਜ[69] ਬੈਰਾਗੁ[70] ॥੪॥੭॥ | hymns, he naturally[69] becomes desireless[70]. | ਰਹਿਤ[70] ਹੋ ਜਾਂਦਾ ਹੈ। |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ। |
| ਪੂਰੇ[71] ਗੁਰ ਤੇ[72] ਨਾਮੁ ਪਾਇਆ[73] ਜਾਇ ॥ | From[72] the perfect[71] Guru alone, the Name is obtained[73]. | ਪੂਰਨ[71] ਗੁਰਾਂ ਪਾਸੋਂ[72] ਹੀ ਨਾਮ ਪ੍ਰਾਪਤ ਹੁੰਦਾ[73] ਹੈ। |
| ਸਚੈ ਸਬਦਿ[74] ਸਚਿ[75] ਸਮਾਇ[76] ॥੧॥ | Through the True Name[74] one merges[76] in the True Lord[75]. | ਸੱਚੇ ਨਾਮ[74] ਦੇ ਰਾਹੀਂ ਬੰਦਾ ਸੱਚੇ ਸੁਆਮੀ[75] ਵਿੱਚ ਲੀਨ ਹੋ ਜਾਂਦਾ[76] ਹੈ। |
| ਏ[77] ਮਨ ਨਾਮੁ ਨਿਧਾਨੁ[78] ਤੂ ਪਾਇ ॥ ਆਪਣੇ ਗੁਰ ਕੀ ਮੰਨਿ[79] ਲੈ ਰਜਾਇ[80] ॥੧॥ਰਹਾਉ॥ | O[77] my soul, submit[72] to the will[80] of thy Guru and obtain, thou, the Name treasure[78]. Pause. | ਹੇ[77] ਮੇਰੀ ਜਿੰਦੜੀਏ! ਤੂੰ ਆਪਣੇ ਗੁਰਾਂ ਦੇ ਭਾਣੇ[80] ਨੂੰ ਕਬੂਲ ਕਰ[79] ਅਤੇ ਨਾਮ ਦੇ ਖ਼ਜ਼ਾਨੇ[78] ਨੂੰ ਪ੍ਰਾਪਤ ਕਰ। ਠਹਿਰਾਉ। |
| ਗੁਰ ਕੈ ਸਬਦਿ[81] ਵਿਚਹੁ[82] ਮੈਲੁ[88] ਗਵਾਇ[84] ॥ ਨਿਰਮਲੁ[85] ਨਾਮੁ ਵਸੈ[86] ਮਨਿ ਆਇ ॥੨॥ | By Guru's words[81] the filth[83] from within[82] is washed off, and the immaculate[85] Name comes to abide[86] in man's mind. | ਗੁਰਾਂ ਦੇ ਉਪਦੇਸ਼[81] ਦੁਆਰਾ ਅੰਦਰੋਂ[82] ਗੰਦਗੀ[83] ਧੋਤੀ[84] ਜਾਂਦੀ ਹੈ ਅਤੇ ਪਵਿੱਤਰ[85] ਨਾਮ ਆ ਕੇ ਬੰਦੇ ਦੇ ਚਿੱਤ ਵਿੱਚ ਟਿਕ ਜਾਂਦਾ[86] ਹੈ। |
| ਭਰਮੇ[87] ਭੂਲਾ[88] ਫਿਰੈ[89] ਸੰਸਾਰੁ[90] ॥ | Beguiled[88] by doubt[87] the world[90] wanders about[89]. | ਸੰਦੇਹ[87] ਦੀ ਬਹਿਕਾਈ[88] ਹੋਈ ਦੁਨੀਆਂ[90] ਭਟਕਦੀ ਫਿਰਦੀ[89] ਹੈ। |
| ਮਰਿ ਜਨਮੈ[91] ਜਮੁ[92] ਕਰੇ ਖੁਆਰੁ[93] ॥੩॥ | It suffers transmigration[91] and death's courier[92] ruins[93] it. | ਇਹ ਆਵਾਗਉਣ[91] ਵਿੱਚ ਪੈਂਦੀ ਹੈ ਤੇ ਮੌਤ ਦਾ ਦੂਤ[92] ਇਸ ਨੂੰ ਤਬਾਹ ਕਰ ਦਿੰਦਾ[93] ਹੈ। |
| ਨਾਨਕ ਸੇ[94] [95]ਵਡਭਾਗੀ[96] ਜਿਨਿ ਹਰਿ ਨਾਮੁ ਧਿਆਇਆ[97] ॥ ਗੁਰ ਪਰਸਾਦੀ[98] ਮੰਨਿ[100] ਵਸਾਇਆ[99] ॥੪॥੮॥ | Nanak, very[95] fortunate[96] are they[94] who dwell[97] on the Lord's Name and, by the Guru's grace[98], enshrine[99] the Name in their mind[100]. | ਨਾਨਕ, ਭਾਰੇ[95] ਨਸੀਬਾਂ[96]ਵਾਲੇ ਹਨ, ਉਹ[95] ਜੋ ਸੁਆਮੀ ਦੇ ਨਾਮ ਦਾ ਸਿਮਰਨ[97] ਕਰਦੇ ਹਨ ਅਤੇ ਗੁਰਾਂ ਦੀ ਦਇਆ[98] ਦੁਆਰਾ ਪ੍ਰਭੂ ਦੇ ਨਾਮ ਨੂੰ ਆਪਣੇ ਹਿਰਦੇ[100] ਅੰਦਰ ਟਿਕਾਉਂਦੇ[99] ਹਨ। |
| ਵਡਹੰਸੁ ਮਹਲਾ ੩ ॥ | Wadhans 3rd Guru | ਵਡਹੰਸ ਤੀਜੀ ਪਾਤਿਸ਼ਾਹੀ। |
| ਹਉਮੈ[2] ਨਾਵੈ[3] ਨਾਲਿ[4] ਵਿਰੋਧੁ[5] ਹੈ ਦੁਇ[6] ਨ ਵਸਹਿ[7] ਇਕ ਠਾਇ[8] ॥ | Ego[2] is at variance[5] with[4] the Name[3]: the two[6] dwell[7] not in one place[8]. | ਹੰਕਾਰ[2] ਦੀ ਨਾਮ[3] ਨਾਲ[4] ਖਟਪਟੀ[5] ਹੈ। ਦੋਨੋਂ[6] ਇਕ ਜਗ੍ਹਾ[8] ਤੇ ਨਹੀਂ ਠਹਿਰਦੇ[7]। |
| ਹਉਮੈ ਵਿਚਿ ਸੇਵਾ[9] ਨ ਹੋਵਈ ਤਾ[10] ਮਨੁ[12] ਬਿਰਥਾ[13] ਜਾਇ[14] ॥੧॥ | In ego, service[9] cannot be performed, so[10] the soul[12] goes[14] empty-handed[13]. | ਹੰਗਤਾ ਅੰਦਰ ਟਹਿਲ-ਸੇਵਾ[9] ਕਮਾਈ ਨਹੀਂ ਜਾ ਸਕਦੀ, ਇਸ ਲਈ[10] ਆਤਮਾ[12] ਖ਼ਾਲੀ ਹੱਥੀਂ[13] ਜਾਂਦੀ[14] ਹੈ। |
| ਹਰਿ ਚੇਤਿ[15] ਮਨ ਮੇਰੇ ਤੂ ਗੁਰ ਕਾ ਸਬਦੁ[16] ਕਮਾਇ[17] ॥ | O my soul, meditate[13] thou on God and practise[17] thou the Guru's word[16]. | ਹੇ ਮੇਰੀ ਜਿੰਦੜੀਏ! ਤੂੰ ਵਾਹਿਗੁਰੂ ਦਾ ਚਿੰਤਨ[15] ਕਰ ਅਤੇ ਗੁਰਾਂ ਦੀ ਬਾਣੀ[16] ਦੀ ਕਮਾਈ[17] ਕਰ। |
| ਹੁਕਮੁ[18] ਮੰਨਹਿ[19] ਤਾ[20] ਹਰਿ | If thou obey[19] God's order[18], then[20] | ਜੇਕਰ ਤੂੰ ਵਾਹਿਗੁਰੂ ਦੇ ਫ਼ੁਰਮਾਨ[18] ਦੀ ਪਾਲਣਾ[19] ਕਰੇਂ, |

| | | |
|---|---|---|
| ਮਿਲੈ ਤਾ ਵਿਚਹੁ[21] ਹਉਮੈ[22] ਜਾਇ[23] ॥ਰਹਾਉ॥ | Shalt thou meet Him and then alone, ego[22] shall depart[43] from within[21] thee. Pause. | ਤਦ[20] ਤੂੰ ਉਸ ਨੂੰ ਮਿਲ ਪਵੇਂਗੀ ਅਤੇ ਕੇਵਲ ਤਦ ਹੀ ਤੇਰੇ ਅੰਦਰੋਂ[21] ਹੰਕਾਰ[22] ਦੂਰ[23] ਹੋਵੇਗਾ । ਠਹਿਰਾਉ । |
| ਹਉਮੈ ਸਭੁ ਸਰੀਰੁ[24] ਹੈ ਹਉਮੈ ਓਪਤਿ[26] ਹੋਇ ॥ | Ego is within all the bodies[24]. Through pride[25] the beings are born[26]. | ਹੰਕਾਰ ਸਾਰੀਆਂ ਦੇਹਾਂ[24]ਅੰਦਰ ਹੈ । ਹੰਕਾਰ ਦੇ ਰਾਹੀਂ[25] ਹੀ ਸਾਰੇ ਜੀਵ ਪੈਦਾ[26] ਹੁੰਦੇ ਹਨ । |
| ਹਉਮੈ ਵਡਾ[27] ਗੁਬਾਰੁ[28] ਹੈ ਹਉਮੈ ਵਿਚਿ ਬੁਝਿ[29] ਨ ਸਕੈ ਕੋਇ ॥੨॥ | Egotism leads to pitch[27] darkness[23] and in egotism none can understand[29] anything. | ਗ਼ਰੂਰ ਪਰਮ[27] ਅਨ੍ਹੇਰੇ[28] ਵਲ ਲੈ ਜਾਂਦਾ ਹੈ ਅਤੇ ਗ਼ਰੂਰ ਕਾਰਨ ਕੋਈ ਬੰਦਾ ਕੁਝ ਭੀ ਸਮਝ[29] ਨਹੀਂ ਸਕਦਾ । |
| ਹਉਮੈ[23] ਵਿਚਿ ਭਗਤਿ[30] ਨ ਹੋਵਈ ਹੁਕਮੁ[31] ਨ ਬੁਝਿਆ[32] ਜਾਇ ॥ | In self-conceit[83] Lord's devotional service[30] cannot be performed, nor, can His will[31] be realised[32]. | ਸਵੈ-ਹੰਗਤਾ[33] ਅੰਦਰ ਸਾਂਈਂ ਦੀ ਪ੍ਰੇਮ-ਮਈ ਸੇਵਾ[30] ਨਹੀਂ ਹੋ ਸਕਦੀ ਨਾ ਹੀ ਉਸ ਦੀ ਰਜ਼ਾ[31] ਅਨੁਭਵ ਕੀਤੀ[32] ਜਾ ਸਕਦੀ ਹੈ । |
| ਹਉਮੈ ਵਿਚਿ ਜੀਉ[34] ਬੰਧੁ[35] ਹੈ ਨਾਮੁ ਨ ਵਸੈ[36] ਮਨਿ ਆਇ[37] ॥੩॥ | In ego, the soul[34] is imprisoned[35] and the Name comes[37] not to abide[36] in the mind. | ਹੰਕਾਰ ਅੰਦਰ ਆਤਮਾ[34] ਕੈਦ ਹੋ ਜਾਂਦੀ[35] ਹੈ ਅਤੇ ਨਾਮ ਆ ਕੇ[37] ਹਿਰਦੇ ਅੰਦਰ ਨਹੀਂ ਟਿਕਦਾ[36] । |
| ਨਾਨਕ ਸਤਿਗੁਰਿ ਮਿਲਿਐ ਹਉਮੈ[38] ਗਈ[39] ਤਾ[40] ਸਚੁ[41] ਵਸਿਆ[42] ਮਨਿ[43] ਆਇ ॥ | Nanak, meeting with the True Guru, man's ego[38] is destroyed[39] and the True Lord[42] comes to dwell[42] within his mind[43], then[40]. | ਨਾਨਕ ਸੱਚੇ ਗੁਰਾਂ ਨੂੰ ਮਿਲਣ ਦੁਆਰਾ ਬੰਦੇ ਦੀ ਸਵੈ-ਹੰਗਤਾ[38] ਨਸ਼ਟ[39] ਹੋ ਜਾਂਦੀ ਹੈ, ਅਤੇ ਤਦ[40] ਸੱਚਾ ਸੁਆਮੀ[41] ਆ ਕੇ ਉਸ ਦੇ ਚਿੱਤ[43] ਅੰਦਰ ਵਸ ਜਾਂਦਾ[42] ਹੈ । |
| ਸਚੁ ਕਮਾਵੈ[44] ਸਚਿ ਰਹੈ[45] ਸਚੇ[46] ਸੇਵਿ[47] ਸਮਾਇ[48] ॥੪॥੯॥੧੨॥ | He practises[44] truth, abides[45] in truth and by serving[47] the True one[46] gets absorbed[48] in Him. | ਉਹ ਸੱਚ ਦੀ ਕਮਾਈ ਕਰਦਾ[44] ਹੈ, ਸੱਚ ਅੰਦਰ ਟਿਕਦਾ[45] ਹੈ ਅਤੇ ਸਤਿਪੁਰਖ[46] ਦੀ ਟਹਿਲ[47] ਕਮਾ, ਉਸ ਵਿੱਚ ਲੀਨ[48] ਹੋ ਜਾਂਦਾ ਹੈ । |
| ਵਡਹੰਸੁ ਮਹਲਾ ੪ ਘਰੁ ੧ | Wadhans 4th Guru. | ਵਡਹੰਸ ਚੌਥੀ ਪਾਤਿਸ਼ਾਹੀ । |
| ੧ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਸੇਜ[49] ਏਕ ਏਕੋ ਪ੍ਰਭੁ ਠਾਕੁਰੁ[50] ॥ | There is but one (mind) couch[49] and the one Lord Master[50] rests thereon. | ਹਿਰਦਾ ਪਲੰਘ[49] ਕੇਵਲ ਇਕ ਹੈ ਅਤੇ ਇਕ ਸੁਆਮੀ[50] ਮਾਲਕ ਹੀ ਉਸ ਉਤੇ ਬਿਰਾਜਮਾਨ ਹੈ । |
| ਗੁਰਮੁਖਿ[51] ਹਰਿ ਰਾਵੈ[52] ਸੁਖ ਸਾਗਰੁ[53] ॥੧॥ | There the Guru-ward[51] enjoys[52] God, the ocean[53] of peace. | ਉਥੇ ਗੁਰੂ-ਸਮਰਪਣ[51] ਆਰਾਮ ਦੇ ਸਮੁੰਦਰ[53] ਵਾਹਿਗੁਰੂ ਨੂੰ ਮਾਣਦਾ[52] ਹੈ । |
| ਮੈ ਪ੍ਰਭ ਮਿਲਣ ਪ੍ਰੇਮ[54] ਮਨਿ ਆਸਾ[55] ॥ | Within my mind is the longing[54] and hope[65] to meet my Lord. | ਆਪਣੇ ਚਿੱਤ ਅੰਦਰ ਮੈਨੂੰ ਆਪਣੇ ਸੁਆਮੀ ਦੇ ਮਿਲਣ ਦੀ ਉਮੰਗ[54] ਤੇ ਉਮੈਦ[65] ਹੈ । |
| ੫੬੧ | | |
| ਗੁਰੁ ਪੂਰਾ[56] ਮੇਲਾਵੈ ਮੇਰਾ ਪ੍ਰੀਤਮੁ[57] ਹਉ ਵਾਰਿ[58] ਵਾਰਿ | The Perfect[66] Guru makes me meet my Beloved[67]. I am a sacrifice[68] | ਪੂਰਨ[56] ਗੁਰਦੇਵ ਜੀ ਮੈਨੂੰ ਆਪਣੇ ਪਿਆਰੇ[57] ਨਾਲ ਮਿਲਾਉਂਦੇ ਹਨ । ਮੈਂ ਆਪਣੇ ਗੁਰਾਂ ਉਤੋਂ ਕੁਰਬਾਨ[58], |

| | | |
|---|---|---|
| ਆਪਣੇ ਗੁਰੂ ਕਉ ਜਾਸਾ ॥ ੧॥ਰਹਾਉ॥ | sacrifice unto my Guru. Pause. | ਕੁਰਬਾਨ ਜਾਂਦਾ ਹਾਂ । ਠਹਿਰਾਓ ! |
| ਮੈ ਅਵਗਣ[59] ਭਰਪੂਰਿ[60] ਸਰੀਰੇ[61] ॥ | My body[61] is brimful[60] with inequities[59]. | ਮੇਰੀ ਦੇਹ[61] ਅਪਰਾਧਾਂ[59] ਨਾਲ ਪਰੀਪੂਰਨ[60] ਹੈ । |
| ਹਉ ਕਿਉ ਕਰਿ[62] ਮਿਲਾ ਅਪਣੇ ਪ੍ਰੀਤਮ[63] ਪੂਰੇ[64] ॥੨॥ | How[62] can I meet my Perfect[64] Lord[63], then ? | ਤਦ, ਮੈਂ ਆਪਣੇ ਪੂਰਨ[64] ਸੁਆਮੀ[63] ਨੂੰ ਕਿਸ ਤਰ੍ਹਾਂ[62] ਮਿਲ ਸਕਦੀ ਹਾਂ ? |
| ਜਿਨਿ ਗੁਣਵੰਤੀ[65] ਮੇਰਾ ਪ੍ਰੀਤਮੁ[66] ਪਾਇਆ ॥ ਸੇ ਮੈ ਗੁਣ[69] ਨਾਹੀ ਹਉ ਕਿਉ[67] ਮਿਲਾ ਮੇਰੀ ਮਾਇਆ[68] ॥੩॥ | I possess not those virtues[69], by which the virtuous ones[65] have attained to my Beloved[66]. So how[67] can I meet my Love, O my mother[68] ? | ਮੇਰੇ ਵਿੱਚ ਉਹ ਨੇਕੀਆਂ[69] ਨਹੀਂ, ਜਿਨ੍ਹਾਂ ਦੁਆਰਾ ਨੇਕੀ-ਨਿਪੁੰਨ[65] ਨੇ ਮੈਂਡਾ ਪਿਆਰਾ[66] ਪ੍ਰਾਪਤ ਕੀਤਾ ਹੈ । ਇਸ ਲਈ ਮੈਂ ਆਪਣੇ ਦਿਲਬਰ ਨੂੰ ਕਿਸ ਤਰ੍ਹਾਂ[67] ਮਿਲ ਸਕਦੀ ਹਾਂ, ਹੇ ਮੇਰੀ ਮਾਤਾ[68] ! |
| ਹਉ[71] ਕਰਿ ਕਰਿ ਥਾਕਾ[70] ਉਪਾਵ[72] ਬਹੁਤੇਰੇ[73] ॥ | I[71] have grown weary[70] of making various[73] efforts[72]. | ਮੈਂ[71] ਤਰ੍ਹਾਂ ਤਰ੍ਹਾਂ[73] ਦੇ ਬਹੁਤ ਉਪਰਾਲੇ[72] ਕਰਦਾ ਕਰਦਾ ਹਾਰ ਹੁੱਟ ਗਿਆ[70] ਹਾਂ । |
| ਨਾਨਕ ਗਰੀਬ[74] ਰਾਖਹੁ[75] ਹਰਿ ਮੇਰੇ ॥੪॥੧॥ | O my Lord, protect[75], Thou, Nanak, the meek[74] one. | ਹੇ ਮੇਰੇ ਸੁਆਮੀ ! ਤੂੰ ਨਾਨਕ ਮਸਕੀਨ[74] ਦੀ ਰੱਖਿਆ[75] ਕਰ । |
| ਵਡਹੰਸੁ ਮਹਲਾ ੪ ॥ | Wadhans 4th Guru. | ਵਡਹੰਸ ਚੌਥੀ ਪਾਤਸ਼ਾਹੀ । |
| ਮੇਰਾ ਹਰਿ ਪ੍ਰਭੁ[76] ਸੁੰਦਰੁ[77] ਮੈ ਸਾਰ[78] ਨ ਜਾਣੀ[79] ॥ | Beauteous[77] is my Lord God[76]. I know[79] not His worth[78]. | ਸੁਹਣਾ[77] ਹੈ ਮੇਰਾ ਸੁਆਮੀ ਵਾਹਿਗੁਰੂ[76] । ਮੈਂ ਉਸ ਦੀ ਕਦਰ[78] ਨੂੰ ਨਹੀਂ ਪਛਾਣਦੀ[79] । |
| ਹਉ ਹਰਿ ਪ੍ਰਭ ਛੋਡਿ[80] ਦੂਜੈ[81] ਲੋਭਾਣੀ[82] ॥੧॥ | Abandoning[80] the Lord Master, I am enamoured[82] of the world[81]. | ਸੁਆਮੀ ਮਾਲਕ ਨੂੰ ਤਿਆਗ ਕੇ[80], ਮੈਂ ਦੁਨੀਆਂ[81] ਉੱਤੇ ਲੁਭਾਇਮਾਨ[82] ਹੋ ਰਹੀ ਹਾਂ । |
| ਹਉ ਕਿਉ ਕਰਿ[83] ਪਿਰ ਕਉ[84] ਮਿਲਉ ਇਆਣੀ[85] ॥ | How[83] can I, the childish[85] one, meet with my Spouse[84] ? | ਮੈਂ ਨਾਦਾਨ[85] ਆਪਣੇ ਪਤੀ[84] ਨੂੰ ਕਿਸ ਤਰ੍ਹਾਂ[83] ਮਿਲ ਸਕਦੀ ਹਾਂ ? |
| ਜੋ ਪਿਰ[86] ਭਾਵੈ[87] ਸਾ[88] ਸੋਹਾਗਣਿ[89] ਸਾਈ[90] ਪਿਰ ਕਉ ਮਿਲੈ ਸਿਆਣੀ[91] ॥ ੧॥ਰਹਾਉ॥ | She[88], who is pleasing[87] to the Beloved[86], is the happy bride[89]. She[90], the wise[91] one, alone meets with her Beloved. Pause. | ਜੋ ਆਪਣੇ ਪ੍ਰੀਤਮ[86] ਨੂੰ ਚੰਗੀ ਲਗਦੀ[87] ਹੈ, ਉਹੀ[88] ਸੁਭਾਗ ਪਤਨੀ[89] ਹੈ । ਕੇਵਲ ਉਹੀ[90] ਅਕਲਮੰਦ[91] ਪਤਨੀ ਆਪਣੇ ਪ੍ਰੀਤਮ ਨੂੰ ਮਿਲਦੀ ਹੈ । ਠਹਿਰਾਓ ! |
| ਮੈ ਵਿਚਿ ਦੋਸ[93] ਹਉ ਕਿਉ ਕਰਿ[92] ਪਿਰੁ ਪਾਵਾ[94] ॥ | In me are demerits[93]; how[93] can I attain to my Spouse[94] ? | ਮੇਰੇ ਵਿੱਚ ਔਗਣ[93] ਹਨ, ਮੈਂ ਆਪਣੇ ਕੰਤ[94] ਨੂੰ ਕਿਸ ਤਰ੍ਹਾਂ[92] ਪਾ ਸਕਦੀ ਹਾਂ ? |
| ਤੇਰੇ ਅਨੇਕ[95] ਪਿਆਰੇ[96] ਹਉ ਪਿਰ ਚਿਤਿ[97] ਨ ਆਵਾ ॥੨॥ | Thou hast many[95] sweet hearts[96], O Groom; I am not in Thy remembrance[97]. | ਤੇਰੀਆਂ ਘਣੇਰੀਆਂ[95] ਹੀ ਦਿਲਬਰਾ[96] ਹਨ । ਮੈਂ ਤੇਰੇ ਚਿੱਤ ਚੇਤੇ[97] ਭੀ ਨਹੀਂ । |
| ਜਿਨਿ ਪਿਰੁ ਰਾਵਿਆ[98] ਸਾ[99] ਭਲੀ[100]ਸੁਹਾਗਣਿ[2] ॥ | She alone[93], who enjoys[98] her spouse, is the good[100] true bride[2]. | ਕੇਵਲ[99] ਉਹੀ ਜੋ ਆਪਣੇ ਕੰਤ ਨੂੰ ਮਾਣਦੀ[98] ਹੈ, ਚੰਗੀ[100] ਸੁੱਚੀ ਪਤਨੀ[2] ਹੈ । |
| ਸੇ[3] ਮੈ ਗੁਣ[4] ਨਾਹੀ ਹਉ | Those[3] virtues[4] I possess not; what[6] | ਉਹ[3] ਖੂਬੀਆਂ[4] ਮੇਰੇ ਵਿੱਚ ਨਹੀਂ, (ਤਦ) ਮੈਂ ਛੁੱਟੜ[6] |

| | | |
|---|---|---|
| ਕਿਆ[5] ਕਰੀ ਦੁਹਾਗਣਿ[6] ॥੩॥ | should I, the discarded[6] one, then do ? | ਇਸਤ੍ਰੀ, ਕੀ[5] ਕਰਾਂ ? |
| ਨਿਤ[7] ਸੁਹਾਗਣਿ[8] ਸਦਾ[9] ਪਿਰੁ[10] ਰਾਵੈ[12] ॥ | The true bride[8] daily[7] enjoys[12] her spouse[10] for ever[9]. | ਸੱਚੀ ਪਤਨੀ[8] ਹਰ ਰੋਜ਼[7] ਹੀ ਆਪਣੇ ਪਤੀ[10] ਨੂੰ ਹਮੇਸ਼ਾ[9] ਲਈ ਮਾਣਦੀ[12] ਹੈ। |
| ਮੈ ਕਰਮਹੀਣ[13] ਕਬ ਹੀ[14] ਗਲਿ[15] ਲਾਵੈ[16] ॥੪॥ | Will my Lord ever[14] hug[16] me, an unmerited[13] one, to His bosom[16] ? | ਕੀ ਮੇਰਾ ਸਾਂਈਂ, ਮੈਂ ਨਿਕਰਮਣ[13] ਨੂੰ ਭੀ, ਕਦੇ[14] ਆਪਣੀ ਛਾਤੀ[15] ਨਾਲ ਲਾਊਗਾ[16] ? |
| ਤੂ ਪਿਰੁ[17] ਗੁਣਵੰਤਾ[18] ਹਉ ਅਉਗੁਣਿਆਰਾ[19] ॥ ਮੈ ਨਿਰਗੁਣ[20] ਬਖਸਿ[21] ਨਾਨਕੁ ਵੇਚਾਰਾ[22] ॥੫॥੨॥ | Thou, O Lord[17], art[11] full of merits, while I am without merits[19]. O Lord, forgive[21], Thou, Nanak, the meritless[20] and meek[22] one. | ਤੂੰ, ਹੇ ਸੁਆਮੀ[17] ! ਖ਼ੂਬੀਆਂ ਸੰਯੁਕਤ[18] ਹੈਂ। ਮੈਂ ਖ਼ੂਬੀਆਂ-ਰਹਿਤ[19] ਹਾਂ, ਹੇ ਸੁਆਮੀ; ਤੂੰ ਗੁਣਹੀਨ[20] ਤੇ ਮਸਕੀਨ[22] ਨਾਨਕ ਨੂੰ ਮਾਫ਼[21] ਕਰ ਦੇ। |
| ਵਡਹੰਸੁ ਮਹਲਾ ੪ ਘਰੁ ੨ | Wadhans 4th Guru. | ਵਡਹੰਸ ਚੌਥੀ ਪਾਤਿਸ਼ਾਹੀ। ਘਰ ੨ |
| ੧ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਮੈ ਮਨਿ ਵਡੀ[23] ਆਸ[24] ਹਰੇ ਕਿਉ ਕਰਿ[25] ਹਰਿ ਦਰਸਨੁ[26] ਪਾਵਾ ॥ | Within my mind is great[23] longing[24] O Lord; how[25] shall I see[26] thee ? | ਮੇਰੇ ਚਿੱਤ ਅੰਦਰ ਭਾਰੀ[23] ਖ਼ਾਹਿਸ਼[24] ਹੈ, ਹੇ ਪ੍ਰਭੂ ! ਮੈਂ ਕਿਸ ਤਰ੍ਹਾਂ[23] ਤੇਰਾ ਦੀਦਾਰ[26] ਕਰਾਂ ? |
| ਹਉ[27] ਜਾਇ[28] ਪੂਛਾ[29] ਅਪਨੇ ਸਤਗੁਰੈ ਗੁਰ ਪੂਛਿ[30] ਮਨੁ[31] ਮੁਗਧੁ[32] ਸਮਝਾਵਾ[33]॥ | I[27] go[28] and ask[29] mv True Guru and taking Guru's counsel[30], instruct[33] my foolish[32] soul[31]. | ਮੈਂ[27] ਆਪਣੇ ਸੱਚੇ ਗੁਰਾਂ ਕੋਲ ਜਾ ਕੇ[28] ਪਤਾ ਕਰਦਾ[29] ਹਾਂ ਅਤੇ ਗੁਰਾਂ ਦੀ ਸਲਾਹ[30] ਲੈ, ਆਪਣੀ ਮੂਰਖ[32] ਜਿੰਦੜੀ[31] ਨੂੰ ਸਿਖਮਤ[33] ਦਿੰਦਾ ਹਾਂ। |
| ਭੂਲਾ[34] ਮਨੁ ਸਮਝੈ ਗੁਰ ਸਬਦੀ[35] ਹਰਿ ਹਰਿ ਸਦਾ[36] ਧਿਆਏ[37] ॥ | The deluded[34] soul understands through Guru's instruction[35] and, so, meditates[37] ever[36] on the Lord God. | ਭੁੱਲੀ ਹੋਈ[34] ਜਿੰਦੜੀ ਗੁਰਾਂ ਦੇ ਉਪਦੇਸ਼[35] ਰਾਹੀਂ ਸਮਝਦੀ ਹੈ ਤੇ ਇਸ ਤਰ੍ਹਾਂ ਹਮੇਸ਼ਾ[36] ਸੁਆਮੀ ਵਾਹਿਗੁਰੂ ਦਾ ਸਿਮਰਨ[37] ਕਰਦੀ ਹੈ। |
| ਨਾਨਕ ਜਿਸੁ ਨਦਰਿ[38] ਕਰੇ ਮੇਰਾ ਪਿਆਰਾ[39] ਸੋ[40] ਹਰਿ ਚਰਣੀ[41] ਚਿਤੁ[42] ਲਾਏ[43] ॥੧॥ | He[40], on whom is my Beloved's[39] mercy[38], O Nanak, attunes[43] his mind[42] to God's feet[41]. | ਜਿਸ ਦੇ ਉੱਤੇ ਮੇਰੇ ਪ੍ਰੀਤਮ ਦੀ[39] ਰਹਿਮਤ[38] ਹੈ, ਹੇ ਨਾਨਕ ! ਉਹ[40] ਵਾਹਿਗੁਰੂ ਦੇ ਚਰਣਾਂ[41] ਨਾਲ ਆਪਣੇ ਮਨ ਨੂੰ ਜੋੜਦਾ[43] ਹੈ। |
| ਹਉ ਸਭਿ ਵੇਸ[44] ਕਰੀ[45] ਪਿਰ[46] ਕਾਰਣਿ[47] ਜੇ[48] ਹਰਿ ਪ੍ਰਭ ਸਾਚੇ ਭਾਵਾ[49] ॥ | For[47] my Spouse[46], I bedeck myself with[45] all sorts of robes[44], so that[48] my True Lord God may be pleased[49] with me. | ਆਪਣੇ ਕੰਤ[46] ਦੀ ਖ਼ਾਤਰ[47] ਮੈਂ ਹਰ ਕਿਸਮਾਂ ਦੇ ਪੁਸ਼ਾਕੇ[44] ਪਾਉਂਦੀ[45] ਹਾਂ ਤਾਂ ਜੋ[48] ਮੈਂ ਆਪਣੇ ਸੱਚੇ ਸੁਆਮੀ ਵਾਹਿਗੁਰੂ ਨੂੰ ਚੰਗੀ[49] ਲੱਗਣ ਲੱਗ ਜਾਵਾਂ। |
| ਸੋ[50] ਪਿਰੁ ਪਿਆਰਾ[51] ਮੈ ਨਦਰਿ[52] ਨ ਦੇਖੈ ਹਉ ਕਿਉ ਕਰਿ[53] ਧੀਰਜੁ[54] ਪਾਵਾ ॥ | He[50], the dear[51] Spouse does not even cast a glance[52] towards me. How[53] can I be consoled[54]. | ਉਹ[50] ਪ੍ਰੀਤਮ[51] ਪਤੀ ਮੇਰੇ ਵਲ ਝਾਤੀ[52] ਭੀ ਨਹੀਂ ਪਾਉਂਦਾ। ਮੇਰਾ ਹੌਸਲਾ[54] ਕਿਸ ਤਰ੍ਹਾਂ[53] ਬੱਝ ਸਕਦਾ ਹੈ ? |

| | | |
|---|---|---|
| ਜਿਸੁ ਕਾਰਣਿ[55] ਹਉ ਸੀਗਾਰੁ[56] ਸੀਗਾਰੀ[57] ਸੋ[58] ਪਿਰੁ ਰਤਾ[59] ਮੇਰਾ ਅਵਰਾ[60]॥ | He, for whose sake[56] I am bedecked[57] with decorations[56], that[58] Spouse of mine is imbued with[59] the love of another[60]. | ਜੀਹਦੇ ਵਾਸਤੇ[55] ਮੈਂ ਹਾਰਸ਼ਿੰਗਾਰਾਂ[56]ਨਾਲ ਸਜੀ ਧਜੀ[57] ਹੋਈ ਹਾਂ, ਉਹ ਮੈਂਡਾ[58] ਕੰਤ ਹੋਰਸ[60] ਦੀ ਪ੍ਰੀਤ ਨਾਲ[59] ਰੰਗਿਆ ਹੋਇਆ ਹੈ। |
| ਨਾਨਕ ਧਨੁ[61] ਧੰਨੁ ਧੰਨੁ ਸੋਹਾਗਣਿ[62] ਜਿਨਿ ਪਿਰੁ[63] ਰਾਵਿਅੜਾ[64] ਸਚੁ ਸਵਰਾ[65]॥੨॥ | Nanak, blest[61]! blest! blest is the true bride[62] who enjoyeth[64] her sublime[65] True spouse[63]. | ਨਾਨਕ, ਮੁਬਾਰਕ[61]! ਮੁਬਾਰਕ! ਮੁਬਾਰਕ! ਹੈ ਉਹ ਸੱਚੀ ਪਤਨੀ[62], ਜੋ ਆਪਣੇ ਸ੍ਰੇਸ਼ਟ[65] ਸੱਚੇ ਪਤੀ[63] ਨੂੰ ਮਾਣਦੀ[64] ਹੈ। |
| ਹਉ ਜਾਇ ਪੂਛਾ ਸੋਹਾਗ[66] ਸੁਹਾਗਣਿ[67] ਤੁਸੀ ਕਿਉ[68] ਪਿਰੁ ਪਾਇਅੜਾ[69] ਪ੍ਰਭੁ ਮੇਰਾ॥ | I go and ask the fortunate[66] faithful bride[67]: how[68] hast thou obtained[69] the Groom, my Lord. | ਮੈਂ ਜਾ ਕੇ ਭਾਗਾਂ ਵਾਲੀ[66] ਸਤਿ-ਆਤਮਾ ਲਾੜੀ[67] ਨੂੰ ਪੁੱਛਦੀ ਹਾਂ, ਤੂੰ ਕਿਸ ਤਰ੍ਹਾਂ[68] ਮੇਰੇ ਸੁਆਮੀ, ਲਾੜੇ ਨੂੰ ਪ੍ਰਾਪਤ ਕੀਤਾ[69] ਹੈ। |
| ਮੈ ਊਪਰਿ ਨਦਰਿ[70] ਕਰੀ ਪਿਰਿ ਸਾਚੈ[71] ਮੈ ਛੋਡਿਅੜਾ[72] ਮੇਰਾ[73] ਤੇਰਾ[74]॥ | Says, she "I have abandoned[72] the differentiation between mine[73] and thine[74], so the True Spouse[71] has blessed me with His mercy[70]." | ਉਹ ਆਖਦੀ ਹੈ, ਮੈਂ ਮੈਂ[73] ਤੇ ਤੂੰ[74] ਦੇ ਵਿਤਕਰੇ ਨੂੰ ਤਿਆਗ ਦਿੱਤਾ[72] ਹੈ, ਇਸ ਲਈ ਮੇਰੇ ਸੱਚੇ ਕੰਤ[71] ਨੇ, ਮੇਰੇ ਉੱਤੇ ਰਹਿਮਤ ਕੀਤੀ[70] ਹੈ। |
| ਸਭੁ[75] ਮਨੁ[76] ਤਨੁ[77] ਜੀਉ[81] ਕਰਹੁ[82] ਹਰਿ ਪ੍ਰਭ ਕਾ ਇਤੁ[78] ਮਾਰਗਿ[79] ਭੈਣੇ[80] ਮਿਲੀਐ॥ | Surrender[82] thy mind[76], body[77], soul[81] and all[75] to the Lord God. This[78] is the way[79] to meet Him, O my sister[80]? | ਆਪਣਾ ਚਿੱਤ[76], ਦੇਹ[77], ਜਿੰਦੜੀ[81] ਅਤੇ ਸਾਰਾ ਕੁੱਛ[75] ਸੁਆਮੀ ਵਾਹਿਗੁਰੂ ਦੇ ਅਰਪਨ[82] ਕਰ ਦੇ। ਇਹ[78] ਹੈ ਰਸਤਾ[79] ਉਸ ਨੂੰ ਮਿਲਣ ਦਾ, ਹੇ ਮੇਰੀ ਅੰਮਾ ਜਾਈਏ[80]! |
| ਆਪਨੜਾ[83] ਪ੍ਰਭੁ ਨਦਰਿ[84] ਕਰਿ ਦੇਖੈ[85] ਨਾਨਕ ਜੋਤਿ[86] ਜੋਤੀ[87] ਰਲੀਐ[88]॥੩॥ | Nanak, if his[83] Lord beholds[85] him with favour[84], then man's light[86] blends[88] with God's light[87]. | ਨਾਨਕ, ਜੇਕਰ ਉਸ ਦਾ[83] ਸੁਆਮੀ ਉਸ ਵਲ ਮਿਹਰ ਦੀ ਨਜ਼ਰ[84] ਝਾਕੇ[85], ਤਦ ਬੰਦੇ ਦਾ ਨੂਰ[86] ਰੱਬ ਦੇ ਨੂਰ[87] ਨਾਲ ਅਭੇਦ ਹੋ ਜਾਂਦਾ[88] ਹੈ। |
| ਜੋ ਹਰਿ ਪ੍ਰਭ ਕਾ ਮੈ ਦੇਇ[89] ਸਨੇਹਾ[90] ਤਿਸੁ[91] ਮਨੁ[92] ਤਨੁ[93] ਅਪਣਾ ਦੇਵਾ[94]॥ | He, who conveys[89] me the message[90] of my Lord God, to him[91] I offer[94] my soul[92] and body[93]. | ਜਿਹੜਾ ਕੋਈ ਮੈਨੂੰ ਮੇਰੇ ਸੁਆਮੀ ਵਾਹਿਗੁਰੂ ਦਾ ਸੰਦੇਸ਼ਾ[90] ਦਿੰਦਾ[89] ਹੈ, ਉਸ[91] ਨੂੰ ਮੈਂ ਆਪਣੀ ਜਿੰਦੜੀ[92] ਤੇ ਦੇਹ[93] ਅਰਪਨ ਕਰਦੀ[94] ਹਾਂ। |
| ਨਿਤ[95] ਪਖਾ[96] ਫੇਰੀ[97] ਸੇਵ[98] ਕਮਾਵਾ[99] ਤਿਸੁ[3] ਆਗੈ ਪਾਣੀ[100] ਢੋਵਾਂ[2]॥ | I daily[95] wave[97] the fan over[96] him, perform[99] his service[98] and carry[2] water[100] for him[3]. | ਮੈਂ ਹਰ ਰੋਜ਼[95] ਉਸ ਨੂੰ ਪੱਖੀ[96] ਝੱਲਦੀ[97] ਹਾਂ, ਉਸ ਦੀ ਟਹਿਲ-ਸੇਵਾ[98] ਕਰਦੀ[99] ਹਾਂ ਅਤੇ ਉਸ ਲਈ[3] ਜਲ[100] ਢੋਂਦੀ[2] ਹਾਂ। |
| ੫੬੨ | | |
| ਨਿਤ[4] ਨਿਤ ਸੇਵ ਕਰੀ ਹਰਿ ਜਨ[5] ਕੀ ਜੋ ਹਰਿ ਹਰਿ[6] ਕਥਾ[7] ਸੁਣਾਏ[8]॥ | Ever[4], ever I serve the God's servant[5], who recites[8] to me the Gospel[7] of the Lord God[6]. | ਸਦਾ[4], ਸਦਾ ਮੈਂ ਵਾਹਿਗੁਰੂ ਦੇ ਗੋਲੇ[5] ਦੀ ਟਹਿਲ ਕਮਾਉਂਦੀ ਹਾਂ ਜੋ ਮੈਨੂੰ ਵਾਹਿਗੁਰੂ ਸੁਆਮੀ[6] ਦੀ ਕਥਾ-ਵਾਰਤਾ[7] ਸੁਣਾਉਂਦਾ[8] ਹੈ। |
| ਧਨੁ[9] ਧੰਨੁ ਗੁਰੂ ਗੁਰ[10] ਸਤਿਗੁਰੁ ਪੂਰਾ[12] ਨਾਨਕ ਮਨਿ[13]ਆਸ[14]ਪੁਜਾਏ[15]॥੪॥ | Hail[9]! hail unto the Guru, the great[10] perfect[12] Satguru, who fulfils[15] the desire[14] of Nanak's heart[13]. | ਸ਼ਾਬਾਸ਼[9]! ਸ਼ਾਬਾਸ਼ ਹੈ ਗੁਰਾਂ, ਵੱਡੇ[10] ਪੂਰਨ[72] ਸਤਿਗੁਰਾਂ ਨੂੰ ਜੋ ਨਾਨਕ ਦੇ ਦਿਲ[13] ਦੀ ਚਾਹਨਾ[14] ਨੂੰ ਪੂਰੀ ਕਰਦੇ[15] ਹਨ। |

| | | |
|---|---|---|
| ਗੁਰ ਸਜਣੁ[16] ਮੇਰਾ ਮੇਲਿ[18] ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ[17] ॥ | O God, make me meet[18] with the Guru, my friend[16], by meeting whom I meditate[17] on God's Name. | ਹੇ ਵਾਹਿਗੁਰੂ ! ਮੈਨੂੰ ਮੇਰੇ ਮਿੱਤ੍ਰ[16] ਗੁਰਾਂ ਨਾਲ ਮਿਲਾ[18] ਦੇ, ਜਿਨ੍ਹਾਂ ਨੂੰ ਮਿਲ ਕੇ ਮੈਂ ਵਾਹਿਗੁਰੂ ਦੇ ਨਾਮ ਦਾ ਆਰਾਧਨ ਕਰਦਾ[17] ਹਾਂ। |
| ਗੁਰ[19] ਸਤਿਗੁਰ ਪਾਸਹੁ[20] ਹਰਿ ਗੋਸਟਿ[21] ਪੂਛਾਂ ਕਰਿ ਸਾਂਝੀ[22] ਹਰਿ ਗੁਣ[23] ਗਾਵਾਂ[24] ॥ | I ask for the Lord's gospel[21] from[20] the great[19] True Guru and joining[22] him I sing[24] the Lord's praise[23]. | ਵੱਡੇ[19] ਗੁਰਾਂ ਕੋਲੋਂ[20] ਮੈਂ ਪ੍ਰਭੂ ਦੀ ਕਥਾ-ਵਾਰਤਾ[21] ਪੁਛਦਾ ਹਾਂ ਅਤੇ ਉਨ੍ਹਾਂ ਨਾਲ ਮਿਲ ਕੇ[22] ਪ੍ਰਭੂ ਦੀ ਕੀਰਤੀ[23] ਗਾਇਨ ਕਰਦਾ[24] ਹਾਂ। |
| ਗੁਣ ਗਾਵਾ[30] ਨਿਤ[25] ਨਿਤ[26] ਸਦ[27] ਹਰਿ ਕੇ ਮਨੁ[28] ਜੀਵੈ[29] ਨਾਮੁ ਸੁਣਿ ਤੇਰਾ ॥ | Daily[25], every day[26] and ever[27] I sing[30] Thy praise, O Lord, as my soul[28] lives[29] by hearing Thine Name. | ਹਰ ਰੋਜ਼[25], ਨਿਤਾਪ੍ਰਤੀ[26] ਤੇ ਹਮੇਸ਼ਾ[27] ਮੈਂ ਤੇਰਾ ਜੱਸ ਗਾਉਂਦਾ[30] ਹਾਂ, ਹੇ ਸੁਆਮੀ ! ਮੇਰੀ ਜਿੰਦੜੀ[28] ਤੇਂਡਾ ਨਾਮ ਸੁਣ ਕੇ ਜੀਉਂਦੀ[29] ਹੈ। |
| ਨਾਨਕ ਜਿਤੁ[31] ਵੇਲਾ[32] ਵਿਸਰੈ[33] ਮੇਰਾ ਸੁਆਮੀ ਤਿਤੁ ਵੇਲੈ[34] ਮਰਿ ਜਾਇ[35] ਜੀਉ[36] ਮੇਰਾ ॥੫॥ | O Nanak, the[31] moment[32] I forget[33] my Lord, at that[34] very time my soul[36] ceases to live[35]. | ਹੇ ਨਾਨਕ ! ਜਿਸ[31] ਸਮੇਂ[32] ਮੈਨੂੰ ਮੇਰਾ ਸਾਹਿਬ ਭੁਲ ਜਾਂਦਾ[33] ਹੈ; ਉਸ[34] ਸਮੇਂ ਮੇਰੀ ਆਤਮਾ[36] ਮਰ ਮੁੱਕ ਜਾਂਦੀ[35] ਹੈ। |
| ਹਰਿ ਵੇਖਣ[37] ਕਉ ਸਭੁ ਕੋਈ[38] ਲੋਚੈ[39] ਸੋ[40] ਵੇਖੈ ਜਿਸੁ ਆਪਿ ਵਿਖਾਲੇ ॥ | Everyone[38] longs[39] to see[37] God, but he[40] alone sees Him whom He Himself blesses with His vision. | ਹਰ ਕੋਈ[38] ਵਾਹਿਗੁਰੂ ਨੂੰ ਦੇਖਣ[37] ਦੀ ਤਾਂਘ ਰਖਦਾ[39] ਹੈ, ਪਰੰਤੂ ਕੇਵਲ ਉਹੀ[40] ਉਸ ਨੂੰ ਦੇਖਦਾ ਹੈ, ਜਿਸ ਨੂੰ ਉਹ ਆਪਣੇ ਦਰਸ਼ਨਾਂ ਦੀ ਬਖ਼ਸ਼ਸ਼ ਕਰਦਾ ਹੈ। |
| ਜਿਸ ਨੋ ਨਦਰਿ[41] ਕਰੇ[42] ਮੇਰਾ ਪਿਆਰਾ[43] ਸੋ ਹਰਿ ਹਰਿ[44] ਸਦਾ[45] ਸਮਾਲੇ[46] ॥ | He, on whom my beloved Lord[43] showers[42] His Grace[41], ever[45] cherishes[46] the Lord Master[44]. | ਜਿਸ ਉਤੇ ਮੇਰਾ ਪ੍ਰੀਤਮ[43] ਮਿਹਰ[41] ਧਾਰਦਾ[42] ਹੈ, ਉਹ ਹਮੇਸ਼ਾ[45] ਹੀ ਸੁਆਮੀ ਮਾਲਕ[44] ਦਾ ਸਿਮਰਨ ਕਰਦਾ[46] ਹੈ। |
| ਸੋ[47] ਹਰਿ ਹਰਿ ਨਾਮੁ ਸਦਾ ਸਦਾ[48] ਸਮਾਲੇ[49] ਜਿਸੁ ਸਤਗੁਰੁ ਪੂਰਾ[50] ਮੇਰਾ ਮਿਲਿਆ[51] ॥ | He[47], whom my Perfect[50] True Guru meets[51], ever[48] and ever meditates[49] on the Name of the Lord God. | ਜਿਸ ਨੂੰ ਮੇਰਾ ਪੂਰਨ[50] ਸੱਚਾ ਗੁਰੂ ਮਿਲ ਪੈਂਦਾ[51] ਹੈ, ਉਹ[47] ਸਦੀਵ[48] ਤੇ ਸਦੀਵ ਹੀ ਸੁਆਮੀ ਵਾਹਿਗੁਰੂ ਦੇ ਨਾਮ ਦਾ ਆਰਾਧਨ ਕਰਦਾ[49] ਹੈ। |
| ਨਾਨਕ ਹਰਿ ਜਨ[52] ਹਰਿ ਇਕੇ[53] ਹੋਏ[54] ਹਰਿ ਜਪਿ[55] ਹਰਿ ਸੇਤੀ[56] ਰਲਿਆ[57] ॥ ੬॥੧॥੩॥ | Nanak, God's slave[52] and God become[54] one[53]. By reflecting over[55] the Lord, one blends[57] with[56] the Lord. | ਨਾਨਕ, ਰੱਬ ਦਾ ਗੋਲਾ[52] ਅਤੇ ਰੱਬ ਇੱਕ ਮਿੱਕ[53] ਹੋ ਜਾਂਦੇ[54] ਹਨ। ਪ੍ਰਭੂ ਦਾ ਭਜਨ ਕਰਨ ਦੁਆਰਾ[55] ਇਨਸਾਨ ਪ੍ਰਭੂ ਨਾਲ[56] ਅਭੇਦ ਹੋ ਜਾਂਦਾ[57] ਹੈ। |
| ਵਡਹੰਸੁ ਮਹਲਾ ੫ ਘਰੁ ੧ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ। |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਅਤਿ[58] ਊਚਾ[59] ਤਾ ਕਾ[60] ਦਰਬਾਰਾ[61] ॥ | Loftiest[58] of the lofty[59] is His[60] court[61]. | ਅਤਿਅੰਤ[58] ਉੱਚੀ[59] ਹੈ ਉਸ[60] ਦੀ ਦਰਗਾਹ[61]। |
| ਅੰਤੁ[62] ਨਾਹੀ ਕਿਛੁ[63] ਪਾਰਾਵਾਰਾ[64] ॥ | It has no end[62] or any[63] limits[64], | ਉਸ ਦਾ ਅਖੀਰ[62] ਜਾਂ ਕੋਈ[63] ਹੱਦ-ਬਨਾ[64] ਨਹੀਂ। |

| | | |
|---|---|---|
| ਕੋਟਿ[65] ਕੋਟਿ ਕੋਟਿ ਲਖ ਧਾਵੈ[66] ॥ ਇਕੁ ਤਿਲੁ[67] ਤਾਕਾ[68] ਮਹਲੁ[69] ਨ ਪਾਵੈ ॥ ੧॥ | Myriads[65], myriads, myriads, and laces are keen[66], but none can find even a particle[67] of His[68] mansion[69]. | ਕ੍ਰੋੜਾਂ[65], ਕ੍ਰੋੜਾਂ, ਕ੍ਰੋੜਾਂ ਅਤੇ ਲੱਖਾਂ ਹੀ ਦੌੜ-ਭੱਜ[66] (ਜਤਨ) ਕਰਦੇ ਹਨ, ਪਰ ਕੋਈ ਉਸ[68] ਦੇ ਮੰਦਰ[69] (ਟਿਕਾਣੇ) ਨੂੰ ਭੋਰਾ ਭਰ[67] ਭੀ ਨਹੀਂ ਪਾ ਸਕਦਾ। |
| ਸੁਹਾਵੀ[70] ਕਉਣੁ[71] ਸੁ[72] ਵੇਲਾ[73] ਜਿਤੁ[74] ਪ੍ਰਭ ਮੇਲਾ[75] ॥੧॥ਰਹਾਉ॥ | What[71] is that[72] auspicious moment[73] when[74] the Lord is met[65] ? Pause. | ਉਹ[72] ਕਿਹੜਾ[71] ਮੁਬਾਰਕ[70] ਸਮਾਂ[73] ਹੈ, ਜਦ[74] ਸੁਆਮੀ ਦਾ ਮਿਲਾਪ[75] ਹੁੰਦਾ ਹੈ ? ਠਹਿਰਾਉ। |
| ਲਾਖ ਭਗਤ[76] ਜਾ ਕਉ[77] ਆਰਾਧਹਿ[78] ॥ | Whom[77] lacs of saints[76] meditate[78] upon. | ਜਿਸ[77] ਦਾ, ਲੱਖਾਂ ਹੀ ਸੰਤ[76], ਭਜਨ ਕਰਦੇ[78] ਹਨ। |
| ਲਾਖ ਤਪੀਸਰ ਤਪੁ[79] ਹੀ ਸਾਧਹਿ[80] ॥ | Lakhs of penitents do[90] penance[79] unto Him. | ਲੱਖਾਂ ਹੀ ਤੱਪੀ ਉਸ ਦੀ ਤਪੱਸਿਆ[79] ਕਰਦੇ[80] ਹਨ। |
| ਲਾਖ ਜੋਗੀਸਰ ਕਰਤੇ[81] ਜੋਗਾ ॥ ਲਾਖ ਭੋਗੀਸਰ[82] ਭੋਗਹਿ[83] ਭੋਗਾ[84] ॥੨॥ | Hundreds of thousands of Yogis practise[81] Yoga. Lacs of persons given to enjoyment[82], enjoy[88] His dainties[84]. | ਲਖੂਖਾਂ ਹੀ ਯੋਗੀ ਯੋਗ ਕਮਾਉਂਦੇ[81] ਹਨ। ਲੱਖਾਂ ਰੱਸੀਏ[82] ਉਸ ਦੀਆਂ ਨਿਆਮਤਾਂ[84] ਨੂੰ ਮਾਣਦੇ[83] ਹਨ। |
| ਘਟਿ ਘਟਿ[85] ਵਸਹਿ[86] ਜਾਣਹਿ ਥੋਰਾ[87] ॥ | He abideth[86] in every heart[85], yet only a few[87] know it. | ਉਹ ਹਰ ਦਿਲ[85] ਅੰਦਰ ਵਸਦਾ[86] ਹੈ, ਪ੍ਰੰਤੂ ਬਹੁਤ ਹੀ ਥੋੜੇ[87] ਇਸ ਨੂੰ ਜਾਣਦੇ ਹਨ। |
| ਹੈ ਕੋਈ ਸਾਜਣੁ[88] ਪਰਦਾ[89] ਤੋਰਾ[90] ॥ | Is there any friend who can rend[90] the screen[89] of separation ? | ਕੀ ਕੋਈ ਐਸਾ ਮਿੱਤ੍ਰ[88] ਹੈ, ਜਿਹੜਾ ਜੁਦਾਈ ਦੇ ਪੜਦੇ[89] ਨੂੰ ਪਾੜ[90] ਦੇਵੇ ? |
| ਕਰਉ ਜਤਨ[91] ਜੇ[92] ਹੋਇ ਮਿਹਰਵਾਨਾ[93] ॥ | If[92] the Lord be kind[93] to me, then alone I can make an effort[91] to meet Him. | ਜੇਕਰ[92] ਸਾਹਿਬ ਮੇਰੇ ਤੇ ਦਇਆਵਾਨ[93] ਹੋ ਜਾਵੇ, ਕੇਵਲ ਤਾਂ ਹੀ ਮੈਂ ਉਸ ਨੂੰ ਮਿਲਣ ਦਾ ਉਪਰਾਲਾ[91] ਕਰ ਸਕਦਾ ਹਾਂ। |
| ਤਾ ਕਉ ਦੇਈ ਜੀਉ[94] ਕੁਰਬਾਨਾ[95] ॥੩॥ | Unto Him I sacrifice[95] my body and soul[94]. | ਉਸ ਉਤੋਂ ਮੈਂ ਆਪਣੀ ਜਿੰਦੜੀ[94] ਘੋਲ ਘੁਮਾਉਂਦਾ[95] ਹਾਂ। |
| ਫਿਰਤ ਫਿਰਤ[99] ਸੰਤਨ ਪਹਿ[96] ਆਇਆ ॥ ਦੂਖ[97] ਭ੍ਰਮੁ[98] ਹਮਾਰਾ[100] ਸਗਲ[2] ਮਿਟਾਇਆ[3] ॥ | After fruitless wanderings[99], I have come to[96] the saints and all[2] my[100] troubles[97] and doubts[98] are dispelled[3]. | ਬਹੁਤੀਆਂ ਟੱਕਰਾਂ ਮਾਰ ਕੇ[99], ਮੈਂ ਸਾਧੂਆਂ ਕੋਲ[96] ਆਇਆ ਹਾਂ ਅਤੇ ਮੇਰੇ[100] ਸਾਰੇ[2] ਦੁੱਖੜੇ[97] ਤੇ ਸੰਦੇਹ[98] ਦੂਰ ਹੋ ਗਏ[3] ਹਨ। |
| ਮਹਲਿ[4] ਬੁਲਾਇਆ[5] ਪ੍ਰਭ ਅੰਮ੍ਰਿਤੁ[8] ਭੂੰਚਾ[6] ॥ ਕਹੁ ਨਾਨਕ ਪ੍ਰਭੁ ਮੇਰਾ ਊਚਾ[7] ॥ ੪॥੧॥ | The Lord has called[5] me to His presence[4] to be blessed with[6] Name Nectar[8]. Says Nanak, my Master is the highest of the high[7]. | ਸੁਧਾਰਸ[8] ਪਾਨ ਕਰਨ[6] ਲਈ ਸੁਆਮੀ ਨੇ ਮੈਨੂੰ ਆਪਣੀ ਹਜ਼ੂਰੀ[4] ਵਿੱਚ ਸੱਦ ਘੱਲਿਆ[5] ਹੈ। ਗੁਰੂ ਜੀ ਆਖਦੇ ਹਨ ਮੇਰਾ ਮਾਲਕ ਪਰਮ ਬੁਲੰਦ ਹੈ। |
| ਵਡਹੰਸੁ ਮਹਲਾ ੫ ॥ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ। |
| ਧਨੁ[9] ਸੁ[10] ਵੇਲਾ[12] ਜਿਤੁ[13] ਦਰਸਨੁ[14] ਕਰਣਾ ॥ | Auspicious[9] is the[10] time[12], when[13] I see[14] my Satguru. | ਮੁਬਾਰਕ[9] ਹੈ ਉਹ[10] ਸਮਾਂ[12] ਜਦ[13] ਮੈਂ ਆਪਣੇ ਸਤਿਗੁਰਾਂ ਨੂੰ ਦੇਖਦਾ[14] ਹਾਂ। |

| | | |
|---|---|---|
| ਹਉ ਬਲਿਹਾਰੀ[15] ਸਤਿਗੁਰ ਚਰਣਾ[16] ॥੧॥ | I am a sacrifice[15] unto the feet[16] of the True Guru. | ਮੈਂ ਸੱਚੇ ਗੁਰਾਂ ਦੇ ਚਰਣਾਂ[16] ਤੋਂ ਕੁਰਬਾਨ[15] ਜਾਂਦਾ ਹਾਂ। |
| ਜੀਅ[17] ਕੇ ਦਾਤੇ[18] ਪ੍ਰੀਤਮ[19] ਪ੍ਰਭ ਮੇਰੇ ॥ | O my Beloved[19] Lord, Thou art the Giver[18] of life[17] unto me. | ਹੇ ਮੇਂਡੇ ਪਿਆਰੇ[19] ਸਾਹਿਬ ! ਤੂੰ ਮੈਨੂੰ ਜਿੰਦ-ਜਾਨ[17] ਦੇਣ ਵਾਲਾ[18] ਹੈਂ। |
| ਮਨੁ ਜੀਵੈ ਪ੍ਰਭ ਨਾਮੁ ਚਿਤੇਰੇ[20] ॥੧॥ਰਹਾਉ॥ | My soul is sustained by reflecting over[20] the Name of the Lord. Pause. | ਮੇਰੀ ਜਿੰਦੜੀ ਸੁਆਮੀ ਦੇ ਨਾਮ ਦਾ ਸਿਮਰਨ ਕਰਨ ਦੁਆਰਾ[20] ਜੀਉਂਦੀ ਹੈ। ਠਹਿਰਾਉ। |
| ਸਚੁ ਮੰਤ੍ਰੁ[21] ਤੁਮਾਰਾ ਅੰਮ੍ਰਿਤ[22] ਬਾਣੀ[23] ॥ | True is thy instruction[21] and ambrosial[22] thine hymns[23]. | ਸੱਚੀ ਹੈ ਤੇਰੀ ਸਿੱਖਿਆ[21] ਅਤੇ ਸੁਧਾ-ਸਰੂਪ[22] ਹੈ ਤੇਰੀ ਗੁਰਬਾਣੀ[23]। |
| ਸੀਤਲ[24] ਪੁਰਖ[25] ਦ੍ਰਿਸਟਿ[26] ਸੁਜਾਣੀ[27] ॥੨॥ | Tranquilising[24] is the sight of Thy person[25] and omniscient[27] Thy eye[26]. | ਠੰਡ ਪਾਉਣ[24] ਵਾਲਾ ਹੈ ਤੇਰਾ ਦੀਦਾਰ[25] ਅਤੇ ਸਰਵੱਗ[27] ਤੇਰੀ ਨਜ਼ਰ[26]। |
| ਸਚੁ ਹੁਕਮੁ[28] ਤੁਮਾਰਾ ਤਖਤਿ[29] ਨਿਵਾਸੀ[30] ॥ | True is Thy command[28] and Thou sittest[30] on the Eternal Throne[29]. | ਸੱਚਾ ਹੈ ਤੇਰਾ ਫੁਰਮਾਨ[28] ਅਤੇ ਤੂੰ ਸਾਹਿਬ ਦੇ ਸਦੀਵੀ ਰਾਜ-ਸਿੰਘਾਸਣ[29] ਤੇ ਬੈਠਦਾ[30] ਹੈਂ। |
| ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ[31] ॥੩॥ | My Eternal[31] Lord comest and goest not. | ਮੇਂਡਾ ਅਮਰ[31] ਸੁਆਮੀ ਆਉਂਦਾ ਤੇ ਜਾਂਦਾ ਨਹੀਂ। |
| ਤੁਮ ਮਿਹਰਵਾਨ[32] ਦਾਸ[33] ਹਮ[34] ਦੀਨਾ[35] ॥ | Thou art the merciful[32] Master and I[34] am a meek[35] attendant[33] of Thine. | ਤੂੰ ਦਇਆਵਾਨ[32] ਮਾਲਕ ਹੈਂ ਅਤੇ ਮੈਂ[34] ਤੇਰਾ ਮਸਕੀਨ[35] ਸੇਵਕ[33] ਹਾਂ। |
| ਨਾਨਕ ਸਾਹਿਬੁ ਭਰਪੁਰਿ[36] ਲੀਣਾ[37] ॥੪॥੨॥ | Nanak, the Lord is totally[36] pervading[37] everywhere. | ਨਾਨਕ, ਪ੍ਰਭੂ ਹਰ ਥਾਂ ਪਰੀਪੂਰਨ[36] ਹੋ ਰਮ ਰਿਹਾ[37] ਹੈ। |
| ਵਡਹੰਸੁ ਮਹਲਾ ੫ ॥ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ। |
| ਤੂ ਬੇਅੰਤੁ[38] ਕੋ ਵਿਰਲਾ[39] ਜਾਣੈ ॥ | Thou art infinite[38] but only a few[39] know Thee. | ਤੂੰ ਅਨੰਤ[38] ਹੈਂ, ਬਹੁਤ ਹੀ ਥੋੜੇ[39] ਤੈਨੂੰ ਜਾਣਦੇ ਹਨ। |
| ਗੁਰ ਪ੍ਰਸਾਦਿ[40] ਕੋ[41] ਸਬਦਿ[42] ਪਛਾਣੈ[43] ॥੧॥ | By the Guru's grace[40], Thou art revealed[43] to some[41], through the Word[42]. | ਗੁਰਾਂ ਦੀ ਦਇਆ ਦੁਆਰਾ[40], ਨਾਮ[42] ਰਾਹੀਂ ਕੋਈ ਟਾਂਵਾਂ-ਟੱਲਾ ਹੀ ਸਾਹਿਬ ਨੂੰ ਸਿੰਞਾਣਦਾ[43] ਹੈ। |
| ੫੬੩ | | |
| ਸੇਵਕ[44] ਕੀ ਅਰਦਾਸਿ[45] ਪਿਆਰੇ[46] ॥ | My Beloved[46], Thy serf[44] makes a supplication[45]. | ਮੇਰੇ ਪ੍ਰੀਤਮ[46] ! ਤੇਰਾ ਨਫਰ[44] ਇਕ ਬੇਨਤੀ[45] ਕਰਦਾ ਹੈ। |
| ਜਪਿ[47] ਜੀਵਾ[49] ਪ੍ਰਭ ਚਰਣ[48] ਤੁਮਾਰੇ ॥੧॥ਰਹਾਉ॥ | My Lord, I live[49] by dwelling[47] on Thy feet[48]. Pause. | ਹੇ ਸੁਆਮੀ ! ਮੈਂ ਤੇਰੇ ਚਰਣਾਂ[48] ਦਾ ਆਰਾਧਨ ਕਰਨ ਦੁਆਰਾ[47] ਜੀਉਂਦਾ[49] ਹਾਂ। ਠਹਿਰਾਉ। |
| ਦਇਆਲ[50] ਪੁਰਖ[51] ਮੇਰੇ ਪ੍ਰਭ ਦਾਤੇ[52] ॥ ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ[53] ॥੨॥ | O my beneficient[52] Lord of Compassion[50], my Master[51], He alone realises[53] Thee, whom Thou so blesseth. | ਹੇ ਮੇਂਡੇ ਮਿਹਰਬਾਨ[50] ਬਲਵਾਨ[51] ਅਤੇ ਦਾਤਾਰ[52] ਸੁਆਮੀ ! ਕੇਵਲ ਉਹੀ ਤੈਨੂੰ ਜਾਣਦਾ[53] ਹੈ ਜਿਸ ਨੂੰ ਤੂੰ ਆਪਣੀ ਸੋਝੀ ਦੀ ਬਖਸ਼ਸ਼ ਕਰਦਾ ਹੈ। |
| ਸਦਾ ਸਦਾ[54] ਜਾਈ ਬਲਿਹਾਰੀ[55] ॥ | Ever and forever[54] I am a sacrifice[55] unto Thee. | ਹਮੇਸ਼ਾ[54] ! ਹਮੇਸ਼ਾ ! ਮੈਂ ਤੇਰੇ ਉਤੋਂ ਕੁਰਬਾਨ[55] ਹਾਂ। |

| | | |
|---|---|---|
| ਇਤ[56] ਉਤ[59] ਦੇਖਉ[57] ਓਟ ਤੁਮਾਰੀ[58] ॥੩॥ | Here[56] and hereafter[59], I seek[57] Thy protection. | ਏਥੇ[56] ਤੇ ਉਥੇ[59] ਮੈਂ ਤੇਰੀ ਪਨਾਹ[58] ਦਾ ਤਲਬਗਾਰ[57] ਹਾਂ । |
| ਮੋਹਿ ਨਿਰਗੁਣ[60] ਗੁਣੁ ਕਿਛੂ ਨ ਜਾਤਾ[61] ॥ | I am sans any merit[60], O Lord, and I know[61] not Thy merits. | ਮੈਂ ਨੇਕੀ-ਵਿਹੂਣ[60] ਹਾਂ, ਮੈਂ ਤੇਰੀ ਕਿਸੇ ਭੀ ਨੇਕੀ ਨੂੰ ਨਹੀਂ ਜਾਣ ਸਕਿਆ[61] । |
| ਨਾਨਕ ਸਾਧੂ ਦੇਖਿ ਮਨੁ ਰਾਤਾ ॥੪॥੩॥ | Seeing Thy saint, my soul is imbued with Thee, O Nanak. | ਤੇਰੇ ਸੰਤ ਨੂੰ ਵੇਖ ਕੇ ਮੇਰੀ ਆਤਮਾ ਤੇਰੇ ਨਾਲ ਰੰਗੀ ਗਈ ਹੈ, ਹੇ ਨਾਨਕ ! |
| ਵਡਹੰਸੁ ਮ: ੫ ॥ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ । |
| ਅੰਤਰਜਾਮੀ[62] ਸੋ[63] ਪ੍ਰਭੁ ਪੂਰਾ[64] ॥ | He[63], the Perfect[64] Lord can read the hearts[62]. | ਉਹ[63] ਪੂਰਨ[64] ਪ੍ਰਭੂ ਦਿਲਾਂ ਦੀਆਂ ਜਾਨਣ ਵਾਲਾ[62] ਹੈ । |
| ਦਾਨੁ[65] ਦੇਇ[66] ਸਾਧੂ ਕੀ ਧੂਰਾ[67] ॥੧॥ | He blesses[66] one with the gift[65] of the dust[67] of saints' feet. | ਉਹ ਬੰਦੇ ਨੂੰ ਸੰਤਾਂ ਦੇ ਪੈਰਾਂ ਦੀ ਧੂੜ[67] ਦੀ ਦਾਤ[65] ਦਿੰਦਾ[66] ਹੈ । |
| ਕਰਿ[68]ਕਿਰਪਾ[69] ਪ੍ਰਭ ਦੀਨ[70] ਦਇਆਲਾ[71] ॥ | O my Master, merciful[71] to the meek[70], show[68] mercy[69] unto me. | ਹੇ ਮਸਕੀਨਾਂ[70] ਉੱਤੇ ਮਿਹਰਬਾਨ[71] ! ਪ੍ਰਭੂ, ਮੇਰੇ ਉੱਤੇ ਰਹਿਮਤ[69] ਧਾਰ[68] । |
| ਤੇਰੀ ਓਟ[72] ਪੂਰਨ[73] [74]ਗੋਪਾਲਾ[75] ॥੧॥ਰਹਾਉ॥ | I seek Thy protection[72], O Perfect[73] Cherisher[75] of the world[74]. Pause. | ਮੈਂ ਤੇਰੀ ਪਨਾਹ[72] ਲੋੜਦਾ ਹਾਂ, ਹੇ ਜੱਗ[74] ਨੂੰ ਪੂਰੀ ਤਰ੍ਹਾਂ[73] ਪਾਲਣਹਾਰ[75] ! ਠਹਿਰਾਉ । |
| ਜਲਿ[76] ਥਲਿ[77] ਮਹੀਅਲਿ[78] ਰਹਿਆ ਭਰਪੂਰੇ[79] ॥ | The Lord is fully filling[79] the ocean[76], earth[77] and the sky[78]. | ਵਾਹਿਗੁਰੂ ਸਮੁੰਦਰ[76] ਧਰਤੀ[77] ਤੇ ਆਸਮਾਨ[78] ਨੂੰ ਪੂਰੀ ਤਰ੍ਹਾਂ ਭਰ ਰਿਹਾ[79] ਹੈ । |
| ਨਿਕਟਿ[50] ਵਸੈ[82] ਨਾਹੀ ਪ੍ਰਭੁ ਦੂਰੇ[81] ॥੨॥ | The Lord abides[82] near[80] and is not far off[81]. | ਸੁਆਮੀ ਨੇੜੇ[80] ਵਸਦਾ[82] ਹੈ, ਦੁਰੇਡੇ[81] ਨਹੀਂ । |
| ਜਿਸ ਨੋ ਨਦਰਿ[83] ਕਰੇ[84] ਸੋ[85] ਧਿਆਏ[86] ॥ ਆਠ ਪਹਰ ਹਰਿ ਕੇ ਗੁਣ[87] ਗਾਏ[88] ॥੩॥ | Whom He blesses[84] with[85] His mercy[83], remembers[86] Him and all the eight watches through, he[85] sings[88] God's praise[87]. | ਜਿਸ ਉੱਤੇ ਉਹ ਮਿਹਰ[83] ਧਾਰਦਾ[84] ਹੈ, ਉਹ[85] ਉਸ ਨੂੰ ਸਿਮਰਦਾ[86] ਹੈ ਅਤੇ ਅੱਠੇ ਪਹਿਰ ਹੀ ਵਾਹਿਗੁਰੂ ਦੀ ਕੀਰਤੀ[87] ਗਾਇਨ ਕਰਦਾ[88] ਹੈ । |
| ਜੀਅ[89] ਜੰਤ[90] ਸਗਲੇ ਪ੍ਰਤਿਪਾਰੇ[91] ॥ | All the men[89] and other beings[90] He sustains[91], | ਸਾਰਿਆਂ ਬੰਦਿਆਂ[39] ਤੇ ਹੋਰ ਜਾਨਦਾਰਾਂ[90] ਨੂੰ ਉਹ ਪਾਲਦਾ[91] ਹੈ । |
| ਸਰਨਿ[92] ਪਰਿਓ ਨਾਨਕ ਹਰਿ ਦੁਆਰੇ[93] ॥੪॥੪॥ | Nanak has taken refuge[92] at God's door[93]. | ਨਾਨਕ ਨੇ ਵਾਹਿਗੁਰੂ ਦੇ ਦਰ[93] ਦੀ ਪਨਾਹ[92] ਲਈ ਹੈ । |
| ਵਡਹੰਸੁ ਮਹਲਾ ੫ ॥ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ । |
| ਤੂ [94]ਵਡਦਾਤਾ[95] ਅੰਤਰ ਜਾਮੀ[96] ॥ | Thou art the great[94] Giver[95] and the All-knowing[96]. | ਤੂੰ ਭਾਰਾ[94] ਦਾਤਾਰ[95] ਅਤੇ ਦਿਲਾਂ ਦੀਆਂ ਜਾਨਣਹਾਰ[96] ਹੈਂ । |
| ਸਭ ਮਹਿ[97] ਰਵਿਆ[98] ਪੂਰਨ[99]ਪ੍ਰਭ ਸੁਆਮੀ[100]॥੧॥ | Pervadest[98] all[97], the Perfect[99] Lord Master[100]. | ਸਾਰਿਆ ਅੰਦਰ[97] ਸਮਾਇਆ ਹੋਇਆ[98] ਹੈ ਪੂਰਾ[99] ਪ੍ਰਮੇਸਰ ਪਾਰਬ੍ਰਹਮ[100] । |
| ਮੇਰੇ ਪ੍ਰਭ ਪ੍ਰੀਤਮ[2] ਨਾਮੁ ਅਧਾਰਾ[3] ॥ | The Name of my beloved Lord[2], is my only support[3]. | ਮੈਨੂੰ ਆਪਣੇ ਪਿਆਰੇ[2] ਪ੍ਰਭੂ ਦੇ ਨਾਮ ਦਾ ਆਸਰਾ[3] ਹੈ । |

| | | |
|---|---|---|
| ਹਉ ਸੁਣਿ ਸੁਣਿ[4] ਜੀਵਾ[5] ਨਾਮੁ ਤੁਮਾਰਾ ॥੧॥ਰਹਾਉ॥ | I live[5] by ever hearing[4] Thy Name. Pause. | ਤੇਰਾ ਨਾਮ ਇੱਕ ਰਸ ਸੁਣਣ[4] ਕਰਨ ਦੁਆਰਾ ਮੈਂ ਜੀਊਂਦਾ[5] ਹਾਂ । ਠਹਿਰਾਉ । |
| ਤੇਰੀ ਸਰਣਿ[6] ਸਤਿਗੁਰ ਮੇਰੇ ਪੂਰੇ[7] ॥ | My perfect[7] True Guru, I have entered Thy asylum[6]. | ਮੈਂਡੇ ਪੂਰਨ[7] ਸੱਚੇ ਗੁਰੂ, ਮੈਂ ਤੇਰੀ ਓਟ[6] ਲਈ ਹੈ । |
| ਮਨੁ ਨਿਰਮਲੁ[8] ਹੋਇ ਸੰਤਾ ਧੂਰੇ[9] ॥੨॥ | With the dust[9] of saints' feet, my mind becomes pure[8]. | ਸਾਧੂਆਂ ਦੇ ਚਰਣਾਂ ਦੀ ਧੂੜ[9] ਨਾਲ ਮੇਰਾ ਚਿੱਤ ਪਵਿੱਤ੍ਰ[8] ਹੋ ਜਾਂਦਾ ਹੈ । |
| ਚਰਨ[10] ਕਮਲ[12] ਹਿਰਦੈ[13] [14]ਉਰਿ ਧਾਰੇ[15] ॥ | Lord's lotus[12] feet[10] I have enshrined[15] in my mind[13] and heart[14]. | ਸਾਈਂ ਦੇ ਕੰਵਲ[12]-ਰੂਪੀ ਚਰਣ[10] ਮੈਂ ਆਪਣੇ ਮਨ[13] ਤੇ ਦਿਲ[14] ਵਿੱਚ ਟਿਕਾ[15] ਲਏ ਹਨ । |
| ਤੇਰੇ ਦਰਸਨ[16] ਕਉ ਜਾਈ ਬਲਿਹਾਰੇ[17] ॥੩॥ | Unto Thy vision[16], I am a sacrifice[17]. | ਤੇਰੇ ਦੀਦਾਰ[16] ਉੱਤੋਂ ਮੈਂ ਕੁਰਬਾਨ[17] ਜਾਂਦਾ ਹਾਂ । |
| ਕਰਿ ਕਿਰਪਾ[18] ਤੇਰੇ ਗੁਣ[19] ਗਾਵਾ[20] ॥ | Have mercy[18] on me, that I may sing[20] Thy praise[19]. | ਮੇਰੇ ਉੱਤੇ ਤਰਸ[18] ਕਰ, ਤਾਂ ਜੋ ਮੈਂ ਤੇਰਾ ਜੱਸ[19] ਗਾਇਨ[20] ਕਰਾਂ । |
| ਨਾਨਕ ਨਾਮੁ ਜਪਤ[21] ਸੁਖੁ[22] ਪਾਵਾ ॥੪॥੫॥ | Nanak, remembering[21] the Name, I obtain peace[22]. | ਨਾਨਕ, ਨਾਮ ਦਾ ਸਿਮਰਨ[21] ਕਰਨ ਦੁਆਰਾ ਮੈਂ ਆਰਾਮ[22] ਪਾਉਂਦਾ ਹਾਂ । |
| ਵਡਹੰਸੁ ਮਹਲਾ ੫ ॥ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ |
| ਸਾਧਸੰਗਿ ਹਰਿ ਅੰਮ੍ਰਿਤੁ[23] ਪੀਜੈ[24] ॥ | In the society of saints, drink[24] thou the God's Nectar[23]. | ਸਤਿਸੰਗਤ ਅੰਦਰ ਤੂੰ ਵਾਹਿਗੁਰੂ ਦਾ ਸੁਧਾਰਸ[23] ਪਾਨ[24] ਕਰ । |
| ਨਾ ਜੀਉ[25] ਮਰੈ ਨ ਕਬਹੂ[27] ਛੀਜੈ[26] ॥੧॥ | The soul[25] dies not, nor does it ever[27] withers away[26]. | ਆਤਮਾ[25] ਨਾ ਮਰਦੀ ਹੈ, ਨਾ ਹੀ ਇਹ ਕਦੇ[27] ਨਾਸ ਹੁੰਦੀ[26] ਹੈ । |
| [28]ਵਡਭਾਗੀ[29] ਗੁਰੁ ਪੂਰਾ[30] ਪਾਈਐ ॥ | By great[28] good fortune[29] the perfect[30] Guru is attained. | ਭਾਰੇ[28] ਚੰਗੇ ਨਸੀਬਾਂ[29] ਦੁਆਰਾ ਪੂਰਨ[30] ਗੁਰੂ ਜੀ ਪ੍ਰਾਪਤ ਹੁੰਦੇ ਹਨ । |
| ਗੁਰ ਕਿਰਪਾ[31] ਤੇ ਪ੍ਰਭੂ ਧਿਆਈਐ[32] ॥੧॥ਰਹਾਉ॥ | By Guru's grace[31], the Lord is meditated upon[32]. Pause, | ਗੁਰਾਂ ਦੀ ਦਇਆ[31] ਦੁਆਰਾ ਸਾਹਿਬ ਸਿਮਰਿਆ ਜਾਂਦਾ[32] ਹੈ । ਠਹਿਰਾਉ । |
| ਰਤਨ[33] ਜਵਾਹਰ[34] ਹਰਿ ਮਾਣਕ[35] ਲਾਲਾ[36] ॥ | The Lord is the jewel[33], pearl[34], gem[35] and the ruby[36]. | ਸੁਆਮੀ ਜਵੇਹਰ[33], ਮੋਤੀ[34], ਹੀਰਾ[35] ਅਤੇ ਮਣੀ[36] ਹੈ । |
| ਸਿਮਰਿ[37] ਸਿਮਰਿ ਪ੍ਰਭ ਭਏ ਨਿਹਾਲਾ[38] ॥੨॥ | By reflecting[37] and pondering over the Lord, I am enraptured[38]. | ਸਾਹਿਬ ਦਾ ਚਿੰਤਨ[37] ਤੇ ਆਰਾਧਨ ਕਰਨ ਦੁਆਰਾ ਮੈਂ ਪਰਮ ਪ੍ਰਸੰਨ[38] ਹੋ ਗਿਆ ਹਾਂ । |
| ਜਤ ਕਤ[39] ਪੇਖਉ[40] ਸਾਧੂ ਸਰਣਾ[41] ॥ | Where-so-ever[39] I see[40], I see no other shelter[41] but of the saints. | ਜਿੱਥੇ ਕਿਤੇ ਭੀ[39] ਮੈਂ ਵੇਖਦਾ[40] ਹਾਂ, ਮੈਂ ਸੰਤਾਂ ਦੇ ਬਿਨਾ ਹੋਰ ਕੋਈ ਪਨਾਹ[41] ਨਹੀਂ ਵੇਖਦਾ । |
| ਹਰਿ ਗੁਣ[42] ਗਾਇ ਨਿਰਮਲ[43] ਮਨੁ[44] ਕਰਣਾ ॥੩॥ | By singing God's praise[42], the soul[44] is rendered immaculately pure[43]. | ਵਾਹਿਗੁਰੂ ਦਾ ਜੱਸ[42] ਗਾਇਨ ਕਰਨ ਦੁਆਰਾ ਆਤਮਾ[44] ਪਵਿੱਤ੍ਰ[43] ਹੋ ਜਾਂਦੀ ਹੈ । |
| ਘਟ ਘਟ[45] ਅੰਤਰਿ[46] ਮੇਰਾ ਸੁਆਮੀ[47] ਵੂਠਾ[48] ॥ | In[46] all the hearts[45] abides[48] the Lord, my Master[47]. | ਸਾਰਿਆਂ ਦਿਲਾਂ[45] ਅੰਦਰ[46] ਮੈਂਡਾ ਮਾਲਕ[47], ਸੁਆਮੀ ਵਸਦਾ[48] ਹੈ । |

| | | |
|---|---|---|
| ਨਾਨਕ ਨਾਮੁ ਪਾਇਆ ਪ੍ਰਭੁ ਤੂਠਾ[49] ॥੪॥੬॥ | Nanak, when the Lord is in mercy[49], the mortal is blessed with the Name. | ਨਾਨਕ ਜਦ ਪ੍ਰਭੂ ਮਿਹਰਬਾਨ[49] ਹੁੰਦਾ ਹੈ, ਪ੍ਰਾਣੀ ਨੂੰ ਨਾਮ ਦੀ ਦਾਤ ਮਿਲ ਜਾਂਦੀ ਹੈ। |
| ਵਡਹੰਸੁ ਮਹਲਾ ੫ ॥ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ। |
| ਵਿਸਰੁ[50] ਨਾਹੀ ਪ੍ਰਭ ਦੀਨ[51] ਦਇਆਲਾ[52] ॥ | Forsake[50] me not, O Lord, merciful[52] to the meek[51]. | ਮੈਨੂੰ ਨਾ ਭੁਲਾ[50], ਹੇ ਮਸਕੀਨਾਂ[51] ਦੇ ਮਿਹਰਬਾਨ[52] ਸੁਆਮੀ ! |
| ਤੇਰੀ ਸਰਣਿ[53] ਪੂਰਨ[54] ਕਿਰਪਾਲਾ[55] ॥੧॥ਰਹਾਉ॥ | Thy refuge[53] I seek, O Thou the Omnipresent[54], compassionate[55] Lord. Pause. | ਮੈਂ ਤੇਰੀ ਸ਼ਰਨਾਗਤ[53] ਲੋੜਦਾ ਹਾਂ, ਹੇ ਸਰਬ-ਵਿਆਪਕ[54] ਦਿਆਲੂ[55] ਸੁਆਮੀ ! ਠਹਿਰਾਉ। |
| ਜਹ[56] ਚਿਤਿ[57] ਆਵਹਿ ਸੋ[58] ਥਾਨੁ[59] ਸੁਹਾਵਾ[60] ॥ ਜਿਤੁ ਵੇਲਾ[61] ਵਿਸਰਹਿ[62] ਤਾ[63] ਲਾਗੈ ਹਾਵਾ[64] ॥੧॥ | Wherever[56] Thou art remembered[57], that[58] place[59] is blessed[60]. The moment[61] I forget[62] Thee, repentence[64] overtakes me, then[63]. | ਜਿੱਥੇ ਕਿਤੇ[56] ਤੂੰ ਸਿਮਰਿਆ ਜਾਂਦਾ[57] ਹੈਂ, ਉਹ[58] ਜਗ੍ਹਾ[59] ਸੁੰਦਰ[60] ਹੈ। ਜਿਸ ਸਮੇਂ[61] ਮੈਂ ਤੈਨੂੰ ਭੁੱਲ ਜਾਂਦਾ[62] ਹਾਂ ਤਦ[63] ਮੈਨੂੰ ਝੋਰਾ[64] ਲੱਗ ਜਾਂਦਾ ਹੈ। |
| ਤੇਰੇ ਜੀਅ[65] ਤੂ ਸਦ[66] ਹੀ ਸਾਥੀ[67] ॥ ਸੰਸਾਰ[68] ਸਾਗਰ[69] ਤੇ ਕਢੁ[70] ਦੇ[71] ਹਾਥੀ[72] ॥੨॥ | All creatures[65] are Thine, and Thou art their constant[66] companion[67]. Giving[71] me Thy hand[72], pull[70] me out of the world[68] ocean[69]. | ਸਭ ਜੀਵ[65] ਤੇਂਡੇ ਹਨ, ਤੂੰ ਉਨ੍ਹਾਂ ਦਾ ਹਮੇਸ਼ਾਂ[66] ਹੀ ਸੰਗੀ[67] ਹੈਂ। ਆਪਣਾ ਹੱਥ[72] ਮੈਨੂੰ ਫੜਾਅ[71] ਕੇ ਮੈਨੂੰ ਜਗਤ[68] ਸਮੁੰਦਰ[69] ਤੋਂ ਬਾਹਰ ਕੱਢ ਲੈ[70]। |
| ਆਵਣੁ[73] ਜਾਣਾ[74] ਤੁਮ ਹੀ ਕੀਆ[75] ॥ | Coming[73] and going[74], Thou hast ordained[75]. | ਜੰਮਣਾ[73] ਅਤੇ ਮਰਣਾ[74] ਤੈਂ ਹੀ ਨਿਯੁਕਤ[75] ਕੀਤਾ ਹੈ। |
| ਜਿਸੁ ਤੂ ਰਾਖਹਿ[76] ਤਿਸੁ[77] ਦੂਖੁ[78] ਨ ਥੀਆ[79] ॥੩॥ | He, whom Thou savest[76], him[77] no anguish[78] overtakes[79]. | ਜਿਸ ਦੀ ਤੂੰ ਰਖਿਆ[76] ਕਰਦਾ ਹੈਂ, ਉਸ ਨੂੰ[77] ਕੋਈ ਕਸ਼ਟ[78] ਨਹੀਂ ਵਿਆਪਦਾ[79]। |
| ਤੂ ਏਕੋ[80] ਸਾਹਿਬੁ[81] ਅਵਰੁ ਨ ਹੋਰਿ ॥ | Thou art the only[80] Lord[81]; there is not any other. | ਕੇਵਲ[80] ਤੂੰ ਹੀ ਮਾਲਕ[81] ਹੈਂ, ਹੋਰ ਕੋਈ ਹੈ ਹੀ ਨਹੀਂ। |
| ਬਿਨਉ[82] ਕਰੈ ਨਾਨਕੁ ਕਰ[83] ਜੋਰਿ[84] ॥੪॥੭॥ | With joined[84] hands[83], Nanak makes a supplication[82] before Thee. | ਹੱਥ[83] ਜੋੜ ਕੇ ਨਾਨਕ ਤੇਰੇ ਮੂਹਰੇ ਪ੍ਰਾਰਥਨਾ[82] ਕਰਦਾ ਹੈ। |
| ਵਡਹੰਸੁ ਮ: ੫ ॥ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ। |
| ਤੂ ਜਾਣਾਇਹਿ[85] ਤਾ[86] ਕੋਈ[87] ਜਾਣੈ[88] ॥ | When Thou revealest[85] Thyself, only then[86], can any one[87] know[88] Thee. | ਜਦ ਤੂੰ ਆਪਣਾ ਆਪ ਦਰਸਾਉਂਦਾ[85] ਹੈਂ, ਕੇਵਲ ਤਦ[86] ਹੀ ਕੋਈ ਜਣਾ[87] ਤੈਨੂੰ ਜਾਣ ਸਕਦਾ[88] ਹੈ। |
| ਤੇਰਾ ਦੀਆ[89] ਨਾਮੁ ਵਖਾਣੈ[90] ॥੧॥ | He then repeats[90] the Name given[89] by Thee. | ਫਿਰ ਉਹ ਤੇਰੇ ਦਿਤੇ[89] ਹੋਏ ਨਾਮ ਦਾ ਜਾਪ ਕਰਦਾ[90] ਹੈ। |
| ੫੬੪ | | |
| ਤੂ ਅਚਰਜੁ[91] ਕੁਦਰਤਿ[92] ਤੇਰੀ ਬਿਸਮਾ[93] ॥੧॥ਰਹਾਉ॥ | Thou art wondrous[91] and astounding[93] is Thy Omnipotence[92], O Lord. Pause. | ਤੂੰ ਅਸਚਰਜ[91] ਹੈਂ ਅਤੇ ਅਦਭੁਤ[93] ਹੈ ਤੇਰੀ ਅਪਾਰ ਸ਼ਕਤੀ[92], ਹੇ ਸਾਹਿਬ ! ਠਹਿਰਾਉ ! |
| ਤੁਧੁ ਆਪੇ[94] ਕਾਰਣੁ[95] ਆਪੇ ਕਰਣਾ[96] ॥ | Thou Thyself[94] art the cause[95] and Thyself the Doer[96] | ਤੂੰ ਆਪ ਹੀ ਸਬੱਬ[95] ਹੈਂ ਅਤੇ ਆਪ ਹੀ ਕਰਨ ਵਾਲਾ[96]। |

| | | |
|---|---|---|
| ਹੁਕਮੇ[97] ਜੰਮਣੁ[98] ਹੁਕਮੇ ਮਰਣਾ[99] ॥੨॥ | In Thy will[97] is the birth[98] and in Thy will the death[99]. | ਤੇਰੀ ਰਜ਼ਾ[97] ਵਿੱਚ ਪੈਦਾਇਸ਼[98] ਹੈ ਅਤੇ ਤੇਰੀ ਰਜ਼ਾ ਵਿੱਚ ਹੀ, ਮੌਤ[99] । |
| ਨਾਮੁ ਤੇਰਾ ਮਨ[100] ਤਨ[2] ਆਧਾਰੀ[3] ॥ | Thy Name is the support[3] of my soul[100] and body[2]. | ਤੇਰਾ ਨਾਮ ਮੇਰੀ ਜਿੰਦੜੀ[100] ਤੇ ਦੇਹ[2] ਦਾ ਆਸਰਾ[3] ਹੈ। |
| ਨਾਨਕ ਦਾਸੁ[4] ਬਖਸੀਸ[5] ਤੁਮਾਰੀ ॥੩॥੮॥ | For Nanak, Thy slave, this is Thy beneficence[5], O Lord. | ਤੇਰੇ ਗੋਲੇ[4] ਨਾਨਕ ਲਈ, ਹੇ ਸਾਹਿਬ ! ਇਹ ਤੇਰੀ ਇਕ ਦਾਤ[5] ਹੈ । |
| ਵਡਹੰਸੁ ਮਹਲਾ ੫ ਘਰੁ ੨ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਮੇਰੈ ਅੰਤਰਿ[6] ਲੋਚਾ[7] ਮਿਲਣ ਕੀ ਪਿਆਰੇ[8] ਹਉ ਕਿਉ[9] ਪਾਈ ਗੁਰ ਪੂਰੇ[10] ॥ | Within[6] me is the desire[7] to meet my beloved Lord[8], the perfect Guru[10]. How[9] can I attain unto Him. | ਮੇਰੇ ਅੰਦਰ[6] ਆਪਣੇ ਪ੍ਰੀਤਮ[8] ਨੂੰ ਮਿਲਣ ਦੀ ਚਾਹ ਹੈ। ਮੈਂ ਆਪਣੇ ਪੂਰਨ[10] ਗੁਰਾਂ ਨੂੰ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹਾਂ ? |
| ਜੇ[12] ਸਉ[13]ਖੇਲ[14] ਖੇਲਾਈਐ ਬਾਲਕੁ[15] ਰਹਿ ਨ ਸਕੈ ਬਿਨੁ ਖੀਰੇ[16] ॥ | Even though[12] hundreds[13] of amusements[14] be afforded to a child[15], it cannot live without milk[16]. | ਭਾਵੇਂ[12] ਸੈਂਕੜੇ[13] ਹੀ ਦਿਲ ਪਰਚਾਵਿਆਂ[14] ਵਿੱਚ ਬੱਚੇ[15] ਨੂੰ ਲਾਇਆ ਜਾਵੇ, ਪ੍ਰੰਤੂ ਉਹ ਦੁੱਧ[16] ਬਿਨਾ ਰਹਿ ਨਹੀਂ ਸਕਦਾ। |
| ਮੇਰੈ ਅੰਤਰਿ[17] ਭੁਖ[18] ਨ ਉਤਰੈ[19] [20]ਅੰਮਾਲੀ[21] ਜੇ ਸਉ ਭੋਜਨ[22] ਮੈ ਨੀਰੇ[23] ॥ | My inner[17] hunger[18] is sated[19] not, O[20] my mate[21], even though I be served[23] with hundreds of dishes[22]. | ਮੇਰੇ ਅੰਦਰ[17] ਦੀ ਖੁਧਿਆ[18] ਦੂਰ[19] ਨਹੀਂ ਹੁੰਦੀ, ਹੇ[20] ਮੇਰੀ ਸਹੀਏ[21] ! ਭਾਵੇਂ ਮੇਰੇ ਲਈ ਸੈਂਕੜੇ ਖਾਣੇ[27] ਪਰੋਸੇ[23] ਜਾਣ । |
| ਮੇਰੈ ਮਨਿ[24] ਤਨਿ[25] ਪ੍ਰੇਮੁ[26] ਪਿਰੰਮ[27] ਕਾ ਬਿਨੁ ਦਰਸਨ[28] ਕਿਉ[31] ਮਨੁ[29] ਧੀਰੇ[30] ॥੧॥ | Within my soul[24] and body[25] is the love[26] of my Beloved[27]. How[31] can my heart[29] be comforted[30] without seeing[28] Him ? | ਮੇਰੀ ਆਤਮਾ[24] ਤੇ ਦੇਹ[25] ਅੰਦਰ ਆਪਣੇ ਪ੍ਰੀਤਮ[27] ਦਾ ਪਿਆਰ[26] ਹੈ। ਉਸ ਨੂੰ ਵੇਖਣ[28] ਦੇ ਬਾਝੋਂ ਮੇਰਾ ਦਿਲ[29] ਕਿਸ ਤਰ੍ਹਾਂ[31] ਧੀਰਜ ਕਰ ਸਕਦਾ[30] ਹੈ ? |
| ਸੁਣਿ ਸਜਣ[32] ਮੇਰੇ ਪ੍ਰੀਤਮ[33] ਭਾਈ[37] ਮੈ ਮੇਲਿਹੁ ਮਿਤ੍ਰੁ[34] [35]ਸੁਖਦਾਤਾ[36] ॥ | Hear, O my friend and dear[33] brother[37], lead me unto my Friend[34], the Giver[36] of peace[35]. | ਸੁਣ, ਹੇ ਮੇਰੇ ਮਿੱਤ੍ਰ[32] ਅਤੇ ਪਿਆਰੇ[33] ਭਰਾਵਾ[37] ! ਮੈਨੂੰ ਮੇਰੇ ਆਰਾਮ[35] ਬਖਸ਼ਣਹਾਰ[36] ਦਿਲੀ-ਦੋਸਤ[34] ਨਾਲ ਮਿਲਾ ਦੇ । |
| ਓਹੁ ਜੀਅ[38] ਕੀ ਮੇਰੀ ਸਭ ਬੇਦਨ[39] ਜਾਣੈ ਨਿਤ[40] ਸੁਣਾਵੈ[42] ਹਰਿ ਕੀਆ ਬਾਤਾ[41] ॥ | He knows all the anguishes[89] of my heart[38] and daily[40] narrates[42] to me the anecdotes[41] of God. | ਉਹ ਮੇਰੇ ਦਿਲ[38] ਦੀਆਂ ਸਾਰੀਆਂ ਪੀੜਾਂ[39] ਨੂੰ ਜਾਣਦਾ ਹੈ ਅਤੇ ਨਿਤਾਪ੍ਰਤੀ[40] ਮੈਨੂੰ ਵਾਹਿਗੁਰੂ ਦੀਆਂ ਸਾਖੀਆਂ[41] ਸੁਣਾਉਂਦਾ[42] ਹੈ । |
| ਹਉ ਇਕੁ ਖਿਨੁ[43] ਤਿਸੁ ਬਿਨੁ ਰਹਿ ਨ ਸਕਾ ਜਿਉ[44] ਚਾਤ੍ਰਿਕੁ[45] ਜਲ[46] ਕਉ[47] ਬਿਲਲਾਤਾ[48] ॥ | I cannot live without Him even for a moment[43]; I cry[48] for the Lord as[44] the pied-cuckoo[45] does for[47] water[46]. | ਉਸ ਦੇ ਬਾਝੋਂ ਮੈਂ ਇੱਕ ਮੁਹਤ[43] ਭਰ ਭੀ ਨਹੀਂ ਰਹਿ ਸਕਦਾ। ਪ੍ਰਭੂ ਦੇ ਲਈ ਮੈਂ ਐਉਂ ਕੁਰਲਾਉਂਦਾ[48] ਹਾਂ ਜਿਸ ਤਰ੍ਹਾਂ[44] ਪਪੀਹਾ[45] ਪਾਣੀ[46] ਲਈ[47] । |

| | | |
|---|---|---|
| ਹਉ ਕਿਆ[53] ਗੁਣ[49] ਤੇਰੇ ਸਾਰਿ ਸਮਾਲੀ[50] ਮੈ ਨਿਰਗੁਣ[51] ਕਉ ਰਖਿ[52] ਲੇਤਾ ॥੨॥ | Which[53] of thy merits[49] should I recount[50], O Lord ? Thou savest[52] even the meritless[51] one like me. | ਤੇਰੀਆਂ ਕਿਹੜੀਆਂ[53] ਉਤਕ੍ਰਿਸ਼ਟਤਾਈਆਂ[49] ਮੈਂ ਵਰਨਣ[50] ਕਰਾਂ, ਹੇ ਸੁਆਮੀ ? ਤੂੰ ਮੇਰੇ ਵਰਗਿਆਂ ਗੁਣ-ਵਿਹੂਣਾਂ[51] ਦੀ ਭੀ ਰਖਿਆ[52] ਕਰਦਾ ਹੈਂ । |
| ਹਉ ਭਈ ਉਡੀਣੀ[53]* ਕੰਤ ਕਉ[54] ਅੰਮਾਲੀ[55] ਸੋ[56] ਪਿਰੁ[57] ਕਦਿ[58] ਨੈਣੀ[59] ਦੇਖਾ ॥ | My loving mate[55], waiting for my Spouse[54], I have become sad[53]. When[58] shall I behold that[56] Beloved[57] of mine with my eyes[59] ? | ਮੇਰੀ ਪਿਆਰੀ ਸਹੇਲੀਏ[55] ! ਆਪਣੇ ਭਰਤੇ[54] ਨੂੰ ਉਡੀਕਦੀ ਹੋਈ ਮੈਂ ਉਦਾਸ[53]* ਹੋ ਗਈ ਹਾਂ । ਉਸ[56] ਆਪਣੇ ਪ੍ਰੀਤਮ[57] ਨੂੰ ਮੈਂ ਆਪਣੀਆਂ ਅੱਖਾਂ[59] ਨਾਲ ਕਦੋਂ[58] ਵੇਖਾਂਗੀ ? |
| ਸਭਿ ਰਸ[60] ਭੋਗਣ[61] ਵਿਸਰੇ[62] ਬਿਨੁ ਪਿਰ[63] ਕਿਤੈ ਨ ਲੇਖਾ[64] ॥ | I have forgotten[62] to enjoy[61] all the pleasnres[60], as without my Groom[63] they are of no account[64]. | ਮੈਂ ਸਾਰੀਆਂ ਖ਼ੁਸ਼ੀਆਂ[60] ਮਾਣਨੀਆਂ[61] ਭੁੱਲ ਗਈ[62] ਹਾਂ । ਆਪਣੇ ਭਰਤੇ[63] ਦੇ ਬਾਝੋਂ, ਉਹ ਕਿਸੇ ਹਿਸਾਬ[64] ਵਿੱਚ ਨਹੀਂ । |
| ਇਹੁ ਕਾਪੜੁ[65] ਤਨਿ[66] ਨ ਸੁਖਾਵਈ[67] ਕਰਿ ਨ ਸਕਉ ਹਉ ਵੇਸਾ[68] ॥ | This raiment[65] becomes[67] not my body[66], if I cannot dress[63] myself to please Thee. | ਇਹ ਪੁਸ਼ਾਕ[65] ਮੇਰੇ ਸਰੀਰ[66] ਨੂੰ ਚੰਗੀ ਨਹੀਂ ਲਗਦੀ[67] ਜੇ ਮੇਰੇ ਬਸਤ੍ਰ[68] ਤੈਨੂੰ ਰਿਝਾਉਣ ਲਈ ਕੰਮ ਨਹੀਂ ਆਉਂਦੇ । |
| ਜਿਨੀ ਸਖੀ[74] ਲਾਲੁ[69] ਰਾਵਿਆ[70] ਪਿਆਰਾ[71] ਤਿਨ ਆਗੈ[72] ਹਮ ਆਦੇਸਾ[73] ॥੩॥ | I make obeisance[73] unto[72] those mates[74] of mine, who have enjoyed[70] their beloved[71] Spouse[69]. | ਮੈਂ ਉਨ੍ਹਾਂ ਸਹੀਆਂ[74] ਮੂਹਰੇ[72] ਪ੍ਰਣਾਮ[73] ਕਰਦੀ ਹਾਂ, ਜਿਨ੍ਹਾਂ ਨੇ ਆਪਣੇ ਲਾਡਲੇ[71] ਪਤੀ[69] ਨੂੰ ਮਾਣਿਆ[70] ਹੈ । |
| ਮੈ ਸਭਿ ਸੀਗਾਰ[75] ਬਣਾਇਆ ਅੰਮਾਲੀ[76] ਬਿਨੁ ਪਿਰ[77] ਕਾਮਿ[78] ਨ ਆਏ ॥ | I have embellished[75] myself in all ways, my bosom mate[76], but without my Beloved[77], they are of no avail[78]. | ਮੈਂ ਸਾਰੇ ਹਾਰ-ਸ਼ਿੰਗਾਰ[75] ਲਾ ਵੇਖੇ ਹਨ, ਮੇਰੀ ਦਿਲੀ ਸਖੀਏ[76] ਪਰ ਆਪਣੇ ਦਿਲਬਰ[77] ਦੇ ਬਾਝੋਂ ਉਹ ਕਿਸੇ ਲਾਭ[78] ਦੇ ਨਹੀਂ । |
| ਜਾ[83] ਸਹਿ[79] ਬਾਤ[80] ਨ ਪੁਛੀਆ ਅੰਮਾਲੀ ਤਾ[81] ਬਿਰਥਾ[82] ਜੋਬਨੁ ਸਭੁ ਜਾਏ ॥ | When[83] the Bridegroom[79] cares[80] not for me, O my mate, then[81] my youth passes all in vain[82]. | ਜਦ[83] ਮੇਰਾ ਕੰਤ[79] ਹੀ ਮੇਰੀ ਸਾਰ[80] ਨਹੀਂ ਲੈਂਦਾ, ਹੇ ਮੇਰੀ ਸਖੀ ! ਤਦ[81] ਮੇਰੀ ਜੁਆਨੀ ਸਮੂਹ ਵਿਅਰਥ[82] ਹੀ ਜਾ ਰਹੀ ਹੈ । |
| ਧਨੁ[84] ਧਨੁ ਤੇ[85] ਸੋਹਾਗਣੀ[86] ਅੰਮਾਲੀ[89] ਜਿਨ ਸਹੁ[87] ਰਹਿਆ ਸਮਾਏ[88] ॥ | Blessed[34] ! blessed are the[85] beloved brides[86], O my good companion[89], with whom their Husband[87] remains blended[88]. | ਕਲਿਆਣ ਸਰੂਪ[84] ! ਕਲਿਆਣ ਸਰੂਪ ਹਨ, ਉਹ[85] ਆਪਣੇ ਪਤੀ ਨੂੰ ਪਿਆਰੀਆਂ[86], ਹੇ ਮੇਰੀ ਚੰਗੀ ਸਾਥਣੇ[89] ! ਜਿਨ੍ਹਾਂ ਨਾਲ ਉਨ੍ਹਾਂ ਦਾ ਖਸਮ[87] ਲੀਨ[88] ਹੋਇਆ ਰਹਿੰਦਾ ਹੈ । |
| ਹਉ[90] ਵਾਰਿਆ[91] ਤਿਨ[92] ਸੋਹਾਗਣੀ ਅੰਮਾਲੀ ਤਿਨ ਕੇ ਧੋਵਾ[95] ਸਦ[93] ਪਾਏ[94] ॥੪॥ | I[90] am a sacrifice[91] unto those[92] happy wives, O my mate, and ever[93] wash[95] their feet[94]. | ਮੈਂ[90] ਉਨ੍ਹਾਂ[92] ਖ਼ੁਸ਼ਬਾਸ਼ ਪਤਨੀਆਂ ਤੋਂ ਘੋਲੀ ਵੰਞਦੀ[91] ਹਾਂ ਅਤੇ ਸਦੀਵ[93] ਹੀ ਉਨ੍ਹਾ ਦੇ ਪੈਰ[94] ਧੋਂਦੀ[95] ਹਾਂ । |
| ਜਿਚਰੁ[96] ਦੂਜਾ[97] ਭਰਮੁ[98] ਸਾ[99] ਅੰਮਾਲੀ ਤਿਚਰੁ[100] ਮੈ ਜਾਣਿਆ[2] ਪ੍ਰਭੁ ਦੂਰੇ[3] ॥ | As long as[96] duality[97] and doubt[98] were[99] within me, so long[100] I thought[2] the Lord distant[3], O my mate. | ਜਿੰਨਾ ਚਿਰ[96] ਮੇਰੇ ਅੰਦਰ ਦਵੈਤ-ਭਾਵ[97] ਤੇ ਸੰਦੇਹ[98] ਸਨ[99], ਉਨਾ ਚਿਰ[100] ਮੈਂ ਸੁਆਮੀ ਨੂੰ ਦੁਰੇਡੇ[3] ਖ਼ਿਆਲ[2] ਕਰਦੀ ਸਾਂ, ਹੇ ਮੇਰੀ ਸਹੇਲੀਏ ! |

| | | |
|---|---|---|
| ਜਾ[4] ਮਿਲਿਆ ਪੂਰਾ[5] ਸਤਿਗੁਰੂ ਅੰਮਾਲੀ ਤਾ[6] ਆਸਾ[7] ਮਨਸਾ[8] ਸਭ ਪੂਰੇ[9] ॥ | But when[4] I met the Perfect[5] Satguru, O my mate, then[6] all my hopes[7] and desires[8] were fulfilled[9]. | ਪਰ ਜਦ[4] ਮੈਨੂੰ ਪੂਰਨ[5] ਸਤਿਗੁਰੂ ਮਿਲ ਪਏ, ਹੇ ਮੇਰੀ ਸੱਈਏ ! ਤਦ[6] ਮੇਰੀਆਂ ਸਾਰੀਆਂ ਉਮੈਦਾਂ[7] ਤੇ ਖ਼ਾਹਿਸ਼ਾਂ[8] ਪੂਰੀਆਂ ਹੋ ਗਈਆਂ[9] । |
| ਮੈ ਸਰਬ[10] ਸੁਖਾ[12] ਸੁਖ ਪਾਇਆ ਅੰਮਾਲੀ ਪਿਰੁ[13] ਸਰਬ[14] ਰਹਿਆ ਭਰਪੂਰੇ[15]॥ | I have obtained all[10] the comforts[12], O my companion[11], when I saw my Groom[13] fully-pervading[15] every where[14]. | ਮੈਂ ਸਾਰਿਆਂ[10] ਆਰਾਮਾਂ[12] ਦਾ ਆਰਾਮ ਪ੍ਰਾਪਤ ਕਰ ਲਿਆ ਹੈ, ਹੇ ਮੇਰੀ ਸਾਥਣੇ, ਜਦ ਮੈਨੂੰ ਨਜ਼ਰ ਆਇਆ ਮੇਰਾ ਪਤੀ[13] ਹਰ ਥਾਂ[14] ਪਰੀਪੂਰਨ ਹੋ ਰਿਹਾ[15] । |
| ਜਨ[16] ਨਾਨਕ ਹਰਿ ਰੰਗੁ[17] ਮਾਣਿਆ[18] ਅੰਮਾਲੀ ਗੁਰ[19] ਸਤਿਗੁਰ ਕੈ ਲਗਿ[20] ਪੈਰੇ[21] ॥੫॥੧॥੯॥ | O my mate, falling[20] at the feet[21] of the great[19] Satguru, slave[16] Nanak has enjoyed[18] the Lord's love[17]. | ਹੇ ਮੇਰੀ ਸੱਈਏ ! ਵੱਡੇ[19] ਸਤਿਗੁਰਾਂ ਦੇ ਚਰਣਾਂ[21] ਉਤੇ ਡਿੱਗ[20] ਕੇ ਗੋਲੇ[16] ਨਾਨਕ ਨੇ ਪ੍ਰਭੂ ਦੇ ਪਿਆਰ[17] ਦਾ ਆਨੰਦ[18] ਭੋਗਿਆ ਹੈ । |
| ਵਡਹੰਸੁ ਮਹਲਾ ੩ ਅਸਟਪਦੀਆ | Wadhans 3rd Guru. Ashtpadis. | ਵਡਹੰਸ ਤੀਜੀ ਪਾਤਿਸ਼ਾਹੀ ਅਸਟਪਦੀਆਂ |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ । |
| ਸਚੀ ਬਾਣੀ[22] ਸਚੁ ਧੁਨਿ[23] ਸਚੁ ਸਬਦੁ[24] ਵੀਚਾਰਾ[25] ॥ | True is the Gurbani[22], true is its melody[23] and true is meditation[25] of the Name[24]. | ਸੱਚੀ ਹੈ ਗੁਰਬਾਣੀ[22], ਸੱਚਾ ਹੈ ਇਸ ਦਾ ਕੀਰਤਨ[23]ਅਤੇ ਸੱਚਾ ਹੈ, ਨਾਮ[24] ਦਾ ਸਿਮਰਨ[25] । |
| ਅਨਦਿਨੁ[26] ਸਚੁ[27] ਸਲਾਹਣਾ[28] ਧਨੁ[29] ਧਨੁ [30]ਵਡਭਾਗ[31] ਹਮਾਰਾ[32]॥੧॥ | Night[26] and day, I praise[28] the True Lord[27]. Blessed[29], blessed is the greatest[30] good fortune[31] of mine[32]. | ਰੈਣ[26] ਦਿਹੁੰ ਮੈਂ ਸੱਚੇ ਪ੍ਰਭੂ[27] ਦੀ ਪ੍ਰਸੰਸਾ[28]ਕਰਦਾ ਹਾਂ। ਮੁਬਾਰਕ[29] ! ਮੁਬਾਰਕ ਹੈ ਮੇਰੀ[32] ਪਰਮ[30] ਸ੍ਰੇਸ਼ਟ ਕਿਸਮਤ[31] । |
| ਮਨ[33] ਮੇਰੇ ਸਾਚੇ ਨਾਮ ਵਿਟਹੁ[34] ਬਲਿ[35] ਜਾਉ ॥ | O my soul[33], be thou a sacrifice[35], unto[34] the True Name. | ਹੇ ਮੇਰੀ ਜਿੰਦੜੀਏ[33] ! ਤੂੰ ਸੱਚੇ ਨਾਮ ਉਤੋਂ[34] ਕੁਰਬਾਨ[35] ਹੋ ਜਾ । |
| ਦਾਸਨਿ[36] ਦਾਸਾ ਹੋਇ ਰਹਹਿ ਤਾ[37] ਪਾਵਹਿ ਸਚਾ[38] ਨਾਉ ॥੧॥ਰਹਾਉ॥ | If thou become the slave of the Lord's slaves[36], then shalt thou obtain the Truc Name[38]. Pause. | ਜੇਕਰ ਤੂੰ ਸਾਹਿਬ ਦੇ ਗੋਲਿਆਂ[36] ਦਾ ਗੋਲਾ ਬਣ ਜਾਵੇਂ ਤਦ[37] ਤੂੰ ਸਤਿ ਨਾਮ[38] ਪਾ ਲਵੇਂਗਾ । ਠਹਿਰਾਉ । |
| ਪ੬੫ | | |
| ਜਿਹਵਾ[39] ਸਚੀ ਸਚਿ ਰਤੀ[40] ਤਨੁ[41] ਮਨੁ[42] ਸਚਾ ਹੋਇ[43] ॥ | True is the tongue[39] which is imbued[40] with Truth. Thus, the body[41] and soul[42] are rendered[43] True. | ਸੱਚੀ ਹੈ ਜੀਭ[39], ਜਿਹੜੀ ਸੱਚ ਨਾਲ ਰੰਗੀ ਹੋਈ[40] ਹੈ । ਇਸ ਤਰ੍ਹਾਂ ਦੇਹ[41] ਤੇ ਆਤਮਾ[42]ਸੱਚੀਆਂ ਥੀ ਵੰਞਦੀਆਂ[43] ਹਨ । |
| ਬਿਨੁ[44] ਸਾਚੇ[50] ਹੋਰੁ[45] | By praising[46] any[45] but[44] the True | ਸੱਚੇ ਸਾਹਿਬ[50] ਦੇ ਬਾਝੋਂ[44] ਕਿਸੇ ਹੋਰਸ[45] ਦਾ |

| | | |
|---|---|---|
| ਸਾਲਾਹਣਾ[46] ਜਾਸਹਿ[47] ਜਨਮੁ[48] ਸਭੁ ਖੋਇ[49] ॥੨॥ | Lord[50], man departs[47] by wasting his entire life[48]. | ਜੱਸ[46] ਕਰਨ ਦੁਆਰਾ ਆਦਮੀ ਆਪਣਾ ਸਾਰਾ ਜੀਵਨ[48] ਵੰਞਾਂ[49] ਕੇ ਟੁਰ ਜਾਂਦਾ[47] ਹੈ। |
| ਸਚੁ ਖੇਤੀ[51] ਸਚੁ ਬੀਜਣਾ[52] ਸਾਚਾ ਵਾਪਾਰਾ[53] ॥ ਅਨਦਿਨੁ[54] ਲਾਹਾ[55] ਸਚੁ ਨਾਮੁ ਧਨੁ[56] ਭਗਤਿ[57] ਭਰੇ[58] ਭੰਡਾਰਾ[59] ॥੩॥ | Let Truth be the Farm, Truth the Seed[52] and Truth the Trade[53]. Night[54] and day, then, one reaps the profit[55] of the True Name and comes to possess the treasures[59] brimful[58] with the wealth[56] of Lord's meditation[57]. | ਜੇਕਰ ਸੱਚ ਦੀ ਵਾਹੀ[51], ਸੱਚ ਦਾ ਬੀਜ[52] ਅਤੇ ਸੱਚ ਦਾ ਹੀ ਵਣਜ[53] ਹੋਵੇ, ਤਾਂ ਰਾਤ[54] ਦਿਨ ਬੰਦਾ ਸੱਚੇ ਨਾਮ ਦਾ ਲਾਭ[55] ਉਠਾਉਂਦਾ ਹੈ ਅਤੇ ਸੁਆਮੀ[57] ਦੇ ਸਿਮਰਨ ਦੀ ਦੌਲਤ[56] ਦੇ ਪਰੀਪੂਰਨ[58] ਖ਼ਜ਼ਾਨੇ[59] ਪ੍ਰਾਪਤ ਕਰ ਲੈਂਦਾ ਹੈ। |
| ਸਚੁ ਖਾਣਾ[60] ਸਚੁ ਪੈਨਣਾ[61] ਸਚੁ ਟੇਕ[12] ਹਰਿ ਨਾਉ ॥ ਜਿਸ ਨੋ ਬਖਸੇ[63] ਤਿਸੁ[64] ਮਿਲੈ[65] ਮਹਲੀ[66] ਪਾਏ[67] ਥਾਉ[68] ॥੪॥ | The food[60] of Truth, the vesture[61] of Truth and True mainstay[62] of the Lord's Name, are obtained[65] by him[64], whom He blesseth[63]. Such a person attains[67] a seat[68] in Lord's presence[66]. | ਸੱਚ ਦੀ ਖ਼ੁਰਾਕ[60], ਸੱਚ ਦੀ ਪੁਸ਼ਾਕ[61] ਅਤੇ ਸੁਆਮੀ ਦੇ ਸੱਚਾ ਨਾਮ ਦਾ ਸੱਚਾ ਆਸਰਾ[62], ਉਸ ਨੂੰ[64] ਮਿਲਦੇ[65] ਹਨ, ਜਿਸ ਨੂੰ ਉਹ ਪ੍ਰਦਾਨ ਕਰਦਾ[63] ਹੈ। ਐਸਾ ਪੁਰਸ਼ ਪ੍ਰਭੂ ਦੀ ਹਜ਼ੂਰੀ[66] ਵਿੱਚ ਟਿਕਾਣਾ[68] ਪ੍ਰਾਪਤ ਕਰ ਲੈਂਦਾ[67] ਹੈ। |
| ਆਵਹਿ[69] ਸਚੇ ਜਾਵਹਿ[70] ਸਚੇ ਫਿਰਿ[71] ਜੂਨੀ[72] ਮੂਲਿ[73] ਨ ਪਾਹਿ[74] ॥ | In Truth they come[69], in Truth they go[70] and they are not ever[73] cast[74] into existences[72] again[71]. | ਸੱਚ ਵਿੱਚ ਉਹ ਆਉਂਦੇ[69] ਹਨ, ਸੱਚ ਵਿੱਚ ਜਾਂਦੇ ਹਨ[70] ਅਤੇ ਉਹ ਮੁੜ[71] ਕੇ, ਕਦਾਚਿਤ[73] ਜੂਨੀਆਂ[72] ਵਿੱਚ ਨਹੀਂ ਪਾਏ ਜਾਂਦੇ[74]। |
| ਗੁਰਮੁਖਿ[75] ਦਰਿ[76] ਸਾਚੈ ਸਚਿਆਰ[77] ਹਹਿ[81] ਸਾਚੇ[78] ਮਾਹਿ[79] ਸਮਾਹਿ[80] ॥੫॥ | The Guru-wards[75] are acclaimed[81] as true[77] in the True court[76] and merge[80] in[79] the True Lord[78]. | ਗੁਰੂ-ਪਿਆਰੇ[75] ਸੱਚੀ ਦਰਗਾਹ[76] ਅੰਦਰ ਸੱਚੇ[77] ਕਰਾਰ ਦਿਤੇ ਜਾਂਦੇ[81] ਹਨ ਅਤੇ ਸੱਚੇ ਸੁਆਮੀ[78] ਵਿੱਚ[79] ਲੀਨ ਹੋ ਜਾਂਦੇ[80] ਹਨ। |
| ਅੰਤਰੁ[82] ਸਚਾ ਮਨੁ[82]* ਸਚਾ ਸਚੀ ਸਿਫਤਿ[83] ਸਨਾਇ[84] ॥ | They are true from within[82], true is their mind[82]* and sing they the true praise[83] and glory[84] of God. | ਉਹ ਅੰਦਰੋਂ[82] ਸੱਚੇ ਹਨ, ਸੱਚਾ ਹੈ ਉਨ੍ਹਾਂ ਦਾ ਹਿਰਦਾ[82]* ਅਤੇ ਗਾਉਂਦੇ ਹਨ ਉਹ ਵਾਹਿਗੁਰੂ ਦੀ ਸੱਚੀ ਕੀਰਤੀ[83] ਤੇ ਜੱਸ[84]। |
| ਸਚੈ ਥਾਨਿ[85] ਸਚੁ[86] ਸਾਲਾਹਣਾ[87] ਸਤਿਗੁਰ ਬਲਿਹਾਰੈ[88] ਜਾਉ ॥੬॥ | Sitting in the True place[85], they eulogise the True One[86]. Unto my True Guru, I am a sacrifice[88]. | ਸੱਚੇ ਅਸਥਾਨ[85] ਤੇ ਬੈਠ ਕੇ, ਉਹ ਸਤਿਪੁਰਖ[86] ਦੀ ਉਸਤਤੀ[87] ਕਰਦੇ ਹਨ। ਸੱਚੇ ਗੁਰਾਂ ਉਤੋਂ ਮੈਂ ਸਦਕੇ[88] ਜਾਂਦਾ ਹਾਂ। |
| ਸਚੁ ਵੇਲਾ[89] ਮੂਰਤੁ[90] ਸਚੁ ਜਿਤੁ[91] ਸਚੇ ਨਾਲਿ ਪਿਆਰੁ[93] ॥ | True is the time[89] and true the trice[90] when[91] man enshrines affection[93] for the True Lord. | ਸੱਚਾ ਹੈ ਉਹ ਵਕਤ[89] ਅਤੇ ਸੱਚਾ ਉਹ ਮੁਹਤ[90], ਜਦ[91] ਬੰਦੇ ਦੀ ਸੱਚੇ ਸਾਈਂ ਨਾਲ ਪ੍ਰੀਤ[93] ਪੈਂਦੀ ਹੈ। |
| ਸਚੁ ਵੇਖਣਾ[92] ਸਚੁ ਬੋਲਣਾ[94] ਸਚਾ[95] ਸਭੁ[96] ਆਕਾਰੁ[97] ॥੭॥ | Then he sees[92] the Truth, speaks[94] the Truth and realises the True One[95] pervading the entire[96] universe[97]. | ਤਦ ਉਹ ਸੱਚ ਦੇਖਦਾ[92] ਹੈ, ਸੱਚ ਹੀ ਬੋਲਦਾ[94] ਹੈ ਅਤੇ ਸਤਿਪੁਰਖ[95] ਨੂੰ ਸਾਰੇ[96] ਆਲਮ[97] ਵਿੱਚ ਵਿਆਪਕ ਅਨੁਭਵ ਕਰਦਾ ਹੈ। |
| ਨਾਨਕ ਸਚੈ[97]* ਮੇਲੇ[98] ਤਾ[99] | Nanak, when the True One[97]* | ਨਾਨਕ, ਜਦ ਸਤਿਪੁਰਖ[97]* ਇਨਸਾਨ ਨੂੰ ਆਪਣੇ ਨਾਲ |

| | | |
|---|---|---|
| ਮਿਲੇ ਆਪੇ[100] ਲਏ ਮਿਲਾਇ[2] ॥ | uniteth[98] one with Himself, then[99] alone one is merged in Him. The Lord blends[2] him with Himself[100]. | ਜੋੜਦਾ[98] ਹੈ, ਕੇਵਲ ਤਦ[99] ਹੀ ਇਨਸਾਨ ਉਸ ਨਾਲ ਅਭੇਦ ਹੋ ਜਾਂਦਾ[2] ਹੈ । |
| ਜਿਉ[3] ਭਾਵੈ[4] ਤਿਉ[5] ਰਖਸੀ ਆਪੇ ਕਰੇ[6] ਰਜਾਇ[7] ॥੮॥੧॥ | As[3] it pleases[4] the Lord, so[5] does He keep the mortals. He Himself ordains[6] as is His will[7]. | ਜਿਸ ਤਰ੍ਹਾਂ[3] ਸੁਆਮੀ ਨੂੰ ਚੰਗਾ ਲਗਦਾ[4] ਹੈ, ਉਸੇ ਤਰ੍ਹਾਂ[5] ਹੀ ਉਹ ਪ੍ਰਾਣੀਆਂ ਨੂੰ ਰਖਦਾ ਹੈ। ਉਹ ਆਪ ਹੀ ਆਪਣੀ ਮਰਜ਼ੀ[7] ਮੁਤਾਬਕ ਹੁਕਮ ਜਾਰੀ[6] ਕਰਦਾ ਹੈ । |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ |
| ਮਨੂਆ[8] [9]ਦਹ ਦਿਸ[10] ਧਾਵਦਾ[12] ਓਹੁ ਕੈਸੇ[13] ਹਰਿ ਗੁਣ[14] ਗਾਵੈ ॥ | Man's mind[3] wanders[12] in ten[9] directions[10]: how[13] can he, then, sing God's praise[14]? | ਬੰਦੇ ਦਾ ਮਨ[8] ਦਸੀਂ[9] ਪਾਸੀਂ[10] ਭਟਕਦਾ ਫਿਰਦਾ[21]ਹੈ । ਤਦ ਉਹ ਕਿਸ ਤਰ੍ਹਾਂ[14] ਵਾਹਿਗੁਰੂ ਦਾ ਜੱਸ[14] ਗਾਇਨ ਕਰ ਸਕਦਾ ਹੈ ? |
| ਇੰਦ੍ਰੀ[15] ਵਿਆਪਿ[16] ਰਹੀ ਅਧਿਕਾਈ[17] ਕਾਮੁ[18] ਕ੍ਰੋਧੁ[19] ਨਿਤ[20] ਸੰਤਾਵੈ[21]॥੧॥ | The body organs[15] are greatly[17] engrossed[16] in misdeeds and lust[18] and wrath[19] ever[20] infest[21] the man. | ਸਰੀਰ ਦੇ ਅੰਗ[15]ਕੁਕਰਮਾਂ ਅੰਦਰ, ਬਹੁਤ[17] ਹੀ ਖੱਚਤ[16] ਹਨ । ਸ਼ਹਿਵਤ[18] ਤੇ ਗੁੱਸਾ[19] ਸਦਾ[20] ਬੰਦੇ ਨੂੰ ਦੁਖੀ[21] ਕਰਦੇ ਹਨ । |
| ਵਾਹੁ ਵਾਹੁ[22] ਸਹਜੇ[23] ਗੁਣ[24] ਰਵੀਜੈ[25] ॥ | Utter[25] thou the Lord Master's[22] praise[24] in poise[23]. | ਤੂੰ ਅਡੋਲਤਾ[23] ਅੰਦਰ ਸੁਆਮੀ ਮਾਲਕ[22] ਦਾ ਜੱਸ[24] ਉਚਾਰਨ[25] ਕਰ । |
| ਰਾਮ[26] ਨਾਮੁ ਇਸੁ ਜੁਗ[27] ਮਹਿ[28]ਦੁਲਭੁ[29]ਹੈ ਗੁਰਮਤਿ[30] ਹਰਿ ਰਸੁ[31] ਪੀਜੈ[32] ॥੧॥ ਰਹਾਉ ॥ | The Lord's[26] Name is pretty hard to obtain[29] in[28] this age[27]. Under Guru's instruction[30] quaff[32] thou the God's elixir[31]. Pause. | ਬਹੁਤ ਮੁਸ਼ਕਲ ਨਾਲ ਮਿਲਣ ਵਾਲਾ[29] ਹੈ, ਸੁਆਮੀ[26]ਦਾ ਨਾਮ ਇਸ ਯੁਗ[27] ਅੰਦਰ[28] । ਗੁਰਾਂ ਦੇ ਉਪਦੇਸ਼[30] ਤਾਬੇ ਤੂੰ ਵਾਹਿਗੁਰੂ ਦਾ ਅੰਮ੍ਰਿਤ[31] ਪਾਨ[32] ਕਰ । ਠਹਿਰਾਉ । |
| ਸਬਦੁ[33] ਚੀਨਿ[34] ਮਨੁ ਨਿਰਮਲੁ[35] ਹੋਵੈ ਤਾ[36] ਹਰਿ ਕੇ ਗੁਣ[37] ਗਾਵੈ ॥ | Remembering[34] the Name[33], the mind becomes pure[35] and then[36] one sings God's praises[37]. | (ਜਦ) ਨਾਮ[33] ਦਾ ਸਿਮਰਨ[34] ਕਰ ਕੇ ਆਦਮੀ ਦਾ ਮਨ ਪਵਿੱਤ੍ਰ[35]ਹੋ ਜਾਂਦਾ ਹੈ,ਤਦੋਂ[36] ਉਹ ਵਾਹਿਗੁਰੂ ਦੀ ਕੀਰਤੀ ਗਾਇਨ ਕਰਦਾ ਹੈ । |
| ਗੁਰਮਤੀ[38] ਆਪੈ ਆਪੁ[39] ਪਛਾਣੈ[40] ਤਾ ਨਿਜ[41] ਘਰਿ[42] ਵਾਸਾ[43] ਪਾਵੈ ॥੨॥ | By Guru's instruction[38], man realises[40] his ownself[39], and then abides[43] in his own[41] home[42]. | (ਜਦ) ਗੁਰਾਂ ਦੇ ਉਪਦੇਸ਼[38] ਦੁਆਰਾ ਇਨਸਾਨ ਆਪਣੇ ਆਪ[39] ਨੂੰ ਅਨੁਭਵ ਕਰ ਲੈਂਦਾ[40] ਹੈ, ਤਦ ਆਪਣੇ ਨਿਜ[47] ਧਾਮ[42] ਅੰਦਰ ਵਸਦਾ[43] ਹੈ । |
| ਏ[44] ਮਨ[45] ਮੇਰੇ ਸਦਾ[46] ਰੰਗਿ[47] ਰਾਤੇ[48] ਸਦਾ ਹਰਿ ਕੇ ਗੁਣ[49] ਗਾਉ ॥ | O[44] my soul[45], be thou ever[46] imbued[48] with Lord's love[47] and sing thou ever the God's glories[49]. | ਹੇ[44] ਮੇਰੀ ਜਿੰਦੜੀਏ[45], ਤੂੰ ਹਮੇਸ਼ਾ[46] ਪ੍ਰਭੂ ਦੀ ਪ੍ਰੀਤ[47] ਨਾਲ ਰੰਗੀ[48] ਰਹੁ ਅਤੇ ਹਮੇਸ਼ਾ ਹੀ ਵਾਹਿਗੁਰੂ ਦੀਆਂ ਖ਼ੂਬੀਆਂ[49] ਨੂੰ ਗਾਇਨ ਕਰ । |
| ਹਰਿ ਨਿਰਮਲੁ[50] ਸਦਾ ਸੁਖ ਦਾਤਾ[51] ਮਨਿ[55] ਚਿੰਦਿਆ[52] ਫਲੁ[53] ਪਾਉ[54] ॥੩॥ | The Immaculate[50] Lord is ever the Giver[51] of bliss and from Him, man obtains[54] his heart[55]-desired[52] fruits[53]. | ਪਵਿੱਤ੍ਰ[50] ਪ੍ਰਭੂ ਸਦੀਵ ਹੀ ਆਰਾਮ ਬਖਸ਼ਣਵਾਲਾ[51]ਹੈ । ਉਸ ਪਾਸੋਂ ਆਦਮੀ ਆਪਣੇ ਚਿੱਤ[55]–ਚਾਹੁੰਦੇ[52] ਮੇਵੇ[53] ਹਾਸਲ[54] ਕਰ ਲੈਂਦਾ ਹੈ । |
| ਹਮ[56] ਨੀਚ[57] ਸੇ ਊਤਮ[58] ਭਏ[59] ਹਰਿ ਕੀ ਸਰਣਾਈ[60]॥ | Entering the God's sanctuary[60], I[56], the mean[57] one, have become[59] sublime[58]. | ਵਾਹਿਗੁਰੂ ਦੀ ਛਤਰ ਛਾਇਆ[60] ਹੇਠ ਆ ਕੇ, ਮੈਂ[56] ਕਮੀਨਾ[57] ਸ੍ਰੇਸ਼ਟ[58] ਹੋ ਗਿਆ[59] ਹਾਂ । |

| | | |
|---|---|---|
| ਪਾਥਰੁ[64] ਡੂਬਦਾ[62] ਕਾਢਿ[63] ਲੀਆ ਸਾਚੀ ਵਡਿਆਈ[64]॥ ੪॥ | True is the greatness[64] of God, who has saved[63] the sinking[62] stone[61]. | ਸੱਚੀ ਹੈ ਵਿਸ਼ਾਲਤਾ[64], ਵਾਹਿਗੁਰੂ ਦੀ, ਜਿਸ ਨੇ ਡੁਬਦੇ ਹੋਏ[62] ਪੱਥਰ[61] ਨੂੰ ਬਚਾ ਲਿਆ[63] ਹੈ। |
| ਬਿਖੁ[65] ਸੇ ਅੰਮ੍ਰਿਤੁ[66] ਭਏ[67] ਗੁਰਮਤਿ[68] ਬੁਧਿ[69] ਪਾਈ ॥ | From poison[65] I have become[67] Nectar[66]. Through Guru's instruction[68] I have obtained wisdom[69]. | ਜ਼ਹਿਰ[65] ਤੋਂ ਮੈਂ ਆਬਿ-ਹਿਯਾਤ[66] ਬਣ ਗਿਆ[67] ਹਾਂ। ਗੁਰਾਂ ਦੇ ਉਪਦੇਸ਼[68] ਰਾਹੀਂ ਮੈਂ ਸਿਆਣਪ[69] ਪ੍ਰਾਪਤ ਕਰ ਲਈ ਹੈ। |
| ਅਕਹੁ[70] ਪਰਮਲ[71] ਭਏ ਅੰਤਰਿ[72]ਵਾਸਨਾ[73]ਵਸਾਈ[74] ॥੫॥ | From swallow-wort[70] I have become sandal-wood[71] and fragrance[73] has taken root[74] within[72] me. | ਅੱਕ[70] ਤੋਂ ਮੈਂ ਚੰਦਨ[71] ਹੋ ਗਿਆ ਹਾਂ, ਅਤੇ ਮੇਰੇ ਅੰਦਰ[72] ਸੁਗੰਧਤ[73] ਟਿਕ ਗਈ[74] ਹੈ। |
| ਮਾਣਸ[75] ਜਨਮੁ ਦੁਲੰਭੁ[76] ਹੈ ਜਗ[77] ਮਹਿ[78] ਖਟਿਆ[79] ਆਇ[80] ॥ | Invaluable[76] is the human birth[75]: coming[80] into the world[77], I have earned[78] merit therefrom. | ਅਮੋਲਕ[76] ਹੈ ਮਨੁਸ਼ਾ-ਜਨਮ[75]। ਸੰਸਾਰ[77] ਵਿੱਚ[78] ਆ[80] ਕੇ ਮੈਂ ਉਸ ਤੋਂ ਲਾਭ ਉਠਾਇਆ[79] ਹੈ। |
| ਪੂਰੈ[81] ਭਾਗਿ[83] ਸਤਿਗੁਰੁ ਮਿਲੈ ਹਰਿ ਨਾਮੁ ਧਿਆਇ[84] ॥੬॥ | By perfect[81] destiny[83] I have met[82] the True Guru and dwelt[84] on the God's Name. | ਪੂਰਨ[81] ਭਾਗਾਂ[83] ਦੁਆਰਾ ਮੈਂ ਸੱਚੇ ਗੁਰਾਂ ਨੂੰ ਮਿਲਿਆ[82] ਹਾਂ ਅਤੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕੀਤਾ[84] ਹੈ। |
| ਮਨਮੁਖ[85] ਭੂਲੇ[86] ਬਿਖੁ[87] ਲਗੇ[88] ਅਹਿਲਾ[89] ਜਨਮੁ[90] ਗਵਾਇਆ[91] ॥ | The perverse persons[85] have gone astray[86], and being attached[88] to mammon[87], waste[91] their life[90] in vain[89]. | ਪ੍ਰਤੀਕੂਲ ਪੁਰਸ਼[85] ਕੁਰਾਹੇ ਪਏ ਹੋਏ[86] ਹਨ ਅਤੇ ਮਾਇਆ[87] ਨਾਲ ਜੁੜ[88] ਜਾਣ ਕਾਰਨ ਆਪਣਾ ਜੀਵਨ[90] ਵਿਅਰਥ[89] ਵੰਞਾ ਲੈਂਦੇ[91] ਹਨ। |
| ਹਰਿ ਕਾ ਨਾਮੁ ਸਦਾ[92] ਸੁਖ ਸਾਗਰੁ[93] ਸਾਚਾ ਸਬਦੁ[94] ਨ ਭਾਇਆ[95] ॥੭॥ | The God's Name is ever[92] an ocean[93] of peace, but they love[95] not the True Word[94]. | ਵਾਹਿਗੁਰੂ ਦਾ ਨਾਮ ਸਦੀਵ[92]ਹੀ ਆਰਾਮ ਦਾ ਸਮੁੰਦਰ[93] ਹੈ ਪਰ ਉਹ ਸੱਚੇ ਨਾਮ[94] ਨੂੰ ਪਿਆਰ[95] ਨਹੀਂ ਕਰਦੇ। |
| ਮੁਖਹੁ[96] ਹਰਿ ਹਰਿ[97] ਸਭੁ[98] ਕੋ ਕਰੈ ਵਿਰਲੈ[99] ਹਿਰਦੈ[100] ਵਸਾਇਆ[2] ॥ | From the mouth[96] everyone[93] repeats God's Name[97], but only a few[99] enshrine[2] it in their mind[100]. | ਮੂੰਹ[96] ਤੋਂ ਹਰ ਕੋਈ[98] ਵਾਹਿਗੁਰੂ ਦੇ ਨਾਮ[97] ਦਾ ਉਚਾਰਨ ਕਰਦਾ ਹੈ; ਪ੍ਰੰਤੂ, ਬਹੁਤ ਹੀ[99] ਥੋੜੇ ਇਸ ਨੂੰ ਆਪਣੇ ਮਨ[100] ਵਿੱਚ ਟਿਕਾਉਂਦੇ[2] ਹਨ। |
| ਨਾਨਕ ਜਿਨ ਕੈ ਹਿਰਦੈ ਵਸਿਆ ਮੋਖ[3] ਮੁਕਤਿ[4] ਤਿਨ੍[5] ਪਾਇਆ ॥੮॥੨॥ | Nanak, within whose heart dwells the Lord, they[5] alone attain deliverance[3] and emancipation[4]. | ਨਾਨਕ, ਜਿਨ੍ਹਾਂ ਦੇ ਰਿਦੇ ਅੰਦਰ ਪ੍ਰਭੂ ਵਸਦਾ ਹੈ, ਕੇਵਲ ਓਹੀ[5] ਮੋਖਸ਼[3] ਅਤੇ ਕਲਿਆਣ[4] ਨੂੰ ਪ੍ਰਾਪਤ ਹੁੰਦੇ ਹਨ। |
| ਵਡਹੰਸੁ ਮਹਲਾ ੧ ਛੰਤ | Wadhans Ist Guru. Chhant. | ਵਡਹੰਸ ਪਹਿਲੀ ਪਾਤਿਸ਼ਾਹੀ ਛੰਤ |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |

| | | |
|---|---|---|
| ਕਾਇਆ[6] ਕੂੜਿ[7] ਵਿਗਾੜਿ[8] ਕਾਹੇ[9] ਨਾਈਐ[10] ॥ | Why[9] bathe[10] the body[6], defiled[8] by falsehood[7] ? | ਝੂਠ[7] ਨਾਲ ਮਲੀਣ ਹੋਈ[8] ਦੇਹ[6] ਨੂੰ ਕਾਹਦੇ[9] ਲਈ ਧੋਣਾ[10] ਹੈ ? |
| ਨਾਤਾ[12] ਸੋ[13] ਪਰਵਾਣੁ[14]ਸਚੁ ਕਮਾਈਐ[15] ॥ | He who practises[15] Truth, only his[13] ablution[12] is approved[14]. | ਜੋ ਸੱਚ ਦੀ ਕਮਾਈ ਕਰਦਾ[15] ਹੈ, ਉਸ[13]ਦਾ ਇਸ਼ਨਾਨ[12] ਕਬੂਲ ਪੈ ਜਾਂਦਾ[14] ਹੈ । |
| ਪ੬੬ | | |
| ਜਬ ਸਾਚ ਅੰਦਰਿ[16] ਹੋਇ ਸਾਚਾ[17] ਤਾਮਿ[18] ਸਾਚਾ[19] ਪਾਈਐ ॥ | When there is Truth in the heart[16], then[18] man becomes true[17] and obtains the True Lord[19]. | ਜਦ ਦਿਲ[16] ਵਿੱਚ ਸੱਚ ਹੁੰਦਾ ਹੈ ਤਾਂ[18] ਆਦਮੀ ਸੱਚਾ[19] ਹੋ ਜਾਂਦਾ ਹੈ ਅਤੇ ਸੱਚੇ ਸੁਆਮੀ[19] ਨੂੰ ਪਾ ਲੈਂਦਾ ਹੈ । |
| ਲਿਖੇ[20] ਬਾਝਹੁ[21] ਸੁਰਤਿ[22] ਨਾਹੀ ਬੋਲਿ ਬੋਲਿ[23] ਗਵਾਈਐ[24] ॥ | Without[21] the Lord's writ[20], understanding[22] is not attained and by babbling and prattling[23] man wastes[27] himself. | ਸਾਂਈਂ ਦੀ ਲਿਖਤਾਕਾਰ[20] ਦੇ ਬਗ਼ੈਰ[21] ਗਿਆਤ[22]ਪ੍ਰਾਪਤ ਨਹੀਂ ਹੁੰਦੀ । ਬੜਕਵਾਦ ਤੇ ਬਕਵਾਸ[23] ਕਰਨ ਨਾਲ ਬੰਦਾ ਆਪਣੇ ਆਪ ਨੂੰ ਖਤਮ ਕਰ ਲੈਂਦਾ[24] ਹੈ । |
| ਜਿਥੈ[25] ਜਾਇ[26] ਬਹੀਐ[27] ਭਲਾ[28] ਕਹੀਐ[29] ਸੁਰਤਿ[30] ਸਬਦੁ[31] ਲਿਖਾਈਐ[32] ॥ | Wherever[25] thou, may go[26] and sit[27], speak[29] well[28] and inscribe[32] the Lord's Name[31] in thy mind[30]. | ਜਿਥੇ ਕਿਤੇ[25] ਭੀ ਤੂੰ ਜਾ[26] ਕੇ ਬੈਠਦਾ[27] ਹੈਂ, ਭਲਮਣਸਾਈ[28] ਨਾਲ ਕੂ[29] (ਬੋਲ) ਅਤੇ ਸੁਆਮੀ[31] ਦੇ ਨਾਮ ਨੂੰ ਆਪਣੇ ਚਿੱਤ[30] ਅੰਦਰ ਨਕਸ਼ ਕਰ[32] । |
| ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥੧॥ | Why wash the body, defiled by falsehood ? | ਝੂਠ ਦੇ ਪਲੀਤ ਕੀਤੇ ਹੋਏ ਸਰੀਰ ਨੂੰ ਕਾਹਦੇ ਲਈ ਧੋਣਾ ਹੈ ? |
| ਤਾ[33] ਮੈ ਕਹਿਆ[34] ਕਹਣੁ[35] ਜਾ[36] ਤੁਝੈ[37] ਕਹਾਇਆ[38] ॥ | When[36] Thou[37], O Lord, made me speak[38], then[33] did I repeat[34] Thy Name[45]. | ਜਦ[36] ਤੂੰ[37], ਹੇ ਸੁਆਮੀ ! ਮੈਨੂੰ ਬੁਲਾਇਆ[38], ਤਦ[33]ਹੀ ਮੈਂ ਨਾਮ ਬਾਣੀ[35] ਦਾ ਉਚਾਰਨ ਕੀਤਾ[34] । |
| ਅੰਮ੍ਰਿਤੁ[39] ਹਰਿ ਕਾ ਨਾਮੁ ਮੇਰੈ ਮਨਿ[40] ਭਾਇਆ[41] ॥ | The ambrosial[39] Name of God, is pleasing[41] to my soul[40], | ਵਾਹਿਗੁਰੂ ਦਾ ਅੰਮ੍ਰਿਤ[39] ਨਾਮ ਮੇਰੀ ਜਿੰਦੜੀ[40] ਨੂੰ ਚੰਗਾ ਲਗਦਾ[41] ਹੈ । |
| ਨਾਮੁ ਮੀਠਾ[42] ਮਨਹਿ[43] ਲਾਗਾ ਦੂਖਿ[44] ਡੇਰਾ[45] ਢਾਹਿਆ[46] ॥ | Thy Name is sweet[42] unto my mind[43] and it has dismantled[46] the abode[45] of sorrow[44]. | ਤੇਰਾ ਨਾਮ ਮੇਰੇ ਮਨ[43] ਨੂੰ ਮਿੱਠੜਾ[42] ਲਗਦਾ ਹੈ ਅਤੇ ਇਸ ਨੇ ਗ਼ਮ ਰੰਜ[44]ਦੇ ਟਿਕਾਣੇ[45] ਨੂੰ ਢਾਹ ਦਿੱਤਾ[46] ਹੈ । |
| ਸੂਖੁ[50] ਮਨ ਮਹਿ ਆਇ ਵਸਿਆ[47] ਜਾਮਿ[48] ਤੈ ਫੁਰਮਾਇਆ[49] ॥ | When[48] Thou gave the Command[49], peace[50] came to abide[47] in my mind. | ਜਦ[48] ਤੂੰ ਹੁਕਮ[49] ਕੀਤਾ, ਤਾਂ ਸੁਖਚੈਨ[50] ਮੇਰੇ ਅੰਦਰ ਆ ਟਿਕਿਆ[47] । |
| ਨਦਰਿ[51] ਤੁਧੁ ਅਰਦਾਸਿ[52] ਮੇਰੀ ਜਿੰਨਿ[53] ਆਪੁ[54] ਉਪਾਇਆ[55] ॥ | My task is to make a supplication[52] and Thine to shower benediction[51]. Thou art the Lord who[53] hast created[55] Thine ownself[54]. | ਮੇਰਾ ਕੰਮ ਬੇਨਤੀ[52] ਕਰਨਾ ਹੈ ਅਤੇ ਤੇਰਾ ਰਹਿਮਤ[51] ਧਾਰਨਾ । ਤੂੰ ਉਹ ਸਾਹਿਬ ਹੈਂ ਜਿਸ[53] ਨੇ ਆਪਣੇ[54] ਆਪ ਨੂੰ ਸਿਰਜਿਆ[55] ਹੈ । |
| ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥੨॥ | When Thou, O Lord, inspired me is speak, then did I repeat accordingly. | ਜਦ ਤੂੰ ਹੇ ਸੁਆਮੀ ! ਮੈਨੂੰ ਬੁਲਾਇਆ ਕੇਵਲ ਤਾਂ ਹੀ ਮੈਂ ਨਾਮ ਦਾ ਉਚਾਰਨ ਕੀਤਾ । |

| | | |
|---|---|---|
| ਵਾਰੀ[56] ਖਸਮੁ[57] ਕਢਾਏ[58] ਕਿਰਤੁ[59] ਕਮਾਵਣਾ[60] ॥ | The Lord[57] gives[58] mortal his turn[56] of human life, according to the deeds[59] done[60] by him. | ਉਸ ਦੇ ਕੀਤੇ ਹੋਏ[30] ਕਰਮਾਂ[59] ਦੇ ਅਨੁਸਾਰ, ਸੁਆਮੀ[57] ਪ੍ਰਾਣੀ ਨੂੰ ਮਨੁੱਖੀ ਜੀਵਨ ਦੀ ਵਾਰੀ[56] ਦਿੰਦਾ[58] ਹੈ । |
| ਮੰਦਾ[61] ਕਿਸੈ[62] ਨ ਆਖਿ[63] ਝਗੜਾ[64] ਪਾਵਣਾ[65] ॥ | Speak[63] not ill[61] of another[62] nor involve[65] thyself in a quarrel[64]. | ਕਿਸੇ ਜਣੇ[62] ਨੂੰ ਬੁਰਾ[61] ਕਹਿ ਕੇ[63] ਫ਼ਸਾਦ[64] ਖੜਾ ਨਾ ਕਰ[65] । |
| ਨਹ ਪਾਇ ਝਗੜਾ[66] ਸੁਆਮਿ[67] ਸੇਤੀ[68] ਆਪਿ ਆਪੁ[69] ਵਞਾਵਣਾ[70] ॥ | Embroil thyself not in strife[66] with[68] thy Lord[67]. This-way thou shalt only ruin[70] thyself[69] | ਆਪਣੇ ਸੁਆਮੀ[67] ਨਾਲ[68] ਲੜਾਈ[66] ਮੁੱਲ ਨਾ ਲੈ । ਇਸ ਤਰ੍ਹਾਂ ਤੂੰ ਨਿਰਾਪੁਰਾ ਆਪਣੇ ਆਪ[69] ਨੂੰ ਮਲੀਆ-ਮੇਟ[70] ਕਰ ਲਵੇਂਗਾ । |
| ਜਿਸੁ[76] ਨਾਲਿ[75] ਸੰਗਤਿ[77] ਕਰਿ[74] ਸਰੀਕੀ[70] *ਜਾਇ[71] ਕਿਆ[72] ਰੂਆਵਣਾ[73] ॥ | By pleading[74] rivalry[70]* with the Lord, with[75] Whom[76] one has to abide[77], who[72] shall not have to bewail[73] going[71] hereafter ? | ਜਿਹੜੇ[76] ਸੁਆਮੀ ਦੇ ਸੰਗ[75] ਤੁਹਾਨੂੰ ਵਸਣਾ[77] ਹੈ, ਉਸ ਨਾਲ ਸ਼ਰੀਕਾ[70] ਕਰਨ[74] ਦੁਆਰਾ ਅਗੇ ਜਾ[71] ਕੇ ਕੌਣ[72] ਵਿਰਲਾਪ[73] ਨਹੀਂ ਕਰਦਾ ? |
| ਜੋ[78] ਦੇਇ[79] ਸਹਣਾ[80] ਮਨਹਿ[81] ਕਹਣਾ[82] ਆਖਿ[83] ਨਾਹੀ ਵਾਵਣਾ[84] ॥ | Bear[80] with grace what[78] God gives[79] thee : instruct[82] thy mind[81] not to grumble[83] in vain[84]. | ਜਿਹੜਾ[78] ਕੁੱਛ ਵਾਹਿਗੁਰੂ ਤੈਨੂੰ ਦਿੰਦਾ[79] ਹੈ, ਉਸ ਨੂੰ ਖਿੜੇ ਮੱਥੇ ਸਹਾਰ[80] ਅਤੇ ਆਪਣੇ ਮਨ[81] ਨੂੰ ਸਮਝਾ[82] । ਬੇਫ਼ਾਇਦਾ[84] ਬੁੜਬੁੜ[83] ਨਾ ਕਰ । |
| ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥ | The Lord gives the man his turn of human life, according to the deeds done by him. | ਉਸ ਦੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਸੁਆਮੀ ਇਨਸਾਨ ਨੂੰ ਮਨੁਖੀ-ਜੀਵਨ ਦੀ ਵਾਰੀ ਦਿੰਦਾ ਹੈ । |
| ਸਭ ਉਪਾਈਅਨੁ[85] ਆਪਿ ਆਪੇ ਨਦਰਿ[86] ਕਰੇ ॥ | The Lord Himself created[85] all and Himself He blesses them with favour[86]. | ਸਾਹਿਬ ਨੇ ਆਪੇ ਹੀ ਸਾਰੇ ਸਾਜੇ[85] ਹਨ ਅਤੇ ਆਪ ਹੀ ਉਹ ਉਨ੍ਹਾਂ ਉਤੇ ਦਇਆ ਦ੍ਰਿਸ਼ਟੀ[86] ਕਰਦਾ ਹੈ । |
| ਕਉੜਾ[87] ਕੋਇ ਨ ਮਾਗੈ[88] ਮੀਠਾ ਸਭ ਮਾਗੈ ॥ | Nobody asks for[88] what is bitter[87], everyone desires what is sweet. | ਕੋਈ ਭੀ ਕੌੜੇ[87] ਦੀ ਯਾਚਨਾ ਨਹੀਂ ਕਰਦਾ[88] । ਹਰ ਕੋਈ ਮਿੱਠੇ ਨੂੰ ਹੀ ਲੋੜਦਾ ਹੈ । |
| ਸਭੁ ਕੋਇ ਮੀਠਾ ਮੰਗਿ ਦੇਖੈ[89] ਖਸਮ[90] ਭਾਵੈ[91] ਸੋ ਕਰੇ ॥ | Let everyone beg for what is sweet and see[89] that that alone would come to pass which the Lord go pleases[91] to ordain. | ਸਾਰੇ ਹੀ ਮਿੱਠੇ ਲਈ ਲੋਚਦਾ ਕਰ ਕੇ ਵੇਖ[89] ਲੈਣ, ਪਰ ਮਾਲਕ[90] ਉਹੀ ਕਰਦਾ ਹੈ ਜਿਹੜਾ ਉਸ ਨੂੰ ਚੰਗਾ[91] ਲਗਦਾ ਹੈ । |
| ਕਿਛੁ[92] [93]ਪੁੰਨ ਦਾਨ[94] ਅਨੇਕ[95] ਕਰਣੀ[96] ਨਾਮ ਤੁਲਿ[97] ਨ ਸਮਸਰੇ[98] ॥ | Alms[93], charity[94] in any amount[92] and various[96] religious deeds[96] are not equal[97] to, or at par[98] with the contemplation of the Lard's Name. | ਖ਼ੈਰਾਤ[93], ਸਖਾਵਤ[94] ਅਤੇ ਅਨੇਕਾਂ[95] ਧਾਰਮਕ[94] ਸੰਸਕਾਰ ਸਾਹਿਬ ਦੇ ਨਾਮ ਦੇ ਸਿਮਰਨ ਦੇ ਬਰਾਬਰ[97] ਜਾਂ ਸਮਾਨ[98] ਨਹੀਂ । |
| ਨਾਨਕਾ ਜਿਨ ਨਾਮੁ ਮਿਲਿਆ[99] ਕਰਮੁ[100] ਹੋਆ ਧੁਰਿ[2] ਕਦੇ[3] ॥ | Nanak, they who are blessed[99] with the Name, are the recipients of the Lord's[2] grace[100] since long[3]. | ਨਾਨਕ, ਜਿਨ੍ਹਾਂ ਨੂੰ ਨਾਮ ਦੀ ਦਾਤ ਪ੍ਰਾਪਤ ਹੋਈ[99] ਹੈ ਉਹ ਧੁਰੋਂ ਤੇ ਚਿਰ[3] ਤੋਂ ਸਾਹਿਬ[2] ਦੀ ਰਹਿਮਤ[100] ਦੇ ਪਾਤ੍ਰ ਹਨ । |
| ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥੧॥ | The Lord Himself has created all and Himself He takes pity on them. | ਸੁਆਮੀ ਨੇ ਖ਼ੁਦ ਹੀ ਸਾਰੇ ਪੈਦਾ ਕੀਤੇ ਹਨ ਅਤੇ ਖ਼ੁਦ ਹੀ ਉਹ ਉਨ੍ਹਾਂ ਤੇ ਤਰਸ ਕਰਦਾ ਹੈ । |

| | | |
|---|---|---|
| ਵਡਹੰਸੁ ਮਹਲਾ ੧ ॥ | Wadhans Ist Guru. | ਵਡਹੰਸ ਪਹਿਲੀ ਪਾਤਿਸ਼ਾਹੀ। |
| ਕਰਹੁ ਦਇਆ[4] ਤੇਰਾ ਨਾਮੁ ਵਖਾਣਾ[5] ॥ | Show mercy[4] unto me, O Lord, that I may utter[5] Thy Name. | ਮੇਰੇ ਉਤੇ ਰਹਿਮ ਕਰ[4], ਹੇ ਸਾਂਈ! ਤਾਂ ਜੋ ਮੈਂ ਤੇਰਾ ਨਾਮ ਉਚਾਰਨ ਕਰਾਂ[5]। |
| ਸਭ ਉਪਾਈਐ[6] ਆਪਿ ਆਪੇ ਸਰਬ[8] ਸਮਾਣਾ[8] ॥ | Thou Thyself hast created[6] all and Thyself art pervading[8] amongst all[7]. | ਤੈਂ ਆਪੇ ਹੀ ਸਾਰੇ ਰਚੇ[6] ਹਨ ਅਤੇ ਆਪ ਹੀ ਸਾਰਿਆਂ[7] ਅੰਦਰ ਵਿਆਪਕ ਹੋ ਰਿਹਾ[8] ਹੈਂ। |
| ਸਰਬੇ ਸਮਾਣਾ ਆਪਿ ਤੂਹੈ ਉਪਾਇ ਧੰਧੈ[9] ਲਾਈਆ ॥ | Thyself Thou pervadest all and creating all, Thou hast put them to work[9]. | ਤੂੰ ਖ਼ੁਦ ਸਾਰਿਆਂ ਅੰਦਰ ਰਮਿਆ ਹੋਇਆ ਹੈਂ। ਸਾਰਿਆਂ ਨੂੰ ਸਾਜ ਕੇ ਤੂੰ ਉਨ੍ਹਾਂ ਨੂੰ ਕੰਮ-ਕਾਜ[9] ਲਾਇਆ ਹੋਇਆ ਹੈ। |
| ਇਕਿ[10] ਤੁਝ ਹੀ ਕੀਏ ਰਾਜੇ ਇਕਨਾ ਭਿਖ[12] ਭਵਾਈਆ[13] ॥ | Some[10] Thou hast made kings and some go about[13] begging for alms[12]. | ਕਈਆਂ[10] ਨੂੰ ਤੂੰ ਪਾਤਿਸ਼ਾਹ ਬਣਾ ਦਿੱਤਾ ਹੈ ਅਤੇ ਕਈ ਖ਼ੈਰ[12] ਮੰਗਦੇ ਫਿਰਦੇ[13] ਹਨ। |
| ਲੋਭੁ[14] ਮੋਹੁ[15] ਤੁਝੁ ਕੀਆ ਮੀਠਾ[16] ਏਤੁ[17] ਭਰਮਿ[18] ਭੁਲਾਣਾ[19] ॥ | Avarice[14] and worldly love[15] Thou have made to seem sweet[16] and in this[17] misgiving[18] the man is deluded[19]. | ਲਾਲਚ[14] ਤੇ ਸੰਸਾਰੀ ਮਮਤਾ[15] ਤੂੰ ਮਿੱਠੇ[16] ਦਰਸਾ ਛੱਡੇ ਹਨ। ਇਸ[17] ਗ਼ਲਤ-ਫ਼ਹਿਮੀ[18] ਅੰਦਰ ਬੰਦਾ ਭੁਲਾ ਫਿਰਦਾ[19] ਪਿਆ ਹੋਇਆ[21] ਹੈ। |
| ਸਦਾ ਦਇਆ ਕਰਹੁ ਅਪਣੀ ਤਾਮਿ[20] ਨਾਮੁ ਵਖਾਣਾ ॥੧॥ | Be Thou ever merciful unto me. Then[20] alone can I repeat Thine Name. | ਤੂੰ ਸਦੀਵ ਹੀ ਮੇਰੇ ਉੱਤੇ ਮਿਹਰਬਾਨ ਹੋਵੇਂ, ਤਾਂ[20] ਹੀ ਮੈਂ ਤੇਰੇ ਨਾਮ ਦਾ ਜਾਪ ਕਰ ਸਕਦਾ ਹਾਂ। |
| ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ ਭਾਣਾ[21] ॥ | True is Thy Name and it is ever pleasing[21] to my mind. | ਸੱਚਾ ਹੈ ਤੇਰਾ ਨਾਮ। ਇਹ ਸਦੀਵ ਹੀ ਮੇਰੇ ਚਿੱਤ ਨੂੰ ਚੰਗਾ ਲਗਦਾ[21] ਹੈ। |
| ਦੂਖੁ[22] ਗਇਆ[23] ਸੁਖੁ[24] ਆਇ[25] ਸਮਾਣਾ[26] ॥ | My pain[22] is dispelled[23] and pleasure[24] has come[25] and entered[26] my mind. | ਮੇਰੀ ਪੀੜ[22] ਦੂਰ ਹੋ ਗਈ[23] ਹੈ ਅਤੇ ਖ਼ੁਸ਼ੀ[24] ਆ ਕੇ[25] ਮੇਰੇ ਚਿੱਤ ਵਿੱਚ ਰਮ ਗਈ[26] ਹੈ। |
| ਗਾਵਨਿ[27] ਸੁਰਿ[28] ਨਰਿ[29] ਸੁਘੜ[30] ਸੁਜਾਣਾ[31] ॥ | The gods[28], the men[29], the discreet[30] and the wise[31] sing[27] of Thee, O Lord. | ਦੇਵਤੇ[28], ਮਨੁਖ[29], ਚਤੁਰ[30] ਅਤੇ ਸਿਆਣੇ[31] ਤੇਰੇ ਹੀ ਗੁਣ ਗਾਉਂਦੇ[27] ਹਨ, ਹੇ ਪ੍ਰਭੂ! |
| ਸੁਰਿ ਨਰ ਸੁਘੜ ਸੁਜਾਣ ਗਾਵਹਿ ਜੋ ਤੇਰੈ ਮਨਿ ਭਾਵਹੇ[32] ॥ | Sing Thee the gods, the men, the discreet and the wise, who are pleasing[32] to Thy mind. | ਗਾਉਂਦੇ ਹਨ ਤੈਨੂੰ ਦੇਵਤੇ, ਇਨਸਾਨ; ਚਤੁਰ ਅਤੇ ਅਕਲਮੰਦ ਜਿਹੜੇ ਤੇਰੇ ਚਿੱਤ ਨੂੰ ਚੰਗੇ ਲਗਦੇ[32] ਹਨ। |
| ਮਾਇਆ[33] ਮੋਹੇ[34] ਚੇਤਹਿ[35] ਨਾਹੀ ਅਹਿਲਾ[36] ਜਨਮੁ[37] ਗਵਾਵਹੇ[38] ॥ | Enticed[34] away by mammon[33], men remember[35] not God, and lose[38] their life[37] in vain[36]. | ਮੋਹਣੀ[33] ਮਾਇਆ ਦੇ ਲੁਭਾਇਮਾਨ[34] ਕੀਤੇ ਹੋਏ ਬੰਦੇ ਵਾਹਿਗੁਰੂ ਨੂੰ ਨਹੀਂ ਸਿਮਰਦੇ[35] ਅਤੇ ਆਪਣਾ ਜੀਵਨ[37] ਬੇਫ਼ਾਇਦਾ[36] ਗੁਆ ਲੈਂਦੇ[38] ਹਨ। |
| ਇਕਿ[39] ਮੂੜ[40] ਮੁਗਧ[41] ਨ ਚੇਤਹਿ ਮੂਲੇ[42] ਜੋ[43] ਆਇਆ[44] ਤਿਸੁ[45] ਜਾਣਾ[46] ॥ | Some[39] fools[40] and idiots[41] think not ever[42] of God. They realise not, that he, who[43] has come, shall go[46]. | ਕਈ[39] ਮੂਰਖ[40] ਤੇ ਬੁਧੂ[41] ਕਦੇ ਭੀ[42] ਵਾਹਿਗੁਰੂ ਨੂੰ ਚੇਤੇ ਨਹੀਂ ਕਰਦੇ। ਉਹ ਅਨੁਭਵ ਨਹੀਂ ਕਰਦੇ ਕਿ ਜਿਹੜਾ[43] ਆਇਆ[41] ਹੈ, ਉਸ[45] ਨੇ ਟੁਰ ਜਾਣਾ[46] ਹੈ। |
| ਨਾਮੁ ਤੇਰਾ ਸਦਾ ਸਾਚਾ ਸੋਇ[47] ਮੈ ਮਨਿ[48] ਭਾਣਾ[49] ॥੨॥ | Ever true is Thy Name. It[47] pleaseth[49] my mind[48]. | ਸਦੀਵੀ ਸਤਿ ਹੈ ਤੇਂਡਾ ਨਾਮ। ਉਹ[47] ਮੇਰੀ ਜਿੰਦੜੀ[48] ਨੂੰ ਮਿਠੜਾ[44] ਲਗਦਾ ਹੈ। |

| | | |
|---|---|---|
| ਤੇਰਾ ਵਖਤੁ[50] ਸੁਹਾਵਾ[51] ਅੰਮ੍ਰਿਤੁ[52] ਤੇਰੀ ਬਾਣੀ[53]॥ | Beauteous[51] is the time[50], when Thou art remembered and ambrosial[52] is Thy word[53], O Lord. | ਸੁੰਦਰ[51] ਹੈ ਸਮਾਂ[50], ਜਦ ਤੂੰ ਸਿਮਰਿਆ ਜਾਂਦਾ ਹੈ ਅਤੇ ਅੰਮ੍ਰਿਤਮਈ[52] ਹੈ ਤੇਰਾ ਕਲਾਮ[53], ਹੇ ਸਾਹਿਬ ! |
| ਸੇਵਕ[54] ਸੇਵਹਿ[55] ਭਾਉ[56] ਕਰਿ ਲਾਗਾ[57] ਸਾਉ[58] ਪਰਾਣੀ[59] ॥ | Thy slaves[54] serve[55] Thee with love[56] and these mortals[59] have acquired[57] the relish[58] of Thy service. | ਤੇਰੇ ਗੋਲੇ[54] ਪਿਆਰ[56] ਨਾਲ ਤੇਰੀ ਟਹਿਲ ਕਮਾਉਂਦੇ[55] ਹਨ। ਉਨ੍ਹਾਂ ਜੀਵਾਂ[59] ਨੂੰ ਤੇਰੀ ਸੇਵਾ ਦਾ ਸੁਆਦ[58] ਪ੍ਰਾਪਤ ਹੋਇਆ[57] ਹੈ। |
| ਸਾਉ ਪ੍ਰਾਣੀ[60] ਤਿਨਾ[63] ਲਾਗਾ ਜਿਨੀ ਅੰਮ੍ਰਿਤੁ[61] ਪਾਇਆ[62] ॥ | Those[63] mortals[60] alone relish Lord's service, who are blessed[62] with the Nectar-Name[61]. | ਕੇਵਲ ਓਹੀ[63] ਫ਼ਾਨੀ ਬੰਦੇ[60] ਸਾਹਿਬ ਦੀ ਸੇਵਾ ਦਾ ਸੁਆਦ ਲੈਂਦੇ ਹਨ, ਜਿਨ੍ਹਾਂ ਨੂੰ ਸੁਧਾ ਸਰੂਪ[61] ਨਾਮ ਦੀ ਦਾਤ ਮਿਲੀ[62] ਹੈ। |
| ਨਾਮਿ ਤੇਰੈ ਜੋਇ[64] ਰਾਤੇ[65] ਨਿਤ[66] ਚੜਹਿ ਸਵਾਇਆ[67]॥ | They, who[64] are imbued[65] with Thy Name, prosper[67] day by day[66]. | ਜਿਹੜੇ[64] ਤੇਰੇ ਨਾਮ ਨਾਲ ਰੰਗੀਜੇ[65] ਹਨ, ਉਹ ਰੋਜ਼-ਬਰੋਜ਼[66] ਵਧਦੇ ਫੁਲਦੇ[67] ਹਨ। |
| ਇਕੁ[68] ਕਰਮੁ[69] ਧਰਮੁ[70] ਨ ਹੋਇ ਸੰਜਮੁ[71] ਜਾਮਿ[72] ਨ ਏਕੁ[73] ਪਛਾਣੀ[74] ॥ | Some[68], who[72] know[74] not the One Lord[72], practise not good deeds[69], piety[70] and self-restraint[71]. | ਕਈ[68], ਜੋ[72] ਇਕ ਸਾਹਿਬ[73] ਨੂੰ ਨਹੀਂ ਜਾਣਦੇ[74] ਨੇਕ ਅਮਲ[69], ਪਵਿੱਤ੍ਰਤਾ[70] ਤੇ ਸਵੈ-ਰੋਕਥਾਮ[71] ਦੀ ਕਮਾਈ ਨਹੀਂ ਕਰਦੇ। |
| ਵਖਤ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ ॥੩॥ | Ever auspicious is the time when Thou art remembered and Nectar-sweet is Thy Gurbani. | ਸਦੀਵੀ ਸੁਲੱਖਣਾ ਹੈ ਉਹ ਵੇਲਾ ਜਦ ਤੂੰ ਸਿਮਰਿਆ ਜਾਂਦਾ ਹੈਂ ਅਤੇ ਅੰਮ੍ਰਿਤ ਵਰਗੀ ਮਿੱਠੀ ਹੈ ਤੇਂਡੀ ਗੁਰਬਾਣੀ। |
| ੫੬੭ | | |
| ਹਉ ਬਲਿਹਾਰੀ[75] ਸਾਚੇ[76] ਨਾਵੈ ॥ | I am a sacrifice[75] unto the True Name[76]. | ਮੈਂ ਤੇਰੇ ਸੱਚੇ ਨਾਮ[76] ਉੱਤੋਂ ਕੁਰਬਾਨ[75] ਹਾਂ। |
| ਰਾਜੁ[77] ਤੇਰਾ ਕਬਹੁ[78] ਨ ਜਾਵੈ[79] ॥ | Thy rule[77] never[8] ends[79]. | ਤੇਰੀ ਹਕੂਮਤ[77] ਕਦੇ[78] ਭੀ ਨਹੀਂ ਜਾਂਦੀ[79]। |
| ਰਾਜੋ ਤ ਤੇਰਾ ਸਦਾ ਨਿਹਚਲੁ[80] ਏਹੁ ਕਬਹੁ ਨ ਜਾਵਏ[81] ॥ | Ever eternal[80] is Thy sovereignty and never is it liquidated[81]. | ਸਦੀਵੀ ਸਥਿਰ[80] ਹੈ ਤੇਰੀ ਪਾਤਿਸ਼ਾਹੀ। ਇਹ ਕਦਾਚਿਤ ਖ਼ਤਮ ਨਹੀਂ ਹੁੰਦੀ[81]। |
| ਚਾਕਰੁ[82] ਤ ਤੇਰਾ ਸੋਇ[83] ਹੋਵੈ ਜੋਇ[84] ਸਹਜਿ[85] ਸਮਾਵਏ[86] ॥ | He[83] alone becomes thy slave[32], O Lord, who[84],in a state of poise[85], ever cherishes[86] Thee. | ਕੇਵਲ ਉਹੀ[83] ਤੇਰਾ ਗੁਮਾਸ਼ਤਾ[82] ਹੁੰਦਾ ਹੈ, ਜੋ[84] ਸਹਿਜ ਅਵਸਥਾ[85] ਅੰਦਰ ਲੀਨ[86] ਹੈ, ਹੇ ਸੁਆਮੀ ! |
| ਦੁਸਮਨੁ[87] ਤ[94] ਦੂਖੁ[88] ਨ ਲਗੈ[89] ਮੂਲੇ[90] ਪਾਪੁ[91] ਨੇੜਿ[92] ਨ ਆਵਏ[93] ॥ | Adversary[87] and[94] adversity[88] touch[89] him not ever[90], nor sin[91] draws[93] near[92] him. | ਵੈਰੀ[87] ਤੇ[94] ਬਿਪਤਾ[88] ਹੱਦੋਂ[90] ਹੀ ਉਸ ਦੇ ਨਾਲ ਨਹੀਂ ਛੂਹਦੇ[89], ਨਾ ਹੀ ਗੁਨਾਹ[91] ਲਾਗੇ[92] ਲਗਦਾ[93] ਹੈ। |
| ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ ਨਾਵਏ ॥੪॥ | I am ever devoted unto Thee and Thy one Name. | ਮੈਂ ਤੇਰੇ ਅਤੇ ਤੇਂਡੇ ਇਕ ਨਾਮ ਉਤੋਂ ਹਮੇਸ਼ਾ ਸਦਕੇ ਜਾਂਦਾ ਹਾਂ। |

| | | |
|---|---|---|
| ਜੁਗਹ ਜੁਗੰਤਰਿ[95] ਭਗਤ[96] ਤੁਮਾਰੇ ॥ ਕੀਰਤਿ[97] ਕਰਹਿ ਸੁਆਮੀ ਤੇਰੈ ਦੁਆਰੈ[98] ॥ | All the ages through[95], O Lord, Thy devoted slaves[96], standing at Thy Gate[98], have sung Thy praises[97]. | ਸਾਰਿਆਂ ਯੁੱਗਾਂ ਅੰਦਰ[95] ਤੇਰੇ ਜਾਨਿਸਾਰ ਸੇਵਕ[96], ਹੇ ਸਾਹਿਬ ! ਤੇਰੇ ਦਰ[98] ਤੇ ਖਲੋ ਕੇ ਤੇਰਾ ਜੱਸ[97] ਕਰਦੇ ਰਹੇ ਹਨ । |
| ਜਪਹਿ[99] ਤ ਸਾਚਾ ਏਕੁ[100] ਮੁਰਾਰੇ[2] ॥ | They meditate[99] on the one True Lord, the enemy[2] of pride[100]. | ਉਹ ਹੰਕਾਰ[100] ਦੇ ਵੈਰੀ[2] ਸਾਹਿਬ ਦਾ ਸਿਮਰਨ[99] ਕਰਦੇ ਹਨ । |
| ਸਾਚਾ ਮੁਰਾਰੇ[3] ਤਾਮਿ[4] ਜਾਪਹਿ ਜਾਮਿ[5] ਮੰਨਿ[6] ਵਸਾਵਹੇ[7] ॥ | Then[4] alone do they meditate on the True Lord[3], when[5] they enshrine[7] Him in their mind[6]. | ਉਹ ਤਦ[4] ਹੀ ਸੱਚੇ ਸਾਹਿਬ[3] ਦਾ ਸਿਮਰਨ ਕਰਦੇ ਹਨ ਜਦ[5] ਉਹ ਉਸ ਨੂੰ ਆਪਣੇ ਹਿਰਦੇ[6] ਵਿੱਚ ਟਿਕਾ[7] ਲੈਂਦੇ ਹਨ । |
| ਭਰਮੋ[8] ਭੁਲਾਵਾ[9] ਤੁਝਹਿ ਕੀਆ[10] ਜਾਮਿ[12] ਏਹੁ ਚੁਕਾਵਹੇ[13] ॥ ਗੁਰ ਪਰਸਾਦੀ[14] ਕਰਹੁ[16] ਕਿਰਪਾ[15] ਲੇਹੁ ਜਮਹੁ[19] ਉਬਾਰੇ[18] ॥ | Doubt[8] and delusion[9] art Thy creation[10]. When these are dispelled then, by the Guru's grace, Thou blesseth Thy devotee with favour and saveth him from the yama's noose. | ਵਹਿਮ[8] ਅਤੇ ਭੁਲੇਖਾ[9] ਤੇਰੀ ਹੀ ਰਚਨਾ[10] ਹਨ । ਜਦ[12] ਇਹ ਵਹਿਮ ਚਲਿਆ ਜਾਂਦਾ[13] ਹੈ ਅਤੇ ਗੁਰਾਂ ਦੀ ਦਇਆ[14] ਦੁਆਰਾ ਤੂੰ ਰਹਿਮਤ[15] ਧਾਰਦਾ[16]ਹੈਂ, ਤਦ ਤੂੰ ਆਪਣੇ ਸੰਤਾਂ ਨੂੰ ਮੌਤ ਦੇ ਦੂਤਾਂ[17] ਤੋਂ ਬਚਾ ਲੈਂਦਾ[18]ਹੈਂ । |
| ਜੁਗਹ ਜੁਗੰਤਰਿ ਭਗਤ[19] ਤੁਮਾਰੇ ॥੫॥ | Throughout all the ages, Thy devotees[19] have been singing Thy praises, O Lord. | ਸਾਰਿਆਂ ਯੁੱਗਾਂ ਅੰਦਰ ਤੇਰੇ ਅਨੁਰਾਗੀ[19] ਤੇਰੀ ਪ੍ਰਸੰਸਾ ਕਰਦੇ ਹਨ, ਹੇ ਸੁਆਮੀ ! |
| ਵਡੇ[20]ਮੇਰੇ ਸਾਹਿਬਾ ਅਲਖ[21] ਅਪਾਰਾ[22] ॥ | O my great[20] Lord, Thou art Incomprehensible[21] and Infinite[22]. | ਹੇ ਮੇਰੇ ਵਿਸ਼ਾਲ[20] ਸੁਆਮੀ ਤੂੰ ਅਗਾਧ[21] ਅਤੇ ਬੇਅੰਤ[22] ਹੈਂ ! |
| ਕਿਉ ਕਰਿ[23] ਕਰਉ ਬੇਨੰਤੀ[24] ਹਉ ਆਖਿ[25] ਨ ਜਾਣਾ[26] ॥ | How[23] should I make supplication[24] ? I know[26] not what to say[25]. | ਮੈਂ ਕਿਸ ਤਰ੍ਹਾਂ[23] ਪ੍ਰਾਰਥਨਾ[24]ਕਰਾਂ ? ਮੈਨੂੰ ਨਹੀਂ ਪਤਾ[26] ਮੈਂ ਕੀ ਕਰਾਂ[25] । |
| ਨਦਰਿ[27] ਕਰਹਿ ਤਾ[28] ਸਾਚੁ ਪਛਾਣਾ[29] ॥ | If Thou bless me with favour[27], then[28] alone, can I know[22] Thy truth. | ਜੇਕਰ ਤੂੰ ਮੇਰੇ ਤੇ ਮਿਹਰ ਦੀ ਨਜ਼ਰ[27] ਧਾਰੇਂ, ਕੇਵਲ ਤਦ[28] ਹੀ ਮੈਂ ਤੇਰੇ ਸੱਚ ਨੂੰ ਜਾਣ ਸਕਦਾ[29] ਹਾਂ । |
| ਸਾਚੋ ਪਛਾਣਾ ਤਾਮਿ[30] ਤੇਰਾ ਜਾਮਿ[31] ਆਪਿ[32] ਬੁਝਾਵਹੇ[33]॥ | When[31] Thou Thyself[32] instructest[33] me, then[30]alone do I know Thy Truth. | ਜਦ[31] ਤੂੰ ਖ਼ੁਦ[32] ਮੈਨੂੰ ਸਿਖਮਤ[33] ਦਿੰਦਾ ਹੈਂ, ਕੇਵਲ ਤਦ[30] ਹੀ ਮੈਂ ਤੇਰੇ ਸੱਚ ਨੂੰ ਜਾਣਦਾ ਹਾਂ । |
| ਦੂਖ[34] ਭੂਖ[35] ਸੰਸਾਰਿ[36] ਕੀਏ[37] ਸਹਸਾ[38] ਏਹੁ ਚੁਕਾਵਹੇ[39] ॥ | Affiiction[34] and hunger[35], too, art Thy creation[37] in this world[36]. Pray rid[39] me Thou of this anxiety[38]. | ਕਸ਼ਟ[34] ਅਤੇ ਖੁਦਿਆ[35] ਵੀ ਤੈਂ ਜਗਤ[36] ਵਿੱਚ ਪੈਦਾ ਕੀਤੀਆਂ[37] ਹਨ, ਹੇ ਪ੍ਰਭੂ ਇਸ ਫ਼ਿਕਰ-ਅੰਦੇਸ਼[38] ਤੋਂ ਮੈਨੂੰ ਖਲਾਸੀ[39] ਬਖ਼ਸ਼ । |
| ਬਿਨਵੰਤਿ[40] ਨਾਨਕੁ ਜਾਇ[41] ਸਹਸਾ ਬੁਝੈ[42] ਗੁਰ ਬੀਚਾਰਾ[43] ॥ | Supplicates[40] Nanak, man's anxiety is dispelled[41] if he understands[42] the Guru-given gnosis[43]. | ਨਾਨਕ ਬੇਨਤੀ[40] ਕਰਦਾ ਹੈ, ਬੰਦੇ ਦਾ ਫ਼ਿਕਰ ਅੰਦੇਸਾ ਦੂਰ ਹੋ ਜਾਂਦਾ[41] ਹੈ, ਜੇਕਰ ਉਹ ਗੁਰਾਂ ਦੀ ਦਿੱਤੀ ਹੋਈ ਗਿਆਤ[43] ਨੂੰ ਸਮਝ ਲਵੇ[42] । |
| ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ ॥੬॥ | The great Lord Himself is Incomprehensible and Infinite. | ਬੇਅੰਤ ਸੁਆਮੀ ਖ਼ੁਦ ਆਪ ਸੋਚ ਸਮਝ ਤੋਂ ਉਚੇਰਾ ਅਤੇ ਅਨੰਤ ਹੈ । |
| ਤੇਰੇ ਬੰਕੇ[44] ਲੋਇਣ[45] ਦੰਤ[46] ਰੀਸਾਲਾ[47] ॥ | Beauteous[44] are Thy eyes[45] and relish giving[47] Thy teeth[46]. | ਸੁੰਦਰ[44] ਹਨ ਤੇਰੇ ਨੈਣ[45] ਅਤੇ ਰੱਬ ਦਾ ਘਰ (ਅਨੰਦ-ਦਾਇਕ[47]) ਤੇਰੇ ਦੰਦ[46] । |

| | | |
|---|---|---|
| ਸੋਹਣੇ[18] ਨਕ ਜਿਨ[49] ਲੰਮੜੇ[50] ਵਾਲਾ[51] ॥ | Thou art the Lord, who[49] hast graceful[48] nose and long[50] hair[51]. | ਤੂੰ ਉਹ ਸਾਹਿਬ ਹੈਂ, ਜਿਸ ਦਾ[49] ਸੁਨੱਖਾ[48] ਹੈ ਨੱਕ ਅਤੇ ਲੰਮੇ[50] ਹਨ ਕੇਸ[51] । |
| ਕੰਚਨ[52] ਕਾਇਆ[52*] ਸੁਇਨੇ[53] ਕੀ ਢਾਲਾ[54] ॥ | Cast[54] in gold[53], Thy body[52*] is precious[52]. | ਸੁਵਰਨ[52] ਰੂਪ ਵਿੱਚ ਢਲਿਆ ਹੋਇਆ[54] ਤੇਰਾ ਸਰੀਰ[52*] ਅਮੋਲਕ[52] ਹੈ । |
| ਸੋਵੰਨ ਢਾਲਾ ਕ੍ਰਿਸਨ ਮਾਲਾ[55] ਜਪਹੁ[56] ਤੁਸੀ ਸਹੇਲੀਹੋ[57] ॥ | Cast in gold is His body, with a rosary[55] like that of Krishna. Meditate[56] thou on Him, O my mates[57]. | ਸੋਨੇ ਵਿੱਚ ਢਲਿਆ ਹੋਇਆ ਹੈ ਉਸ ਦਾ ਸਰੀਰ ਅਤੇ ਕ੍ਰਿਸ਼ਨ ਵਰਗੀ ਜਪਨੀ[55] ਉਸ ਕੋਲ ਹੈ । ਤੁਸੀਂ ਉਸ ਦਾ ਆਰਾਧਨ[56] ਕਰੋ, ਹੇ ਮੇਰੀਓ ਸਖੀਓ[57] ! |
| ਜਮ[58] ਦੁਆਰਿ[59] ਨ ਹੋਹੁ ਖੜੀਆ[60] ਸਿਖ[61] ਸੁਣਹੁ[64] [62]ਸਹੇਲੀਹੋ[63] ॥ | If ye hear[64] this sermon[61], O my[62] mates[63], then, ye shalt not stand[60] at the death courier's[58] door[59]. | ਜੇਕਰ ਤੁਸੀਂ ਇਹ ਉਪਦੇਸ਼[61] ਸ੍ਰਵਣ ਕਰ[64] ਲਉ, ਤਦ ਤੁਹਾਨੂੰ ਮੌਤ ਦੇ ਦੂਤ[58] ਦੇ ਬੂਹੇ[59] ਉੱਤੇ ਨਹੀਂ ਖੜੋਣਾ ਪਵੇਗਾ[60], ਹੇ ਮੇਰੀਓ[62] ਸਹੇਲੀਓ[63] ! |
| ਹੰਸ ਹੰਸਾ[65] ਬਗ ਬਗਾ[66] ਲਹੈ[67] ਮਨ[68] ਕੀ ਜਾਲਾ[69] ॥ | The filth[69] of your mind[68] shall be removed[67], and from a great heron[66], you shall become a great swan[65]. | ਤੁਹਾਡੇ ਰਿਦੇ[68] ਦੀ ਮੈਲ[69] ਉੱਤਰ ਜਾਊਗੀ[67]ਅਤੇ ਪਰਮ ਬਗਲੇ[66] ਤੋਂ ਤੁਸੀਂ ਪਰਮ ਹੰਸ[65] ਹੋ ਜਾਓਗੀਆਂ । |
| ਬੰਕੇ ਲੋਇਣ ਦੰਤ ਰੀਸਾਲਾ ॥੭॥ | Beautiful are Thy eyes and relish-giving Thy teeth, O Lord. | ਸੁੰਦਰ ਹਨ ਤੇਰੇ ਨੈਣ ਅਤੇ ਰਸਦਾਇਕ ਤੇਰੇ ਦੰਦ, ਹੇ ਪ੍ਰਭੂ ! |
| ਤੇਰੀ ਚਾਲ[70] ਸੁਹਾਵੀ[71] ਮਧੁਰਾੜੀ[72] ਬਾਣੀ[73] ॥ | Graceful[71] is Thy gait[70] and sweet[72] Thy speech[73]. | ਸੁਹਣੀ[71] ਹੈ ਤੇਰੀ ਟੋਰ[70] ਅਤੇ ਮਿੱਠੜੀ[72]ਤੇਰੀ ਬੋਲੀ[73] । |
| ਕੁਹਕਨਿ[74] ਕੋਕਿਲਾ[75] ॥ ਤਰਲ[76] ਜੁਆਣੀ[77] ॥ | Thou cooest[74] like a cuckoo[75] and budding[76] is Thy youth[77]. | ਤੂੰ ਕੋਇਲ[75] ਦੀ ਤਰ੍ਹਾਂ ਕੂੰਦਾ[74] ਹੈਂ ਅਤੇ ਚੜ੍ਹਦੀ[76] ਹੈ ਤੇਰੀ ਜੁਆਨੀ[77] । |
| ਤਰਲਾ ਜੁਆਣੀ ਆਪਿ[78] ਭਾਣੀ[79] ਇਛ[80] ਮਨ[81] ਕੀ [79]ਪੂਰੀਏ[82] ॥ | Thy budding youth is pleasing[79] to Thee[78] and its sight fulfills[82] the heart's[81] desires[80]. | ਤੇਰੀ ਚੜ੍ਹਦੀ ਜੁਆਨੀ ਤੈਨੂੰ[78] ਚੰਗੀ[79] ਲਗਦੀ ਹੈ । ਇਸ ਦਾ ਦਰਸ਼ਨ ਦਿਲ ਦੀਆਂ[81] ਖ਼ਾਹਿਸ਼ਾਂ[80] ਪੂਰੀਆਂ[82] ਕਰ ਦਿੰਦਾ ਹੈ । |
| ਸਾਰੰਗ[83] ਜਿਉ[84] ਪਗੁ[85] ਧਰੈ[86] ਠਿਮਿ ਠਿਮਿ[87] ਆਪਿ[88] ਆਪੁ ਸੰਧੂਰਏ[89] ॥ | Like[84] an elephant[83] Thou conquettishly[87] placeth[86] Thy foot[85] and art intoxicated[89] within thyself[88] | ਹਾਥੀ[83] ਦੀ ਮਾਨੰਦ[84] ਤੂੰ ਨਾਜ਼-ਨਖ਼ਰੇ[87] ਨਾਲ ਪੈਰ[85] ਰਖਦਾ[86] ਹੈਂ ਅਤੇ ਆਪਣੇ ਆਪ[88]ਵਿੱਚ ਹੀ ਮਤਵਾਲਾ[87] ਹੈਂ । |
| [90]ਸ੍ਰੀਰੰਗ[91] ਰਾਤੀ[92] ਫਿਰੈ[23] ਮਾਤੀ[94] ਉਦਕੁ[95] ਗੰਗਾ[96] ਵਾਣੀ[97] ॥ | She, who is imbued[92] with the love[91] of such a sublime[90] Spouse, flows[93] inebriated[94] like[97] Gange's[96] water[95]. | ਜੋ ਆਪਣੇ ਐਸੇ ਸ੍ਰੇਸ਼ਟ[90] ਕੰਤ ਦੀ ਪ੍ਰੀਤ[91] ਨਾਲ ਰੰਗੀਜੀ[92] ਹੈ ਉਹ ਮਤਵਾਲੀ[94] ਹੋ ਗੰਗਾ[96] ਦੇ ਪਾਣੀ[95] ਵਾਂਗੂੰ[97] ਫਿਰਦੀ[93] ਹੈ । |
| ਬਿਨਵੰਤਿ[98] ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥ ੮॥੨॥ | Supplicates[98] Nanak, I am Thy slave, O Lord. Graceful is Thy gait and sweet Thy speech. | ਨਾਨਕ ਬੇਨਤੀ ਕਰਦਾ[98] ਹੈ, ਮੈਂ ਤੇਰਾ ਗੋਲਾ ਹਾਂ, ਹੇ ਸਾਹਿਬ ! ਸੁਹਣੀ ਹੈ ਤੇਰੀ ਟੋਰ ਅਤੇ ਮਿਠੜੇ ਬਚਨ-ਬਿਲਾਸ । |
| ਵਡਹੰਸੁ ਮਹਲਾ ੩ ਛੰਤ | Wadhans 3rd Guru. Chhant. | ਵਡਹੰਸ ਤੀਜੀ ਪਾਤਿਸ਼ਾਹੀ ਛੰਦ |

| | | |
|---|---|---|
| ੧ ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਆਪਣੇ ਪਿਰ[99] ਕੈ ਰੰਗਿ[100] ਰਤੀ[2] ਮੁਈਏ[3] ਸੋਭਾਵੰਤੀ[4] ਨਾਰੇ[5] ॥ | O perishable[3] beauteous[4] bride[5], remain, thou, imbued[2] with love[100] of the Groom[99]. | ਨੀ ਮਰਨੀਏ[3] ਸੁੰਦਰ[4] ਪਤਨੀਏ[5]! ਤੂੰ ਆਪਣੇ ਪਤੀ[99] ਦੀ ਪ੍ਰੀਤ[100] ਅੰਦਰ ਰੰਗੀਜੀ[2] ਰਹੁ। |
| ਸਚੈ ਸਬਦਿ[6] ਮਿਲਿ[7] ਰਹੀ ਮੁਈਏ[8] ਪਿਰੁ[9] ਰਾਵੇ[10] ਭਾਇ[12] ਪਿਆਰੇ[13] ॥ | O mortal[8] bride, remain thou united[7] with the True Name[6] : thus shalt thou enjoy[10] the darling[13] Spouse[9] with love[12]. | ਨੀ ਫ਼ਾਨੀ[8] ਪਤਨੀਏ! ਤੂੰ ਸਤਿਨਾਮ[6] ਨਾਲ ਜੁੜੀ[7] ਰਹੁ। ਇਸ ਤਰ੍ਹਾਂ ਤੂੰ ਆਪਣੇ ਲਾਡਲੇ[13] ਪਤੀ[9] ਨੂੰ ਪ੍ਰੀਤ[12] ਨਾਲ ਮਾਣ[10] ਲਵੇਂਗੀ। |
| ਸਚੈ ਭਾਇ[14] ਪਿਆਰੀ[15] ਕੰਤਿ[16]ਸਵਾਰੀ[17] ਹਰਿ ਹਰਿ[18] ਸਿਉ[19] ਨੇਹੁ[20] ਰਚਾਇਆ[21]॥ | The Groom[16] embellishes[17] with His true affection[14] the sweet-heart[15] who bears[21] love[20] to[19] her Lord God[18]. | ਜਿਹੜੀ ਦਿਲਬਰ[15] ਆਪਣੇ ਸੁਆਮੀ[18]ਵਾਹਿਗੁਰੂ ਨਾਲ[19] ਪਿਆਰ[20] ਪਾਉਂਦੀ[21] ਹੈ, ਉਸ ਨੂੰ ਭਰਤਾ[16] ਆਪਣੀ ਸੱਚੀ ਪ੍ਰੀਤ[14] ਨਾਲ ਸੁਸ਼ੋਭਤ[17] ਕਰਦਾ ਹੈ। |
| ਆਪੁ[22] ਗਵਾਇਆ[23] ਤਾ[24] ਪਿਰੁ[25] ਪਾਇਆ ਗੁਰ ਕੈ ਸਬਦਿ[26] ਸਮਾਇਆ[27] ॥ | When the bride abandons[23] her self-conceit[22], then[24] attainest she to her spouse[25] and remainest merged[27] in the Gurbani[26]. | ਜਦ ਵਹੁਟੀ ਆਪਣੀ ਸਵੈ-ਹੰਗਤਾ[22] ਨੂੰ ਤਿਆਗ[23]ਦਿੰਦੀ ਹੈ ਤਦ[24] ਉਹ ਆਪਣੇ ਕੰਤ[25] ਨੂੰ ਪਾ ਲੈਂਦੀ ਹੈ ਅਤੇ ਗੁਰਾਂ ਦੀ ਬਾਣੀ[26] ਅੰਦਰ ਲੀਨ ਰਹਿੰਦੀ[27] ਹੈ। |
| ਸਾ ਧਨ[28] ਸਬਦਿ[29] ਸੁਹਾਈ[30] ਪ੍ਰੇਮ[31] ਕਸਾਈ[32] ਅੰਤਰਿ[33] ਪ੍ਰੀਤਿ[34] ਪਿਆਰੀ[35] ॥ | The bride[28] who is attracted[32] by her Lord's love[31] and to whose mind[33], His affection[34] is dear[35], is adorned[30] with His Name[29]. | ਐਸੀ ਪਤਨੀ[28] ਜਿਸ ਨੂੰ ਉਸ ਦੇ ਸੁਆਮੀ ਦੇ ਪਿਆਰ[31] ਨੇ ਖਿੱਚਿਆ ਹੋਇਆ[32] ਹੈ ਅਤੇ ਜਿਸ ਦੇ ਹਿਰਦੇ[33] ਨੂੰ ਉਸ ਦੀ ਪ੍ਰੀਤ[34] ਲਾਡਲੀ[35] ਲਗਦੀ ਹੈ, ਉਹ ਉਸ ਦੇ ਨਾਮ[29] ਨਾਲ ਸ਼ਿੰਗਾਰੀ ਜਾਂਦੀ[30] ਹੈ। |
| ਨਾਨਕ ਸਾ ਧਨ[36] ਮੇਲਿ[37] ਲਈ ਪਿਰਿ[38] ਆਪੇ[39] ਸਾਚੈ ਸਾਹਿ[40] ਸਵਾਰੀ[41] ॥੧॥ | Nanak, the chaste wife[36], the Beloved[38] blends[37] with Himself[39]. The True king[40] bedecks[41] her with His Name. | ਨਾਨਕ, ਪਵਿੱਤ੍ਰ ਪਤਨੀ[36] ਨੂੰ ਪਿਆਰਾ[38] ਆਪਣੇ ਨਾਲ[39] ਮਿਲਾ ਲੈਂਦਾ[37] ਹੈ। ਸੱਚਾ ਪਾਤਿਸ਼ਾਹ[40] ਉਸ ਨੂੰ ਆਪਣੇ ਨਾਮ ਨਾਲ ਸ਼ਿੰਗਾਰ ਦਿੰਦਾ[41] ਹੈ। |
| **੫੬੮** | | |
| ਨਿਰਗੁਣਵੰਤੜੀਏ[42] ਪਿਰੁ[43] ਦੇਖਿ[44] ਹਦੂਰੇ[45] ਰਾਮ ॥ | O meritless woman[42], see[44] thou thy Husband[43] just close at hand[45]. | ਹੇ ਗੁਣ-ਵਿਹੂਣ ਸੁਆਣੀਏ[42]! ਤੂੰ ਆਪਣੇ ਪਤੀ[43] ਨੂੰ ਐਨ ਹਾਜ਼ਰ-ਨਾਜ਼ਰ[45] ਵੇਖ[44]। |
| ਗੁਰਮੁਖਿ[46] ਜਿਨੀ ਰਾਵਿਆ[47] ਮੁਈਏ[48] ਪਿਰੁ[49] ਰਵਿ ਰਹਿਆ[50] ਭਰਪੂਰੇ[51] ਰਾਮ ॥ | O perishable[48] bride, she, who through the Guru[46], remembers[47] her Groom[49], sees Him fully[51] pervading[50]. | ਨੀ ਮਰਨੀਏ[48] ਲਾੜ੍ਹੀਏ! ਜੋ ਗੁਰਾਂ ਦੇ ਰਾਹੀਂ[46] ਆਪਣੇ ਪ੍ਰਭੂ-ਲਾੜੇ[49] ਨੂੰ ਯਾਦ ਕਰਦੀ[47] ਹੈ, ਉਹ ਉਸ ਨੂੰ ਪਰੀਪੂਰਨ[51] ਵਿਆਪਕ[50] ਵੇਖਦੀ ਹੈ। |
| ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ[52] ਜੁਗਿ ਜੁਗਿ[53] | The Lord is fully filling all. Perceive thou His presence[52]. All the ages[53] | ਸਾਂਈਂ ਸਾਰਿਆਂ ਨੂੰ ਪੂਰੀ ਤਰ੍ਹਾਂ ਭਰ ਰਿਹਾ ਹੈ। ਤੂੰ ਉਸ ਨੂੰ ਹਾਜ਼ਰ ਨਾਜ਼ਰ[52]ਦੇਖ। ਸਾਰਿਆਂ ਯੁਗਾਂ ਅੰਦਰ[53]ਤੂੰ ਉਸ ਨੂੰ |

| | | |
|---|---|---|
| ਏਕੋ[54] ਜਾਤਾ[55] ॥ | through, thou realise[55] Him to be the same[54]. | ਇਕ ਜੈਸਾ[54] ਅਨੁਭਵ[55] ਕਰ । |
| ਧਨ[56] ਬਾਲੀ[57] ਭੋਲੀ[58] ਪਿਰੁ[59] ਸਹਜਿ[60] ਰਾਵੈ[61] ਮਿਲਿਆ ਕਰਮ ਬਿਧਾਤਾ[62] ॥ | The young[57] innocent[58] bride[56], easily[60] enjoys[61] her Bridegroom[59] and meets the Builder of destiny[62]. | ਜੁਆਨ[57] ਨਿਰ-ਅਪਰਾਧ[58] ਪਤਨੀ[56] ਸੁਖੈਨ ਹੀ[60] ਆਪਣੇ ਪਤੀ[59] ਨੂੰ ਮਾਣਦੀ[61] ਹੈ ਅਤੇ ਪ੍ਰਾਲਭਧ ਬਨਾਉਣਹਾਰ[62] ਪਤੀ-ਪ੍ਰਭੂ ਨੂੰ ਮਿਲ ਪੈਂਦੀ ਹੈ । |
| ਜਿਨਿ ਹਰਿ ਰਸੁ[63] ਚਾਖਿਆ[64] ਸਬਦਿ[65] [66]ਸੁਭਾਖਿਆ[67]ਹਰਿ ਸਰਿ[68] ਰਹੀ ਭਰਪੂਰੇ[69] ॥ | She, who tastes[64] God's elixir[63] and utters[67] the sublime[66] Name[65], remains immersed[69] in the Lord's Nectarean tank[68]. | ਜੋ ਵਾਹਿਗੁਰੂ ਦੇ ਅੰਮ੍ਰਿਤ[63] ਨੂੰ ਪਾਨ ਕਰਦੀ[64] ਹੈ ਅਤੇ ਸ੍ਰੇਸ਼ਟ[66] ਨਾਮ[65] ਨੂੰ ਉਚਾਰਦੀ[67] ਹੈ, ਉਹ ਸਾਹਿਬ ਦੇ ਅੰਮ੍ਰਿਤਮਈ ਤਾਲਾਬ[68] ਅੰਦਰ ਡਬੀ ਰਹਿੰਦੀ[69] ਹੈ । |
| ਨਾਨਕ ਕਾਮਣਿ[70] ਸਾ[71] ਪਿਰ ਭਾਵੈ[72] ਸਬਦੇ[73] ਰਹੈ[74] ਹਦੂਰੇ[75] ॥੨॥ | Nanak, the[71] bride[70], who through Guru's word[73], abides[74] in her Groom's presence[75], is pleasing[72] to Him. | ਨਾਨਕ ਉਹ[71] ਇਸਤ੍ਰੀ[70] ਜੋ ਗੁਰਾਂ ਦੇ ਉਪਦੇਸ਼[73] ਦੁਆਰਾ ਆਪਣੇ ਪਤੀ ਦੀ ਹਜ਼ੂਰੀ[75] ਅੰਦਰ ਵਸਦੀ[74] ਹੈ, ਉਸ ਨੂੰ ਚੰਗੀ ਲਗਦੀ[72] ਹੈ । |
| ਸੋਹਾਗਣੀ[76] ਜਾਇ[77] ਪੂਛਹੁ[78] ਮੁਈਏ[79] ਜਿਨੀ ਵਿਚਹੁ ਆਪੁ[80] ਗਵਾਇਆ[81] ॥ | O mortal[79] wife, go[77] and ask[78] the happy wives[76], who have effaced[81] their self-conceit[80]. | ਨੀ ਮਰ-ਵੰਞਣੀਏ[79] ! ਜਾ ਕੇ[77] ਪਵਿੱਤਰ ਪਤਨੀਆਂ[76] ਤੋਂ ਪਤਾ ਕਰ[78], ਜਿਨ੍ਹਾਂ ਨੇ ਆਪਣੀ ਸਵੈ-ਹੰਗਤਾ[80] ਮੇਸ ਛੱਡੀ[81] ਹੈ । |
| ਪਿਰ ਕਾ[82] ਹੁਕਮੁ[83] ਨ ਪਾਇਓ[84] ਮੁਈਏ ਜਿਨੀ ਵਿਚਹੁ[85] ਆਪੁ[86] ਨ ਗਵਾਇਆ[87] ॥ | They, who still[87] not their ego[86] from within[85], O mortal wife, realize[84] not their Beloved's[82] command[83]. | ਜੋ ਆਪਣੇ ਅੰਦਰੋਂ[85] ਹੰਕਾਰ[86] ਨੂੰ ਨਹੀਂ ਮਾਰਦੀਆਂ[87], ਨੀ ਮਰਜਾਣੀਏ ! ਉਹ ਆਪਣੇ ਪ੍ਰੀਤਮ[82] ਦੇ ਫੁਰਮਾਨ[83] ਨੂੰ ਅਨੁਭਵ[84] ਨਹੀਂ ਕਰਦੀਆਂ । |
| ਜਿਨੀ ਆਪੁ ਗਵਾਇਆ ਤਿਨੀ[88] ਪਿਰੁ ਪਾਇਆ[89] ਰੰਗ[90] ਸਿਉ[91] ਰਲੀਆ ਮਾਣੈ[92] ॥ | They[88], who efface their-self, attain[89] to their Spouse and bill and coo[92] with[91] their love[90]. | ਜਿਨ੍ਹਾਂ ਨੇ ਆਪਣੀ ਹਉਮੈ ਨੂੰ ਮਿਟਾ ਦਿੱਤਾ ਹੈ, ਉਹ[88] ਆਪਣੇ ਪਤੀ ਨੂੰ ਪ੍ਰਾਪਤ[89]ਹੋ ਜਾਂਦੀਆ ਹਨ ਤੇ ਪਿਆਰ[90] ਨਾਲ[91] ਮੌਜਾਂ ਮਾਣਦੀਆ[92] ਹਨ । |
| ਸਦਾ[93] ਰੰਗਿ[94] ਰਾਤੀ[95] ਸਹਜੇ[96] ਮਾਤੀ[97] ਅਨਦਿਨੁ[98] ਨਾਮੁ ਵਖਾਣੈ[99] ॥ | Ever[93] imbued[95] with her Groom's love[94], in a state[97] of perfect poise[96], night and day[98], she repeats[99] His Name. | ਆਪਣੇ ਪਤੀ ਦੇ ਪ੍ਰੇਮ[94] ਨਾਲ ਸਦੀਵੀ[93] ਰੰਗੀ[95] ਅਤੇ ਸੁਖੈਨ[96] ਹੀ ਮਤਵਾਲੀ[97] ਹੋਈ ਹੋਈ, ਰੈਣ ਦਿਹੁੰ[98] ਉਸ ਦਾ ਨਾਮ ਉਚਾਰਨ[99] ਕਰਦੀ ਹੈ । |
| ਕਾਮਣਿ[100] [2]ਵਡਭਾਗੀ[3] ਅੰਤਰਿ[4] ਲਿਵ[5] ਲਾਗੀ[6] ਹਰਿ ਕਾ ਪ੍ਰੇਮੁ[7] ਸੁਭਾਇਆ[8] ॥ | Very[2] fortunate[3] is the bride[100] whose mind's[4] attention[5] is fixed[6] on her Groom and to whom is sweet[8] her Lord's love[7]. | ਭਾਰੇ[2] ਕਰਮਾਂ ਵਾਲੀ[3] ਹੈ ਉਹ ਪਤਨੀ[100] ਜਿਸ ਦੇ ਮਨ[4] ਦੀ ਬਿਰਤੀ[5] ਉਸ ਦੇ ਪਤੀ ਨਾਲ ਜੁੜੀ[6] ਹੋਈ ਹੈ ਅਤੇ ਜਿਸ ਨੂੰ ਆਪਣੇ ਪ੍ਰਭੂ ਦੀ ਪ੍ਰੀਤ[7] ਮਿੱਠੀ[8] ਲਗਦੀ ਹੈ । |
| ਨਾਨਕ ਕਾਮਣਿ ਸਹਜੇ[9] ਰਾਤੀ[10] ਜਿਨਿ ਸਚੁ ਸੀਗਾਰੁ[12] ਬਣਾਇਆ ॥੩॥ | Nanak, the bride who is adorned[12] with Truth is imbued[10], in a state of poise[9], with her Lord's love. | ਨਾਨਕ, ਜਿਹੜੀ ਪਤਨੀ ਸੱਚ ਨਾਲ ਸ਼ਿੰਗਾਰੀ ਹੋਈ[12] ਹੈ, ਉਹ ਸੁਖੈਨ[9] ਅਵਸਥਾ ਵਿੱਚ ਹੋ ਆਪਣੇ ਸਾਂਈਂ ਦੇ ਸਨੇਹ ਨਾਲ ਰੰਗੀ ਜਾਂਦੀ[10] ਹੈ । |

| | | |
|---|---|---|
| ਹਉਮੈ[13] ਮਾਰਿ[14] ਮੁਈਏ ਤੂ ਚਲੁ[15] ਗੁਰ ਕੈ ਭਾਏ[16] ॥ | Dispell[14] thy pride[13], O perishable bride, and walk[15] thou in Guru's way[16]. | ਆਪਣਾ ਹੰਕਾਰ[13] ਨਵਿਰਤ ਕਰ[14], ਨੀ ਮਰਨ ਜੋਗੀਏ ਨਾਰੇ ! ਅਤੇ ਤੂੰ ਗੁਰਾਂ ਦੇ ਰਸਤੇ[16] ਟੁਰ[15] । |
| ਹਰਿ ਵਰੁ[17] ਰਾਵਹਿ[18] ਸਦਾ[19] ਮੁਈਏ ਨਿਜ[20] ਘਰਿ[21] ਵਾਸਾ[22] ਪਾਏ ॥ | O mortal wife, thus shalt thou, ever[19], enjoy[18] God, the Spouse[17], and obtain an abode[22] in thy own[20] home[21]. | ਨੀ ਮਰਜਾਣੀਏ ! ਐਕੁਰ ਤੂੰ ਆਪਣੇ ਪਤੀ[17] ਵਾਹਿਗੁਰੂ ਨੂੰ ਹਮੇਸ਼ਾ[19] ਹੀ ਮਾਣੇਂਗੀ[18] ਅਤੇ ਆਪਣੇ ਨਿੱਜ[20] ਦੇ ਗ੍ਰਿਹ[21] ਅੰਦਰ ਵਸੇਬਾ[22] ਪਾ ਲਵੇਂਗੀ । |
| ਨਿਜ ਘਰਿ[27] ਵਾਸਾ ਪਾਏ ਸਬਦੁ[23] ਵਜਾਏ[24] ਸਦਾ[25] ਸੁਹਾਗਣਿ ਨਾਰੀ[26] ॥ | Abiding in her own home[27], she utters[24] the Name[23] and becomes a happy wife[26] for aye[25]. | ਆਪਣੇ ਧਾਮ[27] ਅੰਦਰ ਵਸ ਕੇ ਉਹ ਨਾਮ[23] ਦਾ ਉਚਾਰਨ[24] ਕਰਦੀ ਹੈ ਅਤੇ ਹਮੇਸ਼ਾਂ[25] ਲਈ ਖੁਸ਼ਬਾਸ਼ ਪਤਨੀ[26] ਥੀ ਵੰਞਦੀ ਹੈ । |
| ਪਿਰੁ[28] ਰਲੀਆਲਾ[29] ਜੋਬਨੁ ਬਾਲਾ[30] ਅਨਦਿਨੁ[31] ਕੰਤਿ[32] ਸਵਾਰੀ[33] ॥ | The Beloved[28] Spouse[32] is social[29] and Ever-young[30] and He eternally[31] embellishes[38] His bride[32]. | ਪਿਆਰਾ[28] ਪਤੀ[32] ਰਲਿਆ[29] ਮਿਲਿਆ ਅਤੇ ਸਦੀਵੀ-ਨੌਜਵਾਨ[30] ਹੈ । ਉਹ ਆਪਣੀ ਪਤਨੀ ਨੂੰ ਸਦਾ[31] ਹੀ ਸ਼ਿੰਗਾਰਦਾ[33] ਹੈ । |
| ਹਰਿ ਵਰੁ[34] ਸੋਹਾਗੋ[35] ਮਸਤਕਿ[36] ਭਾਗੋ[37] ਸਚੈ ਸਬਦਿ[38] ਸੁਹਾਏ[39] ॥ | Through her Groom[34], the immortal[35] Lord, her brow's[36] destiny[37] awakens and she is bedecked[39] with the True word[38]. | ਆਪਣੇ ਕੰਤ[34], ਅਮਰ ਹਰੀ[35] ਦੁਆਰਾ ਉਸ ਦੇ ਮੱਥੇ[36] ਦੇ ਭਾਗ[37] ਜਾਗ ਪੈਂਦੇ ਹਨ ਅਤੇ ਉਹ ਸੱਚੇ ਨਾਮ[38] ਨਾਲ ਸ਼ਿੰਗਾਰੀ[39] ਜਾਂਦੀ ਹੈ । |
| ਨਾਨਕ ਕਾਮਣਿ[60] ਹਰਿ ਰੰਗਿ[61] ਰਾਤੀ[62] ਜਾ[63] ਚਲੈ[64] ਸਤਿਗੁਰ ਭਾਏ[65] ॥੪॥੧॥ | Nanak, when[63] the damsel[60] walks[64] according to the will[65] of the True Guru, she gets imbued[62] with Lord's love[61], then. | ਨਾਨਕ, ਜਦ[63] ਇਸਤ੍ਰੀ[60] ਸੱਚੇ ਗੁਰਾਂ ਦੀ ਰਜ਼ਾ[65] ਅਨੁਸਾਰ ਟੁਰਦੀ[64] ਹੈ ਤਾਂ ਉਹ ਪ੍ਰਭੂ ਦੇ ਪਿਆਰ[61] ਨਾਲ ਰੰਗੀ[62] ਜਾਂਦੀ ਹੈ । |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ । |
| ਗੁਰਮੁਖਿ[66] ਸਭੁ ਵਾਪਾਰੁ[67] ਭਲਾ[68] ਜੇ[69] ਸਹਜੇ[70] ਕੀਜੈ[71] ਰਾਮ ॥ | If[69] accomplished[71] through divine knowledge[70], then, all the dealings[67] of the pious person[66] are good[68]. | ਜੇਕਰ[69] ਬ੍ਰਹਿਮ-ਗਿਆਨ[70] ਦੇ ਰਾਹੀਂ ਕੀਤੇ[71] ਜਾਣ ਤਾ ਪਵਿੱਤਰ ਪੁਰਸ਼[66] ਦੇ ਸਾਰੇ ਵਣਜ[67] ਚੰਗੇ[68] ਹਨ । |
| ਅਨਦਿਨੁ[72] ਨਾਮੁ ਵਖਾਣੀਐ[73] ਲਾਹਾ[74] ਹਰਿ ਰਸੁ[75] ਪੀਜੈ[76] ਰਾਮ ॥ | Night and day[72] he utters[73] God's Name and reaps the profit[74] of quaffing[76] Lord's elixir[75]. | ਰੈਣ ਦਿਹੁੰ[7] ਉਹ ਰੱਬ ਦੇ ਨਾਮ ਦਾ ਉਚਾਰਨ[73] ਕਰਦਾ ਹੈ ਅਤੇ ਸਾਈਂ ਦੇ ਅੰਮ੍ਰਿਤ[75] ਨੂੰ ਪਾਨ[76] ਕਰਨ ਦਾ ਲਾਭ ਉਠਾਉਂਦਾ ਹੈ । |
| ਲਾਹਾ ਹਰਿ ਰਸੁ ਲੀਜੈ[77] ਹਰਿ ਰਾਵੀਜੈ[78] ਅਨਦਿਨੁ ਨਾਮੁ ਵਖਾਣੈ[79] ॥ | He obtains[77] the profit of God's Nectar, meditates[78] on God, and repeats[79], he, the Name, night and day. | ਰੱਬ ਦੇ ਸੁਧਾਰਸ ਦਾ ਉਹ ਨਫ਼ਾ ਕਮਾਉਂਦਾ[77] ਹੈ, ਵਾਹਿਗੁਰੂ ਨੂੰ ਸਿਮਰਦਾ[78] ਹੈ ਅਤੇ ਰੈਣ ਦਿਹੁੰ ਨਾਮ ਦਾ ਉਹ ਜਾਪ ਕਰਦਾ[79] ਹੈ । |
| ਗੁਣ[80] ਸੰਗ੍ਰਹਿ[81] ਅਵਗਣ[82] ਵਿਕਣਹਿ[83] ਆਪੇ ਆਪੁ[84] ਪਛਾਣੈ[85] ॥ | He amasses[81] merits[80] and banishes[83] demerits[82], so he recognises[85] his own-self[84]. | ਉਹ ਨੇਕੀਆਂ[80] ਨੂੰ ਇਕੱਤ੍ਰ ਕਰਦਾ[81] ਹੈ ਅਤੇ ਬਦੀਆਂ[82] ਨੂੰ ਪਰੇ ਸੁੱਟ ਪਾਉਂਦਾ[83] ਹੈ । ਐਕੁਰ ਉਹ ਆਪਣੇ ਆਪੇ[84] ਨੂੰ ਸਿਞਾਣ ਲੈਂਦਾ[85] ਹੈ । |
| ਗੁਰਮਤਿ[86] ਪਾਈ[87] ਵਡੀ[88] | By Guru's instruction[86] he is | ਗੁਰਾਂ ਦੇ ਉਪਦੇਸ਼[86] ਦੁਆਰਾ ਉਹ ਪਰਮ[88] ਪ੍ਰਭਤਾ[89] ਨੂੰ |

| | | |
|---|---|---|
| ਵਡਿਆਈ[89] ਸਚੈ ਸਬਦਿ[90] ਰਸੁ[91] ਪੀਜੈ[92] ॥ | blessed[87] with great[88] glory[89] and quaffs[92] the Nectar[91] of the True Name[90]. | ਪ੍ਰਾਪਤ[87] ਹੁੰਦਾ ਹੈ ਤੇ ਸਤਿਨਾਮ[90] ਦੇ ਅੰਮ੍ਰਿਤ[91] ਨੂੰ ਪਾਨ ਕਰਦਾ ਹੈ। |
| ਨਾਨਕ ਹਰਿ ਕੀ ਭਗਤਿ[93] ਨਿਰਾਲੀ[94] ਗੁਰਮੁਖਿ[95] ਵਿਰਲੈ[96] ਕੀਜੈ[97] ॥੧॥ | Nanak, wondrous[94] is the devotional service[93] of God. However, through the Guru[95] only, a few[96] perform[97] it. | ਨਾਨਕ ਅਸਚਰਜ[94] ਹੈ ਵਾਹਿਗੁਰੂ ਦੀ ਪ੍ਰੇਮ ਮਈ ਸੇਵਾ[93]। ਪ੍ਰੰਤੂ ਗੁਰਾਂ ਦੇ ਰਾਹੀਂ[95] ਬਹੁਤ ਹੀ ਥੋੜੇ[96] ਇਸ ਨੂੰ ਕਮਾਉਂਦੇ[97] ਹਨ। |
| ਗੁਰਮੁਖਿ[98] ਖੇਤੀ[99] ਹਰਿ ਅੰਤਰਿ[100] ਬੀਜੀਐ[2] ਹਰਿ ਲੀਜੈ ਸਰੀਰਿ[3] ਜਮਾਏ[4] ਰਾਮ ॥ | By Guru's grace[98], sow[2] and grow[4] the Lord God's crop[99] within[100] thy body[3] field. | ਗੁਰੂ ਦੀ ਰਹਿਮਤ[98] ਦੁਆਰਾ ਸੁਆਮੀ ਵਾਹਿਗੁਰੂ ਦੀ ਫਸਲ[99] ਆਪਣੀ ਦੇਹ[3] ਦੀ ਪੈਲੀ ਅੰਦਰ[100] ਬੀਜ[2] ਤੇ ਪੈਦਾ[4] ਕਰ। |
| ਆਪਣੈ ਘਰ[5] ਅੰਦਰਿ[6] ਰਸੁ[7] ਭੁੰਚੁ[8] ਤੂ ਲਾਹਾ[9] ਲੈ ਪਰਥਾਏ[10] ਰਾਮ ॥ | Thus shalt thou enjoy[8] God's essence[7] within[6] the home[5] and reap benefit[9] in the world-beyond[10]. | ਇਸ ਤਰ੍ਹਾਂ ਤੂੰ ਆਪਣੇ ਗ੍ਰਿਹ[5] ਅੰਦਰ[6] ਹੀ ਵਾਹਿਗੁਰੂ ਦੇ ਨਾਮ ਰਸ[7] ਨੂੰ ਮਾਣ[8] ਲਵੇਂਗਾ ਅਤੇ ਪ੍ਰਲੋਕ[10] ਵਿੱਚ ਭੀ ਲਾਭ[9] ਉਠਾਵੇਂਗਾ। |
| ਲਾਹਾ ਪਰਥਾਏ ਹਰਿ ਮੰਨਿ ਵਸਾਏ[13] ਧਨੁ[14] ਖੇਤੀ[15] ਵਾਪਾਰਾ[16] ॥ | Blessed[14] is the tillage[15] and trade[16] of enshrining[13] the Lord in the mind[12], whereby profit is gained in the Yond. | ਸੁਲੱਖਣੀ[14] ਹੈ ਵਾਹੀ[15] ਤੇ ਸੁਦਾਗਰੀ[16] ਸੁਆਮੀ ਨੂੰ ਹਿਰਦੇ[12] ਅੰਦਰ ਟਿਕਾਉਣ[13] ਦੀ, ਜਿਸ ਦੁਆਰਾ ਪ੍ਰਲੋਕ ਵਿੱਚ ਲਾਭ ਉਠਾਈਦਾ ਹੈ। |
| ਹਰਿ ਨਾਮੁ ਧਿਆਏ[17] ਮੰਨਿ ਵਸਾਏ[18] ਬੂਝੈ[19] ਗੁਰ ਬੀਚਾਰਾ[20] ॥ | He who meditates[17] on the Name and keeps[18] it in his mind, understands[19] Guru's teaching[20]. | ਜੋ ਨਾਮ ਦਾ ਸਿਮਰਨ[17] ਕਰਦਾ ਹੈ ਤੇ ਇਸ ਨੂੰ ਆਪਣੇ ਰਿਦੇ ਅੰਦਰ ਟਿਕਾਉਂਦਾ[18] ਹੈ ਉਹ ਗੁਰਾਂ ਦੇ ਉਪਦੇਸ਼[20] ਨੂੰ ਸਮਝ ਲੈਂਦਾ[19] ਹੈ। |
| ਮਨਮੁਖ[27] ਖੇਤੀ[24] ਵਣਜੁ[21] ਕਰਿ ਥਾਕੇ[22] ਤ੍ਰਿਸਨਾ[23] ਭੁਖ[25] ਨ ਜਾਏ[26] ॥ | The perverse[27] are tired[22] of farming[24] and trade[21]; their thirst[23] and hunger[25] depart[26] not. | ਮਨਮੱਤੀ ਪੁਰਸ਼[27] ਵਾਹੀ[24] ਤੇ ਵਪਾਰ[41] ਕਰਦੇ ਹਾਰ ਗਏ[22] ਹਨ। ਉਨ੍ਹਾਂ ਦੀ ਤ੍ਰੇਹ[23] ਅਤੇ ਖੁਦਿਆ[25] ਦੂਰ[26] ਨਹੀਂ ਹੁੰਦੀਆਂ। |
| ਨਾਨਕ ਨਾਮੁ ਬੀਜਿ[28] ਮਨ ਅੰਦਰਿ[29] ਸਚੈ ਸਬਦਿ[30] ਸੁਭਾਏ[31] ॥੨॥ | O Nanak, sow[28] thou the seed of the Name in[29] thy mind and thus get adorned[31] with ihe True Name[30]. | ਹੇ ਨਾਨਕ! ਤੂੰ ਆਪਣੇ ਰਿਦੇ ਵਿੱਚ[29] ਨਾਮ ਦਾ ਬੀ ਬੀਜ[28], ਅਤੇ ਇਸ ਤਰ੍ਹਾਂ ਸੱਚੇ ਨਾਮ[30] ਨਾਲ ਸ਼ਸ਼ੋਭਤ[31] ਹੋ। |
| ਹਰਿ ਵਾਪਾਰਿ[32] ਸੇ[33] ਜਨ[34] ਲਾਗੇ[35] ਜਿਨਾ ਮਸਤਕਿ[36] ਮਣੀ[37] [38]ਵਡਭਾਗੋ[39] ਰਾਮ ॥ | The[33] men[34], on whose brow[36] the jewel[37] of good[38] fortune[39] is studded, engage[35] in the Lord's trade[32]. | ਜਿਨ੍ਹਾਂ[33] ਬੰਦਿਆਂ[34] ਦੇ ਮੱਥੇ[36] ਉਤੇ ਚੰਗੇ[38] ਕਰਮਾਂ[39] ਦਾ ਜਵੇਹਰ[37] ਜੜਿਆ ਹੋਇਆ ਹੈ, ਉਹ ਹੀ ਸੁਆਮੀ ਦੀ ਸੁਦਾਗਰੀ[32] ਵਿੱਚ ਜੁਟਦੇ[35] ਹਨ। |
| ਗੁਰਮਤੀ[40] ਮਨੁ[41] ਨਿਜ[42] ਘਰਿ ਵਸਿਆ[43] ਸਚੈ ਸਬਦਿ[44] ਬੈਰਾਗੋ[45] ਰਾਮ ॥ | By Guru's instruction[40] the soul[41] abides[43] in its own[42] home and sings the True Gurbani[44] with love[45]. | ਗੁਰਾਂ ਦੇ ਉਪਦੇਸ਼[40] ਦੁਆਰਾ ਆਤਮਾ[41] ਆਪਣੇ ਨਿੱਜ[42] ਦੇ ਗ੍ਰਿਹ ਵਿੱਚ ਵਸਦੀ[43] ਹੈ ਤੇ ਪ੍ਰੇਮ[45] ਨਾਲ ਸੱਚੀ ਗੁਰਬਾਣੀ[44] ਗਾਉਂਦੀ ਹੈ। |
| ਮੁਖਿ[46] ਮਸਤਕਿ[51] ਭਾਗੋ[47] | On account of their supreme[46] | ਆਪਣੇ ਮੱਥੇ[51] ਦੀ ਪਰਮ[46] ਸ੍ਰੇਸ਼ਟ ਪ੍ਰਾਲਭਧ[47] ਦੇ ਕਾਰਣ |

| | | |
|---|---|---|
| ਸਚਿ ਬੈਰਾਗੋ[48] ਸਾਚਿ ਰਤੇ[49] ਵੀਚਾਰੀ[50] ॥ | sublime destiny[47], writ on their brow[51], meditators[50] attain true dispassion[48] and are imbued[49] with Truth. | ਸਿਮਰਨ ਕਰਨ ਵਾਲੇ[50] ਸੱਚੀ ਉਪਰਾਮਤਾ[48] ਨੂੰ ਪ੍ਰਾਪਤ ਹੁੰਦੇ ਹਨ ਤੇ ਸੱਚ ਨਾਲ ਰੰਗੇ[49] ਜਾਂਦੇ ਹਨ । |
| ਨਾਮ ਬਿਨਾ ਸਭੁ ਜਗੁ ਬਉਰਾਨਾ[52] ਸਬਦੇ[53] ਹਉਮੈ[54] ਮਾਰੀ[55] ॥ | Without the Name, the entire world is gone mad[52]. Through the Name[53] man's ego[54] is stilled[55]. | ਨਾਮ ਦੇ ਬਗੈਰ ਸਾਰਾ ਸੰਸਾਰ ਝੱਲਾ[52] ਹੋਇਆ ਹੋਇਆ ਹੈ । ਨਾਮ[53] ਦੇ ਰਾਹੀਂ ਬੰਦੇ ਦੀ ਹੰਗਤਾ[54] ਮਿੱਟ ਜਾਂਦੀ[55] ਹੈ । |
| ੫੬੯ | | |
| ਸਾਚੇ ਸਬਦਿ[56] ਲਾਗਿ[57] ਮਤਿ[58] ਉਪਜੈ[59] ਗੁਰਮੁਖਿ[60] ਨਾਮੁ[61] ਸੋਹਾਗੋ[62] ॥ | Being attached[57] to the True Name[56], real wisdom[58] is gathered[59] and through the Guru-ward[60], Name[61], thy Spouse[62] is obtained. | ਸਤਿਨਾਮ[56] ਨਾਲ ਜੁੜਨ[57] ਦੁਆਰਾ ਯਥਾਰਥ ਸਮਝ[58] ਉਤਪੰਨ[59] ਹੁੰਦੀ ਹੈ ਅਤੇ ਗੁਰਾਂ ਦੇ ਰਾਹੀਂ[60] ਪ੍ਰਭੂ[61] ਪਤੀ[62] ਪ੍ਰਾਪਤ ਹੁੰਦਾ ਹੈ । |
| ਨਾਨਕ ਸਬਦਿ[63] ਮਿਲੈ[64] ਭਉ[65] ਭੰਜਨੁ[66] ਹਰਿ ਰਾਵੈ[67] ਮਸਤਕਿ[68] ਭਾਗੋ[69] ॥੩॥ | Nanak, through the Name[63], the woman meets[64] with God, the Destroyer[66] of dread[65], and through the good fortune[69], writ on the forehead[68], she enjoys[67] Him. | ਨਾਨਕ ਨਾਮ[63] ਦੇ ਰਾਹੀਂ, ਸੁਆਣੀ ਡਰ[65] ਦੇ ਨਾਸ ਕਰਨ ਵਾਲੇ[66] ਵਾਹਿਗੁਰੂ ਨੂੰ ਮਿਲ ਪੈਂਦੀ[64] ਹੈ ਅਤੇ ਮੱਥੇ[68] ਦੀ ਕਿਸਮਤ[79] ਰਾਹੀਂ ਉਹ ਉਸ ਨੂੰ ਮਾਣਦੀ[67] ਹੈ । |
| ਖੇਤੀ[70] ਵਣਜੁ[71] ਸਭੁ ਹੁਕਮੁ[72] ਹੈ ਹੁਕਮੇ ਮੰਨਿ[73] ਵਡਿਆਈ[74] ਰਾਮ ॥ | All true tillage[70] and trade[71] is the acceptance of the Lord's will[72]. By accepting[73] His will, honour[74] is obtained. | ਸਾਰੀ ਵਾਹੀ[70] ਤੇ ਵਪਾਰ[71] ਸਾਹਿਬ ਦੀ ਰਜ਼ਾ[72] ਸਵੀਕਾਰ ਕਰਨਾ ਹੈ । ਉਸ ਦੀ ਰਜ਼ਾ ਮੰਨਣ ਦੁਆਰਾ[73] ਇੱਜ਼ਤ ਆਬਰੂ[74] ਮਿਲਦੀ ਹੈ । |
| ਗੁਰਮਤੀ[75] ਹੁਕਮੁ[76] ਬੂਝੀਐ[77] ਹੁਕਮੇ ਮੇਲਿ[78] ਮਿਲਾਈ ਰਾਮ ॥ | By Guru's instruction[75], the Lord's will[78] is realised[77] and by His will one is united[79] with Him. | ਗੁਰਾਂ ਦੇ ਉਪਦੇਸ਼[75] ਦੁਆਰਾ ਪ੍ਰਭੂ ਦਾ ਫੁਰਮਾਨ[76] ਅਨੁਭਵ[77] ਕੀਤਾ ਜਾਂਦਾ ਹੈ ਅਤੇ ਉਸ ਦੇ ਫੁਰਮਾਨ ਦੁਆਰਾ ਉਸ ਦੇ ਮਿਲਾਪ[78] ਵਿੱਚ ਮਿਲ ਜਾਂਦਾ ਹੈ । |
| ਹੁਕਮਿ[84] ਮਿਲਾਈ[79] ਸਹਜਿ[80] ਸਮਾਈ[81] ਗੁਰ ਕਾ[82] ਸਬਦੁ ਅਪਾਰਾ[83] ॥ | According to His will[84], the man unites[79] and easily blends[81] with the Lord[80]. Supremely exalted[83] are the Guru's hymns[82]. | ਉਸ ਦੇ ਭਾਣੇ[84] ਅੰਦਰ ਬੰਦਾ ਸਾਂਈ[80] ਨੂੰ ਮਿਲ[79] ਉਸ ਵਿੱਚ ਲੀਨ[81] ਹੋ ਜਾਂਦਾ ਹੈ । ਪਰਮ ਉਤਕ੍ਰਿਸ਼ਟ[83] ਹੈ ਗੁਰਾਂ ਦੀ ਬਾਣੀ[82] । |
| ਸਚੀ ਵਡਿਆਈ[85] ਗੁਰ ਤੇ[86] ਪਾਈ ਸਚੁ ਸਵਾਰਣਹਾਰਾ[87] ॥ | Through the Guru[86], true glory[85] is attained and one is embellished[87] with Truth. | ਗੁਰਾਂ ਦੇ ਰਾਹੀਂ[86] ਸੱਚੀ ਪ੍ਰਭਤਾ[85] ਪ੍ਰਾਪਤ ਹੁੰਦੀ ਹੈ ਅਤੇ ਇਨਸਾਨ ਸੱਚ ਨਾਲ ਸ਼ਿੰਗਾਰਿਆ[87] ਜਾਂਦਾ ਹੈ । |
| ਭਉ[88] ਭੰਜਨੁ[89] ਪਾਇਆ ਆਪੁ[90] ਗਵਾਇਆ[91] ਗੁਰਮੁਖਿ[92] ਮੇਲਿ[93] ਮਿਲਾਈ ॥ | Losing[91] his self-conceit[90], man obtains God, the Dispeller[89] of fear[88], and through the Guru[92], he is united[93] with Him. | ਆਪਣੀ ਸਵੈ-ਹੰਗਤਾ[90] ਨੂੰ ਗੁਆ ਕੇ[91], ਆਦਮੀ ਡਰ[88] ਦੇ ਦੂਰ ਕਰਨ ਵਾਲੇ[89] ਹਰੀ ਨੂੰ ਪਾ ਲੈਂਦਾ ਹੈ ਤੇ ਗੁਰਾਂ ਦੇ ਰਾਹੀਂ[92], ਉਸ ਦੇ ਮਿਲਾਪ[93] ਨਾਲ ਮਿਲ ਜਾਂਦਾ ਹੈ । |
| ਕਹੁ[94] ਨਾਨਕ ਨਾਮੁ ਨਿਰੰਜਨੁ[95] ਅਗਮੁ[96] | Says[94] Nanak, the Name of the Immaculate[95], Unreachable[96] and | ਗੁਰੂ ਜੀ ਆਖਦੇ[94] ਹਨ, ਪਵਿੱਤਰ[95] ਪਹੁੰਚ ਤੋਂ ਪਰੇ[96] ਅਤੇ ਅਗਾਧ[97] ਹਾਕਮ[98] ਦਾ ਨਾਮ ਹਰ ਥਾਂ |

| | | |
|---|---|---|
| ਅਗੋਚਰੁ[97] ਹੁਕਮੇ[98] ਰਹਿਆ ਸਮਾਈ[99] ॥੪॥੨॥ | Unfathomable[97] Commander[98] is contained[99] every where. | ਰਮਿਆ ਹੋਇਆ[99] ਹੈ । |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ । |
| ਮਨ[100] ਮੇਰਿਆ ਤੂ ਸਦਾ[2] ਸਚੁ[3] ਸਮਾਲਿ[4] ਜੀਉ ॥ | O my soul[100], remember[4] thou ever[2], the True Lord[3]. | ਹੇ ਮੇਰੀ ਜਿੰਦੜੀਏ[100] ! ਤੂੰ ਸਦੀਵ[2] ਹੀ ਸੱਚੇ ਸੁਆਮੀ[3] ਦਾ ਸਿਮਰਨ[4] ਕਰ । |
| ਆਪਣੈ[5] ਘਰਿ[6] ਤੂ ਸੁਖਿ[12] ਵਸਹਿ[7] ਪੋਹਿ[8] ਨ ਸਕੈ [9]ਜਮਕਾਲੁ[10] ਜੀਉ ॥ | Thus shalt thou abide[7] in peace[12] in thy own[5] home[6] and death's[10] courier[9] shall touch[8] thee not. | ਇਸ ਤਰ੍ਹਾਂ ਤੂੰ ਆਪਣੇ ਨਿੱਜ[5] ਦੇ ਗ੍ਰਿਹ[6] ਵਿੱਚ ਆਰਾਮ[12] ਵਿੱਚ ਵਸੇਂਗੀ[7] ਅਤੇ ਮੌਤ[10] ਦਾ ਦੂਤ[9] ਤੈਨੂੰ ਛੋਹੇਗਾ[8] ਨਹੀਂ । |
| ਕਾਲੁ[13] ਜਾਲੁ[14] ਜਮੁ[15] ਜੋਹਿ ਨ ਸਾਕੈ[19] ਸਾਚੈ ਸਬਦਿ[16] ਲਿਵ[17] ਲਾਏ[18] ॥ | By embracing[18] affection[17] for the True Name[16], Death's[13] noose[14] and myrmidon[15] cannot[91] touch the mortal. | ਸੱਚੇ ਨਾਮ[16] ਨਾਲ ਪ੍ਰੀਤ[17] ਪਾਉਣ[18] ਦੁਆਰਾ ਮੌਤ ਦੀ ਫ਼ਾਹੀ[14] ਤੇ ਜਮ[15] ਪ੍ਰਾਨੀ ਨੂੰ ਛੁਹ ਨਹੀਂ ਸਕਦੇ[19] । |
| ਸਦਾ[20] ਸਚਿ[21] ਰਤਾ[22] ਮਨੁ[23] ਨਿਰਮਲੁ[24] ਆਵਣੁ ਜਾਣੁ[25] ਰਹਾਏ[26] ॥ | The soul[23], imbued[22] with the True Name[21], is ever[20] immaculate[24] and ceases[26] to come and go[25]. | ਸਤਿ ਨਾਮ[21] ਨਾਲ ਰੰਗੀ[22] ਹੋਈ ਆਤਮਾ[23] ਹਮੇਸ਼ਾ[20] ਪਵਿੱਤ੍ਰ[24] ਹੈ ਅਤੇ ਆਵਾਗਉਣ[25] ਤੋਂ ਖਲਾਸੀ[26] ਪਾ ਜਾਂਦੀ ਹੈ । |
| ਦੂਜੈ ਭਾਇ[27] ਭਰਮਿ[28] ਵਿਗੁਤੀ[29] ਮਨਮੁਖਿ[30] ਮੋਹੀ[31] [32]ਜਮਕਾਲਿ[33] ॥ | Duality[27] and doubt[28] have ruined[29] the way-ward[80] soul and it is lured[31] by death[33] Minister[32]. | ਦਵੈਤ-ਭਾਵ[27] ਤੇ ਸੰਦੇਹ[28] ਨੇ ਆਪ-ਹੁਦਰੀ[30] ਆਤਮਾ ਨੂੰ ਤਬਾਹ[29] ਕਰ ਦਿੱਤਾ ਹੈ ਤੇ ਇਹ ਮੌਤ[33] ਦੇ ਦੂਤ[32] ਨੇ ਲੁਭਾਇਮਾਨ[31] ਕਰ ਲਈ ਹੈ । |
| ਕਹੈ ਨਾਨਕੁ ਸੁਣਿ[34] ਮਨ ਮੇਰੇ ਤੂ ਸਦਾ ਸਚੁ ਸਮਾਲਿ[35] ॥੧॥ | Says Nanak, hearken[34] thou, O my soul and remember[35] thou ever the True Lord. | ਗੁਰੂ ਜੀ ਆਖਦੇ ਹਨ, ਤੂੰ, ਮੇਰੀ ਆਤਮਾ ! ਸੁਣ[34], ਤੂੰ ਸਦੀਵ ਹੀ ਸੱਚੇ ਸਾਹਿਬ ਦਾ ਸਿਮਰਨ[35] ਕਰਿਆ ਕਰ । |
| ਮਨ[36] ਮੇਰਿਆ ਅੰਤਰਿ[37] ਤੇਰੈ ਨਿਧਾਨੁ[38] ਹੈ ਬਾਹਰਿ[39] ਵਸਤੁ[40] ਨ ਭਾਲਿ[41] ॥ | O my mind[36], within[37] thee is the treasure[38]; search[41] thou not the thing[40] without[39]. | ਹੇ ਮੇਰੇ ਮਨੂਏ[36] ! ਤੇਰੇ ਅੰਦਰ[37] ਹੀ (ਨਾਮ ਦਾ) ਖ਼ਜ਼ਾਨਾ[38] ਹੈ । ਤੂੰ ਇਸ ਵਸਤੂ[40] ਨੂੰ ਬਾਹਰਵਾਰ[39] ਨਾ ਲੱਭ[43] । |
| ਜੋ[42] ਭਾਵੈ[43] ਸੋ[44] ਭੁੰਚਿ[45] ਤੂ ਗੁਰਮੁਖਿ[46] ਨਦਰਿ[47] ਨਿਹਾਲਿ[48] ॥ | Eat[45] thou only that[44] which[42], is pleasing[43] to the Lord and be happy[48] through the Exalted Guru's[46] grace[47]. | ਤੂੰ ਉਹ ਕੁੱਛ[44] ਛੱਕ[45] ਜਿਹੜਾ[42] ਸਾਂਈਂ ਨੂੰ ਚੰਗਾ ਲਗਦਾ[43] ਹੈ ਤੇ ਇਸ ਤਰ੍ਹਾਂ ਮੁਖੀ ਗੁਰਾਂ[46] ਦੀ ਦਇਆ[47] ਦੁਆਰਾ ਪ੍ਰਸੰਨ[48] ਹੋ । |
| ਗੁਰਮੁਖਿ[49] ਨਦਰਿ[50] ਨਿਹਾਲਿ[51] ਮਨ ਮੇਰੇ ਅੰਤਰਿ[52] ਹਰਿ ਨਾਮੁ[54] ਸਖਾਈ[53] ॥ | O my soul, Lord Master[54], the Helper[53], is within[52] thee. By Guru's instruction, be holy[49] and see[51] Him with thine eyes. | ਹੇ ਮੇਰੀ ਜਿੰਦੇ ! ਸਹਾਇਕ[53] ਸੁਆਮੀ ਮਾਲਕ[54] ਤੇਰੇ ਅੰਦਰ[52] ਹੀ ਹੈ । ਨੇਕ[49] ਬਣ ਅਤੇ ਉਸ ਨੂੰ ਆਪਣੇ ਨੇਤ੍ਰਾਂ[50] ਨਾਲ ਵੇਖ[51] । |
| ਮਨਮੁਖ[54*] ਅੰਧੁਲੇ[55] ਗਿਆਨ[56] ਵਿਹੂਣੇ[57] ਦੂਜੈ[58] ਭਾਇ[59] ਖੁਆਈ[60] ॥ | The egocentrics[54*] are blind[55] and bereft[57] of gnosis[56] and another's[58] love[59] has ruined[60] them. | ਆਪ-ਹੁਦਰੇ[54*], ਅੰਨ੍ਹੇ ਅਤੇ ਬ੍ਰਹਮ-ਬੋਧ[56] ਤੋਂ ਸਖਣੇ[57] ਹਨ । ਹੋਰਸ ਦੀ[58] ਪ੍ਰੀਤ[59] ਨੇ ਉਨ੍ਹਾਂ ਨੂੰ ਬਰਬਾਦ[60] ਕਰ ਦਿੱਤਾ ਹੈ । |

| | | |
|---|---|---|
| ਬਿਨੁ ਨਾਵੈ ਕੋ ਛੂਟੈ[61] ਨਾਹੀ ਸਭ ਬਾਧੀ[62] [63]ਜਮਕਾਲਿ[64] ॥ | Without the Name, none is emancipated[61]. All are chained[62] by Death's[64] myrmidon[63]. | ਨਾਮ ਦੇ ਬਾਝੋਂ ਕੋਈ ਭੀ ਬੰਦ-ਖਲਾਸ[61] ਨਹੀਂ ਹੁੰਦਾ। ਮੌਤ[64] ਦੇ ਫਰਿਸ਼ਤੇ[63] ਨੇ ਸਾਰਿਆਂ ਨੂੰ ਜਕੜਿਆ ਹੋਇਆ[62] ਹੈ। |
| ਨਾਨਕ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ ॥ ੨ ॥ | Nanak, within thee is the treasure; seek thou not the thing without. | ਨਾਨਕ, ਤੇਰੇ ਅੰਦਰ ਹੀ ਖ਼ਜ਼ਾਨਾ ਹੈ। ਤੂੰ ਨਾਮ-ਵਸਤੂ ਦੀ ਬਾਹਰ ਵਾਰ ਖੋਜ ਭਾਲ ਨਾ ਕਰ। |
| ਮਨ ਮੇਰਿਆ ਜਨਮੁ[65] ਪਦਾਰਥੁ[66] ਪਾਇ ਕੈ ਇਕਿ[67] ਸਚਿ ਲਗੇ[68] ਵਾਪਾਰਾ[69] ॥ | My mind, obtaining the wealth[65] of human life[65], some[67] are engaged[68] in the trade[69] of truth. | ਮੇਰੇ ਮਨੂਏ ਮਨੁਖੀ-ਜੀਵਨ[65] ਦੀ ਦੌਲਤ[66] ਨੂੰ ਪਾ ਕੇ ਕਈ[67] ਸੱਚ ਦੇ ਵਣਜ[69] ਵਿੱਚ ਜੁੜੇ ਹੋਏ[68] ਹਨ। |
| ਸਤਿਗੁਰੁ ਸੇਵਨਿ[70] ਆਪਣਾ ਅੰਤਰਿ[71] ਸਬਦੁ[72]ਅਪਾਰਾ[73] ॥ | They serve[70] their True Guru and within[71] them is enshrined the infinite[73] Name[72]. | ਉਹ ਆਪਣੇ ਸੱਚੇ ਗੁਰਾਂ ਦੀ ਘਾਲ ਕਮਾਉਂਦੇ[70] ਹਨ ਅਤੇ ਉਨ੍ਹਾਂ ਦੇ ਅੰਦਰ[71] ਲਾਸਾਨੀ[73] ਨਾਮ[72] ਟਿਕਿਆ ਹੋਇਆ ਹੈ। |
| ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ[74] ਨਾਮੇ ਨਉ ਨਿਧਿ[75] ਪਾਈ ॥ | Within them is the infinite, sweet[74] Name of God, and through the Name, they obtain the nine treasures[75]. | ਅਨੰਤ ਨਾਮ ਉਨ੍ਹਾਂ ਦੇ ਅੰਦਰ ਹੈ। ਰੱਬ ਦਾ ਨਾਮ ਉਨ੍ਹਾਂ ਨੂੰ ਮਿੱਠਾ[74] ਲਗਦਾ ਹੈ ਅਤੇ ਨਾਮ ਦੇ ਰਾਹੀਂ ਉਹ ਨੌ ਖ਼ਜ਼ਾਨਿਆਂ[75] ਨੂੰ ਪ੍ਰਾਪਤ ਕਰ ਲੈਂਦੇ ਹਨ। |
| ਮਨਮੁਖ[76] ਮਾਇਆ[77] ਮੋਹ[78] ਵਿਆਪੇ[79] ਦੂਖਿ[80] ਸੰਤਾਪੇ[81] ਦੂਜੈ[82] ਪਤਿ[83] ਗਵਾਈ[84] ॥ | The way-ward[76] are engrossed[79] in worldly[77] love[78]. They writhe[81] in pain[80] and through duality[82] lose[84] their honour[83]. | ਆਪ-ਹੁੱਦਰੇ[76] ਸੰਸਾਰੀ[77] ਮਮਤਾ[78] ਵਿੱਚ ਖੱਚਤ ਹੋਏ[79] ਹੋਏ ਹਨ। ਉਹ ਪੀੜ[80] ਅੰਦਰ ਦੁਖੀ ਹੁੰਦੇ[81] ਹਨ ਤੇ ਦਵੈਤ-ਭਾਵ[82] ਵਿੱਚ ਆਪਣੀ ਇੱਜ਼ਤ ਆਬਰੂ[83] ਵੰਞਾ ਲੈਂਦੇ[84] ਹਨ. |
| ਹਉਮੈ[85] ਮਾਰਿ[86] ਸਚਿ ਸਬਦਿ[87] ਸਮਾਣੇ[88] ਸਚਿ ਰਤੇ[89] ਅਧਿਕਾਈ[90] ॥ | They, who still[86] their ego[85] and merge[88] in the True Name[87], are thoroughly[90] imbued[89] with truth. | ਜੋ ਆਪਣੀ ਹੰਗਤਾ[85] ਨੂੰ ਮਾਰਦੇ[86] ਹਨ ਤੇ ਸਤਿਨਾਮ[87] ਵਿੱਚ ਲੀਨ ਹੁੰਦੇ[88] ਹਨ, ਉਹ ਸੱਚ ਨਾਲ ਘਣੇ[90] ਰੰਗੀਜ ਜਾਂਦੇ[89] ਹਨ। |
| ਨਾਨਕ ਮਾਣਸ ਜਨਮੁ ਦੁਲੰਭੁ[91] ਹੈ ਸਤਿਗੁਰਿ ਬੂਝ[92] ਬੁਝਾਈ[93] ॥ ੩ ॥ | Nanak, difficult to obtain[91] is the human life. The True Guru reveals[93] the real understanding[92] | ਨਾਨਕ, ਮੁਸ਼ਕਿਲ ਨਾਲ ਮਿਲਣ ਵਾਲਾ[91] ਹੈ ਮਨੁਖੀ-ਜੀਵਨ। ਸੱਚੇ ਗੁਰੂ ਜੀ ਯਥਾਰਥ ਸਮਝ[92] ਦਰਸਾਉਂਦੇ[93] ਹਨ। |
| ਮਨ ਮੇਰੇ ਸਤਿਗੁਰੁ ਸੇਵਨਿ[94] ਆਪਣਾ ਸੇ[95] ਜਨ[96] ਵਡਭਾਗੀ[97] ਰਾਮ ॥ | O my soul, they who serve[94] their True Guru, very fortunate[97] are those[95] persons[96]. | ਹੇ ਮੇਰੀ ਜਿੰਦੇ! ਜੋ ਆਪਣੇ ਸੱਚੇ ਗੁਰਾਂ ਦੀ ਟਹਿਲ ਕਮਾਉਂਦੇ[94] ਹਨ, ਭਾਰੇ ਨਸੀਬਾਂ ਵਾਲੇ[97] ਹਨ ਉਹ[95] ਪੁਰਸ਼[96]। |
| ਜੋ ਮਨੁ ਮਾਰਹਿ[98] ਆਪਣਾ ਸੇ ਪੁਰਖ ਬੈਰਾਗੀ[99] ਰਾਮ ॥ | They who subdue[98] their mind, they are the men of renunciation and detachment[99]. | ਜਿਹੜੇ ਆਪਣੇ ਮਨ ਨੂੰ ਕਾਬੂ ਕਰਦੇ[98] ਹਨ, ਉਹੀ ਉਪਰਾਮ[99] ਪੁਰਸ਼ ਹਨ। |
| ਸੇ ਜਨ ਬੈਰਾਗੀ ਸਚਿ[100] ਲਿਵ[2] ਲਾਗੀ[3] ਆਪਣਾ ਆਪੁ[4] ਪਛਾਣਿਆ[5] ॥ | They, who cherish[3] love[2] for the True Lord[100], they are the desireless persons, who know[5] their ownself[4]. | ਜੋ ਸੱਚੇ ਸੁਆਮੀ[100] ਨੂੰ ਪਿਆਰ[2] ਕਰਦੇ[3] ਹਨ, ਉਹ ਇੱਛਾ-ਰਹਿਤ ਪੁਰਸ਼ ਹਨ, ਉਹਨਾਂ ਨੇ ਆਪਣੇ ਆਪੇ[4] ਨੂੰ ਸਮਝਿਆ[5] ਹੈ। |

| | | |
|---|---|---|
| ਮਤਿ[6] ਨਿਹਚਲ[7] ਅਤਿ[8] ਗੂੜੀ[9] ਗੁਰਮੁਖਿ[10] ਸਹਜੇ[12]ਨਾਮੁ ਵਖਾਣਿਆ[13]॥ | stable[7] and very[8] profound[9] is their intellect[6], and by Guru's grace[10], they calmly[12] utter[13] the Name. | ਅਹਿਲ[7], ਤੇ ਪਰਮ[8] ਡੂੰਘੀ[9] ਹੈ ਉਨ੍ਹਾਂ ਦੀ ਸੋਚ ਸਮਝ[6] ਗੁਰਾਂ ਦੀ ਮਿਹਰ[10] ਸਦਕਾ ਉਹ ਸ਼ਾਂਤੀ ਨਾਲ[12] ਨਾਮ ਨੂੰ ਉਚਾਰਦੇ[13] ਹਨ। |
| ਇਕਿ[14]ਕਾਮਣਿ[15]ਹਿਤਕਾਰੀ[16] ਮਾਇਆ[17] ਮੋਹਿ[17] ਪਿਆਰੀ[18] ਮਨਮੁਖ[20] ਸੋਇ[21] ਰਹੇ ਅਭਾਗੇ[22] ॥ | Some[14] are the lovers[16] of damsels[15] and sweet[19] to them is the love[18] of wealth; Such unlucky[22] apostates[20] remain asleep[21]. | ਕਈ[14] ਸੁੰਦਰੀਆਂ[15] ਦੇ ਆਸ਼ਕ[16] ਹਨ। ਧਨ-ਦੌਲਤ[17] ਦਾ ਪਿਆਰ[18] ਉਨ੍ਹਾਂ ਨੂੰ ਮਿੱਠਾ[19] ਲਗਦਾ ਹੈ। ਐਹੋ ਜਿਹੇ ਨਿਕਰਮਣ[22] ਅਧਰਮੀ[20] ਸੁੱਤੇ ਹੀ ਰਹਿੰਦੇ ਹਨ। |
| ਨਾਨਕ ਸਹਜੇ[23] ਸੇਵਹਿ[24] ਗੁਰੁ ਆਪਣਾ ਸੇ[25] ਪੂਰੇ[26] ਵਡਭਾਗੇ[27] ॥੪॥੩॥ | Nanak, they who, with poise[23], serve[24] their Guru, they[25] are the men of perfect[26] destiny[27]. | ਨਾਨਕ ਜੋ ਅਡੋਲਤਾ[23] ਨਾਲ ਆਪਣੇ ਗੁਰੂ ਨੂੰ ਸੇਂਵਦੇ[24] ਹਨ, ਉਹ[25] ਪੂਰਨ[26] ਪਰਾਲਭਧ[27] ਵਾਲੇ ਪੁਰਸ਼ ਹਨ। |
| **ਵਡਹੰਸੁ ਮਹਲਾ ੩ ॥** | **Wadhans 3rd Guru.** | **ਵਡਹੰਸ ਤੀਜੀ ਪਾਤਿਸ਼ਾਹੀ** |
| ਰਤਨ[28] ਪਦਾਰਥ[29] ਵਣਜੀਅਹਿ[30] ਸਤਿਗੁਰਿ ਦੀਆ[31] ਬੁਝਾਈ[32] ਰਾਮ ॥ | Purchase[30] the invaluable[28] commodity[29] of the Lord's Name; True Guru imparts[31] such an understanding[32]. | ਹੇ ਇਨਸਾਨ ਸਾਹਿਬ ਦੇ ਨਾਮ ਦੇ ਅਮੋਲਕ[28] ਵੱਖਰ[29] ਨੂੰ ਖ਼ਰੀਦ[30], ਸੱਚੇ ਗੁਰੂ ਜੀ ਐਸੀ ਸਮਝ[32] ਪ੍ਰਦਾਨ[31] ਕਰਦੇ ਹਨ। |
| ਲਾਹਾ ਲਾਭੁ[33] ਹਰਿ ਭਗਤਿ[34] ਹੈ ਗੁਣ[35] ਮਹਿ[36] ਗੁਣੀ[37] ਸਮਾਈ[38] ਰਾਮ ॥ | The profit of profits[33] is the devotional service[34] of God and the virtuous man[37] merges[38] with[36] the Lord's virtues[35]. | ਮੁਨਾਫ਼ਿਆਂ ਦਾ ਮੁਨਾਫ਼ਾ[33] ਵਾਹਿਗੁਰੂ ਦੀ ਪ੍ਰੇਮ ਮਈ ਭਗਤੀ[34] ਹੈ। ਨੇਕ ਬੰਦਾ[37] ਪ੍ਰਭੂ ਦੀਆਂ ਨੇਕੀਆਂ[35] ਵਿੱਚ[36] ਲੀਨ ਹੋ ਜਾਂਦਾ[38] ਹੈ। |
| ੫੭੦ | | |
| ਗੁਣ[39] ਮਹਿ ਗੁਣੀ[40] ਸਮਾਏ[41] ਜਿਸੁ ਆਪਿ[42] ਬੁਝਾਏ[43] ਲਾਹਾ[44] ਭਗਤਿ[45]ਸੈਸਾਰੇ[46] ॥ | The good man[40], whom the Lord Himself grants wisdom[40], remains immersed[41] in goodness[39]. He reaps the profit[44] of Lord's meditation[45] in this world[16]. | ਭਲਾ ਪੁਰਸ਼[40] ਜਿਸ ਨੂੰ ਪ੍ਰਭੂ ਆਪੇ[42] ਹੀ ਸਿਆਣਪ[43] ਪਰਦਾਨ ਕਰਦਾ ਹੈ, ਭਲਾਈ[39] ਅੰਦਰ ਰਮਿਆ[41] ਰਹਿੰਦਾ ਹੈ। ਇਸ ਜੱਗ[46] ਵਿੱਚ ਉਹ ਸਾਂਈਂ ਦੇ ਸਿਮਰਨ[45] ਦਾ ਨਫ਼ਾ[44] ਕਮਾਉਂਦਾ ਹੈ। |
| ਬਿਨੁ ਭਗਤੀ ਸੁਖੁ[47] ਨ ਹੋਈ ਦੂਜੈ[18] ਪਤਿ[49] ਖੋਈ[50] ਗੁਰਮਤਿ[54] ਨਾਮੁ ਅਧਾਰੇ[52]॥ | Withou God's devotion, man obtains not peace[47]. Through another's love[48], he loses[50] his honour[49], and by Guru's instruction[51], he is blessed with the Name's prop[52]. | ਹਰੀ ਦੇ ਅਨੁਰਾਗ ਬਾਝੋਂ, ਬੰਦੇ ਨੂੰ ਆਰਾਮ[47] ਨਹੀਂ ਮਿਲਦਾ। ਹੋਰਸ ਦੀ ਪ੍ਰੀਤ[48] ਰਾਹੀਂ ਉਹ ਆਪਣੀ ਇੱਜ਼ਤ[49] ਗੁਆ ਲੈਂਦਾ[50] ਹੈ ਤੇ ਗੁਰਾਂ ਦੇ ਉਪਦੇਸ਼ ਦੁਆਰਾ[51] ਉਸ ਨੂੰ ਨਾਮ ਦਾ ਆਸਰਾ[52] ਮਿਲਦਾ ਹੈ। |
| ਵਖਰੁ[53] ਨਾਮੁ ਸਦਾ[54] ਲਾਭੁ[55] ਹੈ ਜਿਸ ਨੋ ਏਤੁ ਵਾਪਾਰਿ[56] ਲਾਏ[57] ॥ | He, whom the Lord employs[57] in this trade[56], ever[54] reaps the profit[55] of the Name merchandise[53]. | ਜਿਸ ਨੂੰ ਪ੍ਰਭੂ ਇਸ ਵਣਜ[56] ਵਿੱਚ ਪਾਉਂਦਾ[57] ਹੈ, ਉਹ ਸਦੀਵ[54] ਹੀ ਨਾਮ ਦੇ ਸੌਦੇ ਸੂਤ[53] ਦਾ ਨਫ਼ਾ[55] ਉਠਾਉਂਦਾ ਹੈ। |
| ਰਤਨ[58] ਪਦਾਰਥ[59], ਵਣਜੀਅਹਿ[60] ਜਾਂ[61] ਸਤਿਗੁਰੁ ਦੇਇ ਬੁਝਾਏ[62] ॥ ੧ ॥ | When[61] the True Guru so instructs[62] the mortal deals[60] in the jewels[58] of the Name goods[59]. | ਜਦ[61] ਸੱਚੇ ਗੁਰੂ ਇਸ ਤਰ੍ਹਾਂ ਸਿਖਮਤ ਦਿੰਦੇ[62] ਹਨ ਤਾਂ ਇਨਸਾਨ ਨਾਮ ਦੇ ਮਾਲ[59] ਦੇ ਜਵੇਹਰਾਂ[58] ਦਾ ਵਾਪਾਰ ਕਰਦਾ[60] ਹੈ। |

| | | |
|---|---|---|
| ਮਾਇਆ[63] ਮੋਹੁ[64]ਸਭੁ ਦੁਖੁ[65] ਹੈ ਖੋਟਾ[66] ਇਹੁ ਵਾਪਾਰਾ[67] ਰਾਮ ॥ | Love[64] of wealth[63] is all an affliction[65]. Bad[66] is this bargain[67]. | ਧਨ-ਦੌਲਤ[63] ਦਾ ਪਿਆਰ[64] ਸਮੂਹ ਕਲੇਸ਼[65] ਹੀ ਹੈ। ਝੂਠਾ[66] ਹੈ ਇਹ ਵਣਜ[67]। |
| ਕੂੜੁ[68] ਬੋਲਿ ਬਿਖੁ[69] ਖਾਵਣੀ ਬਹੁ ਵਧਹਿ ਵਿਕਾਰਾ[71] ਰਾਮ ॥ | Uttering falsehood[68], the mortal eats poison[69] and evil[71] in him greatly increases[70]. | ਝੂਠ[68] ਬੋਲ ਕੇ ਜੀਵ ਜ਼ਹਿਰ[69] ਖਾਂਦਾ ਹੈ ਅਤੇ ਉਸ ਅੰਦਰ ਬਦੀਆਂ[71] ਬਹੁਤ ਹੀ ਵੱਧ ਜਾਂਦੀਆ[70] ਹਨ। |
| ਬਹੁ ਵਧਹਿ ਵਿਕਾਰਾ ਸਹਸਾ[72] ਇਹੁ[76] ਸੰਸਾਰਾ[73] ਬਿਨੁ ਨਾਵੈ ਪਤਿ[74] ਖੋਈ[75] ॥ | In this[76] doubt[72]-afflicted world[73], the sins have greatly increased and without the Name, man loses[75] honour[74]. | ਇਸ[76] ਸ਼ੱਕ[72] ਦੇ ਸਤਾਏ ਹੋਏ ਜੱਗ[73] ਵਿੱਚ ਪਾਪ ਘਣੇਰੇ ਜ਼ਿਆਦਾ ਹੋ ਗਏ ਹਨ। ਨਾਮ ਦੇ ਬਾਝੋਂ ਆਦਮੀ ਇੱਜ਼ਤ[74] ਵੰਞਾ ਲੈਂਦਾ[75] ਹੈ। |
| ਪੜਿ ਪੜਿ[77] ਪੰਡਿਤ[78] ਵਾਦੁ[79] ਵਖਾਣਹਿ ਬਿਨੁ ਬੂਝੇ[81] ਸੁਖੁ[80] ਨ ਹੋਈ ॥ | Reading extensively[77] the scholars[78] indulge in controversies[79]. Without knowing[81] reality they obtain not peace[80]. | ਬਹੁਤ ਲਿਖ ਪੜ੍ਹ ਕੇ[77], ਵਿਦਵਾਨ[78] ਬਹਿਸ ਮੁਬਾਹਿਸੇ[79] ਕਰਦੇ ਹਨ। ਬਗ਼ੈਰ ਗਿਆਤ[81] ਦੇ ਉਨ੍ਹਾਂ ਨੂੰ ਆਰਾਮ[80] ਪ੍ਰਾਪਤ ਨਹੀਂ ਹੁੰਦਾ। |
| ਆਵਣੁ[82] ਜਾਣਾ[83] ਕਦੇ[84] ਨ ਚੂਕੈ[85] ਮਾਇਆ[86] ਮੋਹ[87] ਪਿਆਰਾ[88] ॥ | To them, love[87] of wealth[86] is sweet[88], so their comings[82] and goings[83] end[85] not ever[84]. | ਉਨ੍ਹਾਂ ਨੂੰ ਧਨ-ਦੌਲਤ[86] ਦਾ ਪਿਆਰ[87] ਮਿੱਠਾ[88] ਲਗਦਾ ਹੈ, ਇਸ ਲਈ ਉਨ੍ਹਾਂ ਦੇ ਆਉਣੇ[82] ਤੇ ਜਾਣੇ[83] ਕਦਾਚਿੱਤ[84] ਮੁਕਦੇ[85] ਨਹੀਂ। |
| ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥੨॥ | The attachment of wordly valuables is all an affliction. Evil is this trade. | ਸੰਸਾਰੀ ਪਦਾਰਥਾਂ ਦੀ ਲਗਨ ਸਮੂਹ ਕਲੇਸ਼ ਹੀ ਹੈ। ਮੰਦੀ ਹੈ ਇਹ ਸੁਦਾਗਰੀ। |
| ਖੋਟੇ[89] ਖਰੇ[90] ਸਭਿ[95] ਪਰਖੀਅਨਿ[91] ਤਿਤੁ[92] ਸਚੇ[93] ਕੈ ਦਰਬਾਰਾ[94] ਰਾਮ ॥ | The counterfeit[89] and the genuine[90] are all[95] assayed[91] in the court[94] of the[92] True Lord[93]. | ਜਾਲ੍ਹੀ[89] ਅਤੇ ਅਸਲੀ[90], ਉਸ[92] ਸੱਚੇ ਸੁਆਮੀ[93] ਦੀ ਦਰਗਾਹ[94] ਅੰਦਰ, ਸਾਰੇ[95] ਜਾਂਚੇ-ਪੜਤਾਲੇ ਜਾਂਦੇ[91] ਹਨ। |
| ਖੋਟੇ ਦਰਗਹ ਸੁਟੀਅਨਿ[96] ਊਭੇ[97] ਕਰਨਿ ਪੁਕਾਰਾ[98] ਰਾਮ ॥ | The false one are cast out[96] of the court and incessantly[97] do they bewail[98]. | ਕੂੜੇ ਕਚਹਿਰੀਓਂ ਬਾਹਰ ਸੁੱਟ ਦਿੱਤੇ ਜਾਂਦੇ[96] ਹਨ ਅਤੇ ਖੜੇ ਹੋ[97] ਹਮੇਸ਼ਾ ਉਹ ਵਿਰਲਾਪ ਕਰਦੇ[98] ਹਨ। |
| ਊਭੇ ਕਰਨਿ ਪੁਕਾਰਾ ਮੁਗਧ[99] ਗਵਾਰਾ[100] ਮਨਮੁਖਿ ਜਨਮੁ[3] ਗਵਾਇਆ[2] ॥ | The fools[99] and idiots[100] stand up and bewail. Those apostates waste away[2] thejr life[3]. | ਮੂਰਖ[99] ਤੇ ਬੁੱਧੂ[100] ਖੜੇ ਹੋ ਵਿਰਲਾਪ ਕਰਚੇ ਹਨ। ਉਹ ਅਧਰਮੀ ਆਪਣਾ ਜੀਵਨ[3] ਤਬਾਹ ਕਰ ਲੈਂਦੇ[2] ਹਨ। |
| ਬਿਖਿਆ[4] ਮਾਇਆ[5] ਜਿਨਿ[6] ਜਗਤੁ[7] ਭੁਲਾਇਆ[8] ਸਾਚਾ ਨਾਮੁ ਨ ਭਾਇਆ[9] ॥ | The mammon[6] is the poison[5] that has deluded[8] the world[7] and it[6] loves[9] not the Name. | ਮੋਹਨੀ[5] ਦੀ ਜ਼ਹਿਰ[4] ਨੇ ਸੰਸਾਰ[7] ਨੂੰ ਗੁਮਰਾਹ ਕਰ ਦਿੱਤਾ[8] ਹੈ, ਅਤੇ ਉਹ[6] ਸੱਚੇ ਨਾਮ ਨੂੰ ਪਿਆਰ ਨਹੀਂ ਕਰਦਾ[9]। |
| ਮਨਮੁਖ ਸੰਤਾ ਨਾਲਿ ਵੈਰੁ[10] ਕਰਿ ਦੁਖੁ[12] ਖਟੇ ਸੰਸਾਰਾ[13] ॥ | Bearing enmity[10] to the saints, an apostate reaps pain[12] in this world[13]. | ਸਾਧੂਆਂ ਨਾਲ ਦੁਸ਼ਮਨੀ[10] ਕਰਕੇ, ਅਧਰਮੀ ਜਗਤ[13] ਵਿੱਚ ਤਕਲੀਫ਼[12] ਉਠਾਉਂਦਾ ਹੈ। |

| | | |
|---|---|---|
| ਖੋਟੇ ਖਰੇ ਪਰਖੀਅਨਿ[14] ਤਿਤੁ[15] ਸਚੈ ਦਰਵਾਰਾ[16] ਰਾਮ ॥੩॥ | The false and the true are adjudged[14] in that[15] True court[16]. | ਕੂੜਿਆਂ ਅਤੇ ਸੱਚਿਆਂ ਦਾ ਉਸ[15] ਸੱਚੀ ਕਚਹਿਰੀ[16] ਵਿੱਚ ਨਿਰਣਾ ਕੀਤਾ ਜਾਂਦਾ[14] ਹੈ । |
| ਆਪਿ[17] ਕਰੇ ਕਿਸੁ[18] ਆਖੀਐ[19] ਹੋਰੁ[20] ਕਰਣਾ ਕਿਛੂ[21] ਨ ਜਾਈ ਰਾਮ ॥ | The Lord Himself[17] does all. Whom[18] else should I address[19] ? None else[20] can do aught[21]. | ਸਾਹਿਬ ਖ਼ੁਦ[17] ਹੀ ਸਾਰਾ ਕੁਛ ਕਰਦਾ ਹੈ। ਮੈਂ ਹੋਰ ਕੀਹਨੂੰ[18] ਕਹਾਂ[19] ? ਹੋਰ ਕੋਈ[20] ਕੁਝ[21] ਨਹੀਂ ਕਰ ਸਕਦਾ । |
| ਜਿਤੁ[22] ਭਾਵੈ[23] ਤਿਤੁ[24] ਲਾਇਸੀ[25] ਜਿਉ[26] ਤਿਸ[27] ਦੀ ਵਡਿਆਈ[28] ਰਾਮ ॥ | As[26] is His[27] glory[28] and as[22] His pleasure[23], so[24] does He engage[25] the mortals. | ਜਿਸ ਤਰ੍ਹਾਂ[26] ਉਸ[27] ਦੀ ਕੀਰਤੀ[28] ਤੇ ਜਿਸ ਤਰ੍ਹਾਂ[22] ਉਸ ਦੀ ਖ਼ੁਸ਼ੀ[23] ਹੈ, ਉਸੇ ਤਰ੍ਹਾਂ[24] ਹੀ ਉਹ ਪ੍ਰਾਨੀਆਂ ਨੂੰ ਜੋੜਦਾ[25] ਹੈ । |
| ਜਿਉ ਤਿਸ ਦੀ ਵਡਿਆਈ[33] ਆਪਿ[29] ਕਰਾਈ[30] ਵਰੀਆਮੁ[31] ਨ ਫੁਸੀ[32] ਕੋਈ ॥ | As is His will[33], so He Himself[29] makes men act[30]. None, by Himself, is a warrior[31] or a coward[32]. | ਕਿਉਂ ਜੋ ਉਹ ਆਪ ਹੀ ਬੰਦਿਆਂ ਨੂੰ ਜਿਵੇਂ ਉਸ ਦੀ ਰਜ਼ਾ[33] ਹੈ, ਉਵੇਂ ਹੀ ਉਹ ਖ਼ੁਦ[29] ਵਡਿਆਉਂਦਾ[30] ਹੈ, ਆਪਣੇ ਆਪ ਕੋਈ ਸੂਰਮਾ[31] ਜਾਂ ਕਾਇਰ[32] ਨਹੀਂ । |
| [34]ਜਗਜੀਵਨੁ[35] ਦਾਤਾ[36] ਕਰਮਿ[37] ਬਿਧਾਤਾ[38] ਆਪੇ ਬਖਸੇ[39] ਸੋਈ[40] ॥ | The Beueficent Lord[36] is the life[35] of the world[34] and Builder[38] of destiny[37]. He[40] Himself grants pardon[39]. | ਦਾਤਾਰ ਪ੍ਰਭੂ[36] ਜਗਤ[34] ਦੀ ਜਿੰਦ-ਜਾਨ[35] ਤੇ ਪ੍ਰਾਲਬਧ[37] ਬਨਾਉਣ ਵਾਲਾ[38] ਹੈ ਅਤੇ ਉਹ[40] ਆਪ ਹੀ ਬਖਸ਼ਦਾ[39] ਹੈ । |
| ਗੁਰ ਪਰਸਾਦੀ[41] ਆਪੁ[42] ਗਵਾਈਐ[43] ਨਾਨਕ ਨਾਮਿ ਪਤਿ[14] ਪਾਈ[45] ॥ | By Guru's grace[41], O Nanak, self-conceit[42] is stilled[43] and through the Name, honour[44] is obtained[45]. | ਗੁਰਾਂ ਦੀ ਮਿਹਰ ਦੁਆਰਾ[41], ਹੇ ਨਾਨਕ ! ਸਵੈ-ਹੰਗਤਾ[42] ਦੂਰ ਹੁੰਦੀ[43] ਹੈ, ਅਤੇ ਨਾਮ ਦੇ ਰਾਹੀਂ ਇੱਜ਼ਤ[44] ਪ੍ਰਾਪਤ ਹੁੰਦੀ[45] ਹੈ । |
| ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ॥੪॥੪॥ | The Lord Himself does all. To whom else should I make a request ? None else can do aught. | ਸਾਂਈਂ ਆਪੇ ਹੀ ਸਭ ਕੁਛ ਕਰਦਾ ਹੈ। ਮੈਂ ਹੋਰ ਕੀਹਦੇ ਮੂਹਰੇ ਬੇਨਤੀ ਕਰਾਂ ? ਹੋਰ ਕੋਈ ਕੁਝ ਨਹੀਂ ਕਰ ਸਕਦਾ । |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ |
| ਸਚਾ ਸਉਦਾ[46] ਹਰਿ ਨਾਮੁ ਹੈ ਸਚਾ ਵਾਪਾਰਾ[47] ਰਾਮ ॥ | The true merchandise[46] is the Lord's Name and true is this trade[47]. | ਸੱਚਾ ਸੌਦਾ ਸੂਤ[46] ਸੁਆਮੀ ਦਾ ਨਾਮ ਹੈ ਅਤੇ ਸੱਚਾ ਹੈ ਇਹ ਵਣਜ[47] । |
| ਗੁਰਮਤੀ[48] ਹਰਿ ਨਾਮੁ ਵਣਜੀਐ[49] ਅਤਿ[50] ਮੋਲੁ[51] ਅਫਾਰਾ[52] ਰਾਮ ॥ | By Guru's instruction[48] we deal[49] in the Lord's Name. Exceedingly[50] great[52] is its worth[51]. | ਗੁਰਾਂ ਦੇ ਉਪਦੇਸ਼ ਦੁਆਰਾ[48] ਰੱਬ ਦੇ ਨਾਮ ਦਾ ਵਾਪਾਰ[49] ਕੀਤਾ ਜਾਂਦਾ ਹੈ। ਨਿਹਾਇਤ ਹੀ[50] ਜ਼ਿਆਦਾ[52] ਹੈ ਇਸ ਦੀ ਕੀਮਤ[51] । |
| ਅਤਿ ਮੋਲੁ ਅਫਾਰਾ ਸਚ ਵਾਪਾਰਾ ਸਚਿ ਵਾਪਾਰਿ ਲਗੇ[53] [54]ਵਡਭਾਗੀ[55] ॥ | Infinitely great is the worth of this true trade. They who are engaged[53] in the true trade, are very[54] fortunate[55]. | ਬੇਅੰਤ ਬਹੁਤਾ ਹੈ ਮੁਲ ਇਸ ਸੱਚੇ ਵਣਜ ਦਾ। ਜੋ ਸੱਚੇ ਵਣਜ ਵਿੱਚ ਜੁੜੇ[53] ਹਨ, ਉਹ ਪਰਮ ਚੰਗੇ[54] ਕਰਮਾਂ ਵਾਲੇ[55] ਹਨ । |
| ਅੰਤਰਿ[56] ਬਾਹਰਿ[57] ਭਗਤੀ[58] | From within[56] and without[57] they | ਅੰਦਰੋਂ[56] ਤੇ ਬਾਹਰੋਂ[57] ਉਹ ਪ੍ਰਭੂ ਦੇ ਪ੍ਰੇਮ[58] ਵਿੱਚ |

| | | |
|---|---|---|
| ਰਾਤੇ[59] ਸਚਿ ਨਾਮਿ[60] ਲਿਵ ਲਾਗੀ[61] ॥ | are imbued[59] with Lord's devotion[58] and enshrine[61] affection[60] for the True Name. | ਰੰਗੇ ਹੋਏ[59] ਹਨ ਅਤੇ ਸਤਿਨਾਮ ਨਾਲ ਉਹ ਪ੍ਰੀਤ[60] ਗੰਢਦੇ[61] ਹਨ । |
| ਨਦਰਿ[62] ਕਰੇ ਸੋਈ[63] ਸਚੁ ਪਾਏ ਗੁਰ ਕੈ ਸਬਦਿ[64] ਵੀਚਾਰਾ[65] ॥ | He[63], to whom the Lord shows mercy[62], obtains truth and reflects[65] on the Guru's hymns[64]. | ਜਿਸ ਉੱਤੇ ਮਾਲਕ ਮਿਹਰ[62] ਧਾਰਦਾ ਹੈ, ਉਹੀ[63] ਸੱਚ ਨੂੰ ਪਾਉਂਦਾ ਹੈ ਤੇ ਗੁਰਬਾਣੀ[64] ਦੀ ਸੋਚ ਵਿਚਾਰ ਕਰਦਾ[65] ਹੈ । |
| ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ ਸਾਚੈ ਕੇ ਵਾਪਾਰਾ ॥ ੧ ॥ | Nanak, they, who are imbued with the Name, obtain peace, by engaging in the True Name's trade. | ਨਾਨਕ, ਜੋ ਸੱਚੇ ਨਾਮ ਨਾਲ ਰੰਗੀਜੇ ਹਨ, ਉਹ ਸੱਚੇ ਵਣਜ ਵਿੱਚ ਜੁੜ ਜਾਣ ਦੁਆਰਾ ਆਰਾਮ ਪਾਉਂਦੇ ਹਨ । |
| ਹੰਉਮੈ[66] ਮਾਇਆ[67] ਮੈਲੁ[68] ਹੈ ਮਾਇਆ ਮੈਲੁ ਭਰੀਜੈ[69] ਰਾਮ ॥ | The pride[66] of wealth[67] is but filth[68] and the soul is filled[69] with this filth of the wealth pride. | ਧਨ-ਦੌਲਤ[67] ਦਾ ਹੰਕਾਰ[66] ਨਿਰੋਲ ਗੰਦਗੀ[68] ਹੈ ਅਤੇ ਆਤਮਾ ਦੌਲਤ ਦੇ ਹੰਕਾਰ ਦੀ ਇਸ ਗੰਦਗੀ ਨਾਲ ਭਰ ਜਾਂਦੀ[69] ਹੈ । |
| ਗੁਰਮਤੀ[70] ਮਨੁ ਨਿਰਮਲਾ[71] ਰਸਨਾ[72] ਹਰਿ ਰਸੁ[73] ਪੀਜੈ[74] ਰਾਮ ॥ | By Guru's instruction[70] the soul is rendered pure[71] and the tongue[72] quaffs[74] God's elixir[73]. | ਗੁਰਾਂ ਦੇ ਉਪਦੇਸ਼ ਦੁਆਰਾ[70] ਆਤਮਾ ਪਵਿੱਤ੍ਰ[71] ਹੋ ਜਾਂਦੀ ਹੈ ਅਤੇ ਜੀਭਾ[72] ਵਾਹਿਗੁਰੂ ਦੇ ਅੰਮ੍ਰਿਤ[73] ਨੂੰ ਪਾਨ ਕਰਦੀ[74] ਹੈ । |
| ਰਸਨਾ ਹਰਿ ਰਸੁ ਪੀਜੈ ਅੰਤਰੁ[75] ਭੀਜੈ[76] ਸਾਚ ਸਬਦਿ[77] ਬੀਚਾਰੀ[78] ॥ | The tongue tastes the Lord's essence, the heart[75] is drenched[76] with Lord's love and the mortal meditates[78] on the True Name[77]. | ਜੀਭ ਪ੍ਰਭੂ ਦੇ ਜੌਹਰ ਨੂੰ ਚੱਖਦੀ ਹੈ, ਹਿਰਦਾ[75] ਪ੍ਰਭੂ ਦੇ ਪ੍ਰੇਮ ਨਾਲ ਗੱਚ ਹੋ ਜਾਂਦਾ[76] ਹੈ ਅਤੇ ਪ੍ਰਾਣੀ ਸੱਚੇ ਨਾਮ[77] ਦਾ ਚਿੰਤਨ ਕਰਦਾ[78] ਹੈ । |
| ਅੰਤਰਿ[79] ਖੂਹਟਾ[80] ਅੰਮ੍ਰਿਤਿ ਭਰਿਆ[81] ਸਬਦੇ[82] ਕਾਢਿ[83] ਪੀਐ[84] ਪਨਿਹਾਰੀ[85] ॥ | The heart[79] well[80] is brimming[81] with the Lord's ambrosia and through the Name's[82] meditation; the water-carrier[85] draws[83] and drinks[84] it. | ਹਿਰਦਾ[79] ਖੂਹ[80] ਸੁਆਮੀ ਦੇ ਅੰਮ੍ਰਿਤ ਨਾਲ ਪਰੀਪੂਰਨ[81] ਹੈ । ਨਾਮ[82] ਦੇ ਸਿਮਰਨ ਰਾਹੀਂ ਪਾਣੀ ਭਰਨ ਵਾਲੀ[85] ਇਸ ਨੂੰ ਕੱਢ ਕੇ[83] ਪਾਨ ਕਰਦੀ[84] ਹੈ । |
| ਜਿਸੁ ਨਦਰਿ[86] ਕਰੇ ਸੋਈ ਸਚਿ ਲਾਗੈ[87] ਰਸਨਾ[88] ਰਾਮੁ[89] ਰਵੀਜੈ[90] ॥ | He, on whom is Lord's grace[86], is attuned[87] to truth, and his tongue[88] utters[90] the Lord's[89] Name. | ਜਿਸ ਉਤੇ ਮਾਲਕ ਦੀ ਰਹਿਮਤ[86] ਹੈ, ਉਹ ਸੱਚ ਨਾਲ ਜੁੜਦਾ[87] ਹੈ ਤੇ ਉਸ ਦੀ ਜੀਭ[88] ਸਾਂਈਂ[89] ਦਾ ਨਾਮ ਉਚਾਰਨ ਕਰਦੀ[90] ਹੈ । |
| ਨਾਨਕ ਨਾਮਿ ਰਤੇ[91] ਸੇ[92] ਨਿਰਮਲ ਹੋਰ ਹਉਮੈ[93] ਮੈਲੁ ਭਰੀਜੈ[94] ॥ ੨ ॥ | Nanak, immaculate are they[92], who are imbued[91] with the Name. The others[93] are soiled[94] with the filth of egotism. | ਨਾਨਕ, ਪਵਿੱਤ੍ਰ ਹਨ ਉਹ[92] ਜੋ ਨਾਮ ਨਾਲ ਰੰਗੀਜੇ[91] ਹਨ । ਬਾਕੀ[93] ਦੇ ਹਉਮੈ ਦੀ ਗੰਦਗੀ ਨਾਲ ਲਿਬੜੇ ਹੋਏ[94] ਹਨ । |
| ੫੭੧ | | |
| ਪੰਡਿਤ[95] ਜੋਤਕੀ[96] ਸਭਿ ਪੜਿ ਪੜਿ[97] ਕੂਕਦੇ[98] ਕਿਸੁ[100] ਪਹਿ ਕਰਹਿ ਪੁਕਾਰਾ[99] ਰਾਮ ॥ | All the scholars[98] and astrologers[96] read, peruse[97] and scream[98] aloud. Whom[100] do they want to instruct[99] ? | ਸਾਰੇ ਵਿਦਵਾਨ[95] ਅਤੇ ਜੋਤਸ਼ੀ[96] ਪੜ੍ਹ ਤੇ ਵਾਚ ਕੇ[97] ਉੱਚੀ ਉੱਚੀ ਪੁਕਾਰਦੇ[98] ਹਨ । ਉਹ ਕੀਹਨੂੰ[100] ਸਿਖਮਤ[99] ਦੇਣਾ ਚਾਹੁੰਦੇ ਹਨ ? |

| | | |
|---|---|---|
| ਮਾਇਆ[2] ਮੋਹੁ[3] ਅੰਤਰਿ[4] ਮਲੁ[5] ਲਾਗੈ[6] ਮਾਇਆ[7] ਕੇ ਵਾਪਾਰਾ[8] ਰਾਮ ॥ | The filth[5] of mammon's[2] attachment[3] is clung[6] to their heart[4] and this business[8] is for money[7] alone. | ਸ਼ਕਤੀ[2] ਦੀ ਲਗਨ[3] ਦੀ ਗੰਦਗੀ[5] ਉਨ੍ਹਾਂ ਦੇ ਹਿਰਦੇ[4] ਨੂੰ ਚਿਮੜੀ ਹੋਈ[6] ਹੈ ਤੇ ਇਹ ਵਣਜ[8] ਕੇਵਲ ਧਨ[7] ਦੀ ਖ਼ਾਤਰ ਹੀ ਹੈ । |
| ਮਾਇਆ ਕੇ ਵਾਪਾਰਾ ਜਗਤਿ[9] ਪਿਆਰਾ[10] ਆਵਣਿ ਜਾਣਿ ਦੁਖੁ[13] ਪਾਈ[12] ॥ | In the world, they love the mammon's business and by coming and going, writhe[12] in pain[13]. | ਸੰਸਾਰ[9] ਧਨ-ਦੌਲਤ ਦੇ ਵਣਜ ਨੂੰ ਪਿਆਰ ਕਰਦਾ[10] ਹੈ ਅਤੇ ਜੰਮਣ ਤੇ ਮਰਨ ਦੁਆਰਾ ਕਸ਼ਟ[13] ਭੋਗਦਾ[12] ਹੈ । |
| ਬਿਖੁ[14] ਕਾ ਕੀੜਾ[15] ਬਿਖੁ ਸਿਉ[16] ਲਾਗਾ[17] ਬਿਸ੍ਟਾ[18] ਮਾਹਿ[19] ਸਮਾਈ[20] ॥ | The worm[15] of poison[14] is attached[17] with[16] poison and is absorbod[20] in[19] ordure[18]. | ਜ਼ਹਿਰ[14] ਦਾ ਕਿਰਮ[15] ਜ਼ਹਿਰ ਨਾਲ[16] ਹੀ ਜੁੜਿਆ ਹੋਇਆ[17] ਹੈ ਅਤੇ ਗੰਦਗੀ[18] ਅੰਦਰ[19] ਹੀ ਗ਼ਰਕ ਹੋ ਜਾਂਦਾ[20] ਹੈ । |
| ਜੋ[21] ਧੁਰਿ[22] ਲਿਖਿਆ[23] ਸੋਇ[24] ਕਮਾਵੈ[25] ਕੋਇ ਨ ਮੇਟਣਹਾਰਾ[26] ॥ | He practises[25] that[24] what[21] is pre[22]-destined[23] for him. None can erase[26] it. | ਉਹ ਉਹੀ ਕੁੱਛ[24] ਕਰਦਾ[25] ਹੈ, ਜਿਹੜਾ[21] ਉਸ ਲਈ ਮੁੱਢ ਤੋਂ ਲਿਖਿਆ ਹੋਇਆ[23] ਹੈ । ਕੋਈ ਭੀ ਇਸ ਨੂੰ ਮੇਸ[26] ਨਹੀਂ ਸਕਦਾ । |
| ਨਾਨਕ ਨਾਮਿ ਰਤੇ[27] ਤਿਨ[28] ਸਦਾ[29] ਸੁਖੁ ਪਾਇਆ ਹੋਰਿ ਮੂਰਖ[30] ਕੂਕਿ[31] ਮੁਏ ਗਾਵਾਰਾ[32] ॥ ੩ ॥ | Nanak, they[28] who are imbued[27] with the Name, ever[29] attain peace. The other ignorant[32] fools[30] die shrieking[31] aloud. | ਨਾਨਕ, ਜੋ ਨਾਮ ਨਾਲ ਰੰਗੀਜੇ[27] ਹਨ, ਉਹ[28] ਹਮੇਸ਼ਾਂ[29] ਆਰਾਮ ਪਾਉਂਦੇ ਹਨ । ਹੋਰ ਬੇਸਮਝ[32], ਬੇਵਕੂਫ[30] ਧਾਹਾਂ ਮਾਰਦੇ[31] ਮਰ ਜਾਂਦੇ ਹਨ । |
| ਮਾਇਆ[33] ਮੋਹਿ[34] ਮਨੁ[35] ਰੰਗਿਆ[36] ਮੋਹਿ ਸੁਧਿ[37] ਨ ਕਾਈ ਰਾਮ ॥ | The mind[35] is tinged[36] with the love[34] of wealth[33], and because of this love, its right understanding[37] is marred. | ਆਤਮਾ[35] ਧਨ-ਦੌਲਤ[33] ਦੀ ਮਮਤਾ[34] ਨਾਲ ਰੰਗੀ ਹੋਈ[36] ਹੈ । ਇਸ ਮਮਤਾ ਦੇ ਕਾਰਨ ਇਸ ਦੀ ਯਥਾਰਥ ਸਮਝ[37] ਮਾਰੀ ਗਈ ਹੈ । |
| ਗੁਰਮੁਖਿ[38] ਇਹੁ ਮਨੁ ਰੰਗੀਐ[39] ਦੂਜਾ[40] ਰੰਗੁ[41] ਜਾਈ[42] ਰਾਮ ॥ | If by Guru's grace[38], this soul is imbued[39] with the Lord's love, then the love[41] of another[40] shall depart[42]. | ਜੇਕਰ ਗੁਰਾਂ ਦੀ ਦਇਆ ਦੁਆਰਾ[38], ਇਹ ਆਤਮਾ ਪ੍ਰਭੂ ਦੀ ਪ੍ਰੀਤ ਨਾਲ ਰੰਗੀ ਜਾਵੇ[39], ਤਦ ਹੋਰਸ[40] ਦਾ ਪਿਆਰ[41] ਦੂਰ ਹੋ ਜਾਵੇਗਾ[42] । |
| ਦੂਜਾ ਰੰਗੁ ਜਾਈ ਸਾਚਿ ਸਮਾਈ[43] ਸਚਿ ਭਰੇ[44] ਭੰਡਾਰਾ[45] ॥ | The love of another goes off, the soul merges[43] in truth and its treasures[45] are filled[44] with truth. | ਹੋਰਸ ਦਾ ਪਿਆਰ ਦੂਰ ਹੋ ਜਾਂਦਾ ਹੈ, ਆਤਮਾ ਸੱਚ ਵਿੱਚ ਲੀਨ ਹੋ ਜਾਂਦੀ[43] ਹੈ ਤੇ ਇਸ ਦੇ ਖ਼ਜ਼ਾਨੇ[45] ਸੱਚ ਨਾਲ ਪਰੀਪੂਰਨ ਹੋ ਜਾਂਦੇ[44] ਹਨ । |
| ਗੁਰਮੁਖਿ[46] ਹੋਵੈ ਸੋਈ[47] ਬੂਝੈ[48] ਸਚਿ[49] ਸਵਾਰਣਹਾਰਾ[50] ॥ | He[47], who acts in the Guru's way[46], realise[48] his ownself and the True Lord[49] bedecks[50] him. | ਜੋ ਗੁਰਾਂ ਦੇ ਰਸਤੇ[46] ਟੁਰਦਾ ਹੈ, ਉਹ[47] ਆਪਣੇ ਆਪ ਨੂੰ ਸਮਝ ਲੈਂਦਾ[48] ਹੈ ਤੇ ਸੱਚਾ ਸਾਈਂ[49] ਉਸ ਨੂੰ ਸ਼ਸ਼ੋਭਤ ਕਰ ਦਿੰਦਾ[50] ਹੈ । |
| ਆਪੇ[51] ਮੇਲੇ[52] ਸੋ[53] ਹਰਿ ਮਿਲੈ ਹੋਰੁ ਕਹਣਾ[54] ਕਿਛੂ ਨ ਜਾਏ ॥ | He alone[53], whom the Lord Himself[51] unites[52], unites with Him. Nothing else can be said[54] and done. | ਜਿਸ ਨੂੰ ਪ੍ਰਭੂ ਖ਼ੁਦ[51] ਮਿਲਾਉਂਦਾ[52] ਹੈ, ਕੇਵਲ ਉਹੀ[53] ਉਸ ਨੂੰ ਮਿਲਦਾ ਹੈ । ਹੋਰ ਕੁਝ[54] ਆਖਿਆ[54] ਤੇ ਕੀਤਾ ਨਹੀਂ ਜਾ ਸਕਦਾ । |
| ਨਾਨਕ ਵਿਣੁ ਨਾਵੈ ਭਰਮਿ[56] ਭੁਲਾਇਆ[56] ਇਕਿ[57]ਨਾਮਿ | Nanak, without the Name, the mortal goes astray[56] in doubt[55], but | ਨਾਨਕ, ਨਾਮ ਦੇ ਬਗੈਰ ਪ੍ਰਾਣੀ ਸੰਦੇਹ[55] ਅੰਦਰ ਭੁਲਿਆ ਫਿਰਦਾ[56]ਹੈ । ਕਈ[57]ਜੋ ਨਾਮ ਨਾਲ ਰੰਗੇ[58]ਹਨ, ਪ੍ਰਭੂ ਦੀ |

| | | |
|---|---|---|
| ਰਤੇ[58] ਰੰਗੁ[59] ਲਾਏ[60] ॥੪॥ ੫ ॥ | some[57] who are imbued[58] with the Name, come to enshrine[60] love[59] for the Lord. | ਪ੍ਰੀਤ[59] ਨੂੰ ਪ੍ਰਾਪਤ ਹੋ ਜਾਂਦੇ[60] ਹਨ । |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ |
| ਏ ਮਨ ਮੇਰਿਆ ਆਵਾਗਉਣੁ ਸੰਸਾਰੁ[61] ਹੈ ਅੰਤਿ[62] ਸਚਿ[63] ਨਿਬੇੜਾ[64] ਰਾਮ ॥ | O my soul, the mortal[61] continues to come and go. Only the True Name[63] shall emancipate[64] him in the end[62]. | ਹੇ ਮੇਰੀ ਜਿੰਦੇ ! ਪ੍ਰਾਣੀ[61] ਆਉਂਦਾ ਤੇ ਜਾਂਦਾ ਰਹਿੰਦਾ ਹੈ । ਕੇਵਲ ਸੱਚਾ ਨਾਮ[63] ਹੀ ਅਖੀਰ[62] ਨੂੰ ਉਸ ਨੂੰ ਬੰਦ-ਖ਼ਲਾਸੀ ਕਰਦਾ[64] ਹੈ । |
| ਆਪੇ ਸਚਾ[65] ਬਖਸਿ[66] ਲਏ ਫਿਰਿ[67] ਹੋਇ ਨ ਫੇਰਾ[68] ਰਾਮ ॥ | When the True Lord[65] Himself grants pardon[66], he goes not in the round[68], again[67]. | ਜਦ ਸੱਚਾ ਸਾਹਿਬ[65] ਖ਼ੁਦ ਮਾਫ਼[66] ਕਰ ਦਿੰਦਾ ਹੈ ਉਹ ਮੁੜ ਕੇ[67] ਚੱਕਰ[68] ਵਿੱਚ ਨਹੀਂ ਪੈਂਦਾ । |
| ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ ਗੁਰਮੁਖਿ[69] ਮਿਲੈ[70] ਵਡਿਆਈ[71] ॥ | He goes not in the round again, is ultimately emancipated through the True Name and through the Guru[69] obtains[70] honour[71]. | ਉਹ ਮੁੜ, ਚੱਕਰ ਵਿੱਚ ਨਹੀਂ ਪੈਂਦਾ, ਓੜਕ ਨੂੰ ਸੱਚੇ ਨਾਮ ਦੇ ਰਾਹੀਂ ਬੰਦ-ਖ਼ਲਾਸ ਹੋ ਜਾਂਦਾ ਹੈ ਅਤੇ ਗੁਰਾਂ ਰਾਹੀਂ[69] ਇੱਜ਼ਤ ਆਬਰੂ[71] ਪਾਉਂਦਾ[70] ਹੈ । |
| ਸਾਚੈ[72] ਰੰਗਿ[73] ਰਾਤੇ[74] ਸਹਜੇ[75] ਮਾਤੇ[76] ਸਹਜੇ[77] ਰਹੇ ਸਮਾਈ[78] ॥ | Imbued[74] with the True Name's[72] love[73], he is inebriated[76] with celestial bliss[75] and remains absorbed[78] in the Supreme Lord[77]. | ਸੱਚੇ ਨਾਮ[72] ਦੇ ਪ੍ਰੇਮ[73] ਨਾਲ ਰੰਗੀਜ[74] ਕੇ, ਉਹ ਬੈਕੁੰਠੀ ਆਨੰਦ[75] ਨਾਲ ਖੀਵਾ[70] ਹੋ ਜਾਂਦਾ ਹੈ ਅਤੇ ਪਾਰਬ੍ਰਹਮ[77] ਅੰਦਰ ਲੀਨ[78] ਰਹਿੰਦਾ ਹੈ । |
| ਸਚਾ ਮਨਿ[79] ਭਾਇਆ[80] ਸਚੁ ਵਸਾਇਆ[81] ਸਬਦਿ[82] ਰਤੇ[83] ਅੰਤਿ[84] ਨਿਬੇਰਾ[85] ॥ | The True Lord is pleasing[80] to his mind[79], the True Lord he enshrines[81] in his mind and being imbued[83] with the Nume[82], he is delivered[85] in the end[81]. | ਸੱਚਾ ਸੁਆਮੀ ਉਸ ਦੇ ਚਿੱਤ[79] ਨੂੰ ਚੰਗਾ ਲਗਦਾ[80]ਹੈ, ਕਿ ਸੱਚੇ ਸੁਆਮੀ ਨੂੰ ਉਹ ਆਪਣੇ ਰਿਦੇ ਵਿੱਚ ਟਿਕਾਉਂਦਾ[81] ਹੈ ਅਤੇ ਨਾਮ ਨਾਲ ਰੰਗੀਜਣ ਕਰ ਕੇ[83], ਉਹ ਅਖ਼ੀਰ[84] ਨੂੰ ਖ਼ਲਾਸੀ ਪਾ ਜਾਂਦਾ[85] ਹੈ । |
| ਨਾਨਕ ਨਾਮਿ[86] ਰਤੇ ਸੇ[87] ਸਚਿ[88] ਸਮਾਣੇ[89] ਬਹੁਰਿ[90] ਨ [91]ਭਵਜਲਿ[92] ਫੇਰਾ[93] ॥ ੧ ॥ | Nanak, they[87] who are imbued[86] with the Name, merge[89] into the True Lord[88] and again[90] go not in the whirpool[93] of the terrible[91] world ocean[92]. | ਨਾਨਕ, ਜੋ ਨਾਮ ਨਾਲ ਰੰਗੇ[86] ਹਨ, ਉਹ[87] ਸੱਚੇ ਸਾਂਈਂ[88] ਵਿੱਚ ਲੀਨ ਹੋ ਜਾਂਦੇ[89] ਹਨ ਅਤੇ ਮੁੜ ਕੇ[90] ਭਿਆਨਕ[91] ਸੰਸਾਰ ਸਮੁੰਦਰ[92] ਦੇ ਗੇੜੇ[93] ਵਿੱਚ ਨਹੀਂ ਪੈਂਦੇ । |
| ਮਾਇਆ[94] ਮੋਹੁ[95] ਸਭੁ ਬਰਲੁ[96] ਹੈ ਦੂਜੈ[97] ਭਾਇ ਖੁਆਈ[98] ਰਾਮ ॥ | The love[95] of riches[94] is all madness[96] and through the love of another[97] the mortal is ruined[98]. | ਧਨ ਸੰਪਦਾ[94] ਦੀ ਮੁਹੱਬਤ[95] ਸਮੂਹ ਪਾਗਲਪਣਾ[96] ਹੈ । ਦਵੈਤ-ਭਾਵ[97] ਦੇ ਰਾਹੀਂ ਪ੍ਰਾਣੀ ਬਰਬਾਦ ਹੋ ਜਾਂਦਾ[98]ਹੈ । |
| ਮਾਤਾ ਪਿਤਾ ਸਭੁ ਹੇਤੁ[99] ਹੈ ਹੇਤੇ ਪਲਚਾਈ[100] ਰਾਮ ॥ | The mother, father and all others are subject to this love[99] and in this love they are entangled[100]. | ਮਾਂ, ਪਿਉ ਅਤੇ ਹੋਰ ਸਾਰੇ ਇਹ, ਇਸ ਮੋਹ[99] ਦੇ ਅਧੀਨ ਹਨ ਅਤੇ ਇਸ ਮੋਹ ਵਿੱਚ ਹੀ ਉਲਝੇ ਹੋਏ[100] ਹਨ । |
| ਹੇਤੇ ਪਲਚਾਈ ਪੁਰਬਿ[2] | They are enmeshed in this love, on | ਪੁਰਬਲੇ[2] ਕਰਮਾਂ[3] ਦੇ ਅਨੁਸਾਰ ਉਹ ਮੋਹ ਵਿੱਚ ਖੱਚਤ |

| | | |
|---|---|---|
| ਅੰਤਰਿ ਬਾਹਰਿ ਏਕੁ[58] ਤੂ ਆਪੇ[59] ਦੇਹਿ ਬੁਝਾਈ[60] ਰਾਮ ॥ | Within and without Thou alone[58] art, O Lord and Thou Thyself[59] makest the man realise[60] this. | ਅੰਦਰ ਤੇ ਬਾਹਰ ਕੇਵਲ[58] ਤੂੰ ਹੀ ਹੈਂ ਹੇ ਸਾਹਿਬ ! ਤੂੰ ਖ਼ੁਦ[59] ਹੀ ਇਨਸਾਨ ਨੂੰ ਇਹ ਗੱਲ ਅਨੁਭਵ ਕਰਾਉਂਦਾ[60] ਹੈਂ । |
| ਆਪੇ ਦੇਹਿ ਬੁਝਾਈ ਅਵਰ[61] ਨ ਭਾਈ[62] ਗੁਰਮੁਖਿ[63] ਹਰਿ ਰਸੁ[64] ਚਾਖਿਆ[65] ॥ | He,to whom Thou makest realise this, loves[62] not another[61] and through the Guru[63], tastes[65] God's elixir[64]. | ਜਿਸਨੂੰ ਤੂੰ ਇਹ ਅਨੁਭਵ ਕਰਾਉਂਦਾ ਹੈਂ, ਉਹ ਹੋਰਸ[61] ਨੂੰ ਪਿਆਰ ਨਹੀਂ ਕਰਦਾ[62] ਅਤੇ ਗੁਰਾਂ ਦੇ ਰਾਹੀਂ[63], ਵਾਹਿਗੁਰੂ ਦੇ ਅੰਮ੍ਰਿਤ[64] ਨੂੰ ਹੀ ਚਖਦਾ[65] ਹੈ । |
| ਦਰਿ[66] ਸਾਚੈ ਸਦਾ[67] ਹੈ ਸਾਚਾ[68] ਸਾਚੈ ਸਬਦਿ[69] [70]ਸੁਭਾਖਿਆ[71] ॥ | In the True court[66], he is ever[67] exonerated[68] and the True Name[69], he lovingly[70] utters[71]. | ਸੱਚੇ ਦਰਬਾਰ[66] ਅੰਦਰ ਉਹ ਸਦੀਵ[67] ਹੀ ਸੁਰਖ਼ਰੂ ਹੁੰਦਾ[68] ਹੈ ਅਤੇ ਸੱਚੇ ਨਾਮ[69] ਨੂੰ ਉਹ ਪ੍ਰੇਮ[70] ਨਾਲ ਉਚਾਰਨ ਕਰਦਾ[71] ਹੈ । |
| ੫੭੨ | | |
| ਘਰ ਮਹਿ ਨਿਜ[71] ਘਰੁ[72] ਪਾਇਆ ਸਤਿਗੁਰੁ ਦੇਇ[74] ਵਡਾਈ[73] ॥ | Within his mind-home, he finds his own[71] Home[72] (God) and the True Guru blesses[74] him with honour[73]. | ਆਪਣੇ ਗ੍ਰਿਹ ਅੰਦਰ ਹੀ ਉਹ "ਆਪਣਾ[71]* ਨਿੱਜ ਦਾ ਗ੍ਰਿਹ[72]" ਪਾ ਲੈਂਦਾ ਹੈ ਤੇ ਸੱਚੇ ਗੁਰੂ ਉਸ ਨੂੰ ਇੱਜ਼ਤ-ਆਬਰੂ[73] ਬਖ਼ਸ਼ਦੇ[74] ਹਨ । |
| ਨਾਨਕ ਜੋ ਨਾਮਿ ਰਤੇ[75] ਸੇਈ[76] ਮਹਲੁ[77] ਪਾਇਨਿ[78] ਮਤਿ[79] ਪਰਵਾਣੁ[80] ਸਚੁ ਸਾਈ[81] ॥੪॥੬॥ | Nanak, they[76] who are dyed[75] with the Name, mount[78] the Lord's mansion[77] and approved[80] becomes their[81] true intellect[79]. | ਨਾਨਕ, ਜਿਹੜੇ ਨਾਮ ਨਾਲ ਰੰਗੇ[75] ਹਨ, ਉਹ[76] ਪ੍ਰਭੂ ਦੇ ਮੰਦਰ[77] ਨੂੰ ਪ੍ਰਾਪਤ[78] ਕਰ ਲੈਂਦੇ ਹਨ ਅਤੇ ਕਬੂਲ ਪੈ ਜਾਂਦੀ[80] ਹੈ ਉਨ੍ਹਾਂ[81] ਦੀ ਸੱਚੀ ਅਕਲ[79] । |
| ਵਡਹੰਸੁ ਮਹਲਾ ੪ ਛੰਤ | Wadhans 4th Guru. Chhant | ਵਡਹੰਸ ਚੌਥੀ ਪਾਤਿਸ਼ਾਹੀ ਛੰਦ |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਮੇਰੈ ਮਨਿ[82] ਮੇਰੈ ਮਨਿ ਸਤਿਗੁਰਿ ਪ੍ਰੀਤਿ[83] ਲਗਾਈ[84] ਰਾਮ ॥ | My mind[82], my mind, the True Guru has blessed with[84] the Lord's love[83]. | ਮੇਂਡੇ ਚਿੱਤ[82], ਮੇਂਡੇ ਚਿੱਤ ਨੂੰ ਸੱਚੇ ਗੁਰਾਂ ਨੇ ਪ੍ਰਭੂ ਦਾ ਪ੍ਰੇਮ[83] ਲਾ ਦਿੱਤਾ[84] ਹੈ । |
| ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ[90] ਰਾਮ ॥ | God, God, God, God's Name he has enshrined[90] within my Mind. | ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾ ਨਾਮ ਉਨ੍ਹਾਂ ਨੇ ਮੇਰੇ ਚਿੱਤ ਵਿੱਚ ਟਿਕਾ ਦਿੱਤਾ[90] ਹੈ । |
| ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਸਭਿ ਦੂਖ[91] ਵਿਸਾਰਣਹਾਰਾ[92] ॥ | The Lord God's Name, the Eradicator[92] of all the sorrows[91], abides within my mind. . | ਸਮੂਹ ਦੁਖੜਿਆਂ[91] ਨੂੰ ਦੂਰ ਕਰਨ ਵਾਲਾ[92] ਵਾਹਿਗੁਰੂ ਸੁਆਮੀ ਦਾ ਨਾਮ ਮੇਰੇ ਰਿਦੇ ਅੰਦਰ ਵਸਦਾ ਹੈ । |
| [93]ਵਡਭਾਗੀ[94] ਗੁਰ ਦਰਸਨੁ[95] ਪਾਇਆ ਧਨੁ[96] ਧੰਨੁ ਸਤਿਗੁਰੂ ਹਮਾਰਾ[97] ॥ | By the greatest[93] good fortune[94], I have obtaided the sight[95] of the Guru and blessed[96], blessed is my[97] True Guru. | ਪਰਮ[93] ਚੰਗੇ ਕਰਮਾਂ[94] ਦੁਆਰਾ ਮੈਨੂੰ ਗੁਰਾਂ ਦਾ ਦੀਦਾਰ[95] ਪ੍ਰਾਪਤ ਹੋਇਆ ਹੈ । ਮੁਬਾਰਕ[96], ਮੁਬਾਰਕ ਹਨ ਮੇਰੇ ਸੱਚੇ ਗੁਰੂ ਜੀ । |
| ਊਠਤ[98] ਬੈਠਤ[99] ਸਤਿਗੁਰੁ | Standing[98] and sitting[99], I serve[100] my | ਖਲੋਤਿਆਂ[98] ਤੇ ਬਹਿੰਦਿਆਂ[99] ਮੈਂ ਸੱਚੇ ਗੁਰਾਂ ਦੀ |

| | | |
|---|---|---|
| ਸੇਵਹ[100] ਜਿਤੁ ਸੇਵਿਐ ਸਾਂਤਿ[2] ਪਾਈ ॥ | True Guru, by serving whom I have attained peace[2]. | ਟਹਿਲ ਕਮਾਉਂਦਾ[100] ਹਾਂ, ਜਿਨ੍ਹਾਂ ਦੀ ਟਹਿਲ ਕਮਾਉਣ ਦੁਆਰਾ ਮੈਨੂੰ ਠੰਢ ਚੈਨ[2] ਪ੍ਰਾਪਤ ਹੋਈ ਹੈ। |
| ਮੇਰੈ ਮਨਿ ਮੇਰੈ ਮਨਿ ਸਤਿਗੁਰ ਪ੍ਰੀਤਿ[3] ਲਗਾਈ[4] ॥੧॥ | Within my mind, my mind, I have enshrined[4] affection[3] for my True Guru. | ਆਪਣੇ ਹਿਰਦੇ, ਆਪਣੇ ਹਿਰਦੇ ਅੰਦਰ ਮੈਂ ਆਪਣੇ ਸੱਚੇ ਗੁਰਾਂ ਨਾਲ ਪ੍ਰੇਮ[3] ਪਾਇਆ[4] ਹੈ। |
| ਹਉ[5] ਜੀਵਾ[6] ਹਉ ਜੀਵਾ ਸਤਿਗੁਰ ਦੇਖਿ[8] ਸਰਸੇ[7] ਰਾਮ ॥ | I[5] live[6], I live and I blossom[7] by seeing[8] the True Guru. | ਸੱਚੇ ਗੁਰਾਂ ਨੂੰ ਵੇਖ ਕੇ[8] ਮੈਂ[5] ਜੀਊਂਦਾ[6], ਮੈਂ ਜੀਊਂਦਾ ਤੇ ਮੈਂ ਪ੍ਰਫੁੱਲਤ ਹੁੰਦਾ[7] ਹਾਂ। |
| ਹਰਿ ਨਾਮੋ ਹਰਿ ਨਾਮੁ ਦ੍ਰਿੜਾਏ[9] ਜਪਿ[10] ਹਰਿ ਹਰਿ ਨਾਮੁ ਵਿਗਸੇ[12] ਰਾਮ ॥ | God's Name, God's Name, he has implanted[9] in me and I blossom[12] by uttering[10] the Lord God's Name. | ਰੱਬ ਦਾ ਨਾਮ, ਰੱਬ ਦਾ ਨਾਮ ਉਨ੍ਹਾਂ ਨੇ ਮੇਰੇ ਅੰਦਰ ਪੱਕਾ[9] ਕੀਤਾ ਹੈ ਤੇ ਸੁਆਮੀ ਹਰੀ ਦਾ ਨਾਮ ਉਚਾਰ[10] ਮੈਂ ਪ੍ਰਫੁੱਲਤ ਹੁੰਦਾ[12] ਹਾਂ। |
| ਜਪਿ[13] ਹਰਿ ਹਰਿ ਨਾਮੁ ਕਮਲ[14] ਪਰਗਾਸੇ[15] ਹਰਿ ਨਾਮੁ ਨਵੰ ਨਿਧਿ[16] ਪਾਈ ॥ | Remembering[13] Lord God's Name, the heart lotus[14] blossoms[15] and through the Lord's Name I have obtained the nine treasures[16]. | ਸੁਆਮੀ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ[13] ਦੁਆਰਾ ਦਿਲ ਕੰਵਲ[14] ਖਿੜ ਜਾਂਦਾ[15] ਹੈ ਅਤੇ ਰੱਬ ਦੇ ਨਾਮ ਦੇ ਰਾਹੀਂ ਮੈਂ ਨੌਂ ਖ਼ਜ਼ਾਨੇ[16] ਪਾ ਲੈਂਦਾ ਹਾਂ। |
| ਹਉਮੈ[17] ਰੋਗੁ[18] ਗਇਆ[19] ਦੁਖੁ[20] ਲਾਥਾ[21] ਹਰਿ[22] ਸਹਜਿ ਸਮਾਧਿ[23] ਲਗਾਈ[24] ॥ | The ailment[18] of egotism[17] is gone[19], the pain[20] is eliminated[21] and I have entered[24] into the Divine[22] trance of equipoise[23]. | ਹੰਕਾਰ[17] ਦੀ ਬੀਮਾਰੀ[18] ਦੂਰ ਹੋ ਗਈ[19] ਹੈ, ਪੀੜ[20] ਹੱਟ ਗਈ[21] ਹੈ ਅਤੇ ਮੈਂ ਇਲਾਹੀ[22] ਅਡੋਲਤਾ[23] ਦੀ ਤਾੜੀ ਅੰਦਰ ਪ੍ਰਵੇਸ਼ ਕਰ ਗਿਆ[24] ਹਾਂ। |
| ਹਰਿ ਨਾਮੁ ਵਡਾਈ[25] ਸਤਿਗੁਰ ਤੇ[26] ਪਾਈ ਸੁਖੁ[27] ਸਤਿਗੁਰ ਦੇਵ[28] ਮਨੁ[29] ਪਰਸੇ[30] ॥ | The greatness[25] of God's Name, I have attained from[26] the True Guru and by seeing[30] the sight of the Divine[28] True Guru, my mind[29] is in bliss[27]. | ਵਾਹਿਗੁਰੂ ਦੇ ਨਾਮ ਦੀ ਬਜ਼ੁਰਗੀ[25] ਮੈਨੂੰ ਸੱਚੇ ਗੁਰਾਂ ਪਾਸੋਂ[26] ਪ੍ਰਾਪਤ ਹੋਈ ਹੈ ਅਤੇ ਨਿਰੰਕਾਰੀ[28] ਸੱਚੇ ਗੁਰਾਂ ਦਾ ਦਰਸ਼ਨ ਵੇਖ ਕੇ[30] ਮੇਰਾ ਚਿੱਤ[29] ਅਨੰਦਤ[27] ਹੈ। |
| ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ॥੨॥ | I live, I live and I bloom by seeing the True Guru. | ਸੱਚੇ ਗੁਰਾਂ ਨੂੰ ਵੇਖਣ ਦੁਆਰਾ, ਮੈਂ ਜੀਊਂਦਾ, ਮੈਂ ਜੀਊਂਦਾ ਤੇ ਮੈਂ ਪ੍ਰਫੁੱਲਤ ਹੁੰਦਾ ਹਾਂ। |
| ਕੋਈ[31] ਆਣਿ[32] ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ[33] ਰਾਮ ॥ | May some one[31] come[32], some one come and cause me to meet my Perfect[33] True Guru. | ਕੋਈ ਜਣਾ[31] ਆ ਕੇ[32], ਕੋਈ ਜਣਾ ਆ ਕੇ, ਮੈਨੂੰ ਮੈਂਡੇ ਪੂਰਨ[33] ਸੱਚੇ ਗੁਰਾਂ ਨਾਲ ਮਿਲਾ ਦੇਵੇ। |
| ਹਉ ਮਨੁ[34] ਤਨੁ[35] ਹਉ ਮਨੁ ਤਨੁ ਦੇਵਾ[36] ਤਿਸੁ[37] ਕਾਟਿ[38] ਸਰੀਰਾ[39] ਰਾਮ ॥ | My soul[34] and body[35], my soul and body I shall dedicate[36] unto him and cutting[38] my body[39] into bits I shall offer these, as well, to him[37]. | ਆਪਣੀ ਆਤਮਾ[34] ਤੇ ਦੇਹ[35], ਆਪਣੀ ਆਤਮਾ ਤੇ ਦੇਹ ਮੈਂ ਉਸ ਨੂੰ ਅਰਪਨ ਕਰ ਦਿਆਂਗਾ[36]। ਆਪਣੀ ਦੇਹ[39] ਦੇ ਟੋਟੇ ਕਰ ਕੇ[38], ਇਨ੍ਹਾਂ ਨੂੰ ਭੀ ਮੈਂ ਉਸ[37] ਨੂੰ ਭੇਟ ਕਰ ਦਿਆਂਗਾ। |
| ਹਉ ਮਨੁ ਤਨੁ ਕਾਟਿ[40] | Hewing into pieces[40], my heart and | ਆਪਣੇ ਦਿਲ ਤੇ ਦੇਹ ਦੇ ਟੁਕੜੇ ਬਣਾ ਕੇ[40], ਮੈਂ ਏਨ੍ਹਾਂ ਨੂੰ |

| | | |
|---|---|---|
| ਕਾਟਿ ਤਿਸੁ[41] ਦੇਈ ਜੋ ਸਤਿਗੁਰ ਬਚਨ[42] ਸੁਣਾਏ[43]॥ | body, I shall make an offering of these to him[41], who recites[43] to me the hymns[42] of the True Guru. | ਉਸ[41] ਦੀ ਭੇਟਾ ਕਰਾਂਗਾ, ਜਿਹੜਾ ਮੈਨੂੰ ਸੱਚੇ ਗੁਰਾਂ ਦੀ ਬਾਣੀ[42] ਸੁਣਾਵੇ[43] । |
| ਮੇਰੈ ਮਨਿ[44] ਬੈਰਾਗੁ[45] ਭਇਆ ਬੈਰਾਗੀ[46] ਮਿਲਿ[47] ਗੁਰ ਦਰਸਨਿ[48] ਸੁਖੁ[49] ਪਾਏ[50] ॥ | My desireless[46] soul[44] has renounced[45] the world and obtaining[47] the vision[48] of the Guru, is blessed[50] with peace[49]. | ਮੇਰੀ ਇੱਛਾ-ਰਹਿਤ[46] ਆਤਮਾ[44] ਸੰਸਾਰ ਤੋਂ ਉਪਰਾਮ ਹੋ ਗਈ[45] ਹੈ ਅਤੇ ਗੁਰਾਂ ਦਾ ਦੀਦਾਰ[48] ਪਾ ਕੇ[47] ਇਸ ਨੂੰ ਠੰਢ-ਚੈਨ[49] ਪ੍ਰਾਪਤ ਹੋ ਗਈ[50] ਹੈ । |
| ਹਰਿ ਹਰਿ ਕ੍ਰਿਪਾ[51] ਕਰਹੁ ਸੁਖਦਾਤੇ[52] ਦੇਹੁ[53] ਸਤਿਗੁਰ ਚਰਨ[54] ਹਮ[55] ਧੂਰਾ[56] ॥ | My peace-giving[52] Lord God, show mercy[51] and bless[53] me[55] with the dust[56] of the True Guru's feet[54]. | ਮੇਰੇ ਆਰਾਮ ਦੇਣ ਵਾਲੇ[52] ਸੁਆਮੀ ਵਾਹਿਗੁਰੂ ਰਹਿਮ ਕਰ[51] ਅਤੇ ਮੈਨੂੰ[55] ਸੱਚੇ ਗੁਰਾਂ ਦੇ ਪੈਰਾਂ[54] ਦੀ ਧੂੜ[56] ਪ੍ਰਦਾਨ[53] ਕਰ । |
| ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ॥੩॥ | Let some one come, some one come and make me meet the Perfect True Guru. | ਕੋਈ ਜਣਾ ਆ ਕੇ, ਕੋਈ ਜਣਾ ਆ ਕੇ, ਮੈਨੂੰ ਪੂਰਨ ਸੱਚੇ ਗੁਰਾਂ ਨਾਲ ਮਿਲਾ ਦੇਵੇ । |
| ਗੁਰ ਜੇਵਡੁ[57] ਗੁਰ ਜੇਵਡੁ ਦਾਤਾ[58] ਮੈ ਅਵਰੁ[59] ਨ ਕੋਈ ਰਾਮ ॥ | A donor[58], as big as[57] the Guru, as big as the Guru, I see not any other[59]. | ਗੁਰਾਂ ਜਿੱਡਾ ਵੱਡਾ[57], ਗੁਰਾਂ ਜਿੱਡਾ ਵੱਡਾ ਦਾਤਾਰ[58] ਮੈਨੂੰ ਹੋਰ ਕੋਈ[59] ਦਿੱਸ ਨਹੀਂ ਆਉਂਦਾ । |
| ਹਰਿ[60] ਦਾਨੋ[61] ਹਰਿ ਦਾਨੁ ਦੇਵੈ[62] ਹਰਿ ਪੁਰਖੁ[63] ਨਿਰੰਜਨੁ[64] ਸੋਈ[65] ਰਾਮ ॥ | The gift of God's[60] Name, the gift of God's Name, he blesses[62] me with. He[65] Himself is the Immaculate[64] Lord Master[63]. | ਰੱਬ ਦੇ ਨਾਮ[60] ਦੀ ਦਾਤ[61], ਰੱਬ ਦੇ ਨਾਮ ਦੀ ਦਾਤ ਉਹ ਮੈਨੂੰ ਪ੍ਰਦਾਨ[62] ਕਰਦੇ ਹਨ । ਉਹ[65] ਖੁਦ ਹੀ ਪਵਿੱਤਰ[64] ਪ੍ਰਭੂ ਪ੍ਰਮੇਸ਼ਰ[63] ਹਨ । |
| ਹਰਿ ਹਰਿ ਨਾਮੁ ਜਿਨੀ ਆਰਾਧਿਆ[66] ਤਿਨ[67] ਕਾ ਦੁਖੁ[68] ਭਰਮੁ[69] ਭਉ[70] ਭਾਗਾ[71] ॥ | They who reflect[66] on the Lord's Name, their[67] pain[68], doubt[69] and dread[70] flee away[71]. | ਜੋ ਵਾਹਿਗੁਰੂ ਸੁਆਮੀ ਦੇ ਨਾਮ ਦਾ ਸਿਮਰਨ ਕਰਦੇ[66] ਹਨ; ਉਨ੍ਹਾਂ[67] ਦੀ ਪੀੜ[68], ਸੰਦੇਹ[69] ਤੇ ਡਰ[70] ਦੌੜ ਜਾਂਦੇ[71] ਹਨ । |
| ਸੇਵਕ ਭਾਇ[72] ਮਿਲੇ ਵਡਭਾਗੀ[73] ਜਿਨ ਗੁਰ ਚਰਨੀ[74] ਮਨੁ ਲਾਗਾ[75] ॥ | The fortunate ones[73], whose mind is attached[75] to Guru's feet[74], meet the Lord through the servant's sentiments[72]. | ਚੰਗੇ ਕਰਮਾਂ ਵਾਲੇ[73], ਜਿਨ੍ਹਾਂ ਦਾ ਚਿੱਤ ਗੁਰਾਂ ਦੇ ਪੈਰਾਂ[74] ਨਾਲ ਜੁੜਿਆ ਹੋਇਆ[75] ਹੈ, ਦਾਸ-ਭਾਵਨਾ[72] ਰਾਹੀਂ ਸਾਹਿਬ ਨੂੰ ਮਿਲ ਪੈਂਦੇ ਹਨ । |
| ਕਹੁ ਨਾਨਕ ਹਰਿ ਆਪਿ[75*] ਮਿਲਾਏ ਮਿਲਿ ਸਤਿਗੁਰ ਪੁਰਖ[76] ਸੁਖੁ[77] ਹੋਈ[78] ॥ | Says Nanak, God Himself[75*] makes man meet the Guru and by meeting the Divine[76] True Guru, he is blessed[78] with peace[77]. | ਗੁਰੂ ਜੀ ਆਖਦੇ ਹਨ, ਵਾਹਿਗੁਰੂ ਆਪੇ[75*] ਹੀ ਬੰਦੇ ਨੂੰ ਗੁਰਾਂ ਨਾਲ ਮਿਲਾਉਂਦਾ ਹੈ । ਰੱਬ-ਰੂਪ[76] ਸੱਚੇ ਗੁਰਾਂ ਨੂੰ ਮਿਲਣ ਦੁਆਰਾ ਉਸ ਨੂੰ ਆਰਾਮ[77] ਪ੍ਰਾਪਤ ਹੁੰਦਾ[78] ਹੈ । |
| ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ॥੪॥੧॥ | A donor, as big as the Guru, as big as the Guru, I see not another. | ਗੁਰਾਂ ਜਿੱਡਾ ਵੱਡਾ, ਗੁਰਾਂ ਜਿੱਡਾ ਵੱਡਾ ਦਾਤਾਰ ਮੈਨੂੰ ਹੋਰ ਕੋਈ ਦਿੱਸ ਨਹੀਂ ਆਉਂਦਾ । |

| | | |
|---|---|---|
| ਵਡਹੰਸੁ ਮਹਲਾ ੪ ॥ | Wadhans 4th Guru. | ਵਡਹੰਸ ਚੌਥੀ ਪਾਤਿਸ਼ਾਹੀ |
| ਹੰਉ[79] ਗੁਰ ਬਿਨੁ ਹੰਉ ਗੁਰ ਬਿਨੁ ਖਰੀ[80] ਨਿਮਾਣੀ[81] ਰਾਮ ॥ | I[79], without the Guru, I, without the Guru, am greatly[80] unhonoured[81]. | ਮੈਂ[79], ਗੁਰਾਂ ਦੇ ਬਗ਼ੈਰ, ਮੈਂ ਗੁਰਾਂ ਦੇ ਬਗ਼ੈਰ ਬਹੁਤ ਹੀ[80] ਬੇ-ਆਬਰੂ[81] ਹਾਂ । |
| [82]ਜਗਜੀਵਨੁ[83] ਜਗਜੀਵਨੁ ਦਾਤਾ[84] ਗੁਰ ਮੇਲਿ[85] ਸਮਾਣੀ[86] ਰਾਮ ॥ | The life[83] of the world, the Beneficient[84] Life of the world has made me meet[85] the Guru and into the Name I merge[86]. | ਜਗਤ[82] ਦੀ ਜਿੰਦ ਜਾਨ[83], ਜਗਤ ਦੀ ਜਿੰਦ ਜਾਨ ਦਾਤਾਰ[84] ਸੁਆਮੀ ਨੇ ਮੈਨੂੰ ਗੁਰਾਂ ਨਾਲ ਮਿਲਾਇਆ[85] ਹੈ, ਤੇ ਮੈਂ ਨਾਮ ਵਿੱਚ ਲੀਨ[86] ਹੋ ਗਿਆ ਹਾਂ । |
| ਸਤਿਗੁਰੁ ਮੇਲਿ ਹਰਿ ਨਾਮਿ ਸਮਾਣੀ[87] ਜਪਿ[88] ਹਰਿ ਹਰਿ[89] ਨਾਮੁ ਧਿਆਇਆ[90] ॥ | Meeting with the True Guru, I have merged[87] in the Lord's Name and meditate[88] on and contemplate over[90] the Lord Master's[89] Name. | ਸੱਚੇ ਗੁਰਾਂ ਨਾਲ ਮਿਲ ਕੇ ਮੈਂ ਸੁਆਮੀ ਦੇ ਨਾਮ ਵਿੱਚ ਲੀਨ ਹੋ ਗਿਆ[87] ਹਾਂ ਅਤੇ ਪ੍ਰਭੂ ਪ੍ਰਮੇਸ਼ਰ[89] ਦੇ ਨਾਮ ਦਾ ਸਿਮਰਨ[88] ਤੇ ਆਰਾਧਨ ਕਰਦਾ[90] ਹਾਂ । |
| ੫੭੩ | | |
| ਜਿਸੁ ਕਾਰਣਿ[91] ਹੰਉ ਢੂੰਢਿ[92] ਢੂਢੇਦੀ ਸੋ[93] ਸਜਣੁ ਹਰਿ[94] ਘਰਿ[96] ਪਾਇਆ[95] ॥ | He, for whom[91] I wae making a search[92] and an inquiry, Him[93], God, the friend[94], I have found[95] in my mind home[96]. | ਜਿਸ ਦੀ ਖ਼ਾਤਿਰ[91] ਮੈਂ ਖੋਜ ਭਾਲ[92] ਕਰ ਰਹੀ ਸਾਂ; ਉਸ[93] ਵਾਹਿਗੁਰੂ ਮਿੱਤ੍ਰ[94] ਨੂੰ ਮੈਂ ਆਪਣੇ ਗ੍ਰਿਹ[96] (ਮਨ ਅੰਦਰ) ਵਿੱਚ ਹੀ ਪਾ ਲਿਆ[95] ਹੈ । |
| ਏਕ ਦ੍ਰਿਸਟਿ[97] ਹਰਿ ਏਕੋ ਜਾਤਾ[98] ਹਰਿ ਆਤਮ[99] ਰਾਮੁ ਪਛਾਣੀ[100] ॥ | The One Lord I see[97], the One I know[98] and the Lord Master alone do I realise[100] among all the hearts[99]. | ਇੱਕ ਸੁਆਮੀ ਨੂੰ ਮੈਂ ਵੇਖਦੀ[97] ਹਾਂ, ਇੱਕ ਨੂੰ ਹੀ ਜਾਣਦੀ[98] ਹਾਂ ਅਤੇ ਕੇਵਲ ਸੁਆਮੀ ਮਾਲਕ ਨੂੰ ਹੀ ਮੈਂ ਸਾਰਿਆਂ ਦਿਲਾਂ[99] ਅੰਦਰ ਅਨੁਭਵ ਕਰਦੀ[100] ਹਾਂ । |
| ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ[2] ਨਿਮਾਣੀ[3] ॥੧॥ | I, without the Guru, I, without the Guru, am utterly[2] helpless[3]. | ਮੈਂ ਗੁਰਾਂ ਦੇ ਬਾਝੋਂ, ਮੈਂ ਗੁਰਾਂ ਦੇ ਬਾਝੋਂ ਨਿਹਾਇਤ[2] ਹੀ ਨਿਹੱਥਲ[3] ਹਾਂ । |
| ਜਿਨਾ ਸਤਿਗੁਰੁ ਜਿਨ ਸਤਿਗੁਰੁ ਪਾਇਆ[4] ਤਿਨ[5] ਹਰਿ ਪ੍ਰਭੁ[6] ਮੇਲਿ[7] ਮਿਲਾਏ[8] ਰਾਮ ॥ | They, whom the True Guru, whom the True Guru meets[4], them[5] the Lord God[6] unites[8] in His union[7]. | ਜਿਨ੍ਹਾਂ ਨੂੰ ਸੱਚੇ ਗੁਰੂ ਜੀ, ਜਿਨ੍ਹਾਂ ਨੂੰ ਸੱਚੇ ਗੁਰੂ ਜੀ ਮਿਲ ਪੈਂਦੇ[4] ਹਨ; ਉਨ੍ਹਾਂ[5] ਨੂੰ ਸੁਆਮੀ ਵਾਹਿਗੁਰੂ[6] ਆਪਣੇ ਮਿਲਾਪ[7] ਅੰਦਰ ਮਿਲਾ ਲੈਂਦਾ[8] ਹੈ । |
| ਤਿਨ ਚਰਣ[9] ਤਿਨ ਚਰਣ ਸਰੇਵਹ[10] ਹਮ ਲਾਗਹ[12] ਤਿਨ ਕੈ ਪਾਏ[13] ਰਾਮ ॥ | Their feet[9], their feet I adore[10], and on their feet[13] do I fall[12]. | ਉਨ੍ਹਾਂ ਦੇ ਪੈਰਾਂ[9], ਉਨ੍ਹਾਂ ਦੇ ਪੈਰ ਮੈਂ ਪੂਜਦਾ[10] ਹਾਂ ਅਤੇ ਉਨ੍ਹਾਂ ਦੇ ਪੈਰੀਂ[13] ਹੀ ਮੈਂ ਪੈਂਦਾ[12] ਹਾਂ । |
| ਹਰਿ ਹਰਿ[14] ਚਰਣ ਸਰੇਵਹ ਤਿਨ ਕੇ ਜਿਨ ਸਤਿਗੁਰੁ ਪੁਰਖੁ[15] ਪ੍ਰਭੁ[16] ਧਿਆਇਆ[17] ॥ | O Lord God[14], I adore the feet of those, who dwell[17] on the True Guru, the Omnipresent, Omnipotent[15] Master[16]. | ਹੇ ਸੁਆਮੀ ਵਾਹਿਗੁਰੂ[14] ! ਮੈਂ ਉਨ੍ਹਾਂ ਦੇ ਪੈਰ ਪੂਜਦਾ ਹਾਂ, ਜੋ ਸਰਬ ਸ਼ਕਤੀਵਾਨ[15] ਮਾਲਕ[16] ਦੇ ਸਰੂਪ, ਸੱਚੇ ਗੁਰਾਂ ਦਾ ਸਿਮਰਨ ਕਰਦੇ[17] ਹਨ । |
| ਤੂ[18] ਵਡਦਾਤਾ[19] ਅੰਤਰ | O Lord, the king[23], Thou art the | ਹੇ ਪ੍ਰਭੂ ! ਪਾਤਿਸ਼ਾਹ[23] ! ਭਾਰੇ[18] ਦਾਤਾਰ[19] ਅਤੇ ਦਿਲਾਂ |

| | | |
|---|---|---|
| ਜਾਮੀ[20] ਮੇਰੀ ਸਰਧਾ[21] ਪੂਰਿ[22] ਹਰਿ ਰਾਇਆ[23]॥ | great[18] Giver[19] and the Reader of heart[20]. Fulfil[22] Thou my faith[21]. | ਦੀਆਂ ਜਾਨਣਹਾਰ[20],ਤੂੰ ਮੇਰੇ ਸਿਦਕ[21] ਨੂੰ ਤੋੜ ਚੜ੍ਹਾ[22]। |
| ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ਅਨਦਿਨੁ[24] ਰਾਮ ਗੁਣ ਗਾਏ[25] ॥ | Meeting the Guru's disciple, my desire is fulfilled and, night[24] and day, I sing Lord's praise[25]. | ਗੁਰੂ ਦੇ ਸਿੱਖ ਨੂੰ ਮਿਲ ਕੇ, ਮੇਰੀ ਖ਼ਾਹਿਸ਼ ਪੂਰੀ ਹੋ ਗਈ ਹੈ ਅਤੇ ਮੈਂ ਰਾਤ[24] ਦਿਨ ਸੁਆਮੀ ਦਾ ਜੱਸ[25] ਗਾਉਂਦਾ ਹਾਂ। |
| ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ॥੨॥ | They, whom the True Guru, whom the True Guru, meets, them the Lord God unites in His union. | ਜਿਨ੍ਹਾਂ ਨੂੰ ਸੱਚੇ ਗੁਰੂ ਜੀ, ਜਿਨ੍ਹਾਂ ਨੂੰ ਸੱਚੇ ਗੁਰੂ ਜੀ ਮਿਲ ਪੈਂਦੇ ਹਨ ਉਨ੍ਹਾਂ ਨੂੰ ਸੁਆਮੀ ਵਾਹਿਗੁਰੂ ਆਪਣੇ ਮਿਲਾਪ ਅੰਦਰ ਮਿਲਾ ਲੈਂਦਾ ਹੈ। |
| ਹੰਉ[26] ਵਾਰੀ[27] ਹੰਉ ਵਾਰੀ ਗੁਰਸਿਖ ਮੀਤ[28] ਪਿਆਰੇ[29] ਰਾਮ ॥ | I[26] am a sacrifice[27], I am a sacrifice, unto the Guru's disciples, my dear[29] friend[28]. | ਆਪਣੇ ਸਨੇਹੀ[29] ਸੱਜਣ[28], ਗੁਰੂ ਦੇ ਸਿੱਖ ਉਤੋਂ ਮੈਂ[26] ਕੁਰਬਾਨ[27] ਜਾਂਦਾ ਹਾਂ, ਮੈਂ ਕੁਰਬਾਨ ਜਾਂਦਾ ਹਾਂ। |
| ਹਰਿ ਨਾਮੋ ਹਰਿ ਨਾਮੁ ਸੁਣਾਏ[30] ਮੇਰਾ ਪ੍ਰੀਤਮੁ[31] ਨਾਮੁ ਅਧਾਰੇ[32] ਰਾਮ ॥ | God's Name, God's Name, he recites[30] to me and the loved[31] Name is my life's mainstay[32]. | ਵਾਹਿਗੁਰੂ ਦਾ ਨਾਮ, ਵਾਹਿਗੁਰੂ ਦਾ ਨਾਮ, ਉਹ ਮੈਨੂੰ ਸੁਣਾਉਂਦਾ[30] ਹੈ। ਪਿਆਰਾ[31] ਨਾਮ ਮੇਰੇ ਜੀਵਨ ਦਾ ਆਸਰਾ[32] ਹੈ। |
| ਹਰਿ ਹਰਿ ਨਾਮੁ ਮੇਰਾ ਪ੍ਰਾਨ[33] ਸਖਾਈ[34] ਤਿਸੁ ਬਿਨੁ ਘੜੀ[35] ਨਿਮਖ[36] ਨਹੀ ਜੀਵਾਂ[37] ॥ | The Lord God's Name is my soul's[33] succour[34] and, without it, I can live[37] not even for an instant[36] and a moment[35]. | ਸੁਆਮੀ ਵਾਹਿਗੁਰੂ ਦਾ ਨਾਮ ਮੇਰੀ ਜਿੰਦੜੀ[33] ਦਾ ਸਹਾਇਕ[34] ਹੈ। ਇਸ ਦੇ ਬਾਝੋਂ ਮੈਂ ਇਕ ਮੁਹਤ[35] ਤੇ ਲਮ੍ਹੇ[36] ਭਰ ਲਈ ਭੀ ਜੀਉ[37] ਨਹੀਂ ਸਕਦਾ। |
| ਹਰਿ ਹਰਿ ਕ੍ਰਿਪਾ[38] ਕਰੇ ਸੁਖਦਾਤਾ[39] ਗੁਰਮੁਖਿ[40] ਅੰਮ੍ਰਿਤੁ[41] ਪੀਵਾਂ[42] ॥ | If the Peace-giving[39] Lord Master shows mercy[38], I drink-in[43] His Nectar[41], through the Guru[40]. | ਜੇਕਰ ਆਰਾਮ ਬਖ਼ਸ਼ਣਹਾਰ[39] ਸੁਆਮੀ ਮਾਲਕ ਮਿਹਰ[38] ਧਾਰੇ ਤਾਂ ਮੈਂ ਗੁਰਾਂ ਦੇ ਰਾਹੀਂ[40] ਉਸ ਦਾ ਅੰਮ੍ਰਿਤ[41] ਪਾਨ ਕਰਦਾ[42] ਹਾਂ। |
| ਹਰਿ ਆਪੇ[43]ਸਰਧਾ[44]ਲਾਇ[45] ਮਿਲਾਏ[46] ਹਰਿ ਆਪੇ ਆਪਿ[47] ਸਵਾਰੇ[48] ॥ | Blessing[45] the mortal with His faith[44], the Lord unites[46] him with Himself[43] and Himself[47] the Lord adorns[48] him. | ਪ੍ਰਾਨੀ ਨੂੰ ਆਪਣਾ ਸਿਦਕ ਭਰੋਸਾ[44] ਬਖ਼ਸ਼ ਕੇ[45], ਵਾਹਿਗੁਰੂ ਉਸ ਨੂੰ ਆਪਣੇ[43] ਨਾਲ ਜੋੜ ਲੈਂਦਾ[46] ਹੈ ਤੇ ਆਪੇ[47] ਹੀ ਉਹ ਉਸ ਨੂੰ ਸ਼ਸ਼ੋਭਤ[48] ਕਰਦਾ ਹੈ। |
| ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ॥੩॥ | I am a sacrifice, I am a sacrifice, unto the Guru's disciple, my dear friend. | ਆਪਣੇ ਸਨੇਹੀ ਸੱਜਣ, ਗੁਰਾਂ ਦੇ ਮੁਰੀਦ ਉਤੋਂ ਮੈਂ ਬਲਿਹਾਰਨੇ, ਮੈਂ ਬਲਿਹਾਰਨੇ ਜਾਂਦਾ ਹਾਂ। |
| ਹਰਿ ਆਪੇ[49] ਹਰਿ ਆਪੇ ਪੁਰਖੁ[50] ਨਿਰੰਜਨੁ[51] ਸੋਈ[52] ਰਾਮ[53] ॥ | God is all by Himself[49], God is all by Himself and He[52] is the Omnipotent[50], Immaculate[51] Lord[53]. | ਵਾਹਿਗੁਰੂ ਸਾਰਾ ਕੁੱਛ ਆਪਣੇ ਆਪ[49] ਤੋਂ ਹੀ ਹੈ। ਵਾਹਿਗੁਰੂ ਸਾਰਾ ਕੁੱਛ ਆਪਣੇ ਆਪ ਤੋਂ ਹੀ ਹੈ। ਉਹ[52] ਸਰਬ-ਸ਼ਕਤੀਵਾਨ[50] ਪਵਿੱਤਰ[51] ਪ੍ਰਭੂ[53] ਹੈ। |
| ਹਰਿ ਆਪੇ[54] ਹਰਿ ਆਪੇ ਮੇਲੈ[55] ਕਰੈ ਸੋ[56] ਹੋਈ[57] ਰਾਮ ॥ | God Himself[54], God Himself unites[55] man with Himself. What He does, that[56] comes to pass[57]. | ਵਾਹਿਗੁਰੂ ਖ਼ੁਦ[54] ਹੀ, ਵਾਹਿਗੁਰੂ ਖ਼ੁਦ ਹੀ ਇਨਸਾਨ ਨੂੰ ਆਪਣੇ ਨਾਲ ਮਿਲਾਉਂਦਾ[55] ਹੈ। ਜਿਹੜਾ ਕੁੱਛ ਉਹ ਕਰਦਾ ਹੈ, ਉਹੀ[56] ਹੁੰਦਾ ਹੈ[57]। |

| | | |
|---|---|---|
| ਜੋ ਹਰਿ[58] ਪ੍ਰਭ ਭਾਵੈ[59] ਸੋਈ[60] ਹੋਵੈ ਅਵਰੁ[61] ਨ ਕਰਣਾ ਜਾਈ ॥ | Whatever[58] pleases[59] the Lord God, that[60] alone comes to pass and nothing else can be done. | ਜਿਹੜਾ ਕੁੱਛ[58] ਸੁਆਮੀ ਵਾਹਿਗੁਰੂ ਨੂੰ ਚੰਗਾ ਲਗਦਾ[59] ਹੈ ਕੇਵਲ ਉਹੀ[60] ਹੁੰਦਾ ਹੈ। ਹੋਰਸ[61] ਕੁੱਛ ਕੀਤਾ ਨਹੀਂ ਜਾ ਸਕਦਾ। |
| ਬਹੁਤੁ[62] ਸਿਆਣਪ[63] ਲਇਆ[64] ਨ ਜਾਈ ਕਰਿ ਥਾਕੇ[65] ਸਭਿ ਚਤੁਰਾਈ[66] ॥ | Through great[62] ingenuity[63] He is attained[64] not. By practising cleverness[66], all have grown weary[65]. | ਬਹੁਤੀ[62] ਅਕਲਮੰਦੀ[63] ਰਾਹੀਂ ਉਹ ਪਾਇਆ[64] ਨਹੀਂ ਜਾਂਦਾ। ਹੁਸਿਆਰੀ[66] ਕਰਨ ਦੁਆਰਾ ਸਾਰੇ ਹਾਰ ਹੁੱਟ ਗਏ[65] ਹਨ। |
| ਗੁਰ ਪ੍ਰਸਾਦਿ[67] ਜਨ[68] ਨਾਨਕ ਦੇਖਿਆ ਮੈ ਹਰਿ ਬਿਨੁ ਅਵਰੁ[69] ਨ ਕੋਈ ॥ | By Guru's grace[67], slave[68] Nanak has seen the Lord and without God, I have none else[69]. | ਗੁਰਾਂ ਦੀ ਦਇਆ ਦੁਆਰਾ[67] ਗੋਲੇ[68] ਨਾਨਕ ਨੇ ਪ੍ਰਭੂ ਨੂੰ ਵੇਖ ਲਿਆ ਹੈ। ਵਾਹਿਗੁਰੂ ਦੇ ਬਾਝੋਂ, ਮੇਰਾ ਹੋਰ[69] ਕੋਈ ਆਸਰਾ ਨਹੀਂ। |
| ਹਰਿ ਆਪੇ ਹਰਿ ਆਪੇ ਪੁਰਖੁ[70] ਨਿਰੰਜਨੁ[72] ਸੋਈ[71] ॥੪॥੨॥ | God is all by Himself, God is all by Himself and He alone[71] is the Immaculate[72] Lord[70]. | ਵਾਹਿਗੁਰੂ ਸਾਰਾ ਕੁੱਛ ਆਪ ਹੀ ਹੈ, ਵਾਹਿਗੁਰੂ ਸਾਰਾ ਕੁੱਛ ਆਪ ਹੀ ਹੈ। ਕੇਵਲ ਓਹੀ[71] ਪਵਿੱਤ੍ਰ[72] ਪ੍ਰਭੂ[70] ਹੈ। |
| ਵਡਹੰਸੁ ਮਹਲਾ ੪ ॥ | Wadhans 4th Guru. | ਵਡਹੰਸ ਚੌਥੀ ਪਾਤਿਸ਼ਾਹੀ। |
| ਹਰਿ[73] ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ[74] ਹਮ[75] ਭਾਇਆ[76] ਰਾਮ[77] ॥ | My Master[77], make me meet, the Divine[73] True Guru, the Divine True Guru. The Divine Satguru's feet[74] are pleasing[76] unto me[75]. | ਮੇਰੇ ਮਾਲਕ[77] ਮੈਨੂੰ ਰੱਬ ਰੂਪ[73] ਸੱਚੇ ਗੁਰਾਂ, ਰੱਬ ਰੂਪ ਸੱਚੇ ਗੁਰਾਂ ਨਾਲ ਮਿਲਾ ਦੇ। ਰੱਬ ਰੂਪ ਸਤਿਗੁਰਾਂ ਦੇ ਪੈਰ[74] ਮੈਨੂੰ[75] ਚੰਗੇ ਲਗਦੇ[76] ਹਨ। |
| ਤਿਮਰ[78] ਅਗਿਆਨੁ[79] ਗਵਾਇਆ[80] ਗੁਰ[81] ਗਿਆਨੁ[82] ਅੰਜਨੁ[83] ਗੁਰਿ ਪਾਇਆ[84] ਰਾਮ ॥ | Applying[84] the eye-slave[83] of Divine[81] knowledge[82], the Guru has dispelled[80] the darkness[78] of my ignorance[79]. | ਬ੍ਰਹਮ[81] ਬੋਧ[82] ਦਾ ਸੁਰਮਾ[83] ਪਾ ਕੇ[84], ਗੁਰਾਂ ਨੇ ਮੇਰਾ ਬੇਸਮਝੀ[79] ਦਾ ਅਨ੍ਹੇਰਾ[78] ਦੂਰ ਕਰ ਦਿੱਤਾ[80] ਹੈ। |
| ਗੁਰ[85] ਗਿਆਨ[87] ਅੰਜਨੁ[86] ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥ | The Satguru has applied the collyrium[86] of Divine[85] knowledge[87] and the darkness of my ignorance is dispelled | ਸਤਿਗੁਰਾਂ ਨੇ ਬ੍ਰਹਮ[85] ਵੀਚਾਰ[87] ਦਾ ਸੁਰਮਾ[86] ਪਾ ਦਿੱਤਾ ਹੈ ਅਤੇ ਮੇਰਾ ਬੇਸਮਝੀ ਦਾ ਅਨ੍ਹੇਰਾ ਦੂਰ ਹੋ ਗਿਆ ਹੈ। |
| ਸਤਿਗੁਰ ਸੇਵਿ ਪਰਮ[88]ਪਦੁ[89] ਪਾਇਆ ਹਰਿ ਜਪਿਆ[90] ਸਾਸ[91] ਗਿਰਾਸੇ[92] ॥ | By serving the True Guru, I have obtained the supreme[88] status[89] and have dwelt[90] on God with every breath[91] and morsel[92] of mine | ਸੱਚੇ ਗੁਰਾਂ ਦੀ ਘਾਲ ਕਮਾਉਣ ਦੁਆਰਾ ਮੈਂ ਮਹਾਨ[88] ਮਰਤਬਾ[89] ਪ੍ਰਾਪਤ ਕਰ ਲਿਆ ਹੈ ਅਤੇ ਆਪਣੇ ਹਰ ਸੁਆਸ[91] ਤੇ ਬੁਰਕੀ[92] ਨਾਲ ਵਾਹਿਗੁਰੂ ਦਾ ਸਿਮਰਨ[90] ਕੀਤਾ ਹੈ। |
| ਜਿਨ ਕੰਉ ਹਰਿ ਪ੍ਰਭਿ ਕਿਰਪਾ[93] ਧਾਰੀ[94] ਤੇ[95] ਸਤਿਗੁਰ ਸੇਵਾ ਲਾਇਆ[96] ॥ | They, to whom the Lord God shows[94] mercy[93] them[95] He yokes[96] to the True Guru's service. | ਜਿਨ੍ਹਾਂ ਉਤੇ ਸੁਆਮੀ ਵਾਹਿਗੁਰੂ ਮਿਹਰ[93] ਕਰਦਾ[94] ਹੈ ਉਨ੍ਹਾਂ ਨੂੰ[95] ਉਹ ਸੱਚੇ ਗੁਰਾਂ ਦੀ ਟਹਿਲ ਅੰਦਰ ਜੋੜਦਾ[96] ਹੈ। |
| ਹਰਿ[97] ਸਤਿਗੁਰ ਹਰਿ ਸਤਿਗੁਰ ਮੇਲਿ[99] ਹਰਿ | Lead[99] me to the Divine[97] True[98] Guru, the Divine True Guru, O Lord, as the | ਮੈਨੂੰ ਨਿਰੰਕਾਰੀ[97] ਸੱਚੇ ਗੁਰਾਂ, ਨਿਰੰਕਾਰੀ ਸੱਚੇ ਗੁਰਾਂ ਨਾਲ ਮਿਲਾ ਦੇ[99], ਹੇ ਪ੍ਰਭੂ! ਨਿਰੰਕਾਰੀ ਸੱਚੇ ਗੁਰਾਂ ਦੇ ਪੈਰ[100] |

| | | |
|---|---|---|
| ਸਤਿਗੁਰ ਚਰਣ[100] ਹਮ ਭਾਇਆ[98] ॥੧॥ | feet[100] of the Divine True Guru are dear[98] unto me. | ਮੈਨੂੰ ਪਿਆਰੇ[98] ਲਗਦੇ ਹਨ। |
| ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ[2] ਮੈ ਗੁਰ ਬਿਨੁ ਰਹਣੁ[3] ਨ ਜਾਈ ਰਾਮ ॥ | My True Guru, my True Guru is my beloved[2] and without the Guru, I can live[3] not. | ਮੇਂਡਾ ਸੱਚਾ ਗੁਰੂ, ਮੇਂਡਾ ਸੱਚਾ ਗੁਰੂ ਮੇਰਾ ਪ੍ਰੀਤਮ[2] ਹੈ। ਗੁਰਾਂ ਦੇ ਬਾਝੋਂ ਮੈਂ ਰਹਿ[3] ਨਹੀਂ ਸਕਦਾ। |
| ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ[4] ਸਖਾਈ[5] ਰਾਮ ॥ | He gives me God's Name, God's Name, which succours[5] me in the end[4]. | ਉਹ ਮੈਨੂੰ ਰੱਬ ਦਾ ਨਾਮ, ਰੱਬ ਦਾ ਨਾਮ ਦਿੰਦਾ ਹੈ ਜੋ ਅਖੀਰ[4] ਨੂੰ ਮੇਰੀ ਸਹਾਇਤਾ[5] ਕਰਦਾ ਹੈ ਹੈ। |
| ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ[6] ਗੁਰਿ[7] ਸਤਿਗੁਰਿ ਨਾਮੁ ਦ੍ਰਿੜਾਇਆ[8] ॥ | The Lord God's Name shall be my succour[6] in the end; the great[7] True Guru has implanted[8] the Name in me. | ਸੁਆਮੀ ਵਾਹਿਗੁਰੂ ਦਾ ਨਾਮ ਅਖੀਰ ਨੂੰ ਮੇਰਾ ਸਹਾਇਕ[6] ਹੋਵੇਗਾ। ਵੱਡੇ[7] ਸੱਚੇ ਗੁਰੂ ਨੇ ਮੇਰ ਅੰਦਰ ਨਾਮ ਪੱਕਾ ਕੀਤਾ[8] ਹੈ। |
| ਜਿਥੈ ਪੁਤੁ[9] ਕਲਤ੍ਰੁ[10] ਕੋਈ ਬੇਲੀ[12] ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ[13] ॥ | Where neither the son[9], nor the wife[10] shall be my friend[12], there the Lord Master's Name shall liberate[13] me. | ਜਿੱਥੇ ਨਾ ਪੁੱਤ੍ਰ[9] ਨਾ ਹੀ ਇਸਤ੍ਰੀ[10]ਨੇ ਮੇਰਾ ਯਾਰ ਮਿੱਤ੍ਰ[12] ਹੋਣਾ ਹੈ, ਉੱਥੇ ਪ੍ਰਭੂ ਪ੍ਰਮੇਸ਼ਰ ਦਾ ਨਾਮ ਮੈਨੂੰ ਬੰਦ-ਖਲਾਸ[13] ਕਰਾਵੇਗਾ। |
| ੫੭੪ | | |
| ਧਨੁ[14] ਧਨੁ ਸਤਿਗੁਰੁ ਪੁਰਖੁ[15] ਨਿਰੰਜਨੁ[16] ਜਿਤੁ ਮਿਲਿ[17] ਹਰਿ ਨਾਮੁ ਧਿਆਈ[18] ॥ | Blessed[14]! blessed! is the True Guru, my Immaculate[16] Lord[15], by meeting[17] whom I meditate[18] on the God's Name. | ਮੁਬਾਰਕ[14]! ਮੁਬਾਰਕ! ਸੱਚਾ ਗੁਰੂ, ਮੇਰਾ ਪਵਿੱਤ੍ਰ[16] ਪ੍ਰਭੂ[15] ਹੈ ਜਿਸ ਨੂੰ ਭੇਟ ਕੇ[17] ਮੈਂ ਵਾਹਿਗੁਰੂ ਦੇ ਨਾਮ ਦਾ ਜਾਪ[18] ਕਰਦਾ ਹਾਂ। |
| ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ॥੨॥ | My True Guru, my True Guru is my Beloved. Without the Guru, I can live not. | ਮੇਰਾ ਸੱਚਾ ਗੁਰੂ, ਮੇਰਾ ਸੱਚਾ ਗੁਰੂ ਮੇਰਾ ਪ੍ਰੀਤਮ ਹੈ। ਗੁਰੂ ਦੇ ਬਗੈਰ ਮੈਂ ਰਹਿ ਨਹੀਂ ਸਕਦਾ। |
| ਜਿਨੀ ਦਰਸਨੁ[19] ਜਿਨੀ ਦਰਸਨੁ ਸਤਿਗੁਰ ਪੁਰਖ[20] ਨ ਪਾਇਆ ਰਾਮ ॥ ਤਿਨ[21] ਨਿਹਫਲੁ[22] ਤਿਨ ਨਿਹਫਲੁ ਜਨਮੁ[23] ਸਭੁ[24] ਬ੍ਰਿਥਾ[25] ਗਵਾਇਆ[26] ਰਾਮ ॥ | They, who have not obtained the vision[19], the vision of the True Guru, the embodiment of the Lord[20], they[21] have fruitlessly[22], fruitlessly[27], wasted away[26] their entire[24] human life[23], in vain[26]. | ਜਿਨ੍ਹਾਂ ਨੂੰ ਪ੍ਰਭੂ[20] ਸਰੂਪ, ਸੱਚੇ ਗੁਰਾਂ ਦਾ ਦੀਦਰ[19], ਦੀਦਾਰ ਪ੍ਰਾਪਤ ਨਹੀਂ ਹੋਇਆ; ਉਨ੍ਹਾਂ ਨੇ[21] ਆਪਣਾ ਸਮੂਹ[24] ਮਨੁਖੀ-ਜੀਵਨ[23] ਨਿਸਫਲ[22], ਨਿਸਫਲ ਵਿਅਰਥ[25] ਹੀ ਗੁਆ ਲਿਆ[26] ਹੈ। |
| ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ | They fruitlessly waste away their human life, in vain. Those | ਉਹ ਆਪਣਾ ਮਨੁਖੀ-ਜੀਵਨ ਨਿਸਫਲ, ਵਿਅਰਥ ਹੀ ਗੁਆ ਲੈਂਦੇ ਹਨ। ਉਹ ਮਾਇਆ ਦੇ ਉਪਾਸ਼ਕ ਸ਼ੋਕ |

| | | |
|---|---|---|
| ਮੁਏ ਮਰਿ[27] ਝੂਰੇ[28] ॥ | mammon-worshippers die[27], die repentingly[28]. | ਝੁਰਦੇ[28] ਹੋਏ ਮਰ ਮੁੱਕ, ਮਰ ਮੁੱਕ ਜਾਂਦੇ[27] ਹਨ। |
| ਘਰਿ[34] ਹੋਦੈ ਰਤਨਿ[29] ਪਦਾਰਥਿ[30] ਭੂਖੇ[31] ਭਾਗਹੀਣ[32] ਹਰਿ ਦੂਰੇ[33] ॥ | Inspite of having the treasure[30] of the jewel[29] Name in their home[34], they remain hungry[31]. Those unlucky fellows[32] are far distant[33] from the Lord. | ਨਾਮ ਜਵੇਹਰ[29] ਦੀ ਦੌਲਤ[30] ਹਿਰਦੇ ਘਰ[34] ਅੰਦਰ ਹੋਣ ਦੇ ਬਾਵਜੂਦ ਉਹ ਭੁੱਖੇ[31] ਰਹਿੰਦੇ ਹਨ। ਉਹ ਨਿਕਰਮਣ[32] ਪ੍ਰਭੂ ਤੋਂ ਬਹੁਤ ਦੁਰੇਡੇ[33] ਹਨ। |
| ਹਰਿ ਹਰਿ[35] ਤਿਨ[36] ਕਾ ਦਰਸੁ[37] ਨ ਕਰੀਅਹੁ ਜਿਨੀ ਹਰਿ ਹਰਿ[38] ਨਾਮੁ ਨ ਧਿਆਇਆ[39] ॥ | My Lord Master[35], let me not see the sight[37] of those[36] who remember[39] not the Lord God's[38] Name. | ਮੇਰੇ ਸੁਆਮੀ ਮਾਲਕ[35], ਮੈਂ ਉਨ੍ਹਾਂ ਦਾ[36] ਦੀਦਾਰ[37] ਨਹੀਂ ਦੇਖਦਾ ਜੋ ਸੁਆਮੀ ਵਾਹਿਗੁਰੂ ਦੇ[38] ਨਾਮ ਦਾ ਸਿਮਰਨ[39] ਨਹੀਂ ਕਰਦੇ। |
| ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ[40] ਨ ਪਾਇਆ ॥੩॥ | And also of those who obtain not the view, the view of the Divine[40] Guru. | ਅਤੇ ਨਾ ਹੀ ਉਨ੍ਹਾਂ ਦਾ ਜੋ ਈਸ਼ਵਰ-ਸਰੂਪ[40] ਸੱਚੇ ਗੁਰਾਂ ਦਾ ਦੀਦਾਰ, ਦੀਦਾਰ ਨਹੀਂ ਕਰਦੇ। |
| ਹਮ[41] ਚਾਤ੍ਰਿਕ[42] ਹਮ ਚਾਤ੍ਰਿਕ ਦੀਨ[43] ਹਰਿ ਪਾਸਿ ਬੇਨੰਤੀ[44] ਰਾਮ ॥ | I[41] am a pied-cuckoo[42], I am a meek[43] pied-cuckoo, and make a supplication[44] before my Lord. | ਮੈਂ[41] ਇਕ ਪਪੀਹਾ[42], ਮੈਂ ਇਕ ਨਿਮਾਣਾ[43] ਪਪੀਹਾ ਹਾਂ ਅਤੇ ਆਪਣੇ ਸੁਆਮੀ ਮੂਹਰੇ ਪ੍ਰਾਰਥਨਾ[44] ਕਰਦਾ ਹਾਂ। |
| ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ[45] ਹਮ ਸਤਿਗੁਰ ਕਰਹ[46] ਭਗਤੀ[47] ਰਾਮ[48] ॥ | O Lord[48] make me meet my Guru, my beloved[45] Guru, so that I devote[46] myself to the servicc[47] of my True Guru. | ਹੇ ਸੁਆਮੀ ਮੇਰੇ ਗੁਰੂ! ਮੇਰੇ ਪ੍ਰੀਤਮ[45] ਗੁਰੂ ਨਾਲ ਮੈਨੂੰ ਮਿਲਾ ਦੇ, ਤਾਂ ਜੋ ਮੈਂ ਸੱਚੇ ਗੁਰਾਂ ਦੀ ਟਹਿਲ ਸੇਵਾ[47] ਕਮਾਵਾਂ[46]। |
| ਹਰਿ ਹਰਿ[49] ਸਤਿਗੁਰ ਕਰਹ ਭਗਤੀ[50] ਜਾਂ[51] ਹਰਿ ਪ੍ਰਭੁ ਕਿਰਪਾ[52] ਧਾਰੇ[53] ॥ | Serve[50] I the Divine, the Divne[49] True Guru, when[51] the Lord God shows[53] mercy[52] unto me. | ਮੈਂ ਈਸ਼ਵਰੀ, ਮੈਂ ਈਸ਼ਵਰੀ[49] ਸੱਚੇ ਗੁਰਾਂ ਦੀ ਘਾਲ ਕਮਾਉਂਦਾ[50] ਹਾਂ, ਜਦ[51] ਵਾਹਿਗੁਰੂ ਸੁਆਮੀ ਮੇਰੇ ਉੱਤੇ ਮਿਹਰ[52] ਕਰਦਾ[53] ਹੈ। |
| ਮੈ ਗੁਰ ਬਿਨੁ[54] ਅਵਰੁ[55] ਨ ਕੋਈ ਬੇਲੀ[56] ਗੁਰੁ[57] ਸਤਿਗੁਰੁ ਪ੍ਰਾਣ[58] ਹਮਾਰੇ[59] ॥ | Without[54] the Guru, I have no other[55] friend[56]. The great[57] True Guru is my[59] very life[58]. | ਗੁਰਾਂ ਦੇ ਬਾਝੋਂ[54] ਮੇਰਾ ਹੋਰ[55] ਕੋਈ ਮਿੱਤ੍ਰ[56] ਨਹੀਂ। ਵਿਸ਼ਾਲ[57] ਸੱਚੇ ਗੁਰੂ ਜੀ ਹੀ ਮੇਰੀ[59] ਜਿੰਦ ਜਾਨ[58] ਹਨ। |
| ਕਹੁ[60] ਨਾਨਕ ਗੁਰਿ ਨਾਮੁ ਦ੍ਰਿੜਾਇਆ[61] ਹਰਿ[62] ਹਰਿ ਨਾਮੁ ਹਰਿ ਸਤੀ[63] ॥ | Says[60] Nanak, the Guru has implanted[61] the Name within me and I dwell upon the Name of the Lord God[62], the True God[63]. | ਗੁਰੂ ਨਾਨਕ ਜੀ ਆਖਦੇ[60] ਹਨ, ਗੁਰਾਂ ਨੇ ਮੇਰੇ ਅੰਦਰ ਨਾਮ ਪੱਕਾ ਕੀਤਾ[61] ਹੈ। ਮੈਂ ਸੁਆਮੀ ਵਾਹਿਗੁਰੂ[62] ਸੱਚੇ ਵਾਹਿਗੁਰੂ[63] ਦੇ ਨਾਮ ਦਾ ਸਿਮਰਨ ਕਰਦਾ ਹਾਂ। |
| ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ[64] ਬੇਨੰਤੀ ॥੪॥੩॥ | I am a pied-cuckoo, a meek pied-cuckoo and I pray to[64] my Lord. | ਮੈਂ ਇਕ ਪਪੀਹਾ, ਇਕ ਮਸਕੀਨ ਪਪੀਹਾ ਹਾਂ ਅਤੇ ਆਪਣੇ ਸੁਆਮੀ ਕੋਲ[64] ਬਿਨੇ ਕਰਦਾ ਹਾਂ। |
| ਵਡਹੰਸੁ ਮਹਲਾ ੪ ॥ | Wadhans 4th Guru. | ਵਡਹੰਸ ਚੌਥੀ ਪਾਤਿਸ਼ਾਹੀ |

| | | |
|---|---|---|
| ਹਰਿ ਕਿਰਪਾ[65] ਹਰਿ ਕਿਰਪਾ ਕਰਿ ਸਤਿਗੁਰੁ ਮੇਲਿ ਸੁਖਦਾਤਾ[66] ਰਾਮ ॥ | My Lord God, show mercy[65] and lead me to my peace-giving[66] True Guru. | ਮੇਰੇ ਸੁਆਮੀ ਵਾਹਿਗੁਰੂ, ਮਿਹਰ[65] ਧਾਰ, ਮਿਹਰ ਧਾਰ ਤੇ ਮੈਨੂੰ ਸਰਬ-ਸੁੱਖ ਦੇਣਹਾਰ[66] ਮੇਰੇ ਸੱਚੇ ਗੁਰਾਂ ਨਾਲ ਮਿਲਾ ਦੇ । |
| ਹਮ[67] ਪੂਛਹ[68] ਹਮ ਪੂਛਹ ਸਤਿਗੁਰ ਪਾਸਿ[69] ਹਰਿ ਬਾਤਾ[70] ਰਾਮ ॥ | From[69] the True Guru, I[67] enquire[68], I enquire about the God's discourses[70]. | ਸੱਚੇ ਗੁਰਾਂ ਪਾਸੋਂ[69] ਵਾਹਿਗੁਰੂ ਦੀਆਂ ਕਥਾ ਕਹਾਣੀਆਂ[70] ਮੈਂ[67] ਪਤਾ ਕਰਦਾ[68] ਹਾਂ, ਮੈਂ ਪਤਾ ਕਰਦਾ ਹਾਂ । |
| ਸਤਿਗੁਰ ਪਾਸਿ ਹਰਿ ਬਾਤ ਪੂਛਹ ਜਿਨਿ ਨਾਮੁ ਪਦਾਰਥੁ[71] ਪਾਇਆ ॥ | God's sermon I ask from the True Guru, who has attained the Name's wealth[71]. | ਵਾਹਿਗੁਰੂ ਦਾ ਧਰਮ-ਕਥਨ ਮੈਂ ਸੱਚੇ ਗੁਰਾਂ ਪਾਸੋਂ ਪੁਛਦਾ ਹਾਂ, ਜਿਨ੍ਹਾਂ ਨੇ ਨਾਮ ਦਾ ਧਨ[71] ਪ੍ਰਾਪਤ ਕੀਤਾ ਹੈ । |
| ਪਾਇ[72] ਲਗਹ[73] ਨਿਤ[74] ਕਰਹ ਬਿਨੰਤੀ[75] ਗੁਰਿ[76] ਸਤਿਗੁਰਿ ਪੰਥੁ[77] ਬਤਾਇਆ[78] ॥ | I bow at[73] his feet[72] and pray[75] ever[74] to him. The great[76] True Guru has shown[78] me the way[77]. | ਮੈਂ ਉਨ੍ਹਾਂ ਦੇ ਪੈਰੀ[72] ਪੈਂਦਾ[73] ਹਾਂ ਤੇ ਉਨ੍ਹਾਂ ਅੱਗੇ ਸਦਾ[74] ਬਿਨੇ ਕਰਦਾ[75] ਹਾਂ । ਵੱਡੇ[76] ਸੱਚੇ ਗੁਰਾਂ ਨੇ ਮੈਨੂੰ ਰਸਤਾ[77] ਦਰਸਾਇਆ[78] ਹੈ । |
| ਸੋਈ[79] ਭਗਤੁ[80] ਦੁਖੁ[81] ਸੁਖੁ[82] ਸਮਤੁ[83] ਕਰਿ ਜਾਣੈ ਹਰਿ ਹਰਿ[84] ਨਾਮਿ ਹਰਿ[85] ਰਾਤਾ[86] ॥ | He[79] alone is a saint[80], who deems woe[81] and weal[82] alike[83] and is imbued[86] with the Lord God's[84] Name and His[85] love. | ਕੇਵਲ ਉਹੀ[79] ਸਾਧੂ[80] ਹੈ ਜੋ ਗਮੀ[81] ਤੇ ਖੁਸ਼ੀ[82] ਨੂੰ ਇੱਕ ਸਮਾਨ[83] ਜਾਣਦਾ ਹੈ ਅਤੇ ਸੁਆਮੀ ਵਾਹਿਗੁਰੂ[83] ਦੇ ਨਾਮ ਤੇ ਸੁਆਮੀ[85] ਨਾਲ ਰੰਗਿਆ[86] ਹੋਇਆ ਹੈ । |
| ਹਰਿ ਕਿਰਪਾ ਹਰਿ ਕਿਰਪਾ ਕਰਿ ਗੁਰੁ[87] ਸਤਿਗੁਰੁ ਮੇਲਿ ਸੁਖਦਾਤਾ ॥੧॥ | Show mercy, show mercy, O Lord Master and make me meet the peace-giving, great[87] True Guru. | ਮਿਹਰਬਾਨੀ ਕਰ, ਮਿਹਰਬਾਨੀ ਕਰ, ਹੇ ਪ੍ਰਭੂ ਪ੍ਰਮੇਸ਼ਰ ਅਤੇ ਮੈਨੂੰ ਆਰਾਮ-ਬਖ਼ਸ਼ਣਹਾਰ ਵਿਸ਼ਾਲ[87] ਸੱਚੇ ਗੁਰਾਂ ਨਾਲ ਮਿਲਾ ਦੇ । |
| ਸੁਣਿ ਗੁਰਮੁਖਿ[88] ਸੁਣਿ ਗੁਰਮੁਖਿ ਨਾਮਿ ਸਭਿ[92] ਬਿਨਸੇ[89] ਹੰਉਮੈ[90] ਪਾਪਾ[91] ਰਾਮ ॥ | Hearing from the Guru[88], hearing from the Guru, the Lord's Name, the ego[90] and all[92] the sins[91] are eradicated[89]. | ਸਾਈਂ ਦਾ ਨਾਮ, ਗੁਰਾਂ ਪਾਸੋਂ[88] ਸੁਣ ਕੇ, ਗੁਰਾਂ ਪਾਸੋਂ ਸੁਣ ਕੇ, ਸਾਰ[92] ਕਸਮਲ[91] ਤੇ ਹੰਕਾਰ[90] ਨਸ਼ਟ[89] ਹੋ ਗਏ ਹਨ ਨਾਮ ਦੁਆਰਾ । |
| ਜਪਿ[92]* ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ[93] ਜਗਿ[94] ਤਾਪਾ[95] ਰਾਮ ॥ | Remembring[92] the Lord God, remembering the Lord God's Name, the worldly[94] ailments[96] have vanished[93]. | ਸੁਆਮੀ ਵਾਹਿਗੁਰੂ ਨੂੰ ਸਿਮਰ ਕੇ[92]*, ਸੁਆਮੀ ਵਾਹਿਗੁਰੂ ਦੇ ਨਾਮ ਨੂੰ ਸਿਮਰ ਕੇ ਸੰਸਾਰੀ[94] ਰੋਗ[95] ਨਾਸ[93] ਹੋ ਜਾਂਦੇ ਹਨ । |
| ਹਰਿ ਹਰਿ ਨਾਮੁ ਜਿਨੀ ਆਰਾਧਿਆ[96] ਤਿਨ[97] ਕੇ ਦੁਖ[98] ਪਾਪ[99] ਨਿਵਾਰੇ[100] ॥ | They[97], who contemplate[96] on the Lord Master's Name, are rid of[100] their sufferings[98] and sins[99]. | ਜੋ ਪ੍ਰਭੂ ਪ੍ਰਮੇਸ਼ਰ ਦੇ ਨਾਮ ਦਾ ਸਿਮਰਨ[96] ਕਰਦੇ ਹਨ, ਉਨ੍ਹਾਂ[97] ਦੇ ਦੁਖੜੇ[98] ਅਤੇ ਗੁਨਾਹ[99] ਦੂਰ[100] ਹੋ ਜਾਂਦੇ ਹਨ । |
| ਸਤਿਗੁਰਿ ਗਿਆਨ[2] ਖੜਗੁ[3] ਹਥਿ ਦੀਨਾ ਜਮ[4] ਕੰਕਰ[5] ਮਾਰਿ[6] ਬਿਦਾਰੇ[7] ॥ | The True Guru has given in my hand the sword[3] of Divine knowledge[2], wherewith I have knocked down[7] and killed[6] the Death's[4] courier[5]. | ਸੱਚੇ ਗੁਰਾਂ ਨੇ ਮੇਰੇ ਹੱਥ ਵਿੱਚ ਬ੍ਰਹਿਮ ਵੀਚਾਰ[2] ਦੀ ਤਲਵਾਰ[3] ਫੜਾ ਦਿੱਤੀ ਹੈ, ਜਿਸ ਦੇ ਨਾਲ ਮੈਂ ਮੌਤ[4] ਦੇ ਦੂਤ[5] ਢਾਅ ਕੇ[7] ਮਾਰ ਸੁੱਟੇ[6] ਹਨ । |

| | | |
|---|---|---|
| ਹਰਿ ਪ੍ਰਭਿ[8] ਕ੍ਰਿਪਾ ਧਾਰੀ ਸੁਖਦਾਤੇ[10] ਦੁਖ[12] ਲਾਥੇ[13] ਪਾਪ[14] ਸੰਤਾਪਾ[15] ॥ | The comfort-giving[10] Lord God has showered[9] His benediction[8], and I am rid of[13] suffering[12], sin[14] and affliction[15]. | ਖ਼ੁਸ਼ੀ ਦੇਣਹਾਰ[10] ਸੁਆਮੀ ਵਾਹਿਗੁਰੂ ਨੇ ਆਪਣੀ ਮਿਹਰ[8] ਕੀਤੀ[9] ਹੈ ਅਤੇ ਮੈਂ ਤਕਲੀਫ਼[12], ਗੁਨਾਹ[14] ਤੇ ਕਲੇਸ਼[15] ਤੋਂ ਖ਼ਲਾਸੀ[13] ਪਾ ਗਿਆ ਹਾਂ। |
| ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹੰਉਮੈ ਪਾਪਾ ॥੨॥ | Hearing from the Guru, hearing from the Guru, the Lord's Name, all the sins and ego are eradicated. | ਸਾਂਈਂ ਦਾ ਨਾਮ ਗੁਰਾਂ ਪਾਸੋਂ ਸੁਣ ਕੇ, ਗੁਰਾਂ ਪਾਸੋਂ ਸੁਣ ਕੇ ਸਮੂਹ ਕਸਮਲ ਤੇ ਹੰਕਾਰ ਨਸ਼ਟ ਹੋ ਗਏ ਹਨ। |
| ਜਪਿ[16] ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ[17] ਭਾਇਆ[18] ਰਾਮ ॥ | The meditation[16] of the Lord God, the meditation of the Lord God's Name is pleasing[18] to my mind[17]. | ਸੁਆਮੀ ਵਾਹਿਗੁਰੂ ਦਾ ਜਾਪ[16], ਸੁਆਮੀ ਵਾਹਿਗੁਰੂ ਦੇ ਨਾਮ ਦਾ ਜਾਪ ਮੇਰੇ ਚਿੱਤ[17] ਨੂੰ ਚੰਗਾ ਲਗਦਾ[18] ਹੈ। |
| ਮੁਖਿ[19] ਗੁਰਮੁਖਿ ਮੁਖਿ ਗੁਰਮੁਖਿ ਜਪਿ[20] ਸਭਿ ਰੋਗ[21] ਗਵਾਇਆ[22] ਰਾਮ ॥ | By remembering[20] the Lord through the supreme[19] Guru, through the Supreme Guru, all the diseases[21] have disappeared[22]. | ਮੁਖੀ[19] ਗੁਰਾਂ ਦੇ ਰਾਹੀਂ, ਮੁਖੀ ਗੁਰਾਂ ਦੇ ਰਾਹੀਂ ਸੁਆਮੀ ਦਾ ਸਿਮਰਨ[20] ਕਰਨ ਦੁਆਰਾ ਸਾਰੀਆਂ ਬੀਮਾਰੀਆਂ[21] ਦੂਰ[22] ਹੋ ਗਈਆਂ ਹਨ। |
| ਗੁਰਮੁਖਿ[23] ਜਪਿ ਸਭਿ ਰੋਗ ਗਵਾਇਆ ਅਰੋਗਤ[24] ਭਏ[26] ਸਰੀਰਾ[25] ॥ | Remembering God, through the Guru[23], all the diseases have vanished and healthy[24] has become[26] the body[25]. | ਗੁਰਾਂ ਦੇ ਰਾਹੀਂ[23] ਵਾਹਿਗੁਰੂ ਦਾ ਸਿਮਰਨ ਕਰਨ ਦੁਆਰਾ ਸਾਰੀਆਂ ਬੀਮਾਰੀਆਂ ਹਟ ਗਈਆਂ ਹਨ ਅਤੇ ਨਵੀਂ-ਨਰੋਈ[24] ਹੋ ਗਈ[26] ਹੈ ਦੇਹ[25]। |
| ਅਨਦਿਨੁ[27] ਸਹਜ ਸਮਾਧਿ[28] ਹਰਿ ਲਾਗੀ[29] ਹਰਿ ਜਪਿਆ[30] ਗਹਿਰ[31] ਗੰਭੀਰਾ[32] ॥ | Night and day[27], such a mortal remains absorbed[29] in the celestial trance[28] and meditates[30] on the Profound[31] and Unfathomable[32] Lord Master, | ਰੈਣ ਦਿਹੁੰ[27] ਅਜੇਹਾ ਪ੍ਰਾਣੀ ਬੈਕੁੰਠੀ ਤਾੜੀ[28] ਅੰਦਰ ਲੀਨ[29] ਰਹਿੰਦਾ ਹੈ ਅਤੇ ਡੂੰਘੇ[31] ਤੇ ਅਥਾਹ[32] ਪ੍ਰਭੂ ਸਾਂਈਂ ਦਾ ਭਜਨ[30] ਕਰਦਾ ਹੈ। |
| ਜਾਤਿ[33] ਅਜਾਤਿ[34] ਨਾਮੁ ਜਿਨ[35] ਧਿਆਇਆ[36] ਤਿਨ[31] ਪਰਮ[38] ਪਦਾਰਥੁ[39] ਪਾਇਆ ॥ | Of high caste[38], or low[34] one, who-so-ever[36] meditates[36] on the Name, he[37] obtains the supreme[38] wealth[39]. | ਉੱਚ-ਜਾਤੀ[33] ਜਾਂ ਨੀਵੀਂ[34] ਦਾ, ਜੋ ਕੋਈ ਭੀ[35] ਨਾਮ ਦਾ ਜਾਪ ਕਰਦਾ[36] ਹੈ, ਉਹ[37] ਮਹਾਨ[38] ਦੌਲਤ[39] ਨੂੰ ਪਾ ਲੈਂਦਾ ਹੈ। |
| ੫੭੫ | | |
| ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥੩॥ | The meditation of the Lord Master, the meditation of the Lord Master's Name is pleasing to my mind. | ਸੁਆਮੀ ਮਾਲਕ ਦਾ ਸਿਮਰਨ, ਸੁਆਮੀ ਮਾਲਕ ਦੇ ਨਾਮ ਦਾ ਸਿਮਰਨ ਮੇਰੇ ਚਿੱਤ ਨੂੰ ਚੰਗਾ ਲਗਦਾ ਹੈ। |
| ਹਰਿ ਧਾਰਹੁ ਹਰਿ ਧਾਰਹੁ[40] ਕਿਰਪਾ[41] ਕਰਿ ਕਿਰਪਾ ਲੇਹੁ ਉਬਾਰੇ[42] ਰਾਮ ॥ | Show mercy, O God, show[40] mercy[41], O God, and save[42] me by Thine grace. | ਰਹਿਮਤ ਧਾਰ, ਹੇ ਵਾਹਿਗੁਰੂ! ਰਹਿਮਤ[41] ਧਾਰ[40] ਹੇ ਵਾਹਿਗੁਰੂ! ਅਤੇ ਆਪਣੀ ਮਿਹਰ ਦੁਆਰਾ ਮੇਰਾ ਪਾਰ ਉਤਾਰਾ[42] ਕਰ। |
| ਹਮ ਪਾਪੀ[43] ਹਮ ਪਾਪੀ ਨਿਰਗੁਣ[44] ਦੀਨ[45] ਤੁਮ੍ਹਾਰੇ ਰਾਮ ॥ | I am a sinner[43], I am a meritless[44] sinner, but all the same, I am a meek[45] slave of Thine. | ਮੈਂ ਗੁਣਹਿਗਾਰ[43], ਮੈਂ ਗੁਣ ਵਿਹੂਣ[44] ਗੁਣਹਿਗਾਰ ਹਾਂ, ਪ੍ਰੰਤੂ ਫਿਰ ਭੀ ਤੇਰਾ ਨਿਮਾਣਾ[45] ਸੇਵਕ ਹਾਂ। |

| | | |
|---|---|---|
| ਹਮ ਪਾਪੀ ਨਿਰਗੁਣ ਦੀਨ ਤੁਮਾਰੇ ਹਰਿ ਦੈਆਲ[46] ਸਰਣਾਇਆ[47] ॥ | Meritless sinner. though I am, I, Thy meek slave, seek Thy refuge[47], O merciful[46] God. | ਭਾਵੇਂ ਮੈਂ ਗੁਣ-ਵਿਹੂਣ ਗੁਨਹਿਗਾਰ ਹਾਂ, ਮੈਂ ਤੇਰਾ ਮਸਕੀਨ ਗੋਲਾ ਤੇਰੀ ਪਨਾਹ[47] ਲੋੜਦਾ ਹਾਂ, ਹੇ ਮਿਹਰਬਾਨ[46] ਵਾਹਿਗੁਰੂ ! |
| ਤੂ ਦੁਖ ਭੰਜਨੁ[48] ਸਰਬ[49] ਸੁਖਦਾਤਾ[50] ਹਮ[51] ਪਾਥਰ[52] ਤਰੇ[53] ਤਰਾਇਆ[54] ॥ | Thou art the Destroyer of pain[48], and the Giver[50] of all-peace[49] and I[51], a stone[52], can only be saved[53] if Thou savest[54] me. | ਤੂੰ ਪੀੜ ਨਾਸ-ਕਰਨਹਾਰ[48] ਅਤੇ ਸਮੂਹ ਆਰਾਮ[49] ਦੇਣ ਵਾਲਾ[50] ਹੈਂ। ਮੈਂ[51] ਪੱਥਰ[52] ਕੇਵਲ ਤੇਰੇ ਬਚਾਇਆਂ[54] ਹੀ ਬਚ ਸਕਦਾ[53] ਹਾਂ। |
| ਸਤਿਗੁਰ ਭੇਟਿ[55] ਰਾਮ ਰਸੁ[56] ਪਾਇਆ ਜਨ[57] ਨਾਨਕ ਨਾਮਿ ਉਧਾਰੇ[58] ॥ | Meeting[55] with the True Guru, slave[57] Nanak has obtained Lord's Nectar[56] and is saved[58] by remembering the Name. | ਸੱਚੇ ਗੁਰਾਂ ਨੂੰ ਮਿਲ ਕੇ[55] ਗੋਲੇ[57] ਨਾਨਕ ਨੂੰ ਸਾਹਿਬ ਦਾ ਅੰਮ੍ਰਿਤ[56] ਪ੍ਰਾਪਤ ਹੋਇਆ ਹੈ ਅਤੇ ਨਾਮ ਦਾ ਸਿਮਰਨ ਕਰਨ ਦੁਆਰਾ ਉਹ ਤਰ ਗਿਆ[58] ਹੈ। |
| ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥੪॥੪॥ | Show mercy, O God, show mercy O God and save me by Thine grace. | ਰਹਿਮਤ ਧਾਰ, ਹੇ ਵਾਹਿਗੁਰੂ, ਰਹਿਮਤ ਧਾਰ, ਹੇ ਵਾਹਿਗੁਰੂ ਅਤੇ ਆਪਣੀ ਮਿਹਰ ਦੁਆਰਾ ਮੇਰਾ ਪਾਰ ਉਤਾਰਾ ਕਰ। |
| **ਵਡਹੰਸੁ ਮਹਲਾ ੪ ਘੋੜੀਆ[58]** | **Wadhans 4th Guru. Paeans[58].** | **ਵਡਹੰਸ ਚੌਥੀ ਪਾਤਿਸ਼ਾਹੀ ਖ਼ੁਸ਼ੀ ਦੇ ਗੀਤ[58]** |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਦੇਹ[59] ਤੇਜਣਿ[60] ਜੀ ਰਾਮਿ ਉਪਾਈਆ[62] ਰਾਮ ॥ | The body[59] mare[60] has been created[61] by the Lord Master, | ਸਰੀਰ[59] ਦੀ ਘੋੜੀ[60] ਸੁਆਮੀ ਮਾਲਕ ਨੇ ਰਚੀ[61] ਹੈ। |
| ਧੰਨੁ[62] ਮਾਣਸ ਜਨਮੁ[63] ਪੁੰਨਿ[64] ਪਾਈਆ ਰਾਮ ॥ | Blessed[62] is the human life[63], which is attained through virtue[64]. | ਮੁਬਾਰਕ[62] ਹੈ ਮਨੁੱਖੀ-ਜੀਵਨ[63] ਜੋ ਨੇਕੀ ਦੇ ਰਾਹੀਂ[64] ਪ੍ਰਾਪਤ ਹੁੰਦਾ ਹੈ। |
| ਮਾਣਸ ਜਨਮੁ ਵਡ ਪੁੰਨੇ[65] ਪਾਇਆ ਦੇਹ ਸੁ[66] ਕੰਚਨ[67] ਚੰਗੜੀਆ[68] ॥ | The human life is obtained by supreme[65] merit and the said[66] body is like the fine[68] gold[67]. | ਮਨੁੱਖੀ ਜੀਵਨ ਵਿਸ਼ਾਲ[65] ਨੇਕੀ ਦੁਆਰਾ ਪਾਇਆ ਜਾਂਦਾ ਹੈ। ਉਪ੍ਰੋਕਤ[66] ਸਰੀਰ ਵਧੀਆ[68] ਸੋਨੇ[67] ਦੀ ਮਾਨੰਦ ਹੈ। |
| ਗੁਰਮੁਖਿ[69] ਰੰਗੁ[70] [71] ਚਲੂਲਾ[72] ਪਾਵੈ ਹਰਿ ਹਰਿ ਹਰਿ[73] [76] ਨਵ ਰੰਗੜੀਆ[74] ॥ | By Guru's grace[69] the body attains the poppy-flower[72] like[71] colour[70], and is imbued[74] in the new[76] colour of Lord God's Name[73]. | ਗੁਰਾਂ ਦੀ ਦਇਆ[69] ਦੁਆਰਾ ਦੇਹ ਪੋਸਤ ਦੇ ਫੁੱਲ[72] ਵਰਗਾ[71] ਰੰਗ[70] ਪ੍ਰਾਪਤ ਕਰ ਲੈਂਦੀ ਹੈ ਅਤੇ ਸੁਆਮੀ ਵਾਹਿਗੁਰੂ ਦੇ ਨਾਮ[73] ਦੇ ਨਵੇਂ[76] ਰੰਗ ਨਾਲ ਰੰਗੀ ਜਾਂਦੀ ਹੈ। |
| ਏਹ ਦੇਹ ਸੁ[75] ਬਾਂਕੀ[77] ਜਿਤੁ[78] ਹਰਿ ਜਾਪੀ[79] ਹਰਿ ਹਰਿ ਨਾਮਿ ਸੁਹਾਵੀਆ[80] ॥ | Very[75] beauteous[77] is this body, which[78] dwells[79] on God and with the Lord God's Name, it is bedecked[80]. | ਬਹੁਤ[75] ਸੁੰਦਰ[77] ਹੈ ਇਹ ਸਰੀਰ ਜੋ[78] ਹਰੀ ਨੂੰ ਸਿਮਰਦਾ[79] ਹੈ। ਸੁਆਮੀ ਵਾਹਿਗੁਰੂ ਦੇ ਨਾਮ ਨਾਲ ਇਹ ਸੁਸ਼ੋਭਤ[80] ਹੋ ਜਾਂਦਾ ਹੈ। |
| [81] ਵਡਭਾਗੀ[82] ਪਾਈ ਨਾਮੁ | Through the greatest[81] good | ਪਰਮ[81] ਚੰਗੇ ਨਸੀਬਾਂ[82] ਰਾਹੀਂ ਇਹ ਦੇਹ ਦੀ ਘੋੜੀ |

| | | |
|---|---|---|
| ਸਖਾਈ[83] ਜਨ[84] ਨਾਨਕ ਰਾਮਿ ਉਪਾਈਆ[85] ॥੧॥ | fortune[82], this body is obtained. The Lord's Name is its succourer[83] and the Lord has created[85] it, O slave[84] Nanak. | ਪਰਾਪਤ ਹੁੰਦੀ ਹੈ। ਸੁਆਮੀ ਦਾ ਨਾਮ ਇਸ ਦਾ ਸਹਾਇਕ[83] ਹੈ। ਸੁਆਮੀ ਨੇ ਇਸ ਨੂੰ ਰਚਿਆ[85] ਹੈ, ਹੇ ਗੋਲੇ[84] ਨਾਨਕ! |
| ਦੇਹ ਪਾਵਉ ਜੀਨੁ[86] ਬੁਝਿ[87] ਚੰਗਾ[88] ਰਾਮ[89] ॥ | The good[88] Lord's[89] meditation[87] is the saddle[86], which I put on the body mare. | ਸ੍ਰੇਸ਼ਟ[88] ਸਾਹਿਬ[89] ਦੇ ਸਿਮਰਨ[87] ਦੀ ਕਾਠੀ[86] ਮੈਂ ਸਰੀਰ ਦੀ ਘੋੜੀ ਉੱਤੇ ਪਾਉਂਦਾ ਹਾਂ। |
| ਚੜਿ[90] ਲੰਘਾ[91] ਜੀ ਬਿਖਮੁ[92] ਭੁਇਅੰਗਾ[93] ਰਾਮ ॥ | Riding[90] this body mare, I cross[91] the arduous[92] world ocean[93]. | ਇਸ ਦੇਹ ਦੀ ਘੋੜੀ ਤੇ ਚੜ੍ਹ ਕੇ[90] ਮੈਂ ਔਖੇ[92] ਸੰਸਾਰ ਸਮੁੰਦਰ[93] ਤੋਂ ਪਾਰ[91] ਹੁੰਦਾ ਹਾਂ। |
| ਬਿਖਮੁ ਭੁਇਅੰਗਾ ਅਨਤ[94] ਤਰੰਗਾ[95] ਗੁਰਮੁਖਿ[96] ਪਾਰਿ[97] ਲੰਘਾਏ ॥ | The difficult ocean has countless[94] waves[95] and the Supreme Guru[96], ferries[97] the man across. | ਕਠਨ ਸਮੁੰਦਰ ਵਿੱਚ ਅਣਗਿਣਤ[94] ਹੀ ਲਹਿਰਾਂ[95] ਹਨ। ਮੁਖੀ ਗੁਰਦੇਵ[96] ਜੀ ਬੰਦੇ ਨੂੰ ਪਰਲੇ ਕੰਢੇ ਲਾਉਂਦੇ[97] ਹਨ। |
| ਹਰਿ ਬੋਹਿਥਿ[98] ਚੜਿ ਵਡਭਾਗੀ[99] ਲੰਘੇ ਗੁਰੁ ਖੇਵਟੁ[100] ਸਬਦਿ[2] ਤਰਾਏ[3]॥ | Embarking on the Lord's ship[98], the fortunate ones[99] cross over and with his hymns[2], Guru, the boatman[100], ferries across[3] the mortals. | ਸੁਆਮੀ ਦੇ ਜਹਾਜ਼[98] ਤੇ ਚੜ੍ਹ ਕੇ ਚੰਗੇ ਕਰਮਾਂ ਵਾਲੇ[99] ਪਾਰ ਹੋ ਜਾਂਦੇ ਹਨ। ਗੁਰੂ, ਮਲਾਹ[100] ਆਪਣੀ ਬਾਣੀ[2] ਨਾਲ ਪ੍ਰਾਣੀਆਂ ਨੂੰ ਪਾਰ ਕਰ ਦਿੰਦਾ[3] ਹੈ। |
| ਅਨਦਿਨੁ[4] ਹਰਿ ਰੰਗਿ[5] ਹਰਿ ਗੁਣ[6] ਗਾਵੈ ਹਰਿ ਰੰਗੀ[7] ਹਰਿ ਰੰਗਾ[8] ॥ | Imbued with God's love[5], the God's lover[7], night and day[4], sings God's praise[6] and becomes like God[8]. | ਵਾਹਿਗੁਰੂ ਦੇ ਪ੍ਰੇਮ[5] ਨਾਲ ਰੰਗਿਆ ਹੋਇਆ ਵਾਹਿਗੁਰੂ ਦਾ ਪ੍ਰੇਮੀ[7], ਰਾਤ ਦਿਨ[4] ਵਾਹਿਗੁਰੂ ਦਾ ਜੱਸ[6] ਗਾਇਨ ਕਰਦਾ ਹੈ ਤੇ ਵਾਹਿਗੁਰੂ ਵਰਗਾ[8] ਹੋ ਜਾਂਦਾ ਹੈ। |
| ਜਨ[9] ਨਾਨਕ ਨਿਰਬਾਣ[10] ਪਦੁ[12] ਪਾਇਆ ਹਰਿ[12]* ਉਤਮੁ[13] ਹਰਿਪਦੁ[14]ਚੰਗਾ[15]॥੨॥ | The servant[9], O Nanak, has attained the state[12] of emancipation[10], the Lord's[12] commendable[13] and sublime[15] Divine state[14]. | ਦਾਸ[9] ਨੇ, ਨਾਨਕ, ਮੋਖਸ਼[10] ਦੀ ਪਦਵੀ[12] ਪ੍ਰਾਪਤ ਕਰ ਲਈ ਹੈ, ਜੋ ਪ੍ਰਭੂ[14]* ਦੀ ਸ਼ਲਾਘਾ-ਯੋਗ[13] ਤੇ ਸ੍ਰੇਸ਼ਟ[15] ਰੂਹਾਨੀ ਪਦਵੀ[14] ਹੈ। |
| ਕੜੀਆਲੁ[16] ਮੁਖੇ[17] ਗੁਰਿ ਗਿਆਨ[18] ਦ੍ਰਿੜਾਇਆ[19] ਰਾਮ ॥ | In place of the bridle[16] in the mouth[17], the Guru has implanted[19] gnosis[18] within me, | ਮੂੰਹ[17] ਵਿੱਚ ਲਗਾਮ[16] ਦੀ ਥਾਂ ਤੇ ਗੁਰਾਂ ਨੇ ਬ੍ਰਹਿਮ-ਵੀਚਾਰ[18] ਮੇਰੇ ਅੰਦਰ ਪੱਕਾ ਕੀਤਾ[19] ਹੈ। |
| ਤਨਿ[20] ਪ੍ਰੇਮੁ[21] ਹਰਿ ਚਾਬਕੁ[22] ਲਾਇਆ[23] ਰਾਮ ॥ | He has applied[23] the whip[22] of God's love[21] to my body[20]. | ਉਨ੍ਹਾਂ ਨੇ ਵਾਹਿਗੁਰੂ ਦੀ ਪ੍ਰੀਤ[21] ਦਾ ਕੋਰੜਾ[22] ਮੇਰੀ ਦੇਹ[20] ਨੂੰ ਮਾਰਿਆ[23] ਹੈ। |
| ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ[24] ਜਿਣੈ[25] ਗੁਰਮੁਖਿ[26] ਜੀਤਿਆ[27] ॥ | Applying the whip of the Lord's love to his body, the holy man[26] conquers[25] his mind[24] and wins[27] the battle. | ਵਾਹਿਗੁਰੂ ਸੁਆਮੀ ਦੀ ਪ੍ਰੀਤ ਦਾ ਕੋਰੜਾ ਆਪਣੀ ਦੇਹ ਨੂੰ ਮਾਰ ਕੇ ਜਗਿਆਸੂ[26] ਆਪਣੇ ਮਨੂਏ[24] ਨੂੰ ਜਿੱਤ[25], ਜੀਵਨ-ਸੰਗ੍ਰਾਮ ਵਿੱਚ ਫ਼ਤਿਹ[27] ਪਾ ਲੈਂਦਾ ਹੈ। |
| ਅਘੜੋ[28] ਘੜਾਵੈ[29] ਸਬਦੁ[30] ਪਾਵੈ[31] ਅਪਿਉ[32] ਹਰਿ ਰਸੁ[33] ਪੀਤਿਆ[34] ॥ | He trains[29] his untrained[28] mind with[31] the Divine word[30] and drinks[34] in the animating[33] God's[33] Nectar[34]. | ਆਪਣੇ ਅਣਘੜਤ[28] ਮਨ ਨੂੰ ਉਹ ਘੜਦਾ[29] ਹੈ, ਰੱਬੀ ਕਲਾਮ[30] ਨੂੰ ਪ੍ਰਾਪਤ ਹੁੰਦਾ[31] ਹੈ ਅਤੇ ਸੁਰਜੀਤ[32] ਕਰਨਹਾਰ ਰੱਬੀ ਅੰਮ੍ਰਿਤ[33] ਨੂੰ ਪਾਨ ਕਰਦਾ[34] ਹੈ। |

| | | |
|---|---|---|
| ਸੁਣਿ ਸ੍ਰਵਣ[35] ਬਾਣੀ[36]ਗੁਰਿ ਵਖਾਣੀ[57] ਹਰਿ ਰੰਗੁ[38]ਤੁਰੀ[39] ਚੜਾਇਆ[40] ॥ | Hearing with thine ears[35], the hymns[36], uttered[37] by the Guru, imbue[40] thou, thy body steed[39], with God's love[38]. | ਗੁਰਾਂ ਦੀ ਉਚਾਰਨ ਕੀਤੀ[37] ਹੋਈ ਬਾਣੀ[37] ਨੂੰ ਆਪਣੇ ਕੰਨਾਂ[35] ਨਾਲ ਸੁਣ ਕੇ ਤੂੰ ਆਪਣੇ ਸਰੀਰ ਦੇ ਤਾਜੀ[39] ਨੂੰ ਰੱਬ ਦੇ ਪਿਆਰ[38] ਦਾ ਰੰਗ ਚੜ੍ਹਾ[40] । |
| ਮਹਾ[41] ਮਾਰਗੁ[42] ਪੰਥੁ[43] ਬਿਖੜਾ[44] ਜਨ[45] ਨਾਨਕ ਪਾਰਿ ਲੰਘਾਇਆ[46] ॥੩॥ | Servant[45] Nanak has traversed[46] across the path[43], the very[41] arduous[44] path[42] of death. | ਦਾਸ[45] ਨਾਨਕ ਨੇ ਰਸਤਾ[43], ਮੌਤ ਦਾ ਪਰਮ[41] ਕਠਨ[44] ਰਸਤਾ[42], ਪਾਰ ਕਰ ਲਿਆ[46] ਹੈ । |
| ਘੋੜੀ ਤੇਜਣਿ[47] ਦੇਹ[48] ਰਾਮਿ ਉਪਾਈਆ[49] ਰਾਮੁ ॥ | The fleeting[47] body[48] mare has been created[49] by my Lord Master. | ਸਰੀਰ[48] ਦੀ ਫੁਰਤੀਲੀ[47] ਘੋੜੀ ਮੇਰੇ ਪ੍ਰਭੂ ਪ੍ਰਮੇਸ਼ਰ ਨੇ ਰਚੀ[49] ਹੈ । |
| ਜਿਤੁ[50] ਹਰਿ ਪ੍ਰਭੁ ਜਾਪੈ[51] ਸਾ[52]ਧਨੁ[53] ਧੰਨੁ ਤੁਖਾਈਆ[54] ਰਾਮ ॥ | Blessed[53] ! blessed is the[52] body mare[54], by which[50] the Lord God is meditated[51] upon. | ਮੁਬਾਰਕ[53] ! ਮੁਬਾਰਕ ਹੈ ਉਹ[52] ਦੇਹ ਦੀ ਘੋੜੀ[54] ਜਿਸ ਦੁਆਰਾ[50] ਸੁਆਮੀ ਵਾਹਿਗੁਰੂ ਦਾ ਸਿਮਰਨ ਕੀਤਾ ਜਾਂਦਾ[51] ਹੈ । |
| ਜਿਤੁ ਹਰਿ ਪ੍ਰਭੁ ਜਾਪੈ ਸਾ[55] ਧੰਨੁ[56] ਸਾਬਾਸੈ[57] ਧੁਰਿ[58] ਪਾਇਆ[59] ਕਿਰਤੁ[60] ਜੁੜੰਦਾ[61] ॥ | By which the Lord God is meditated, upon, auspicious[56] and praise-worthy[57] is that[55] body mare. It is obtained[59] through the accumulated[61] past[58] good actions[60]. | ਜਿਸ ਦੁਆਰਾ ਸੁਆਮੀ ਵਾਹਿਗੁਰੂ ਸਿਮਰਿਆ ਜਾਂਦਾ ਹੈ ਸੁਲੱਖਣੀ[56] ਅਤੇ ਸ਼ਲਾਘਾ-ਯੋਗ[57]ਹੈ ਉਹ[55] ਦੇਹ ਘੋੜੀ । ਇਹ ਪੂਰਬਲੇ[58] ਕਰਮਾਂ[60] ਦੇ ਸਮੁਦਾਇ[61] ਰਾਹੀਂ ਪ੍ਰਾਪਤ ਹੁੰਦੀ[59] ਹੈ । |
| ਚੜਿ[62] ਦੇਹੜਿ[63] ਘੋੜੀ ਬਿਖਮੁ[64] ਲਘਾਏ[65] ਮਿਲੁ ਗੁਰਮੁਖਿ[66] [67]ਪਰਮਾਨੰਦਾ[68]॥ | Mounting[62] the body[63] mare, the mortal crosses[65] the arduous[64] world ocean and by Guru's grace[66], meets with God, the embodiment of supreme[67] bliss[68]. | ਦੇਹ[63] ਦੀ ਘੋੜੀ ਤੇ ਸਵਾਰ ਹੋ[72] ਪ੍ਰਾਣੀ ਕਠਨ[64] ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ[60]ਹੈ, ਤੇ ਗੁਰਾਂ ਦੀ ਦਇਆ[66] ਦੁਆਰਾ ਪਰਮ[67] ਪ੍ਰਸੰਨਤਾ[68] ਸਰੂਪ ਪ੍ਰਭੂ ਨੂੰ ਮਿਲ ਪੈਂਦਾ ਹੈ । |
| ਹਰਿ ਹਰਿ[75] ਕਾਜੁ[69] ਰਚਾਇਆ[70] ਪੂਰੈ[71] ਮਿਲਿ[72] ਸੰਤ ਜਨਾ[73] ਜੰਞ[74] ਆਈ ॥ | The perfect[71] Lord Master[75] has arranged[70] the wedding[69]. Meeting[72] together, the pious persons[73] have come as a marriage party[74]. | ਪੂਰਨ[71] ਸੁਆਮੀ ਮਾਲਕ[75] ਨੇ ਵਿਵਾਹ[69] ਰਚਿਆ[90] ਹੈ । ਇਕੱਠੇ ਹੋ[72] ਪਵਿੱਤ੍ਰ ਪੁਰਸ਼[73] ਜੰਞ[74] ਵਜੋਂ ਆਏ ਹਨ । |
| ਜਨ[76] ਨਾਨਕ ਹਰਿ ਵਰੁ[77] ਪਾਇਆ ਮੰਗਲੁ[78] ਮਿਲਿ[81] ਸੰਤ ਜਨਾ[79] ਵਾਧਾਈ[80] ॥ ੪॥੧॥੫॥ | The serf[76] Nanak, has obtained God as his spouse[77]. Meeting together[81], the saints[79] sing the songs of joy[78] and congratulate[80] him. | ਨਫ਼ਰ[76] ਨਾਨਕ ਨੂੰ ਵਾਹਿਗੁਰੂ ਆਪਣੇ ਕੰਤ[77] ਵਜੋਂ ਪ੍ਰਾਪਤ ਹੋਇਆ ਹੈ । ਇਕੱਠੇ ਹੋ[81] ਸਾਧੂ[79] ਖੁਸ਼ੀ ਦੇ ਗੀਤ[78] ਗਾਉਂਦੇ ਤੇ ਉਸ ਨੂੰ ਮੁਬਾਰਕਬਾਦ[80] ਦਿੰਦੇ ਹਨ । |
| ੫੭੬ | | |
| ਵਡਹੰਸੁ ਮਹਲਾ ੪ ॥ | Wadhans 4th Guru. | ਵਡਹੰਸ ਚੌਥੀ ਪਾਤਿਸ਼ਾਹੀ |
| ਦੇਹ ਤੇਜਨੜੀ[84]* ਹਰਿ ਨਵ[82] ਰੰਗੀਆ[83] ਰਾਮ ॥ | The body is the God's mare[31] of ever-fresh[82] colour[83]. | ਦੇਹ ਵਾਹਿਗੁਰੂ ਦੀ ਸਦੀਵੀ ਨਵੇਂ[82] ਰੰਗਵਾਲੀ[83] ਘੋੜੀ[81] ਹੈ । |
| ਗੁਰ ਗਿਆਨੁ[84] ਗੁਰੂ[85]ਹਰਿ[86] ਮੰਗੀਆ[87] ਰਾਮ ॥ | From the Guru I ask for[87] the knowledge[84] of the great[85] God[86]. | ਗੁਰਾਂ ਦੇ ਪਾਸੋਂ ਮੈਂ ਵਿਸ਼ਾਲ[85]ਵਾਹਿਗੁਰੂ[86] ਦੀ ਗਿਆਤ[84] ਦੀ ਯਾਚਨਾ ਕਰਦਾ[87] ਹਾਂ । |

| | | |
|---|---|---|
| ਗਿਆਨ ਮੰਗੀ[88] ਹਰਿ ਕਥਾ[89] ਚੰਗੀ[90] ਹਰਿ ਨਾਮੁ ਗਤਿ[91] ਮਿਤਿ[92] ਜਾਣੀਆ[93] ॥ | I pray[88] for Divine knowledge and the Lord's sublime discourse[89]. Through the Nome, I have realized[93] the worth[92] of salvation[91]. | ਮੈਂ ਬ੍ਰਹਮਬੋਧ ਅਤੇ ਸਾਹਿਬ ਦੀ ਸ੍ਰੇਸ਼ਟ[90] ਕਥਾ-ਵਾਰਤਾ[89] ਲਈ ਪ੍ਰਾਰਥਨਾ[88] ਕਰਦਾ ਹਾਂ। ਨਾਮ ਦੇ ਰਾਹੀਂ ਹੀ ਮੈਂ ਮੋਖਸ਼[91] ਦੀ ਕਦਰ[92] ਅਨੁਭਵ ਕੀਤੀ[93] ਹੈ। |
| ਸਭੁ ਜਨਮੁ[94] ਸਫਲਿਉ[95] ਕੀਆ[96] ਕਰਤੈ[97] ਹਰਿ ਰਾਮ ਨਾਮਿ ਵਖਾਣੀਆ[98] ॥ | The Lord God's Name, I have uttered[98]. The creator[97] has rendered[96] fruitful[96] my entire life[94]. | ਵਾਹਿਗੁਰੂ ਸੁਆਮੀ ਦੇ ਨਾਮ ਦਾ ਮੈਂ ਉਚਾਰਨ ਕੀਤਾ[98] ਹੈ। ਸਿਰਜਣਹਾਰ[97] ਨੇ ਮੇਰਾ ਸਾਰਾ ਜੀਵਨ[94] ਫਲਦਾਇਕ[95] ਬਣਾ ਦਿੱਤਾ[96] ਹੈ। |
| ਹਰਿ ਰਾਮ ਨਾਮੁ ਸਲਾਹਿ[99] ਹਰਿ ਪ੍ਰਭ ਹਰਿ ਭਗਤਿ[100] ਹਰਿ ਜਨੁ[2] ਮੰਗੀਆ[3] ॥ | God's slave[2] begs[3] for the Lord God's Name, the Lord God's praise[99] and the Lord's devotional service[100]. | ਵਾਹਿਗੁਰੂ ਦਾ ਗੋਲਾ[2] ਵਾਹਿਗੁਰੂ ਸੁਆਮੀ ਦੇ ਨਾਮ, ਵਾਹਿਗੁਰੂ ਸੁਆਮੀ ਦੇ ਜੱਸ[99] ਤੇ ਸੁਆਮੀ ਦੀ ਪ੍ਰੇਮਮਈ ਸੇਵਾ[100] ਦੀ ਮੰਗ ਕਰਦਾ[3] ਹੈ। |
| ਜਨੁ[4] ਕਹੈ ਨਾਨਕੁ ਸੁਣਹੁ[5] ਸੰਤਹੁ ਹਰਿ ਭਗਤਿ[6] [7]ਗੋਵਿੰਦ[8] ਚੰਗੀਆ[9] ॥੧॥ | Says slave[4] Nanak, hearken[5], O ye saints, sublime[9] is the meditation[6] of God, the World[7] Lord[8]. | ਗੋਲਾ[4] ਨਾਨਕ ਆਖਦਾ ਹੈ, ਤੁਸੀਂ ਸ੍ਰਵਣ ਕਰੋ[5], ਹੇ ਸਾਧੂਓ! ਸ੍ਰੇਸ਼ਟ[9] ਹੈ ਸ੍ਰਿਸ਼ਟੀ[7] ਦੇ ਸੁਆਮੀ[8] ਦਾ ਸਿਮਰਨ[6]। |
| ਦੇਹ ਕੰਚਨ[10] ਜੀਨੁ[12] ਸੁਵਿਨਾ[13] ਰਾਮ ॥ | The golden[10] body is adorned with the saddle[12] of gold[13]. | ਸੁਨਹਿਰੀ[10] ਦੇਹ ਸੋਨੇ[13] ਦੀ ਕਾਠੀ[12] ਨਾਲ ਸ਼ਿੰਗਾਰੀ ਹੋਈ ਹੈ। |
| ਜੜਿ[14] ਹਰਿ ਹਰਿ ਨਾਮੁ ਰਤੰਨਾ[15] ਰਾਮ ॥ | It is studded[14] with the gems[16] of the Lord God's Name. | ਇਹ ਸੁਆਮੀ ਵਾਹਿਗੁਰੂ ਦੇ ਨਾਮ ਦੇ ਹੀਰਿਆਂ[16] ਨਾਲ ਜੜੀ ਹੋਈ[14] ਹੈ। |
| ਜੜਿ ਨਾਮ ਰਤਨੁ[16] ਗੋਵਿੰਦ[17] ਪਾਇਆ ਹਰਿ ਮਿਲੇ[18] ਹਰਿ ਗੁਣ[19] ਸੁਖ[20] ਘਣੇ[21] ॥ | So studded with the Name jewels, the mortal obtains the world[16] Lord[17], meets[11] God, sings God's praise[19] and attains many[21] comforts[20]. | ਇਸ ਤਰ੍ਹਾਂ ਨਾਮ ਦੇ ਜਵੇਹਰਾਂ ਨਾਲ ਜੜ੍ਹਤ ਹੋ ਪ੍ਰਾਣੀ ਸ੍ਰਿਸ਼ਟੀ[16] ਦੇ ਸੁਆਮੀ[17] ਨੂੰ ਪਾ ਲੈਂਦਾ ਹੈ ਹਰੀ ਨੂੰ ਮਿਲ ਪੈਂਦਾ[18] ਹੈ, ਰੱਬ ਦਾ ਜੱਸ[19] ਗਾਉਂਦਾ ਤੇ ਬਹੁਤੇ[21] ਆਰਾਮ[20] ਪਾਉਂਦਾ ਹੈ। |
| ਗੁਰ ਸਬਦੁ[22] ਪਾਇਆ[27]ਹਰਿ ਨਾਮੁ ਧਿਆਇਆ[23] ਵਡਭਾਗੀ[24] ਹਰਿ ਰੰਗ[25] ਹਰਿ ਬਣੇ[26] ॥ | Receiving[27] the Guru's instruction[22], he meditates[23] on the Lord's Name and, by good frotune[24], embracing the Lord's love[25], he himself becomes[26] the Lord. | ਗੁਰਾਂ ਦਾ ਉਪਦੇਸ਼[22] ਪ੍ਰਾਪਤ ਕਰ[27], ਉਹ ਸਾਹਿਬ ਦੇ ਨਾਮ ਦਾ ਸਿਮਰਨ ਕਰਦਾ[23] ਹੈ ਤੇ ਚੰਗੇ ਕਰਮਾਂ[24] ਦੁਆਰਾ ਪ੍ਰਭੂ ਦਾ ਪ੍ਰੇਮ[25] ਧਾਰਨ ਕਰ, ਖ਼ੁਦ ਪ੍ਰਭੂ ਬਣ ਜਾਂਦਾ[26] ਹੈ। |
| ਹਰਿ ਮਿਲੇ ਸੁਆਮੀ ਅੰਤਰਜਾਮੀ[28] ਹਰਿ [29]ਨਵਤਨ[30] ਹਰਿ [32]ਨਵ ਰੰਗੀਆ[31] ॥ | I have met the Lord God, the reader of hearts[28]. Ever-new[29] is His body[30] and ever-fresh[32] is His colour[31]. | ਮੈਂ ਦਿਲਾਂ ਦੀਆਂ ਜਾਨਣਹਾਰ[28] ਵਾਹਿਗੁਰੂ ਸੁਆਮੀ ਨੂੰ ਮਿਲ ਪਿਆ ਹਾਂ। ਨਿਤ-ਨਵੀਨ[29] ਹੈ ਉਸ ਦਾ ਸਰੀਰ[30] ਅਤੇ ਸਦਾ ਤਰੋਤਾਜ਼ਾ[32] ਉਸ ਦਾ ਰੰਗ[31]। |
| ਨਾਨਕੁ ਵਖਾਣੈ[33] ਨਾਮੁ ਜਾਣੈ[34] ਹਰਿ ਨਾਮੁ ਹਰਿ ਪ੍ਰਭੁ[35] ਮੰਗੀਆ[36] ॥੨॥ | Nanak utters[33] and realises[34] the Name. He begs for[36] the God's Name from the Lord God[35]. | ਨਾਨਕ ਨਾਮ ਨੂੰ ਉਚਾਰਨ[33] ਕਰਦਾ ਅਨੁਭਵ ਕਰਦਾ[34] ਹੈ। ਉਹ ਸੁਆਮੀ ਵਾਹਿਗੁਰੂ[35] ਪਾਸੋਂ ਵਾਹਿਗੁਰੂ ਦਾ ਨਾਮ ਮੰਗਦਾ[36] ਹੈ। |
| ਕੜੀਆਲੁ[37] ਮੁਖੇ[33] ਗੁਰਿ | The goad[39] of Guru's order is the | ਗੁਰਾਂ ਦੇ ਹੁਕਮ ਦੇ ਕੁੰਡੇ[39] ਦਾ ਲਗਾਮ[37], ਮੈਂ ਘੋੜੀ ਦੇ |

| | | |
|---|---|---|
| ਅੰਕਸੁ[39] ਪਾਇਆ[40] ਰਾਮ ॥ | bit[37], which I have put[40] in the mouth[38] of the mare. | ਮੂੰਹ[38] ਵਿੱਚ ਪਾਇਆ[40] ਹੈ। |
| ਮਨੁ ਮੈਗਲੁ[41] ਗੁਰ ਸਬਦਿ[42] ਵਸਿ[43] ਆਇਆ ਰਾਮ ॥ | The mind elephant[41] is overpowered[43], through the Guru's instruction[42]. | ਮਨ ਰੂਪੀ ਹਾਥੀ[41] ਗੁਰਾਂ ਦੇ ਉਪਦੇਸ਼[42] ਰਾਹੀਂ ਕਾਬੂ[43] ਵਿੱਚ ਆਉਂਦਾ ਹੈ। |
| ਮਨੁ ਵਸਗਤਿ[44] ਆਇਆ ਪਰਮ[45] ਪਦੁ[46] ਪਾਇਆ ਸਾ[47] ਧਨ[48] ਕੰਤਿ[49] ਪਿਆਰੀ[50] ॥ | The[47] bride[48], whose mind is controlled[44], attains to the supreme[45] status[46] and becomes the beloved[50] of her spouse[49]. | ਉਹ[47] ਪਤਨੀ[48] ਜਿਸ ਦਾ ਮਨ ਵੱਸ ਵਿਚ ਆ ਜਾਂਦਾ[44] ਹੈ, ਮਹਾਨ[45] ਮਰਤਬੇ[46] ਨੂੰ ਪਾ ਲੈਂਦੀ ਹੈ ਅਤੇ ਉਹ ਆਪਣੇ ਭਰਤੇ[49] ਦੀ ਲਾਡਲੀ[50] ਥੀ ਵੰਞਦੀ ਹੈ। |
| ਅੰਤਰਿ[51] ਪ੍ਰੇਮੁ[52] ਲਗਾ ਹਰਿ ਸੇਤੀ ਘਰਿ[53] ਸੋਹੈ[54] ਹਰਿ ਪ੍ਰਭ ਨਾਰੀ[55] ॥ | Such a bride[55], within her core[51], bears love[52] to God and looks beauteous[54] in her Lord God's home[43]. | ਐਸੀ ਪਤਨੀ[55] ਆਪਣੇ ਦਿਲ[51] ਅੰਦਰ ਵਾਹਿਗੁਰੂ ਨੂੰ ਪਿਆਰ[52] ਕਰਦੀ ਹੈ ਤੇ ਆਪਣੇ ਵਾਹਿਗੁਰੂ ਸੁਆਮੀ ਦੇ ਧਾਮ[53] ਅੰਦਰ ਸੁੰਦਰ[54] ਲਗਦੀ ਹੈ। |
| ਹਰਿ ਰੰਗਿ[56] ਰਾਤੀ[57] ਸਹਜੇ[58] ਮਾਤੀ[59] ਹਰਿ ਪ੍ਰਭੁ[60] ਹਰਿ ਹਰਿ[61] ਪਾਇਆ[62] ॥ | Imbued[57] with the Lord's love[56], she is absorbed[59] in God's[58] meditation and meditating on God's Name[61], attains[62] to the Lord God[60]. | ਪ੍ਰਭੂ ਦੀ ਪ੍ਰੀਤ[56] ਨਾਲ ਰੰਗੀਜ[57], ਉਹ ਵਾਹਿਗੁਰੂ[58] ਦੇ ਸਿਮਰਨ ਵਿਚ ਲੀਨ ਹੋ ਜਾਂਦੀ ਹੈ[59] ਹੈ ਤੇ ਰੱਬ ਦੇ ਨਾਮ[61] ਦਾ ਆਰਾਧਨ ਕਰਕੇ ਸੁਆਮੀ ਵਾਹਿਗੁਰੂ[60] ਨੂੰ ਪਾ ਲੈਂਦੀ ਹੈ। |
| ਨਾਨਕ ਜਨੁ[63] ਹਰਿ ਦਾਸੁ[64] ਕਹਤੁ[65] ਹੈ ਵਡਭਾਗੀ[66] ਹਰਿ ਹਰਿ ਧਿਆਇਆ[67] ॥ ੩ ॥ | Says[65] servant[63] Nanak, the Lord's slave[64], "the very fortunate[66] alone, meditate[67] on the Lord God". | ਸਾਹਿਬ ਦਾ ਸੇਵਕ[64], ਦਾਸ[63] ਨਾਨਕ ਆਖਦਾ[65] ਹੈ, "ਕੇਵਲ ਪਰਮ ਚੰਗੇ ਨਸੀਬਾਂ[66] ਵਾਲੇ ਹੀ ਵਾਹਿਗੁਰੂ ਸੁਆਮੀ ਦਾ ਭਜਨ ਕਰਦੇ[67] ਹਨ"। |
| ਦੇਹ ਘੋੜੀ ਜੀ[69] ਜਿਤੁ[68] ਹਰਿ ਪਾਇਆ[70] ਰਾਮ ॥ | O sire[69], the body is the mare, through which[68] the mortal rideth[70] to his God. | ਹੇ ਮਹਾਰਾਜ[69]! ਸਰੀਰ ਇਕ ਘੋੜੀ ਹੈ, ਜਿਸ ਦੇ ਰਾਹੀਂ[68] ਪ੍ਰਾਣੀ ਵਾਹਿਗੁਰੂ ਨੂੰ ਪਰਾਪਤ ਹੁੰਦਾ[70] ਹੈ। |
| ਮਿਲਿ ਸਤਿਗੁਰ ਜੀ[71] ਮੰਗਲੁ[72] ਗਾਇਆ[73] ਰਾਮ ॥ | Meeting with the venerable[71] True Guru, man sings[73] the songs of joy[72]. | ਪੂਜਯ[71] ਸੱਚੇ ਗੁਰਾਂ ਨੂੰ ਮਿਲ ਕੇ ਇਨਸਾਨ ਖੁਸ਼ੀ ਦੇ ਗੀਤ[72] ਗਾਉਂਦਾ[73] ਹੈ। |
| ਹਰਿ ਗਾਇ ਮੰਗਲੁ[74] ਰਾਮ ਨਾਮਾ[75] ਹਰਿ ਸੇਵ[76] ਸੇਵਕ[77] ਸੇਵਕੀ[78] ॥ | Sing thou the praise[74] of the Lord and the Lord's Name[75]; serve[76] thou the Lord and become the slave[77] of His slave[78]. | ਤੂੰ ਸੁਆਮੀ ਤੇ ਸੁਆਮੀ[75] ਦੇ ਨਾਮ ਦਾ ਜੱਸ[74] ਗਾਇਨ ਕਰ; ਤੂੰ ਸੁਆਮੀ ਦੀ ਟਹਿਲ[76] ਕਮਾ ਤੇ ਉਸ ਦੇ ਗੋਲੇ[78] ਦਾ ਗੋਲਾ[77] ਹੋ ਵੰਞ। |
| ਪ੍ਰਭ[79] ਜਾਇ[80] ਪਾਵੈ[81] ਰੰਗ[82] ਮਹਲੀ[83] ਹਰਿ ਰੰਗੁ[84] ਮਾਣੈ[85] ਰੰਗ ਕੀ[86] ॥ | Thou shalt go[80] and meet[81] the Beloved[82] Lord[72] in His mansion[83], and enjoy[85] God's love[84] with pleasure[86]. | ਤੂੰ ਜਾ ਕੇ[80] ਪ੍ਰੀਤਮ[82] ਪ੍ਰਭੂ[79] ਨੂੰ ਉਸ ਦੇ ਮੰਦਰ[83] ਵਿਚ ਮਿਲ[81] ਪਵੇਂਗਾ ਅਤੇ ਖੁਸ਼ੀ ਨਾਲ ਵਾਹਿਗੁਰੂ ਦੇ ਪ੍ਰੇਮ ਨੂੰ ਭੋਗੇਂਗਾ[85]। |
| ਗੁਣ[87] ਰਾਮ ਗਾਏ ਮਨਿ | I sing Lord's praise[87], which is | ਮੈਂ ਸਾਂਈਂ ਦੀ ਕੀਰਤੀ[87] ਗਾਇਨ ਕਰਦਾ ਹਾਂ, ਜੋ ਮੇਰੇ |

| | | |
|---|---|---|
| ਸੁਭਾਏ[88] ਹਰਿ ਗੁਰਮਤੀ[89] ਮਨਿ[90] ਧਿਆਇਆ[91] ॥ | pleasing[88] to my mind and by Guru's instruction[89], I remember[91] God within my mind[90]. | ਚਿੱਤ ਨੂੰ ਚੰਗੀ[88] ਲਗਦੀ ਹੈ ਅਤੇ ਗੁਰਾਂ ਦੇ ਉਪਦੇਸ਼[89] ਦੁਆਰਾ, ਹਰੀ ਨੂੰ ਆਪਣੇ ਰਿਦੇ[90] ਅੰਦਰ ਯਾਦ ਕਰਦਾ[91] ਹਾਂ। |
| ਜਨ[92] ਨਾਨਕ ਹਰਿ ਕਿਰਪਾ[93] ਧਾਰੀ[94] ਦੇਹ ਘੋੜੀ[96] ਚੜਿ[95] ਹਰਿ ਪਾਇਆ[97] ॥੪॥੨॥੬॥ | God has shown[94] mercy[93] unto slave[92] Nanak and mounting[95] the body mare[96], he has obtained[97] the Lord. | ਵਾਹਿਗੁਰੂ ਨੇ ਗੋਲੇ[92] ਨਾਨਕ ਉਤੇ ਮਿਹਰ[93] ਕੀਤੀ[94] ਹੈ ਅਤੇ ਦੇਹ ਰੂਪੀ ਘੋੜੀ ਉੱਤੇ ਸਵਾਰ ਹੋ ਕੇ[95] ਉਸ ਨੇ ਪ੍ਰਭੂ ਨੂੰ ਪਰਾਪਤ ਕਰ ਲਿਆ[97] ਹੈ। |
| **ਰਾਗੁ ਵਡਹੰਸੁ ਮਹਲਾ ੫ ਛੰਤ[98] ਘਰੁ ੪** | **Rag Wadhans 5th Guru. A chhant[98]** | **ਰਾਗੁ ਵਡਹੰਸ ਪੰਜਵੀਂ ਪਾਤਿਸ਼ਾਹੀ ਛੰਦ[98]** |
| ੧ ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ। |
| ਗੁਰ ਮਿਲਿ ਲਧਾ[99] ਜੀ[100] ਰਾਮੁ ਪਿਆਰਾ[3] ਰਾਮ ॥ | Meeting with the Guru, O sire[100], I have found[99] my Lord, my beloved Lord[3]. | ਗੁਰਾਂ ਨਾਲ ਮਿਲ ਕੇ, ਹੇ ਮਹਾਰਾਜ[100]! ਮੈਂ ਆਪਣਾ ਪ੍ਰਭੂ, ਆਪਣਾ ਪ੍ਰੀਤਮ[3] ਪ੍ਰਭੂ ਲੱਭ ਲਿਆ[99] ਹੈ। |
| ਇਹੁ ਤਨੁ[2] ਮਨੁ[4] ਦਿਤੜਾ ਵਾਰੋ ਵਾਰਾ[5] ਰਾਮ[6] ॥ | Of this body[2] and mind[4], I have made an offering[5], to my Lord[6]. | ਇਹ ਦੇਹ[2] ਤੇ ਜਿੰਦੜੀ[4] ਮੈਂ ਆਪਣੇ ਪ੍ਰਭੂ[6] ਨੂੰ ਭੇਟਾ[5] ਚੜ੍ਹਾ ਦਿੱਤੀ ਹੈ। |
| ਤਨੁ ਮਨੁ ਦਿਤਾ[7] [8]ਭਵਜਲੁ[9] ਜਿਤਾ[10] ਚੂਕੀ[12] ਕਾਂਣਿ[13] ਜਮਾਣੀ[14] ॥ | Dedicating[7] my body and soul I have crossed[10] the dreadful[8] world ocean[9] and shaken off[12] the fear[13] of death[14]. | ਆਪਣੀ ਦੇਹ ਤੇ ਆਤਮਾ ਨੂੰ ਸਮਰਪਨ ਕਰ[7] ਮੈਂ ਭਿਆਨਕ[8] ਸੰਸਾਰ ਸਮੁੰਦਰ[9] ਤੋਂ ਪਾਰ ਹੋ ਗਿਆ ਹਾਂ ਅਤੇ ਮੇਰਾ ਮੌਤ[14] ਦਾ ਡਰ[13] ਜਾਂਦਾ ਰਿਹਾ[12] ਹੈ। |
| ਅਸਥਿਰੁ[15] ਥੀਆ[16] ਅੰਮ੍ਰਿਤੁ[17] ਪੀਆ[18] ਰਹਿਆ[19] ਆਵਣ[20] ਜਾਣੀ[21] ॥ | Quaffing[18] the Name Nectar[17], I have become[16] immortal[15] and my comings[20] and goings[21] have ceased[19]. | ਨਾਮ ਸੁਧਾਰਸ[17] ਨੂੰ ਪਾਨ ਕਰ[18], ਮੈਂ ਅਮਰ[15] ਹੋ ਗਿਆ[16] ਹਾਂ ਅਤੇ ਮੇਰੇ ਆਉਣੇ[20] ਤੇ ਜਾਣੇ[21] ਮੁੱਕ ਗਏ[19] ਹਨ। |
| ਸੋ[22] ਘਰੁ[23] ਲਧਾ[24] ਸਹਜਿ[25] ਸਮਧਾ[26] ਹਰਿ ਕਾ ਨਾਮੁ ਅਧਾਰਾ[27] ॥ | I have found[24] the[22] home[23], wherein I enter the trance[26] of equipoise[35] and Lord's Name becomes my mainstay[27]. | ਮੈਂ ਉਹ[22] ਟਿਕਾਣਾ[23] ਭਾਲ ਲਿਆ[24] ਹੈ, ਜਿਸ ਵਿਚ ਮੈਂ ਅਡੋਲਤਾ[25] ਦੀ ਤਾੜੀ[26] ਅੰਦਰ ਦਾਖ਼ਲ ਹੋ ਜਾਂਦਾ ਹਾਂ ਤੇ ਸਾਂਈਂ ਦਾ ਨਾਮ ਮੇਰੀ ਓਟ[27] ਬਣ ਜਾਂਦਾ ਹੈ। |
| ਕਹੁ ਨਾਨਕ ਸੁਖਿ[28] ਮਾਣੇ[29] ਰਲੀਆਂ[30] ਗੁਰ ਪੂਰੇ[31] ਕੰਉ[32] ਨਮਸਕਾਰਾ[33] ॥੧॥ | Says Nanak, I enjoy[23] peace[28] and revelments[30] and make obeisance[33] unto[32] my Perfect[31] Guru. | ਗੁਰੂ ਜੀ ਆਖਦੇ ਹਨ, ਮੈਂ ਆਰਾਮ[28] ਤੇ ਮੌਜ ਬਹਾਰਾਂ[30] ਮਾਣਦਾ[29] ਅਤੇ ਪੂਰਨ[31] ਗੁਰਾਂ ਨੂੰ[32] ਬੰਦਨਾ ਕਰਦਾ ਹਾਂ। |
| ਸੁਣਿ ਸਜਣ[34] ਜੀ ਮੈਡੜੇ[35] ਮੀਤਾ[36] ਰਾਮ ॥ | Hear, O my[35] friend[34] and intimate[36]. | ਸੁਣ, ਹੇ ਮੇਰੇ[35] ਮਿੱਤ੍ਰ[34] ਤੇ ਬੇਲੀਆ[36]! |

| | | |
|---|---|---|
| ਗੁਰਿ ਮੰਤ੍ਰੁ[37] ਸਬਦੁ[38] ਸਚੁ ਦੀਤਾ ਰਾਮ ॥ | The Guru has counselled[37] me to remember the True Name[38]. | ਗੁਰਾਂ ਨੇ ਮੈਨੂੰ ਸੱਚੇ ਨਾਮ[38] ਦੇ ਸਿਮਰਨ ਕਰਨ ਦਾ ਮਸ਼ਵਰਾ ਦਿੱਤਾ[37] ਹੈ। |
| ਸਚੁ ਸਬਦੁ ਧਿਆਇਆ[39] ਮੰਗਲੁ[40] ਗਾਇਆ ਚੂਕੇ[41] ਮਨਹੁ ਅਦੇਸਾ[42] ॥ | Meditating[39] on the True Name, my mind's anxieties[42] are removed[41] and I sing the song of joy[40]. | ਸਤਿਨਾਮ ਦਾ ਭਜਨ ਕਰਨ[39] ਨਾਲ ਮੇਰੇ ਚਿੱਤ ਦੇ ਫ਼ਿਕਰ[42] ਦੂਰ ਹੋ ਗਏ[41] ਹਨ ਤੇ ਮੈਂ ਖ਼ੁਸ਼ੀ ਦਾ ਗੀਤ[40] ਗਾਉਂਦਾ ਹਾਂ। |
| ਸੋ[42*] ਪ੍ਰਭੁ ਪਾਇਆ ਕਤਹਿ[43] ਨ ਜਾਇਆ ਸਦਾ[44] ਸਦਾ ਸੰਗਿ[45] ਬੈਸਾ[46] ॥ | I have found the[42*] Lord, who goes no where[48] and ever[44], ever sits[46] with[45] me. | ਮੈਂ ਉਸ[42*] ਸੁਆਮੀ ਨੂੰ ਪਾ ਲਿਆ ਹੈ, ਜੋ ਕਿਧਰੇ[43] ਨਹੀਂ ਜਾਂਦਾ ਤੇ ਹਮੇਸ਼ਾ[44], ਹਮੇਸ਼ਾ ਮੇਰੇ ਨਾਲ ਬਹਿੰਦਾ[46] ਹੈ। |
| ੫੭੭ | | |
| ਪ੍ਰਭ ਜੀ[47] ਭਾਣਾ[48] ਸਚਾ ਮਾਣਾ[49] ਪ੍ਰਭਿ ਹਰਿ[50] ਧਨੁ[53] ਸਹਜੇ[51] ਦੀਤਾ[52] ॥ | He who is pleasing[48] to the venerable[47] Lord, obtains true honour[49]; him, the Lord spontaneously[51] blesses with[52] the wealth[53] of His Name[50]. | ਜੋ ਪੂਜਯ[47] ਪ੍ਰਭੂ ਨੂੰ ਚੰਗਾ ਲਗਦਾ[48] ਹੈ, ਉਹ ਸੱਚੀ ਇੱਜ਼ਤ[49] ਪ੍ਰਾਪਤ ਕਰ ਲੈਂਦਾ ਹੈ, ਉਸ ਨੂੰ ਪ੍ਰਭੂ ਸੁਤੇ ਸਿੱਧ[51] ਹੀ ਆਪਣੇ ਨਾਮ[50] ਦੀ ਦੌਲਤ[53] ਪਰਦਾਨ[52] ਕਰਦਾ ਹੈ। |
| ਕਹੁ ਨਾਨਕ ਤਿਸੁ[54] ਜਨ[55] ਬਲਿਹਾਰੀ[56] ਤੇਰਾ ਦਾਨੁ[56*] ਸਭਨੀ[57] ਹੈ ਲੀਤਾ ॥੨॥ | Says Nanak, unto such[54] a person[55], I am a sacrifice[56]. Thou, O Lord, blesseth all[67] with Thine bounties[56*]. | ਗੁਰੂ ਜੀ ਆਖਦੇ ਹਨ, ਐਹੋ ਜੇਹੇ[54] ਪੁਰਸ਼[55] ਉਤੋਂ ਮੈਂ ਕੁਰਬਾਨ[56*] ਜਾਂਦਾ ਹਾਂ। ਤੂੰ, ਹੇ ਸਾਂਈ! ਸਾਰਿਆਂ[57] ਨੂੰ ਦਾਤਾਂ[56] ਬਖ਼ਸ਼ਦਾ ਹੈਂ। |
| ਤਉ[58] ਭਾਣਾ[59] ਤਾਂ ਤ੍ਰਿਪਤਿ[61] ਅਘਾਏ[62] ਰਾਮ ॥ | When it so pleaseth[59] Thee[58], O Lord, then[60] am I sated[61] and satiated[62]. | ਜਦ ਤੈਨੂੰ[58] ਐਸ ਤਰ੍ਹਾਂ ਚੰਗਾ ਲੱਗਦਾ[59], ਤਾਂ[60] ਮੈਂ ਰੱਜ[51] ਅਤੇ ਧ੍ਰਾਪ ਜਾਂਦਾ ਹਾਂ[62], ਹੇ ਸੁਆਮੀ! |
| ਮਨੁ[63] ਥੀਆ ਠੰਢਾ[85] ਸਭ ਤ੍ਰਿਸਨ[86] ਬੁਝਾਏ[87] ਰਾਮ ॥ | My soul[63] is pacified[65] and all my thirst[86] is quenched[87]. | ਮੇਰੀ ਆਤਮਾ[63] ਸ਼ਾਂਤ ਹੋ ਗਈ[85] ਹੈ ਅਤੇ ਮੇਰੀ ਸਾਰੀ ਪਿਆਸ[86] ਬੁੱਝ ਗਈ[87] ਹੈ। |
| ਮਨੁ ਥੀਆ[88] ਠੰਢਾ[93] ਚੂਕੀ[89] ਡੰਝਾ[90] ਪਾਇਆ ਬਹੁਤੁ[91] ਖਜਾਨਾ[92] ॥ | My mind has become[88] peaceful[93], the burning[90] has ceased[89] and I have obtained a valuable[91] treasure[92]. | ਮੇਰਾ ਚਿੱਤ ਸ਼ਾਂਤ[93] ਹੋ ਗਿਆ[88] ਹੈ, ਜੱਲਣ[90] ਬੁੱਝ ਗਈ[89] ਹੈ ਤੇ ਮੈਨੂੰ ਭਾਰਾ[91] ਭੰਡਾਰਾ[92] ਪ੍ਰਾਪਤ ਹੋ ਗਿਆ ਹੈ। |
| ਸਿਖ[94] ਸੇਵਕ[95] ਸਭਿ ਭੁੰਚਣ[96] ਲਗੇ ਹੰਉ ਸਤਗੁਰ ਕੇ ਕੁਰਬਾਨਾ[97] ॥ | All the disciples[94] and servants[95] of the Guru partake[96] of it and I am a sacrifice[87] unto my True Guru. | ਗੁਰਾਂ ਦੇ ਸਾਰੇ ਸ਼ਿਸ਼[94] ਅਤੇ ਦਾਸ[95] ਇਸ ਨੂੰ ਛਕਦੇ[96] ਹਨ। ਮੈਂ ਆਪਣੇ ਸੱਚੇ ਗੁਰਾਂ ਉਤੋਂ ਘੋਲੀ ਵੰਞਦਾ[97] ਹਾਂ। |
| ਨਿਰਭਉ[98] ਭਏ[6] ਖਸਮ[99] ਰੰਗਿ[100] ਰਾਤੇ[2] ਜਮ[3] ਕੀ ਤ੍ਰਾਸ[4] ਬੁਝਾਏ[5] ॥ | Being imbued[2] with the love[100] of the Spouse[99], I have become[6] fearless[98] by shaking[5] off the fear[4] of death[3]. | ਕੰਤ[99] ਦੀ ਪ੍ਰੀਤ[100] ਨਾਲ ਰੰਗੀਜਣ ਦੁਆਰਾ[2], ਮੈਂ ਮੌਤ[3] ਦਾ ਤ੍ਰਾਹ[4] ਦੂਰ ਕਰ ਕੇ[5] ਨਿੱਡਰ[98] ਹੋ ਗਿਆ[6] ਹਾਂ। |
| ਨਾਨਕ ਦਾਸੁ[7] ਸਦਾ[8] ਸੰਗਿ[9] ਸੇਵਕੁ[10] ਤੇਰੀ ਭਗਤਿ[12] ਕਰੰਉ[14] ਲਿਵ ਲਾਏ[13] ॥੩॥ | Slave[7] Nanak, lovingly[13] embraces[14] Thy meditation[12], O Lord. Thou ever[8] keepest the company[9] of Thy attendant[10]. | ਗੋਲਾ[7] ਨਾਨਕ ਪਿਆਰ[13] ਨਾਲ ਤੇਰੀ ਇਬਾਦਤ[12] ਕਰਦਾ[14] ਹੈ, ਹੇ ਪ੍ਰਭੂ! ਆਪਣੇ ਟਹਿਲੂਏ[10] ਦੇ ਤੂੰ ਸਦੀਵ[8] ਹੀ ਅੰਗ ਸੰਗ[9] ਰਹਿੰਦਾ ਹੈਂ। |

| | | |
|---|---|---|
| ਪੂਰੀ[15] ਆਸਾ[16] ਜੀ ਮਨਸਾ[17] ਮੇਰੇ ਰਾਮ[18] ॥ | O Lord[18], my hopes[16] and desires[17] have been fulfilled[15]. | ਹੇ ਪ੍ਰਭੂ[18] ! ਮੇਰੀਆਂ ਉਮੇਦਾਂ[16] ਅਤੇ ਖ਼ਾਹਿਸ਼ਾਂ[17] ਪੂਰੀਆਂ ਹੋ ਗਈਆਂ[15] ਹਨ । |
| ਮੋਹਿ ਨਿਰਗੁਣ[19] ਜੀਉ[20] ਸਭਿ ਗੁਣ ਤੇਰੇ ਰਾਮ ॥ | O sire[20], I am without merits[19], all the merits are Thine. | ਹੇ ਮਹਾਰਾਜ[20] ! ਮੈਂ ਨੇਕੀਆਂ ਵਿਹੂਣ[19] ਹਾਂ, ਸਾਰੀਆਂ ਨੇਕੀਆਂ ਤੇਰੀਆਂ ਹੀ ਹਨ । |
| ਸਭਿ ਗੁਣ ਤੇਰੇ ਠਾਕੁਰ[21] ਮੇਰੇ ਕਿਤੁ[22] ਮੁਖਿ[23] ਤੁਧੁ ਸਾਲਾਹੀ[24] ॥ | Thou hast all the merits[25], O my Lord[21]; with what[22] mouth[23] should I praise[24] Thee ? | ਸਾਰੀਆਂ ਖੂਬੀਆਂ ਤੇਰੇ ਵਿੱਚ ਹਨ, ਹੇ ਮੈਂਡੇ ਪ੍ਰਭੂ[21] ! ਮੈਂ ਕਿਹੜੇ[22] ਮੂੰਹ[23] ਨਾਲ ਤੇਰੀ ਤਾਰੀਫ਼[24] ਕਰਾਂ ? |
| ਗੁਣੁ ਅਵਗੁਣੁ[25] ਮੇਰਾ ਕਿਛੁ[26] ਨ ਬੀਚਾਰਿਆ[27] ਬਖਸਿ[28] ਲੀਆ ਖਿਨ[29] ਮਾਹੀ[30] ॥ | Mine merits and demerits[25], Thou hast not considered[27] at all[26] and Thou hast pardoned[28] me in[30] a moment[29]. | ਮੇਰੀਆਂ ਨੇਕੀਆਂ ਤੇ ਬਦੀਆਂ[25] ਵਲ ਤੈਂ, ਉਕਾ ਹੀ[26] ਧਿਆਨ ਨਹੀਂ ਦਿੱਤਾ[27] । ਤੂੰ ਮੈਨੂੰ ਇਕ ਮੁਹਤ[29] ਵਿੱਚ[30] ਬਖਸ਼ ਲਿਆ[28] ਹੈ । |
| ਨਉ[31] ਨਿਧਿ[32] ਪਾਈ[34] ਵਜੀ[35] ਵਾਧਾਈ[36] ਵਾਜੇ ਅਨਹਦ[37] ਤੂਰੇ[38] ॥ | I have obtained[34] the nine[31] treasures[32] and congratulations[36] resound[35] and unstruck[37] trumpets[38], ring (with me). | ਮੈਂ ਨੌਂ[31] ਖ਼ਜ਼ਾਨੇ[32] ਪਾ ਲਏ[34] ਹਨ, ਤੁਰਮ[38] (ਬਿਗਲ) ਮੁਬਾਰਕਾਂ[36] ਗੂੰਜ ਰਹੀਆਂ[35] ਹਨ ਅਤੇ ਬਿਨਾ ਵਜਾਏ[37] ਤੁਰਮ ਵਜ ਰਹੇ ਹਨ । |
| ਕਹੁ ਨਾਨਕ ਮੈ ਵਰੁ[39] ਘਰਿ[40] ਪਾਇਆ ਮੇਰੇ ਲਾਥੇ[41] ਜੀ ਸਗਲ[42] ਵਿਸੂਰੇ[43] ॥੪॥੧॥ | Says Nanak, I have attained my Spouse at home[40], and all[42] my anxieties[43] are at an end[41]. | ਗੁਰੂ ਜੀ ਆਖਦੇ ਹਨ ਮੈਂ ਆਪਣਾ ਪਤੀ[39] ਘਰ[40] ਵਿੱਚ ਪ੍ਰਾਪਤ ਕਰ ਲਿਆ ਹੈ ਅਤੇ ਮੇਰੇ ਸਾਰੇ[42] ਅੰਦੇਸ਼ੇ[43] ਮੁਕ ਗਏ[41] ਹਨ । |
| ਸਲੋਕੁ ॥ | Slok. | ਸਲੋਕ । |
| ਕਿਆ[44] ਸੁਣੇਦੋ ਕੂੜੁ[45] ਵੰਞਨਿ[46] ਪਵਣ[47] ਝੁਲਾਰਿਆ[48] ॥ | Why[44] hearest thou the false[45] talk ? It shall vanish[46] like the gust[48] of wind[47]. | ਤੂੰ ਝੂਠੀ[45] ਗੱਲ ਕਿਉਂ[44] ਸੁਣਦਾ ਹੈਂ ? ਇਹ ਹਵਾ[47] ਦੇ ਬੁਲੇ[48] ਵਾਗੂ ਅਲੋਪ ਹੋ ਜਾਊਗੀ[46] । |
| ਨਾਨਕ ਸੁਣੀਅਰ[49] ਤੇ[50] ਪਰਵਾਣੁ[51] ਜੋ ਸੁਣੇਦੇ ਸਚੁ ਧਣੀ[52] ॥੧॥ | Nanak, approved[51] are the[50] ears[49], which hear the Name of the True Master[52]. | ਨਾਨਕ, ਪ੍ਰਮਾਣੀਕ[51] ਹਨ ਉਹ[50] ਕੰਨ[49] ਜਿਹੜੇ ਸੱਚੇ ਮਾਲਕ[52] ਦੇ ਨਾਮ ਨੂੰ ਸੁਣਦੇ ਹਨ । |
| ਛੰਤੁ ॥ | A melody. | ਛੰਤ । |
| ਤਿਨ[53] ਘੋਲਿ ਘੁਮਾਈ[54] ਜਿਨ ਪ੍ਰਭੁ ਸ੍ਰਵਣੀ[35] ਸੁਣਿਆ[56] ਰਾਮ ॥ | I am a sacrifice[54] unto those[53], who, with their ears[55], hear[56] the Lord's Name. | ਮੈਂ ਉਨ੍ਹਾਂ[53] ਉਤੋਂ ਕੁਰਬਾਨ ਜਾਂਦਾ[54] ਹਾਂ, ਜੋ ਆਪਣੇ ਕੰਨਾਂ[55] ਨਾਲ ਸੁਆਮੀ ਦਾ ਨਾਮ ਸ੍ਰਵਣ ਕਰਦੇ[56] ਹਨ । |
| ਸੇ[57] ਸਹਜਿ[58] ਸੁਹੇਲੇ[59] ਜਿਨਿ ਹਰਿ ਹਰਿ[60] ਰਸਨਾ[61] ਭਣਿਆ[62] ਰਾਮ ॥ | Blissful[58] and comfortable[59] are they[57], who, with their tougue[61], utter[62] the God's Name[60]. | ਕੁਦਰਤਨ ਹੀ[58] ਸੁਖੀਏ[59] ਹਨ ਉਹ[57] ਜੋ ਆਪਣੀ ਜੀਭਾ[61] ਨਾਲ ਵਾਹਿਗੁਰੂ ਦਾ ਨਾਮ[60] ਉਚਾਰਨ ਕਰਦੇ[62] ਹਨ । |
| ਸੇ ਸਹਜਿ[68] ਸੁਹੇਲੇ[67] ਗੁਣਹ[63] ਅਮੋਲੇ[64] ਜਗਤ[65] ਉਦਾਰਣ[66] ਆਏ ॥ | They are naturally[68] embellished[67] and possess priceless[64] merits[63] and they have come to save[66] the world[65]. | ਉਹ ਕੁਦਰਤੀ ਤੌਰ ਤੇ[68] ਸੁਸ਼ੋਭਤ[67] ਹਨ ਤੇ ਅਣਮੁਲੀਆਂ[64] ਨੇਕੀਆਂ[63] ਵਾਲੇ ਹਨ । ਉਹ ਸੰਸਾਰ[65] ਦਾ ਪਾਰ ਉਤਾਰਾ ਕਰਨ[66] ਲਈ ਆਏ ਹਨ । |

| | | |
|---|---|---|
| ਭੈ[69] ਬੋਹਿਥ[70] ਸਾਗਰ[71] ਪ੍ਰਭ ਚਰਣਾ[72] ਕੇਤੇ[73] ਪਾਰਿ ਲਘਾਏ[74] ॥ | The Guru's feet[72] are the ship[70], which has ferried[74] many[73] across the terrible[69] world ocean[71]. | ਗੁਰਾਂ ਦੇ ਪੈਰ[72] ਜਹਾਜ਼[70] ਹਨ ਜਿਸ ਨੇ ਘਣੇਰਿਆਂ[73] ਨੂੰ ਭਿਆਨਕ[69] ਸੰਸਾਰ ਸਮੁੰਦਰ[71] ਤੋਂ ਪਾਰ ਕੀਤਾ[74] ਹੈ। |
| ਜਿਨ ਕੰਉ ਕ੍ਰਿਪਾ[75] ਕਰੀ ਮੇਰੈ ਠਾਕੁਰਿ ਤਿਨ[77] ਕਾ ਲੇਖਾ[76] ਨ ਗਣਿਆ[78] ॥ | They on whom is my Master's mercy[75], they are asked[78] not to render their[77] account[76]. | ਜਿਨ੍ਹਾਂ ਉਤੇ ਮੇਰੇ ਮਾਲਕ ਦੀ ਮਿਹਰ[75] ਹੈ, ਉਨ੍ਹਾਂ ਪਾਸੋਂ ਉਨ੍ਹਾਂ[77]ਦਾ ਹਿਸਾਬ-ਕਿਤਾਬ[76] ਨਹੀਂ ਪੁੱਛਿਆ ਜਾਂਦਾ[78]। |
| ਕਹੁ ਨਾਨਕ ਤਿਸੁ[79] ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥ | Says Nanak, I am a sacrifice unto them[79], who with their ears, hear the Lord's Name. | ਗੁਰੂ ਜੀ ਆਖਦੇ ਹਨ, ਮੈਂ ਉਹਨਾਂ[79] ਉਤੋਂ ਸਦਕੇ ਜਾਂਦਾ ਹਾਂ, ਜੋ ਆਪਣੇ ਕੰਨਾਂ ਨਾਲ ਸਾਹਿਬ ਦਾ ਨਾਮ ਸੁਣਦੇ ਹਨ। |
| ਸਲੋਕੁ ॥ | Slok. | ਸਲੋਕ। |
| ਲੋਇਣ[80] ਲੋਈ[81] ਡਿਠ[82] ਪਿਆਸ[83] ਨ ਬੁਝੈ[84] ਮੂ[85] ਘਣੀ[86] ॥ | With my eyes[80], I have seen[82] the Lord's light[81], but my[85] immense thirst[83] to behold Him quenches[84] not. | ਆਪਣੀਆਂ ਅੱਖਾਂ[80] ਨਾਲ ਮੈਂ ਪ੍ਰਭੂ ਦਾ ਪ੍ਰਕਾਸ਼[81] ਵੇਖ ਲਿਆ[82] ਹੈ; ਪਰ ਉਸ ਨੂੰ ਦੇਖਣ ਦੀ ਮੇਰੀ[85] ਬਹੁਤੀ[86] ਤੇਹ[83] ਬੁਝਦੀ[84] ਨਹੀਂ। |
| ਨਾਨਕ ਸੇ[87] ਅਖੜੀਆਂ[88] ਬਿਅੰਨਿ[89] ਜਿਨੀ ਡਿਸੰਦੋ[90] ਮਾ[91] ਪਿਰੀ[92] ॥੧॥ | Nanak, different[89] are those[87] eyes[88], with which my[91] Spouse[92] is beheld[90]. | ਨਾਨਕ, ਹੋਰ[89] ਹਨ ਉਹ[87] ਨੇਤਰ[88], ਜਿਨ੍ਹਾਂ ਨਾਲ ਮੇਰਾ[91] ਕੰਤ[92] ਵੇਖਿਆ[90] ਜਾਂਦਾ ਹੈ। |
| ਛੰਤੁ ॥ | Chhant. | ਛੰਤ। |
| ਜਿਨੀ ਹਰਿ ਪ੍ਰਭੁ ਡਿਠਾ[93] ਤਿਨ ਕੁਰਬਾਣੇ[94] ਰਾਮ ॥ | I am a sacrifice[94] unto those, who have seen[93] my Lord God. | ਮੈਂ ਉਨ੍ਹਾਂ ਉੱਤੋਂ ਘੋਲੀ ਵੰਞਦਾ[94] ਹਾਂ, ਜਿਨ੍ਹਾਂ ਨੇ ਮੇਰਾ ਸੁਆਮੀ ਵਾਹਿਗੁਰੂ ਵੇਖਿਆ[93] ਹੈ। |
| ਸੇ[95] ਸਾਚੀ ਦਰਗਹ[96] ਭਾਣੇ[97] ਰਾਮ ॥ | They[95] are approved[97] in the True Court[96]. | ਉਹ[95] ਸੱਚੇ ਦਰਬਾਰ[96] ਅੰਦਰ ਸਤਿਕਾਰੇ[97]ਜਾਂਦੇ ਹਨ। |
| ਠਾਕੁਰਿ ਮਾਨੇ[98]ਸੇ ਪਰਧਾਨੇ[99] ਹਰਿ ਸੇਤੀ[100] ਰੰਗਿ[2] ਰਾਤੇ[3] ॥ | Being approved by[98] the Lord they are acclaimed as supreme[99] and remain imbued[3] with[100] God's love[2]. | ਸਾਹਿਬ ਦੇ ਕਬੂਲ ਕੀਤੇ ਹੋਏ[98] ਉਹ ਮੁਖੀ[99] ਕਰਾਰ ਦਿੱਤੇ ਜਾਂਦੇ ਹਨ ਤੇ ਉਹ ਵਾਹਿਗੁਰੂ ਦੀ ਪ੍ਰੀਤ[2] ਨਾਲ[100] ਰੰਗੇ ਰਹਿੰਦੇ[3] ਹਨ। |
| ਹਰਿ ਰਸਹਿ[4] ਅਘਾਏ[5] ਸਹਜਿ[6] ਸਮਾਏ[7] ਘਟਿ ਘਟਿ[8] ਰਮਈਆ[9] ਜਾਤੇ[10]॥ | They are, sated[5] with the Lord's Nectar[4] and merge[7] into supreme bliss[6] and the Omnipresent Lord[9], they behold[10] in every heart[8]. | ਉਹ ਸੁਆਮੀ ਦੇ ਅੰਮ੍ਰਿਤ[4] ਨਾਲ ਰੱਜੇ[5] ਹਨ ਅਤੇ ਪਰਮ ਅਨੰਦ[6] ਅੰਦਰ ਲੀਨ[7] ਹਨ। ਸਰਬ-ਵਿਆਪਕ ਸੁਆਮੀ[9] ਨੂੰ ਉਹ ਹਰ[8] ਦਿਲ ਅੰਦਰ ਵੇਖਦੇ[10] ਹਨ। |
| ਸੇਈ[12] ਸਜਣ[13] ਸੰਤ ਸੇ ਸੁਖੀਏ[14] ਠਾਕੁਰ ਅਪਣੇ ਭਾਣੇ[15] ॥ | They[12] alone are the friendly[13] saints and they are the cheerful beings[14], who are pleasing[15] to their Lord. | ਉਹੀ[12] ਪਿਆਰੇ[13] ਸਾਧੂ ਹਨ ਤੇ ਉਹੀ ਪ੍ਰਸੰਨ ਪ੍ਰਾਣੀ[14] ਜੋ ਆਪਣੇ ਸੁਆਮੀ ਨੂੰ ਚੰਗੇ ਲਗਦੇ[15] ਹਨ। |
| ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ[16] ਤਿਨ ਕੈ[17] ਸਦ[18] ਕੁਰਬਾਣੇ[19] ॥੨॥ | Says Nanak, I am ever[18] a sacrifice[19] unto those[17], who have seen[16] their Lord Master. | ਗੁਰੂ ਜੀ ਆਖਦੇ ਹਨ, ਮੈਂ ਉਨ੍ਹਾਂ[17] ਤੋਂ ਹਮੇਸ਼ਾ[18] ਹੀ ਬਲਿਹਾਰਨੇ ਜਾਂਦਾ[19] ਹਾਂ ਜਿਨ੍ਹਾਂ ਨੇ ਆਪਣਾ ਸੁਆਮੀ ਮਾਲਕ ਵੇਖਿਆ[16] ਹੈ। |

| | | |
|---|---|---|
| ਸਲੋਕੁ ॥ | Slok. | ਸਲੋਕ । |
| ਦੇਹ[20] ਅੰਧਾਰੀ[21] ਅੰਧ ਸੁੰਞੀ[22] ਨਾਮ ਵਿਹੂਣੀਆ[23]॥ | The body[20] is totally blind[21] and desolate[22] without[23] the Lord's Name. | ਪ੍ਰਭੂ ਦੇ ਨਾਮ ਦੇ ਬਾਝੋਂ[23] ਸਰੀਰ[20] ਬਿਲਕੁਲ ਅੰਨ੍ਹਾ[21] ਅਤੇ ਵੀਰਾਨ[22] ਹੈ । |
| ਨਾਨਕ ਸਫਲ[24] ਜਨੰਮੁ[25] ਜੈ ਘਟਿ[26] ਵੁਠਾ[27] ਸਚੁ ਧਣੀ[28] ॥ ੧ ॥ | Nanak, fruitful[24] is his life[25], within whose heart[26] abideth[27] the True Master[28]. | ਨਾਨਕ, ਫਲਦਾਇਕ[24] ਹੈ ਉਸ ਦਾ ਜੀਵਨ[25] ਜਿਸ ਦੇ ਦਿਲ[26] ਅੰਦਰ ਸੱਚਾ ਮਾਲਕ[28] ਵਸਦਾ[27] ਹੈ । |
| ਛੰਤੁ ॥ | Chhant. | ਛੰਦ । |
| ਤਿਨ ਘੰਨੀਐ[29] ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ[30] ਰਾਮ ॥ | May I be cut into bits[29] for them, who have seen[30] my Lord God. | ਮੈਂ ਉਨ੍ਹਾਂ ਵਾਸਤੇ ਪੁਰਜ਼ਾ ਪੁਰਜ਼ਾ[29] ਹੋ ਜਾਵਾਂ, ਜਿਨ੍ਹਾਂ ਨੇ ਮੈਂਡਾ ਸੁਆਮੀ ਵਾਹਿਗੁਰੂ ਵੇਖਿਆ[30] ਹੈ । |
| ਜਨ[31] ਚਾਖਿ[32] ਅਘਾਣੇ[33] ਹਰਿ ਹਰਿ[34] ਅੰਮ੍ਰਿਤੁ[55] ਮੀਠਾ[36] ਰਾਮ ॥ | God's slaves[31] are satiated[38] by partaking[32] of the Lord God's[34] sweet[36] Nectar[35]. | ਸੁਆਮੀ ਵਾਹਿਗੁਰੂ[34] ਦੇ ਗੋਲੇ[31] ਮਿੱਠੜੇ[36] ਸੁਧਾਰਸ[35] ਨੂੰ ਪਾਨ ਕਰਨ ਦੁਆਰਾ[32] ਰੱਜ ਗਏ[33] ਹਨ । |
| ਹਰਿ ਮਨਹਿ[37] ਮੀਠਾ ਪ੍ਰਭੂ ਤੂਠਾ[38] ਅਮਿਉ[39] ਵੂਠਾ[40] ਸੁਖ[41] ਭਏ ॥ | God is sweet to their mind[37], unto them the Lord is merciful[38] and upon them the Nectar[39] rains[40] and they attain peace[41]. | ਉਨ੍ਹਾਂ ਦੇ ਮਨ[37] ਨੂੰ ਵਾਹਿਗੁਰੂ ਮਿੱਠਾ ਲਗਦਾ ਹੈ ਅਤੇ ਉਨ੍ਹਾਂ ਉੱਤੇ ਮਾਲਕ ਮਿਹਰਬਾਨ[38] ਹੈ। ਉਨ੍ਹਾਂ ਤੇ ਅੰਮ੍ਰਿਤ[39] ਵਰਸਦਾ[40] ਹੈ ਤੇ ਉਹ ਆਰਾਮ[41] ਪਾਉਂਦੇ ਹਨ । |
| ਦੁਖ[42] ਨਾਸ[43] ਭਰਮ[44] ਬਿਨਾਸ[45] ਤਨ[46] ਤੇ[53] ਜਪਿ[47] [48]ਜਗਦੀਸ[49] ਈਸਹ[50] ਜੈ[51] ਜਏ[52] ॥ | Remembering[47] God[50], the World[48]-Lord[49], pain[42] is removed[43] from[53] the body[46], doubt[44] is dispelled[45] and victory[51] hails[52] the mortal. | ਜਗਤ[48] ਦੇ ਸੁਆਮੀ[49] ਵਾਹਿਗੁਰੂ[50] ਦਾ ਸਿਮਰਨ ਕਰਨ[47] ਨਾਲ, ਦੇਹ[46] ਤੋਂ[53] ਪੀੜ[42] ਮਿੱਟ ਜਾਂਦੀ[43] ਹੈ, ਸੰਦੇਹ[44] ਦੂਰ[45] ਹੋ ਜਾਂਦਾ ਹੈ ਅਤੇ ਜਿੱਤ[51] ਪ੍ਰਾਣੀ ਨੂੰ ਜੀ ਆਇਆਂ ਆਖਦੀ[52] ਹੈ । |
| ੫੭੮ | | |
| ਮੋਹ[54] ਰਹਤ[53] ਬਿਕਾਰ[56] ਥਾਕੇ[57] ਪੰਚ[58] ਤੇ ਸੰਗੁ[59] ਤੂਟਾ[60] ॥ | He is rid of[55] worldly love[54], his sins[56] are wiped off[57] and he breaks away[60] from[59] the five[58] passions. | ਉਹ ਸੰਸਾਰੀ ਮਮਤਾ[54] ਤੋਂ ਖ਼ਲਾਸੀ[55] ਪਾ ਜਾਂਦਾ ਹੈ, ਉਸ ਦੇ ਪਾਪ[56] ਧੋਤੇ ਜਾਂਦੇ[57] ਹਨ ਤੇ ਪੰਜਾਂ[58] ਵਿਸ਼ਿਆਂ ਨਾਲੋਂ ਉਸ ਦਾ ਸਾਥ ਟੁੱਟ[60] ਜਾਂਦਾ ਹੈ । |
| ਕਹੁ ਨਾਨਕ ਤਿਨ ਘੰਨੀਐ[61] ਵੰਞਾ ਜਿਨ ਘਟਿ[62] ਮੇਰਾ ਹਰਿ ਪ੍ਰਭੁ ਵੂਠਾ ॥੩॥ | Says Nanak, I am a sacrifice[61] unto him, within whose mind[62] abides my Lord God. | ਗੁਰੂ ਜੀ ਆਖਦੇ ਹਨ, ਮੈਂ ਉਸ ਉਤੋਂ ਕੁਰਬਾਨ ਜਾਂਦਾ[61] ਹਾਂ, ਜਿਸ ਦੇ ਅੰਤਰ-ਆਤਮੇ[62] ਮੇਰਾ ਸੁਆਮੀ ਵਾਹਿਗੁਰੂ ਵਸਦਾ ਹੈ । |
| ਸਲੋਕੁ ॥ | Slok. | ਸਲੋਕ । |
| ਜੋ ਲੋੜੀਦੇ[63] ਰਾਮ[64] ਸੇਵਕ[65] ਸੇਈ[16] ਕਾਂਢਿਆ[67] ॥ | They[66] who long for[63] the Omnipresent Lord[64], are said[67] to be His servants[65]. | ਜਿਹੜੇ ਸਰਬ-ਵਿਆਪਕ[64] ਸਾਂਈਂ ਨੂੰ ਚਾਹੁੰਦੇ[63] ਹਨ, ਉਹੀ[66] ਉਸ ਦੇ ਦਾਸ[65] ਆਖੇ ਜਾਂਦੇ[67] ਹਨ । |
| ਨਾਨਕ ਜਾਣੇ ਸਤਿ[68] ਸਾਂਈ ਸੰਤ ਨ ਬਾਹਰਾ[69] ॥੧॥ | Nanak knows this truth[68], that the Lord is not different[69] from His saint. | ਨਾਨਕ ਇਸ ਸੱਚ[68] ਨੂੰ ਜਾਣਦਾ ਹੈ ਕਿ ਸੁਆਮੀ ਆਪਣੇ ਸੰਤਾਂ ਨਾਲੋਂ ਵੱਖਰਾ[69] ਨਹੀਂ । |

| | | |
|---|---|---|
| ਛੰਤੁ ॥ | Chhant. | ਛੰਦ । |
| ਮਿਲਿ ਜਲੁ ਜਲਹਿ[70] ਖਟਾਨਾ[71] ਰਾਮ ॥ ਸੰਗਿ ਜੋਤੀ[72] ਜੋਤਿ[73] ਮਿਲਾਨਾ[74] ਰਾਮ ॥ | As water[70] mixing with water, blends[71] therewith, so merges[74] the saint's light[73] with the supreme Light[72]. | ਜਿਸ ਤਰ੍ਹਾਂ ਪਾਣੀ[70], ਪਾਣੀ ਨਾਲ ਮਿਲ ਕੇ ਉਸ ਨਾਲ ਅਭੇਦ ਹੋ ਜਾਂਦਾ ਹੈ[71], ਉਸੇ ਤਰ੍ਹਾਂ ਸੰਤ ਦਾ ਨੂਰ[73] ਪਰਮ-ਨੂਰ[72] ਨਾਲ ਇੱਕ ਰੂਪ ਹੋ ਜਾਂਦਾ[74] ਹੈ। |
| ਸੰਮਾਇ[75] ਪੂਰਨ[76] ਪੁਰਖ[77] ਕਰਤੇ[78] ਆਪਿ ਆਪਹਿ[79] ਜਾਣੀਐ[80] ॥ | Merging[75] into the pervading[76] and powerful[77] Creator[78], the mortal realises[80] his own real self[79]. | ਵਿਆਪਕ[76] ਤੇ ਬਲਵਾਨ[77] ਸਿਰਜਣਹਾਰ[78] ਵਿੱਚ ਲੀਨ[75] ਹੋ, ਪ੍ਰਾਣੀ ਆਪਣੇ ਨਿੱਜ ਦੇ ਅਸਲ[79] ਨੂੰ ਅਨੁਭਵ[80] ਕਰ ਲੈਂਦਾ ਹੈ। |
| ਤਹ[81] ਸੁੰਨਿ[82] ਸਹਜਿ[83] ਸਮਾਧਿ[84] ਲਾਗੀ[85] ਏਕੁ ਏਕੁ ਵਖਾਣੀਐ[86] ॥ | Then[81], he assumes[85] trance[84] into the Absolute[82] Lord[83] and utters[86] the Name of the One Lord alone. | ਤਦ[81] ਉਸ ਦੀ ਨਿਰਗੁਣ[82] ਪ੍ਰਭੂ[83] ਅੰਦਰ ਤਾੜੀ[84] ਲੱਗ ਜਾਂਦੀ[85] ਹੈ ਤੇ ਉਹ ਕੇਵਲ ਇੱਕ ਪ੍ਰਭੂ ਦੇ ਨਾਮ ਦਾ ਹੀ ਉਚਾਰਨ[86] ਕਰਦਾ ਹੈ। |
| ਆਪਿ[87] ਗੁਪਤਾ[88] ਆਪਿ ਮੁਕਤਾ[89] ਆਪਿ ਆਪੁ[90] ਵਖਾਨਾ[91] ॥ | Himself[87] the Lord is unmanifest[88] and Himself detached[89]. Himself He utters[91] His own[90] praise. | ਖ਼ੁਦ[87] ਸੁਆਮੀ ਅਲੋਪ[88] ਹੈ ਅਤੇ ਖੁਦ ਹੀ ਨਿਰਲੇਪ[89]। ਖ਼ੁਦ ਹੀ ਉਹ ਆਪਣੇ ਆਪ[90] ਦਾ ਜੱਸ ਉਚਾਰਨ[91] ਕਰਦਾ ਹੈ। |
| ਨਾਨਕ ਭ੍ਰਮ[92] ਭੈ[93] ਗੁਣ[94] ਬਿਨਾਸੇ[95] ਮਿਲਿ ਜਲੁ ਜਲਹਿ ਖਟਾਨਾ[96] ॥੪॥੨॥ | Doubt[92], dread[93] and the three moods[94] of the Guru-ward are dispelled[95] and like water, mingling with water, he blends[96] with the Lord, O Nanak | ਹੇ ਨਾਨਕ, ਗੁਰਮੁਖ ਦਾ ਸੰਦੇਹ[92], ਡਰ[93] ਅਤੇ ਤਿੰਨੇ ਸੁਭਾਵ[94] ਨਾਸ[95] ਹੋ ਜਾਂਦੇ ਹਨ। ਪਾਣੀ ਦੇ ਪਾਣੀ ਨਾਲ ਮਿਲਣ ਦੀ ਮਾਨੰਦ ਉਹ ਸਾਂਈਂ ਨਾਲ ਅਭੇਦ[96] ਹੋ ਜਾਂਦਾ ਹੈ। |
| ਵਡਹੰਸੁ ਮਹਲਾ ੫ ॥ | Wadhans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ। |
| ਪ੍ਰਭ ਕਰਣ[97] ਕਾਰਣ[98] ਸਮਰਥਾ[99] ਰਾਮ ॥ | The All-powerful[99] Lord is the creator[97] and the cause[98]. | ਸਰਬਸ਼ਕਤੀਮਾਨ[99] ਵਾਹਿਗੁਰੂ ਆਪ ਹੀ ਕਰਤਾ[97] ਅਤੇ ਆਪ ਹੀ ਕਾਰਜ[98] ਹੈ। |
| ਰਖੁ[100] ਜਗਤੁ[2] ਸਗਲ ਦੇ ਹਥਾ[3] ਰਾਮ ॥ | Giving His hand[3], He preserves[100] the whole world[2]. | ਆਪਣਾ ਹੱਥ[3] ਦੇ ਕੇ ਉਹ ਸਾਰੇ ਸੰਸਾਰ[2] ਦੀ ਰਖਿਆ ਕਰਦਾ[100] ਹੈ। |
| ਸਮਰਥ[4] ਸਰਣਾ ਜੋਗੁ[5] ਸੁਆਮੀ[6] ਕ੍ਰਿਪਾ[7] ਨਿਧਿ[9] ਸੁਖਦਾਤਾ[8] ॥ | Omnipotent[4], Refuge-worthy[5], Treasure[9] of compassion[7] and the Peace-bestower[8] is He, the Lord[6]. | ਸਰਬ-ਸ਼ਕਤੀਵਾਨ[4], ਪਨਾਹ ਦੇਣ ਦੇ ਲਾਇਕ[5], ਰਹਿਮਤ[7] ਦਾ ਖ਼ਜ਼ਾਨਾ[9] ਅਤੇ ਆਰਾਮ ਬਖ਼ਸ਼ਣਹਾਰ[8] ਹੈ ਉਹ ਸਾਹਿਬ[6]। |
| ਹੰਉ ਕੁਰਬਾਣੀ[10] ਦਾਸ[12] ਤੇਰੇ ਜਿਨੀ ਏਕੁ ਪਛਾਤਾ[13] ॥ | I am a sacrifice[10] unto Thine slaves[12], who recognise[13] but the One Lord alone. | ਮੈਂ ਤੇਰਿਆਂ ਗੁਮਾਸ਼ਤਿਆਂ[12] ਤੋਂ ਬਲਿਹਾਰ[10] ਜਾਂਦਾ ਹਾਂ, ਜੋ ਕੇਵਲ ਇਕ ਸਾਹਿਬ ਨੂੰ ਹੀ ਸਿੰਞਾਣਦੇ[13] ਹਨ। |
| ਵਰਨੁ[14] ਚਿਹਨੁ[15] ਨ ਜਾਇ ਲਖਿਆ[16] ਕਥਨ[17] ਤੇ ਅਕਥਾ[18] ॥ | His colour[14] and form[15] cannot be deciphered[16] and ineffable[18] is His description[17]. | ਉਸ ਦਾ ਰੰਗ[14] ਤੇ ਮੁਹਾਂਦਰਾ[15] ਅਨੁਭਵ[16] ਕੀਤਾ ਨਹੀਂ ਜਾ ਸਕਦਾ ਅਤੇ ਅਕਹਿ[48] ਹੈ ਉਸ ਦਾ ਵਰਣਨ[17]। |
| ਬਿਨਵੰਤਿ[19] ਨਾਨਕ ਸੁਣਹੁ | Prays[19] Nanak, O Omnipotent[24] | ਨਾਨਕ ਅਰਦਾਸ ਕਰਦਾ[19] ਹੈ, ਹੇ ਵੱਡੇ-ਮੇਲ[23] ਮੇਲਣਹਾਰ[22]! |

| | | |
|---|---|---|
| ਬਿਨਤੀ[20] ਪ੍ਰਭੁ[21] ਕਰਣ[22] ਕਾਰਣ[23] ਸਮਰਥਾ[24] ॥੧॥ | Lord[21], Himself the Creator[22] and the cause[23], hear, Thou, my supplication[20]. | ਸਰਬ ਸ਼ਕਤੀਵਾਨ[24] ਸੁਆਮੀ[21] ਤੂੰ ਮੇਰੀ ਪ੍ਰਾਰਥਨਾ[20] ਸੁਣ । |
| ਏਹਿ ਜੀਅ[25] ਤੇਰੇ ਤੂ ਕਰਤਾ[26] ਰਾਮ ॥ | These beings[25] are thine. Thou art their Creator[26]. | ਇਹ ਜੀਵ[25] ਤੈਂਡੇ ਹਨ, ਤੂੰ ਉਨ੍ਹਾਂ ਦਾ ਸਿਰਜਣਹਾਰ[26] ਹੈਂ । |
| ਪ੍ਰਭ ਦੂਖ[27] ਦਰਦ[28] ਭ੍ਰਮ[29] ਹਰਤਾ[30] ਰਾਮ ॥ | The Lord Master is the Destroyer[30] of sorrow[27], pain[28] and doubt[29]. | ਪ੍ਰਭੂ ਪ੍ਰਮੇਸ਼ਰ, ਸ਼ੋਕ[27], ਪੀੜ[28] ਅਤੇ ਸ਼ੰਕੇ[29] ਨੂੰ ਨਾਸ ਕਰਨ ਵਾਲਾ[30] ਹੈ । |
| ਭ੍ਰਮੁ ਦੂਖ ਦਰਦ ਨਿਵਾਰਿ[31] ਖਿਨ ਮਹਿ[32] ਰਖਿ[33] ਲੇਹੁ ਦੀਨ[34] ਦੈਆਲਾ[35] ॥ | O Lord, merciful[35] to the meek[34], instantaneously[32] destroy[31] Thou my doubt, sorrow and pain and preserve[33] me. | ਹੇ ਸੁਆਮੀ ! ਇੱਕ ਛਿਨ ਵਿੱਚ[32] ਤੂੰ ਮੇਰਾ ਸ਼ੰਕਾ, ਸ਼ੋਕ ਅਤੇ ਪੀੜ ਨਵਿਰਤ[31] ਕਰ ਦੇ ਅਤੇ ਮੇਰੀ ਰਖਿਆ ਕਰ[33], ਹੇ ਮਸਕੀਨਾਂ[34] ਦੇ ਮਿਹਰਬਾਨ[35] ! |
| ਮਾਤ[36] ਪਿਤਾ[27] ਸੁਆਮਿ ਸਜਣੁ[39] ਸਭੁ ਜਗਤੁ[40] ਬਾਲ[41] [42]ਗੋਪਾਲਾ[35] ॥ | Thou art father[37], mother[36] and friend[39], O Lord[38], the World[42]-Cherisher[43]. The whole world[40] is Thy child[41]. | ਤੂੰ ਪਿਓ[37], ਮਾਂ[36] ਤੇ ਮਿੱਤ੍ਰ[39] ਹੈਂ, ਹੇ ਜਗ[42] ਦੇ ਪਾਲਣਹਾਰ[43] ਸੁਆਮੀ[38] ! ਸਾਰਾ ਸੰਸਾਰ[40] ਤੇਰਾ ਹੀ ਬੱਚਾ[41] ਹੈ । |
| ਜੋ ਸਰਣਿ[44] ਆਵੈ[45] ਗੁਣ[46] ਨਿਧਾਨ[47] ਪਾਵੈ ਸੋ[48] ਬਹੁੜਿ ਜਨਮਿ[50] ਨ ਮਰਤਾ ॥ | He[48], who seeks[45] Thy refuge[44], obtains the treasure[47] of merits[46] and suffers not transmigration[50], again. | ਜਿਹੜਾ ਭੀ ਤੇਰੀ ਪਨਾਹ[44] ਲੈਂਦਾ[45] ਹੈ, ਉਹ[48] ਖੂਬੀਆਂ[46] ਦਾ ਖਜ਼ਾਨਾ[47] ਪਾ ਲੈਂਦਾ ਹੈ ਤੇ ਮੁੜ ਕੇ[49] ਆਵਾਗਉਣ[50] ਵਿੱਚ ਨਹੀਂ ਪੈਂਦਾ । |
| ਬਿਨਵੰਤਿ[51] ਨਾਨਕ ਦਾਸੁ[52] ਤੇਰਾ ਸਭਿ ਜੀਅ ਤੇਰੇ ਤੂ ਕਰਤਾ ॥ ੨ ॥ | Prays[51] Nanak, I am a slave[52] of Thine, O Lord and all the beings are Thine and Thou art their Creator. | ਨਾਨਕ ਬਿਨੈ ਕਰਦਾ[51] ਹੈ, ਮੈਂ ਤੇਰਾ ਗੋਲਾ[52] ਹਾਂ, ਹੇ ਸੁਆਮੀ ! ਸਾਰੇ ਜੀਵ ਤੈਂਡੇ ਹਨ ਅਤੇ ਤੂੰ ਉਨ੍ਹਾਂ ਦਾ ਸਿਰਜਣਹਾਰ ਹੈਂ । |
| ਆਠ ਪਹਰ[53] ਹਰਿ ਧਿਆਈਐ[54] ਰਾਮ ॥ ਮਨ[55] ਇਛਿਅੜਾ[56] ਫਲੁ[57] ਪਾਈਐ ਰਾਮ ॥ | By meditating[54] on Lord God, night and day[53], the mind[55]-desired[56] fruits[57] are obtained, | ਦਿਨ ਰਾਤ[53] ਵਾਹਿਗੁਰੂ ਦਾ ਸਿਮਰਨ ਕਰਨ[54] ਨਾਲ ਚਿੱਤ[55]-ਚਾਹੁੰਦੇ[56] ਮੇਵੇ[57] ਪ੍ਰਾਪਤ ਹੋ ਜਾਂਦੇ ਹਨ । |
| ਮਨ ਇਛ ਪਾਈਐ ਪ੍ਰਭੁ ਧਿਆਈਐ[61] ਮਿਟਹਿ[58] ਜਮ[59] ਕੇ ਤ੍ਰਾਸਾ[60] ॥ | Meditating[61] on the Lord, the heart's desire is fulfilled and the fear[60] of death[59] is dispelled[58]. | ਸੁਆਮੀ ਦੀ ਇਬਾਦਤ[61] (ਬੰਦਗੀ) ਕਰਨ ਨਾਲ ਦਿਲ ਦੀ ਖ਼ਾਹਿਸ਼ ਪੂਰੀ ਹੋ ਜਾਂਦੀ ਹੈ ਅਤੇ ਮੌਤ[59] ਦਾ ਡਰ[60] ਦੂਰ ਹੋ ਜਾਂਦਾ[58] ਹੈ । |
| [62]ਗੋਬਿਦੁ[63] ਗਾਇਆ[64] ਸਾਧ ਸੰਗਾਇਆ ਭਈ ਪੂਰਨ[65] ਆਸਾ[66] ॥ | I sing[64] the World[62]-Lord's[63] praise in the society of saints and my hopes[66] are fulfilled[65]. | ਸਤਿਸੰਗਤ ਵਿੱਚ ਮੈਂ ਸ੍ਰਿਸ਼ਟੀ[62] ਦੇ ਸੁਆਮੀ[63] ਦੀ ਕੀਰਤੀ ਗਾਇਨ[64] ਕਰਦਾ ਹਾਂ ਤੇ ਮੇਰੀਆਂ ਆਸਾਂ ਉਮੈਦਾਂ[66] ਬਰ ਆਈਆਂ[65] ਹਨ । |
| ਤਜਿ[67] ਮਾਨੁ[68] ਮੋਹੁ[69] ਵਿਕਾਰ[70] ਸਗਲੇ[71] ਪ੍ਰਭੂ ਕੈ ਮਨਿ[72] ਭਾਈਐ[73] ॥ | Shedding[67] our ego[68], worldly love[69] and all[71] the sins[70], we become acceptable[73] to our Lord's mind[72]. | ਆਪਣਾ ਹੰਕਾਰ[68], ਸੰਸਾਰੀ ਮਮਤਾ[69] ਤੇ ਸਾਰੇ[71] ਪਾਪ[70] ਤਿਆਗ ਕੇ[67] ਅਸੀਂ ਸਾਹਿਬ ਦੇ ਚਿੱਤ[72] ਨੂੰ ਚੰਗੇ ਲੱਗਣ ਲੱਗ ਜਾਂਦੇ[73] ਹਾਂ । |

| | | |
| --- | --- | --- |
| ਬਿਨਵੰਤਿ[79] ਨਾਨਕ ਦਿਨਸੁ[74] ਰੈਣੀ[75] ਸਦਾ[76] ਹਰਿ ਹਰਿ[77] ਧਿਆਈਐ[76] ॥੩॥ | Prays[79] Nanak, let us ever[76] meditate[78] on our Lord God[77], day[72] and night[75]. | ਨਾਨਕ ਬੇਨਤੀ ਕਰਦਾ[79] ਹੈ, ਆਓ ਆਪਾਂ ਹਮੇਸ਼ਾ[76] ਦਿਨੂੰ[74] ਰਾਤ[75] ਸੁਆਮੀ ਵਾਹਿਗੁਰੂ[77] ਦਾ ਸਿਮਰਨ[78] ਕਰੀਏ। |
| ਦਰਿ[80] ਵਾਜਹਿ[81] ਅਨਹਤ[82] ਵਾਜੇ[83] ਰਾਮ ॥ | At the Lord's door[80] unstruck[81] melody[83] resounds[81]. | ਸੁਆਮੀ ਦੇ ਬੂਹੇ[80] ਉਤੇ ਸੁਤੇ ਸਿੱਧ[82] ਹਮੇਸ਼ਾ ਹੀ ਕੀਰਤਨ ਗੂੰਜ ਰਿਹਾ[81] ਹੈ। |
| ਘਟਿ ਘਟਿ[84] ਹਰਿ [85]ਗੋਬਿੰਦੁ[86] ਗਾਜੇ[87] ਰਾਮ ॥ | God, the Preserver[86] of the world[85] is vocal[87] (abides) in every heart[84]. | ਸ੍ਰਿਸ਼ਟੀ[85] ਦਾ ਰਖਿਅਕ[86] ਵਾਹਿਗੁਰੂ ਹਰ ਦਿਲ[84] ਅੰਦਰ ਬੋਲ ਰਿਹਾ[87] ਹੈ। |
| ਗੋਵਿਦ ਗਾਜੇ ਸਦਾ[88] ਬਿਰਾਜੇ[89] ਅਗਮ[90]ਅਗੋਚਰੁ[91] ਊਚਾ[92] ॥ | The Lord ever[88] articulates and abides[89] amongst all and He is unreachable[90], unfathomable[91] and the most high[92]. | ਸਾਂਈਂ ਸਦੀਵ[88] ਹੀ ਬੋਲਦਾ ਤੇ ਸਾਰਿਆਂ ਅੰਦਰ ਵੱਸਦਾ[89] ਹੈ। ਉਹ ਪਹੁੰਚ ਤੋਂ ਪਰੇ[90], ਗਿਆਨ[91] ਤੋਂ ਪਰੇ ਤੇ ਅਤਿ ਉੱਚਾ[92] ਹੈ। |
| ਗੁਣ[93] ਬੇਅੰਤ[94] ਕਿਛੁ[95] ਕਹਣੁ[96] ਨ ਜਾਈ ਕੋਇ ਨ ਸਕੈ ਪਹੁਚਾ[97] ॥ | Infinite[94] are His merits[93], nothing[95] of them can be described[96] and none can reach[97] Him. | ਅਨੰਤ[94] ਹਨ ਉਸ ਦੀਆਂ ਖ਼ੂਬੀਆਂ[93]। ਇਨਸਾਨ ਭੋਰਾ ਭਰ ਭੀ[95] ਉਸ ਦਾ ਵਰਨਣ ਨਹੀਂ ਕਰ[96] ਸਕਦਾ। ਕੋਈ ਭੀ ਉਸ ਕੋਲ ਪੁਜ[97] ਨਹੀਂ ਸਕਦਾ। |
| ਆਪਿ[98] ਉਪਾਏ[99] ਆਪਿ ਪ੍ਰਤਿਪਾਲੇ[4] ਜੀਅ ਜੰਤ[100] ਸਭਿ[2] ਸਾਜੇ[3] ॥ | The Lord Himself[98] creates[99] and Himself nourishes[4]. All the sentient beings[100] are fashioned[3] by Him. | ਪ੍ਰਭੂ ਖ਼ੁਦ[98] ਪੈਦਾ ਕਰਦਾ[99] ਤੇ ਖ਼ੁਦ ਹੀ ਪਾਲਦਾ[4] ਪੋਸਦਾ ਹੈ। ਸਾਰੇ[2] ਪ੍ਰਾਣਧਾਰੀ[100] ਉਸ ਦੇ ਸਾਜੇ[3] ਹੋਏ ਹਨ। |
| ਬਿਨਵੰਤਿ[10] ਨਾਨਕ ਸੁਖੁ[5] ਨਾਮਿ ਭਗਤੀ[6] ਦਰਿ[8] ਵਜਹਿ[9] ਅਨਹਦ[7] ਵਾਜੇ ॥੪॥੩॥ | Prays[10] Nanak, the bliss[5] is in the meditation[6] of the Name of the Lord, at whose door[8] rings[9] the celestial music[7]. | ਨਾਨਕ ਪ੍ਰਾਰਥਨਾ ਕਰਦਾ[10] ਹੈ ਕਿ ਸੁਖ[5] ਸਾਂਈਂ ਦੇ ਨਾਮ ਤੇ ਸਿਮਰਨ[6] ਵਿੱਚ ਹੈ। ਜਿਸ ਦੇ ਦਰਵਾਜ਼ੇ[8] ਤੇ ਬੈਕੁੰਠੀ ਕੀਰਤਨ[7] ਹੁੰਦਾ[9] ਹੈ। |
| ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ[12] | Rag Wadhans Ist Guru. Elegies[12]. | ਰਾਗ ਵਡਹੰਸ ਪਹਿਲੀ ਪਾਤਿਸ਼ਾਹੀ। ਵੈਣ[12] |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਧੰਨੁ[13] ਸਿਰੰਦਾ[14] ਸਚਾ ਪਾਤਿਸਾਹੁ[15] ਜਿਨਿ ਜਗੁ[16] ਧੰਧੈ[17] ਲਾਇਆ[18] ॥ | Blessed[13] is the Creator[14], the True King[15], who has engaged[18] the world[16] in its tasks[12]. | ਮੁਬਾਰਕ[13] ਹੈ ਉਹ ਸਿਰਜਣਹਾਰ[14], ਸੱਚਾ ਪਾਤਸ਼ਾਹ[15], ਜਿਸ ਨੇ ਸੰਸਾਰ[16] ਨੂੰ ਕੰਮ ਕਾਜ[17] ਅੰਦਰ ਜੋੜਿਆ[18] ਹੈ। |
| ਮੁਹਲਤਿ[19] ਪੁਨੀ[20] [21]ਪਾਈ ਭਰੀ[22] ਜਾਨੀਅੜਾ[23] ਘਤਿ[24] ਚਲਾਇਆ[25] ॥ | When the time[19] is over[20] and the measure[21] is full[22], this dear[23] soul is caught[24] and driven off[25]. | ਜਦ ਵੇਲਾ[19] ਪੂਰਾ ਹੋ ਜਾਂਦਾ[20] ਹੈ ਤੇ (ਸਵਾਸਾਂ ਰੂਪੀ) ਪੜੋਪੀ[21] ਪੁਰ[22] ਹੋ ਜਾਂਦੀ ਹੈ ਇਹ ਪਿਆਰੀ[23] ਆਤਮਾ ਫੜ ਕੇ[24] ਅਗੇ ਨੂੰ ਧੱਕ ਦਿੱਤੀ ਜਾਂਦੀ[25] ਹੈ। |
| ੫੭੯ | | |
| ਜਾਨੀ ਘਤਿ ਚਲਾਇਆ[26] | When the writ[27] is received[28], the | ਜਦ ਲਿਖਤ[27] ਆ ਜਾਂਦੀ[28] ਹੈ, ਪਿਆਰੀ ਆਤਮਾ ਅੱਗੇ |

| | | |
|---|---|---|
| ਲਿਖਿਆ[27] ਆਇਆ[28] ਰੁੰਨੇ[29] ਵੀਰ[30] ਸਬਾਏ[31] ॥ | dear soul is driven off[26] and all[31] the brethren[30] bewail[29]. | ਨੂੰ ਧੱਕ ਦਿੱਤੀ ਜਾਂਦੀ[26] ਹੈ, ਤੇ ਸਾਰੇ[31] ਭਰਾ[30] ਵਿਰਲਾਪ[29] ਕਰਦੇ ਹਨ । |
| ਕਾਇਆ[32] ਹੰਸ[38] ਥੀਆ ਵੇਛੋੜਾ[33] ਜਾਂ[34] ਦਿਨ[35] ਪੁੰਨੇ[36] ਮੇਰੀ ਮਾਏ[37] ॥ | When[34] mortal's days[35] are at an end[36], the body[32] and the swan[38] soul are separated[33], O my mother[37]. | ਜਦ[34] ਪ੍ਰਾਨੀ ਦੇ ਦਿਹਾੜੇ[35] ਮੁੱਕ ਜਾਂਦੇ[36] ਹਨ, ਦੇਹ[32] ਤੇ ਆਤਮਾ[38] ਵਖਰੇ ਹੋ ਜਾਂਦੇ[33] ਹਨ, ਹੇ ਮੇਰੀ ਮਾਤਾ[37] ! |
| ਜੇਹਾ[39] ਲਿਖਿਆ[40] ਤੇਹਾ[41] ਪਾਇਆ[42] ਜੇਹਾ[43] ਪੁਰਬਿ[44] ਕਮਾਇਆ[45] ॥ | As[38] is the writ[40] and as[43] are his former[44] acts[45], so[41] obtains[42] he. | ਜੇਹੋ ਜਿਹੇ[39] ਲੇਖ[40] ਹਨ ਅਤੇ ਜੇਹੋ ਜੇਹੇ[43] ਉਸ ਦੇ ਪੂਰਬਲੇ[44] ਕਰਮ[45] ਹਨ, ਉਹੋ ਜੇਹਾ[41] ਹੀ ਉਹ ਪਾਉਂਦਾ[42] ਹੈ । |
| ਧੰਨੁ[46] ਸਿਰੰਦਾ[47] ਸਚਾ ਪਾਤਿਸਾਹੁ[48] ਜਿਨਿ ਜਗੁ ਧੰਧੈ ਲਾਇਆ ॥੧॥ | Hail[46] to the Creator[47], the True King[48], who has engaged the world in its task. | ਵਾਹ ਵਾਹ[46] ! ਹੈ ਸੱਚੇ ਸੁਲਤਾਨ[48] ਸਿਰਜਣਹਾਰ[47] ਨੂੰ ਜਿਸ ਨੇ ਜਗਤ ਨੂੰ ਕੰਮ-ਕਾਜ ਵਿੱਚ ਲਾਇਆ ਹੋਇਆ ਹੈ । |
| ਸਾਹਿਬੁ ਸਿਮਰਹੁ[49] ਮੇਰੇ ਭਾਈਹੋ[50] ਸਭਨਾ ਏਹੁ[51] ਪਇਆਣਾ[52] ॥ | Remember[49] the Lord, O[50] my brethren. All have to go[52] this[51] way. | ਸੁਆਮੀ ਦਾ ਆਰਾਧਨ[49] ਕਰੋ, ਹੇ[50] ਮੇਰੇ ਭਰਾਓ ! ਸਾਰਿਆਂ ਨੂੰ ਇਸ[51] ਰਾਹੇ ਜਾਣਾ ਪੈਣਾ[52] ਹੈ । |
| ਏਥੈ ਧੰਧਾ[53] ਕੂੜਾ[54] ਚਾਰਿ ਦਿਹਾ[55] ਆਗੈ[56] ਸਰਪਰ[57] ਜਾਣਾ[58] ॥ | The false[54] strife[53] here is only for four (a few) days[55] and then one assuredly[57] proceeds[58] onwards[56]. | ਏਥੇ ਦਾ ਝੂਠਾ[54] ਪੁਆੜਾ[53] ਚਾਰ ਦਿਹਾੜਿਆਂ[55] ਦਾ ਹੈ, ਫੇਰ ਬੰਦਾ ਨਿਸਚਿਤ[57] ਹੀ ਅੱਗੇ[56] ਨੂੰ ਟੁਰ ਜਾਂਦਾ[58] ਹੈ । |
| ਆਗੈ ਸਰਪਰ ਜਾਣਾ ਜਿਉ[59] ਮਿਹਮਾਣਾ[60] ਕਾਹੇ[61] ਗਾਰਬੁ[62] ਕੀਜੈ[63] ॥ | For sure, one proceeds into the Yond like[59] a guest[60]. Why[61] should then one indulge[63] in ego[62] ? | ਨਿਸਚਿਤ ਹੀ ਇਨਸਾਨ ਨੇ ਪਰਾਹੁਣੇ[60] ਦੀ ਤਰ੍ਹਾਂ[59] ਅਗੇ ਨੂੰ ਤੁਰ ਜਾਣਾ ਹੈ, ਤਦ ਉਹ ਕਿਉਂ[61] ਹੰਕਾਰ[62] ਕਰੇ[63] ! |
| ਜਿਤੁ ਸੇਵਿਐ[64] ਦਰਗਹ[65] ਸੁਖੁ ਪਾਈਐ ਨਾਮੁ ਤਿਸੈ[66] ਕਾ ਲੀਜੈ ॥ | Repeat the Name of Him[66], by serving[64] whom, thou shalt obtain peace in His court[65]. | ਤੂੰ ਉਸ[66] ਦੇ ਨਾਮ ਦਾ ਉਚਾਰਨ ਕਰ, ਜਿਸ ਦੀ ਘਾਲ ਕਮਾਉਣ ਦੁਆਰਾ[64] ਤੈਨੂੰ ਉਸ ਦੇ ਦਰਬਾਰ[65] ਵਿੱਚ ਆਰਾਮ ਮਿਲੇਗਾ । |
| ਆਗੈ[72] ਹੁਕਮੁ[67] ਨ ਚਲੈ[68] ਮੂਲੇ[69] ਸਿਰਿ ਸਿਰਿ[70] ਕਿਆ[71] ਵਿਹਾਣਾ[73] ॥ | In the next world[72], in no wise[69], can man's command[67] run[68]. Every-one[70] fares[73] according to his acts[71]. | ਅਗਲੇ ਜਹਾਨ[72] ਅੰਦਰ ਕਿਸੇ ਤਰ੍ਹਾਂ ਭੀ[69] ਬੰਦੇ ਦੀ ਮਨਮਰਜ਼ੀ[67] ਪੁੱਗ[68] ਨਹੀਂ ਸਕਦੀ । ਹਰ ਜਣਾ[70] ਆਪਣੇ ਅਮਲਾਂ[71] ਦਾ ਫਲ ਭੁਗਤਦਾ[73] ਹੈ । |
| ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥੨॥ | Meditate on the Lord, O my brethren, for all shall have to go this way. | ਸੁਆਮੀ ਦਾ ਭਜਨ ਕਰੋ, ਹੇ ਮੇਂਡੇ ਭਰਾਓ ! ਕਿਉਂਕਿ ਸਭ ਨੂੰ ਇਸ ਰਸਤੇ ਜਾਣਾ ਪੈਣਾ ਹੈ । |
| ਜੋ[74] ਤਿਸੁ[75] ਭਾਵੈ[76] ਸੰਮ੍ਰਥ[77] ਸੋ[78] ਥੀਐ[79] ਹੀਲੜਾ[80] ਏਹੁ ਸੰਸਾਰੋ[81] ॥ | Whatever[74] pleases[76] the[75] Omnipotent Lord[77], that[78] alone comes to pass[79]. This world[81] is an opportunity[80] to earn His pleasure. | ਜਿਹੜਾ ਕੁੱਛ[74] ਉਸ ਸਰਬ-ਸ਼ਕਤੀਵਾਨ ਸੁਆਮੀ[77] ਨੂੰ ਚੰਗਾ ਲਗਦਾ[76] ਹੈ, ਕੇਵਲ ਓਹੀ[78] ਹੁੰਦੀ ਹੈ[79] । ਇਹ ਜਗਤ[81] ਸਵਾਮੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਇਕ ਵਸੀਲਾ[80] ਹੈ । |
| ਜਲਿ[82] ਥਲਿ[83 84] ਮਹੀਅਲਿ[85] | The True[97] Creator[88] is pervading[86] | ਸੱਚਾ[87] ਕਰਤਾਰ[88] ਸਮੁੰਦਰ[82], ਧਰਤੀ[83], ਪਾਤਾਲ[84] ਅਤੇ |

| | | |
|---|---|---|
| ਰਵਿ ਰਹਿਆ[86] ਸਾਚੜਾ[87] ਸਿਰਜਣਹਾਰੋ[88] ॥ | the ocean[82], the earth[83], the nether regions[84] and the firmament[85]. | ਆਕਾਸ਼[85] ਅੰਦਰ ਵਿਆਪਕ[86] ਹੋ ਰਿਹਾ ਹੈ । |
| ਸਾਚਾ ਸਿਰਜਣਹਾਰੋ ਅਲਖ[89] ਅਪਾਰੋ[90] ਤਾ ਕਾ[91] ਅੰਤੁ[92] ਨ ਪਾਇਆ[93] । | The True Creator is invisible[89] and infinite[90]. His[91] limit[92] cannot be determined[93]. | ਸੱਚਾ ਕਰਤਾਰ ਅਦ੍ਰਿਸ਼ਟ[89] ਅਤੇ ਬੇਅੰਤ[90]ਹੈ । ਉਸ[91] ਦਾ ਓੜਕ[92] ਪਾਇਆ ਨਹੀਂ ਜਾ ਸਕਦਾ[93] । |
| ਆਇਆ[94] ਤਿਨ[95] ਕਾ ਸਫਲੁ[96] ਭਇਆ ਹੈ ਇਕ ਮਨਿ[97] ਜਿਨੀ ਧਿਆਇਆ[98]॥ | Fruitful[96] is the advent[94] of those[95], who, single-mindedly[97], contemplate[98] over the Lord. | ਫਲਦਾਇਕ[96] ਹੈ ਉਨ੍ਹਾਂ[95] ਦਾ ਆਗਮਨ[94], ਜੋ ਇੱਕ ਚਿੱਤ[97] ਸਾਹਿਬ ਦਾ ਸਿਮਰਨ ਕਰਦੇ[98] ਹਨ । |
| ਢਾਹੇ[99] ਢਾਹਿ ਉਸਾਰੇ[100] ਆਪੇ[2] ਹੁਕਮਿ[3] ਸਵਾਰਣਹਾਰੋ[4] ॥ | The Adorner[4], by His command[3] demolishes[99] and having demolished, Himself[2] constructs[100]. | ਉਸਾਰਨ ਵਾਲਾ[4] ਆਪਣੇ ਫ਼ੁਰਮਾਨ[3] ਦੁਆਰਾ ਆਪੇ ਢਾਹੁੰਦਾ[99] ਹੈ ਅਤੇ ਢਾਹ ਕੇ ਖ਼ੁਦ[2] ਹੀ ਬਣਾਉਂਦਾ[100] ਹੈ । |
| ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ[5] ਏਹੁ ਸੰਸਾਰੋ ॥ ੩ ॥ | Whatever pleases the All-powerful Lord, that happens. This world is an opportunity[5] to earn His pleasure. | ਜਿਹੜਾ ਕੁੱਛ ਉਸ ਸਰਬ ਸ਼ਕਤੀਵਾਨ ਸਾਂਈਂ ਨੂੰ ਭਾਉਂਦਾ ਹੈ, ਉਹੀ ਹੁੰਦਾ ਹੈ । ਇਹ ਜਹਾਨ ਉੱਦਮ ਕਰਨ ਦਾ ਇਕ ਹੀਲਾ[5] ਹੈ । |
| ਨਾਨਕ ਰੁੰਨਾ[6] ਬਾਬਾ[7] ਜਾਣੀਐ[8] ਜੇ[9] ਰੋਵੈ ਲਾਇ ਪਿਆਰੋ[10] ॥ | Says Nanak, O father[7],one is deemed[8] to weep[6] truly, if[9] one weeps in the Lord's love[10]. | ਗੁਰੂ ਜੀ ਆਖਦੇ ਹਨ, ਹੇ ਪਿਤਾ[7] ! ਸੱਚਾ ਉਹੀ ਰੋਂਦਾ[6] ਜਾਣਿਆ ਜਾਂਦਾ[8] ਹੈ, ਜੇਕਰ ਉਹ ਪ੍ਰਭੂ ਦੀ ਪ੍ਰੀਤ[10] ਵਿੱਚ ਰੋਂਦਾ ਹੈ । |
| ਵਾਲੇਵੇ[12] ਕਾਰਣਿ[13] ਬਾਬਾ ਰੋਈਐ ਰੋਵਣੁ[16] ਸਗਲ[14] ਬਿਕਾਰੋ[15] ॥ | O father, the mortal bewails for the sake[13] of worldly objects[12], therefore, all[14] his bewailing[16] is in vain[15]. | ਹੇ ਪਿਤਾ ! ਸੰਸਾਰੀ ਪਦਾਰਥਾਂ[12] ਦੀ ਖ਼ਾਤਿਰ[13] ਪ੍ਰਾਣੀ ਵਿਰਲਾਪ ਕਰਦਾ ਹੈ, ਇਸ ਲਈ ਸਮੂਹ[14] ਵਿਰਲਾਪ[16] ਬੇਕਾਰ[15] ਹੈ । |
| ਰੋਵਣੁ ਸਗਲ ਬਿਕਾਰੋ ਗਾਫਲੁ[17] ਸੰਸਾਰੋ ਮਾਇਆ[18] ਕਾਰਣਿ[19] ਰੋਵੈ ॥ | All the weeping is in vain. The world is forgetful[17] of the Lord and weeps for[19] wealth[18]. | ਸਾਰਾ ਰੋਣਾ-ਧੋਣਾ ਬੇਫ਼ਾਇਦਾ ਹੈ । ਦੁਨੀਆਂ ਪ੍ਰਭੂ ਵਲੋਂ ਅਵੇਸਲੀ[17] ਹੈ ਤੇ ਧਨ-ਦੌਲਤ[18] ਲਈ[19] ਰੋਂਦੀ ਹੈ । |
| ਚੰਗਾ[20] ਮੰਦਾ[21] ਕਿਛੁ[22] ਸੂਝੈ[22] ਨਾਹੀ ਇਹੁ ਤਨੁ[24] ਏਵੈ[25] ਖੋਵੈ[26] ॥ | Between good[20] and evil[21], the mortal does not make any[22] discrimination[23] and wastes[26] away this life[24] in vain[25]. | ਭਲੇ[20] ਤੇ ਬੁਰੇ[21] ਵਿੱਚ ਇਹ ਪ੍ਰਾਣੀ ਥੋੜੀ ਜੇਹੀ[22] ਭੀ ਪਛਾਣ ਨਹੀਂ ਕਰਦਾ[23] ਅਤੇ ਇਸ ਜੀਵਨ ਜਾਂ ਸਰੀਰ[24] ਨੂੰ ਬੇਫ਼ਾਇਦਾ[25] ਗੁਆ ਲੈਂਦਾ[26] ਹੈ । |
| ਐਥੈ ਆਇਆ ਸਭੁ[27] ਕੋ ਜਾਸੀ[28] ਕੂੜਿ[29] ਕਰਹੁ ਅਹੰਕਾਰੋ[30] ॥ | All[27] those who come here shall go[28]. Hence false[29] it is to act in pride[30]. | ਸਾਰੇ[27] ਜੋ ਏਥੇ ਆਉਂਦੇ ਹਨ, ਟੁਰ ਵੰਞਣਗੇ[28] । ਇਸ ਲਈ ਕੂੜਾ[29] ਹੈ ਹੰਕਾਰ[30] ਕਰਨਾ । |
| ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ ੪॥੧॥ | Says Nanak, O father, a man is considered to wail truly, if he wails in the Lord's love. | ਗੁਰੂ ਜੀ ਆਖਦੇ ਹਨ, ਹੇ ਬਾਬਲ ! ਆਦਮੀ ਤਾਂ ਸਹੀ ਤੌਰ ਉਤੇ ਰੋਂਦਾ ਖ਼ਿਆਲ ਕੀਤਾ ਜਾਂਦਾ ਹੈ ਜੇਕਰ ਉਹ ਪ੍ਰਭੂ ਪ੍ਰੀਤ ਵਿੱਚ ਰੋਂਦਾ ਹੈ । |
| ਵਡਹੰਸੁ ਮਹਲਾ ੧ ॥ | Wadhans Ist Guru. | ਵਡਹੰਸ ਪਹਿਲੀ ਪਾਤਿਸ਼ਾਹੀ |
| ਆਵਹੁ ਮਿਲਹੁ[34]ਸਹੇਲੀਹੋ[31] | Come mates[31], let us meet[34] and | ਆਓ ਸਖੀਓ[31], ਆਪਾਂ ਮਿਲ ਕੇ[34] ਸੱਚੇ[32] ਨਾਮ ਦਾ |

| | | |
|---|---|---|
| ਸਚੜਾ[32] ਨਾਮੁ ਲਏਹਾਂ[33] ॥ | contemplate[33] over the True Name[32]. | ਸਿਮਰਨ ਕਰੀਏ[33] । |
| ਰੋਵਹ[35] ਬਿਰਹਾ[36] ਤਨ ਕਾ[37] ਆਪਣਾ ਸਾਹਿਬੁ ਸੰਮ੍ਾਲੇਹਾਂ[38] ॥ | Let us bewail[35] over our body's[37] (soul's) separation[36] from the Lord and remember[38] Him. | ਆਓ ਆਪਾਂ ਦੇਹ[37] (ਆਤਮਾ) ਦੇ ਸੁਆਮੀ ਨਾਲੋਂ ਵਿਛੋੜੇ[36] ਉੱਤੇ ਵਿਰਲਾਪ ਕਰੀਏ[35] ਤੇ ਉਸ ਨੂੰ ਚੇਤੇ ਕਰੀਏ[38] । |
| ਸਾਹਿਬੁ ਸਮ੍ਾਲਿਹ[41] ਪੰਥੁ[39] ਨਿਹਾਲਿਹ[40] ਅਸਾ ਭਿ ਓਥੈ ਜਾਣਾ ॥ | Let us cherish[41] the Lord and keep an eye[40] on the Path[39]. We, too have to go there. | ਆਓ, ਆਪਾਂ ਪ੍ਰਭੂ ਦਾ ਆਰਾਧਨ ਕਰੀਏ[41] ਤੇ (ਪ੍ਰਲੋਕ ਦਾ) ਰਾਹ[39] ਦਾ ਧਿਆਨ ਕਰੀਏ[40] । ਆਪਾਂ ਨੇ ਭੀ ਓਥੇ ਜਾਣਾ ਹੈ । |
| ਜਿਸ ਕਾ ਕੀਆ[41]* ਤਿਨ ਹੀ ਲੀਆ[42] ਹੋਆ ਤਿਸੈ[43] ਕਾ ਭਾਣਾ[44] ॥ | He, who creates[41], also destroys[42]. All that takes place is in His[43] will[44]. | ਜੋ ਰੱਚਦਾ[41]* ਹੈ, ਨਾਸ ਭੀ ਓਹੀ ਕਰਦਾ[42] ਹੈ । ਜੋ ਸਾਰਾ ਕੁੱਛ ਹੁੰਦਾ ਹੈ, ਉਸ[43] ਦੀ ਰਜ਼ਾ[44] ਵਿੱਚ ਹੈ । |
| ਜੋ ਤਿਨਿ ਕਰਿ ਪਾਇਆ ਸੁ ਆਗੈ[48] ਆਇਆ ਅਸੀ ਕਿ[45] ਹੁਕਮੁ[46] ਕਰੇਹਾ[47] ॥ | Whatever He has done, that has happened[48]. How[45] can we give[47] the command[46] ? | ਜਿਹੜਾ ਕੁੱਛ ਉਸ ਨੇ ਕੀਤਾ ਹੈ, ਉਹ ਹੋ ਆਇਆ[48] ਹੈ । ਅਸੀਂ ਕਿਸ ਤਰ੍ਹਾਂ[45] ਕੋਈ ਫੁਰਮਾਨ[46] ਜਾਰੀ ਕਰ ਸਕਦੇ[47] ਹਾਂ ? |
| ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥੧॥ | Come and meet me, O maids; let us take the True Name. | ਹੇ ਸਹੇਲੀਓ ! ਆਓ ਆਪਾਂ ਰਲ ਕੇ ਸੱਚੇ ਨਾਮ ਨੂੰ ਸਿਮਰੀਏ । |
| ਮਰਣੁ[49] ਨ ਮੰਦਾ[50] ਲੋਕਾ[51] ਆਖੀਐ[52] ਜੇ[53] ਮਰਿ ਜਾਣੈ ਐਸਾ[54] ਕੋਇ[55] ॥ | O people[51], let us not call[52] death[49] bad[50]. There is hardly any[55] such[54] person, who[53] knows how to die. | ਹੇ ਪੁਰਸ਼ੋ[51] ! ਮੌਤ[49] ਨੂੰ ਬੁਰੀ[50] ਨਾ ਕਹੋ[52], ਕੋਈ ਵਿਰਲਾ[55] ਹੀ ਐਹੋ ਜੇਹਾ[54] ਪ੍ਰਾਣੀ ਹੈ, ਜੋ[53] ਮਰਣਾ ਜਾਣਦਾ ਹੈ । |
| ਸੇਵਿਹੁ[56] ਸਾਹਿਬੁ ਸੰਮ੍ਰਥੁ[57] ਆਪਣਾ ਪੰਥੁ[58] ਸੁਹੇਲਾ[59] ਆਗੈ[60] ਹੋਇ[61] ॥ | Serve[56], thou, thy Omnipotent[57] Lord. Thus, thy path[58] in the Yond[60] shall be[61] easy[59] to tread. | ਤੂੰ ਆਪਣੇ ਸਰਬ-ਸ਼ਕਤੀਵਾਨ[57] ਸੁਆਮੀ ਦੀ ਚਾਕਰੀ ਕਰ[56] । ਇਸ ਤਰ੍ਹਾਂ ਤੇਰੇ ਅਗੇ[60] ਦਾ ਰਸਤਾ[58] ਸੌਖਾ ਤੈਅ[59] ਹੋ ਜਾਵੇਗਾ[61] । |
| ਪੰਥਿ ਸੁਹੇਲੈ[62] ਜਾਵਹੁ ਤਾਂ[63] ਫਲੁ[64] ਪਾਵਹੁ ਆਗੈ[65] ਮਿਲੈ ਵਡਾਈ[66] ॥ | If thou go by the easy[62] route, then[63] shalt thou gather fruit[64] and receive honour[66] in the world beyond[65]. | ਜੇਕਰ ਤੂੰ ਸੁਖਾਲੇ[62] ਰਾਹੇ ਜਾਵੇਂਗਾ ਤਦ[63] ਤੂੰ ਫਲ[64] ਪਾ ਲਵੇਂਗਾ ਤੇ ਪ੍ਰਲੋਕ[65] ਵਿੱਚ ਤੈਨੂੰ ਇੱਜ਼ਤ ਆਬਰੂ[66] ਮਿਲੂਗੀ । |
| ਭੇਟੈ[67] ਸਿਉ[73] ਜਾਵਹੁ ਸਚਿ[68] ਸਮਾਵਹੁ[69] ਤਾਂ[70] ਪਤਿ[71] ਲੇਖੈ ਪਾਈ[72] ॥ | If thou go with[73] the offering[67] of meditation, then[70] shalt thou merge[69] in the True Lord[68] and thy honour[71] will be approved[72]. | ਜੇ ਤੂੰ ਸਿਮਰਨ ਦੇ ਨਜ਼ਰਾਨੇ[67] ਸਮੇਤ[73] ਜਾਵੇਂਗਾ, ਤਦ[70] ਤੂੰ ਸੱਚੇ ਸੁਆਮੀ[68] ਅੰਦਰ ਲੀਨ ਹੋ ਜਾਵੇਂਗਾ[69] ਤੇ ਤੇਰੀ ਇੱਜ਼ਤ[71] ਪ੍ਰਵਾਨ ਥੀ ਵੰਞੇਗੀ[72] । |
| ਮਹਲੀ[74] ਜਾਇ[75] ਪਾਵਹੁ ਖਸਮੈ[76] ਭਾਵਹੁ[77] ਰੰਗੁ[78] ਸਿਉ[79] ਰਲੀਆ[80] ਮਾਣੈ[81] ॥ | Thou shalt obtain place[75] in the Master's[76] mansion[74], be pleasing[77] to Him and enjoy[81] revelments[80] with[79] love[78]. | ਤੂੰ ਮਾਲਕ[76] ਦੇ ਮੰਦਰ[74] ਵਿੱਚ ਥਾਂ[75] ਪਾ ਲਵੇਂਗਾ, ਉਸ ਨੂੰ ਚੰਗਾ ਲਗੇਂਗਾ[77] ਅਤੇ ਪ੍ਰੇਮ[78] ਸਹਿਤ[79] ਅਨੰਦ[80] ਮਾਣੇਂਗਾ[81] । |
| ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥ ੨ ॥ | If one knows how to die, O people then, death would not be called bad. | ਜੇਕਰ ਕੋਈ ਜਣਾ ਮਰਣਾ ਜਾਣਦਾ ਹੋਵੇ, ਹੇ ਲੋਕੋ ! ਤਦ ਮੌਤ ਨੂੰ ਬੁਰੀ ਨਹੀਂ ਕਹਿਆ ਜਾਵੇਗਾ । |

| | | |
|---|---|---|
| ਮਰਣੁ ਮੁਣਸਾ[82] ਸੂਰਿਆ[83] ਹਕੁ[84] ਹੈ ਜੋ ਹੋਇ ਮਰਨਿ ਪਰਵਾਣੋ[85] ॥ | Fruitful[84] is the dying of the brave[83] persons[82], whose death is approved[85] by the Lord. (die for a good cause). | ਸਫ਼ਲ[84] ਹੈ ਉਨ੍ਹਾਂ ਬਹਾਦਰ[83] ਪੁਰਸ਼ਾਂ[82] ਦਾ ਮਰਣਾ ਜਿਹੜੇ ਮਰਨ ਤੋਂ ਪਹਿਲਾਂ ਕਬੂਲ ਪੈ ਜਾਂਦੇ[95] ਹਨ (ਕਿਸੇ ਆਦਰਸ਼ ਲਈ ਮਰਦੇ ਹਨ) । |
| ੫੮੦ | | |
| ਸੂਰੇ[86] ਸੇਈ[87] ਆਗੈ ਆਖੀਅਹਿ[88] ਦਰਗਹ[89] ਪਾਵਹਿ ਸਾਚੀ ਮਾਣੋ[90] ॥ | Hereafter, they[87] alone are acclaimed[88] as warriors[86], who receive true honour[90] in the Lord's court[89]. | ਅਗੇ ਕੇਵਲ ਓਹੀ[87] ਸੂਰਮੇ[86] ਆਖੇ ਜਾਂਦੇ[88] ਹਨ, ਜੋ ਸਾਂਈਂ ਦੇ ਦਰਬਾਰ[89] ਅੰਦਰ ਸਹੀ ਸਤਿਕਾਰ[99] ਪਾਉਂਦੇ ਹਨ । |
| ਦਰਗਹ ਮਾਣੁ[87] ਪਾਵਹਿ ਪਤਿ[91] ਸਿਉ[92] ਜਾਵਹਿ[93] ਆਗੈ[94] ਦੂਖੁ[95] ਨ ਲਾਗੈ[96]॥ | They depart[93] with[92] honour[91], obtain glory[97] in the Lord's court and suffer[96] not pain[95] in the next world[94]. | ਉਹ ਇੱਜ਼ਤ[91] ਨਾਲ[92] ਜਾਂਦੇ[93] ਹਨ, ਸਾਂਈਂ ਦੇ ਦਰਬਾਰ ਅੰਦਰ ਪ੍ਰਭਤਾ[97] ਪਾਉਂਦੇ ਹਨ ਤੇ ਪ੍ਰਲੋਕ[94] ਵਿੱਚ ਦੁਖ[95] ਨਹੀਂ ਉਠਾਉਂਦੇ[96] । |
| ਕਰਿ[96]* ਏਕੁ[98] ਧਿਆਵਹਿ[99] ਤਾਂ[100] ਫਲੁ ਪਾਵਹਿ ਜਿਤੁ[2] ਸੇਵਿਐ[3] ਭਉ[4] ਭਾਗੈ[5] ॥ | Deeming[97]* the Lord but One[98]. they dwell[99] upon Him and then[100] gather reward. The Lord is such, by serving[3] whom[2], the fear[4] is dispelled[5]. | ਸੁਆਮੀ ਨੂੰ ਕੇਵਲ ਇਕ[98] ਜਾਣ ਕੇ[97]* ਉਹ ਉਸ ਨੂੰ ਯਾਦ ਕਰਦੇ[99] ਹਨ ਅਤੇ ਤਦ[100] ਨਾਮ ਰੂਪੀ ਇਨਾਮ ਨੂੰ ਪ੍ਰਾਪਤ ਹੁੰਦੇ ਹਨ । ਪ੍ਰਭੂ ਐਸਾ ਹੈ ਜਿਸ[2] ਦੀ ਸੇਵਾ ਕਰਨ ਦੁਆਰਾ[3] ਡਰ[4] ਭੱਜ ਜਾਂਦਾ[5] ਹੈ । |
| ਊਚਾ ਨਹੀ[6] ਕਹਣਾ ਮਨ[7] ਮਹਿ[8] ਰਹਣਾ[9] ਆਪੇ[10] ਜਾਣੈ[12] ਜਾਣੋ[13] ॥ | Indulge thou not in ego[6] and abide[9] within[8] thyself[7]. The Knower[13] Himself[10] knows[12] everything. | ਤੂੰ ਹੰਕਾਰ[6] ਨਾ ਕਰ ਅਤੇ ਆਪਣੇ ਆਪ[7] ਅੰਦਰ[8] ਰਹੁ[9] । ਜਾਨਣਹਾਰ[13] ਸਾਰਾ ਕੁੱਛ ਆਪ[10] ਹੀ ਜਾਣਦਾ[12] ਹੈ । |
| ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥੩॥ | Profitable is the dying of the brave persons, whose death is approved by the Lord. | ਲਾਭਦਾਇਕ ਹੈ ਮੌਤ ਬਹਾਦਰ ਪੁਰਸ਼ਾਂ ਦੀ, ਜਿਨ੍ਹਾਂ ਦੀ ਮੌਤ ਪ੍ਰਮਾਤਮਾ ਦੀ ਦਰਗਾਹ ਵਿੱਚ ਕਬੂਲ ਹੁੰਦੀ ਹੈ (ਕਿਸੇ ਆਦਰਸ਼ ਲਈ ਮਰਦੇ ਹਨ) । |
| ਨਾਨਕ ਕਿਸ ਨੋ[14] ਬਾਬਾ[15] ਰੋਈਐ ਬਾਜੀ[16] ਹੈ ਇਹੁ ਸੰਸਾਰੋ[17] ॥ | Says Nanak, whom[14] should we wail for, O Sire[15], when this world[17] is but a play[16] ? | ਗੁਰੂ ਜੀ ਫੁਰਮਾਉਂਦੇ ਹਨ, ਅਸੀਂ ਕੀਹਦੇ[14] ਲਈ ਰੋਈਏ ਹੇ ਪਿਤਾ[15] ! ਜਦ ਕਿ ਇਹ ਜੱਗ[17] ਕੇਵਲ ਇੱਕ ਖੇਡ[16] ਹੀ ਹੈ ? |
| ਕੀਤਾ[18] ਵੇਖੈ[19] ਸਾਹਿਬੁ ਆਪਣਾ ਕੁਦਰਤਿ[20] ਕਰੇ ਬੀਚਾਰੋ[21] ॥ | The Lord watches[13] His craftsmanship[18] and gives thought[21] to His creation[20]. | ਸੁਆਮੀ ਆਪਣੀ ਕਾਰੀਗਰੀ[18] ਨੂੰ ਤੱਕਦਾ[19] ਹੈ ਅਤੇ ਆਪਣੀ ਰਚਨਾ[20] ਖ਼ਿਆਲ ਕਰਦਾ[21] ਹੈ । |
| ਕੁਦਰਤਿ[26] ਬੀਚਾਰੇ[27] ਧਾਰਣ[22] ਧਾਰੇ[23] ਜਿਨਿ ਕੀਆ[24] ਸੁੋ[25] ਜਾਣੈ ॥ | He, who has created[23] the universe[22], gives thought[27] to His creation[26]. He[25], who has created[24], alone knows. | ਜਿਸ ਨੇ ਆਲਮ[22] ਰੱਚਿਆ[23] ਹੈ, ਉਹ ਹੀ ਆਪਣੀ ਰਚਨਾ[26] ਵਲ ਧਿਆਨ ਦਿੰਦਾ[27] ਹੈ । ਜਿਸ ਨੇ ਰੱਚਿਆ[24] ਹੈ ਕੇਵਲ ਉਹੀ[25] ਜਾਣਦਾ ਹੈ । |
| ਆਪੇ[28] ਵੇਖੈ[29] ਆਪੇ ਬੂਝੈ[30] ਆਪੇ ਹੁਕਮੁ[31] ਪਛਾਣੈ[32] ॥ | The Lord Himself[28] sees[29], Himself understands[30] and Himself realises[32] He, His will[31]. | ਪ੍ਰਭੂ ਆਪ[28] ਦੇਖਦਾ[29] ਹੈ, ਆਪ ਸਮਝਦਾ[30] ਹੈ ਅਤੇ ਆਪ ਹੀ ਆਪਣੀ ਰਜ਼ਾ[31] ਨੂੰ ਅਨੁਭਵ ਕਰਦਾ[32] ਹੈ । |
| ਜਿਨਿ ਕਿਛੁ ਕੀਆ[33] ਸੋਈ[34] | He[34] who has made all this deal[33], | ਜਿਸ ਨੇ ਇਹ ਸਾਰਾ[33] ਕੁਝ ਕੀਤਾ ਹੈ, ਕੇਵਲ ਉਹੀ[34] |

| | | |
|---|---|---|
| ਜਾਣੈ ਤਾ ਕਾ[35] ਰੂਪੁ[36] ਅਪਾਰੋ[37] ॥ | alone knows it. Infinite[37] is His[35] beauty[36]. | ਇਸ ਨੂੰ ਜਾਣਦਾ ਹੈ। ਬੇਅੰਤ[37] ਹੈ ਉਸ ਦੀ[35] ਸੁੰਦਰਤਾ[36] । |
| ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥੪॥੨॥ | Says Nanak, whom should we weep for, O father. This world is but a play. | ਗੁਰੂ ਜੀ ਆਖਦੇ ਹਨ, ਅਸੀਂ ਕੀਹਦੇ ਲਈ ਵਿਰਲਾਪ ਕਰੀਏ, ਹੇ ਪਿਤਾ ! ਇਹ ਜਹਾਨ ਨਿਰੀਪੁਰੀ ਇਕ ਖੇਡ ਹੀ ਹੈ। |
| ਵਡਹੰਸੁ ਮਹਲਾ ੧ ਦਖਣੀ ॥ | Wadhans Ist Guru Dakhni. | ਵਡਹੰਸ ਪਹਿਲੀ ਪਾਤਿਸ਼ਾਹੀ ਦਖਣੀ |
| ਸਚੁ ਸਿਰੰਦਾ[38] ਸਚਾ ਜਾਣੀਐ[39] ਸਚੜਾ[40] ਪਰਵਦਗਾਰੋ[41] ॥ | Know[39] the True Creator[38] to be true. He is the True[40] sustainer[41] of all. | ਸੱਚੇ ਸਿਰਜਣਹਾਰ[38] ਨੂੰ ਸੱਚਾ ਕਰ ਕੇ ਜਾਣ[39]। ਉਹ ਸਾਰਿਆਂ ਦਾ ਸੱਚਾ[40] ਪਾਲਣ-ਪੋਸਣਹਾਰ[41] ਹੈ। |
| ਜਿਨਿ[42] ਆਪੀਨੈ[43] ਆਪੁ[44] ਸਾਜਿਆ[45] ਸਚੜਾ[46]ਅਲਖ[47] ਅਪਾਰੋ[48] ॥ | Invisible[47] and Infinite[48] is the True Lord[46], who[42] Himself[43] didst create[45] His own being. | ਅਦ੍ਰਿਸ਼ਟ[47] ਅਤੇ ਅਨੰਤ[48] ਹੈ ਸੱਚਾ ਸੁਆਮੀ[46], ਜਿਸ ਨੇ[42] ਖ਼ੁਦ[43] ਹੀ ਆਪਣੇ ਆਪ[44] ਨੂੰ ਰੱਚਿਆ[45] ਹੈ। |
| ਦੁਇ[49] ਪੁੜ[50] ਜੋੜਿ[51] ਵਿਛੋੜਿਅਨੁ[52] ਗੁਰ ਬਿਨੁ[53] ਘੋਰੁ[54] ਅੰਧਾਰੋ[55] ॥ | Creating[51] the two[49] mill-stones[50] of the earth and the sky He has separated[52] them. Without[53] the Guru, there is pitch[54] darkness[55]. | ਧਰਤੀ ਤੇ ਅਸਮਾਨ ਦੇ ਦੋ[49] ਚੱਕੀ ਦੇ ਪੱਥਰਾਂ[50] ਨੂੰ ਰੱਚ ਕੇ[51] ਉਸ ਨੇ ਉਨ੍ਹਾਂ ਨੂੰ ਵੱਖਰਾ ਕਰ ਦਿੱਤਾ[52] ਹੈ। ਗੁਰਾਂ ਦੇ ਬਗ਼ੈਰ[53] ਕਾਲਾ ਬੋਲਾ[54] ਅਨ੍ਹੇਰਾ[55] ਹੈ। |
| ਸੂਰਜੁ[56] ਚੰਦੁ[57] ਸਿਰਜਿਅਨੁ[58] ਅਹਿਨਿਸਿ[59] ਚਲਤੁ[60] ਵੀਚਾਰੋ[61] ॥੧॥ | The Lord created[58] the sun[56] and the moon[57]. Realise[61] that they are ever[59] on the move[60]. | ਸਾਹਿਬ ਨੇ ਸੂਰਜ[56] ਅਤੇ ਚੰਦ[57] ਸਾਜੇ[58] ਹਨ। ਵੇਖ ਕਿ ਉਹ ਸਦੀਵ[59] ਹੀ ਤੁਰਦੇ ਰਹਿੰਦੇ[60] ਹਨ। |
| ਸਚੜਾ[62] ਸਾਹਿਬੁ ਸਚੁ ਤੂ ਸਚੜਾ ਦੇਹਿ[63] ਪਿਆਰੋ[64]॥ ਰਹਾਉ ॥ | True Thou art, O True Lord[62]. Bless[63] me with Thine true affection[64]. Pause. | ਤੂੰ ਸੱਚਾ ਹੈਂ, ਹੇ ਸੱਚੇ ਸੁਆਮੀ[62] ! ਮੈਨੂੰ ਆਪਣੀ ਸੱਚੀ ਪ੍ਰੀਤ[64] ਪਰਦਾਨ ਕਰ[63]। ਠਹਿਰਾਉ। |
| ਤੁਧੁ ਸਿਰਜੀ[65] ਮੇਦਨੀ[66] ਦੁਖੁ[67] ਸੁਖੁ[68] ਦੇਵਣਹਾਰੋ[69]॥ | Thou it is who created[65] the world[66] and Thou alone art the Giver[69] of pain[67] and pleasure[68]. | ਤੂੰ ਹੀ ਸ੍ਰਿਸ਼ਟੀ[66] ਸਾਜੀ[65] ਹੈ ਅਤੇ ਕੇਵਲ ਤੂੰ ਹੀ ਤਕਲੀਫ਼[67] ਤੇ ਆਰਾਮ[68] ਦੇਣ ਵਾਲਾ[69] ਹੈਂ। |
| ਨਾਰੀ[70] ਪੁਰਖ[71] ਸਿਰਜਿਐ[72] ਬਿਖੁ[73] ਮਾਇਆ[74] ਮੋਹੁ[75] ਪਿਆਰੋ[76] ॥ | Thou hast made[72] woman[70] and man[71] as also the love[76] of the poison[73] of mammon[74] and the temporal attachment[75]. | ਤੂੰ ਹੀ ਜ਼ਨਾਨੀ[70], ਮਰਦ[71] ਅਤੇ ਦੁਨਿਆਵੀ ਪਦਾਰਥਾਂ[74] ਤੇ ਸੰਸਾਰੀ ਮਮਤਾ[75] ਦੀ ਜ਼ਹਿਰ[73] ਦੀ ਮੁਹੱਬਤ[76] ਬਣਾਏ[72] ਹਨ। |
| ਖਾਣੀ[77] ਬਾਣੀ[78] ਤੇਰੀਆ ਦੇਹਿ[79] ਜੀਆ ਆਧਾਰੋ[80] ॥ | The sources of creation[77] and the power of speech[78] are of Thine make and Thou givest[79] them the true Supprot[30]. | ਉਤਪਤੀ[77] ਦੇ ਸੋਮੇ ਅਤੇ ਬੋਲਣ[78] ਦੀ ਸੱਤਿਆ ਤੇਰੀ ਹੀ ਰਚਨਾ ਹਨ ਅਤੇ ਤੂੰ ਹੀ ਉਨ੍ਹਾਂ ਨੂੰ ਸੱਚਾ ਆਸਰਾ[80] ਦਿੰਦਾ[79] ਹੈਂ। |
| ਕੁਦਰਤਿ[81] ਤਖਤੁ[82] | The creation[81], Thou hast made[83] | ਰਚਨਾ[81] ਨੂੰ ਤੂੰ ਆਪਣਾ ਰਾਜ ਸਿੰਘਾਸਣ[82]ਬਣਾਇਆ[83] |

| | | |
|---|---|---|
| ਰਚਾਇਆ[83] ਸਚਿ[84] ਨਿਬੇੜਣਹਾਰੋ[85] ॥੨॥ | Thy throne[82] and Thou alone art the true[84] adjudicator[85]. | ਹੈ ਕੇਵਲ ਤੂੰ ਹੀ ਸੱਚਾ[84] ਮੁਨਸਿਫ਼[85] ਹੈ। |
| ਆਵਾ[86] ਗਵਣੁ[87] ਸਿਰਜਿਆ[88] ਤੂ ਥਿਰੁ[89] ਕਰਣੈਹਾਰੋ[90] ॥ | Coming[86] and going[87] Thou hast ordained[88], but Thyself Thou art ever stable[89], O Creator[90]. | ਆਉਣਾ[86] ਤੇ ਜਾਣਾ[87] ਤੈਂ ਹੀ ਨਿਯੁਕਤ ਕੀਤਾ[88] ਹੈ। ਖ਼ੁਦ ਤੂੰ ਸਦੀਵੀ, ਸਥਿਰ[89] ਹੈਂ, ਹੇ ਸਿਰਜਣਹਾਰ[90]! |
| ਜੰਮਣੁ ਮਰਣਾ ਆਇ ਗਇਆ ਬਧਿਕੁ[91] ਜੀਉ[92] ਬਿਕਾਰੋ[93] ॥ | In birth and death, coming and going, this soul[92] is bound[91] in sins[93]. | ਜੰਮਣ, ਮਰਣ, ਆਉਣ ਅਤੇ ਜਾਣ ਅੰਦਰ ਇਹ ਆਤਮਾ[92] ਪਾਪਾਂ[93] ਵਿੱਚ ਬੱਝੀ ਹੋਈ[91] ਹੈ। |
| ਭੂਡੜੈ[94] ਨਾਮੁ ਵਿਸਾਰਿਆ[95] ਬੂਡੜੈ[96] ਕਿਆ[97] ਤਿਸੁ[98] ਚਾਰੋ[99] ॥ | The evil person[94] has forgotten[95] the Name. The drowned one[96]! what[97] remedy[99] has he[98], now? | ਭੈੜੇ ਪੁਰਸ਼[94] ਨੇ ਨਾਮ ਨੂੰ ਭੁਲਾ ਦਿੱਤਾ[95] ਹੈ। ਉਹ ਮੋਹ ਮਾਇਆ ਵਿੱਚ ਡੁੱਬਿਆ ਹੋਇਆ[96], ਉਸ[98] ਦਾ ਹੁਣ ਕੀ[97] ਇਲਾਜ[99] ਹੈ? |
| ਗੁਣ[100] ਛੋਡਿ[2] ਬਿਖੁ[3] ਲਦਿਆ[4] ਅਵਗੁਣ[5] ਕਾ ਵਣਜਾਰੋ[6] ॥੩॥ | Forsaking[2] merit[100], he, the trader[6] of sin[5], has loaded[4] the poison[3] of demerit. | ਨੇਕੀ[100] ਨੂੰ ਤਿਆਗ ਕੇ[2] ਉਸ ਪਾਪ[5] ਦੇ ਸੁਦਾਗਰ[6] ਨੇ ਬਦੀ ਦੀ ਜ਼ਹਿਰ[3] ਦਾ ਮਾਲ ਲੱਦਿਆ[4] ਹੈ। |
| ਸਦੜੇ ਆਏ[7] ਤਿਨਾ[8] ਜਾਨੀਆ[9] ਹੁਕਮਿ[10] ਸਚੇ ਕਰਤਾਰੋ[12] ॥ | By the True Creator's cammand[10], the[8] beloved[9] receives[7] the call. | ਸੱਚੇ ਸਿਰਜਣਹਾਰ[12] ਦੇ ਫ਼ੁਰਮਾਨ[10] ਦੁਆਰਾ ਉਹ[8] ਪਿਆਰੀ[9] ਆਤਮਾ ਸੱਦ ਲਈ ਜਾਂਦੀ[7] ਹੈ। |
| ਨਾਰੀ[13] ਪੁਰਖ[14] ਵਿਛੁੰਨਿਆ[10] ਵਿਛੁੜਿਆ[16] ਮੇਲਣਹਾਰੋ[17] ॥ | The soul spouse[14] is separated[15] from the body bride[13]. Of the separated[16] ones, the Lord is the Uniter[17]. | ਭਉਰ ਪਤੀ[14], ਦੇਹ ਪਤਨੀ[13] ਨਾਲੋਂ ਵੱਖਰਾ ਹੋ ਜਾਂਦਾ[15] ਹੈ। ਵਿਛੁੰਨਿਆਂ[16] ਦਾ ਸੁਆਮੀ ਹੀ ਮਿਲਾਪ ਕਰਾਉਣ ਵਾਲਾ[17] ਹੈ। |
| ਰੂਪੁ[18] ਨ ਜਾਣੈ[19] ਸੋਹਣੀਐ[20] ਹੁਕਮਿ[21] ਬਧੀ[22] ਸਿਰਿਕਾਰੋ[23] ॥ | O beauteous one[20], death cares[19] not for beauty[18]. With the Commander's[23] command[21] the death's couriers are bound[22]. | ਨੀ ਸੁੰਦਰੀਏ[20]! ਮੌਤ ਸੁੰਦਰਤਾ[18] ਦੀ ਪਰਵਾਹ ਨਹੀਂ ਕਰਦੀ[19]। ਹਾਕਮ[23] ਦੇ ਹੁਕਮ[21] ਨਾਲ ਮੌਤ ਦੇ ਫ਼ਰੇਸ਼ਤੇ ਬੱਝੇ ਹੋਏ[22] ਹਨ। |
| ਬਾਲਕ[24] ਬਿਰਧਿ[25] ਨ ਜਾਣਨੀ[26] ਤੋੜਨਿ[27] ਹੇਤੁ[28] ਪਿਆਰੋ[29] ॥੪॥ | Between a child[24] and an aged one[25], they (the yamas) distinguish[26] not; they snap[27] all love[28] and affection[29]. | ਬੱਚੇ[24] ਅਤੇ ਬੁੱਢੇ[25] ਵਿਚਕਾਰ ਉਹ (ਜਮ) ਪਛਾਣ ਨਹੀਂ ਕਰਦੇ[26]। ਪ੍ਰੀਤ[28] ਤੇ ਪ੍ਰੇਮ[29] ਨੂੰ ਉਹ ਤੋੜ ਸੁੱਟਦੇ[27] ਹਨ। |
| ਨਉ ਦਰ[30] ਠਾਕੇ[31] ਹੁਕਮਿ[32] ਸਚੈ[33] ਹੰਸੁ[34] ਗਇਆ ਗੈਣਾਰੇ[35] ॥ | The nine doors[30] are closed[31] by the True Lord's[33] order[32] and the swan-soul[34] goes out into the skies[35]. | ਸੱਚੇ ਸਾਹਿਬ[33] ਦੇ ਫ਼ੁਰਮਾਨ[32] ਦੁਆਰਾ ਨੌ ਦਰਵਾਜ਼ੇ[30] ਬੰਦ ਹੋ ਜਾਂਦੇ[31] ਹਨ ਅਤੇ ਹੰਸ-ਆਤਮਾ[34] ਅਸਮਾਨਾਂ[35] ਨੂੰ ਚਲੀ ਜਾਂਦੀ ਹੈ। |
| ਸਾ ਧਨ[36] ਛੁਟੀ[37] ਮੁਠੀ[38] ਝੂਠਿ[39] ਵਿਧਣੀਆ[40] ਮਿਰਤਕੜਾ[41] ਅੰਙਨੜੇ[42] ਬਾਰੇ[43] ॥ | The body bride[36] is separated[37], defrauded[38] by falsehood[39], she has become a widow[40] and the dead[41] body is lying at the door[43] of. the compound[42]. | ਦੇਹ ਪਤਨੀ[36] ਵੱਖ ਹੋ ਗਈ[37] ਹੈ। ਕੂੜ[39] ਨਾਲ ਠੱਗੀ ਜਾ ਕੇ[38], ਉਹ ਰੰਡੀ[40] ਹੋ ਗਈ ਹੈ। ਮੁਰਦਾ[41] ਦੇਹ ਵਿਹੜੇ[42] ਦੇ ਬੂਹੇ[43] ਤੇ ਪਈ ਹੈ। |

| | | |
|---|---|---|
| ਸੁਰਤਿ[44] ਮੁਈ[45] ਮਰੁ[46] ਮਾਈਏ[47] ਮਹਲ[48] ਰੁੰਨੀ ਦਰ ਬਾਰੈ[50]॥ | The dead man's wife[48] cries[49] at the door[50] : "with his death[46], O mother[47], my intellect[44] is deadened[45]" | ਮਰੇ ਹੋਏ ਬੰਦੇ ਦੀ ਵਹੁਟੀ[48] ਦਰਵਾਜ਼ੇ[50] ਤੇ ਚੀਕ-ਚਿਹਾੜਾ[49] ਪਾਉਂਦੀ ਹੈ। "ਪਤੀ ਦੀ ਮੌਤ[46] ਨਾਲ ਹੇ ਮਾਤਾ[47] ! ਮੇਰੀ ਮੱਤ[44] ਮਾਰੀ ਗਈ[45] ਹੈ"। |
| ਰੋਵਹੁ[51] ਕੰਤ[52] ਮਹੇਲੀਹੋ[53] ਸਚੇ ਕੇ ਗੁਣ[55] ਸਾਰੇ[56] ॥੫॥ | O the Husband's[52] brides[53], by remembering[56] the True Lord's[54] praise[55], shed thou the tears[51] of His love. | ਹੇ ਪ੍ਰਮੇਸ਼ਰ ਪਤੀ[52] ਦੀਓ ਵਹੁਟੀਓ[53] ! ਸੱਚੇ ਸਾਹਿਬ[54] ਦੀ ਸਿਫ਼ਤ ਸ਼ਲਾਘਾ[55] ਨੂੰ ਚੇਤੇ[56] ਕਰ ਕੇ, ਤੁਸੀਂ ਉਸ ਦੇ ਪ੍ਰੇਮ ਦੇ ਹੰਝੂ[51] ਕੇਰੋ। |
| ਜਲਿ[57] ਮਲਿ[58] ਜਾਨੀ[59] ਨਾਵਾਲਿਆ[60] ਕਪੜਿ[61] ਪਟਿ[62] ਅੰਬਾਰੇ[63] ॥ | The dear one[59] is cleansed[58] and bathed[60] with water[57] and is robed in good many[63] silk[62] clothes[61]. | ਪਿਆਰੇ[59] ਨੂੰ ਪਾਣੀ[57] ਨਾਲ ਮਲ[58] ਕੇ ਨੁਹਾਇਆ[60] ਜਾਂਦਾ ਹੈ ਅਤੇ ਉਸ ਨੂੰ ਬਹੁਤ ਸਾਰੇ[63] ਰੇਸ਼ਮ[62] ਦੇ ਕਪੜੇ[61] ਪਾਏ ਜਾਂਦੇ ਹਨ। |
| ਵਾਜੇ[64] ਵਜੇ[65] ਸਚੀ ਬਾਣੀਆ[66] ਪੰਚ[67] ਮੁਏ[68] ਮਨੁ[69] ਮਾਰੇ[70] ॥ | The bands[64] play[65] to the chanting of the True words[66]. With numbed[70] mind[69], the five[67] kindreds feel like the dead[68]. | ਸੱਚੇ ਸ਼ਬਦਾਂ[66] ਦੇ ਕੀਰਤਨ ਸਹਿਤ ਬਾਜੇ[64] ਵੱਜਦੇ[65] ਹਨ। ਸੁੰਨ[70] ਮਨ[69] ਨਾਲ ਪੰਜੇ[67] ਸਨਬੰਧੀ ਮੋਇਆਂ ਵਰਗੇ[68] ਹੋ ਗਏ ਹਨ। |
| ਜਾਨੀ[71] ਵਿਛੁੰਨੜੇ[72] ਮੇਰਾ ਮਰਣੁ[73] ਭਇਆ ਧ੍ਰਿਗੁ[74] ਜੀਵਣੁ[75] ਸੰਸਾਰੇ[76] ॥ | Cries the wife, "separation[72] of my beloved[71] is death[73] for me. Accursed[74] is now my life[75] in this world[76]". | ਵਹੁਟੀ ਪੁਕਾਰਦੀ ਹੈ "ਪ੍ਰੀਤਮ[71] ਦਾ ਵਿਛੋੜਾ[72] ਮੇਰੇ ਲਈ ਮੌਤ[73] ਹੈ। ਲਾਨ੍ਹਤ-ਯੋਗ[74] ਹੈ ਹੁਣ ਮੇਰੀ ਜ਼ਿੰਦਗੀ[75] ਇਸ ਜਹਾਨ[76] ਵਿੱਚ"। |
| ਜੀਵਤੁ[77] ਮਰੈ ਸੁ[88] ਜਾਣੀਐ[89] ਪਿਰ[90] ਸਚੜੈ[91] ਹੇਤਿ[92] ਪਿਆਰੇ[93] ॥੬॥ | She[88], who, while alive[77], dies for the sake[92] of the love[93] of her True[91] spouse[90], is deemed[89] to live. | ਜੋ ਆਪਣੇ ਸੱਚੇ[91] ਕੰਤ[90] ਦੀ ਪ੍ਰੀਤ[93] ਦੇ ਵਾਸਤੇ[92] ਜੀਊਂਦੇ ਜੀ[77] ਮਰੀ ਰਹਿੰਦੀ ਹੈ, ਉਹ[88] ਹੀ ਜੀਊਂਦੀ ਜਾਣੀ[89] ਜਾਂਦੀ ਹੈ। |
| ਤੁਸੀ ਰੋਵਹੁ ਰੋਵਣ ਆਈਹੋ ਝੂਠਿ[94] ਮੁਠੀ[95] ਸੰਸਾਰੇ[96] ॥ | Wail ye, O women, who have come to wail, but false[94] is the bewailing of the defrauded[95] world[96]. | ਤੁਸੀਂ, ਹੇ ਇਸਤ੍ਰੀਓ ! ਜੋ ਰੋਣ ਲਈ ਆਈਆਂ ਹੋ, ਰੋਵੋ, ਪ੍ਰੰਤੂ ਕੂੜਾ[94] ਹੈ ਵਿਰਲਾਪ ਠੱਗੀ ਹੋਈ[95] ਦੁਨੀ[96] ਦਾ। |
| ਹਉ ਮੁਠੜੀ[97] ਧੰਧੈ[98] ਧਾਵਣੀਆ[99] ਪਿਰਿ[100] ਛੋਡਿਅੜੀ[2] [3]ਵਿਧਣ[4] ਕਾਰੇ[5] ॥ | I, a beguilded[97] bride, am running[99] after the worldly affairs[98]. I practise the evil deeds[5] of a [4]spouseless[3] wife and the Groom[100] has forsaken[2] me. | ਮੈਂ, ਠੱਗੀ ਹੋਈ[97] ਪਤਨੀ ਸੰਸਾਰੀ ਕੰਮਾਂ-ਕਾਜਾਂ[98] ਮਗਰ ਭੱਜੀ[99] ਫਿਰਦੀ ਹਾਂ। ਮੈਂ ਕੰਤ[4]-ਵਿਹੂਣ[3] ਵਹੁਟੀ ਵਾਲੇ ਮੰਦੇ ਅਮਲ[5] ਕਮਾਉਂਦੀ ਹਾਂ ਤੇ ਪਤੀ[100] ਨੇ ਮੈਨੂੰ ਛੱਡ ਦਿੱਤਾ[2] ਹੈ। |
| ੫੮੧ | | |
| ਘਰਿ ਘਰਿ[6] ਕੰਤੁ[7] ਮਹੇਲੀਆ[8] ਰੂੜੈ[9] ਹੇਤਿ[10] ਪਿਆਰੇ[12] ॥ | In every home[6], are the God Groom's[7] brides[8]; they regard with love[10] and affection[12] their Beauteous[9] Groom. | ਹਰ ਗ੍ਰਿਹ[6] ਵਿੱਚ (ਪ੍ਰਮੇਸ਼ਰ) ਪਤੀ[7], ਦੀਆਂ ਪਤਨੀਆਂ[8] ਹਨ। ਸੱਚੀਆਂ ਪਤਨੀਆਂ ਆਪਣੇ ਸੁੰਦਰ[9] ਪਤੀ ਨਾਲ ਪ੍ਰੇਮ[10] ਤੇ ਮੁਹੱਬਤ[12] ਕਰਦੀਆਂ ਹਨ। |
| ਮੈ ਪਿਰੁ ਸਚੁ[13] ਸਾਲਾਹਣਾ[14] | Sing I the praise[14] of my True[13] | ਮੈਂ ਆਪਣੇ ਸੱਚੇ[13] ਪਤੀ ਦਾ ਜੱਸ[14] ਗਾਇਨ ਕਰਦੀ ਹਾਂ |

ਹਉ[15] ਰਹਸਿਅੜੀ[16] ਨਾਮਿ ਭਤਾਰੇ[17] ॥੭॥

Spouse and through the Spouse's[17] Name, bloom[16] I[15].

ਅਤੇ ਪਤੀ[17] ਦੇ ਨਾਮ ਰਾਹੀਂ ਹੀ ਮੈਂ[15] ਪ੍ਰਫੁੱਲਤ[16] ਹੁੰਦੀ ਹਾਂ ।

ਗੁਰਿ ਮਿਲਿਐ ਵੇਸੁ[17*] ਪਲਟਿਆ[18] ਸਾ ਧਨ[19] ਸਚੁ ਸੀਗਾਰੋ[20] ॥

Meeting the Guru, the bride's[19] raiment[17] is changed[18], and she bedecks[20] herself with Truth.

ਗੁਰਾਂ ਨੂੰ ਮਿਲਣ ਨਾਲ ਪਤਨੀ[19] ਦੀ ਪੁਸ਼ਾਕ[17*] ਬਦਲ[18] ਜਾਂਦੀ ਹੈ ਤੇ ਉਹ ਸੱਚ ਨਾਲ ਆਪਣੇ ਆਪ ਨੂੰ ਸ਼ਸ਼ੋਭਤ[20] ਕਰਦੀ ਹੈ ।

ਆਵਹੁ ਮਿਲਹੁ ਸਹੇਲੀਹੋ[21] ਸਿਮਰਹੁ[22] ਸਿਰਜਣਹਾਰੋ[23] ॥

Come and meet me, my mates[21], let us contemplate[22] over the Creator[23].

ਮੇਰੀਓ ਸਖੀਓ[21], ਮੈਨੂੰ ਆ ਕੇ ਮਿਲੋ, ਆਓ ਆਪਾਂ ਕਰਤਾਰ[23] ਦਾ ਆਰਾਧਨ[22] ਕਰੀਏ ।

ਬਈਅਰਿ[24] ਨਾਮਿ ਸੋੁਹਾਗਣੀ[25] ਸਚੁ[26] ਸਵਾਰਣਹਾਰੋ[27] ॥

Through the Name, the bride[24] becomes her Groom's favourite[25] and the True[26] Name is her adorner[27].

ਨਾਮ ਦੇ ਰਾਹੀਂ ਵਹੁਟੀ[24] ਆਪਣੇ ਮਾਲਕ ਦੀ ਪਿਆਰੀ[25] ਥੀ ਵੰਞਦੀ ਹੈ ਅਤੇ ਸੱਚਾ[26] ਨਾਮ ਉਸ ਨੂੰ ਸ਼ਸ਼ੋਭਤ ਕਰਨ ਵਾਲਾ[27] ਹੈ ।

ਗਾਵਹੁ[28] ਗੀਤੁ[29] ਨ ਬਿਰਹੜਾ[30] ਨਾਨਕ ਬ੍ਰਹਮ ਬੀਚਾਰੋ[32] ॥੮॥੩॥

So sing[28] not the elegies[29] of separation[30], O Nanak. Rather, meditate[32] thou on the Lord's[31] Name.

ਇਸ ਲਈ ਵਿਛੋੜੇ[30] ਦੇ ਕੀਰਨੇ[29] ਨਾ ਗਾਓ[28], ਹੇ ਨਾਨਕ ! ਸਗੋਂ ਤੁਸੀਂ ਸੁਆਮੀ[31] ਦੇ ਨਾਮ ਦਾ ਸਿਮਰਨ[32] ਕਰੋ ।

ਵਡਹੰਸੁ ਮਹਲਾ ੧ ॥

Wadhans Ist Guru.

ਵਡਹੰਸ ਪਹਿਲੀ ਪਾਤਿਸ਼ਾਹੀ

ਜਿਨਿ ਜਗੁ[33] ਸਿਰਜਿ[34] ਸਮਾਇਆ[35] ਸੋ ਸਾਹਿਬੁ[36] ਕੁਦਰਤਿ[37] ਜਾਣੋਵਾ[38] ॥

He, who fashions[34] and destroys[35] the world[33], that[36] Lord alone knows[38] His Omnipotence[37].

ਜੋ ਸੰਸਾਰ[33] ਨੂੰ ਸਾਜਦਾ[34] ਅਤੇ ਮਿਸਮਾਰ ਕਰਦਾ[35] ਹੈ, ਕੇਵਲ ਉਹ[36] ਸੁਆਮੀ ਹੀ ਆਪਣੀ ਅਪਾਰ ਸ਼ਕਤੀ[37] ਨੂੰ ਜਾਣਦਾ[38] ਹੈ ।

ਸਚੜਾ[39] ਦੂਰਿ[40] ਨ ਭਾਲੀਐ[41] ਘਟਿ[42] ਘਟਿ ਸਬਦੁ[43] ਪਛਾਣੋਵਾ[44] ॥

Seek[41] not the True One[39] far[40]. Recognise[44] thou, the Lord[43] in every heart[42].

ਸਤਿਪੁਰਖ[39] ਦੀ ਦੁਰੇਡੇ[40] ਖੋਜ-ਭਾਲ[41] ਨਾ ਕਰ । ਤੂੰ ਸੁਆਮੀ[43] ਨੂੰ ਹਰ ਦਿਲ[42] ਅੰਦਰ ਸਿੰਞਾਣ[44] ।

ਸਚੁ ਸਬਦੁ[45] ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ[46] ਰਾਚੀ[47] ॥

Know thou the True Lord[45] and think Him not to be far, who has created[47] this universe[46].

ਤੂੰ ਸੱਚੇ ਸੁਆਮੀ[45] ਨੂੰ ਸਮਝ ਅਤੇ ਉਸ ਨੂੰ ਦੁਰੇਡੇ ਖ਼ਿਆਲ ਨਾ ਕਰ, ਜਿਸ ਨੇ ਇਹ ਸੰਸਾਰ[46] ਸਾਜਿਆ[47] ਹੈ ।

ਨਾਮੁ ਧਿਆਏ[48] ਤਾ[49] ਸੁਖੁ[50] ਪਾਏ ਬਿਨੁ ਨਾਵੈ ਪਿੜ[51] ਕਾਚੀ[52] ॥

When man remembers[48] the Name, then[49], gathers he, the bliss[50]. Without the Name, plays he, the losing[52] game[51].

ਜਦ ਇਨਸਾਨ ਨਾਮ ਦਾ ਚਿੰਤਨ[48] ਕਰਦਾ ਹੈ, ਤਦ[49] ਉਹ ਆਰਾਮ[50] ਪਾਉਂਦਾ ਹੈ । ਨਾਮ ਦੇ ਬਾਝੋਂ ਉਹ ਹਾਰ[52] ਜਾਣ ਵਾਲੀ ਖੇਡ[51] ਖੇਡਦਾ ਹੈ ।

ਜਿਨਿ ਥਾਪੀ[53] ਬਿਧਿ[54] ਜਾਣੈ ਸੋਈ[55] ਕਿਆ[56] ਕੋ[57] ਕਹੈ[58] ਵਖਾਣੋ[59] ॥

He[55], who establishes[53] the creation, knows the way[54] to sustain it. What[56] can any one[57] say[58] and describe[59] ?

ਜੋ ਸ੍ਰਿਸ਼ਟੀ ਨੂੰ ਅਸਥਾਪਨ[53] ਕਰਦਾ ਹੈ ਉਹੀ[55] ਇਸ ਨੂੰ ਸਹਾਰਾ ਦੇਣ ਦਾ ਰਸਤਾ[54] ਜਾਣਦਾ ਹੈ । ਕੋਈ[57] ਕੀ[56] ਆਖ[58] ਤੇ ਬਿਆਨ[59] ਕਰ ਸਕਦਾ ਹੈ ?

ਜਿਨਿ ਜਗੁ[60] ਥਾਪਿ[61] ਵਤਾਇਆ[62] ਜਾਲੁੋ[63] ਸੋ[64] ਸਾਹਿਬੁ[65] ਪਰਵਾਣੋ[66] ॥੧॥

He, who has established[61] the world[60] and cast[62] over it the net[63] of mammon, accept[66] Him[64] as thy Master[65].

ਜਿਸ ਨੇ ਸੰਸਾਰ[60] ਸਾਜਿਆ[61] ਹੈ, ਤੇ ਇਸ ਉੱਤੇ ਮਾਇਆ ਦਾ ਫੰਧਾ[63] ਪਾਇਆ[62] ਹੈ; ਉਸ[64] ਨੂੰ ਆਪਣਾ ਮਾਲਕ[65] ਸਵੀਕਾਰ[66] ਕਰ ।

| | | |
|---|---|---|
| ਬਾਬਾ[67]ਆਇਆ[68] ਹੈ ਉਠਿ[69] ਚਲਣਾ[70] ਅਧ ਪੰਧੈ[71] ਹੈ ਸੰਸਾਰੋਵਾ[72] ॥ | O father[67], having come[68], man has to arise[69] and go[70]. This world[72] is but a half-way[71] camp. | ਹੇ ਪਿਤਾ[67] ! ਏਥੇ ਆ ਕੇ[68], ਬੰਦੇ ਨੇ ਟੁਰ[70] ਜਾਣਾ ਹੈ । ਇਹ ਜਗਤ[72] ਇਕ ਨਿਰਾ ਅੱਧ-ਵਾਟੇ[71] ਦਾ ਪੜਾ ਹੀ ਹੈ । |
| ਸਿਰਿ ਸਿਰਿ[73] ਸਚੜੈ[74] ਲਿਖਿਆ[75] ਦੁਖੁ[76] ਸੁਖੁ[77] ਪੁਰਬਿ[78] ਵੀਚਾਰੋਵਾ[79] ॥ | Reviewing[79] their past[78] actions, the True Lord[74], writes[75] pain[76] and pleasure[77] in the destinies of all the individuals[73]. | ਉਨ੍ਹਾਂ ਦੇ ਪੂਰਬਲੇ[78] ਕਰਮਾਂ ਦਾ ਖ਼ਿਆਲ[79] ਕਰ ਕੇ ਸੱਚਾ ਸਾਂਈ[74] ਸਾਰਿਆਂ ਬੰਦਿਆਂ[73] ਦੇ ਮੱਥੇ ਤੇ ਗ਼ਮੀ[76] ਤੇ ਖ਼ੁਸ਼ੀ[77] ਲਿਖ[75] ਦਿੰਦਾ ਹੈ । |
| ਦੁਖੁ ਸੁਖੁ ਦੀਆ[80] ਜੇਹਾ[81] ਕੀਆ[82] ਸੁ[83] ਨਿਬਹੈ[84] ਜੀਅ[85] ਨਾਲੇ ॥ | According[81] to the deeds done[82], the Lord gives[80] pain and pleasure and they[83] last[84] with the soul[85]. | ਕੀਤੇ[82] ਹੋਏ ਅਮਲਾਂ ਦੇ ਅਨੁਸਾਰ[81] ਸੁਆਮੀ ਤਕਲੀਫ਼ ਤੇ ਆਰਾਮ ਦਿੰਦਾ[80] ਹੈ ਤੇ ਉਹ[83] ਆਤਮਾ[85] ਦੇ ਨਾਲ ਰਹਿੰਦੇ[84] ਹਨ । |
| ਜੇਹੇ[86] ਕਰਮ[87] ਕਰਾਏ ਕਰਤਾ[88] ਦੂਜੀ[89] ਕਾਰ[90] ਨ ਭਾਲੇ[91] ॥ | The mortal does such deeds[87], as[86] the Creator[88] makes him to do. He seeks[91] no other[89] job[90]. | ਪ੍ਰਾਣੀ ਐਹੋ ਜੇਹੇ ਕੰਮ-ਕਾਜ[87] ਕਰਦਾ ਹੈ, ਜੇਹੇ ਜਿਹੇ[86] ਸਿਰਜਣਹਾਰ[88] ਉਸ ਪਾਸੋਂ ਕਰਵਾਉਂਦਾ ਹੈ । ਉਹ ਕਿਸੇ ਹੋਰਸ[89] ਕੰਮ[90] ਦੀ ਤਲਾਸ਼[91] ਹੀ ਨਹੀਂ ਕਰਦਾ । |
| ਆਪਿ[92] ਨਿਰਾਲਮੁ[93] ਧੰਧੈ[94] ਬਾਧੀ[95] ਕਰਿ[96] ਹੁਕਮੁ[97] ਛਡਾਵਣਹਾਰੋ[98] ॥ | Himself[92] the Lord is detached[93], but the world is involved[95] in strifes[94]. By[96] His will[97], He does emancipate[98] it. | ਖ਼ੁਦ[2] ਪ੍ਰਭੂ ਨਿਰਲੇਪ[93] ਹੈ । ਮਗਰ ਸੰਸਾਰ ਪੁਆੜਿਆਂ[94] ਅੰਦਰ ਫਾਥਾ[95] ਹੋਇਆ ਹੈ । ਆਪਣੀ ਰਜ਼ਾ[97]ਦੁਆਰਾ[96] ਉਹ ਇਸ ਨੂੰ ਬੰਦ-ਖ਼ਲਾਸ[98] ਕਰ ਦਿੰਦਾ ਹੈ । |
| ਅਜੁ[99] ਕਲਿ[100] ਕਰਦਿਆ[2] ਕਾਲੁ[3] ਬਿਆਪੈ[4] ਦੂਜੈ ਭਾਇ[5] ਵਿਕਾਰੋ[6] ॥੨॥ | Attached to duality[5], the man commits sins[6]. Putting off[2] Lord's meditation till to-day-eve[99] or tomorrow[100], he is seized[4] by death[3]. | ਦਵੈਤ-ਭਾਵ[5] ਨਾਲ ਜੁੜਿਆ ਹੋਇਆ ਉਹ ਪਾਪ[6] ਕਰਦਾ ਹੈ । ਸੁਆਮੀ ਦੇ ਸਿਮਰਨ ਨੂੰ ਅੱਜ-ਆਥਣ[99] ਜਾਂ ਕਲ੍ਹ[100] ਤਾਈਂ ਮੁਲਤਵੀ[2] ਕਰਦੇ ਕਰਦੇ ਉਸ ਨੂੰ ਮੌਤ[3] ਆ ਪਕੜਦੀ[4] ਹੈ । |
| ਜਮ[7] ਮਾਰਗ[8] ਪੰਥੁ ਨ ਸੁਝਈ[10] ਉਝੜੁ[12] ਅੰਧ ਗੁਬਾਰੋਵਾ[13] ॥ | The death's[7] path[8] is dismal[12] and utterly 'dark[13] and the way[9] cannot be discerned[10]. | ਮੌਤ[7] ਦਾ ਰਸਤਾ[8] ਸੁੰਨਸਾਨ[12] ਤੇ ਪਰਮ ਕਾਲਾ-ਬੋਲਾ[13] ਹੈ ਅਤੇ ਰਾਹ[9] ਦਿਸ[10] ਨਹੀਂ ਸਕਦਾ । |
| ਨਾ ਜਲੁ[14] ਲੇਫ[15] ਤੁਲਾਈਆ[16] ਨਾ ਭੋਜਨ[17] ਪਰਕਾਰੋਵਾ[18] ॥ | Neither water[14], quilt[15] and mattress[16], nor various[18] viands[17] are found there. | ਨਾ ਪਾਣੀ[14], ਰਜ਼ਾਈ[15] ਤੇ ਗਦੇਲਾ[16] ਤੇ ਨਾ ਹੀ ਰੰਗ ਬਰੰਗੇ[18] ਖਾਣੇ[17] ਉਥੇ ਮਿਲਦੇ ਹਨ । |
| ਭੋਜਨ ਭਾਉ ਨ ਠੰਢਾ ਪਾਣੀ ਨਾ ਕਾਪੜੁ ਸੀਗਾਰੋ ॥ | There, the mortal receives neither food, honour and cold water, nor ornamental costume. | ਉਥੇ ਪ੍ਰਾਣੀ ਨੂੰ ਨਾ ਹੀ ਖ਼ੁਰਾਕ, ਪਿਆਰ ਤੇ ਸੀਤਲ ਜੱਲ ਮਿਲਦਾ ਹੈ ਤੇ ਨਾ ਹੀ ਖੁਸ਼ਨਮਾ ਪੁਸ਼ਾਕ ਮਿਲਦੀ ਹੈ । |
| ਗਲਿ[19] ਸੰਗਲੁ[20] ਸਿਰਿ[21] ਮਾਰੇ[22] ਊਭੌ[23] ਨ ਦੀਸੈ[24] ਘਰ[25] ਬਾਰੋ[26] ॥ | His neck[19] is chained[20], death's courier standing[23] over his head[21] strikes[22] him and he sees[24] not home's[25] door[26] (a place for refuge). | ਉਸ ਦੀ ਗਰਦਨ[19] ਜ਼ੰਜੀਰ[20] ਨਾਲ ਜਕੜੀ ਜਾਂਦੀ ਹੈ, ਜਮਦੂਤ ਸਿਰ[21] ਉੱਤੇ ਖੜੋਤਾ[23] ਉਸ ਨੂੰ ਮਾਰਦਾ[22] ਹੈ ਅਤੇ ਉਸ ਨੂੰ ਕੋਈ ਆਰਾਮ ਦੀ ਥਾਂ ਨਹੀਂ ਮਿਲਦੀ (ਆਪਣੇ ਗ੍ਰਿਹੁ[25] ਦਾ ਬੂਹਾ[26] ਨਹੀਂ ਦਿਸਦਾ[24]) । |
| ਇਬ ਕੇ[27] ਰਾਹੇ[28] ਜੰਮਨਿ[29] | The seeds sown on this[27] path[28] | ਇਸ[27] ਰਸਤੇ[28] ਦੇ ਬੀਜੇ ਹੋਏ ਦਾਣੇ ਜੰਮਦੇ[29] ਨਹੀਂ |

| | | |
|---|---|---|
| ਨਾਹੀ ਪਛੁਤਾਣੇ[30] ਸਿਰਿ[31] ਭਾਰੋ[32] ॥ | sprout[29] not and carrying the load[32] of sins[31] on his head, he regrets[30]. | ਅਤੇ ਪਾਪਾਂ ਦਾ ਬੋਝ[32] ਆਪਣੇ ਸਿਰ[31] ਉਤੇ ਲਈ ਜਾਂਦਾ ਉਹ ਅਫ਼ਸੋਸ[30] ਕਰਦਾ ਹੈ। |
| ਬਿਨੁ[33] ਸਾਚੇ[34] ਕੋ ਬੇਲੀ[35] ਨਾਹੀ ਸਾਚਾ ਏਹੁ ਬੀਚਾਰੋ[36] ॥੩॥ | Without[33] the True Lord[34], none is man's friend[35]. This alone is the true reflection[36]. | ਸੱਚੇ ਸੁਆਮੀ[34] ਦੇ ਬਾਝੋਂ[33] ਇਨਸਾਨ ਦਾ ਕੋਈ ਭੀ ਮਿੱਤ੍ਰ[35] ਨਹੀਂ, ਕੇਵਲ ਏਹੀ ਸੱਚੀ ਸੋਚ-ਵੀਚਾਰ[36] ਹੈ। |
| ਬਾਬਾ[37] ਰੋਵਹਿ[38] ਰਵਹਿ[39] ਸੁ[40] ਜਾਣੀਅਹਿ[41] ਮਿਲਿ[42] ਰੋਵੈ[43] ਗੁਣ[44] ਸਾਰੇਵਾ[45] ॥ | O father[37], they[40] alone are known[41] to weep[38] and wail[39] truly, who, meeting together[42], shed tears[43] whilst uttering[45] Lord's praise[44]. | ਹੇ ਪਿਤਾ[37]! ਅਸਲ ਵਿੱਚ (ਵੈਰਾਗਮਈ ਹੋ) ਕੇਵਲ ਉਹੀ[40] ਰੋਂਦੇ[38] ਤੇ ਵਿਰਲਾਪ[39] ਕਰਦੇ ਜਾਣੇ ਜਾਂਦੇ[41] ਹਨ, ਜੋ ਇਕੱਤਰ[42] ਹੋ ਕੇ, ਸਾਹਿਬ ਦੀ ਕੀਰਤੀ[44] ਉਚਾਰਨ[45] ਕਰਦੇ ਹੋਏ ਹੰਝੂ[43] ਕੇਰਦੇ ਹਨ। |
| ਰੋਵੈ[46] ਮਾਇਆ[47] ਮੁਠੜੀ[48] ਧੰਧੜਾ[49] ਰੋਵਣਹਾਰੇਵਾ[50] ॥ | Defrauded[48] by mammon[47] and for the sake of worldly affairs[49], the bemoaners[50] bemoan[46]. | ਧਨ-ਦੌਲਤ[47] ਦੇ ਠੱਗੇ ਹੋਏ[48] ਅਤੇ ਆਪਣੇ ਸੰਸਾਰੀ ਕੰਮਾਂ[49] ਦੀ ਖ਼ਾਤਿਰ ਰੋਣ ਵਾਲੇ[50] ਰੋਂਦੇ[46] ਹਨ। |
| ਧੰਧਾ ਰੋਵੈ ਮੈਲੁ[51] ਨ ਧੋਵੈ[52] ਸੁਪਨੰਤਰੁ[53] ਸੰਸਾਰੋ[54] ॥ | In the dreamy[53] world[54], they weep for the world's affairs and wash[52] not their filth[51]. | ਸੁਫਨੇ[53] ਵਰਗੇ ਜਗਤ[54] ਅੰਦਰ ਉਹ ਸੰਸਾਰੀ ਕੰਮਾਂ ਦੇ ਵਾਸਤੇ ਰੋਂਦੇ ਹਨ ਅਤੇ ਆਪਣੀ ਪਾਪ-ਮੈਲ[51] ਨੂੰ ਨਹੀਂ ਧੋਂਦੇ[52]। |
| ਜਿਉ[55] ਬਾਜੀਗਰੁ[56] ਭਰਮੈ[57] ਭੂਲੈ[58] ਝੂਠਿ[59] ਮੁਠੀ[60] ਅਹੰਕਾਰੋ[61] ॥ | As[55] is the juggler[56] engaged[58] in his false play[57], so is the man taking pride[61] in falsehood[59] and illusion[60]. | ਜਿਸ ਤਰ੍ਹਾਂ[55] ਮਦਾਰੀ[56] ਸੰਦੇਹ[57] ਭਰੀ ਖੇਡ ਅੰਦਰ ਭੁੱਲ ਜਾਂਦਾ[58] ਹੈ, ਏਸੇ ਤਰ੍ਹਾਂ ਹੀ ਆਦਮੀ ਕੂੜ[59] ਤੇ ਕਪਟ[60] ਦੇ ਹੰਕਾਰ[61] ਵਿਚ ਗ੍ਰਹਸਤ ਹੈ। |
| ਆਪੇ[62] ਮਾਰਗਿ[63] ਪਾਵਣਹਾਰਾ[64] ਆਪੇ ਕਰਮ[65] ਕਮਾਏ[66] ॥ | The Lord Himself[62] is the Shower[64] of path[63] and Himself the Doer[66] of deeds[65]. | ਸੁਆਮੀ ਖ਼ੁਦ[62] ਰਸਤਾ[63] ਦਿਖਾਉਣ[64] ਵਾਲਾ ਹੈ ਤੇ ਖ਼ੁਦ ਹੀ ਕੰਮਾਂ[65] ਦੇ ਕਰਨ ਵਾਲਾ[66]। |
| ਨਾਮਿ ਰਤੇ[67] ਗੁਰਿ ਪੂਰੈ[68] ਰਾਖੇ[69] ਨਾਨਕ ਸਹਜਿ ਸੁਭਾਏ[70] ॥੪॥੪॥ | Nanak, they who are imbued[67] with the Name, them, the Perfect[68] Guru naturally[70] protects[69]. | ਨਾਨਕ, ਜੋ ਨਾਮ ਨਾਲ ਰੰਗੀਜੇ[67] ਹਨ, ਉਨ੍ਹਾਂ ਦੀ ਪੂਰਨ[68] ਗੁਰਦੇਵ ਜੀ ਸੁਭਾਵਕ ਹੀ[70] ਰੱਖਿਆ ਕਰਦੇ[69] ਹਨ। |
| ਵਡਹੰਸੁ ਮਹਲਾ ੧ ॥ | Wadhans Ist Guru. | ਵਡਹੰਸ ਪਹਿਲੀ ਪਾਤਿਸ਼ਾਹੀ |
| ਬਾਬਾ[71] ਆਇਆ ਹੈ ਉਠਿ[72] ਚਲਣਾ[73] ਇਹੁ ਜਗੁ[74] ਝੂਠੁ[75] ਪਸਾਰੋਵਾ[76] ॥ | O friend[71], who-so-ever has come here, shall arise[72] and depart[73]. This world[74] is but a false[75] show[76]. | ਹੇ ਮਿੱਤ੍ਰ[71]! ਜੋ ਕੋਈ ਭੀ ਏਥੇ ਆਇਆ ਹੈ, ਨਿਸਚਿਤ ਹੀ ਉਹ ਉੱਠ ਕੇ[72] ਟੁਰ ਜਾਵੇਗਾ[73], ਇਹ ਜਗਤ[74] ਨਿਰਾ ਕੂੜਾ[75] ਦਿਖਾਵਾ[76] ਹੈ। |
| ਸਚਾ ਘਰੁ[77] ਸਚੜੈ[78] ਸੇਵੀਐ[79] ਸਚੁ[80] ਖਰਾ[81] ਸਚਿਆਰੋਵਾ[82] ॥ | The true home[77], man obtains by serving[79] the True Lord[78], and the real[81] righteousness[80] by becoming truthful[82]. | ਸੱਚੇ ਸੁਆਮੀ[78] ਦੀ ਘਾਲ[79] ਕਮਾਉਣ ਦੁਆਰਾ ਇਨਸਾਨ ਸੱਚਾ ਧਾਮ[77] ਪਾ ਲੈਂਦਾ ਹੈ ਤੇ ਸਤਿਵਾਦੀ[82] ਹੋਣ ਨਾਲ ਅਸਲੀ[81] ਸਚਾਈ[80]। |
| ਕੂੜਿ[83] ਲਬਿ[84] ਜਾਂ[85] ਥਾਇ | When[85] through falsehood[83] and | ਝੂਠ[83] ਤੇ ਲਾਲਚ[84] ਦੇ ਰਾਹੀਂ ਜਦ[85] ਬੰਦਾ ਏਥੇ ਕਬੂਲ |

| | | |
|---|---|---|
| ਨ ਪਾਜੀ[86] ਅਗੈ[87] ਲਹੈ[88] ਨ ਠਾਉ[89] ॥ | avarice[84], man becomes not acceptable[86] here, he finds[88] no refuge[89] hereafter[87], either. | ਨਹੀਂ ਪੈਂਦਾ[86] ਤਾਂ ਉਸ ਨੂੰ ਪ੍ਰਲੋਕ[87] ਵਿੱਚ ਵੀ ਪਨਾਹ[89] ਨਹੀਂ ਮਿਲਦੀ[88] । |
| ਅੰਤਰਿ[90] ਆਉ[91] ਨ ਬੈਸਹੁ[92] ਕਹੀਐ[93] ਜਿਉ[94] ਸੁੰਞੈ[95] ਘਰਿ[96] ਕਾਉ[97] ॥ | None says[83] to him "come[91] in[80] Sir and be seated[92]". He is like[94] a crow[97] in a deserted[95] home[96]. | ਉਸ ਨੂੰ ਕੋਈ ਨਹੀਂ ਆਖਦਾ[63], "ਅੰਦਰ[90] ਆ[91] ਕੇ ਬੈਠ[92] ਜਾਓ ਜੀ" ਉਹ ਉਜੜੇ[95] ਮਕਾਨ[96] ਵਿੱਚ ਕਾਂ[97] ਦੀ ਨਿਆਈ[94] ਹੈ । |
| ਜੰਮਣੁ[98] ਮਰਣੁ[99] ਵਡਾ[100] ਵੇਛੋੜਾ[2] ਬਿਨਸੈ[3] ਜਗੁ[4] ਸਬਾਏ[5] ॥ | Involved in birth[98] and death[99] one is separated[2] from the Lord, for long[100]. Thus is the whole world[4] wasted away[3]. | ਜੰਮਣ[98] ਅਤੇ ਮਰਨ[99] ਦੇ ਚੱਕਰ ਵਿੱਚ ਫਸ ਕੇ ਪ੍ਰਾਣੀ ਮਾਲਕ ਤੋਂ ਵੱਡੇ[100] ਸਮੇਂ ਲਈ ਵਿਛੜ[2] ਜਾਂਦਾ ਹੈ । ਇਸ ਤਰ੍ਹਾਂ ਸਾਰਾ[5] ਸੰਸਾਰ[4] ਤਬਾਹ ਹੋ ਰਿਹਾ[3] ਹੈ । |
| ਲਬਿ[6] ਧੰਧੈ[7] ਮਾਇਆ[8] ਜਗਤੁ[9] ਭੁਲਾਇਆ[10] ਕਾਲੁ[12] ਖੜਾ[13] ਰੂਆਏ[14] ॥੧॥ | Avarice[6], worldly strifes[7] and wealth[8] beguile[10] the world[9]. Standing[13] over its head, death[12] makes it bewail[14]. | ਲਾਲਚ[6], ਸੰਸਾਰੀ ਪੁਆੜਿਆਂ[7] ਅਤੇ ਧਨ-ਦੌਲਤ[8] ਨੇ ਸੰਸਾਰ[9] ਨੂੰ ਛਲਿਆ ਹੋਇਆ[10] ਹੈ । ਸਿਰ ਤੇ ਖਲੋਤੀ ਹੋਈ[13] ਮੌਤ[12], ਇਸ ਨੂੰ ਰੁਆ ਰਹੀ[14] ਹੈ । |
| ੫੮੨ | | |
| ਬਾਬਾ[15] ਆਵਹੁ[16] [17]ਭਾਈ ਹੋ[18] ਗਲਿ ਮਿਲਹ[19] ਮਿਲਿ ਮਿਲਿ[20] ਦੇਹ ਆਸੀਸਾ[21] ਹੇ॥ | Come[16], O[18] my friends[15] and brothers[17] and meeting me[20], take me in your arms[19] and bless[21] me. | ਆਓ[16], ਓ[18] ਮੇਰੇ ਮਿੱਤ੍ਰੋ[15] ਅਤੇ ਭਰਾਓ ! ਮੈਨੂੰ ਮਿਲ[20] ਕੇ ਆਪਣੀ ਗਲਵਕੜੀ[19] ਵਿੱਚ ਲੈ ਲਓ, ਅਤੇ ਮੈਨੂੰ ਆਸ਼ੀਰਵਾਦਾਂ[21] ਦਿਓ । |
| ਬਾਬਾ ਸਚੜਾ[22] ਮੇਲੁ[23] ਨ ਚੁਕਈ[24] ਪ੍ਰੀਤਮ[24*] ਕੀਆ ਦੇਹ ਅਸੀਸਾ[25] ਹੇ[25] ॥ | O friends, pray[25] for my union with my Beloved[24*]. The union[23] with the True Lord[22] sunders[24] never. | ਹੇ ਮਿੱਤ੍ਰੋ ! ਮੇਰੇ ਪਿਆਰੇ[24*] ਪ੍ਰਭੂ ਨਾਲ ਮੇਰੇ ਮਿਲਾਪ ਵਾਸਤੇ ਅਰਦਾਸ ਕਰੋ[25] । ਸੱਚੇ ਸਾਂਈਂ[22] ਦਾ ਮਿਲਾਪ[23] ਕਦੇ ਟੁੱਟਦਾ[24] ਨਹੀਂ । |
| ਆਸੀਸਾ[26] ਦੇਵਹੋ ਭਗਤਿ[27] ਕਰੇਵਹੋ[28] ਮਿਲਿਆ[29] ਕਾ ਕਿਆ[30] ਮੇਲੋ ॥ | Bless[26] me, that I may perform[28] my Lord's devotional service[27]. Of the already united ones[29], what[30] more is to be united ? | ਮੈਨੂੰ ਆਸ਼ੀਰਵਾਦ ਦਿਓ[26] ਕਿ ਮੈਂ ਆਪਣੇ ਸੁਆਮੀ ਦੀ ਪ੍ਰੇਮ ਮਈ-ਸੇਵਾ[27] ਕਮਾਵਾਂ[28] । ਅੱਗੇ ਹੀ ਮਿਲਿਆਂ ਹੋਇਆਂ[29] ਦਾ, ਹੋਰ ਕੀ[30] ਮੇਲਣਾ ਹੈ ? |
| ਇਕਿ[31] ਭੂਲੇ[32] ਨਾਵਹੁ[33] ਥੇਹਹੁ ਥਾਵਹੁ[34]ਗੁਰ ਸਬਦੀ[35] ਸਚੁ ਖੇਲੋ[36] ॥ | Some[31] have strayed[32] away from the Name[33] and the real path[24]. Tell them to play the true game[36] by Guru's instruction[35]. | ਕਈ[31] ਨਾਮ[33] ਅਤੇ ਅਸਲੀ ਰਸਤੇ[34] ਤੋਂ ਘੁੱਸੇ ਹੋਏ[32] ਹਨ, ਉਨ੍ਹਾਂ ਨੂੰ ਗੁਰਾਂ ਦੇ ਉਪਦੇਸ਼[35] ਦੁਆਰਾ ਸੱਚੀ ਖੇਡ ਖੇਡਣ[36] ਲਈ ਕਹੋ । |
| ਜਮ[37]ਮਾਰਗਿ[38]ਨਹੀ ਜਾਣਾ[39] ਸਬਦਿ[40] ਸਮਾਣਾ[41] ਜੁਗਿ ਜੁਗਿ[42] ਸਾਚੈ ਵੇਸੇ[43] ॥ | Let them not tread[39] Death's[37] path[38], they should remain merged[41] in the Lord[40], who, in all the ages[42], has the True Form[43]. | ਉਨ੍ਹਾਂ ਨੂੰ ਕਹੋ ਕਿ ਉਹ ਮੌਤ[37] ਦੇ ਰਾਹੇ[38] ਨਾ ਟੁਰਨ[39] । ਉਹ ਸਾਂਈਂ[40] ਵਿੱਚ ਲੀਨ[41] ਰਹਿਣ, ਜਿਸ ਦਾ ਸਾਰਿਆਂ ਯੁਗਾਂ[42] ਅੰਦਰ ਸੱਚਾ-ਸਰੂਪ[43] ਹੈ । |
| ਸਾਜਣ[44] ਸੈਣ[45] ਮਿਲਹੁ[46] ਸੰਜੋਗੀ[47]ਗੁਰਿ ਮਿਲਿ[48]ਖੋਲੇ[49] | It is through good fortune[47] that we meet[46] such friends[44] aud relations[45], | ਚੰਗੇ ਭਾਗਾਂ[47] ਰਾਹੀਂ ਅਸੀਂ ਐਸੇ ਮਿੱਤ੍ਰਾਂ[44] ਤੇ ਸਨਬੰਧੀਆਂ[45] ਨੂੰ ਮਿਲ ਪੈਂਦੇ[46] ਹਾਂ, ਜਿਨ੍ਹਾਂ ਨੇ ਗੁਰਾਂ |

| | | |
|---|---|---|
| ਫਾਸੇ[50] ॥੨॥ | who, meeting[48] with the Guru, have loosed[49] the Death's noose[50]. | ਨਾਲ ਮਿਲ ਕੇ[48] ਮੌਤ ਦੀ ਫ਼ਾਹੀ[50] ਨੂੰ ਖੋਲ੍ਹ ਛੱਡਿਆ[49] ਹੈ। |
| ਬਾਬਾ[51] ਨਾਂਗੜਾ[52] ਆਇਆ ਜਗ[53] ਮਹਿ[54] ਦੁਖੁ[55] ਸੁਖੁ[56] ਲੇਖੁ[57] ਲਿਖਾਇਆ[58] ॥ | O friend[51] the mortal comes into[54] the world[53], all-naked[51], subject to the recorded[58] writ[57] of pain[55] and pleasure[56]. | ਹੇ ਪਿਤਾ[51] ! ਕਸ਼ਟ[55] ਅਤੇ ਖ਼ੁਸ਼ੀ[56] ਦੀ ਲਿਖੀ ਹੋਈ[58] ਲਿਖਤਾਕਾਰ[57] ਦੇ ਅਧੀਨ, ਪ੍ਰਾਣੀ ਅਲਫ ਨੰਗਾ[52] ਜਹਾਨ[53] ਅੰਦਰ[54] ਆਉਂਦਾ ਹੈ। |
| ਲਿਖਿਅੜਾ[59] ਸਾਹਾ[60] ਨ ਟਲੈ[61] ਜੇਹੜਾ[62] ਪੁਰਬਿ[63] ਕਮਾਇਆ[64] ॥ | The destiny's[60] writ[59], which[62] is in accordance with the past[63] deeds[64], cannot be altered[61]. | ਵਿਵਾਹ[60] (ਪ੍ਰਾਲਭਧ) ਦੀ ਲਿਖਤਾਕਾਰ[59] ਜੋ[62] ਪਿਛਲੇ[63] ਕਰਮਾਂ[64] ਅਨੁਸਾਰ ਹੈ, ਬਦਲੀ ਨਹੀਂ ਜਾ ਸਕਦੀ[61]। |
| ਬਹਿ[65] ਸਾਚੈ[71] ਲਿਖਿਆ ਅੰਮ੍ਰਿਤੁ[66] ਬਿਖਿਆ[67] ਜਿਤੁ[68] ਲਾਇਆ[69] ਤਿਤੁ[70] ਲਾਗਾ॥ | Sitting[65] down, the True Lord[71] writes of Nectar[66] and poison[67] and the man attaches to[70], with which[68] the Lord, him attaches[69]. | ਬੈਠ ਕੇ[65], ਸੱਚਾ ਸੁਆਮੀ[71] ਅੰਮ੍ਰਿਤ[66] ਤੇ ਜ਼ਹਿਰ[67] ਲਿਖਦਾ ਹੈ। ਪ੍ਰਾਣੀ ਉਸੇ[70] ਨਾਲ ਜੁੜਦਾ ਹੈ ਜਿਸ ਨਾਲ[68] ਸੁਆਮੀ ਉਸ ਨੂੰ ਜੋੜਦਾ[69] ਹੈ। |
| ਕਾਮਣਿਆਰੀ[72] ਕਾਮਣ[73] ਪਾਏ[74] ਬਹੁ ਰੰਗੀ[75] ਗਲਿ ਤਾਗਾ[76] ॥ | The mammon sorcerer[72] works[74] her sorcery[73] and puts multi-coloured thread[76] around every one's neck[75]. | ਟੂਣੇ ਹਾਰਨੀ[72] ਮਾਇਆ ਆਪਣਾ ਟੂਣਾ[73] ਕਰਦੀ[74] ਹੈ ਅਤੇ ਹਰ ਜਣੇ ਦੀ ਗਰਦਨ[75] ਦੁਆਲੇ ਬਹੁਰੰਗਾ ਧਾਗਾ[76] ਪਾ ਦਿੰਦੀ ਹੈ। |
| ਹੋਛੀ[77] ਮਤਿ[78] ਭਇਆ ਮਨੁ ਹੋਛਾ ਗੁੜੁ[79] ਸਾ[80] ਮਖੀ ਖਾਇਆ ॥ | With the shallow[77] intellect[78], mind becomes shallow and one eats fly too alongwith[80] the sweets[79]. | ਸ਼ੁਹਦੀ[77] ਅਕਲ[78] ਨਾਲ ਚਿੱਤ ਸ਼ੁਹਦਾ ਹੋ ਜਾਂਦਾ ਹੈ ਅਤੇ ਇਨਸਾਨ ਮਿੱਠੇ[79] ਦੇ ਨਾਲ[80] ਮੱਖੀ ਨੂੰ ਵੀ ਖਾ ਜਾਂਦਾ ਹੈ। |
| ਨਾ[81] ਮਰਜਾਦੁ[82] ਆਇਆ ਕਲਿ[83] ਭੀਤਰਿ[84] ਨਾਂਗੋ ਬੰਧਿ[85] ਚਲਾਇਆ[86] ॥੩॥ | All-naked, against[81] the social custom[82], the mortal comes into[84] the world[83] and naked is he bound down[85] and despatched[86]. | ਅਲਫ ਨੰਗਾ ਜਾਂ ਮਰਯਾਦਾ[82] ਦੇ ਉਲਟ[81] ਪ੍ਰਾਣੀ ਜੱਗ[83] ਅੰਦਰ[84] ਆਉਂਦਾ ਹੈ ਅਤੇ ਨੰਗਾ ਹੀ ਉਹ ਨਰੜ[85] ਕੇ ਟੋਰ ਦਿੱਤਾ ਜਾਂਦਾ[86] ਹੈ। |
| ਬਾਬਾ[87] ਰੋਵਹੁ[88] ਜੇ[89] ਕਿਸੈ[90] ਰੋਵਣਾ ਜਾਨੀਅੜਾ[91] ਬੰਧਿ[93] ਪਠਾਇਆ[92] ਹੈ ॥ | O friend[87], weep[88] if[89] some[90] one must weep, as the beloved[91] soul is goaded[92] on bound down[93]. | ਹੇ ਮਿੱਤ੍ਰ[87] ! ਵਿਰਲਾਪ[88] ਕਰੋ, ਜੇਕਰ[89] ਕਿਸੇ ਨੇ[90] ਜ਼ਰੂਰ ਹੀ ਵਿਰਲਾਪ ਕਰਨਾ ਹੈ, ਕਿਉਂਕਿ ਪਿਆਰੀ[91] ਆਤਮਾ ਜਕੜੀ ਹੋਈ[93] ਅਗੇ ਧਕੀ ਗਈ[92] ਹੈ। |
| ਲਿਖਿਅੜਾ ਲੇਖੁ[94] ਨ ਮੇਟੀਐ[95] ਦਰਿ[96]ਹਾਕਾਰੜਾ[97] ਆਇਆ ਹੈ ॥ | The Lord's writ[94] cannot be erased[95]. The summons[97] have come from the Lord's court[96]. | ਲਿਖਤੀ ਹੁਕਮ[94] ਮੇਸਿਆ ਨਹੀਂ ਜਾ ਸਕਦਾ[95]। ਸਾਹਿਬ ਦੇ ਦਰਬਾਰ[96] ਤੋਂ ਸੱਦਾ[97] ਆਇਆ ਹੈ। |
| ਹਾਕਾਰਾ[98] ਆਇਆ ਜਾ[99] ਤਿਸੁ[100] ਭਾਇਆ[2] ਰੁੰਨੇ[3] ਰੋਵਣਹਾਰੇ[4] ॥ | The messenger[98] comes, when[99] it pleases[2] Him and the mourners[4] begin to weep[3]. | ਜਦ[99] ਉਸ ਨੂੰ[100] ਚੰਗਾ ਲਗਦਾ[2] ਹੈ, ਹਲਕਾਰਾ[98] ਆ ਜਾਂਦਾ ਹੈ ਤੇ ਰੋਣ ਵਾਲੇ[4] ਰੋਣ[3] ਲੱਗ ਜਾਂਦੇ ਹਨ। |
| ਪੁਤ[5] ਭਾਈ[6] ਭਾਤੀਜੇ[7] ਰੋਵਹਿ[12] ਪ੍ਰੀਤਮ[8] ਅਤਿ[9] ਪਿਆਰੇ[10] ॥ | Wail[12], the sons[5], brothers[6], nephews[7] and the very[9] dear[10] intimates[8]. | ਪੁੱਤ੍ਰ[5], ਭਰਾ[6], ਵੀਰਾਂ ਦੇ ਲੜਕੇ[7] ਅਤੇ ਪਰਮ ਮੁਹੱਬਤੀ[10] ਯਾਰ[8] ਵਿਰਲਾਪ ਕਰਦੇ[12] ਹਨ। |

| | | |
|---|---|---|
| ਭੈ[13] ਰੋਵੈ ਗੁਣ[14] ਸਾਰਿ ਸਮਾਲੇ[15] ਕੋ ਮਰੈ ਨ ਮੁਇਆ[16] ਨਾਲੇ ॥ | None dies with the dead[16]. Blessed is he, who cherishing[15] the Lord's merits[14], weeps in His fear[13]. | ਕੋਈ ਭੀ ਮਰਿਆਂ[16] ਦੇ ਨਾਲ ਨਹੀਂ ਮਰਦਾ। ਮੁਬਾਰਕ ਹੈ, ਉਹ ਜੋ ਸਾਂਈਂ ਦੀਆਂ ਖ਼ੂਬੀਆਂ[14] ਨੂੰ ਯਾਦ ਕਰਕੇ[15] ਉਸ ਦੇ ਡਰ[13] ਅੰਦਰ ਰੋਂਦਾ ਹੈ। |
| ਨਾਨਕ ਜੁਗਿ[17] ਜੁਗਿ ਜਾਣ[18] ਸਿਜਾਣਾ[19] ਰੋਵਹਿ[20] ਸਚੁ[21] ਸਮਾਲੇ[22] ॥੪॥੫॥ | Nanak, they who wail[20] by remembering[22] the True Lord[21], are deemed[18] wise[19] all the ages through[17]. | ਨਾਨਕ, ਜੋ ਸੱਚੇ ਸਾਹਿਬ[21] ਨੂੰ ਯਾਦ ਕਰਦੇ[22] ਰੋਂਦੇ[20] ਹਨ, ਉਹ ਸਾਰਿਆਂ ਜੁੱਗਾਂ[17] ਅੰਦਰ ਸਿਆਣੇ[19] ਜਾਣੇ ਜਾਂਦੇ[18] ਹਨ। |
| ਵਡਹੰਸੁ ਮਹਲਾ ੩ ਮਹਲਾ ਤੀਜਾ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਮੇਹਰ ਦੁਆਰਾ ਉਹ ਪਾਇਆ ਜਾਂਦਾ ਹੈ। |
| ਪ੍ਰਭੁ ਸਚੜਾ[23] ਹਰਿ ਸਾਲਾਹੀਐ[24] ਕਾਰਜੁ[25] ਸਭੁ ਕਿਛੁ[26] ਕਰਣੈ ਜੋਗੁ[27] ॥ | Praise[24] thou the True[23] Lord God. He is Omnipotent[27] to do all[26] the affairs[25]. | ਤੂੰ ਸੱਚੇ[23] ਸੁਆਮੀ ਵਾਹਿਗੁਰੂ ਦੀ ਸਿਫ਼ਤ ਕਰ[24]। ਉਹ ਸਾਰੇ[26] ਕੰਮ-ਕਾਰ[25] ਕਰਨ ਨੂੰ ਸਮਰਥ[27] ਹੈ। |
| ਸਾ[34] ਧਨ[28] ਰੰਡ ਨ[29] ਕਬਹੂ[32] ਬੈਸਈ[33] ਨਾ ਕਦੇ ਹੋਵੈ[30] ਸੋਗੁ[31] ॥ | That[34] bride[28] sits[33] not as a widow[29] ever[32] and never suffers[30] she any sorrow[31]. | ਉਹ[34], ਪਤਨੀ[28] ਕਦਾਚਿੱਤ[32] ਵਿਧਵਾ[29] ਹੋ ਨਹੀਂ ਬਹਿੰਦੀ[33] ਤੇ ਨਾ ਹੀ ਕਦੇ ਉਸ ਨੂੰ ਗ਼ਮ[31] ਵਾਪਰਦਾ[30] ਹੈ। |
| ਨਾ ਕਦੇ ਹੋਵੈ ਸੋਗੁ ਅਨਦਿਨੁ[35] ਰਸ[36] ਭੋਗ[37] ਸਾ ਧਨ[38] ਮਹਲਿ[39] ਸਮਾਣੀ[40] ॥ | The bride[38] abides[40] in her Lord's mansion[39]. She suffers not sorrow ever and, night[35] and day, she enjoys[37] bliss[36]. | ਪਤਨੀ[38] ਆਪਣੇ ਸਾਂਈਂ ਦੇ ਮੰਦਰ[39] ਅੰਦਰ ਵਸਦੀ[40] ਹੈ। ਉਸ ਨੂੰ ਕਦਾਚਿਤ ਅਫ਼ਸੋਸ ਨਹੀਂ ਹੁੰਦਾ ਅਤੇ ਰਾਤ[35] ਦਿਨ ਉਹ ਅਨੰਦ[36] ਮਾਣਦੀ[37] ਹੈ। |
| ਜਿਨਿ ਪ੍ਰਿਉ[41] ਜਾਤਾ[42] ਕਰਮ ਬਿਧਾਤਾ[43] ਬੋਲੇ[46] ਅੰਮ੍ਰਿਤ[44] ਬਾਣੀ[45] ॥ | She, who knows[42] her Beloved[41], the Destiny-Builder[43], utters[46] the Nectar-sweet[44] words[45]. | ਜੋ ਪ੍ਰਾਲਬਧ ਬਣਾਉਣ ਵਾਲੇ[43] ਆਪਣੇ ਪ੍ਰੀਤਮ[41] ਨੂੰ ਜਾਣਦੀ[42] ਹੈ, ਉਹ ਅੰਮ੍ਰਿਤ ਵਰਗੇ[44] ਬਚਨ[45] ਬੋਲਦੀ[46] ਹੈ। |
| ਗੁਣਵੰਤੀਆ[47] ਗੁਣ[48] ਸਾਰਹਿ[49] ਆਪਣੇ ਕੰਤ[50] ਸਮਾਲਹਿ[51] ਨਾ ਕਦੇ[51] ਲਗੈ[54] ਵਿਜੋਗੋ[53] ॥ | The virtuous[47] brides, who remember[51] their Spouse[50] and think[49] of His merits[48], suffer[54] not separation[53] from Him, ever[52]. | ਨੇਕ ਪਤਨੀਆਂ[47] ਦਾ, ਜੋ ਆਪਣੇ ਪਤੀ[50] ਨੂੰ ਸਿਮਰਦੀਆਂ[51] ਹਨ ਤੇ ਉਸ ਦੀਆਂ ਖ਼ੂਬੀਆਂ[48] ਨੂੰ ਯਾਦ ਕਰਦੀਆਂ[49] ਹਨ, ਉਹਨਾਂ ਦਾ ਕਦਾਚਿੱਤ[52] ਉਸ ਨਾਲੋਂ ਵਿਛੋੜਾ[53] ਨਹੀਂ ਹੁੰਦਾ[54]। |
| ਸਚੜਾ ਪਿਰੁ[55] ਸਾਲਾਹੀਐ[57] ਸਭੁ ਕਿਛੁ ਕਰਣੈ ਜੋਗੋ[56] ॥ ੧ ॥ | Eulogise[57] thou, thy True Groom[55], who is Omnipotent[56] to do all the things. | ਤੂੰ ਅਪਣੇ ਸੱਚੇ ਕੰਤ[55] ਦੀ ਕੀਰਤੀ[57] ਕਰ, ਜੋ ਸਾਰਾ ਕੁਝ ਕਰਨ ਨੂੰ ਸਰਬ-ਸ਼ਕਤੀਵਾਨ[56] ਹੈ। |
| ਸਚੜਾ ਸਾਹਿਬੁ ਸਬਦਿ[58] ਪਛਾਣੀਐ[61] ਆਪੇ[59] ਲਏ ਮਿਲਾਏ[60] ॥ | The True Lord is realized[61] through the Guru's instruction[58] and He Himself[59] blends[60] man with His ownself. | ਸੱਚਾ ਸੁਆਮੀ ਗੁਰਾਂ ਦੇ ਉਪਦੇਸ਼[58] ਰਾਹੀਂ ਸਿੰਞਾਣਿਆ ਜਾਂਦਾ[61] ਹੈ ਅਤੇ ਉਹ ਬੰਦੇ ਨੂੰ ਆਪ[59] ਹੀ ਆਪਣੇ ਨਾਲ ਅਭੇਦ ਕਰ ਲੈਂਦਾ[60] ਹੈ। |

| | | |
|---|---|---|
| ਸਾ ਧਨ[62] ਪ੍ਰਿਅ[63] ਕੈ ਰੰਗਿ[64] ਰਤੀ[65] ਵਿਚਹੁ[66] ਆਪੁ[67] ਗਵਾਏ[68] ॥ | That bride is deemed imbued with the love[64] of her spouse[63], who[62] banishes[68] her self-conceit[67] from within[66] herself. | ਆਪਣੇ ਕੰਤ[63] ਦੇ ਪਿਆਰ[64] ਨਾਲ ਰੰਗੀ ਹੋਈ[65] ਪਤਨੀ[62] ਆਪਣੀ ਸਵੈ-ਹੰਗਤਾ[67] ਨੂੰ ਆਪਣੇ ਅੰਦਰੋਂ[66] ਕੱਢ ਸੁੱਟਦੀ[68] ਹੈ। |
| ਵਿਚਹੁ ਆਪੁ ਗਵਾਏ ਫਿਰਿ[69] ਕਾਲੁ[70] ਨ ਖਾਏ[71] ਗੁਰਮੁਖਿ[72] ਏਕੋ ਜਾਤਾ[73] ॥ | Eradicating ego from within, death[70] devours[71] her not again[69], and through the Guru[72], she knows[73] the Lord alone. | ਆਪਣੇ ਅੰਦਰੋਂ ਹੰਕਾਰ ਨਵਿਰਤ ਕਰਨ ਕਰਕੇ ਮੌਤ[70] ਉਸ ਨੂੰ ਮੁੜ[69] ਨਹੀਂ ਨਿਗਲਦੀ[71] ਅਤੇ ਗੁਰਾਂ[72] ਦੇ ਰਾਹੀਂ ਉਹ ਇੱਕ ਸਾਂਈਂ ਨੂੰ ਹੀ ਜਾਣਦੀ[73] ਹੈ। |
| ਕਾਮਣਿ[74] ਇਛ[75] ਪੁੰਨੀ[76] ਅੰਤਰਿ[77] ਭਿੰਨੀ[78] ਮਿਲਿਆ ਜਗਜੀਵਨੁ[79] ਦਾਤਾ[80] ॥ | The bride's[74] desire[75] is fulfilled[76], her core[77] is drenched[78] with the Lord's love and she meets with the Beneficent Lord[80], the Life of the world[79]. | ਪਤਨੀ[74] ਦੀ ਖ਼ਾਹਿਸ਼[75] ਪੂਰੀ ਹੋ ਜਾਂਦੀ[76] ਹੈ, ਉਸ ਦਾ ਦਿਲ[77] ਪ੍ਰਭੂ ਦੀ ਪ੍ਰੀਤ ਨਾਲ ਗੱਚ ਥੀ ਵੰਞਦਾ[78] ਹੈ ਅਤੇ ਉਹ ਜਗਤ ਦੀ ਜਿੰਦ ਜਾਨ[79], ਦਾਤਾਰ ਸੁਆਮੀ[80], ਨੂੰ ਮਿਲ ਪੈਂਦੀ ਹੈ। |
| ਸਬਦ[81] ਰੰਗਿ[82] ਰਾਤੀ[83] ਜੋਬਨਿ[84] ਮਾਤੀ[85] ਪਿਰ[86] ਕੈ ਅੰਕਿ[87] ਸਮਾਏ[88] ॥ | She is imbued[83] with the Name's[81] affection[82], is inebriated[85] with youth[84] and merges[88] into her spouse's[86] person[87]. | ਉਹ ਨਾਮ[81] ਦੀ ਪ੍ਰੀਤ[82] ਨਾਲ ਰੰਗੀ ਹੋਈ[83] ਹੈ, ਜੁਆਨੀ[84] ਨਾਲ ਮਤਵਾਲੀ[85] ਹੈ ਅਤੇ ਆਪਣੇ ਪਤੀ[86] ਦੇ ਸਰੂਪ[87] ਅੰਦਰ ਲੀਨ ਥੀ ਵੰਞਦੀ[88] ਹੈ। |
| ਸਚੜਾ[89] ਸਾਹਿਬੁ ਸਬਦਿ[90] ਪਛਾਣੀਐ[91] ਆਪੇ[92] ਲਏ ਮਿਲਾਏ ॥੨॥ | The True[89] Lord is realised[91] through His Name[90] and then He unites the mortal with Himself[92] | ਸੱਚਾ[89] ਸੁਆਮੀ ਉਸ ਦੇ ਨਾਮ[90] ਦੇ ਰਾਹੀਂ ਅਨੁਭਵ ਕੀਤਾ ਜਾਂਦਾ[91] ਹੈ ਅਤੇ ਤਦ ਉਹ ਪ੍ਰਾਣੀ ਨੂੰ ਆਪਣੇ[92] ਨਾਲ ਮਿਲਾ ਲੈਂਦਾ ਹੈ। |
| ੫੮੩ | | |
| ਜਿਨੀ ਆਪਣਾ ਕੰਤੁ[93] ਪਛਾਣਿਆ[94] ਹਉ ਤਿਨ[95] ਪੂਛਉ ਸੰਤਾ ਜਾਏ[96] ॥ | To those[95] saints, who have realized[94] their Spouse[93], I go[96] to ask about my Lord. | ਜਿਨ੍ਹਾਂ ਨੇ ਆਪਣੇ ਭਰਤੇ[93] ਨੂੰ ਸਿੰਞਾਣਿਆ[94] ਹੈ, ਮੈਂ ਉਨ੍ਹਾਂ[95] ਸਾਧੂਆਂ ਨੂੰ ਜਾ ਕੇ[96] ਆਪਣੇ ਸੁਆਮੀ ਬਾਰੇ ਪੁੱਛਦੀ ਹਾਂ। |
| ਆਪੁ[97] ਛੋਡਿ ਸੇਵਾ[98] ਕਰੀ ਪਿਰੁ[99] ਸਚੜਾ ਮਿਲੈ ਸਹਜਿ ਸੁਭਾਏ[100] ॥ | Eschewing[98] my ego[97], I serve them. Thus shall the True spouse[99] meet me automatically[100]. | ਆਪਣੀ ਹੰਗਤਾ[97] ਨੂੰ ਤਿਆਗ ਕੇ[98] ਮੈਂ ਉਨ੍ਹਾਂ ਦੀ ਘਾਲ ਕਮਾਉਂਦੀ ਹਾਂ। ਇਸ ਤਰ੍ਹਾਂ ਸੱਚਾ ਪਤੀ[99] ਸੁਭਾਵਕ ਹੀ[100] ਮੈਨੂੰ ਮਿਲ ਪਵੇਗਾ। |
| ਪਿਰੁ ਸਚਾ ਮਿਲੈ ਆਏ ਸਾਚੁ ਕਮਾਏ[2] ਸਾਚਿ ਸਬਦਿ[3] ਧਨ[4] ਰਾਤੀ[5] ॥ | The bride[4] practises[2] truth and is imbued[5] with the True Name[3]. The True Groom comes and meets her. | ਪਤਨੀ[4] ਸੱਚ ਦੀ ਕਮਾਈ ਕਰਦੀ[2] ਹੈ ਅਤੇ ਸਤਿਨਾਮ[3] ਨਾਲ ਰੰਗੀ ਹੋਈ[5] ਹੈ। ਸੱਚਾ ਪਤੀ ਆ ਕੇ ਉਸ ਨੂੰ ਮਿਲ ਪੈਂਦਾ ਹੈ। |
| ਕਦੇ ਨ ਰਾਂਡ[6] ਸਦਾ[7] ਸੋਹਾਗਣਿ[8] ਅੰਤਰਿ[9] ਸਹਜ ਸਮਾਧੀ[10] ॥ | Never becomes she a widow[6] and ever[7] remains a happy wife[8]. In her mind[9] she obtains the celestial trance[10]. | ਉਹ ਕਦਾਚਿਤ ਵਿਧਵਾ[6] ਨਹੀਂ ਹੁੰਦੀ ਤੇ ਸਦੀਵ[7] ਹੀ ਅਨੰਦੀ ਪਤਨੀ[8] ਬਣੀ ਰਹਿੰਦੀ ਹੈ। ਆਪਣੇ ਚਿੱਤ[9] ਅੰਦਰ ਉਹ ਬੈਕੁੰਠੀ ਤਾੜੀ[10] ਨੂੰ ਪ੍ਰਾਪਤ ਹੋ ਜਾਂਦੀ ਹੈ। |
| ਪਿਰੁ[18] ਰਹਿਆ ਭਰਪੂਰੇ[12] | The Spouse[18] is fully prevalent[12]. | ਪਤੀ[18] ਸਾਰਿਆਂ ਨੂੰ ਪੂਰੀ ਤਰ੍ਹਾਂ ਭਰ ਰਿਹਾ[12] ਹੈ। ਉਸ ਨੂੰ |

| | | |
|---|---|---|
| ਵੇਖੁ[13] ਹਦੂਰੇ[14] ਰੰਗੁ[15] ਮਾਣੇ[16] ਸਹਜਿ ਸੁਭਾਏ[17] ॥ | Seeing[13] Him close at hand[14], she automatically[17] enjoys[16] His love[15]. | ਐਨ ਨੇੜੇ[14] ਤੱਕ ਕੇ[13], ਉਹ ਸੁਭਾਵਕ ਹੀ[17] ਉਸ ਦੀ ਪ੍ਰੀਤ[15] ਦਾ ਅਨੰਦ ਲੈਂਦੀ[16] ਹੈ। |
| ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ ॥੩॥ | The saints who have recognised their Groom, them I go to ask about my Lord. | ਜਿਨ੍ਹਾਂ ਸਾਧੂਆਂ ਨੇ ਆਪਣੇ ਪਤੀ ਨੂੰ ਪਹਿਚਾਣਿਆ ਹੈ, ਮੈਂ ਉਨ੍ਹਾਂ ਕੋਲ ਜਾ ਕੇ ਆਪਣੇ ਸਾਂਈਂ ਬਾਰੇ ਪੁੱਛਦੀ ਹਾਂ। |
| ਪਿਰਹੁ[19] ਵਿਛੁੰਨੀਆ[20] ਭੀ ਮਿਲਹ ਜੇ[21] ਸਤਿਗੁਰ ਲਾਗਹ ਸਾਚੇ ਪਾਏ[22] ॥ | The separated ones[20] also meet their Spouse[19], if[21] they fall at the True Satguru's feet[22]. | ਵਿਛੁੜੀਆਂ ਹੋਈਆਂ[20] ਭੀ ਆਪਣੇ ਪਤੀ[19] ਨੂੰ ਮਿਲ ਪੈਂਦੀਆਂ ਹਨ; ਜੇਕਰ[21] ਉਹ ਸੱਚੇ ਸਤਿਗੁਰਾਂ ਦੇ ਪੈਰੀਂ[22] ਪੈ ਜਾਣ। |
| ਸਤਿਗੁਰੁ ਸਦਾ[23] ਦਇਆਲੁ[24] ਹੈ ਅਵਗੁਣ[25] ਸਬਦਿ[26] ਜਲਾਏ[27] ॥ | The True Guru is ever[23] merciful[25] and by his instruction[26], one's demerits[25], are burnt[27] to ashes. | ਸੱਚੇ ਗੁਰੂ ਸਦੀਵ[23] ਹੀ ਮਿਹਰਬਾਨ[24] ਹਨ। ਉਨ੍ਹਾਂ ਦੇ ਉਪਦੇਸ਼ ਦੁਆਰਾ[26], ਬੰਦੇ ਦੀਆਂ ਬਦੀਆਂ[25] ਸੜ ਸੁਆਹ ਹੋ ਜਾਂਦੀਆਂ[27] ਹਨ। |
| ਅਉਗੁਣ ਸਬਦਿ ਜਲਾਏ ਦੂਜਾ[28] ਭਾਉ ਗਵਾਏ[29] ਸਚੇ ਹੀ ਸਚਿ[30] ਰਾਤੀ[31] ॥ | Burning her demerits with the Garu's teaching, she forsakes[29] duality[28] and remains absorbed[31] in the True Lord[30] alone. | ਆਪਣੀਆਂ ਬਦੀਆਂ ਨੂੰ ਗੁਰਾਂ ਦੇ ਉਪਦੇਸ਼ ਦੁਆਰਾ ਸਾੜ ਕੇ, ਜਗਿਆਸੂ-ਰੂਪ, ਪਤਨੀ ਦਵੈਤ-ਭਾਵ[28] ਨੂੰ ਤਿਆਗ ਦਿੰਦੀ[29] ਹੈ ਅਤੇ ਕੇਵਲ ਸੱਚੇ[30] ਸਾਹਿਬ ਵਿੱਚ ਲੀਨ ਰਹਿੰਦੀ[31] ਹੈ। |
| ਸਚੈ ਸਬਦਿ[32] ਸਦਾ[33] ਸੁਖੁ ਪਾਇਆ ਹਉਮੈ[35] ਗਈ ਭਰਾਤੀ[37] ॥ | By the True Name[32], everlasting[33] peace[34] is obtained and self-conceit[35] and doubt[37] are dispelled[36]. | ਸੱਚੇ ਨਾਮ[32] ਦੁਆਰਾ ਸਦੀਵੀ ਸਥਿਰ[33] ਆਰਾਮ[34] ਮਿਲ ਜਾਂਦਾ ਹੈ ਤੇ ਸਵੈ-ਹੰਗਤਾ[35] ਤੇ ਸੰਦੇਹ[37] ਦੂਰ ਹੋ ਜਾਂਦੇ[36] ਹਨ। |
| ਪਿਰੁ[38] ਨਿਰਮਾਇਲੁ[39] ਸਦਾ[43] ਸੁਖਦਾਤਾ[40] ਨਾਨਕ ਸਬਦਿ ਮਿਲਾਏ[42] ॥ | The Immaculate[39] Spouse[38] is ever[43] the Giver of peace[40] and through the Guru's instruction[41] is He meet[42], O Nanak. | ਪਵਿੱਤ੍ਰ[39] ਪਤੀ[38] ਸਦੀਵ[43] ਹੀ ਆਰਾਮ-ਬਖ਼ਸ਼ਣਹਾਰ[40] ਹੈ। ਗੁਰਾਂ ਦੀ ਸਿਖਮਤ[41] ਦੁਆਰਾ ਉਹ ਮਿਲਦਾ[42] ਹੈ, ਹੇ ਨਾਨਕ! |
| ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ[44] ਸਾਚੇ ਪਾਏ ॥੪॥੧॥ | The separated brides also meet their Lord, if they repair[44] to the feet of the True Satguru. | ਵਿਛੁੜੀਆਂ ਹੋਈਆਂ ਪਤਨੀਆਂ ਭੀ ਆਪਣੇ ਪਿਰ ਦੇ ਸਾਂਈਂ ਨੂੰ ਮਿਲ ਪੈਂਦੀਆਂ ਹਨ ਜੇਕਰ ਉਹ ਸੱਚੇ ਸਤਿਗੁਰਾਂ ਦੇ ਪੈਰੀਂ ਲੱਗ ਜਾਣ[44]। |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ |
| ਸੁਣਿਅਹੁ ਕੰਤ[45] ਮਹੇਲੀਹੋ[46] ਪਿਰੁ[47] ਸੇਵਿਹੁ[48] ਸਬਦਿ[49] ਵੀਚਾਰਿ[50] ॥ | Hear ye, O the Husband's[45] brides[46], serve[48] thou thy Beloved[47] and reflect[50] over His Name[49]. | ਤੁਸੀਂ ਸੁਣੋ, ਹੇ ਪਤੀ[45] ਦੀਓ ਪਤਨੀਓ[46], ਤੁਸੀਂ ਆਪਣੇ ਪ੍ਰੀਤਮ[47] ਦੀ ਸੇਵਾ ਕਰੋ[48] ਅਤੇ ਉਸ ਦੇ ਨਾਮ[49] ਨੂੰ ਸਿਮਰੋ[50]। |
| ਅਵਗਣਵੰਤੀ[51] ਪਿਰੁ ਨ ਜਾਣਈ ਮੁਠੀ[52] ਰੋਵੈ[55] ਕੰਤ[53] ਵਿਸਾਰਿ[54] ॥ | The meritless[51] wife knows not her spouse and is beguiled[52]. Forgetting[54] her Groom[53], she continues wailing[55]. | ਗੁਣ-ਵਿਹੂਣ[51] ਪਤਨੀ ਆਪਣੇ ਭਰਤੇ ਨੂੰ ਨਹੀਂ ਜਾਣਦੀ ਅਤੇ ਉਹ ਠੱਗੀ ਗਈ[52] ਹੈ। ਆਪਣੇ ਪਤੀ[53] ਨੂੰ ਭੁਲਾ ਕੇ[54] ਉਹ ਰੋਂਦੀ[55] ਰਹਿੰਦੀ ਹੈ। |
| ਰੋਵੈ ਕੰਤ[56] ਸੰਮਾਲਿ[57] ਸਦਾ | Thinking[57] of her Spouse[56] and ever | ਆਪਣੇ ਪ੍ਰਭੂ-ਪਤੀ[56] ਨੂੰ ਯਾਦ ਕਰ[57] ਅਤੇ ਹਮੇਸ਼ਾ |

| | | |
|---|---|---|
| ਗੁਣ[58] ਸਾਰਿ[59] ਨਾ ਪਿਰੁ ਮਰੈ ਨ ਜਾਏ ॥ | cherishing[59] His merits[58], the virtuous wife weeps with joy. Her spouse dies not, nor goes anywhere. | ਉਸ ਦੀਆਂ ਖੂਬੀਆਂ[58] ਦਾ ਧਿਆਨ ਧਾਰ[59], ਨੇਕ ਵਹੁਟੀ ਵੈਰਾਗਮਈ ਅਥਰੂ ਵਹਾਉਂਦੀ ਹੈ। ਉਸ ਦਾ ਸਵਾਮੀ ਨਾ ਮਰਦਾ ਹੈ, ਨਾ ਹੀ ਕਿਧਰੇ ਜਾਂਦਾ ਹੈ। |
| ਗੁਰਮੁਖਿ[60] ਜਾਤਾ[61] ਸਬਦਿ[62] ਪਛਾਤਾ[63] ਸਾਚੈ ਪ੍ਰੇਮਿ[64] ਸਮਾਏ[65] ॥ | Through the Guru[60], the Lord is known[61], through the Name[62] is He realised[63] and through True love[64] one merges[65] in Him. | ਗੁਰਾਂ ਦੇ ਰਾਹੀਂ[60] ਸਾਹਿਬ ਜਾਣਿਆ ਜਾਂਦਾ[61] ਹੈ, ਨਾਮ ਦੇ ਰਾਹੀਂ[62] ਉਹ ਅਨੁਭਵ ਕੀਤਾ ਜਾਂਦਾ[63] ਹੈ ਅਤੇ ਸੱਚੀ ਪ੍ਰੀਤ ਦੇ ਰਾਹੀਂ[64] ਇਨਸਾਨ ਉਸ ਅੰਦਰ ਲੀਨ ਹੋ ਜਾਂਦਾ[65] ਹੈ। |
| ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ[66] ਬਿਧਾਤਾ[67] ਕੂੜਿ[68] ਮੂਠੀ[69] ਕੂੜਿਆਰੇ[70]॥ | The false[70] bride, who knows not her Spouse, the Scribe[67] of destiny[66], is beguiled[69] by falsehood[68]. | ਕੂੜੀ[70] ਪਤਨੀ ਨੂੰ, ਜੋ ਕਿਸਮਤ[66] ਦੇ ਲਿਖਾਰੀ[67] ਆਪਣੇ ਪਤੀ ਨੂੰ ਨਹੀਂ ਜਾਣਦੀ, ਝੂਠ[68] ਨੇ ਠੱਗ ਲਿਆ[69] ਹੈ। |
| ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ ॥੧॥ | Hearken, O the brides of the Groom, serve your Beloved and meditate on His Name. | ਸੁਣੋ, ਹੇ ਪਤੀ ਦੀਓ ਪਤਨੀਓ! ਆਪਣੇ ਪਿਆਰੇ ਦੀ ਟਹਿਲ ਕਮਾਓ ਤੇ ਉਸ ਦੇ ਨਾਮ ਦਾ ਜਾਪ ਕਰੋ। |
| ਸਭੁ ਜਗੁ[72] ਆਪਿ[74] ਉਪਾਇਓਨੁ[72] ਆਵਣੁ ਜਾਣੁ[75] ਸੰਸਾਰਾ[73] ॥ | Himself[74] the Lord has created[72] the whold world[71] and the mortal[73] is subject to coming and going[75]. | ਆਪੇ[74] ਹੀ ਸੁਆਮੀ ਨੇ ਸਾਰਾ ਜਹਾਨ[71] ਸਾਜਿਆ[72] ਹੈ। ਪ੍ਰਾਣੀ[73] ਆਉਣ ਤੇ ਜਾਣ[75] ਦੇ ਨੇਮ ਅਧੀਨ ਹੈ। |
| ਮਾਇਆ[75*] ਮੋਹੁ[76] ਖੁਆਇਅਨੁ[77] ਮਰਿ ਜੰਮੈ ਵਾਰੋ ਵਾਰਾ[78] ॥ | The love[76] of wealth[45*] has ruined[77] her and she dies and is born, again and over again[78]. | ਧਨ-ਦੌਲਤ[75*] ਦੀ ਮਮਤਾ[76] ਨੇ ਜੀਵ ਰੂਪੀ ਇਸਤ੍ਰੀ ਨੂੰ ਤਬਾਹ ਕਰ ਦਿੱਤਾ[77] ਹੈ ਅਤੇ ਉਹ ਮੁੜ ਮੁੜ[78] ਕੇ ਮਰਦੀ ਤੇ ਜੰਮਦੀ ਹੈ। |
| ਮਰਿ ਜੰਮੈ ਵਾਰੋ ਵਾਰਾ ਵਧਹਿ[79] ਬਿਕਾਰਾ[80] ਗਿਆਨ[81] ਵਿਹੂਣੀ[82]ਮੂਠੀ[83]॥ | She dies and is born again and again, her sins[80] increase[79] and without[82] gnosis[81], she is beguiled[83]. | ਉਹ ਮੁੜ ਮੁੜ ਕੇ ਮਰਦੀ ਤੇ ਜੰਮਦੀ ਹੈ, ਉਸ ਦੇ ਪਾਪ[80] ਵਧਦੇ ਜਾਂਦੇ[79] ਹਨ ਅਤੇ ਬ੍ਰਹਿਮ ਵੀਚਾਰ[81] ਦੇ ਬਗੈਰ[82] ਉਹ ਠੱਗੀ ਗਈ[83] ਹੈ। |
| ਬਿਨੁ ਸਬਦੈ[84] ਪਿਰੁ[85] ਨ ਪਾਇਓ ਜਨਮੁ[86] ਗਵਾਇਓ[87] ਰੋਵੈ ਅਵਗੁਣਿਆਰੀ[88] ਝੂਠੀ[89] ॥ | Without the Name[84], she attains not her Spouse[85] and wastes[87] away her life[86]. So the virtueless[88], false[89] woman bewails. | ਨਾਮ[84] ਦੇ ਬਗੈਰ ਉਹ ਆਪਣੇ ਕੰਤ[85] ਨੂੰ ਪ੍ਰਾਪਤ ਨਹੀਂ ਹੁੰਦੀ ਅਤੇ ਆਪਣਾ ਜੀਵਨ[86] ਗੁਆ ਲੈਂਦੀ[87] ਹੈ। ਸੋ, ਗੁਣ-ਵਿਹੂਣ[88] ਕੂੜੀ[89] ਇਸਤਰੀ ਵਿਰਲਾਪ ਕਰਦੀ ਹੈ। |
| ਪਿਰੁ[90] [91]ਜਗਜੀਵਨੁ[92] ਕਿਸ ਨੋ ਰੋਈਐ ਰੋਵੈ ਕੰਤੁ[93] ਵਿਸਾਰੇ[94] ॥ | My Beloved[90] being the Life[92] of the world[91], who is there then to grieve for? Let them alone wail who forget[94] their husband[93]. | ਮੇਰਾ ਪ੍ਰੀਤਮ[90] ਜਗਤ[91] ਦੀ ਜਿੰਦ-ਜਾਨ[92] ਹੈ, ਤਦ ਕਿਸ ਦੇ ਲਈ ਵਿਰਲਾਪ ਕਰਨਾ ਹੋਇਆ। ਪਤਨੀ ਆਪਣੇ ਕੰਤ ਨੂੰ ਵਿਸਾਰਨ ਤੇ ਹੀ ਰੋਂਦੀ ਹੈ। |
| ਸਭੁ ਜਗੁ[97] ਆਪਿ ਉਪਾਇਓਨੁ[96] ਆਵਣੁ ਜਾਣੁ ਸੰਸਾਰੇ[95] ॥੨॥ | The entire universe[97] and the coming and going of the mortal[95], the Lord Himself has created[96]. | ਸਮੂਹ ਆਲਮ[97] ਅਤੇ ਜੀਵ[95] ਦਾ ਆਉਣਾ ਤੇ ਜਾਣਾ ਸੁਆਮੀ ਨੇ ਆਪ ਹੀ ਰਚਿਆ[96] ਹੈ। |
| ਸੋ[98] ਪਿਰੁ[99] ਸਚਾ ਸਦ ਹੀ[100] | True, ever[100] true is that[98] Spouse[99]. | ਸੱਚਾ, ਸਦੀਵੀ[100] ਸੱਚਾ ਹੈ ਉਹ[98] ਕੰਤ[99]। ਨਾ ਉਹ |

| | | |
|---|---|---|
| ਸਾਚਾ ਹੈ ਨਾ ਓਹੁ ਮਰੈ ਨ ਜਾਏ ॥ | He dies not, nor does He go. | ਮਰਦਾ ਹੈ, ਨਾ ਹੀ ਕਿਤੇ ਜਾਂਦਾ ਹੈ। |
| ਭੂਲੀ[2] ਫਿਰੈ ਧਨ[3] ਇਆਣੀਆ[4] ਰੰਡ[5] ਬੈਠੀ ਦੂਜੈ ਭਾਇ[6] ॥ | The ignorant[4] bride[3] goes astray[2] and through duality[6], having lost her Lord, sits like a widow[5]. | ਬੇਸਮਝ[4] ਪਤਨੀ[3] ਕੁਰਾਹੇ ਪਈ ਹੋਈ[2] ਹੈ ਅਤੇ ਦਵੈਤ-ਭਾਵ[6] ਰਾਹੀਂ ਵਿਧਵਾ[5] ਬਣੀ ਬੈਠੀ ਹੈ। |
| ਰੰਡ ਬੈਠੀ ਦੂਜੈ ਭਾਏ ਮਾਇਆ[7] ਮੋਹਿ[8] ਦੁਖੁ ਪਾਏ ਆਵ ਘਟੈ[9] ਤਨੁ[10] ਛੀਜੈ[12] ॥ | Through another's love she sits like a widow, through mammon's[7] attachment[8] she suffers pain, her age[9] is diminishing and the body[10] is withering[12]. | ਹੋਰਸ ਦੀ ਪ੍ਰੀਤ ਰਾਹੀਂ ਉਹ ਵਿਧਵਾ ਦੀ ਤਰ੍ਹਾਂ ਬਹਿੰਦੀ ਹੈ, ਧਨ-ਦੌਲਤ[7] ਦੀ ਲਗਨ[8] ਰਾਹੀਂ ਉਹ ਦੁਖ ਪਾਉਂਦੀ ਹੈ, ਉਸ ਦੀ ਉਮਰ[9] ਘਟਦੀ ਤੇ ਦੇਹ[10] ਨਾਸ ਹੁੰਦੀ ਜਾ ਰਹੀ[12] ਹੈ। |
| ਜੋ ਕਿਛੁ ਆਇਆ ਸਭੁ ਕਿਛੁ[13] ਜਾਸੀ[14] ਦੁਖੁ ਲਾਗਾ[15] ਭਾਇ ਦੂਜੈ[16] ॥ | Whatever is come, all that[13] shall depart[14] and on account of the worldly love[16], the man suffers pain[15]. | ਜਿਹੜਾ ਕੁਝ ਆਇਆ (ਉਪਜਿਆ) ਹੈ, ਉਹ ਸਾਰਾ[13] ਹੀ ਟੁਰ ਵੰਞੇਗਾ[14]। ਸੰਸਾਰੀ ਮੋਹ[16] ਦੇ ਜ਼ਰੀਏ, ਬੰਦਾ ਦੁਖ[15] ਉਠਾਉਂਦਾ ਹੈ। |
| [17]ਜਮਕਾਲੁ[18] ਨ ਸੂਝੈ[19] ਮਾਇਆ[20] ਜਗੁ[21] ਲੂਝੈ[22] ਲਬਿ[23] ਲੋਭਿ[24] ਚਿਤੁ[25] ਲਾਏ[26] ॥ | The man[21] perceives[19] not death's[18] courier[17], longs[22] for riches[20] and attaches[26] his mind[25] to greed[23] and avarice[24]. | ਬੰਦਾ[21] ਮੌਤ[18] ਦੇ ਦੂਤ[17] ਨੂੰ ਅਨੁਭਵ[19] ਨਹੀਂ ਕਰਦਾ, ਧਨ-ਦੌਲਤ[20] ਦੀ ਲਾਲਸਾ ਕਰਦਾ[22] ਹੈ ਤੇ ਆਪਣੇ ਮਨ[25] ਨੂੰ ਹਿਰਸ[23] ਅਤੇ ਤਮ੍ਹਾਂ[24] ਨਾਲ ਜੋੜਦਾ[26] ਹੈ। |
| ਸੋ ਪਿਰੁ[27] ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ ॥੩॥ | True, ever true is the Spouse[27] and He dies not, nor does He go away. | ਸੱਚਾ, ਸਦੀਵੀ ਸੱਚਾ ਹੈ, ਉਹ ਸਿਰ ਦਾ ਸਾਂਈ[27]। ਉਹ ਮਰਦਾ ਨਹੀਂ, ਨਾ ਹੀ ਕਿਧਰੇ ਜਾਂਦਾ ਹੈ। |
| ਇਕਿ[28] ਰੋਵਹਿ ਪਿਰਹਿ ਵਿਛੁੰਨੀਆ[29] ਅੰਧੀ[30] ਨਾ ਜਾਣੈ ਪਿਰੁ ਨਾਲੇ[31] ॥ | Separated[29] from their Spouse, some[28] brides bewail. Those blind[30] ones know not that their Spouse is with[31] them. | ਆਪਣੇ ਪਤੀ ਨਾਲੋਂ ਵਿਛੜੀਆਂ ਹੋਈਆਂ[29] ਕਈ[28] ਪਤਨੀਆਂ ਰੋਂਦੀਆਂ ਹਨ। ਉਹ ਅੰਨ੍ਹੀਆਂ[30] ਨਹੀਂ ਜਾਣਦੀਆਂ ਕਿ ਉਨ੍ਹਾਂ ਦਾ ਪਤੀ ਉਨ੍ਹਾਂ ਦੇ ਨਾਲ[31] ਹੈ। |
| ਗੁਰ ਪਰਸਾਦੀ[32] ਸਾਚਾ ਪਿਰੁ[33] ਮਿਲੈ ਅੰਤਰਿ[34] ਸਦਾ[35] ਸਮਾਲੇ[36] ॥ | By Guru's grace[32], the True Groom[33] is met with and the wife ever[35] cherishes[36] Him in her mind[34]. | ਗੁਰਾਂ ਦੀ ਦਇਆ ਦੁਆਰਾ[32], ਸੱਚਾ ਪਤੀ[33] ਮਿਲਦਾ ਹੈ ਅਤੇ ਪਤਨੀ ਆਪਣੇ ਚਿੱਤ[34] ਵਿੱਚ ਹਮੇਸ਼ਾ[35] ਉਸ ਨੂੰ ਯਾਦ ਕਰਦੀ[36] ਹੈ। |
| ਪਿਰੁ ਅੰਤਰਿ ਸਮਾਲੇ ਸਦਾ[41] ਹੈ ਨਾਲੇ[37] ਮਨਮੁਖਿ[38] ਜਾਤਾ[39] ਦੂਰੇ[40] ॥ | Deeming Him to be ever[41] with[37] her, she cherishes her Spouse in her mind. The apostates[38] think[39] He is far[40]. | ਉਸ ਨੂੰ ਹਮੇਸ਼ਾ[41] ਆਪਣੇ ਅੰਗ ਸੰਗ[37] ਜਾਣ ਕੇ, ਉਹ ਆਪਣੇ ਚਿੱਤ ਵਿੱਚ ਆਪਣੇ ਪਤੀ ਨੂੰ ਯਾਦ ਕਰਦੀ ਹੈ। ਅਧਰਮਣਾਂ[38] ਉਸ ਨੂੰ ਦੁਰੇਡੇ[40] ਖ਼ਿਆਲ ਕਰਦੀਆਂ[39] ਹਨ। |
| ਇਹੁ ਤਨੁ[42] ਰੁਲੈ ਰੁਲਾਇਆ[43] ਕਾਮਿ[44] ਨ ਆਇਆ ਜਿਨਿ ਖਸਮੁ[45] ਨ ਜਾਤਾ[46] ਹਦੂਰੇ[47] ॥ | This body[42] of the bride, who realises[46] not her Husband's[45] presence[47], rolls[43] in dust and is of no avail[44]. | ਜਿਹੜੀ ਵਹੁਟੀ ਆਪਣੇ ਸਿਰ ਦੇ ਸਾਂਈ[45] ਦੀ ਹਜ਼ੂਰੀ[47] ਨੂੰ ਅਨੁਭਵ ਨਹੀਂ ਕਰਦੀ[46], ਉਸ ਦੀ ਇਹ ਦੇਹ[42] ਮਿੱਟੀ ਵਿੱਚ ਰੁਲਦੀ[43] ਹੈ ਅਤੇ ਕਿਸੇ ਕੰਮ[44] ਨਹੀਂ ਆਉਂਦੀ। |

| | | |
|---|---|---|
| ਨਾਨਕ ਸਾ ਧਨ[48] ਮਿਲੈ[49] ਮਿਲਾਈ[50] ਪਿਰੁ[51] ਅੰਤਰਿ[52] ਸਦਾ ਸਮਾਲੇ[53] ॥ | Nanak, the bride[48], who, in her mind[52], ever cherishes[53] her Beloved[51], united[50] by Him, unites[49] with Him. | ਨਾਨਕ, ਜਿਹੜੀ ਪਤਨੀ[48] ਆਪਣੇ ਚਿੱਤ[52] ਵਿੱਚ ਹਮੇਸ਼ਾ ਆਪਣੇ ਪ੍ਰੀਤਮ[51] ਨੂੰ ਚੇਤੇ ਕਰਦੀ[53] ਹੈ, ਉਹ ਉਸ ਦੀ ਮਿਲਾਈ ਹੋਈ[50] ਉਸ ਨੂੰ ਮਿਲ ਪੈਂਦੀ[49] ਹੈ। |
| ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥ | Separated from their Spouse, some brides bewail, but those blind ones know not that their Spouse is with them. | ਆਪਣੇ ਪਤੀ ਨਾਲੋਂ ਵਿਛੁੜੀਆਂ ਹੋਈਆਂ ਕਈ ਪਤਨੀਆਂ ਰੋਂਦੀਆਂ ਹਨ। ਉਹ ਅੰਨ੍ਹੀਆਂ, ਨਹੀਂ ਜਾਣਦੀਆਂ ਕਿ ਉਨ੍ਹਾਂ ਦਾ ਪਤੀ ਉਨ੍ਹਾਂ ਦੇ ਅੰਗ ਸੰਗ ਹੈ। |
| ਵਡਹੰਸੁ ਮ: ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ। |
| ਰੋਵਹਿ ਪਿਰਹਿ[54] ਵਿਛੁੰਨੀਆ[55] ਮੈ ਪਿਰੁ ਸਚੜਾ[56] ਹੈ ਸਦਾ[57] ਨਾਲੇ[58] ॥ | Separated[55] from their Beloved[54], others bewail, but my True Spouse[56] is ever[57] with[58] me. | ਪ੍ਰੀਤਮ[54] ਨਾਲੋਂ ਵਿਛੁੜ ਕੇ[55] ਦੂਸਰੀਆ ਰੋਂਦੀਆਂ ਹਨ, ਪ੍ਰੰਤੂ ਮੇਰਾ ਸੱਚਾ ਕੰਤ[56] ਹਮੇਸ਼ਾ[57] ਮੇਰੇ ਅੰਗ ਸੰਗ[58] ਹੈ। |
| ਜਿਨੀ ਚਲਣੁ[62] ਸਹੀ[59] ਜਾਣਿਆ ਸਤਿਗੁਰੁ ਸੇਵਹਿ[60] ਨਾਮੁ ਸਮਾਲੇ[61] ॥ | They, who know that depart[62] they must[59], serve[60] the True Guru and meditate[61] on the Name. | ਜੋ ਜਾਣਦੇ ਹਨ ਕਿ ਉਨ੍ਹਾਂ ਜ਼ਰੂਰ[59] ਹੀ ਟੁਰ ਜਾਣਾ[62] ਹੈ, ਉਹ ਸੱਚੇ ਗੁਰਾਂ ਦੀ ਸੇਵਾ ਕਰਦੇ[60] ਤੇ ਨਾਮ ਨੂੰ ਸਿਮਰਦੇ[61] ਹਨ। |
| ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ[63] ਸਤਿਗੁਰੁ ਸੇਵਿ[64] ਸੁਖੁ[65] ਪਾਇਆ ॥ | Deeming the True Guru to be with[63] them, they ever remember the Name and attain peace[65] by serving[64] the Guru. | ਸੱਚੇ ਗੁਰੂ ਨੂੰ ਹਾਜ਼ਰ ਨਾਜ਼ਰ[63] ਜਾਣ, ਉਹ ਹਮੇਸ਼ਾ ਨਾਮ ਦਾ ਸਿਮਰਨ ਕਰਦੇ ਹਨ ਅਤੇ ਗੁਰਾਂ ਦੀ ਘਾਲ ਕਮਾ[64]ਕੇ ਆਰਾਮ[65] ਹਨ। |
| ਸਬਦੇ[66] ਕਾਲੁ[67] ਮਾਰਿ[68] ਸਚੁ[69] ਉਰਿ[70] ਧਾਰਿ[71] ਫਿਰਿ[72] ਆਵਣ ਜਾਣੁ ਨ ਹੋਇਆ ॥ | Through the Name[66], they slay[68] death[67] and keep the True Lord[69] clasped[71] to their heart[70]. They come and go not, again[72]. | ਨਾਮ[66] ਦੇ ਰਾਹੀਂ ਉਹ ਮੌਤ[67] ਨੂੰ ਮਾਰ ਮੁਕਾਉਂਦੇ[68] ਹਨ ਅਤੇ ਸੱਚੇ ਸੁਆਮੀ[69] ਨੂੰ ਆਪਣੇ ਦਿਲ[70] ਨਾਲ ਲਾਈ ਰਖਦੇ[71] ਹਨ। ਉਹ ਮੁੜ[72] ਆਉਂਦੇ ਤੇ ਜਾਂਦੇ ਨਹੀਂ। |
| ਸਚਾ ਸਾਹਿਬੁ ਸਚੀ ਨਾਈ[73] ਵੇਖੈ[74] ਨਦਰਿ[75] ਨਿਹਾਲੇ[76] ॥ | True is the Lord and true is His Name[73]. By His kind[75] glance[74] the mortal is enraptured[76]. | ਸੱਚਾ ਹੈ ਸੁਆਮੀ ਅਤੇ ਸੱਚਾ ਹੈ ਉਸ ਦਾ ਨਾਮ[73]। ਉਸ ਦੀ ਮਿਹਰ[75] ਦੀ ਨਿਗ੍ਹਾ[74] ਦੁਆਰਾ ਪ੍ਰਾਣੀ ਪਰਮ ਪ੍ਰਸੰਨ ਹੋ ਜਾਂਦਾ[76] ਹੈ। |
| ਰੋਵਹਿ ਪਿਰਹੁ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥੧॥ | Separated from their Beloved, others bemoan, but my True Spouse is ever with me. | ਆਪਣੇ ਪ੍ਰੀਤਮ ਨਾਲੋਂ ਵਿਛੜ ਕੇ ਬਾਕੀ ਦੀਆਂ ਰੋਂਦੀਆਂ ਹਨ, ਪ੍ਰੰਤੂ ਮੇਰਾ ਸੱਚਾ ਕੰਤ ਹਮੇਸ਼ਾ ਹੀ ਮੇਰੇ ਨਾਲ ਹੈ। |
| ਪ੍ਰਭੁ[77] ਮੇਰਾ ਸਾਹਿਬੁ[78] ਸਭਦੂ[80] ਊਚਾ[83] ਹੈ ਕਿਵ ਮਿਲਾਂ[80] ਪ੍ਰੀਤਮ[81] ਪਿਆਰੇ[82] ॥ | My Lord[77] Master[78] is the highest[83] of all[79]; how[80] can I meet my Beloved[81] Lord[82] ? | ਮੇਰਾ ਸੁਆਮੀ[77] ਮਾਲਕ[78] ਸਾਰਿਆਂ[79] ਨਾਲੋਂ ਉਚਾ[83] ਹੈ। ਮੈਂ ਕਿਸ ਤਰ੍ਹਾਂ[80] ਆਪਣੇ ਜਾਨੀ[82] ਦਿਲਬਰ[81] ਨੂੰ ਮਿਲ ਸਕਦੀ ਹਾਂ ? |
| ਸਤਿਗੁਰਿ ਮੇਲੀ ਤਾਂ[84] ਸਹਜਿ[85] ਮਿਲੀ ਪਿਰੁ[86] | When the True Guru united me, I then[84] easily[85] got united with my | ਜਦ ਸੱਚੇ ਗੁਰਾਂ ਨੇ ਮਿਲਾਈ, ਤਦ[84] ਮੈਂ ਸੁਖੈਨ ਹੀ[85] ਆਪਣੇ ਪਤੀ ਨੂੰ ਮਿਲ ਪਈ ਅਤੇ ਹੁਣ ਮੈਂ ਉਸ ਨੂੰ |

| | | |
|---|---|---|
| ਰਾਖਿਆ ਉਰ[87] ਧਾਰੇ[88] ॥ | Spouse and Him I now keep clasped[88] to my heart[87]. | ਆਪਣ ਦਿਲ[87] ਨਾਲ ਲਾਈ ਰਖਦੀ[88] ਹਾਂ । |
| ਸਦਾ ਉਰ ਧਾਰੇ ਨੇਹੁ[89] ਨਾਲਿ[90] ਪਿਆਰੇ[91] ਸਤਿਗੁਰ ਤੇ[92] ਪਿਰੁ[93] ਦਿਸੈ[94] ॥ | I ever cherish my Beloved[91] in my heart with[90] love[89]. It is through[92] the True Guru that I see[94] my Beloved[93]. | ਮੈਂ ਹਮੇਸ਼ਾ ਪਿਆਰ[89] ਸਹਿਤ[90] ਆਪਣੇ ਜਾਨੀ[91] ਨੂੰ ਆਪਣੇ ਦਿਲ ਵਿੱਚ ਟਿਕਾਈ ਰਖਦੀ ਹਾਂ । ਸੱਚੇ ਗੁਰਾਂ ਦੇ ਰਾਹੀਂ[92] ਆਪਣੇ ਪਿਆਰੇ[93] ਨੂੰ ਵੇਖਦੀ[94] ਹਾਂ । |
| ਮਾਇਆ[95] ਮੋਹ[96] ਕਾ ਕਚਾ[97] ਚੋਲਾ[98] ਤਿਤੁ[99] ਪੈਧੈ[100] ਪਗੁ[2] ਖਿਸੈ[3] ॥ | False[97] is the cloak[98] of mammon's[95] attachment[96] and wearing[100] that[99], the foot[2] of the mortal slips[3]. | ਝੂਠਾ[97] ਹੈ ਧਨ-ਦੌਲਤ[95] ਦੀ ਲਗਨ[96] ਦਾ ਚੋਗਾ[98] ਤੇ ਉਸ ਨੂੰ[99] ਪਾਉਣ[100] ਨਾਲ ਪ੍ਰਾਣੀ ਦਾ ਪੈਰ[2] ਤਿਲਕ ਜਾਂਦਾ[3] ਹੈ । |
| ਪਿਰ[4] ਰੰਗਿ[5] ਰਾਤਾ[6] ਸੋ[7] ਸਚਾ ਚੋਲਾ ਤਿਤੁ[10] ਪੈਧੈ ਤਿਖਾ[8] ਨਿਵਾਰੇ[9] ॥ | True is the[7] cloak, that is dyed[6] in the Beloved's[4] colour[5] (love). Wearing it[10] the inner thirst[8] is quenched[9]. | ਸੱਚਾ ਹੈ ਉਹ[7] ਚੋਗਾ ਜੋ ਜਾਨੀ[4] ਦੀ ਪ੍ਰੀਤ[5]ਨਾਲ ਰੰਗਿਆ ਹੋਇਆ[6] ਹੈ । ਇਸ[10] ਨੂੰ ਪਹਿਰਨ ਦੁਆਰਾ ਮਨ ਦੀ ਤ੍ਰੇਹ[8] ਬੁਝ ਜਾਂਦੀ[9] ਹੈ । |
| ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਉ ਮਿਲਾ ਪ੍ਰੀਤਮ ਪਿਆਰੇ ॥੨॥ | My Lord Master is the highest of all; how can I meet with my dear Beloved ? | ਮੈਂਡਾ ਸੁਆਮੀ ਮਾਲਕ ਸਾਰਿਆਂ ਨਾਲੋਂ ਉੱਚਾ ਹੈ । ਮੈਂ ਆਪਣੇ ਲਾਡਲੇ ਦਿਲਬਰ ਨੂੰ ਕਿਸ ਤਰ੍ਹਾਂ ਮਿਲ ਸਕਦੀ ਹਾਂ ? |
| ਮੈ ਪ੍ਰਭੁ ਸਚੁ ਪਛਾਣਿਆ ਹੋਰ ਭੂਲੀ[12] ਅਵਗਣਿਆਰੇ[13] ॥ | I have realised my True Lord while the other impious ones[13] have gone astray[12]. | ਮੈਂ ਆਪਣੇ ਸੱਚੇ ਸੁਆਮੀ ਨੂੰ ਅਨੁਭਵ ਕਰ ਲਿਆ ਹੈ । ਹੋਰ ਪਾਪਣਾਂ[13] ਕੁਰਾਹੇ ਪਈਆਂ ਹੋਈਆਂ[12] ਹਨ । |
| ਮੈ ਸਦਾ[18] ਰਾਵੇ[19] ਪਿਰੁ[15] ਆਪਣਾ ਸਚੜੈ ਸਬਦਿ[16] ਵੀਚਾਰੇ[17] ॥ | I ever[18] think[14] of my Love[15] and ponder over[17] the True Name[16]. | ਮੈਂ ਸਦੀਵ[18] ਹੀ ਆਪਣੇ ਪ੍ਰੀਤਮ[15] ਨੂੰ ਚੇਤੇ ਕਰਦੀ[14] ਹਾਂ ਅਤੇ ਸੱਚੇ ਨਾਮ[16] ਨੂੰ ਸਿਮਰਦੀ[17] ਹਾਂ । |
| ਸਚੈ ਸਬਦਿ ਵੀਚਾਰੇ ਰੰਗਿ[19] ਰਾਤੀ[20] ਨਾਰੇ[21] ਮਿਲਿ[23] ਸਤਿਗੁਰ ਪ੍ਰੀਤਮੁ[22]ਪਾਇਆ ॥ | The bride[21] reflects on the True Name, is imbued[20] with her Lord's love[19] and, meeting[23] with the True Guru, attains to her Beloved[22]. | ਪਤਨੀ[21] ਸੱਚੇ ਨਾਮ ਦਾ ਆਰਾਧਨ ਕਰਦੀ ਹੈ । ਆਪਣੇ ਸੁਆਮੀ ਦੇ ਸਨੇਹ[19] ਨਾਲ ਰੰਗੀ ਹੋਈ[20] ਹੈ ਤੇ ਸੱਚੇ ਗੁਰਾਂ ਨੂੰ ਭੇਟ[23] ਆਪਣੇ ਪਿਆਰੇ[22] ਨੂੰ ਪਾ ਲੈਂਦੀ ਹੈ । |
| ਅੰਤਰਿ[24] ਰੰਗਿ ਰਾਤੀ ਸਹਜੇ[25] ਮਾਤੀ[26] ਗਇਆ[27] ਦੁਸਮਨੁ[28] ਦੂਖੁ[29] ਸਬਾਇਆ[30] ॥ | Her heart[24] is imbued with the Lord's love, she is absorbed[26] in glee[25] and her enemies[28] and anguishes[29] are all[30] dispelled[27]. | ਉਸ ਦਾ ਦਿਲ[24] ਪ੍ਰਭੂ ਦੇ ਪ੍ਰੇਮ ਨਾਲ ਰੰਗਿਆ ਹੋਇਆ ਹੈ । ਉਹ ਖ਼ੁਸ਼ੀ[25] ਅੰਦਰ ਲੀਨ[26] ਹੋਈ ਹੋਈ ਹੈ ਅਤੇ ਉਸ ਦੇ ਵੈਰੀ[28] ਤੇ ਕਸ਼ਟ[29] ਸਭ[30] ਦੂਰ ਹੋ ਗਏ[27] ਹਨ । |
| ਅਪਨੇ ਗੁਰ ਕੰਉ ਤਨੁ ਮਨੁ ਦੀਜੈ[31] ਤਾਂ[32] ਮਨੁ[36] ਭੀਜੈ[33] ਤ੍ਰਿਸਨਾ[34] ਦੂਖ ਨਿਵਾਰੇ[35] ॥ | If thou surrender[31] thy body and mind to the Guru, thy soul[36], then[32], shall become happy[33] and thy desire[34] and pain shall be eliminated[35]. | ਜੇਕਰ ਤੂੰ ਆਪਣੀ ਦੇਹ ਤੇ ਦਿਲ ਗੁਰਾਂ ਦੇ ਸਮਰਪਣ ਕਰ ਦੇਵੇਂ[31] ਤਦ[32] ਤੇਰੀ ਆਤਮਾ[37] ਪ੍ਰਸੰਨ[33] ਹੋ ਜਾਵੇਗੀ ਤੇ ਤੇਰੀ ਖ਼ਾਹਿਸ਼ਾਂ[34] ਤੇ ਪੀੜਾਂ ਮਿੱਟ ਜਾਣਗੀਆਂ[35] । |
| ਮੈ ਪਿਰੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥੩॥ | I have recognised my True Spouse while the other meritless ones are gone astray. | ਮੈਂ ਆਪਣੇ ਸੱਚੇ ਪਤੀ ਨੂੰ ਸਿਂਞਾਣ ਲਿਆ ਹੈ । ਬਾਕੀ ਦੀਆਂ ਗੁਣ-ਵਿਹੂਣ ਕੁਰਾਹੇ ਪਈਆਂ ਹੋਈਆਂ ਹਨ । |

| | | |
|---|---|---|
| ਸਚੜੈ[37] ਆਪਿ[38] ਜਗਤੁ[39] ਉਪਾਇਆ[40] ਗੁਰ ਬਿਨੁ ਘੋਰ[41] ਅੰਧਾਰੋ[42] ॥ | The True Lord[37] has Himself[38] created[40] the world[39]. Without the Guru, there is pitch[41] darkness[42]. | ਸੱਚੇ ਸਾਹਿਬ[37] ਨੇ ਖ਼ੁਦ[38] ਸੰਸਾਰ[39] ਸਾਜਿਆ[40] ਹੈ। ਗੁਰਾਂ ਦੇ ਬਗ਼ੈਰ ਘੁੱਪ[41] ਅਨ੍ਹੇਰਾ[42] ਹੈ। |
| ਆਪਿ ਮਿਲਾਏ ਆਪਿ ਮਿਲੈ ਆਪੇ ਦੇਇ[43] ਪਿਆਰੋ[44] ॥ | The Lord Himself makes man meet, Himself meets him and Himself blesses[43] him with His love[44]. | ਸੁਆਮੀ ਖ਼ੁਦ ਹੀ ਬੰਦੇ ਨੂੰ ਮਿਲਾਉਂਦਾ ਹੈ, ਖ਼ੁਦ ਹੀ ਉਸ ਨੂੰ ਮਿਲਦਾ ਹੈ ਅਤੇ ਖ਼ੁਦ ਹੀ ਉਸ ਨੂੰ ਆਪਣੇ ਪ੍ਰੇਮ ਦੀ ਦਾਤ ਦਿੰਦਾ[43] ਹੈ। |
| ਆਪੇ ਦੇਇ ਪਿਆਰੋ ਸਹਜਿ[45] ਵਾਪਾਰੋ[46] ਗੁਰਮੁਖਿ[47] ਜਨਮੁ[48] ਸਵਾਰੇ[49] ॥ | The Lord Himself blesses man with His love, and then he deals[46] in Divine knowledge[45] and reforms[49] his human life[48], through the Guru[47]. | ਸਾਂਈਂ ਆਪ ਹੀ ਬੰਦੇ ਨੂੰ ਆਪਣਾ ਪ੍ਰੇਮ ਬਖ਼ਸ਼ਦਾ ਹੈ ਤੇ ਤਦ ਉਹ ਗਿਆਨ[45] ਦਾ ਵਣਜ ਕਰਦਾ[46] ਹੈ ਅਤੇ ਗੁਰਾਂ ਦੇ ਰਾਹੀਂ[47] ਆਪਣੇ ਮਨੁਖੀ-ਜੀਵਨ[48] ਦਾ ਸੁਧਾਰ ਕਰ ਲੈਂਦਾ[49] ਹੈ। |
| ਧਨੁ[50] ਜਗ[51] ਮਹਿ[52] ਆਇਆ[53] ਆਪੁ[54] ਗਵਾਇਆ[55] ਦਰਿ[56] ਸਾਚੈ ਸਚਿਆਰੋ[57] ॥ | Blessed[50] is his advent[53] in[52] this world[51], who banishes[55] his self-conceit[54]. He is acclaimed as true[57] in the True court[56]. | ਮੁਬਾਰਕ[50] ਹੈ ਉਸ ਦਾ ਆਗਮਨ[53] ਇਸ ਜਹਾਨ[51] ਵਿੱਚ[52], ਜੋ ਆਪਣੀ ਸਵੈ-ਹੰਗਤਾ[54] ਨੂੰ ਦੂਰ ਕਰਦਾ[55] ਹੈ। ਸੱਚੇ ਦਰਬਾਰ[56] ਵਿੱਚ ਉਹ ਸੱਚਾ[57] ਕਰਾਰ ਦਿੱਤਾ ਜਾਂਦਾ ਹੈ। |
| ਗਿਆਨਿ[58] ਰਤਨਿ[59] ਘਟਿ[60] ਚਾਨਣੁ[61] ਹੋਆ ਨਾਨਕ ਨਾਮ ਪਿਆਰੋ[62] ॥ | Within his mind[60] shines the light[61] of the jewel[59] of Divine knowledge[58] and he bears[62] love to the Lord's Name, O Nanak. | ਉਸ ਦੇ ਅੰਤਰ ਆਤਮੇ[60] ਬ੍ਰਹਮ-ਗਿਆਨ[58] ਦੇ ਜਵੇਹਰ[59] ਦੀ ਰੋਸ਼ਨੀ[61] ਚਮਕਦੀ ਹੈ ਅਤੇ ਸੁਆਮੀ ਦੇ ਨਾਮ ਨਾਲ ਉਸ ਦਾ ਪ੍ਰੇਮ[62] ਹੈ, ਹੇ ਨਾਨਕ ! |
| ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥੪॥੩॥ | The True Lord has Himself created the world, but without the Guru, there is appalling darkness. | ਸੱਚੇ ਸਾਹਿਬ ਨੇ ਖ਼ੁਦ ਹੀ ਸੰਸਾਰ ਸਾਜਿਆ ਹੈ, ਪ੍ਰੰਤੂ ਗੁਰਾਂ ਦੇ ਬਾਝੋਂ ਅਨ੍ਹੇਰ-ਘੁੱਪ ਹੈ। |
| ਵਡਹੰਸੁ ਮਹਲਾ ੩ ॥ | Wadhans 3rd Guru. | ਵਡਹੰਸ ਤੀਜੀ ਪਾਤਿਸ਼ਾਹੀ। |
| ਇਹੁ ਸਰੀਰੁ[63] ਜਜਰੀ[64] ਹੈ ਇਸ ਨੋ ਜਰੁ[65] ਪਹੁਚੈ ਆਏ[66] ॥ | Frail[64] is this body[63] and the old age[65] shall creep[66] upon it. | ਬੋਦੀ[64] ਹੈ ਇਹ ਦੇਹ[63] ਬੁਢੇਪਾ[65] ਇਸ ਉਤੇ ਧੀਰੇ ਧੀਰੇ ਆ ਪੁਜੇਗਾ[66]। |
| ਗੁਰਿ ਰਾਖੇ[67] ਸੇ[68] ਉਬਰੇ[69] ਹੋਰੁ ਮਰਿ ਜੰਮੈ ਆਵੈ ਜਾਏ[70] ॥ | They[68], whom the Guru protects[67], are saved[69] while others die, are born and continue coming and going[70]. | ਜਿਨ੍ਹਾਂ ਦੀ ਗੁਰੂ ਰਖਿਆ[67] ਕਰਦੇ ਹਨ, ਉਹ[68] ਬੱਚ[69] ਜਾਂਦੇ ਹਨ। ਹੋਰ ਮਰਦੇ, ਜੰਮਦੇ ਤੇ ਆਉਂਦੇ ਤੇ ਜਾਂਦੇ[70] ਰਹਿੰਦੇ ਹਨ। |
| ਹੋਰਿ ਮਰਿ ਜੰਮਹਿ ਆਵਹਿ ਜਾਵਹਿ ਅੰਤਿ[71] ਗਏ[72] ਪਛੁਤਾਵਹਿ[73] ਬਿਨੁ ਨਾਵੈ ਸੁਖੁ[74] ਨ ਹੋਈ ॥ | Others die, are born again and transmigrate and while departing[72] grieve[73] in the end[71]. Without the Name, they obtain not peace[74]. | ਹੋਰ ਮਰਦੇ, ਮੁੜ ਜੰਮਦੇ ਅਤੇ ਆਉਂਦੇ ਜਾਂਦੇ ਹਨ ਅਤੇ ਤੁਰਦੇ ਹੋਏ[72] ਅਖ਼ੀਰ[71] ਨੂੰ ਪਛਤਾਉਂਦੇ[73] ਹਨ। ਨਾਮ ਦੇ ਬਾਝੋਂ, ਉਨ੍ਹਾਂ ਨੂੰ ਆਰਾਮ[74] ਪ੍ਰਾਪਤ ਨਹੀਂ ਹੁੰਦਾ। |
| ਐਥੈ[75] ਕਮਾਵੈ[76] ਸੋ[77] ਫਲੁ ਪਾਵੈ[78] ਮਨਮੁਖਿ[79] ਹੈ ਪਤਿ[80] ਖੋਈ ॥ | What the mortal does[76] here[75], that[77] bears[78] fruit. The way-ward[79] loses[81] his honour. | ਜੋ ਕੁਝ ਪ੍ਰਾਣੀ ਏਥੇ[75] ਕਰਦਾ[76] ਹੈ, ਉਹ[77] ਫ਼ਲ ਲੈ ਆਉਂਦਾ[78] ਹੈ। ਆਪ-ਹੁਦਰੇ[79] ਆਪਣੀ ਇੱਜ਼ਤ ਆਬਰੂ[80] ਗੁਆ ਲੈਂਦੇ[81] ਹਨ। |

| | | |
|---|---|---|
| [32]ਜਮਪੁਰਿ[83] ਘੋਰ[84]ਅੰਧਾਰੁ[86] ਮਹਾ[86] ਗੁਬਾਰੁ[87] ਨ ਤਿਥੈ[88] ਭੈਣ[89] ਨ ਭਾਈ[90] ॥ | In the abode[83] of death[82] are terrible[84] darkness[85] and excessive[86] dust[87]. Neither sister[89] nor brother[90] is there[88]. | ਮੌਤ[82] ਦੇ ਸ਼ਹਿਰ[83] ਵਿੱਚ ਭਿਆਨਕ[84] ਅਨ੍ਹੇਰਾ[85] ਤੇ ਬਹੁਤ ਹੀ[86] ਘਟਾ[85] ਹੈ। ਉਥੇ[88] ਨਾ ਅੰਮਾ ਜਾਈਆਂ[89] ਹਨ ਤੇ ਨਾ ਹੀ ਵੀਰ[90]। |
| ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਈ ॥੧॥ | Frail is this body and the old age creeps upon it. | ਬੋਦਾ ਹੈ ਇਹ ਜਿਸਮ, ਬੁਢੇਪਾ ਇਸ ਉੱਤੇ ਹੌਲੀ ਹੌਲੀ ਆ ਪਹੁੰਚਦਾ ਹੈ। |
| ੫੮੫ | | |
| ਕਾਇਆ[91] ਕੰਚਨੁ[92] ਤਾ[93] ਥੀਐ[94] ਜਾਂ[95] ਸਤਿਗੁਰੁ ਲਏ ਮਿਲਾਏ[96] ॥ | If[95] the True Guru unites[96] me with Himself, then[93] shall my body[91] become[94] gold[92]. | ਜੇਕਰ[95] ਸੱਚੇ ਗੁਰੂ ਜੀ ਮੈਨੂੰ ਆਪਣੇ ਨਾਲ ਜੋੜ ਲੈਣ[96] ਤਦ[93] ਮੇਰੀ ਦੇਹ[91] ਸੋਨਾ[92] ਹੋ ਜਾਵੇਗੀ[94]। |
| ਭ੍ਰਮੁ[97] ਮਾਇਆ[98] ਵਿਚਹੁ[99] ਕਟੀਐ[100] ਸਚੜੈ[2] ਨਾਮਿ ਸਮਾਏ[3] ॥ | Doubt[97] and love[98] for mammon have been removed[100] from within[99] me and I have merged[3] in the True Name. | ਸੰਸਾ[97] ਤੇ ਮਾਇਆ-ਮੋਹ[98] ਮੇਰੇ ਅੰਦਰੋਂ[99] ਦੂਰ ਹੋ ਗਏ[100] ਹਨ ਅਤੇ ਮੈਂ ਸੱਚੇ ਨਾਮ ਵਿਚ ਲੀਨ ਹੋ ਗਿਆ[3] ਹਾਂ। |
| ਸਚੈ ਨਾਮਿ ਸਮਾਏ ਹਰਿ ਗੁਣ[4] ਗਾਏ ਮਿਲਿ ਪ੍ਰੀਤਮੁ[5] ਸੁਖੁ[6] ਪਾਏ ॥ | I am absorbed in the True Name[2], I sing God's praise[4] and meeting my Love[5], gather peace[6]. | ਮੈਂ ਸਤਿਨਾਮ ਵਿਚ ਲੀਨ ਹੋ ਗਿਆ ਹਾਂ, ਰੱਬ ਦਾ ਜੱਸ[4] ਗਾਉਂਦਾ ਹਾਂ ਤੇ ਆਪਣੇ ਪਿਆਰੇ[5] ਨੂੰ ਮਿਲ ਕੇ ਸੁਖ[6] ਪਾਉਂਦਾ ਹਾਂ। |
| ਸਦਾ ਅਨੰਦਿ[7] ਰਹੈ ਦਿਨੁ ਰਾਤੀ ਵਿਚਹੁ[8] ਹੰਉਮੈ[9] ਜਾਏ[10] ॥ | Day and night I ever remain happy[7] and from within[8] me pride[9] is dispelled[10]. | ਦਿਨ ਤੇ ਰਾਤ ਮੈਂ ਹਮੇਸ਼ਾ ਹੀ ਪ੍ਰਸੰਨ[7] ਰਹਿੰਦਾ ਹਾਂ ਅਤੇ ਮੇਰੇ ਅੰਦਰੋਂ[8] ਹੰਕਾਰ[9] ਦੂਰ ਹੋ ਗਿਆ[10] ਹੈ। |
| ਜਿਨੀ[14] ਪੁਰਖੀ[12] ਹਰਿ ਨਾਮਿ ਚਿਤੁ[13] ਲਾਇਆ[17] ਤਿਨ ਕੈ ਹੰਉ ਲਾਗਉ[15] ਪਾਏ[16] ॥ | I fall[15] at the feet[16] of the[14] persons[12], who enshrine[17] in their mind[12] God's Name. | ਮੈਂ ਉਨ੍ਹਾਂ[14] ਪੁਰਸ਼ਾਂ[12] ਦੇ ਪੈਰਾਂ[16] ਉਤੇ ਡਿਗਦਾ[15] ਹਾਂ ਜਿਹੜੇ ਵਾਹਿਗੁਰੂ ਦੇ ਨਾਮ ਨਾਲ ਆਪਣੇ ਮਨ[13] ਨੂੰ ਜੋੜਦੇ[17] ਹਨ। |
| ਕਾਇਆ ਕੰਚਨੁ ਤਾਂ ਥੀਐ ਜਾ ਸਤਿਗੁਰੁ ਲਏ ਮਿਲਾਏ ॥੨॥ | If the True Guru unites me with himself, then, my body shall become gold. | ਜੇਕਰ ਸੱਚੇ ਗੁਰੂ ਜੀ ਮੈਨੂੰ ਆਪਣੇ ਨਾਲ ਜੋੜ ਲੈਣ, ਤਦ ਮੇਰੀ ਦੇਹ ਸੋਨੇ ਦੀ ਹੋ ਜਾਵੇਗੀ। |
| ਸੋ[18]ਸਚਾ[19]ਸਚੁ[20]ਸਲਾਹੀਐ[21] ਜੇ[23] ਸਤਿਗੁਰੁ ਦੇਇ ਬੁਝਾਏ[22] ॥ | If[23] the True Guru imparts understanding[22], then the mortals verily[20] praise[21] the[18] True Lord[19]. | ਜੇਕਰ ਸੱਚੇ ਗੁਰੂ ਜੀ ਸਮਝ ਪਰਦਾਨ ਕਰਨ ਤਾਂ ਪ੍ਰਾਣੀ ਨਿਸਚਿਤ ਹੀ ਉਸ ਸੱਚੇ ਸਾਂਈਂ ਦੀ ਸਿਫ਼ਤ ਕਰਦੇ ਹਨ। |
| ਬਿਨੁ ਸਤਿਗੁਰ ਭਰਮਿ[24] ਭੁਲਾਣੀਆ[25] ਕਿਆ[26] ਮੁਹੁ[27] ਦੇਸਨਿ[28] ਆਗੈ[29] ਜਾਏ[30] ॥ | Without the True Guru they stray[25] in doubt[24]. What[26] face[27] shall they show[28] going[30] hereafter[29]. | ਸੱਚੇ ਗੁਰਾਂ ਦੇ ਬਾਝੋਂ ਉਹ ਵਹਿਮ[24] ਅੰਦਰ ਕੁਰਾਹੇ ਪਏ ਹੋਏ[25] ਹਨ। ਅਗੇ[29] ਜਾ ਕੇ[30] ਉਹ ਕਿਹੜਾ[26] ਮੂੰਹ[27] ਦਿਖਾਉਣਗੇ[28] ? |
| ਕਿਆ ਦੇਨਿ ਮੁਹੁ ਜਾਏ ਅਵਗੁਣਿ[31] ਪਛੁਤਾਏ[32] ਦੁਖੋ ਦੁਖੁ[33] ਕਮਾਏ[34] ॥ | What face shall they show in the next world? They will grieve[32] for their sins[31] and earn[34] nothing but anguish[33]. | ਪ੍ਰਲੋਕ ਵਿਚ ਉਹ ਕਿਹੜਾ ਮੂੰਹ ਦਿਖਾਉਣਗੇ ? ਉਹ ਆਪਣੇ ਗੁਨਾਹਾਂ[31] ਲਈ ਅਫ਼ਸੋਸ[32] ਕਰਨਗੇ ਅਤੇ ਨਿਰੋਲ ਕਸ਼ਟ[33] ਹੀ ਪਾਉਣਗੇ। |

| | | |
|---|---|---|
| ਨਾਮਿ ਰਤੀਆ[35] ਸੇ[36] ਰੰਗਿ[37] ਚਲੂਲਾ[38] ਪਿਰ[39] ਕੈ ਅੰਕਿ[40] ਸਮਾਏ[41] ॥ | Deep red[38] is the complexion[37] of those[36] who are imbued[35] with the Name. They blend[41] with their spouse's[39] person[40]. | ਗੂੜ੍ਹੀ ਲਾਲ[38] ਰੰਗਤ[37] ਹੈ ਉਨ੍ਹਾਂ[36] ਦੀ ਜੋ ਨਾਮ ਨਾਲ ਰੰਗੀਜੀਆਂ[35] ਹਨ। ਉਹ ਆਪਣੇ ਪਤੀ[39] ਦੇ ਸਰੂਪ[40] ਵਿਚ ਲੀਨ ਹੋ ਜਾਂਦੀਆਂ[41] ਹਨ। |
| ਤਿਸੁ[42] ਜੇਵਡੁ[42] ਅਵਰੁ[44] ਨ ਸੁਝਈ[45] ਕਿਸੁ[48] ਆਗੈ ਕਹੀਐ[46] ਜਾਏ[47] ॥ | As great as[41] He[42], I can think[45] of no other[44]. To whom[48] else shall I go[47] and cry[46] ? | ਉਸ[42] ਜਿੱਡਾ ਵੱਡਾ[43] ਹੋਰ ਕੋਈ[44] ਮੈਨੂੰ ਸੁਝ[45] ਨਹੀਂ ਆਉਂਦਾ। ਮੈਂ ਹੋਰ ਕੀਹਦੇ[48] ਕੋਲ ਜਾ ਕੇ[47] ਫ਼ਰਿਆਦੀ[46] ਹੋਵਾਂ ? |
| ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥ ੩ ॥ | If the True Guru imparts understanding, the mortal then verily praises the True Lord. | ਜੇਕਰ ਸੱਚੇ ਗੁਰੂ ਜੀ ਸਮਝ ਪਰਦਾਨ ਕਰਨ ਤਾਂ ਪ੍ਰਾਣੀ ਨਿਸਚਿਤ ਹੀ ਉਸ ਸੱਚੇ ਸੁਆਮੀ ਦੀ ਸਿਫ਼ਤ ਕਰਦਾ ਹੈ। |
| ਜਿਨੀ ਸਚੜਾ ਸਚੁ[49] ਸਲਾਹਿਆ[50] ਹੰਉ ਤਿਨ ਲਾਗਉ[51] ਪਾਏ[52] ॥ | They, who praise[50] the Truest of the True[49], I fall[51] at their feet[52]. | ਜੋ ਸੱਚਿਆਂ ਦੇ ਪਰਮ ਸੱਚਿਆਰਾਂ[49] ਦੀ ਸਿਫ਼ਤ-ਸਨਾ[50] ਕਰਦੇ ਹਨ ਮੈਂ ਉਨ੍ਹਾਂ ਦੇ ਪੈਰੀਂ[52] ਪੈਂਦਾ[51] ਹਾਂ। |
| ਸੇ[56] ਜਨ[57] ਸਚੇ ਨਿਰਮਲੇ[53] ਤਿਨ ਮਿਲਿਆ ਮਲੁ[54] ਸਭ ਜਾਏ[55] ॥ | True and pure[53] are those[56] persons[57] and meeting them, all the filth[54] is washed off[55]. | ਸੱਚੇ ਅਤੇ ਪਵਿੱਤ੍ਰ[53] ਹਨ ਉਹ[56] ਪੁਰਸ਼[57]। ਉਨ੍ਹਾਂ ਨੂੰ ਮਿਲ ਕੇ ਸਾਰੀ ਮੈਲ[54] ਧੋਤੀ ਜਾਂਦੀ[55] ਹੈ। |
| ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ[58] ਨਾਏ[59] ਸਚੈ[60] ਸਹਜਿ ਸੁਭਾਏ[61] ॥ | Meeting them, the entire dust is removed, the mau bathes[59] in the Name's true tank[58] and automatically[61] becomes truthful[60]. | ਉਨ੍ਹਾਂ ਨੂੰ ਮਿਲ ਕੇ ਸਾਰੀ ਮੈਲ ਉਤਰ ਜਾਂਦੀ ਹੈ, ਇਨਸਾਨ ਨਾਮ ਦੇ ਸੱਚੇ ਤਾਲਾਬ[58] ਅੰਦਰ ਨ੍ਹਾਉਂਦਾ[59] ਹੈ ਅਤੇ ਸੁਭਾਵਕ ਹੀ[61] ਸਤਿਵਾਦੀ[60] ਥੀਂ ਵੰਞਦਾ ਹੈ। |
| ਨਾਮੁ ਨਿਰੰਜਨੁ[62] ਅਗਮੁ[63] ਅਗੋਚਰੁ[64] ਸਤਿਗੁਰਿ ਦੀਆ ਬੁਝਾਏ[65] ॥ | The True Guru has made me realise[65] the Name of the Immaculate[62], Unreachable[63] and Unperceivable[64] Lord, | ਸੱਚੇ ਗੁਰਾਂ ਨੇ ਮੈਨੂੰ ਪਵਿੱਤ੍ਰ[62], ਪਹੁੰਚ ਤੋਂ ਪਰੇ[63] ਅਤੇ ਅਗਾਧ[64] ਪ੍ਰਭੂ ਦਾ ਨਾਮ ਦਰਸਾ ਦਿੱਤਾ[65] ਹੈ। |
| ਅਨਦਿਨੁ[66] ਭਗਤਿ[67] ਕਰਹਿ ਰੰਗਿ[68] ਰਾਤੇ[69] ਨਾਨਕ ਸਚਿ[70] ਸਮਾਏ[71] ॥ | Imbued[69] with love[68], they who, night and day[66], perform True Lord's[70] devotional service[67], O Nanak, get absorbed[71] in Him. | ਪ੍ਰੇਮ[68] ਨਾਲ ਰੰਗੇ[69] ਹੋਏ ਜੋ ਰਾਤ ਦਿਨ[66] ਸੱਚੇ ਸਾਂਈ[70] ਦੀ ਪ੍ਰੇਮ ਮਈ[67] ਸੇਵਾ ਕਰਦੇ ਹਨ, ਹੇ ਨਾਨਕ ! ਉਹ ਉਸ ਅੰਦਰ ਲੀਨ ਹੋ ਜਾਂਦੇ[71] ਹਨ। |
| ਜਿਨੀ ਸਚੜਾ ਸਚੁ ਧਿਆਇਆ ਹੰਉ ਤਿਨ ਕੈ ਲਾਗਉ ਪਾਏ ॥੪॥੪॥ | I fall at the feet of those, who meditate on the Truest of the True. | ਮੈਂ ਉਨ੍ਹਾਂ ਦੇ ਪੈਰੀਂ ਪੈਂਦਾ ਹਾਂ, ਜੋ ਸਚਿਆਰ ਪ੍ਰਭੂ ਦਾ ਸਿਮਰਨ ਕਰਦੇ ਹਨ। |
| ਵਡਹੰਸੁ ਕੀ ਵਾਰ<br>ਮਹਲਾ ੪<br>ਲਲਾਂ ਬਹਲੀਮਾ ਕੀ ਧੁਨਿ ਗਾਵਣੀ | Eulogy of Rag Wadhans<br>4th Guru.<br>To be sung to the tune of Lallan-Bahleeman. | ਵਡਹੰਸ ਦੀ ਵਾਰ<br>ਚੌਥੀ ਪਾਤਿਸ਼ਾਹੀ<br>ਲਲਾ ਬਹਲੀਮਾ ਦੀ ਸੁਰਤਾਲ ਤੇ ਗਾਉਣੀ |

| | | |
|---|---|---|
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ। |
| ਸਲੋਕ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਸਬਦਿ[72] ਰਤੇ[73] ਵਡ ਹੰਸ[74] ਹੈ ਸਚੁ ਨਾਮੁ[75] ਉਰਿਧਾਰਿ[76]॥ | They, who are imbued[73] with the Divine word[72] and enshrine[76] the True Name in their heart[75], are the great[74] swans. | ਜੋ ਰੱਬੀ ਕਲਾਮ[72] ਨਾਲ ਰੰਗੀਜੇ[73] ਹਨ ਅਤੇ ਸੱਚੇ ਨਾਮ ਨੂੰ ਆਪਣੇ ਦਿਲ[75] ਅੰਦਰ ਵਸਾਉਂਦੇ[76] ਹਨ, ਉਹ ਪਰਮ[74] ਹੰਸ ਹਨ। |
| ਸਚੁ ਸੰਗ੍ਰਹਹਿ[77] ਸਦ ਸਚਿ[78] ਰਹਹਿ[79] ਸਚੈ ਨਾਮਿ ਪਿਆਰਿ[80] ॥ | They amass[77] truth, ever[78] abide[79] in truth and enshrine affection[80] for the True Name. | ਉਹ ਸੱਚ ਨੂੰ ਇਕੱਤ੍ਰ ਕਰਦੇ[77] ਹਨ, ਹਮੇਸ਼ਾ[78] ਸੱਚ ਵਿੱਚ ਵੱਸਦੇ[79] ਹਨ ਤੇ ਸੱਚੇ ਨਾਮ ਨਾਲ ਪ੍ਰੇਮ[80] ਲਾਉਂਦੇ ਹਨ। |
| ਸਦਾ ਨਿਰਮਲ[81] ਮੈਲੁ ਨ[82] ਲਗਈ[83] ਨਦਰਿ[84] ਕੀਤੀ ਕਰਤਾਰਿ[85] ॥ | For ever they are Pure[81], no filth[82] sticks[83] to them and on them is the Creator's[85] grace[84]. | ਹਮੇਸ਼ਾ ਲਈ ਉਹ ਪਵਿੱਤ੍ਰ[81] ਹਨ, ਉਨ੍ਹਾਂ ਨੂੰ ਕੋਈ ਮੈਲ[82] ਨਹੀਂ ਚਿਮੜਦੀ[83] ਅਤੇ ਉਨ੍ਹਾਂ ਉਤੇ ਸਿਰਜਣਹਾਰ[85] ਦੀ ਮਿਹਰ[84] ਹੈ। |
| ਨਾਨਕ ਹਉ ਤਿਨ ਕੈ ਬਲਿਹਾਰਣੈ[86] ਜੋ ਅਨਦਿਨੁ[87] ਜਪਹਿ[88] [89]ਮੁਰਾਰਿ[90] ॥੧॥ | Nanak, I am a sacrifice[86] unto them who, night and day[87], contemplate[88] on God, the Enemy[90] of pride[89]. | ਨਾਨਕ, ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ[86] ਹਾਂ, ਜਿਹੜੇ ਰੈਣ ਦਿਹੁੰ[87] ਹੰਕਾਰ[89] ਦੇ ਵੈਰੀ[90] ਵਾਹਿਗੁਰੂ ਦਾ ਸਿਮਰਨ[88] ਕਰਦੇ ਹਨ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਮੈ ਜਾਨਿਆ[91] ਵਡ ਹੰਸੁ ਹੈ ਤਾ ਮੈ ਕੀਆ ਸੰਗੁ[92] ॥ | I thought[91] he was a great swan, so I associated[92] with him. | ਮੈਂ ਉਸ ਨੂੰ ਪਰਮ ਹੰਸ ਖਿਆਲ ਕੀਤਾ[91] ਸੀ, ਤਾਂ ਹੀ ਮੈਂ ਉਸ ਦੀ ਸੰਗਤ ਕੀਤੀ[92] ਸੀ। |
| ਜੇ[93] ਜਾਣਾ ਬਗੁ[94] ਬਪੁੜਾ[95] ਤ ਜਨਮਿ[96] ਨ ਦੇਦੀ ਅੰਗੁ[97] ॥੨॥ | Had[93] I known, he was only a wretched[95] heron[94], from the very beginning[96], I would not have associated[97] with him. | ਜੇਕਰ[93] ਮੈਂ ਜਾਣਦੀ ਹੁੰਦੀ ਕਿ ਉਹ ਵਿਚਾਰਾ[95] ਬਗਲਾ[94] ਹੀ ਹੈ, ਮੈਂ ਮੁੱਢ[96] ਤੋਂ ਹੀ ਉਸ ਨਾਲ ਮੇਲ-ਮਿਲਾਪ ਨਾ ਕਰਦੀ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਹੰਸਾ ਵੇਖਿ ਤਰੰਦਿਆ[98] ਬਗਾਂ ਭਿ ਆਯਾ[99] ਚਾਉ[100] ॥ | Seeing the swans swim[98], even the herons developed[99] a desire[100] to swim. | ਹੰਸਾਂ ਨੂੰ ਤਾਰੀਆਂ ਲਾਉਂਦੇ[98] ਦੇਖ ਕੇ, ਬਗਲਿਆਂ ਨੂੰ ਵੀ ਤਰਨ ਦੀ ਖ਼ਾਹਿਸ਼[100] ਪੈਦਾ ਹੋ ਗਈ[99]। |
| ਡੁਬਿ[2] ਮੁਏ ਬਗ ਬਪੁੜੇ[3] ਸਿਰੁ[4] ਤਲਿ[5] ਉਪਰਿ[6] ਪਾਉ[7] ॥੩॥ | The poor[3] herons got drowned[2] to death and they lay with their head[4] below[5] and feet[7] above[6]. | ਵਿਚਾਰੇ[3] ਬਗਲੇ ਡੁਬ ਕੇ[2] ਮਰ ਗਏ। ਉਨ੍ਹਾਂ ਦੇ ਸਿਰ[4] ਹੇਠਾਂ[5] ਅਤੇ ਪੈਰ[7] ਉਤੇ[6] ਨੂੰ ਸਨ। |
| ਪਉੜੀ ॥ | Pauri. | ਪਉੜੀ। |
| ਤੂ ਆਪੇ ਹੀ ਆਪਿ ਆਪਿ[8] ਹੈ ਆਪਿ[9] ਕਾਰਣੁ[10] ਕੀਆ[12]॥ | Thou art all by Thyself[8], O Lord and Thyself[9] Thou hast created[12] the world[10]. | ਤੂੰ ਸਾਰਾ ਕੁੱਛ ਆਪਣੇ[8] ਆਪ ਤੋਂ ਹੀ ਹੈਂ ਅਤੇ ਤੂੰ ਖ਼ੁਦ[9] ਹੀ ਤੂੰ ਜਗਤ[10] ਨੂੰ ਰਚਿਆ[12] ਹੈ। |

| | | |
|---|---|---|
| ਤੂ ਆਪੇ ਆਪਿ ਨਿਰੰਕਾਰੁ[13] ਹੈ ਕੋ ਅਵਰੁ[14] ਨ ਬੀਆ[15]॥ | O formless Lord[13], Thou art all by Thyself and without Thee, there is not another[14] second[15]. | ਹੇ ਸਰੂਪ-ਰਹਿਤ[13] ਸੁਆਮੀ ! ਤੂੰ ਸਾਰਾ ਕੁੱਛ ਆਪਣੇ ਆਪ ਤੋਂ ਹੀ ਹੈਂ। ਤੇਰੇ ਬਿਨਾ ਹੋਰ ਕੋਈ[14] ਦੂਸਰਾ[15] ਨਹੀਂ। |
| ਤੂ ਕਰਣ[16] ਕਾਰਣ[17] ਸਮਰਥੁ[18] ਹੈ ਤੂ ਕਰਹਿ ਸੁ[19] ਥੀਆ[20] ॥ | Thou art Omnipotent[18] to do[16] all the deeds[17] and what Thou doest, that[19] comes to pass[20]. | ਤੂੰ ਸਾਰੇ ਕੰਮ[17] ਕਰਨ[16] ਨੂੰ ਸਰਬ ਸ਼ਕਤੀਵਾਨ[18] ਹੈਂ। ਜੋ ਤੂੰ ਕਰਦਾ ਹੈਂ, ਉਹੀ[19] ਹੁੰਦਾ[20] ਹੈ। |
| ਤੂ ਅਣਮੰਗਿਆ[21] ਦਾਨੁ[22] ਦੇਵਣਾ[23] ਸਭਨਾਹਾ[24] ਜੀਆ[25] ॥ | Thou givest[23] unasked-for[21] bounties[22] to all[24] the beings[25]. | ਤੂੰ ਬਿਨ ਮੰਗਿਆਂ[21] ਦਾਤਾਂ[22] ਸਾਰਿਆਂ[24] ਜੀਵਾਂ[25] ਨੂੰ ਦਿੰਦਾ[23] ਹੈਂ। |
| ਸਭਿ ਆਖਹੁ[26] ਸਤਿਗੁਰੁ ਵਾਹੁ ਵਾਹੁ[27] ਜਿਨਿ ਦਾਨੁ[28] ਹਰਿ ਨਾਮੁ ਮੁਖਿ[29] ਦੀਆ ॥ ੧ ॥ | Let all say[26] "Blest[27] ! blest ! is the True Guru, who has given me the supreme[29] gift[28] of the Lord's Name." | ਸਾਰੇ ਜਣੇ ਕਹੋ[26], "ਧੰਨ[27] ! ਧੰਨ ! ਹਨ ਸੱਚੇ ਗੁਰਦੇਵ ਜੀ" ਜਿਨ੍ਹਾਂ ਨੇ ਪ੍ਰਭੂ ਦੇ ਨਾਮ ਦੀ ਮੁਖੀ[29] ਦਾਤ[28] ਮੈਨੂੰ ਦਿੱਤੀ ਹੈ। |
| **੫੮੬** | | |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਭੈ ਵਿਚਿ[30] ਸਭੁ ਆਕਾਰੁ[31] ਹੈ ਨਿਰਭਉ[32] ਹਰਿ ਜੀਉ[33] ਸੋਇ[34] ॥ | The entire creation[31] is in the Lord's fear[30] and that[34] adorable[33] God alone is fear-free[22]. | ਸਾਰਾ ਸੰਸਾਰ[31] ਸਾਹਿਬ ਦੇ ਡਰ[30] ਅੰਦਰ ਹੈ ਕੇਵਲ ਓਹੀ[34] ਪੂਜਨੀਜ[33] ਵਾਹਿਗੁਰੂ ਡਰ-ਰਹਿਤ[32] ਹੈ। |
| ਸਤਿਗੁਰਿ ਸੇਵਿਐ[38] ਹਰਿ ਮਨਿ ਵਸੈ[35] ਤਿਥੈ[36] ਭਉ[37] ਕਦੇ ਨ ਹੋਇ ॥ | Serving[38*] the True Guru, the Lord abides in the man's mind ; there[36], then, fear[37] can never stay. | ਸੱਚੇ ਗੁਰਾਂ ਦੀ ਸੇਵਾ[38] ਕਰਨ ਨਾਲ ਸਾਈਂ ਬੰਦੇ ਦੇ ਚਿੱਤ ਵਿੱਚ ਟਿੱਕ[35] ਜਾਂਦਾ ਹੈ, ਉਥੇ[36] ਫੇਰ ਡਰ[37] ਨਹੀਂ ਠਹਿਰਦਾ। |
| ਦੁਸਮਨੁ[38*] ਦੂਖੁ ਤਿਸ[39] ਨੋ ਨੇੜਿ[40] ਨ ਆਵੈ ਪੋਹਿ[41] ਨ ਸਕੈ ਕੋਇ ॥ | The enemy[38*] and anguish[39] draw not near[40] him and none can even touch[41] him. | ਵੈਰੀ[38*] ਅਤੇ ਦੁਖ[39] ਉਸ ਦੇ ਲਾਗੇ[40] ਹੀ ਨਹੀਂ ਲਗਦੇ ਅਤੇ ਕੋਈ ਉਸ ਨੂੰ ਛੂਹ[41] ਤਕ ਨਹੀਂ ਸਕਦਾ। |
| ਗੁਰਮੁਖਿ[42] ਮਨਿ[43] ਵੀਚਾਰਿਆ[44] ਜੋ[45] ਤਿਸੁ[46] ਭਾਵੈ[47] ਸੋ[48] ਹੋਇ[49] ॥ | The Guru-ward[42] in his mind[43], dwells[44] on the Lord and realises that whatever[45] pleases[47] Him[46], that[48] alone comes to pass[49]. | ਗੁਰੂ-ਸਮਰਪਣ[42] ਆਪਣੇ ਦਿਲੋਂ[43] ਸੁਆਮੀ ਨੂੰ ਸਿਮਰਣ[44] ਦੁਆਰਾ ਸਮਝ ਜਾਂਦਾ ਹੈ ਕਿ ਜੋ ਕੁਛ[45] ਉਸ ਪ੍ਰਭੂ ਨੂੰ[46] ਚੰਗਾ ਲਗਦਾ[47] ਹੈ, ਉਹੀ[48] ਹੁੰਦਾ[49] ਹੈ। |
| ਨਾਨਕ ਆਪੇ[50] ਹੀ ਪਤਿ[51] ਰਖਸੀ[52] ਕਾਰਜ[53] ਸਵਾਰੇ[55] ਸੋਇ[54] ॥੧॥ | Nanak, the Lord Himself[50] preserves[52] man's honour[51] and He[54] alone resolves[55] the affairs[53]. | ਨਾਨਕ, ਸਾਹਿਬ ਆਪ[50] ਹੀ ਇਨਸਾਨ ਦੀ ਇੱਜ਼ਤ[51] ਰਖਦਾ[52] ਹੈ ਅਤੇ ਓਹੀ[54] ਕੰਮ-ਕਾਜ[53] ਸਵਾਰਦਾ[55] ਹੈ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਇਕਿ[56] ਸਜਣ[57] ਚਲੇ[58] ਇਕਿ ਚਲਿ ਗਏ[59] ਰਹਦੇ[60] | Some[56] of my friends[57] are leaving[58], some have already left[59] and the | ਮੇਰੇ ਕਈ[56] ਮਿੱਤ੍ਰ[57] ਜਾ ਰਹੇ[58] ਹਨ, ਕਈ ਅਗੇ ਹੀ (ਦੁਨੀਆਂ ਤੋਂ) ਤੁਰ[59] ਗਏ ਹਨ ਅਤੇ ਬਾਕੀ[60] ਦੇ ਭੀ |

| | | |
|---|---|---|
| ਭੀ ਫੁਨਿ[61] ਜਾਹਿ[62] ॥ | remaining[60] ones too shall ultimately[61] depart[62]. | ਆਖ਼ਰਕਾਰ[61] ਟੁਰ ਜਾਣਗੇ[62] । |
| ਜਿਨੀ ਸਤਿਗੁਰੁ ਸੇਵਿਓ[63] ਸੇ[64]ਆਇ ਗਏ ਪਛੁਤਾਹਿ[65]॥ | They, who serve[63] not the True Guru, regret[65] their coming and going. | ਜੋ ਆਪਣੇ ਸੱਚੇ ਗੁਰਾਂ ਦੀ ਟਹਿਲ ਨਹੀਂ ਕਮਾਉਂਦੇ[63]; ਉਹ[64] ਆਪਣੇ ਆਉਣ ਤੇ ਜਾਣ ਤੇ ਪਸਚਾਤਾਪ ਕਰਦੇ[65] ਹਨ । |
| ਨਾਨਕ ਸਚਿ[66] ਰਤੇ[67] ਸੇ ਨ[68] ਵਿਛੁੜਹਿ[69] ਸਤਿਗੁਰੁ ਸੇਵਿ[70] ਸਮਾਹਿ[71] ॥੨॥ | Nanak, they[68], who are imbued[67] with the True Name[66], separate[69] not and through the True Guru's service[70], they merge[71] into the Lord. | ਨਾਨਕ, ਜੋ ਸੱਚੇ ਨਾਮ[66] ਨਾਲ ਰੰਗੀਜੇ[67] ਹਨ, ਉਹ[68] ਵਖਰੇ ਨਹੀਂ ਹੁੰਦੇ[69] । ਸੱਚੇ ਗੁਰਾਂ ਦੀ ਚਾਕਰੀ[70] ਰਾਹੀਂ ਉਹ ਸਾਹਿਬ ਅੰਦਰ ਲੀਨ ਹੋ ਜਾਂਦੇ[71] ਹਨ । |
| ਪਉੜੀ ॥ | Pauri. | ਪਉੜੀ । |
| ਤਿਸੁ[72] ਮਿਲੀਐ ਸਤਿਗੁਰ ਸਜਣੈ[73] ਜਿਸੁ ਅੰਤਰਿ[74] ਹਰਿ ਗੁਣਕਾਰੀ[75] ॥ | Meet thou with that[72] True Guru, the friend, in whose mind[74] the efficacious[75] God abides. | ਤੂੰ ਉਨ੍ਹਾਂ[72] ਮਿੱਤ੍ਰ[73] ਤੇ ਸੱਚੇ ਗੁਰਾਂ ਨੂੰ ਮਿਲ, ਜਿਨ੍ਹਾਂ ਦੇ ਹਿਰਦੇ[74] ਅੰਦਰ ਨੇਕੀ ਕਰਨ[75] ਵਾਲਾ ਵਾਹਿਗੁਰੂ ਵਸਦਾ ਹੈ । |
| ਤਿਸੁ ਮਿਲੀਐ ਸਤਿਗੁਰ ਪ੍ਰੀਤਮੈ[76] ਜਿਨਿ ਹੰਉਮੈ[77] ਵਿਚਹੁ[78] ਮਾਰੀ[79] ॥ | Meet thou with the dear[76] True Guru, who has stilled[79] ego[77] from within[78] himself. | ਤੂੰ ਉਸ ਪਿਆਰੇ[76] ਸੱਚੇ ਗੁਰੂ ਨੂੰ ਮਿਲ, ਜਿਸ ਨੇ ਆਪਣੇ ਅੰਦਰੋਂ[78] ਹੰਕਾਰ[77] ਮਾਰ ਮੁਕਾਇਆ[79] ਹੈ । |
| ਸੋ[80] ਸਤਿਗੁਰੁ ਪੂਰਾ[81] ਧਨੁ ਧੰਨੁ[82] ਹੈ ਜਿਨਿ ਹਰਿ ਉਪਦੇਸੁ[83] ਦੇ ਸਭ ਸ੍ਰਿਸ੍ਟਿ[84] ਸਵਾਰੀ[85] ॥ | Blest[82] ! blest ! is the[80] perfect[81] True Guru, who, by counselling[83] God's service, has reformed[85] the whole world[84]. | ਮੁਬਾਰਕ[82] ! ਮੁਬਾਰਕ ! ਹਨ ਉਹ[80] ਪੂਰਨ[81] ਸੱਚੇ ਗੁਰੂ ਜੀ, ਜਿਨ੍ਹਾਂ ਨੇ ਰੱਬ ਦੀ ਸੇਵਾ ਦੀ ਸਿਖਮਤ[83] ਦੇ ਕੇ ਸਾਰੀ ਦੁਨੀਆਂ[84] ਦਾ ਸੁਧਾਰ ਕੀਤਾ[85] ਹੈ । |
| ਨਿਤ[86] ਜਪਿਅਹੁ[87] ਸੰਤਹੁ ਰਾਮ ਨਾਮੁ [88]ਭਉਜਲ[89] ਬਿਖੁ[90] ਤਾਰੀ[91] ॥ | O Saints, ever[86] meditate[87] on the Lord's Name, that you may be ferried across[91] the poisonous[90], dreadful[88] world ocean[89]. | ਹੇ ਸਾਧੂਓ ! ਸਦੀਵ[86] ਹੀ ਸੁਆਮੀ ਦੇ ਨਾਮ ਦਾ ਸਿਮਰਨ[87] ਕਰੋ, ਜੋ ਤੁਹਾਨੂੰ ਜ਼ਹਿਰੀਲੇ[90] ਭਿਆਨਕ[88] ਸੰਸਾਰ ਸਮੁੰਦਰ[89] ਤੋਂ ਪਾਰ ਕਰ ਦੇਵੇਗਾ[91] । |
| ਗੁਰਿ ਪੂਰੈ[92] ਹਰਿ ਉਪਦੇਸਿਆ[93] ਗੁਰ ਵਿਟੜਿਅਹੁ[94] ਹੰਉ[95] ਸਦ[96] ਵਾਰੀ[27] ॥੨॥ | The Perfect[92] Guru has instructed[93] me in the Lord and unto[94] the Guru, I[95] am ever[96] a sacrifice[97]. | ਪੂਰਨ[92] ਗੁਰਾਂ ਨੇ ਮੈਨੂੰ ਸਾਹਿਬ ਬਾਰੇ ਸਿਖਮਤ ਦਿੱਤੀ[93] ਹੈ । ਗੁਰਾਂ ਉੱਤੋਂ[94] ਮੈਂ[95] ਹਮੇਸ਼ਾ[96] ਹੀ ਕੁਰਬਾਨ ਜਾਂਦਾ[97] ਹਾਂ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਸਤਿਗੁਰ ਕੀ ਸੇਵਾ[98] ਚਾਕਰੀ[99] ਸੁਖੀ ਹੂੰ[100] ਸੁਖ ਸਾਰੁ[2] ॥ | The service[98] of and obedience[99] to the True Guru, is the essence[2] of the comfort of comforts[100]. | ਸੱਚੇ ਗੁਰਾਂ ਦੀ ਖਿਦਮਤ[98] ਤੇ ਘਾਲ[99], ਆਰਾਮਾਂ ਦੇ ਆਰਾਮ[100] ਦਾ ਜੌਹਰ[2] ਹੈ । |
| ਐਥੈ ਮਿਲਨਿ ਵਡਿਆਈਆ[3] ਦਰਗਹ[4] ਮੋਖ[5] ਦੁਆਰੁ[6] ॥ | Through it, the man obtains honour[3] here and door[6] of salvation[5] in the Lord's court[4]. | ਇਸ ਦੇ ਰਾਹੀਂ ਬੰਦਾ ਏਥੇ ਇੱਜ਼ਤ-ਆਬਰੂ[3] ਪਾ ਲੈਂਦਾ ਹੈ ਅਤੇ ਸਾਹਿਬ ਦੇ ਦਰਬਾਰ[4] ਅੰਦਰ ਮੁਕਤੀ[5] ਦਾ ਦਰਵਾਜ਼ਾ[6] । |

| | | |
|---|---|---|
| ਸਚੀ ਕਾਰ[7] ਕਮਾਵਣੀ[8] ਸਚੁ ਪੈਨਣੁ[9] ਸਚੁ ਨਾਮੁ[10] ਅਧਾਰੁ[12] ॥ | He performs[8] the True task[7], wears[9] Truth and has the support[12] of the True Name[10]. | ਉਹ ਸੱਚੀ ਕਿਰਤ[7] ਕਰਦਾ[8] ਹੈ, ਸੱਚ ਨੂੰ ਪਹਿਨਦਾ[9] ਹੈ ਅਤੇ ਸੱਚਾ ਨਾਮ[10] ਹੀ ਉਸ ਦਾ ਆਸਰਾ[12] ਹੈ। |
| ਸਚੀ ਸੰਗਤਿ[13] ਸਚਿ ਮਿਲੈ ਸਚੈ ਨਾਇ[14] ਪਿਆਰੁ[15] ॥ | Through the true association[13], he obtains Truth and he comes to love[15] the True Name[14]. | ਸੱਚੀ ਸੁਹਬਤ[13] ਰਾਹੀਂ ਉਹ ਸੱਚ ਨੂੰ ਪ੍ਰਾਪਤ ਹੋ ਜਾਂਦਾ ਹੈ ਅਤੇ ਸੱਚੇ ਨਾਮ[14] ਨਾਲ ਉਸ ਦਾ ਪ੍ਰੇਮ[15] ਪੈ ਜਾਂਦਾ ਹੈ। |
| ਸਚੈ ਸਬਦਿ[16] ਹਰਖੁ[17]ਸਦਾ[18] ਦਰਿ ਸਚੈ[19] ਸਚਿਆਰੁ[21] ॥ | Through the True Name[16], he ever[18] abides in bliss[17] and is acclaimed true[21] in the True court[19]. | ਸੱਚੇ ਨਾਮ[16] ਦੇ ਰਾਹੀਂ ਉਹ ਸਦੀਵ[18] ਹੀ ਖੁਸ਼ੀ[17] ਅੰਦਰ ਵਸਦਾ ਹੈ ਤੇ ਸੱਚੇ ਦਰਬਾਰ[19] ਵਿੱਚ ਸੱਚਾ[21] ਕਰਾਰ ਦਿੱਤਾ ਜਾਂਦਾ ਹੈ। |
| ਨਾਨਕ ਸਤਿਗੁਰ ਕੀ ਸੇਵਾ[24] ਸੋ ਕਰੈ[20] ਜਿਸ ਨੋ ਨਦਰਿ[22] ਕਰੈ ਕਰਤਾਰਿ[24] ॥੧॥ | Nanak, he[20] alone performs the True Guru's service[24], to whom the Creator[23] shows mercy[22]. | ਨਾਨਕ, ਕੇਵਲ ਉਹੀ[20] ਸੱਚੇ ਗੁਰਾਂ ਦੀ ਟਹਿਲ[24] ਕਮਾਉਂਦਾ ਹੈ ਜਿਸ ਉੱਤੇ ਸਿਰਜਣਹਾਰ[23] ਰਹਿਮਤ ਧਾਰਦਾ[22] ਹੈ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਹੋਰ ਵਿਡਾਣੀ[25] ਚਾਕਰੀ[26] ਧ੍ਰਿਗੁ[27] ਜੀਵਣੁ[28] ਧ੍ਰਿਗੁ ਵਾਸੁ[29] ॥ | Accursed[27] is the life[28] and accursed the abode[29] of those who perform the service[26] of any other[25]. | ਲਾਨ੍ਹਤ[27]ਹੈ ਉਨ੍ਹਾਂ ਦੀ ਜ਼ਿੰਦਗੀ[28], ਅਤੇ ਲਾਨ੍ਹਤ ਉਨ੍ਹਾਂ ਦੇ ਵਾਸੇ[29] ਉੱਤੇ, ਜੋ ਕਿਸੇ ਹੋਰਸ[25] ਦੀ ਸੇਵਾ[26] ਕਮਾਉਂਦੇ ਹਨ। |
| ਅੰਮ੍ਰਿਤੁ[30] ਛੋਡਿ[31] ਬਿਖੁ[32] ਲਗੇ[33] ਬਿਖੁ ਖਟਣਾ[34] ਬਿਖੁ ਰਾਸਿ[35] ॥ | They abandon[31] nectar[30], turn[33] to poison[32], earn[34] poison, and poison is their stock-in-trade[35]. | ਉਹ ਅੰਮ੍ਰਿਤ[30] ਨੂੰ ਤਿਆਗ[31]ਕੇ ਜ਼ਹਿਰ[32] ਨਾਲ ਜੁੜਕੇ[33] ਜ਼ਹਿਰ ਨੂੰ ਕਮਾਉਂਦੇ[34] ਹਨ ਤੇ ਜ਼ਹਿਰ ਹੀ ਉਨ੍ਹਾਂ ਦੀ ਪੂੰਜੀ[35] ਹੈ। |
| ਬਿਖੁ ਖਾਣਾ[36] ਬਿਖੁ ਪੈਨਣਾ[37] ਬਿਖੁ ਕੇ ਮੁਖਿ[38] ਗਿਰਾਸ[39] ॥ | Poison is their food[36], poison their dress[37] and the morsels[39] of poison they put in their mouth[38]. | ਵਿਹੁ ਹੈ ਉਨ੍ਹਾਂ ਦਾ ਭੋਜਨ[36], ਵਿਹੁ ਹੀ ਪੁਸ਼ਾਕ[37] ਅਤੇ ਵਿਹੁ ਦੀਆਂ ਬੁਰਕੀਆ[39] ਹੀ ਉਹ ਆਪਣੇ ਮੂੰਹ[38] ਵਿੱਚ ਪਾਉਂਦੇ ਹਨ। |
| ਐਥੈ ਦੁਖੋ ਦੁਖੁ[40] ਕਮਾਵਣਾ[41] ਮੁਇਆ ਨਰਕਿ[42] ਨਿਵਾਸੁ[43]॥ | Here they earn[41] nothing but pain[40] and, on dying, they dwell[43] in hell[42]. | ਏਥੇ ਉਹ ਨਿਰੋਲ ਪੂਰੇ[40] ਕਸ਼ਟ ਦੀ ਹੀ ਕਮਾਈ ਕਰਦੇ[41] ਹਨ ਤੇ ਮਰ ਕੇ ਉਹ ਦੋਜ਼ਕ[42] ਅੰਦਰ ਵਸਦੇ[43] ਹਨ। |
| ਮਨਮੁਖ[44] ਮੁਹਿ[45] ਮੈਲੈ[46] ਸਬਦੁ[47] ਨ ਜਾਣਨੀ[48] ਕਾਮ[49] ਕਰੋਧਿ[50] ਵਿਣਾਸੁ[51] ॥ | The perverse[44] have unclean[46] countenances[45], they realise[48] not the Name[47] and die[51] of lust[49] and wrath[50]. | ਪ੍ਰਤੀਕੂਲਾਂ[44] ਦੇ ਚਿਹਰੇ[45] ਗੰਦੇ[46] ਹਨ, ਉਹ ਨਾਮ[47] ਨੂੰ ਅਨੁਭਵ[48] ਨਹੀਂ ਕਰਦੇ ਅਤੇ ਵਿਸ਼ੇ[49] ਭੋਗ ਤੇ ਗੁੱਸੇ[50] ਵਿੱਚ ਹੀ ਤਬਾਹ ਹੋ ਜਾਂਦੇ ਹਨ। |
| ਸਤਿਗੁਰ ਕਾ ਭਉ[52] ਛੋਡਿਆ[53] ਮਨਹਠਿ[54] ਕੰਮੁ ਨ ਆਵੈ ਰਾਸਿ[55] ॥ | They forsake[53] the fear[52] of the True Guru, and their business succeeds[55] not on account of their mind's obstinacy[54]. | ਉਹ ਸੱਚੇ ਗੁਰਾਂ ਦਾ ਡਰ[52] ਤਿਆਗ[53] ਦਿੰਦੇ ਹਨ ਤੇ ਉਨ੍ਹਾਂ ਦੇ ਚਿੱਤ ਦੀ ਜ਼ਿੱਦ[54] ਦੇ ਸਬੱਬ ਉਨ੍ਹਾਂ ਦਾ ਕਾਰਜ ਠੀਕ[55] ਨਹੀਂ ਹੁੰਦਾ। |
| [56]ਜਮਪੁਰਿ[57] ਬਧੇ[58] ਮਾਰੀਅਹਿ[59] ਕੋ ਨ ਸੁਣੇ ਅਰਦਾਸਿ[60] ॥ | In the death's[56] city[57], they are bound[58] and beaten[59] and no one hears their supplication[60]. | ਮੌਤ ਦੇ[56] ਸ਼ਹਿਰ[57] ਵਿੱਚ ਉਹ ਨਰੜ ਕੇ[58] ਕੁੱਟੇ ਜਾਂਦੇ[59] ਹਨ ਅਤੇ ਕੋਈ ਭੀ ਉਨ੍ਹਾਂ ਦੀ ਬੇਨਤੀ[60] ਨਹੀਂ ਸੁਣਦਾ। |

| | | |
|---|---|---|
| ਨਾਨਕ ਪੂਰਬਿ[61] ਲਿਖਿਆ[62] ਕਮਾਵਣਾ[63] ਗੁਰਮੁਖਿ[64] ਨਾਮਿ ਨਿਵਾਸੁ ॥੨॥ | Nanak, they act[63] according to their primal[61] destiny[62] and, through the Guru[64], they abide[65] in the Name. | ਨਾਨਕ ਉਹ ਆਪਣੀ ਪੂਰਬਲੀ[61] ਲਿਖਤ[62] ਅਨੁਸਾਰ ਕਰਮ ਕਮਾਉਂਦੇ[63] ਹਨ। ਗੁਰਾਂ[64] ਦੇ ਰਾਹੀਂ, ਉਹ ਨਾਮ ਅੰਦਰ ਵਸਦੇ[65] ਹੈ। |
| ਪਉੜੀ ॥ | Pauri. | ਪਉੜੀ। |
| ਸੋ[66] ਸਤਿਗੁਰੁ ਸੇਵਿਹੁ[67] ਸਾਧਜਨੁ[68] ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ[69] ॥ | O saintly persons[68], serve[67] that[66] True Guru, who implants[69] Lord God's Name within man's mind. | ਹੇ ਸੰਤ ਜਨੋ[68] ! ਉਸ[16] ਸੱਚੇ ਗੁਰੂ ਦੀ ਘਾਲ[67] ਕਮਾਓ, ਜੋ ਸੁਆਮੀ ਵਾਹਿਗੁਰੂ ਦੇ ਨਾਮ ਨੂੰ ਬੰਦੇ ਦੇ ਮਨ ਵਿੱਚ ਪੱਕਾ ਕਰਦਾ ਹੈ। |
| ਸੋ ਸਤਿਗੁਰੁ ਪੂਜਹੁ[76] ਦਿਨਸੁ[70] ਰਾਤਿ ਜਿਨਿ [71]ਜਗੰਨਾਥੁ[72] [73]ਜਗਦੀਸੁ[74] ਜਪਾਇਆ[75] ॥ | Day[70] and night worship[76] the True Guru, who makes man remember[75] the Lord[72] of the universe[71] and the Master[74] of the world[73]. | ਦਿਨ[70] ਰਾਤ ਉਸ ਸੱਚੇ ਗੁਰੂ ਦੀ ਪੂਜਾ ਕਰੋ[76], ਜੋ ਬੰਦੇ ਤੋਂ ਸੰਸਾਰ[71] ਦੇ ਸੁਆਮੀ[72] ਤੇ ਜਗਤ[73] ਦੇ ਮਾਲਕ[74] ਦਾ ਸਿਮਰਨ[75] ਕਰਵਾਉਂਦਾ ਹੈ। |
| ਸੋ ਸਤਿਗੁਰੁ ਦੇਖਹੁ[76] ਇਕ ਨਿਮਖ ਨਿਮਖ[77] ਜਿਨਿ ਹਰਿ[88] ਕਾ[79] ਹਰਿ[80] ਪੰਥੁ[81] ਬਤਾਇਆ[82] ॥ | Every moment[77] behold[76] thou, that True Guru, who shows[82] the Divine[80] path[81] of[79] the Lord[78]. | ਹਰ ਮੁਹਤ[77] ਤੂੰ ਉਸ ਸੱਚੇ ਗੁਰੂ ਨੂੰ ਵੇਖ[76]* ਜੋ ਸਾਹਿਬ[78] ਦਾ[79] ਰੱਬੀ[80] ਰਾਹ[81] ਦਰਸਾਉਂਦਾ[82] ਹੈ। |
| ਤਿਸੁ ਸਤਿਗੁਰ ਕੀ ਸਭ ਪਗੀ[83] ਪਵਹੁ[84] ਜਿਨਿ ਮੋਹ[85]ਅੰਧੇਰੁ[86]ਚੁਕਾਇਆ[87]॥ | Let all fall[84] at the feet[83] of that True Guru, who has dispelled[87] the darkness[86] of worldly love[85]. | ਸਾਰੇ ਉਸ ਸੱਚੇ ਗੁਰੂ ਦੇ ਪੈਰੀਂ[83]ਪਓ[84], ਜਿਸ ਨੇ ਸੰਸਾਰੀ ਮਮਤਾ[85] ਦਾ ਅਨ੍ਹੇਰਾ[86] ਦੂਰ ਕਰ ਦਿੱਤਾ[87] ਹੈ। |
| ਸੋ ਸਤਗੁਰੁ ਕਹਹੁ ਸਭਿ ਧੰਨੁ[88] ਧੰਨੁ ਜਿਨਿ ਹਰਿ ਭਗਤਿ[89] ਭੰਡਾਰ[90] ਲਹਾਇਆ[91] ॥੩॥ | Let all the men hail[88], hail that True Guru, who has made man find[91] the treasure of God's meditation[89]. | ਸਾਰੇ ਜਣੇ ਉਹਨਾਂ ਸੱਚੇ ਗੁਰਾਂ ਨੂੰ ਸ਼ਾਬਾਸ਼[88] ! ਸ਼ਾਬਾਸ਼ ! ਆਖੋ ਜਿਨ੍ਹਾਂ[87] ਨੇ ਬੰਦੇ ਨੂੰ ਰੱਬ ਦੀ ਇਬਾਦਤ[89] ਦਾ ਖ਼ਜ਼ਾਨਾ[90] ਲਭਾ ਦਿੱਤਾ[91] ਹੈ। |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਸਤਿਗੁਰਿ ਮਿਲਿਐ ਭੁਖ[92] ਗਈ[93] ਭੇਖੀ[94] ਭੁਖ ਨ ਜਾਇ ॥ | Meeting with the True Guru, hunger[92] departs[93] but by wearing deceptive garbs[94] the worldly hunger departs not. | ਸੱਚੇ ਗੁਰਾਂ ਨਾਲ ਮਿਲ ਕੇ ਤ੍ਰਿਸ਼ਨਾ[92] ਦੂਰ ਹੋ ਜਾਂਦੀ ਹੈ। ਪਾਖੰਡੀ ਬਾਣੇ[94] ਪਾਉਣ ਨਾਲ ਸੰਸਾਰੀ ਭੁੱਖ ਦੂਰ ਨਹੀਂ ਹੁੰਦੀ। |
| ੫੮੭ | | |
| ਦੁਖਿ[95] ਲਗੈ[100] ਘਰਿ[99] ਘਰਿ ਫਿਰੈ[96] ਅਗੈ[97] ਦੂਣੀ[98] ਮਿਲੈ ਸਜਾਇ[2] ॥ | Infested[100] with the pain[95] of hunger, the man wanders[96] from house[99] to house and hereafter[97], he obtains two-fold[98] punishment[2]. | ਭੁੱਖ ਦੀ ਪੀੜ[95] ਲਗਣ[100] ਤੇ ਉਹ ਗ੍ਰਿਹ ਗ੍ਰਿਹ ਭਟਕਦਾ ਫਿਰਦਾ ਹੈ ਅਤੇ ਪ੍ਰਲੋਕ[97] ਅੰਦਰ ਉਸ ਨੂੰ ਦੁਗਣੀ[98] ਸਜ਼ਾ[2] ਮਿਲਦੀ ਹੈ। |
| ਅੰਦਰਿ[3] ਸਹਜੁ[4] ਨ ਆਇਓ ਸਹਜੇ ਹੀ ਲੈ[5] ਖਾਇ[6] ॥ | Contentment[4] enters not his mind[3], that he may eat[6], with contentment, what he obtains[5]. | ਉਸ ਦੇ ਮਨ[3] ਵਿੱਚ ਸੰਤੋਖ[4] ਨਹੀਂ ਆਉਂਦਾ, ਤਾਂ ਜੋ ਉਹ ਜਿਹੜਾ ਕੁੱਛ ਉਸ ਨੂੰ ਮਿਲਦਾ[5] ਹੈ, ਉਸ ਨੂੰ ਸੰਤੋਖ ਨਾਲ ਖਾਵੇ[6]। |

[7]ਮਨਹਠਿ[8] ਜਿਸੁ[9] ਤੇ[10] ਮੰਗਣਾ[12] ਲੈਣਾ[13] ਦੁਖੁ[14] ਮਨਾਇ[15] ॥

From[10] whom-so-ever[9] he begs[12], he begs with his mind's[7] pertness[8] and he takes[13] by causing[15] annoyance[14] to his giver.

ਜਿਸ[9] ਕਿਸੇ ਪਾਸੋਂ[10] ਉਹ ਮੰਗਦਾ[12] ਹੈ, ਉਹ ਆਪਣੇ ਚਿੱਤ[7] ਦੀ ਨਿਰਲੱਜਤਾ[8] ਨਾਲ ਮੰਗਦਾ ਹੈ ਅਤੇ ਲੈਣ[13] ਦੁਆਰਾ ਉਹ ਆਪਣੇ ਦੇਣ ਵਾਲੇ ਨੂੰ ਖੇਦ[14] ਪੁਚਾਉਂਦਾ[15] ਹੈ।

ਇਸੁ[70] ਭੇਖੈ[65] ਥਾਵਹੁ[66] ਗਿਰਹੋ[67] ਭਲਾ[68] ਜਿਥਹੁ ਕੋ ਵਰਸਾਇ[69] ॥

To be a house-holder[67], who at least gives[69] to some, is better[68] than[66] this[70] wearing deceptive robe[65].

ਇਸ[76] ਭੇਖੀ[65] (ਵਿਖਾਵੇ ਦਾ) ਲਿਬਾਸ ਪਹਿਨਣ ਨਾਲੋਂ[66] ਘਰਬਾਰੀ[67] ਹੋਣਾ ਚੰਗਾ[68] ਹੈ, ਜੋ ਕਿਸੇ ਨ ਕਿਸੇ ਨੂੰ ਤਾਂ ਕੁਝ ਦਿੰਦਾ[69] ਹੀ ਹੈ।

ਸਬਦਿ[71] ਰਤੇ[76] ਤਿਨਾ[77] ਸੋਝੀ[72] ਪਈ ਦੂਜੈ[73] ਭਰਮਿ[74] ਭੁਲਾਇ[75] ॥

They[77] who are imbued[76] with the Name[71], acquire understanding[72] while others[73] go astray[75] in doubt[74].

ਜੋ ਨਾਮ[71] ਨਾਲ ਰੰਗੀਜੇ[76] ਹਨ, ਉਨ੍ਹਾਂ[77] ਨੂੰ ਸਮਝ[72] ਆ ਜਾਂਦੀ ਹੈ, ਹੋਰ[73] ਸੰਦੇਹ[74] ਅੰਦਰ ਭੰਬਲਭੂਸੇ[75] ਖਾਂਦੇ ਹਨ।

ਪਇਐ[78] ਕਿਰਤਿ[79] ਕਮਾਵਣਾ[80] ਕਹਣਾ[81] ਕਛੂ ਨ ਜਾਇ ॥

They act[80] according to their past[78] actions[79]. It is of no use to address[81] them.

ਉਹ ਆਪਣੇ ਪੂਰਬਲੇ[78] ਕਰਮਾਂ[79] ਅਨੁਸਾਰ ਕੰਮ[80] ਕਰਦੇ ਹਨ। ਉਨ੍ਹਾਂ ਨਾਲ ਗਲ ਬਾਤ[81] ਕਰਨ ਦਾ ਕੋਈ ਲਾਭ ਨਹੀਂ।

ਨਾਨਕ ਜੋ ਤਿਸੁ[82] ਭਾਵਹਿ[83] ਸੇ[84] ਭਲੇ[85] ਜਿਨ[86] ਕੀ ਪਤਿ[87] ਪਾਵਹਿ ਥਾਇ[88] ॥੧॥

Nanak, they[84] alone are good[85], who are pleasing[83] to the[82] Lord and whose[86] honour[87] He upholds[88].

ਨਾਨਕ ਕੇਵਲ ਉਹੀ[84] ਚੰਗੇ[85] ਹਨ, ਜਿਹੜੇ ਉਸ[82] ਸੁਆਮੀ ਨੂੰ ਚੰਗੇ ਲਗਦੇ[83] ਹਨ ਤੇ ਜਿਨ੍ਹਾਂ[86] ਦੀ ਇੱਜ਼ਤ ਉਹ ਬਰਕਰਾਰ ਰਖਦਾ[88] ਹੈ।

ਮ: ੩ ॥

3rd Guru.

ਤੀਜੀ ਪਾਤਿਸ਼ਾਹੀ।

ਸਤਿਗੁਰਿ ਸੇਵਿਐ[89] ਸਦਾ[90] ਸੁਖੁ[91] ਜਨਮ ਮਰਣ ਦੁਖੁ[92] ਜਾਇ[93] ॥

Serving[89] the True Guru, the mortal is ever[90] in peace[91], and his pain[92] of birth and death is removed[98].

ਸਚੇ ਗੁਰਾਂ ਦੀ ਘਾਲ ਕਮਾਉਣ[89] ਦੁਆਰਾ ਪ੍ਰਾਣੀ ਹਮੇਸ਼ਾ[99] ਆਰਾਮ[91] ਵਿਚ ਰਹਿੰਦਾ ਹੈ ਅਤੇ ਉਸ ਦੀ ਜੰਮਣ ਤੇ ਮਰਨ ਦੀ ਪੀੜ[92] ਨਵਿਰਤ[93] ਹੋ ਜਾਂਦੀ ਹੈ।

ਚਿੰਤਾ[94] ਮੂਲਿ[95] ਨ ਹੋਵਈ ਅਚਿੰਤੁ[96] ਵਸੈ[97] ਮਨਿ ਆਇ[98] ॥

By anxiety[94], he is not visited at all[95] and the care-free[96] Lord comes[98] to abide[97] in his mind.

ਉਸ ਨੂੰ ਉੱਕਾ ਹੀ[95] ਫ਼ਿਕਰ ਅੰਦੇਸ਼ਾ[94], ਨਹੀਂ ਹੁੰਦਾ ਅਤੇ ਫ਼ਿਕਰ-ਰਹਿਤ[96] ਸਾਹਿਬ ਉਸਦੇ ਚਿੱਤ ਵਿਚ ਆ[98] ਟਿਕਦਾ[97] ਹੈ।

ਅੰਤਰਿ[99] ਤੀਰਥੁ[100] ਗਿਆਨੁ[2] ਹੈ ਸਤਿਗੁਰਿ ਦੀਆ ਬੁਝਾਇ[3] ॥

Within[99] him is the sacred shrine[100] of Divine knowledge[2], which the True Guru has revealed[3] to him.

ਉਸ ਦੇ ਅੰਦਰ[99] ਬ੍ਰਹਮ-ਬੋਧ[2] ਦਾ ਧਰਮ ਅਸਥਾਨ[100] ਹੈ। ਸੱਚੇ ਗੁਰਾਂ ਨੇ ਇਹ ਉਸ ਨੂੰ ਦਸ ਦਿੱਤਾ[3] ਹੈ।

ਮੈਲੁ[4] ਗਈ[5] ਮਨੁ[6] ਨਿਰਮਲੁ[7] ਹੋਆ ਅੰਮ੍ਰਿਤ[8] ਸਰਿ[9] ਤੀਰਥਿ[10] ਨਾਇ[12] ॥

Bathing[12] in the tank[9] of Nectar[8] of the sacred shrine[10], filth[4] is removed[5] and his soul[6] becomes stainless[7].

ਧਰਮ ਅਸਥਾਨ[10] ਦੇ ਸੁਧਾਰਸ[8] ਦੇ ਤਾਲਾਬ[9] ਅੰਦਰ ਨ੍ਹਾ[12] ਕੇ ਮੈਲ[4] ਲਹਿ[5] ਜਾਂਦੀ ਹੈ ਤੇ ਉਸ ਦੀ ਆਤਮਾ[6] ਪਵਿੱਤ੍ਰ[7] ਹੋ ਜਾਂਦੀ ਹੈ।

ਸਜਣ ਮਿਲੇ ਸਜਣਾ[13] ਸਚੈ ਸਬਦਿ[14] ਸੁਭਾਇ[15] ॥

Through love[15] of the True Name[14], the friend meets with God, the Friend[13].

ਸੱਚੇ ਨਾਮ[14] ਦੇ ਪ੍ਰੇਮ[15] ਰਾਹੀਂ ਮਿੱਤ੍ਰ ਵਾਹਿਗੁਰੂ ਮਿੱਤ੍ਰ[13] ਨੂੰ ਮਿਲ ਪੈਂਦਾ ਹੈ।

ਘਰ[16] ਹੀ ਪਰਚਾ[17] ਪਾਇਆ ਜੋਤੀ[18] ਜੋਤਿ ਮਿਲਾਇ[19] ॥

Within his home[16], he obtains Divine knowledge[17] and his light blends[19] with the Supreme Light[18].

ਆਪਣੇ ਗ੍ਰਿਹ[16] ਅੰਦਰ ਹੀ ਉਹ ਬ੍ਰਹਮ ਵੀਚਾਰ[17] ਨੂੰ ਪਾ ਲੈਂਦਾ ਹੈ ਤੇ ਉਸ ਦਾ ਨੂਰ ਪਰਮ ਨੂਰ[18] ਨਾਲ ਅਭੇਦ[19] ਹੋ ਜਾਂਦਾ ਹੈ।

| | | |
|---|---|---|
| ਪਾਖੰਡਿ[20] [21]ਜਮਕਾਲੁ[22] ਨ ਛੋਡਈ ਲੈ ਜਾਸੀ[23] ਪਤਿ ਗਵਾਇ[24] ॥ | The Death's[32] courier[21] leaves not an hypocrite[20], and dishonouring[24] him, goads him on. | ਢੰਭੀ[20] ਨੂੰ ਮੌਤ[22] ਦਾ ਦੂਤ[21] ਛੱਡਦਾ ਨਹੀਂ ਅਤੇ ਉਸ ਨੂੰ ਬੇਇੱਜ਼ਤ ਕਰਕੇ[24] ਅੱਗੇ ਲਾ ਲੈਂਦਾ[23] ਹੈ । |
| ਨਾਨਕ ਨਾਮਿ ਰਤੇ[25] ਸੇ[26] ਉਬਰੇ[27] ਸਚੇ[28] ਸਿਉ[29] ਲਿਵ[30] ਲਾਇ ॥੨॥ | Nanak, they[26] who are imbued[25] with the Name are saved[27] and with[29] the True Lord[28], they bear love[30]. | ਨਾਨਕ ਜੋ ਨਾਮ ਨਾਲ ਰੰਗੇ[25] ਹਨ, ਉਹ[26] ਬੱਚ ਜਾਂਦੇ[27] ਹਨ । ਸੱਚੇ ਸਾਹਿਬ[28] ਨਾਲ[29] ਉਨ੍ਹਾਂ ਦਾ ਪਿਆਰ[30]ਹੈ । |
| ਪਉੜੀ ॥ | Pauri. | ਪਉੜੀ । |
| ਤਿਤੁ[31] ਜਾਇ[32] ਬਹਹੁ[33] ਸਤਸੰਗਤੀ[34] ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ[35] ॥ | Go[32] and sit[33] in the[31] society of saints[34] where Lord God's Name is churned[35] (meditated upon) | ਜਾ ਕੇ[32] ਉਸ[31] ਸਾਧ ਸੰਗਤ[34] ਵਿੱਚ ਬੈਠ[33] ਜਿਥੇ ਵਾਹਿਗੁਰੂ ਸੁਆਮੀ ਦਾ ਨਾਮ ਰਿੜਕਿਆ[35] (ਸਿਮਰਿਆ) ਜਾਂਦਾ ਹੈ । |
| ਸਹਜੇ[36] ਹੀ ਹਰਿ ਨਾਮੁ ਲੇਹੁ[37] ਹਰਿ ਤਤੁ[38] ਨ ਖੋਈਐ[39] ॥ | Remember[37] thou the God's Name with composure[36], that thou mayest not lose[39] God, the Essence[38]. | ਤੂੰ ਧੀਰਜ ਭਾਅ[36] ਨਾਲ ਰੱਬ ਦੇ ਨਾਮ ਦਾ ਸਿਮਰਨ ਕਰ[37], ਤਾਂ ਜੋ ਤੂੰ ਵਾਹਿਗੁਰੂ ਦੇ ਜੌਹਰ[38] ਨੂੰ ਨਾ ਗੁਆ ਬੈਠੇਂ[39] । |
| ਨਿਤ[40] ਜਪਿਅਹੁ[41] ਹਰਿ ਹਰਿ[42] ਦਿਨਸੁ[43] ਰਾਤਿ ਹਰਿ ਦਰਗਹ[44] ਢੋਈਐ[45] ॥ | Day[43] and night ever[40] repeat[41] God's Name[42], that thou mayest find protection[45] in God's court[44]. | ਦਿਨ[43] ਰੈਣ ਹਮੇਸ਼ਾ[40] ਰੱਬ ਦੇ ਨਾਮ[42] ਦਾ ਉਚਾਰਨ ਕਰ[41], ਤਾਂ ਜੋ ਤੈਨੂੰ ਰੱਬ ਦੇ ਦਰਬਾਰ[44] ਅੰਦਰ ਪਨਾਹ[45] ਮਿਲ ਜਾਵੇ । |
| ਸੋ ਪਾਏ[46] ਪੂਰਾ[47] ਸਤਗੁਰੂ ਜਿਸੁ ਧੁਰਿ[48] ਮਸਤਕਿ[49] ਲਿਲਾਟਿ[50] ਲਿਖੋਈਐ[51] ॥ | He[46] alone obtains the perfect[47] True Guru, on whose forehead[49] and brow[50] such a writ is written[51], since the very beginning[48]. | ਕੇਵਲ ਓਹੀ[46] ਪੂਰਨ[47] ਸੱਚੇ ਗੁਰਾਂ ਨੂੰ ਪਾਉਂਦਾ ਹੈ, ਜਿਸ ਦੀ ਪੇਸ਼ਾਨੀ[49] ਅਤੇ ਮਥੇ[50] ਉਤੇ, ਐਨ ਆਰੰਭ[48] ਤੋਂ ਐਸੀ ਲਿਖਤਾਕਾਰ ਲਿਖੀ ਹੋਈ[51] ਹੈ । |
| ਤਿਸੁ[52] ਗੁਰ ਕੰਉ ਸਭਿ[53] ਨਮਸਕਾਰੁ[54] ਕਰਹੁ ਜਿਨਿ ਹਰਿ[55] ਕੀ ਹਰਿ[56] ਗਾਲ[57] ਗਲੋਈਐ[58] ॥੪॥ | Let us all[53] pay homage[54] to that[52] Guru who utters[58] the Divine[56] sermon[57] of the Lord[55]. | ਸਾਰੇ ਜਣੇ[53] ਉਸ[52] ਗੁਰੂ ਨੂੰ ਪ੍ਰਣਾਮ[54] ਕਰੋ ਜੋ ਪ੍ਰਭੂ[55] ਦੀ ਈਸ਼ਵਰੀ[56] ਕਥਾ-ਵਾਰਤਾ[57] ਉਚਾਰਨ ਕਰਦਾ[58]ਹੈ । |
| ਸਲੋਕ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਸਜਣ[59] ਮਿਲੇ ਸਜਣਾ[60] ਜਿਨ ਸਤਗੁਰ ਨਾਲਿ ਪਿਆਰੁ[61] ॥ | The friends[59], who love[61] the True Guru, meet with God, the Friend[60]. | ਉਹ ਮਿੱਤ੍ਰ[59] ਜੋ ਸੱਚੇ ਗੁਰਾਂ ਨੂੰ ਮੁਹੱਬਤ ਕਰਦੇ[61] ਹਨ, ਵਾਹਿਗੁਰੂ ਮਿੱਤ੍ਰ[60] ਨੂੰ ਮਿਲ ਪੈਂਦੇ ਹਨ । |
| ਮਿਲਿ ਪ੍ਰੀਤਮ[62] ਤਿਨੀ[63] ਧਿਆਇਆ[64] ਸਚੈ ਪ੍ਰੇਮਿ[65] ਪਿਆਰੁ[66] ॥ | Meeting the dear[62] Satguru, they[63] reflect[64] on the Lord with true love[65] and affection[66]. | ਪਿਆਰੇ[62] ਸਤਿਗੁਰਾਂ ਨੂੰ ਮਿਲ ਕੇ ਉਹ[63] ਸੱਚੀ ਪ੍ਰੀਤ[65] ਤੇ ਮੁਹੱਬਤ[66] ਨਾਲ ਸਾਹਿਬ ਨੂੰ ਸਿਮਰਦੇ[64] ਹਨ । |
| ਮਨ ਹੀ ਤੇ ਮਨੁ[67] ਮਾਨਿਆ[68] ਗੁਰ ਕੈ ਸਬਦਿ[69] ਅਪਾਰਿ[70]॥ | Their mind[67] is propitiated[68] by the mind itself, through the peerless[70] hymns[69] of the Guru | ਗੁਰਾਂ ਦੀ ਲਾਸਾਨੀ[70] ਬਾਣੀ[69] ਦੁਆਰਾ ਉਨ੍ਹਾਂ ਦੇ ਚਿੱਤ[67] ਦੀ, ਆਪਣੇ ਚਿੱਤ ਤੋਂ ਹੀ ਨਿਸ਼ਾ ਹੋ ਜਾਂਦੀ[68] ਹੈ । |
| ਏਹਿ ਸਜਣ[76] ਮਿਲੇ[71] ਨ | These friends[76], whom the Creator[75] | ਇਹ ਮਿੱਤ੍ਰ[76] ਜਿਨ੍ਹਾਂ ਨੂੰ ਸਿਰਜਣਹਾਰ[75] ਨੇ ਆਪਣੇ[73] |

| | | |
|---|---|---|
| ਵਿਛੁੜਹਿ[72] ਜੇ ਆਪਿ[73] ਮੇਲੇ[74] ਕਰਤਾਰਿ[75] ॥ | has united[74] with Himself[73], separate[72] not, after uniting[71]. | ਨਾਲ ਮਿਲਾ ਲਿਆ[74] ਹੈ, ਮਿਲਣ[71] ਮਗਰੋਂ ਫੇਰ ਵਖਰੇ[72] ਨਹੀਂ ਹੁੰਦੇ। |
| ਇਕਨਾ[77] ਦਰਸਨ[78] ਕੀ ਪਰਤੀਤਿ[79] ਨ ਆਈਆ ਸਬਦਿ[80] ਨ ਕਰਹਿ ਵੀਚਾਰੁ[81] ॥ | Some[77] believe[79] not in the efficacy of seeing the Guru's sight[78] and reflect[81] not over the Name[80]. | ਕਈ[77] ਗੁਰਾਂ ਦੇ ਦੀਦਾਰ[78] ਵੇਖਣ ਦੇ ਗੁਣ ਵਿੱਚ ਭਰੋਸਾ ਨਹੀਂ ਰਖਦੇ[79], ਅਤੇ ਨਾਮ[80] ਦਾ ਸਿਮਰਨ[81] ਨਹੀਂ ਕਰਦੇ। |
| ਵਿਛੁੜਿਆ[82] ਕਾ[83] ਕਿਆ[84] ਵਿਛੁੜੈ ਜਿਨਾ[85] ਦੂਜੈ ਭਾਇ[86] ਪਿਆਰੁ[87] ॥ | Of[83] the separated[82] ones, who bear love[87] to duality[86], what[84] more can be separated ? | ਵਿਛੜਿਆ[82] ਹੋਇਆਂ ਦਾ[83], ਜੋ ਦਵੈਤ-ਭਾਵ[86] ਨਾਲ ਪ੍ਰੀਤ[87] ਕਰਦੇ ਹਨ, ਹੋਰ ਕੀ[84] ਵਿਛੋੜਾ ਹੋ ਸਕਦਾ ਹੈ ? |
| ਮਨਮੁਖ[88] ਸੇਤੀ[89] ਦੋਸਤੀ[90] ਥੋੜੜਿਆ[91] ਦਿਨ ਚਾਰਿ[92] ॥ | The friendship[90] with[89] the apostates[88] lasts only for a short[91] period of four days[92]. | ਅਧਰਮੀਆ[88] ਨਾਲ[89] ਮਿੱਤ੍ਰਤਾ[90] ਥੋੜਾ[91] ਜੇਹਾ ਸਮਾਂ, ਕੇਵਲ ਚਾਰ ਦਿਹਾੜੇ[92] ਦਾ ਹੀ ਨਿਭਦਾ ਹੈ। |
| ਇਸੁ ਪਰੀਤੀ[93] ਤੁਟਦੀ[94] ਵਿਲਮੁ[95] ਨ ਹੋਵਈ ਇਤੁ ਦੋਸਤੀ[96] ਚਲਨਿ[97] ਵਿਕਾਰ[98] ॥ | No delay[95] occurs in the breaking[94] of this affection[93] and this friendship[96] leads[97] to many sins[98]. | ਇਸ ਪਿਆਰ[93] ਨੂੰ ਟੁਟਦਿਆਂ[94] ਕੋਈ ਦੇਰੀ[95] ਨਹੀਂ ਲਗਦੀ। ਏਸ ਦੋਸਤੀ[96] ਤੋਂ ਘਣੇਰੇ ਪਾਪ[98] ਉਤਪੰਨ[97] ਹੁੰਦੇ ਹਨ। |
| ਜਿਨਾ ਅੰਦਰਿ[99] ਸਚੇ[100] ਕਾ ਭਉ[2] ਨਾਹੀ ਨਾਮਿ ਨ ਕਰਹਿ ਪਿਆਰੁ[3] ॥ ਨਾਨਕ ਤਿਨ[10] ਸਿਉ[12] ਕਿਆ[4] ਕੀਚੈ[5] ਦੋਸਤੀ[9] ਜਿ ਆਪਿ[6] ਭੁਲਾਏ[7] ਕਰਤਾਰਿ[8] ॥੧॥ | They, who in their mind[99] fear[2] not the True Lord[100] and love[3] not the Name, O Nanak, why[4] make[5] friendship[9] with[12] them[10], whom the Creator[8] Himself[6] has strayed[7]. | ਜੋ ਆਪਣੇ ਹਿਰਦੇ[99] ਵਿੱਚ ਸੱਚੇ ਸੁਆਮੀ[100] ਤੋਂ ਨਹੀਂ ਡਰਦੇ[2] ਅਤੇ ਨਾਮ ਨਾਲ ਪ੍ਰੀਤ[3] ਨਹੀਂ ਕਰਦੇ, ਹੇ ਨਾਨਕ ! ਉਨ੍ਹਾਂ[10] ਨਾਲ[12] ਸੱਜਣਤਾਈ[9] ਕਿਉਂ[4] ਪਾਉਣੀ[5] ਹੋਈ ? ਉਹਨਾਂ ਨੂੰ ਸਿਰਜਣਹਾਰ[8] ਨੇ ਖ਼ੁਦ[6] ਕੁਰਾਹੇ ਪਾ ਛੱਡਿਆ[7]। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਇਕਿ[13] ਸਦਾ[17] ਇਕਤੈ[14] ਰੰਗਿ[15] ਰਹਹਿ ਤਿਨ ਕੈ ਹਉ ਸਦ ਬਲਿਹਾਰੈ[16] ਜਾਉ ॥ | Some[13] who ever[17] remain imbued with the one Lord's[14] love[15], I am ever a sacrifice[16] unto them. | ਕਈ[13] ਹਮੇਸਾ[17] ਇਕ ਸੁਆਮੀ[14] ਦੀ ਪ੍ਰੀਤ[15] ਨਾਲ ਰੰਗੇ ਰਹਿੰਦੇ ਹਨ। ਮੈਂ ਸਦੀਵ ਹੀ ਉਨ੍ਹਾਂ ਤੋਂ ਸਦਕੇ[16] ਜਾਂਦਾ ਹਾਂ। |
| ਤਨੁ[18] ਮਨੁ[19] ਧਨੁ[20] ਅਰਪੀ[21] ਤਿਨ ਕਉ ਨਿਵਿ ਨਿਵਿ[22] ਲਾਗਉ[23] ਪਾਇ[24] ॥ | Dedicate[21] I, my body[18], soul[19] and wealth[20] unto them and, bowing low[22], fall[23] at their feet[24]. | ਆਪਣੀ ਦੇਹ[18], ਆਤਮਾ[19] ਅਤੇ ਦੌਲਤ[20] ਮੈਂ ਉਨ੍ਹਾਂ ਦੇ ਸਮਰਪਨ ਕਰਦਾ[21] ਹਾਂ ਅਤੇ ਨੀਵਾ[22] ਹੋ ਉਨ੍ਹਾ ਦੇ ਪੈਰੀਂ[24] ਪੈਂਦਾ[23] ਹਾਂ। |
| ਤਿਨ ਮਿਲਿਆ ਮਨੁ ਸੰਤੋਖੀਐ[25] ਤ੍ਰਿਸਨਾ[26] ਭੁਖ[27] ਸਭ[28] ਜਾਇ[29] ॥ | Meeting them, the soul is satiated[25] and man's desire[26] and hunger[27] all[28] depart[29]. | ਉਨ੍ਹਾਂ ਨੂੰ ਮਿਲ ਕੇ ਆਤਮਾ ਰੱਜ ਜਾਂਦੀ[25] ਹੈ ਅਤੇ ਆਦਮੀ ਦੀ ਖ਼ਾਹਿਸ਼[26] ਤੇ ਖੁਦਿਆ[27] ਸਭ[28] ਦੂਰ[29] ਹੋ ਜਾਂਦੀਆ ਹਨ। |
| ਨਾਨਕ ਨਾਮਿ ਰਤੇ[30] ਸੁਖੀਏ[31] ਸਦਾ ਸਚੇ[32] ਸਿਉ[33] ਲਿਵ[34] | Nanak, they who are imbued[30] with the Name, ever remain happy[31] and | ਨਾਨਕ, ਜੋ ਨਾਮ ਨਾਲ ਰੰਗੀਜੇ[30] ਹਨ, ਉਹ ਹਮੇਸ਼ਾ ਖ਼ੁਸ਼[31] ਰਹਿੰਦੇ ਹਨ। ਸੱਚੇ ਸੁਆਮੀ[32] ਨਾਲ[33] ਉਹ |

| | | |
|---|---|---|
| ਲਾਇ[35] ॥੨॥ | on[33] the True Lord[32], they fix[35] their attention[34]. | ਆਪਣੀ ਬਿਰਤੀ[34] ਜੋੜਦੇ[35] ਹਨ । |
| ਪਉੜੀ ॥ | Pauri. | ਪਉੜੀ । |
| ਤਿਸੁ[36] ਗੁਰ ਕਉ ਹਉ ਵਾਰਿਆ[37] ਜਿਨਿ ਹਰਿ ਕੀ ਹਰਿ[38] ਕਥਾ[39] ਸੁਣਾਈ ॥ | A sacrifice[37] am I unto the[36] Guru, who reads out to me the Divine[38] sermon[39] of God. | ਕੁਰਬਾਨ[37] ਹਾਂ ਮੈਂ ਉਸ[36] ਗੁਰੂ ਜੀ ਉਤੋਂ, ਜੋ ਮੈਨੂੰ ਵਾਹਿਗੁਰੂ ਦੀ ਈਸ਼ਵਰੀ[38] ਕਥਾ-ਵਾਰਤਾ[39] ਸੁਣਾਉਂਦਾ ਹੈ । |
| ਪ੮੮ | | |
| ਤਿਸੁ ਗੁਰ ਕਉ ਸਦ[40] ਬਲਿਹਾਰਣੈ ਜਿਨਿ ਹਰਿ ਸੇਵਾ[41] ਬਣਤ[42] ਬਣਾਈ[43] ॥ | I am ever[40] devoted unto that Guru, who has designed[42] to engage[43] me in God's service[41]. | ਮੈਂ ਉਸ ਗੁਰੂ ਤੋਂ ਨਿੱਤ ਹੀ[40] ਸਦਕੇ ਜਾਂਦਾ ਹਾਂ, ਜਿਸ ਨੇ ਵਾਹਿਗੁਰੂ ਦੀ ਘਾਲ[41] ਵਿੱਚ ਮੈਨੂੰ ਜੋੜਿਆ[43] ਹੈ । |
| ਸੋ ਸਤਿਗੁਰੁ ਪਿਆਰਾ[44] ਮੇਰੈ ਨਾਲਿ[45] ਹੈ ਜਿਥੈ ਕਿਥੈ[46] ਮੈਨੋ ਲਏ ਛਡਾਈ[47] ॥ | That Beloved[44] True Guru is with[45] me and gets me delivered[47] wherever[46] I may be. | ਉਹ ਪ੍ਰੀਤਮ[44] ਸੱਚੇ ਗੁਰੂ ਜੀ ਮੇਰੇ ਅੰਗ ਸੰਗ[45] ਹਨ ਅਤੇ ਜਿੱਥੇ ਕਿਤੇ[46] ਭੀ ਮੈਂ ਹੋਵਾਂ ਮੈਨੂੰ ਬੰਦ-ਖਲਾਸ ਕਰਵਾ ਦਿੰਦੇ[47] ਹਨ । |
| ਤਿਸੁ ਗੁਰ ਕਉ ਸਾਬਾਸਿ[48] ਹੈ ਜਿਨਿ ਹਰਿ ਸੋਝੀ[49] ਪਾਈ[50] ॥ | Blessed[48] indeed is the Guru, who has imparted[50] unto me the Divine understanding[49]. | ਮੁਬਾਰਕ[48] ਹਨ ਉਹ ਗੁਰਦੇਵ ਜੀ, ਜਿਨ੍ਹਾਂ ਨੇ ਮੈਨੂੰ ਈਸ਼ਵਰੀ ਸਮਝ[49] ਪ੍ਰਦਾਨ ਕੀਤੀ[50] ਹੈ । |
| ਨਾਨਕ ਗੁਰ ਵਿਟਹੁ[51] ਵਾਰਿਆ[52] ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ[53] ਪੁਰਾਈ[54] ॥੫॥ | Nanak, I am a sacrifice[52] unto[51] the Guru, who has given me the Lord's Name and thus fulfilled[54] my heart's desire[63]. | ਨਾਨਕ, ਮੈਂ ਉਸ ਗੁਰੂ ਉਤੋਂ[51] ਕੁਰਬਾਨ[52] ਜਾਂਦਾ ਹਾਂ, ਜਿਸ ਨੇ ਮੈਨੂੰ ਸਾਹਿਬ ਦਾ ਨਾਮ ਬਖਸ਼ਿਆ ਹੈ ਅਤੇ ਇਸ ਤਰ੍ਹਾਂ ਮੇਰੇ ਦਿਲ ਦੀ ਖ਼ਾਹਿਸ਼[53] ਪੂਰੀ[54] ਕੀਤੀ ਹੈ । |
| ਸਲੋਕ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਤ੍ਰਿਸਨਾ[55] ਦਾਧੀ[56] ਜਲਿ[57] ਮੁਈ[58] ਜਲਿ[59] ਜਲਿ ਕਰੇ ਪੁਕਾਰ[60] ॥ | Consumed[56] by desire[55], the world is burnt[57] to death[58]. It burns[59], burns and bewails[60]. | ਖ਼ਾਹਿਸ਼[55] ਦੀ ਫੂਕੀ ਹੋਈ[56] ਦੁਨੀਆਂ ਸੜ ਕੇ[57] ਮਰ ਗਈ ਅਤੇ ਮਚਦੀ[59], ਮਚਦੀ ਹੋਈ ਵਿਰਲਾਪ ਕਰਦੀ[60] ਹੈ । |
| ਸਤਿਗੁਰ ਸੀਤਲ[61] ਜੇ[62] ਮਿਲੈ ਫਿਰਿ[63] ਜਲੈ ਨ ਦੂਜੀ ਵਾਰ[64] ॥ | If[62] the peace-giving[61] True Guru meets, it burns not, again[63], a second time[54] | ਜੇਕਰ[62] ਠੰਢ ਚੈਨ ਦੇਣਹਾਰ[61] ਸੱਚੇ ਗੁਰੂ ਮਿਲ ਪੈਣ ਤਦ ਇਹ ਮੁੜ ਕੇ[63], ਦੂਜੀ[64] ਵਾਰੀ, ਨਹੀਂ ਸੜਦੀ । |
| ਨਾਨਕ ਵਿਣੁ ਨਾਵੈ ਨਿਰਭਉ[65] ਕੋ ਨਹੀ ਜਿਚਰੁ[66] ਸਬਦਿ[67] ਨ ਕਰੇ ਵੀਚਾਰੁ[68] ॥੧॥ | Nanak, without the Name and unless[66] one reflects[68] upon the Guru's hymns[67], none becomes fearless[65]. | ਨਾਨਕ, ਨਾਮ ਦੇ ਬਗ਼ੈਰ ਅਤੇ ਜਦ ਤਾਈਂ[66] ਬੰਦਾ ਗੁਰਬਾਣੀ[67] ਨੂੰ ਸੋਚਦਾ ਬੀਚਾਰਦਾ[68] ਨਹੀਂ, ਕੋਈ ਭੀ ਨਿਡਰ[65] ਨਹੀਂ ਥੀਂਵਦਾ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਭੇਖੀ[69] ਅਗਨਿ[70] ਨ ਬੁਝਈ[71] ਚਿੰਤਾ[72] ਹੈ ਮਨ[73] ਮਾਹਿ[74] ॥ | Wearing deceptive dress[69], the fire[70] quenches[71] not and anxiety[72] continues to abide in[74] the mind[73]. | ਝੂਠਾ ਮਜ਼ਹਬੀ ਲਿਬਾਸ[69] ਪਹਿਰਨ ਦੁਆਰਾ ਅੱਗ[70] ਨਹੀਂ ਬੁੱਝਦੀ[71] ਅਤੇ ਚਿੱਤ[73] ਅੰਦਰ[74] ਅੰਦੇਸ਼ਾ[72] ਟਿਕਿਆ ਰਹਿੰਦਾ ਹੈ । |

| | | |
|---|---|---|
| ਵਰਮੀ[75] ਮਾਰੀ[76] ਸਾਪੁ ਨ ਮਰੈ ਤਿਉ[77] ਨਿਗੁਰੇ[78] ਕਰਮ[79] ਕਮਾਹਿ[80] ॥ | As the destruction[76] of snake's hole[75], kills not the snake, so[77] is useless the doing[80] of deeds[79] without the Guru[78]. | ਜਿਸ ਤਰ੍ਹਾਂ ਸੱਪ ਦੀ ਖੁਡ[75] ਢਾਉਣ[76] ਨਾਲ ਸੱਪ ਨਹੀਂ ਮਰਦਾ, ਏਸੇ ਤਰ੍ਹਾਂ[77] ਗੁਰਾਂ ਦੇ ਬਗੈਰ[78] ਅਮਲ[79] ਕਮਾਉਣੇ[80] ਬੇਫ਼ਾਇਦਾ ਹਨ । |
| ਸਤਿਗੁਰੁ ਦਾਤਾ[81] ਸੇਵੀਐ[82] ਸਬਦੁ[85] ਵਸੈ[83] ਮਨਿ ਆਇ[84] ॥ | By serving[82] the beneficent[81] True Guru, the Name[85] comes[84] to abide[83] in man's mind. | ਦਾਤਾਰ[81], ਸੱਚੇ ਗੁਰਾਂ ਦੀ ਘਾਲ[82] ਕਮਾਉਣ ਦੁਆਰਾ, ਨਾਮ[85] ਆ ਕੇ[84] ਇਨਸਾਨ ਦੇ ਚਿੱਤ ਅੰਦਰ ਟਿੱਕ ਜਾਂਦਾ[83] ਹੈ । |
| ਮਨੁ[86] ਤਨੁ[87] ਸੀਤਲੁ[88] ਸਾਂਤਿ[89] ਹੋਇ ਤ੍ਰਿਸਨਾ[90] ਅਗਨਿ[91] ਬੁਝਾਇ[92] ॥ | The mind[86] and body[87] are comforted[88] and pacified[89] and the fire[91] of desire[90] is extinguished[92]. | ਆਤਮਾ[86] ਤੇ ਦੇਹ[87] ਸੁਖੀ[88] ਅਤੇ ਠੰਢੇ ਠਾਰ ਹੋ ਜਾਂਦੇ[89] ਹਨ ਅਤੇ ਵਧੀ ਹੋਈ ਖ਼ਾਹਿਸ਼[90] ਦੀ ਅੱਗ[91] ਬੁੱਝ ਜਾਂਦੀ[92] ਹੈ । |
| ਸੁਖਾ ਸਿਰਿ ਸਦਾ[93] ਸੁਖੁ ਹੋਇ ਜਾ[94] ਵਿਚਹੁ[95] ਆਪੁ[96] ਗਵਾਇ[97] ॥ | When man banishes[97] self-conceit[96] from within[95] him, he obtains the supreme comfort of all the comforts for ever and aye[93]. | ਜਦ[94] ਇਨਸਾਨ ਆਪਣੇ ਅੰਦਰੋਂ[95] ਸਵੈ-ਹੰਗਤਾ[96] ਨੂੰ ਕੱਢ[97] ਦਿੰਦਾ ਹੈ, ਤਾਂ ਉਹ ਹਮੇਸ਼ਾ[93] ਲਈ ਸਾਰਿਆਂ ਸੁੱਖਾਂ ਦੇ ਸ਼੍ਰੋਮਣੀ ਸੁੱਖ ਨੂੰ ਪਾ ਲੈਂਦਾ ਹੈ । |
| ਗੁਰਮੁਖਿ[98] ਉਦਾਸੀ[99] ਸੋ[100] ਕਰੇ ਜਿ ਸਚਿ[2] ਰਹੈ ਲਿਵ[3] ਲਾਇ[4] ॥ | By Guru's grace[98], he alone becomes detached[99], who fixes[4] his attention[3] on the True Lord[2]. | ਗੁਰਾਂ ਦੀ ਦਇਆ[98] ਦੁਆਰਾ ਕੇਵਲ ਓਹੀ[100] ਤਿਆਗੀ[99] ਹੁੰਦਾ ਹੈ, ਜੋ ਆਪਣੀ ਬਿਰਤੀ[3] ਸੱਚੇ ਸਾਂਈ[2] ਨਾਲ ਜੋੜਦਾ[4] ਹੈ । |
| ਚਿੰਤਾ[5] ਮੂਲਿ[6] ਨ ਹੋਵਈ ਹਰਿ ਨਾਮਿ ਰਜਾ[7] ਆਘਾਇ[8] ॥ | He feels not worried[5] at all[6] and with the Lord's Name, he remains sated[7] and satisfied[8]. | ਉਸ ਨੂੰ ਮੂਲੋਂ ਹੀ[6] ਫ਼ਿਕਰ[5] ਨਹੀਂ ਵਿਆਪਦਾ ਅਤੇ ਰੱਬ ਦੇ ਨਾਮ ਨਾਲ ਉਹ ਸੰਤੁਸ਼ਟ[7] ਤੇ ਰੱਜਿਆ ਰਹਿੰਦਾ[8] ਹੈ । |
| ਨਾਨਕ ਨਾਮ ਬਿਨਾ ਨਹ ਛੂਟੀਐ[9] ਹਉਮੈ[10] ਪਚਹਿ ਪਚਾਇ[12] ॥੨॥ | Nanak, without the Name, man is delivered[9] not and is utterly ruined[12] by egotism[10]. | ਨਾਨਕ, ਨਾਮ ਦੇ ਬਾਝੋਂ ਬੰਦਾ ਬੰਦ-ਖ਼ਲਾਸ[9] ਨਹੀਂ ਹੁੰਦਾ ਅਤੇ ਹਉਮੈ[10] ਦੁਆਰਾ ਬਿਲਕੁਲ ਤਬਾਹ ਹੋ ਜਾਂਦਾ[12] ਹੈ । |
| ਪਉੜੀ ॥ | Pauri. | ਪਉੜੀ । |
| ਜਿਨੀ ਹਰਿ ਹਰਿ[13] ਨਾਮੁ ਧਿਆਇਆ[14] ਤਿਨੀ[15] ਪਾਇਅੜੇ[16] ਸਰਬ[17] ਸੁਖਾ[18] ॥ | They[15], who utter[14] the Lord Master's[13] Name, obtain[16] all[17] the comforts[18]. | ਜੋ ਸੁਆਮੀ ਮਾਲਕ[13] ਦੇ ਨਾਮ ਦਾ ਉਚਾਰਨ ਕਰਦੇ[14] ਹਨ ਉਹ[15] ਸਾਰੇ[17] ਆਰਾਮ[18] ਪਾਉਂਦੇ[16] ਹਨ । |
| ਸਭੁ ਜਨਮੁ[19] ਤਿਨਾ ਕਾ ਸਫਲੁ[20] ਹੈ ਜਿਨ ਹਰਿ ਕੇ ਨਾਮ ਕੀ ਮਨਿ ਲਾਗੀ[21] ਭੁਖਾ[22] ॥ | Fruitful[20] is the entire life[19] of those, who, in their mind, feel[21] the urge[22] for the Lord's Name. | ਫਲਦਾਇਕ[20] ਹੈ ਉਨ੍ਹਾਂ ਦਾ ਸਾਰਾ ਜੀਵਨ[19] ਜੋ ਆਪਣੇ ਚਿੱਤ ਅੰਦਰ ਸੁਆਮੀ ਦੇ ਨਾਮ ਦੀ ਭੁੱਖ[22] ਮਹਿਸੂਸ ਕਰਦੇ[21] ਹਨ । |
| ਜਿਨੀ ਗੁਰ ਕੈ ਬਚਨਿ[23] ਆਰਾਧਿਆ[24] ਤਿਨ ਵਿਸਰਿ[26] ਗਏ ਸਭਿ ਦੂਖਾ[25] ॥ | They, who through Guru's instruction[23], meditate[24] on God, forget[26] all their troubles[25]. | ਜੋ ਗੁਰਾਂ ਦੇ ਉਪਦੇਸ਼[23] ਰਾਹੀਂ ਹਰੀ ਨੂੰ ਸਿਮਰਦੇ[24] ਹਨ, ਉਹ ਆਪਣੇ ਸਾਰੇ ਦੁਖੜਿਆਂ[25] ਨੂੰ ਭੁਲ ਜਾਂਦੇ[26] ਹਨ । |

| | | |
|---|---|---|
| ਤੇ[27] ਸੰਤ ਭਲੇ[31] ਗੁਰਸਿਖ ਹੈ ਜਿਨ ਨਾਹੀ ਚਿੰਤ[28] ਪਰਾਈ[29] ਚੁਖਾ[30] ॥ | Sublime are those[27] saints, the Guru's disciples, who care[28] not a bit[30] for any one[29], other than God. | ਸ੍ਰੇਸ਼ਟ[31] ਹਨ ਉਹ[27] ਗੁਰੂ ਦੇ ਸਿੱਖ, ਸਾਧੂ ਜਿਨ੍ਹਾਂ ਨੂੰ ਰੱਬ ਦੇ ਬਗੈਰ ਹੋਰ ਕਿਸੇ[29] ਦੀ ਭੋਰਾ ਭਰ[30] ਭੀ ਪਰਵਾਹ[28] ਨਹੀਂ। |
| ਧਨੁ ਧੰਨੁ[32] ਤਿਨਾ[33] ਕਾ ਗੁਰੂ ਹੈ ਜਿਸੁ ਅੰਮ੍ਰਿਤ[34]ਫਲ[35] ਹਰਿ[36] ਲਾਗੇ[37] ਮੁਖਾ[38] ॥੬॥ | Blessed[32]! blessed is their[33] Guru, whose mouth[38] tastes[37] the ambrosial[34] fruit[35] of God's Name[36]. | ਮੁਬਾਰਕ[32]! ਮੁਬਾਰਕ ਹਨ, ਉਨ੍ਹਾਂ[33] ਦੇ ਗੁਰੂ ਮਹਾਰਾਜ ਜਿਨ੍ਹਾਂ ਦੇ ਮੁਖਾਰਬਿੰਦ[38] ਨੂੰ ਰੱਬ[36]ਦੇ ਨਾਮ ਦਾ ਅੰਮ੍ਰਿਤ-ਮਈ[34] ਮੇਵਾ[35] ਲਗਾ[37] ਹੋਇਆ ਹੈ। |
| ਸਲੋਕ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ |
| ਕਲਿ[39] ਮਹਿ[40] ਜਮੁ[41] [42]ਜੰਦਾਰੁ[43] ਹੈ ਹੁਕਮੇ[44] ਕਾਰ ਕਮਾਇ[45] ॥ | In[43] the Dark age[39], Death's courier[41] is the enemy[43] of life[42] and he works[45] according to the Lord's will[44]. | ਕਲਜੁਗ[39] ਅੰਦਰ[40] ਮੌਤ ਦਾ[41] ਦੂਤ ਜਿੰਦ[42] ਦਾ ਵੈਰੀ[43] ਹੈ। ਉਹ ਸੁਆਮੀ ਦੀ ਰਜ਼ਾ[44] ਅਨੁਸਾਰ ਕੰਮ ਕਰਦਾ[45] ਹੈ। |
| ਗੁਰਿ ਰਾਖੇ[46] ਸੇ[47] ਉਬਰੇ[48] ਮਨਮੁਖਾ[49] ਦੇਇ ਸਜਾਇ[50] ॥ | They[47], whom the Guru saves[46] are saved[48] and to the way-ward[49], he awards punishment[50]. | ਜਿਨ੍ਹਾਂ ਨੂੰ ਗੁਰੂ ਬਚਾਉਂਦਾ[46] ਹੈ, ਉਹ[47] ਬੱਚ ਜਾਂਦੇ[48] ਹਨ। ਆਪ-ਹੁਦਰਿਆਂ[49] ਨੂੰ ਉਹ ਸਜ਼ਾ[50] ਦਿੰਦਾ ਹੈ। |
| [51]ਜਮਕਾਲੈ[52] ਵਸਿ[53] ਜਗੁ[54] ਬਾਂਧਿਆ[55] ਤਿਸ[56] ਦਾ ਫਰੂ[57] ਨ ਕੋਇ ॥ | The world[54] is in the power[53] and bondage[55] of death's[52] myrmidon[51] and none can hold[57] him[56]. | ਸੰਸਾਰ[54] ਮੌਤ[52] ਦੇ ਫ਼ਰੇਸ਼ਤੇ[50] ਦੇ ਇਖ਼ਤਿਆਰ[53] ਤੇ ਕੈਦ[35] ਵਿੱਚ ਹੈ। ਕੋਈ ਭੀ ਉਸ[56] ਨੂੰ ਪਕੜ[57] ਨਹੀਂ ਸਕਦਾ। |
| ਜਿਨਿ ਜਮੁ[58] ਕੀਤਾ[59] ਸੋ[60] ਸੇਵੀਐ[61] ਗੁਰਮੁਖਿ[62] ਦੁਖੁ[63] ਨ ਹੋਇ ॥ | Under Guru's instruction[62] serve[61] thou, Him[60], who has created[59] death[58] and then no grief[63] shall befall thee. | ਗੁਰਾਂ ਦੀ ਸਿਖਿਆ[62] ਤਾਬੇ ਤੂੰ ਉਸ[60] ਦੀ ਘਾਲ ਕਮਾ[61], ਜਿਸ ਨੇ ਮੌਤ[58] ਬਣਾਈ[59] ਹੈ ਤੇ ਤੈਨੂੰ ਕੋਈ ਤਕਲੀਫ਼[63] ਨਹੀਂ ਵਾਪਰੇਗੀ। |
| ਨਾਨਕ ਗੁਰਮੁਖਿ[64] ਜਮੁ ਸੇਵਾ ਕਰੇ ਜਿਨ ਮਨਿ ਸਚਾ[65] ਹੋਇ ॥੧॥ | Nanak, death serves the pious persons[64], in whose mind the True Lord[65] abides. | ਨਾਨਕ, ਮੌਤ ਉਨ੍ਹਾਂ ਪਵਿੱਤ੍ਰ[64] ਪੁਰਸ਼ਾਂ ਦੀ ਟਹਿਲ ਕਰਦੀ ਹੈ, ਜਿਨ੍ਹਾਂ ਦੇ ਚਿੱਤ ਵਿੱਚ ਉਹ ਸੱਚਾ ਸੁਆਮੀ[65] ਵਸਦਾ ਹੈ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ |
| ਏਹਾ ਕਾਇਆ[66] ਰੋਗਿ[67] ਭਰੀ ਬਿਨੁ ਸਬਦੈ[86] ਦੁਖੁ[69] ਹਉਮੈ[70] ਰੋਗੁ ਨ ਜਾਇ[71] ॥ | Without the Name[68], this body[66] is filled with the malady[69] of ego[70] and the pain[69] of the malady departs[71] not. | ਨਾਮ[68] ਦੇ ਬਗੈਰ ਇਹ ਦੇਹ[66] ਹੰਕਾਰ[70] ਦੀ ਬੀਮਾਰੀ[67] ਨਾਲ ਭਰੀ ਹੋਈ ਹੈ, ਤੇ ਬੀਮਾਰੀ ਦੀ ਪੀੜ[69] ਦੂਰ[71] ਨਹੀਂ ਹੁੰਦੀ। |
| ਸਤਿਗੁਰੁ ਮਿਲੈ ਤਾ[72] ਨਿਰਮਲ[73] ਹੋਵੈ ਹਰਿ ਨਾਮੋ ਮੰਨਿ[75] ਵਸਾਇ[74] ॥ | When man meets with the True Guru, then[72] does he become immaculate[73] and enshrines[74] the God's Name within his mind[75]. | ਜਦ ਇਨਸਾਨ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ, ਤਦ[72] ਉਹ ਪਵਿੱਤ੍ਰ[73] ਹੋ ਜਾਂਦਾ ਹੈ ਅਤੇ ਵਾਹਿਗੁਰੂ ਦੇ ਨਾਮ ਨੂੰ ਆਪਣੇ ਹਿਰਦੇ[75] ਅੰਦਰ ਟਿਕਾ ਲੈਂਦਾ[74] ਹੈ। |
| ਨਾਨਕ ਨਾਮੁ ਧਿਆਇਆ[76] ਸੁਖਦਾਤਾ[77]ਦੁਖੁ ਵਿਸਰਿਆ[78] ਸਹਜਿ ਸੁਭਾਇ[79] ॥੨॥ | Nanak, he ponders[76] over the peace-giving[77] Name and his anguish is automatically[79] removed. | ਨਾਨਕ, ਉਹ ਆਰਾਮ[77] ਦੇਣ ਵਾਲੇ ਨਾਮ ਦਾ ਆਰਾਧਨ[76] ਕਰਦਾ ਹੈ ਅਤੇ ਉਸ ਦੀ ਪੀੜ ਸੁਤੇ ਸਿੱਧ[79] ਹੀ ਦੂਰ[78] ਹੋ ਗਈ ਹੈ। |

| | | |
|---|---|---|
| ਪਉੜੀ ॥ | Pauri. | ਪਉੜੀ । |
| ਜਿਨਿ [80]ਜਗਜੀਵਨੁ[81] ਉਪਦੇਸਿਆ[82] ਤਿਸੁ ਗੁਰ ਕਉ ਹਉ ਸਦਾ ਘੁਮਾਇਆ[83] ॥ | I am ever a sacrifice[83] unto the Guru, who has preached[82] to me the meditation of God, the Life[81] of the world[80]. | ਮੈਂ ਉਸ ਗੁਰਦੇਵ ਜੀ ਉਤੋਂ ਹਮੇਸ਼ਾ ਹੀ ਕੁਰਬਾਨ[83]ਜਾਂਦਾ ਹਾਂ, ਜਿਸ ਨੇ ਮੈਨੂੰ ਜਗਤ[80] ਦੀ ਜਿੰਦ-ਜਾਨ[81] ਵਾਹਿਗੁਰੂ ਦੀ ਬੰਦਗੀ ਦੀ ਸਿੱਖਮਤ[82] ਦਿੱਤੀ ਹੈ । |
| ਤਿਸੁ[84] ਗੁਰ ਕਉ[85] ਹਉ[89] ਖੰਨੀਐ[86] ਜਿਨਿ [87]ਮਧੁਸੂਦਨੁ[88] ਹਰਿ ਨਾਮੁ ਸੁਣਾਇਆ[90] ॥ | I[89] am a sacrifice, each bit[86], unto[85] the[84] Guru, the Lover[88] of Nectar[87], who has recited[90] to me the Name of God. | ਮੇਰੀ[89] ਹਰ ਬੋਟੀ[86] ਕੁਰਬਾਨ ਹੈ, ਉਸ[84] ਅੰਮ੍ਰਿਤ[87] ਦੇ ਪਿਆਰੇ[88] ਗੁਰੂ ਉਤੋਂ[85], ਜਿਸ ਨੇ ਮੈਨੂੰ ਵਾਹਿਗੁਰੂ ਦਾ ਨਾਮ ਸ੍ਰਵਣ[90] ਕਰਾਇਆ ਹੈ । |
| ਤਿਸੁ ਗੁਰ ਕਉ ਹਉ ਵਾਰਣੈ[91] ਜਿਨਿ ਹਉਮੈ[92] ਬਿਖੁ[93] ਸਭੁ[94] ਰੋਗੁ[95] ਗਵਾਇਆ[96] ॥ | I am a sacrifice[91] unto the Guru, who has wholly[94] cured[96] the fatal[93] affliction[95] of egotism[92]. | ਮੈਂ ਉਸ ਗੁਰੂ ਉੱਤੋਂ ਬਲਿਹਾਰਨੇ[91] ਜਾਂਦਾ ਹਾਂ, ਜਿਸ ਨੇ ਹੰਕਾਰ[92] ਦੀ ਪ੍ਰਾਣ-ਨਾਸਿਕ[93] ਬੀਮਾਰੀ[95] ਨੂੰ ਪੂਰੀ ਤਰ੍ਹਾਂ[94] ਮੇਟ ਦਿੱਤਾ[96] ਹੈ । |
| ਤਿਸੁ ਸਤਿਗੁਰ ਕਉ ਵਡ[97] ਪੁੰਨੁ[98] ਹੈ ਜਿਨਿ ਅਵਗਣ[99] ਕਟਿ[100] ਗੁਣੀ[2] ਸਮਝਾਇਆ[3] ॥ | Great[97] is the merit[98] of the True Guru, who has eradicated[100] evil[99] and instructed[8] me in the virtue[2]. | ਵੱਡਾ[97] ਹੈ ਮਹਾਤਮ[98] ਉਸ ਸੱਚੇ ਗੁਰੂ ਜੀ ਦਾ ਜਿਸ ਨੇ ਬਦੀ[99] ਨੂੰ ਮੇਟ ਕੇ[100] ਮੈਨੂੰ ਨੇਕੀ[2] ਦਰਸਾਈ[3] ਹੈ । |
| ਪ੮੯ | | |
| ਸੋ[4] ਸਤਿਗੁਰੁ ਤਿਨ[5] ਕਉ ਭੇਟਿਆ[6] ਜਿਨ ਕੈ ਮੁਖਿ[7] ਮਸਤਕਿ[8] ਭਾਗੁ[9] ਲਿਖਿ ਪਾਇਆ[10] ॥੭॥ | That[4] True Guru meets[6] with them[5] alone, on whose forehead[8], the supreme[7] good fortune[9] is recorded[10]. | ਉਹ[4] ਸੱਚੇ ਗੁਰੂ ਜੀ ਕੇਵਲ ਉਨ੍ਹਾਂ[5] ਨੂੰ ਹੀ ਮਿਲਦੇ[6] ਹਨ, ਜਿਨ੍ਹਾਂ ਦੇ ਮਥੇ[8] ਉਤੇ ਸ੍ਰੋਮਣੀ[7] ਸ੍ਰੇਸ਼ਟ ਕਿਸਮਤ[9] ਲਿਖੀ ਹੋਈ[10] ਹੈ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਭਗਤਿ[12] ਕਰਹਿ[13] ਮਰਜੀਵੜੇ[14] ਗੁਰਮੁਖਿ[15] ਭਗਤਿ ਸਦਾ[16] ਹੋਇ ॥ | They alone, who remain dead[14] in life, perform[13] Lord's service[12]. It is through the Guru[15], that Lord's service is ever[16] performed. | ਕੇਵਲ ਓਹੀ, ਜੋ ਜੀਉਂਦੇ ਜੀ ਮਰੇ ਰਹਿੰਦੇ[14]ਹਨ, ਸਾਂਈਂ ਦੀਆਂ ਘਾਲਾਂ[12] ਕਮਾਉਂਦੇ[13] ਹਨ । ਹਮੇਸ਼ਾ[16] ਗੁਰਾਂ ਦੇ ਰਾਹੀਂ[15] ਹੀ ਸੁਆਮੀ ਦੀ ਸੇਵਾ ਕਮਾਈ ਜਾਂਦੀ ਹੈ । |
| ਓਨਾ ਕਉ ਧੁਰਿ[17] ਭਗਤਿ[18] ਖਜਾਨਾ[19] ਬਖਸਿਆ[20] ਮੇਟਿ[21] ਨ ਸਕੈ ਕੋਇ ॥ | Them, the Lord[17] blesses[20] with the treasure[19] of devotion[18], which no one can destroy[21]. | ਉਨ੍ਹਾਂ ਨੂੰ ਪ੍ਰਭੂ[17] ਸ਼ਰਧਾ ਤੇ ਪ੍ਰੇਮ[18] ਦਾ ਭੰਡਾਰਾ[19] ਪਰਦਾਨ[20] ਕਰ ਦਿੰਦਾ ਹੈ, ਜਿਸ ਨੂੰ ਕੋਈ ਭੀ ਨਾਸ[21] ਨਹੀਂ ਕਰ ਸਕਦਾ । |
| ਗੁਣ[22] ਨਿਧਾਨੁ[23] ਮਨਿ[24] ਪਾਇਆ ਏਕੋ[25] ਸਚਾ[26] ਸੋਇ[27] ॥ | Within their mind[24], they obtain the Treasure[23] of virtue[22], the[27] unique[25] True Lord[26]. | ਆਪਣੇ ਰਿਦੇ[24] ਅੰਦਰ ਉਹ, ਉਸ[27] ਅਦੁੱਤੀ[25] ਸੱਚੇ ਸਾਂਈ[26], ਨੇਕੀ[22] ਦੇ ਖ਼ਜ਼ਾਨੇ[23] ਨੂੰ ਪ੍ਰਾਪਤ ਕਰ ਲੈਂਦੇ ਹਨ । |
| ਨਾਨਕ ਗੁਰਮੁਖਿ[28] ਮਿਲਿ[29] | Nanak, the Guru-wards[28] remain | ਨਾਨਕ, ਗੁਰੂ-ਸਮਰਪਣ[28] ਪ੍ਰਭੂ ਨਾਲ ਜੁੜੇ[29] ਰਹਿੰਦੇ |

| | | |
|---|---|---|
| ਰਹੇ ਫਿਰਿ[30] ਵਿਛੋੜਾ[31] ਕਦੇ[32] ਨ ਹੋਇ ॥੧॥ | united[29] with the Lord and they separate[31] not, ever[32], again[30]. | ਹਨ । ਉਹ ਮੁੜ ਕੇ[30] ਕਦਾਚਿੱਤ[32]ਵਖਰੇ[31] ਨਹੀਂ ਹੁੰਦੇ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਸਤਿਗੁਰ ਕੀ ਸੇਵ[33] ਨ ਕੀਨੀਆ ਕਿਆ[34] ਓਹੁ ਕਰੇ ਵੀਚਾਰੁ[35] ॥ | He, who serves[38] not the True Guru, how[34] can he reflect[36] over the Name ? | ਜੋ ਸੱਚੇ ਗੁਰਾਂ ਦੀ ਚਾਕਰੀ[33] ਨਹੀਂ ਕਰਦਾ ਉਹ ਕਿਸ ਤਰ੍ਹਾਂ[34] ਨਾਮ ਦਾ ਸਿਮਰਨ[35] ਕਰ ਸਕਦਾ ਹੈ ? |
| ਸਬਦੈ[36] ਸਾਰ[37] ਨ ਜਾਣਈ[38] ਬਿਖੁ[39] ਭੂਲਾ[40] ਗਾਵਾਰੁ[41] ॥ | The fool[41] strays[40] in sin[39] and knows[38] not the worth[37] of the Guru's hymns[36]. | ਮੂਰਖ[41] ਗੁਨਾਹ[39]ਅੰਦਰ ਭਟਕਦਾ[40] ਹੈ ਅਤੇ ਗੁਰਬਾਣੀ[36] ਦੀ ਕਦਰ[37] ਨੂੰ ਨਹੀਂ ਪਛਾਣਦਾ[38] । |
| ਅਗਿਆਨੀ[42] ਅੰਧੁ[43] ਬਹੁ[44] ਕਰਮ[45] ਕਮਾਵੈ[48] ਦੂਜੈ ਭਾਇ[46] ਪਿਆਰੁ[47] ॥ | The blind[43] ignorant[42] mortal performs[48] many[44] rituals[45] and loves[47] duality[46]. | ਅੰਨ੍ਹਾ[43] ਬੇਸਮਝ[42] ਪ੍ਰਾਣੀ ਘਣੇਰੇ[14] ਕਰਮ ਕਾਂਡ[45] ਕਰਦਾ[48] ਹੈ ਅਤੇ ਦਵੈਤ-ਭਾਵ[46] ਨਾਲ ਪ੍ਰੇਮ ਧਾਰਦਾ[47] ਹੈ । |
| ਅਣਹੋਦਾ[49] ਆਪੁ ਗਣਾਇਦੇ[50] ਜਮੁ[52] ਮਾਰਿ[53] ਕਰੇ ਤਿਨ[54] ਖੁਆਰੁ[55] ॥ | They, who, without cause[49], take pride on themselves[50], them[54], the death's courier[52] punishes[53] and humiliates[55]. | ਜੋ ਬਿਲਾ ਵਜ੍ਹਾ[49] (ਅਕਾਰਣ) ਆਪਣੇ ਆਪ[40] ਉੱਤੇ ਹੰਕਾਰ ਕਰਦੇ ਹਨ; ਉਨ੍ਹਾਂ[54] ਨੂੰ ਮੌਤ ਦਾ ਦੂਤ[52] ਮਾਰਦਾ[53] ਤੇ ਬੇਇੱਜ਼ਤ ਕਰਦਾ[55] ਹੈ । |
| ਨਾਨਕ ਕਿਸ[51] ਨੋ ਆਖੀਐ[56] ਜਾ[57] ਆਪੇ[58] ਬਖਸਣਹਾਰੁ[59] ॥੨॥ | Nanak, whom[51] else is the mortal to ask[56], when[57] the Lord Himself[58] is the Pardoner[59] ? | ਨਾਨਕ, ਜੀਵ ਹੋਰ ਕਿਸ[51] ਨੂੰ ਕਹੇ[56], ਜਦ[57] ਕਿ ਮਾਲਕ ਖ਼ੁਦ[58] ਹੀ ਮਾਫ਼ੀ ਦੇਣਹਾਰ[59] ਹੈ । |
| ਪਉੜੀ ॥ | Pauri. | ਪਉੜੀ । |
| ਤੂ ਕਰਤਾ[60] ਸਭੁ ਕਿਛੁ ਜਾਣਦਾ ਸਭਿ ਜੀਅ[61] ਤੁਮਾਰੇ ॥ | Thou, O Creator[60], knowest everything and all the living beings[61] are Thine. | ਤੂੰ ਹੇ ਸਿਰਜਣਹਾਰ[60] ! ਸਾਰਾ ਕੁਝ ਜਾਣਦਾ ਹੈਂ । ਸਾਰੇ ਪ੍ਰਾਣਧਾਰੀ[61] ਤੇਰੇ ਹੀ ਹਨ । |
| ਜਿਸੁ ਤੂ ਭਾਵੈ[62] ਤਿਸੁ ਤੂ ਮੇਲਿ ਲੈਹਿ ਕਿਆ ਜੰਤ[63] ਵਿਚਾਰੇ[64] ॥ | He whom Thou likest[62], him, Thou unitest wlth Thyself O Lord. What can the poor[64] creatures[63] do ? | ਜਿਸ ਨੂੰ ਤੂੰ ਚਾਹੁੰਦਾ[62] ਹੈਂ ਉਸ ਨੂੰ ਆਪਣੇ ਨਾਲ ਜੋੜ ਲੈਂਦਾ ਹੈਂ ਹੇ ਸਿਰਜਣਹਾਰ । ਗ਼ਰੀਬ[64] ਜੀਵ ਜੰਤੂ[63] ਕੀ ਕਰ ਸਕਦੇ ਹਨ ? |
| ਤੂ ਕਰਣ[65] ਕਾਰਣ[66] ਸਮਰਥੁ[67] ਹੈ ਸਚੁ ਸਿਰਜਣਹਾਰੇ[68] ॥ | Thou, O True Creator[68], art Omnipotent[67] to do[65] all the deeds[66]. | ਤੂੰ ਹੇ ਸੱਚੇ ਕਰਤਾਰ[68] ! ਸਾਰੇ ਕੰਮਾਂ[66] ਦੇ ਕਰਨ[65] ਨੂੰ ਸਰਬ-ਸ਼ਕਤੀਵਾਨ[67] ਹੈਂ । |
| ਜਿਸੁ ਤੂ ਮੇਲਹਿ ਪਿਆਰਿਆ ਸੋ ਤੁਧੁ ਮਿਲੈ ਗੁਰਮੁਖਿ[69] ਵੀਚਾਰੇ[70] ॥ | He, whom Thou unitest, O Beloved, unites with Thee, by meditating[70] on Thee, through the Guru[69]. | ਜੀਹਨੂੰ ਤੂੰ ਮਿਲਾਉਂਦਾ ਹੈਂ, ਹੇ ਪ੍ਰੀਤਮਾ ! ਉਹ ਗੁਰਾਂ ਦੇ ਰਾਹੀਂ[69] ਤੇਰਾ ਆਰਾਧਨ[70]ਕਰਕੇ ਤੈਨੂੰ ਮਿਲ ਪੈਂਦਾ ਹੈ । |
| ਹਉ ਬਲਿਹਾਰੀ[71] ਸਤਿਗੁਰ ਆਪਣੇ ਜਿਨਿ ਮੇਰਾ ਹਰਿ ਅਲਖੁ[72] ਲਖਾਰੇ[73] ॥੮॥ | I am a sacrifice[71] unto my True Guru, who has made me discern[72] my undiscernible[73] Lord. | ਮੈਂ ਆਪਣੇ ਸੱਚੇ ਗੁਰਾਂ ਉਤੋਂ ਕੁਰਬਾਨ[71] ਹਾਂ, ਜਿਨ੍ਹਾਂ ਨੇ ਮੈਨੂੰ ਮੇਰਾ ਅਦ੍ਰਿਸ਼ਟ[73] ਸੁਆਮੀ ਵਿਖਾਲ[72] ਦਿੱਤਾ ਹੈ । |

| | | |
|---|---|---|
| ਸਲੋਕ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਰਤਨਾ[74] ਪਾਰਖੁ[75] ਜੋ ਹੋਵੈ ਸੁ ਰਤਨਾ[76] ਕਰੇ ਵੀਚਾਰੁ[77] ॥ | He[76] alone, who is the assayer[75] of the Name jewel[74], reflects[77] upon the Name jewel. | ਜੋ ਨਾਮ ਦੇ ਜਵੇਹਰ[74] ਦਾ ਪਾਰਖੂ[75] ਹੈ, ਕੇਵਲ ਓਹੀ[76] ਨਾਮ ਦੇ ਜਵੇਹਰ ਦਾ ਆਰਾਧਨ[77] ਕਰਦਾ ਹੈ। |
| ਰਤਨਾ ਸਾਰ[78] ਨ ਜਾਣਈ[79] ਅਗਿਆਨੀ[80]ਅੰਧੁ ਅੰਧਾਰੁ[81]॥ | Spiritually ignorant[80] and totally blind[81] man knows[79] not the worth[78] of the Name jewel. | ਰੂਹਾਨੀ ਤੌਰ ਤੇ ਬੇਸਮਝ[80] ਅਤੇ ਪਰਮ ਅੰਨ੍ਹਾ[81] ਬੰਦਾ ਨਾਮ ਦੇ ਜਵੇਹਰ ਦੀ ਕਦਰ[78] ਨੂੰ ਨਹੀਂ ਜਾਣਦਾ[79]। |
| ਰਤਨੁ ਗੁਰੂ ਕਾ ਸਬਦੁ[82] ਹੈ ਬੂਝੈ[83] ਬੂਝਣਹਾਰੁ[84] ॥ | The jewel is the Gurbani[82] and the knower[84] alone knows[83] its worth. | ਜਵੇਹਰ ਗੁਰਾਂ ਦੀ ਬਾਣੀ[82] ਹੈ। ਕੇਵਲ ਜਾਣਕਾਰ[84] ਹੀ ਇਸ ਦੀ ਕਦਰ ਨੂੰ ਜਾਣਦਾ[83] ਹੈ। |
| ਮੂਰਖ[85] ਆਪੁ ਗਣਾਇਦੇ[86] ਮਰਿ ਜੰਮਹਿ[87] ਹੋਇ ਖੁਆਰੁ[88] ॥ | The fools[85] pride on their-self[86] and they are distressed[88] in coming and going[87]. | ਬੇਵਕੂਫ[85] ਆਪਣੇ ਆਪ ਤੇ ਹੰਕਾਰ[86] ਕਰਦੇ ਹਨ, ਉਹ ਆਵਾਗਉਣ[87] ਅੰਦਰ ਦੁਖੀ[88] ਹੁੰਦੇ ਹਨ। |
| ਨਾਨਕ ਰਤਨਾ ਸੋ[89] ਲਹੈ[90] ਜਿਸੁ ਗੁਰਮੁਖਿ[91] ਲਗੈ[92] ਪਿਆਰੁ[93] ॥ | Nanak, he[89] alone obtains[90] the Name jewel, who enshrines[92] affection[93] for the Exalted Guru[91]. | ਨਾਨਕ ਕੇਵਲ ਉਹੀ[89]ਨਾਮ ਦੇ ਹੀਰੇ ਨੂੰ ਪਰਾਪਤ[90]ਕਰਦਾ ਹੈ ਜੋ ਮੁਖੀ ਗੁਰਾਂ[91] ਨਾਲ ਪਿਰਹੜੀ[93] ਪਾਉਂਦਾ[92] ਹੈ। |
| ਸਦਾ[94] ਸਦਾ ਨਾਮੁ ਉਚਰੈ[95] ਹਰਿ ਨਾਮੋ ਨਿਤ[96] ਬਿਉਹਾਰੁ[97] ॥ | Ever[94], ever he utters[95] God's Name and in God's Name he daily[96] deals[97]. | ਹਮੇਸ਼ਾ[94], ਹਮੇਸ਼ਾ ਉਹ ਹਰੀਨਾਮ ਦਾ ਉਚਾਰਨ ਕਰਦਾ[95] ਹੈ ਅਤੇ ਵਾਹਿਗੁਰੂ ਦਾ ਨਾਮ ਹੀ ਉਸ ਦਾ ਰੋਜ਼[96] ਦਾ ਵਿਹਾਰ[97] ਹੈ। |
| ਕ੍ਰਿਪਾ[98] ਕਰੇ ਜੇ[99] ਆਪਣੀ ਤਾ[100] ਹਰਿ ਰਖਾ [2]ਉਰਧਾਰਿ[3] ॥੧॥ | If[99] God shows His mercy[98], then[100] alone can I keep Him enshrined[3] within my mind[2]. | ਜੇਕਰ[99] ਵਾਹਿਗੁਰੂ ਆਪਣੀ ਰਹਿਮਤ[98] ਧਾਰੇ, ਤਦ[100] ਹੀ ਮੈਂ ਉਸ ਨੂੰ ਆਪਣੇ ਰਿਦੇ[2] ਵਿਚ ਟਿਕਾਈ[3] ਰੱਖ ਸਕਦਾ ਹਾਂ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਸਤਿਗੁਰ ਕੀ ਸੇਵ[4] ਨ ਕੀਨੀਆ ਹਰਿ ਨਾਮੁ ਨ ਲਗੋ[5] ਪਿਆਰੁ[6] ॥ | They who serve[4] not the True Guru and embrace[5] not love[6] for the God's Name, | ਜੋ ਸੱਚੇ ਗੁਰਾਂ ਦੀ ਘਾਲ[4] ਨਹੀਂ ਕਮਾਉਂਦੇ, ਅਤੇ ਜੋ ਵਾਹਿਗੁਰੂ ਦੇ ਨਾਲ ਪ੍ਰੀਤ[6] ਨਹੀਂ ਗੰਢਦੇ[5], |
| ਮਤ[7] ਤੁਮ[8] ਜਾਣਹੁ[14] ਓਇ[15] ਜੀਵਦੇ[9] ਓਇ ਆਪਿ[10] ਮਾਰੇ[12] ਕਰਤਾਰਿ[13] ॥ | Them[15], thou[3] deem[14] not[7] alive[9]; the Creator[13] Himself[10] has destroyed[12] them. | ਉਨ੍ਹਾਂ[15]ਨੂੰ ਤੂੰ[8] ਜੀਉਂਦੇ[9]ਨਾ[7] ਸਮਝ[14]। ਸਿਰਜਣਹਾਰ[13] ਨੇ ਖ਼ੁਦ[10] ਉਨ੍ਹਾਂ ਨੂੰ ਬਰਬਾਦ ਕਰ ਦਿੱਤਾ ਹੈ। |
| ਹਉਮੈ[16] ਵਡਾ[17] ਰੋਗੁ[18] ਹੈ ਭਾਇ[19] ਦੂਜੈ[20] ਕਰਮ[21] ਕਮਾਇ[22] ॥ | Pride[16] is a serious[17] malady[18] and it makes man do[22] deeds[21] for the love[19] of another[20]. | ਹੰਕਾਰ[16]ਇੱਕ ਭਾਰੀ[17]ਬੀਮਾਰੀ[18]ਹੈ। ਇਹ ਇਨਸਾਨ ਪਾਸੋਂ ਹੋਰਸ[20] ਦੀ ਪ੍ਰੀਤ[19] ਲਈ ਕੰਮ[21] ਕਰਵਾਉਂਦੀ[22] ਹੈ। |
| ਨਾਨਕ ਮਨਮੁਖਿ[23] ਜੀਵਦਿਆ ਮੁਏ ਹਰਿ ਵਿਸਰਿਆ[24] ਦੁਖੁ[25] ਪਾਇ[26]॥ ੨॥ | Nanak the apostates[23] are dead even when alive and forgetting[24] the Lord, they come to[26] grief[25]. | ਨਾਨਕ, ਅਧਰਮੀ[23] ਜ਼ਿੰਦਗੀ ਵਿੱਚ ਹੀ ਮਰੇ ਹੋਏ ਹਨ। ਸਾਹਿਬ ਨੂੰ ਭੁਲਾ ਕੇ[24] ਉਹ ਕਸ਼ਟ[25] ਪਾਉਂਦੇ[26] ਹਨ। |

| | | |
|---|---|---|
| ਪਉੜੀ ॥ | Pauri. | ਪਉੜੀ । |
| ਜਿਸੁ ਅੰਤਰੁ[27] ਹਿਰਦਾ[28] ਸੁਧੁ[29] ਹੈ ਤਿਸੁ ਜਨ[30] ਕਉ ਸਭਿ ਨਮਸਕਾਰੀ[31] ॥ | All make obeisance[31] unto the man[30], whose heart[28] is pure[29] from within[27]. | ਸਾਰੇ ਉਸ ਇਨਸਾਨ[30] ਨੂੰ ਪ੍ਰਣਾਮ[31] ਕਰਦੇ ਹਨ, ਜਿਸ ਦਾ ਦਿਲ[28] ਅੰਦਰੋਂ[27] ਨਿਰਮਲ[29] ਹੈ । |
| ਜਿਸੁ ਅੰਦਰਿ[32] ਨਾਮੁ ਨਿਧਾਨੁ[33] ਹੈ ਤਿਸੁ ਜਨ ਕਉ ਹਉ ਬਲਿਹਾਰੀ[34] ॥ | He, within whose mind[32] is the Name treasure[33], unto that man, I am a sacrifice[34]. | ਜਿਸ ਦੇ ਹਿਰਦੇ[32] ਅੰਦਰ ਨਾਮ ਦਾ ਖ਼ਜ਼ਾਨਾ[33] ਹੈ, ਉਸ ਇਨਸਾਨ ਉਤੋਂ ਮੈਂ ਕੁਰਬਾਨ[34] ਜਾਂਦਾ ਹਾਂ । |
| ਜਿਸੁ ਅੰਦਰਿ[35] ਬੁਧਿ[36] ਬਿਬੇਕੁ[37] ਹੈ ਹਰਿ ਨਾਮੁ ਮੁਰਾਰੀ[39] ॥ | He, who has discerning[37] intellect[36] in his mind[35], meditates on the Name of God, the Enemy[39] of ego[38]. | ਜੀਹਦੇ ਮਨ ਵਿੱਚ[35] ਪ੍ਰਬੀਨ[37] ਅਕਲ[36] ਹੈ, ਉਹ ਹੰਕਾਰ[38] ਦੇ ਵੈਰੀ[39] ਵਾਹਿਗੁਰੂ ਦੇ ਨਾਮ ਨੂੰ ਸਿਮਰਦਾ ਹੈ । |
| ਸੋ[40] ਸਤਿਗੁਰੁ ਸਭਨਾ ਕਾ ਮਿਤੁ[41] ਹੈ ਸਭ ਤਿਸਹਿ[42] ਪਿਆਰੀ[43] ॥ | That[40] True Guru is the friend[41] of all and every one is dear[43] unto him[42]. | ਉਹ[40] ਸੱਚੇ ਗੁਰੂ ਜੀ ਸਾਰਿਆਂ ਦੇ ਸੱਜਣ[41] ਹਨ, ਅਤੇ ਹਰ ਜਣਾ ਉਨ੍ਹਾਂ[42] ਦਾ ਲਾਡਲਾ[43] ਹੈ । |
| ਸਭੁ[44] ਆਤਮ[45] ਰਾਮੁ[46] ਪਸਾਰਿਆ[47] ਗੁਰ ਬੁਧਿ[48] ਬੀਚਾਰੀ[49] ॥੯॥ | When I think over[49] with the Guru-given wisdom[48], I discern the Omnipresent[46] soul[45] pervading[47] everywhere[44]. | ਜਦ ਮੈਂ ਗੁਰਾਂ ਦੀ ਦਿੱਤੀ ਹੋਈ ਸਮਝ[48] ਨਾਲ ਸੋਚ ਵੀਚਾਰ ਕੀਤੀ, ਮੈਂ ਸਰਬ ਵਿਆਪਕ[46] ਰੂਹ[45] ਨੂੰ ਸਾਰੇ[44] ਸਮਾਈ[47] ਹੋਈ ਵੇਖ ਲਿਆ । |
| ਸਲੋਕ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਬਿਨੁ ਸਤਿਗੁਰ ਸੇਵੇ ਜੀਅ[50] ਕੇ ਬੰਧਨਾ[51] ਵਿਚਿ ਹਉਮੈ[54] ਕਰਮ[52] ਕਮਾਹਿ[53] ॥ | Without serving the True Guru, the deeds[52] done[53] in ego[54], are like the chains[51] of the soul[50]. | ਸੱਚੇ ਗੁਰਾਂ ਦੀ ਟਹਿਲ ਕਰਨ ਦੇ ਬਗ਼ੈਰ ਹੰਕਾਰ[54] ਵਿੱਚ ਕੰਮ[52] ਕਰਨੇ[53], ਆਤਮਾ[50] ਦੀਆਂ ਜ਼ੰਜੀਰਾਂ[51] ਦੇ ਤੁਲ ਹਨ । |
| ਬਿਨੁ ਸਤਿਗੁਰ ਸੇਵੇ ਠਉਰ[55] ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥ | Without serving the True Guru, man finds no place[55] of rest. He dies, is reborn and continues coming and going. | ਸੱਚੇ ਗੁਰਾਂ ਦੀ ਟਹਿਲ ਕਰਨ ਦੇ ਬਗ਼ੈਰ ਇਨਸਾਨ ਨੂੰ ਕੋਈ ਆਰਾਮ ਦੀ ਥਾਂ[55] ਨਹੀਂ ਮਿਲਦੀ । ਉਹ ਮਰਦਾ, ਮੁੜ ਜੰਮਦਾ ਅਤੇ ਆਉਂਦਾ ਤੇ ਜਾਂਦਾ ਰਹਿੰਦਾ ਹੈ । |
| ਪ੯੦ | | |
| ਬਿਨੁ ਸਤਿਗੁਰ ਸੇਵੇ ਫਿਕਾ[56] ਬੋਲਣਾ[57] ਨਾਮੁ ਨ ਵਸੈ[58] ਮਨ ਮਾਹਿ[59] ॥ | Without the True Guru's service, insipid[56] is man's speech[57] and the Name abides[58] not in[59] his mind. | ਸੱਚੇ ਗੁਰਾਂ ਦੀ ਟਹਿਲ ਦੇ ਬਾਝੋਂ ਫਿਕਲੀ[56] ਹੁੰਦੀ ਹੈ ਬੰਦੇ ਦੀ ਬੋਲ ਚਾਲ[57], ਤੇ ਨਾਮ ਉਸ ਦੇ ਚਿੱਤ ਅੰਦਰ[59] ਨਹੀਂ ਟਿਕਦਾ[58] । |
| ਨਾਨਕ ਬਿਨੁ ਸਤਿਗੁਰ ਸੇਵੇ [60]ਜਮ ਪੁਰਿ[61] ਬਧੇ[62] ਮਾਰੀਅਨਿ[63] ਮੁਹਿ[64] ਕਾਲੈ[65] ਉਠਿ[66] ਜਾਹਿ[67] ॥੧॥ | Nanak, without the True Guru's service, the mortals arise[66] and depart[67] with blackened[65] face[64], and are bound[62] and beaten[63] in the city[61] of death[60]. | ਨਾਨਕ, ਗੁਰਾਂ ਦੀ ਟਹਿਲ ਦੇ ਬਗ਼ੈਰ ਪ੍ਰਾਣੀ, ਸਿਆਹ[65] ਚਿਹਰੇ[64] ਨਾਲ ਖੜੇ[66] ਹੋ ਟੁਰ ਜਾਂਦੇ[67] ਹਨ ਅਤੇ ਮੌਤ[60] ਦੇ ਸ਼ਹਿਰ[61] ਅੰਦਰ ਨਰੜ[62] ਕੇ ਮਾਰੇ ਪਿੱਟੇ ਜਾਂਦੇ[63] ਹਨ । |
| ਮਹਲਾ ੧ ॥ | Ist Guru. | ਪਹਿਲੀ ਪਾਤਿਸ਼ਾਹੀ । |

| | | |
|---|---|---|
| ਜਾਲਉ[68] ਐਸੀ[69] ਰੀਤਿ[70] ਜਿਤੁ ਮੈ ਪਿਆਰਾ[71] ਵੀਸਰੈ[72] ॥ | Burn[68] such[69] ceremonial custom[70], by which I may forget[72] my Beloved[71]. | ਐਹੋ ਜੇਹੇ[69] ਰਸਮੀ ਰਿਵਾਜ[70] ਨੂੰ ਸਾੜ[68] ਸੁਟੋ ਜਿਸ ਦੁਆਰਾ ਮੈਨੂੰ ਮੇਰਾ ਪ੍ਰੀਤਮ[71] ਭੁਲ ਜਾਂਦਾ[72] ਹੈ । |
| ਨਾਨਕ ਸਾਈ[73] ਭਲੀ[74] ਪਰੀਤਿ[75] ਜਿਤੁ ਸਾਹਿਬ ਸੇਤੀ[76] ਪਤਿ[77] ਰਹੈ ॥੨॥ | Nanak, sublime[74] is the love[75], which builds my honour[77] with[76] the Lord. | ਨਾਨਕ, ਸ੍ਰੇਸ਼ਟ[74] ਹੈ ਉਹ[73] ਪ੍ਰੇਮ[75] ਜੋ ਸੁਆਮੀ ਨਾਲ[76] ਮੇਰੀ ਇੱਜ਼ਤ[77] ਬਣਾਉਂਦਾ ਹੈ । |
| ਪਉੜੀ ॥ | Pauri. | ਪਉੜੀ । |
| ਹਰਿ ਇਕੋ ਦਾਤਾ[78] ਸੇਵੀਐ[79] ਹਰਿ ਇਕੁ ਧਿਆਈਐ[80] ॥ | Serve[79] thou the one Beneficent[78] Lord and dwell[80] thou on the Lord alone. | ਤੂੰ ਇੱਕ ਦਾਤਾਰ[78] ਪ੍ਰਭੂ ਦੀ ਟਹਿਲ ਕਮਾ[79] ਅਤੇ ਤੂੰ ਕੇਵਲ ਸੁਆਮੀ ਦਾ ਹੀ ਸਿਮਰਨ ਕਰ[80] । |
| ਹਰਿ ਇਕੋ ਦਾਤਾ ਮੰਗੀਐ[81] [82]ਮਨਚਿੰਦਿਆ[83] ਪਾਈਐ[84] ॥ | Beg thou only of one Beneficent God and obtain[84] thy heart[82]-desired[83] boons. | ਤੂੰ ਕੇਵਲ ਇੱਕ ਦਾਤਾਰ ਵਾਹਿਗੁਰੂ ਦੀ ਜਾਚਨਾ[81] ਕਰ ਅਤੇ ਆਪਣੇ ਚਿੱਤ[82]-ਚਾਹੁੰਦੀਆਂ[83] ਮੁਰਾਦਾਂ ਨੂੰ ਪ੍ਰਾਪਤ ਹੋ[84] । |
| ਜੇ[85] ਦੂਜੇ[86] ਪਾਸਹੁ ਮੰਗੀਐ ਤਾ[87] ਲਾਜ[88] ਮਰਾਈਐ[89] ॥ | If[85] thou beggest of another[86], then[87], thou shalt be shamed[88] and destroyed[89]. | ਜੇਕਰ[85] ਤੂੰ ਕਿਸੇ ਹੋਰਸ[86] ਪਾਸੋਂ ਮੰਗੇਂਗਾ, ਤਦ[87] ਤੂੰ ਬੇਸ਼ਰਮ[88] ਹੋ ਮਰੇਂਗਾ । |
| ਜਿਨਿ ਸੇਵਿਆ ਤਿਨਿ ਫਲੁ ਪਾਇਆ ਤਿਸੁ[92] ਜਨ[90] ਕੀ ਸਭ ਭੁਖ[91] ਗਵਾਈਐ[93] ॥ | He, who serves the Lord obtains the fruit and all the hunger[91] of that[92] person[90] is sated[93]. | ਜੋ ਸੁਆਮੀ ਦੀ ਸੇਵਾ ਕਰਦਾ ਹੈ ਉਹ ਫਲ ਪਾ ਲੈਂਦਾ ਹੈ । ਉਸ[92] ਪੁਰਸ਼[90] ਦੀ ਸਾਰੀ ਸਵਾਰਥੀ ਰੁਚੀ[91] ਦੂਰ ਹੋ ਜਾਂਦੀ[93] ਹੈ । |
| ਨਾਨਕੁ ਤਿਨ ਵਿਟਹੁ[64] ਵਾਰਿਆ[95] ਜਿਨ ਅਨਦਿਨੁ[96] ਹਿਰਦੈ[97] ਹਰਿ ਨਾਮੁ ਧਿਆਈਐ[98] ॥੧੦॥ | Nanak is a sacrifice[95] unto[94] those, who in their mind[97], night[96] and day, meditate[98] on the God's Name. | ਨਾਨਕ, ਉਨ੍ਹਾਂ ਉਤੋਂ[94] ਕੁਰਬਾਨ[95] ਜਾਂਦਾ ਹੈ ਜੋ ਆਪਣੇ ਮਨ[97] ਅੰਦਰ ਰਾਤ[96] ਦਿਨ ਵਾਹਿਗੁਰੂ ਦੇ ਨਾਮ ਦਾ ਆਰਾਧਨ ਕਰਦੇ[98] ਹਨ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਭਗਤ[99] ਜਨਾ ਕੰਉ ਆਪਿ ਤੁਠਾ[100] ਮੇਰਾ ਪਿਆਰਾ[2] ਆਪੇ[5] ਲਇਅਨੁ ਜਨ[3] ਲਾਇ[4] ॥ | My Beloved[2] is Himself merciful[100] to the holy men[99]. His slaves[3], He attaches[4] with Himself[5]. | ਮੇਂਡਾ ਪ੍ਰੀਤਮ[2], ਖੁਦ ਨੇਕ ਬੰਦਿਆ[99] ਤੇ ਮਿਹਰਬਾਨ[100] ਹੈ । ਆਪਣੇ ਗੋਲਿਆਂ[3] ਨੂੰ ਉਹ ਆਪਣੇ[5] ਨਾਲ ਜੋੜ ਲੈਂਦਾ[4] ਹੈ । |
| ਪਾਤਿਸਾਹੀ[6] ਭਗਤ ਜਨਾ[7] ਕਉ ਦਿਤੀਅਨੁ[8] ਸਿਰਿ[9] ਛਤੁ[10] ਸਚਾ ਹਰਿ ਬਣਾਇ[12] ॥ | The Lord blesses[8] the devoted persons[7] with kingship[6] and for their head[9] He, the Lord, makes[12] the true crown[10]. | ਪਵਿੱਤ੍ਰ ਪੁਰਸ਼ਾਂ[7] ਨੂੰ ਪ੍ਰਭੂ, ਬਾਦਸ਼ਾਹੀ[6] ਪਰਦਾਨ ਕਰਦਾ[8] ਹੈ । ਉਨ੍ਹਾਂ ਦੇ ਸੀਸ[9] ਲਈ ਸਾਈਂ ਸੱਚਾ ਤਾਜ[10] ਬਣਾਉਂਦਾ[12] ਹੈ । |
| ਸਦਾ[13] ਸੁਖੀਏ[14] ਨਿਰਮਲੇ[15] ਸਤਿਗੁਰ ਕੀ ਕਾਰ[16] ਕਮਾਇ[17] ॥ | They are ever[13] at ease[14] and immaculate[15] and perform[17] the True Guru's service[16]. | ਉਹ ਹਮੇਸ਼ਾ[13] ਸੁਖੀ[14] ਅਤੇ ਪਵਿੱਤ੍ਰ[15] ਹਨ ਤੇ ਸੱਚੇ ਗੁਰਾਂ ਦੀ ਸੇਵਾ[16] ਕਰਦੇ[17] ਹਨ । |
| ਰਾਜੇ ਓਇ[18] ਨ ਆਖੀਅਹਿ[19] ਭਿੜਿ[20] ਮਰਹਿ ਫਿਰਿ[21] ਜੂਨੀ[22] ਪਾਹਿ[23] ॥ | They[18] are not said[19] to be kings who die in strife[20] and then[21] go round[23] in existences[22]. | ਪਾਤਿਸ਼ਾਹ ਉਹ[18] ਨਹੀਂ ਕਹੇ ਜਾਂਦੇ[19] ਜੋ ਲੜ ਭਿੜਕੇ[20] ਮਰ ਜਾਂਦੇ ਹਨ ਅਤੇ ਮੁੜ ਕੇ[21] ਜੂਨੀਆਂ[22] ਵਿੱਚ ਪੈਂਦੇ[23] ਹਨ । |

| | | |
|---|---|---|
| ਨਾਨਕ ਵਿਣੁ ਨਾਵੈ ਨਕਟੀ ਵਢੀ[24] ਫਿਰਹਿ[25] ਸੋਭਾ[26] ਮੂਲਿ[27] ਨ ਪਾਹਿ ॥੧॥ | Nanak, without the Name, they wander[25] about nose-shorn[24] in disgrace and receive not honour[26] at all[27]. | ਨਾਨਕ ਨਾਮ ਦੇ ਬਗ਼ੈਰ ਉਹ ਨੱਕ-ਕਟੇ[24] ਫ਼ਿਰਦੇ[25] ਹਨ, ਅਤੇ ਉੱਕੀ[27] ਹੀ ਇੱਜ਼ਤ-ਆਬਰੂ[26] ਨਹੀਂ ਪਾਉਂਦੇ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਸੁਣਿ[28] ਸਿਖਿਐ[29] ਸਾਦੁ[30] ਨ ਆਇਓ ਜਿਚਰੁ[31] ਗੁਰਮੁਖਿ[32] ਸਬਦਿ[33] ਨ ਲਾਗੈ[34] ॥ | Hearing[28] the instruction[29], man, relishes[30] it not, so long as[31] he is not attached[34] to the Gurbani, through the Guru[32]. | ਸਿਖਿਆ[33] ਨੂੰ ਸੁਣਨ[28] ਅਤੇ ਸਮਝਾਏ[29] ਜਾਣ ਦੁਆਰਾ ਇਨਸਾਨ ਨੂੰ ਇਸ ਦਾ ਸੁਆਦ[30] ਨਹੀਂ ਆਉਂਦਾ, ਜਦ ਤਾਈਂ[31] ਉਹ, ਗੁਰਾਂ[32] ਦੇ ਰਾਹੀਂ ਗੁਰਬਾਣੀ ਵਿੱਚ ਜੁੜ ਨਾ ਜਾਵੇ[34] । |
| ਸਤਿਗੁਰਿ ਸੇਵਿਐ[35] ਨਾਮੁ ਮਨਿ ਵਸੈ[36] ਵਿਚਹੁ[37] ਭ੍ਰਮੁ[38] ਭਉ ਭਾਗੈ[40] ॥ | Serving[35] the True Guru the Name abides[36] in the man's mind and doubt[38] and dread[39] flee[40] from within[37] him. | ਸੱਚੇ ਗੁਰਾਂ ਦੀ ਘਾਲ ਕਮਾਉਣ[35] ਦੁਆਰਾ ਨਾਮ ਮਨੁਖ ਦੇ ਰਿਦੇ ਵਿੱਚ ਟਿਕ ਜਾਂਦਾ[36] ਹੈ ਅਤੇ ਸੰਦੇਹ[38] ਤੇ ਡਰ[39] ਉਸ ਦੇ ਅੰਦਰੋਂ[37] ਦੌੜ ਜਾਂਦੇ ਹਨ । |
| ਜੇਹਾ[41] ਸਤਿਗੁਰ ਨੋ ਜਾਣੈ ਤੇਹੋ[42] ਹੋਵੈ ਤਾ[43] ਸਚਿ ਨਾਮਿ ਲਿਵ[44] ਲਾਗੈ[45] ॥ | As[41] the mortal deems the True Guru to be, so[42] becomes he and then[43] alone, he comes to enshrine[45] affection[44] for the True Name. | ਜਿਸ ਤਰ੍ਹਾਂ[41] ਦਾ ਪ੍ਰਾਣੀ ਸੱਚੇ ਗੁਰੂ ਨੂੰ ਜਾਣਦਾ ਹੈ, ਉਸੇ ਤਰ੍ਹਾਂ[42] ਦਾ ਹੀ ਉਹ ਹੋ ਜਾਂਦਾ ਹੈ। ਤਦ[13] ਉਸ ਦਾ ਸੱਚੇ ਨਾਮ ਨਾਲ ਪਿਆਰ[44] ਪੈ ਜਾਂਦਾ[45] ਹੈ । |
| ਨਾਨਕ ਨਾਮਿ ਮਿਲੈ ਵਡਿਆਈ[46] ਹਰਿ ਦਰਿ[47] ਸੋਹਨਿ[48] ਆਗੈ[49] ॥੨॥ | Nanak, through the Name, he attains honour[46] and looks beauteous[48] in the God's court[47], hereafter[49]. | ਨਾਨਕ ਨਾਮ ਦੇ ਰਾਹੀਂ ਉਹ ਇੱਜ਼ਤ ਆਬਰੂ[46] ਪਾਉਂਦਾ ਹੈ ਅਤੇ ਅਗੇ[19] ਰੱਬ ਦੇ ਦਰਬਾਰ[47] ਅੰਦਰ ਸੁੰਦਰ[48] ਲਗਦਾ ਹੈ । |
| ਪਉੜੀ ॥ | Pauri. | ਪਉੜੀ । |
| ਗੁਰਸਿਖਾਂ ਮਨ ਹਰਿ ਪ੍ਰੀਤਿ[50] ਹੈ ਗੁਰੁ ਪੂਜਣ[51] ਆਵਹਿ[52] ॥ | Within the mind of the Guru's disciples is God's love[50] and they come[52] and worships[51] the Guru. | ਗੁਰੂ ਦੇ ਸਿਖਾਂ ਦੇ ਚਿੱਤ ਵਿੱਚ ਵਾਹਿਗੁਰੂ ਦਾ ਪਿਆਰ[50] ਹੈ । ਉਹ ਆ ਕੇ[52] ਗੁਰਾਂ ਦੀ ਉਪਾਸ਼ਨਾ ਕਰਦੇ[51] ਹਨ । |
| ਹਰਿ ਨਾਮੁ ਵਣੰਜਹਿ[53] ਰੰਗਿ[54] ਸਿਉ[55] ਲਾਹਾ[56] ਹਰਿ ਨਾਮੁ ਲੈ[57] ਜਾਵਹਿ[58] ॥ | In the Lord's Name, they deal[53] with[55] love[54], and depart[58] after earning[57] the reward[56] of the Lord's Name. | ਪਿਆਰ[54] ਨਾਲ[55] ਉਹ ਸੁਆਮੀ ਦੇ ਨਾਮ ਦਾ ਵਾਪਾਰ ਕਰਦੇ[53] ਹਨ ਤੇ ਸੁਆਮੀ ਦੇ ਨਾਮ ਦਾ ਨਫ਼ਾ[56] ਕਮਾ[57] ਕੇ ਜਾਂਦੇ[58] ਹਨ । |
| ਗੁਰਸਿਖਾ ਕੇ ਮੁਖ[59] ਉਜਲੇ[60] ਹਰਿ ਦਰਗਹ[61] ਭਾਵਹਿ[62] ॥ | Bright[60] are the faces[59] of the Guru's sikhs and they are approved[62] in the God's court[61]. | ਸੁਰਖ਼ਰੂ[60] ਹਨ ਗੁਰੂ ਦੇ ਸਿਖਾਂ ਦੇ ਚਿਹਰੇ[59] ਅਤੇ ਉਹ ਰੱਬ ਦੇ ਦਰਬਾਰ[61] ਵਿੱਚ ਕਬੂਲ ਪੈ ਜਾਂਦੇ[62] ਹਨ । |
| ਗੁਰੁ[63] ਸਤਿਗੁਰੁ ਬੋਹਲੁ[64] ਹਰਿ ਨਾਮ ਕਾ [65]ਵਡਭਾਗੀ[66] ਸਿਖ ਗੁਣ[67] ਸਾਂਝ[68] ਕਰਾਵਹਿ ॥ | The great[63] True Guru is the treasure[64] of the Lord's Name and the very[65] fortunate[66] Gur-sikhs share[68] this treasure of virtue[67] with him. | ਵਿਸ਼ਾਲ[63] ਸੱਚੇ ਗੁਰੂ ਜੀ ਪ੍ਰਭੂ ਦੇ ਨਾਮ ਦੇ ਖ਼ਜ਼ਾਨੇ[64] ਹਨ । ਭਾਰੇ[65] ਨਸੀਬਾਂ ਵਾਲੇ[66] ਗੁਰਸਿਖ ਇਸ ਨੇਕੀ[67] ਦੇ ਖ਼ਜ਼ਾਨੇ ਵਿੱਚ ਉਨ੍ਹਾਂ ਦੇ ਭਾਈਵਾਲ ਬਣ ਜਾਂਦੇ[68] ਹਨ । |

| | | |
|---|---|---|
| ਤਿਨਾ[69] ਗੁਰਸਿਖਾ ਕੰਉ ਹਉ ਵਾਰਿਆ[70] ਜੋ ਬਹਦਿਆ[71] ਉਠਦਿਆ[72] ਹਰਿ ਨਾਮੁ ਧਿਆਵਹਿ[73] ॥੧੧॥ | I am a sacrifice[70] unto those[69] Guru's sikhs, who, sitting[71] and standing[72], meditate[73] upon the Lord's Name. | ਮੈਂ ਉਨ੍ਹਾਂ[69] ਗੁਰੂ ਦੇ ਸਿਖਾਂ ਉਤੋਂ ਘੋਲੀ ਵੰਞਦਾ[70] ਹਾਂ, ਜੋ ਬੈਠੇ[71] ਅਤੇ ਖੜੇ[72] ਸੁਆਮੀ ਦੇ ਨਾਮ ਦਾ ਸਿਮਰਨ ਕਰਦੇ[73] ਹਨ । |
| ਸਲੋਕ ਮ: ੩ ॥ | Slok 3rd Guru, | ਸਲੋਕ ਤੀਜੀ ਪਾਤਿਸ਼ਾਹੀ । |
| ਨਾਨਕ ਨਾਮੁ ਨਿਧਾਨੁ[74] ਹੈ ਗੁਰਮੁਖਿ[75] ਪਾਇਆ ਜਾਇ ॥ | Nanak, the Name is a treasure[74] and, through the Guru[75], it is obtained. | ਨਾਨਕ ਨਾਮ ਇਕ ਖ਼ਜ਼ਾਨਾ[74] ਹੈ । ਗੁਰਾਂ ਦੇ ਰਾਹੀਂ[75] ਇਹ ਪਾਇਆ ਜਾਂਦਾ ਹੈ । |
| ਮਨਮੁਖ[76] ਘਰਿ[77] ਹੋਦੀ ਵਥੁ[78] ਨ ਜਾਣਨੀ ਅੰਧੇ[79] ਭਉਕਿ[80] ਮੁਏ ਬਿਲਲਾਇ[81] ॥੧॥ | The blind[79] apostates[76] know not the article[78] that is in their home[77] and die barking[80] and wailing[81]. | ਅੰਨ੍ਹੇ[79] ਅਧਰਮੀ[76] ਆਪਣੇ ਧਾਮ[77] ਵਿੱਚ ਦੀ ਵਸਤੂ[78]ਨੂੰ ਨਹੀਂ ਜਾਣਦੇ ਅਤੇ ਭਉਂਕਦੇ[80] ਤੇ ਵਿਲਕਦੇ[81] ਮਰ ਜਾਂਦੇ ਹਨ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਕੰਚਨ[82] ਕਾਇਆ[83] ਨਿਰਮਲੀ[84] ਜੋ ਸਚਿ ਨਾਮਿ ਸਚਿ[85] ਲਾਗੀ[86] ॥ | Immaculate[84] is the golden[82] body[83], which is attached[86] to the True Name of the True Lord[85]. | ਪਵਿੱਤ੍ਰ[84] ਹੈ ਉਹ ਸੋਨੇ ਵਰਗੀ[82] ਦੇਹੀ[83] ਜੋ ਸੱਚੇ ਸਾਈਂ[85] ਦੇ ਸੱਚੇ ਨਾਮ ਨਾਲ ਜੁੜੀ ਹੋਈ[86] ਹੈ । |
| ਨਿਰਮਲ[87]ਜੋਤਿ[88] ਨਿਰੰਜਨੁ[89] ਪਾਇਆ ਗੁਰਮੁਖਿ[90] ਭ੍ਰਮੁ[91] ਭਉ[92] ਭਾਗੀ[93] ॥ | Through the Guru[90], it obtains the pure[87] Lord of bright[89] Light[88] and its fears[92] and doubts[91] are dispelled[93]. | ਗੁਰਾਂ ਦੇ ਰਾਹੀਂ[90], ਇਹ ਚਮਕੀਲੀ[89] ਰੋਸ਼ਨੀ[88] ਵਾਲੇ ਪਵਿੱਤ੍ਰ[87] ਪ੍ਰਭੂ ਨੂੰ ਪਾ ਲੈਂਦੀ ਹੈ ਅਤੇ ਇਸ ਦੇ ਡਰ[92] ਅਤੇ ਸੰਦੇਹ[91] ਦੂਰ ਹੋ ਜਾਂਦੇ[93] ਹਨ । |
| ਨਾਨਕ ਗੁਰਮੁਖਿ[94] ਸਦਾ ਸੁਖੁ ਪਾਵਹਿ ਅਨਦਿਨੁ[95] ਹਰਿ ਬੈਰਾਗੀ[96] ॥੨॥ | Nanak, the Guru-wards[94] ever attain peace and, night and day[95], they remain imbued with the love[96] of Lord. | ਨਾਨਕ, ਗੁਰੂ-ਸਮਰਪਣ[94] ਹਮੇਸ਼ਾ ਆਰਾਮ ਪਾਉਂਦੇ ਹਨ ਤੇ ਰੈਣ ਦਿਹੁੰ[95] ਪ੍ਰਭੂ ਦੀ ਪ੍ਰੀਤ ਨਾਲ ਰੰਗੇ ਰਹਿੰਦੇ[96] ਹਨ । |
| ਪਉੜੀ ॥ | Pauri. | ਪਉੜੀ । |
| ਸੇ[97] ਗੁਰਸਿਖ ਧਨੁ[98] ਧੰਨੁ ਹੈ ਜਿਨੀ ਗੁਰ ਉਪਦੇਸੁ[99] ਸੁਣਿਆ ਹਰਿ[100] ਕੰਨੀ ॥ | Blessed[98], blessed are those[97] Gursikhs who, with their ears, hear the Divine[100] sermon[99] of the Guru. | ਸੁਲੱਖਣੇ[98] ! ਸੁਲੱਖਣੇ ਹਨ ਉਹ[97] ਗੁਰ-ਸਿੱਖ ਜੋ ਆਪਣੇ ਕੰਨਾਂ ਨਾਲ ਗੁਰਾਂ ਦੀ ਰੱਬੀ[100] ਸਿੱਖਿਆ[99] ਸੁਣਦੇ ਹਨ । |
| ਗੁਰਿ[2] ਸਤਿਗੁਰਿ ਨਾਮੁ ਦ੍ਰਿੜਾਇਆ[3] ਤਿਨਿ[4] ਹੰਉਮੈ[5] ਦੁਬਿਧਾ[6] ਭੰਨੀ[7] ॥ | The great[2] True Guru implants[3] the Name in them, and that[4] stills[7] their ego[5] and duality[6]. | ਵਡੇ[2] ਸਚੇ ਗੁਰੂ ਜੀ ਉਨ੍ਹਾਂ ਦੇ ਅੰਦਰ ਨਾਮ ਨੂੰ ਪੱਕਾ[3] ਕਰਦ ਹਨ ਅਤੇ ਉਹ[4] ਉਨ੍ਹਾਂ ਦੇ ਹੰਕਾਰ[5] ਤੇ ਦਵੈਤ-ਭਾਵ[6] ਨੂੰ ਨਾਸ ਕਰ ਦਿੰਦਾ[7] ਹੈ । |
| ਬਿਨੁ ਹਰਿ ਨਾਵੈ ਕੋ ਮਿਤ੍ਰੁ[8] ਨਾਹੀ ਵੀਚਾਰਿ[9] ਡਿਠਾ[10] ਹਰਿ ਜੰਨੀ[12] ॥ | Without God's Name, there is no other friend[8]. God's slaves[12] have pondered over[9] it and realised[10]. | ਰੱਬ ਦੇ ਨਾਮ ਦੇ ਬਾਝੋਂ ਹੋਰ ਕੋਈ ਸਜਣ[8] ਨਹੀਂ । ਰਬ ਦੇ ਗੋਲਿਆਂ[12] ਨੇ ਇਸ ਨੂੰ ਸੋਚ ਸਮਝ ਕੇ[9] ਵੇਖ ਲਿਆ[10] ਹੈ । |
| ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ[13] ਹੈ ਤਿਨੀ[14] ਸਤਿਗੁਰ ਕੀ ਗਲ[15] ਮੰਨੀ[16]॥ | The Guru's disciples, with whom the Lord is pleased[13], they[14] accept[16] the True Guru's word[15]. | ਗੁਰੂ ਦੇ ਸਿਖ, ਜਿਨ੍ਹਾਂ ਉਤੇ ਪ੍ਰਭੂ ਪ੍ਰਸੰਨ[13] ਹੈ, ਉਹ[14] ਸਚੇ ਗੁਰਾਂ ਦੇ ਬਚਨ[15] ਨੂੰ ਸਵੀਕਾਰ ਕਰਦੇ[16] ਹਨ । |

ਪ੯੧

| | | |
|---|---|---|
| ਜੋ ਗੁਰਮੁਖਿ[17] ਨਾਮੁ ਧਿਆਇਦੇ[18] ਤਿਨੀ[19] ਚੜੀ[20] ਚਵਗਣਿ[21] ਵੰਨੀ[22] ॥੧੨॥ | The Guru-wards[17] who meditate[18] on the Name, they[19] are imbued[20] with the four-fold[21] colour[22] of Lord's love. | ਗੁਰੂ-ਪਿਆਰੇ[17], ਜੋ ਨਾਮ ਨੂੰ ਸਿਮਰਦੇ[18] ਹਨ, ਉਹ[19] ਪ੍ਰਭੂ ਦੀ ਪ੍ਰੀਤ ਦੇ ਚਾਰ ਗੁਣੇ[21] ਰੰਗ[22] ਨਾਲ ਰੰਗੇ ਜਾਂਦੇ[20] ਹਨ। |
| ਸਲੋਕ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਮਨਮੁਖੁ[23] ਕਾਇਰੁ[24] ਕਰੂਪੁ[25] ਹੈ ਬਿਨੁ[27] ਨਾਵੈ ਨਕੁ ਨਾਹਿ[26] ॥ | The perverse person[23], bereft[27] of the Name, is cowardly[24], ugly[25] and noseless[26] (sans honour). | ਨਾਮ ਤੋਂ ਸੱਖਣਾ[27] ਪ੍ਰਤੀਕੂਲ ਪੁਰਸ਼[23] ਡਰਪੋਕ[24], ਬਦਸ਼ਕਲ[25] ਅਤੇ ਨੱਕ-ਹੀਣ[26] ਹੈ। |
| ਅਨਦਿਨੁ[28] ਧੰਧੈ[29] ਵਿਆਪਿਆ[30] ਸੁਪਨੈ[31] ਭੀ ਸੁਖੁ[32] ਨਾਹਿ ॥ | Night[28] and day, he is engrossed[30] in worldly affairs[22] and gets not peace[32] even in his dream[31]. | ਰਾਤ[28] ਦਿਨ ਉਹ ਸੰਸਾਰੀ ਵਿਹਾਰਾਂ[29] ਵਿਚ ਗ਼ਲਤਾਨ ਰਹਿੰਦਾ[30] ਅਤੇ ਸੁਫਨੇ[31] ਵਿੱਚ ਭੀ ਉਹ ਆਰਾਮ[32] ਨਹੀਂ ਪਾਉਂਦਾ। |
| ਨਾਨਕ ਗੁਰਮੁਖਿ[33] ਹੋਵਹਿ ਤਾ[34] ਉਬਰਹਿ[35] ਨਾਹਿ ਤ[36] ਬਧੇ[37] ਦੁਖ[38] ਸਹਾਹਿ[39] ॥ ੧॥ | Nanak if he is resigned to Guru's will[33], then[34], is he saved[35], otherwise[36], he is bound[37] and suffers[39] pain[38]. | ਨਾਨਕ, ਜੇਕਰ ਉਹ ਗੁਰੂ ਅਨੁਸਾਰੀ[33] ਹੋ ਜਾਵੇ, ਤਦ[34] ਉਹ ਬੱਚ ਜਾਂਦਾ ਹੈ ਤਾਂ[36] ਨਰੜੇ ਹੋਇਆ[37] ਉਹ ਕਸ਼ਟ[38] ਉਠਾਉਂਦਾ ਹੈ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਗੁਰਮੁਖਿ[40] ਸਦਾ[41] ਦਰਿ[42] ਸੋਹਣੇ[43] ਗੁਰ ਕਾ ਸਬਦੁ[44] ਕਮਾਹਿ[45] ॥ | The Guru-ward[40] ever[41] look beauteous[43] in the Lord's court[42] and they practise[45] the Guru's word[44]. | ਨੇਕ ਪੁਰਸ਼[40] ਸੁਆਮੀ ਦੇ ਦਰਬਾਰ[42] ਅੰਦਰ ਸਦੀਵ[41] ਹੀ ਸੁੰਦਰ[43] ਲਗਦੇ ਹਨ ਤੇ ਉਹ ਗੁਰਾਂ ਦੇ ਬਚਨ[44] ਨੂੰ ਕਮਾਉਂਦੇ[45] ਹਨ। |
| ਅੰਤਰਿ[46] ਸਾਂਤਿ[47] ਸਦਾ[48] ਸੁਖੁ[49] ਦਰਿ[50] ਸਚੈ[51] ਸੋਭਾ[52] ਪਾਹਿ ॥ | Within[46] them is lasting[48] peace[47] and comfort[49] and they receive honour[52] in the True-Lord's[51] court[50]. | ਉਨ੍ਹਾਂ ਦੇ ਅੰਦਰ[46] ਸਦੀਵੀ[48] ਠੰਢ-ਚੈਨ[47] ਅਤੇ ਆਰਾਮ[49] ਹੈ ਅਤੇ ਉਹ ਸੱਚੇ ਪ੍ਰਭੂ[51] ਦੇ ਦਰਬਾਰ[50] ਅੰਦਰ ਇੱਜ਼ਤ ਮਾਨ ਪਾਉਂਦੇ[52] ਹਨ। |
| ਨਾਨਕ ਗੁਰਮੁਖਿ[53] ਹਰਿਨਾਮੁ ਪਾਇਆ[57] ਸਹਜੇ[54] ਸਚਿ[55] ਸਮਾਹਿ[56] ॥੨॥ | Nanak, Guru-wards[53] are blessed[57] with the God's Name and they easily[54] merge[56] in the True One[55]. | ਨਾਨਕ, ਜਗਿਆਸੂ[53] ਵਾਹਿਗੁਰੂ ਦੇ ਨਾਮ ਨੂੰ ਪ੍ਰਾਪਤ ਕਰਦੇ[57] ਹਨ ਅਤੇ ਉਹ ਸੁਖੈਨ ਹੀ[54] ਸਤਿਪੁਰਖ[55] ਵਿਚ ਲੀਨ ਹੋ ਜਾਂਦੇ[56] ਹਨ। |
| ਪਉੜੀ ॥ | Pauri. | ਪਉੜੀ। |
| ਗੁਰਮੁਖਿ[60] ਪ੍ਰਿਹਲਾਦਿ ਜਪਿ[58] ਹਰਿ ਗਤਿ ਪਾਈ[59] ॥ | Through the Guru[60] Prahlad contemplated[58] on God and obtained salvation[59]. | ਗੁਰੂ ਦੇ[60] ਰਾਹੀਂ, ਪ੍ਰਹਿਲਾਦ ਨੇ ਵਾਹਿਗੁਰੂ ਦਾ ਸਿਮਰਨ ਕੀਤਾ[58] ਅਤੇ ਖਾਮੋਸ਼[59] ਨੂੰ ਪਰਾਪਤ ਹੋਇਆ। |
| ਗੁਰਮੁਖਿ[61] ਜਨਕਿ ਹਰਿ ਨਾਮਿ ਲਿਵ[62] ਲਾਈ[63] ॥ | By Guru's grace[61], Janak embraced[63] affection[62] for God's Name. | ਗੁਰਾਂ ਦੀ ਦਇਆ ਦੁਆਰਾ[61], ਜਨਕ ਨੇ ਵਾਹਿਗੁਰੂ ਦੇ ਨਾਮ ਨਾਲ ਪ੍ਰੀਤ[62] ਗੰਢ ਲਈ[63]। |
| ਗੁਰਮੁਖਿ ਬਸਿਸਟਿ ਹਰਿ ਉਪਦੇਸੁ[64] ਸੁਣਾਈ[65] ॥ | By Guru's grace, Washishat preached[65] the Lord's sermon[64]. | ਗੁਰਾਂ ਦੀ ਦਇਆ ਦੁਆਰਾ, ਵਸ਼ਿਸ਼ਟ ਨੇ ਪ੍ਰਭੂ ਦੀ ਧਰਮ-ਵਾਰਤਾ[64] ਦਾ ਪ੍ਰਚਾਰ ਕੀਤਾ[65]। |

| | | |
|---|---|---|
| ਬਿਨੁ[66] ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ[67]॥ | Without[66] the Guru, none has obtained the Lord's Name, O my brother[67]. | ਗੁਰਾਂ ਦੇ ਬਾਝੋਂ[66] ਕਿਸੇ ਨੇ ਭੀ ਪ੍ਰਭੂ ਦੇ ਨਾਮ ਨੂੰ ਪ੍ਰਾਪਤ ਨਹੀਂ ਕੀਤਾ, ਹੇ ਮੇਰੇ ਵੀਰ[67] ! |
| ਗੁਰਮੁਖਿ ਹਰਿ ਭਗਤਿ[68] ਹਰਿ ਆਪਿ[69] ਲਹਾਈ[70] ॥ ੧੩॥ | It is through the Guru, that God blesses[70] man with His[69] devotional service[68]. | ਗੁਰਾਂ ਦੇ ਰਾਹੀਂ ਹੀ ਵਾਹਿਗੁਰੂ ਆਪਣੀ[69] ਪ੍ਰੇਮ ਮਈ ਸੇਵਾ[68] ਇਨਸਾਨ ਨੂੰ ਬਖਸ਼ਦਾ[70] ਹੈ। |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਸਤਿਗੁਰ ਕੀ ਪਰਤੀਤਿ[71] ਨ ਆਈਆ ਸਬਦਿ[72] ਨ ਲਾਗੋ[73] ਭਾਉ[74] ॥ | He, who has no faith[71] in the True Guru, and enshrines[73] not affection[74] for the Name[72], | ਜਿਸ ਦਾ ਸੱਚੇ ਗੁਰਾਂ ਉੱਤੇ ਭਰੋਸਾ[71] ਨਹੀਂ ਅਤੇ ਜੋ ਨਾਮ[72] ਨੂੰ ਪਿਆਰ[74] ਨਹੀਂ ਕਰਦਾ[73] ; |
| ਓਸ[75] ਨੋ ਸੁਖੁ[76] ਨ ਉਪਜੈ[77] ਭਾਵੈ ਸਉ[78] ਗੇੜਾ[79] ਆਵਉ ਜਾਉ[80] ॥ | Peace[76] accrues[77] not to him[75], even thou he may come and go[80] hundreds[78] of times[79]. | ਉਸ[75] ਨੂੰ ਆਰਾਮ[76] ਪ੍ਰਾਪਤ ਨਹੀਂ ਹੁੰਦਾ[77], ਭਾਵੇਂ ਉਹ ਸੈਂਕੜਿਆਂ[78] ਵਾਰੀ[79] ਆਉਂਦਾ ਤੇ ਜਾਂਦਾ ਰਹੇ[80]। |
| ਨਾਨਕ ਗੁਰਮੁਖਿ[81] ਸਹਜਿ[82] ਮਿਲੈ[83] ਸਚੇ[84] ਸਿਉ[85] ਲਿਵ[86] ਲਾਉ[87] ॥੧॥ | Nanak, contracting[87] love[86] with[85] the True Lord[84], the Guru ward[81] easily[82] meets[83] with Him. | ਨਾਨਕ, ਸੱਚੇ ਸੁਆਮੀ[84] ਨਾਲ[85] ਪ੍ਰੇਮ[86] ਪਾ ਕੇ[87], ਗੁਰੂ-ਪਿਆਰਾ[81] ਸੁਖੇਨ[82] ਹੀ ਉਸ ਨੂੰ ਮਿਲ ਪੈਂਦਾ[83] ਹੈ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਏ[88] ਮਨ[89] ਐਸਾ[90] ਸਤਿਗੁਰੁ ਖੋਜਿ ਲਹੁ[91] ਜਿਤੁ ਸੇਵਿਐ[92] ਜਨਮ ਮਰਣ ਦੁਖੁ[93] ਜਾਇ[94]॥ | O[88] man[89], search[91] thou such[90] a True Guru, by serving[92] whom the pain[93] of birth and death is dispelled[94]. | ਹੇ[88] ਇਨਸਾਨ[89]! ਤੂੰ ਐਹੋ ਜੇਹੇ[90] ਸੱਚੇ-ਗੁਰਾਂ ਨੂੰ ਭਾਲ[91] ਲੈ, ਜਿਸ ਦੀ ਘਾਲ[92] ਕਮਾਉਣ ਦੁਆਰਾ ਜੰਮਣ ਤੇ ਮਰਨ ਦੀ ਪੀੜ[93] ਦੂਰ[94] ਹੋ ਜਾਂਦੀ ਹੈ। |
| ਸਹਸਾ[95] ਮੂਲਿ[96] ਨ ਹੋਵਈ[97] [98]ਹਉਮੈ ਸਬਦਿ[99] ਜਲਾਇ[100] ॥ | Then doubt[95] shall never[96] befall[97] thee and thy egotism[98] shall be burnt[100] through the Name[99]. | ਤਦ ਸੰਦੇਹ[95] (ਭਰਮ) ਤੈਨੂੰ ਕਦੇ ਭੀ ਨਹੀਂ[96] ਵਾਪਰੇਗਾ[97] ਅਤੇ ਤੇਰੀ ਹੰਗਤਾ[98] ਨਾਮ[99] ਦੇ ਰਾਹੀਂ ਸੜ ਜਾਵੇਗੀ[100]। |
| ਕੂੜੈ[2] ਕੀ ਪਾਲਿ[3] ਵਿਚਹੁ[4] ਨਿਕਲੈ[5] ਸਚੁ ਵਸੈ[6] ਮਨਿ[7] ਆਇ ॥ | The screen[3] of falsehood[2] shall be torn off[6] from within[4] thee and truth shall come and abide[6] in thy mind[7]. | ਝੂਠ[2] ਦਾ ਪੜਦਾ[3] ਤੇਰੇ ਅੰਦਰੋਂ[4] ਪਾਟ ਜਾਵਗਾ[5] ਅਤੇ ਸੱਚ ਆ ਕੇ ਤੇਰੇ ਅੰਤਰ ਆਤਮੇ[7] ਟਿੱਕ ਜਾਵੇਗਾ[6]। |
| ਅੰਤਰਿ[8] ਸਾਂਤਿ[9] ਮਨਿ[10] ਸੁਖੁ[12] ਹੋਇ ਸਚ[13] ਸੰਜਮਿ[14] ਕਾਰ[15] ਕਮਾਇ[16] ॥ | By doing[16] deeds[15] in accordance with the ways[14] of truth[13] there shall be peace[9] and comfort[12] in[8] thy mind[10], | ਸੱਚ[13] ਦੇ ਨਿਯਮ[14] ਅਨੁਸਾਰ ਕਰਮ[15] ਕਮਾਉਣ[16] ਦੁਆਰਾ ਤੇਰੇ ਚਿੱਤ[10] ਅੰਦਰ[8] ਠੰਢ ਚੈਨੰ[9] ਤੇ ਆਰਾਮ[12] ਆਵੇਗਾ। |
| ਨਾਨਕ ਪੂਰੈ[17] ਕਰਮਿ[18] | Nanak, by perfect[17] destiny[18] the | ਨਾਨਕ ਪੂਰਨ[17] ਪ੍ਰਾਲਬਧ[18] ਰਾਹੀਂ ਸੱਚੇ ਗੁਰੂ ਮਿਲਦੇ |

| | | |
|---|---|---|
| ਸਤਿਗੁਰੁ ਮਿਲੈ ਹਰਿ ਜੀਉ[19] ਕਿਰਪਾ[20] ਕਰੇ[21] ਰਜਾਇ[22] ॥ ੨॥ | True Guru is met and then the good Lord[19], of His own sweet will[22], blesses[21] man with His mercy[20]. | ਹਨ ਅਤੇ ਤਾਂ ਪੂਜਯ[19] ਪ੍ਰਭੂ ! ਆਪਣੇ ਮਿਠੜੇ ਭਾਣੇ[22] ਦੁਆਰਾ ਬੰਦੇ ਤੇ ਮਿਹਰ[20] ਧਾਰਦਾ[21] ਹੈ । |
| ਪਉੜੀ ॥ | Pauri. | ਪਉੜੀ । |
| ਜਿਸ ਕੈ ਘਰਿ[23] ਦੀਬਾਨੁ[24] ਹਰਿ ਹੋਵੈ ਤਿਸ[25] ਕੀ ਮੁਠੀ[26] ਵਿਚਿ ਜਗਤੁ[27] ਸਭੁ ਆਇਆ ॥ | He, in whose home[23], God, the Lord[24], abides, under his[25] sway[26], comes the whole world[27]. | ਜਿਸ ਦੇ ਹਿਰਦੇ-ਘਰ[23] ਅੰਦਰ ਵਾਹਿਗੁਰੂ, ਸੁਆਮੀ[24] ਵਸਦਾ ਹੈ, ਉਸ ਦੀ[25] ਹਕੂਮਤ[26] ਵਿੱਚ ਸਾਰਾ ਜਹਾਨ[27] ਆ ਜਾਂਦਾ ਹੈ । |
| ਤਿਸ ਕਉ ਤਲਕੀ[28] ਕਿਸੈ ਦੀ ਨਾਹੀ ਹਰਿ ਦੀਬਾਨਿ[29] ਸਭਿ ਆਣਿ ਪੈਰੀ[30] ਪਾਇਆ ॥ | He bears subservience[28] to none and God, the ruler[29], makes all fall at his feet[30]. | ਉਸ ਨੂੰ ਕਿਸੇ ਦੀ ਭੀ ਮੁਥਾਜੀ[28] ਨਹੀਂ । ਵਾਹਿਗੁਰੂ ਹਾਕਮ[29] ਸਾਰਿਆਂ ਨੂੰ ਲਿਆ ਕੇ ਉਸ ਦੇ ਪੈਰੀਂ[30] ਪਾ ਦਿੰਦਾ ਹੈ । |
| ਮਾਣਸਾ[31] ਕਿਅਹੁ ਦੀਬਾਣਹੁ[32] ਕੋਈ ਨਸਿ ਭਜਿ[33] ਨਿਕਲੈ ਹਰਿ ਦੀਬਾਣਹੁ[34] ਕੋਈ ਕਿਥੈ[35] ਜਾਇਆ[36] ॥ | One can run away and flee[33] from men's[31] courts[32], but where[35] can one go[36] out of the Lord's kingdom[34] ? | ਮਨੁਖਾਂ[31] ਦੀਆਂ ਅਦਾਲਤਾਂ[32] ਪਾਸੋਂ ਕੋਈ ਦੌੜ ਭੱਜ ਕੇ[33] ਨਿਕਲ ਸਕਦਾ ਹੈ; ਪ੍ਰੰਤੂ, ਪ੍ਰਭੂ ਦੀ ਪਾਤਿਸ਼ਾਹੀ[34] ਤੋਂ ਬਾਹਰ ਕੋਈ ਕਿੱਥੇ[35] ਜਾ ਸਕਦਾ[36] ਹੈ ? |
| ਸੋ[37] ਐਸਾ[38] ਹਰਿ ਦੀਬਾਨੁ[39] ਵਸਿਆ[48] ਭਗਤਾ[40] ਕੈ ਹਿਰਦੈ[41] ਤਿਨਿ[42] ਰਹਦੇ ਖੁਹਦੇ[43] ਆਣਿ[44] ਸਭਿ[45] ਭਗਤਾ ਅਗੈ[46] ਖਲਵਾਇਆ[47] ॥ | He[37] is such[38] God, the king[39], who abides[43] in the saint's[40] mind[41] that bringing[44] all[45] the remaining[43] ones, He[42] has made them stand[47] before[46] the saints. | ਉਹ[37] ਐਹੋ ਜੇਹਾ[38] ਵਾਹਿਗੁਰੂ ਪਾਤਿਸ਼ਾਹ[39] ਹੈ, ਜ ਸੰਤਾਂ[40] ਦੇ ਮਨ[41] ਵਿੱਚ ਵੱਸਿਆ[48] ਹੈ, ਕਿ ਬਾਕੀ ਦਿਆਂ[43] ਸਾਰਿਆਂ[45] ਨੂੰ ਲਿਆ ਕੇ[44] ਉਸ ਨੇ[42] ਸੰਤਾਂ ਮੂਹਰੇ[46] ਖੜਾ[47] ਕਰ ਦਿੱਤਾ ਹੈ । |
| ਹਰਿ ਨਾਵੈ ਕੀ ਵਡਿਆਈ[49] ਕਰਮਿ[50] ਪਰਾਪਤਿ ਹੋਵੈ ਗੁਰਮੁਖਿ[51] ਵਿਰਲੈ ਕਿਨੈ[52] ਧਿਆਇਆ[53] ॥੧੪॥ | The glory[49] of God's Name is obtained through His grace[50]. Only a few[52] Guru-wards[51] meditate[53] on Him. | ਰੱਬ ਦੇ ਨਾਮ ਦੀ ਬਜ਼ੁਰਗੀ[49] ਉਸ ਦੀ ਮਿਹਰ ਰਾਹੀਂ[50] ਮਿਲਦੀ ਹੈ । ਬਹੁਤ ਥੋੜੇ[52] ਨੇਕ ਬੰਦੇ[51] ਉਸ ਦਾ ਸਿਮਰਨ[53] ਕਰਦੇ ਹਨ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਬਿਨੁ ਸਤਿਗੁਰ ਸੇਵੇ ਜਗਤੁ[54] ਮੁਆ[58] ਬਿਰਥਾ[55] ਜਨਮੁ[56] ਗਵਾਇ[57] ॥ | Without serving the True Guru, the men[54] are dead[58] and they waste[57] their life[56] in vain[55]. | ਗੁਰਾਂ ਦੀ ਘਾਲ ਕਮਾਉਣ ਦੇ ਬਗ਼ੈਰ ਇਨਸਾਨ[54] ਮੁਰਦਾ[58] ਸਮਾਨ ਹਨ ਅਤੇ ਆਪਣਾ ਜੀਵਨ[56] ਵਿਅਰਥ[55] ਗੁਆ[57] ਲੈਂਦੇ ਹਨ । |
| ਦੂਜੈ ਭਾਇ[59] ਅਤਿ[60] ਦੁਖੁ[61] ਲਗਾ[62] ਮਰਿ ਜੰਮੈ ਆਵੈ ਜਾਇ ॥ | In duality[59], they suffer[62] severe[60] pain[61], die, are born again and continue coming and going. | ਦਵੈਤ-ਭਾਵ[59] ਵਿੱਚ ਜਗਤ ਪਰਮ[60] ਕਸ਼ਟ[61] ਉਠਾਉਂਦੇ[62] ਹਨ, ਮਰਦੇ ਹਨ, ਜੰਮਦੇ ਹਨ ਅਤੇ ਆਉਂਦੇ ਤੇ ਜਾਂਦੇ ਰਹਿੰਦੇ ਹਨ । |

| | | |
|---|---|---|
| ਵਿਸਟਾ[63] ਅੰਦਰਿ ਵਾਸੁ[64] ਹੈ ਫਿਰਿ[65]ਫਿਰਿ ਜੂਨੀ[66] ਪਾਇ ॥ | They abide[64] in ordure[63] and are cast into existences[66] again and again[65]. | ਉਹ ਗੰਦਗੀ[63] ਅੰਦਰ ਵਸਦੇ[64] ਹਨ ਅਤੇ ਮੁੜ ਮੁੜ ਕੇ[65] ਜੂਨੀਆਂ[66] ਵਿੱਚ ਪਾਏ ਜਾਂਦੇ ਹਨ । |
| ਨਾਨਕ ਬਿਨੁ ਨਾਵੈ ਜਮੁ[67] ਮਾਰਸੀ[68] ਅੰਤਿ[69] ਗਇਆ[70] ਪਛੁਤਾਇ[71] ॥੧॥ | Nanak, without the Name, the death's courier[67] punishes[68] them and they ultimately[69] depart[70] repenting[71]. | ਨਾਨਕ, ਨਾਮ ਦੇ ਬਗੈਰ ਮੌਤ ਦਾ ਦੂਤ[67] ਉਨ੍ਹਾਂ ਨੂੰ ਸਜ਼ਾ ਦਿੰਦਾ[68] ਹੈ ਤੇ ਅਖ਼ੀਰ[69] ਨੂੰ ਉਹ ਪਛਤਾਉਂਦੇ[71] ਟੁਰ ਜਾਂਦਾ[70] ਹੈ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਇਸੁ ਜਗ ਮਹਿ[72] ਪੁਰਖੁ[73] ਏਕੁ ਹੈ ਹੋਰ[74] ਸਗਲੀ[75] ਨਾਰਿ[76] ਸਬਾਈ[77] ॥ | In[72] this world there is but one Spouse[73]; the rest[74], all[77] others[75] are His brides[76]. | ਇਸ ਸੰਸਾਰ ਵਿੱਚ[72] ਕੇਵਲ ਇੱਕ ਹੀ ਪਤੀ[73] ਹੈ । ਹੋਰ[74], ਸਾਰੀਆਂ[77] ਸਮੂਹ[75] ਉਸ ਦੀਆਂ ਪਤਨੀਆਂ[76] ਹਨ । |
| ੫੯੨ | | |
| ਸਭਿ ਘਟ[78] ਭੋਗਵੈ[79] ਅਲਿਪਤੁ[80] ਰਹੈ ਅਲਖੁ[81] ਨ ਲਖਣਾ[82] ਜਾਈ ॥ | He enjoys[79] within the mind[78] of all and yet remains separate[80] from them. He is invisible[81] and cannot be comprehended[82]. | ਉਹ ਸਾਰਿਆਂ ਦੇ ਮਨਾਂ[78] ਅੰਦਰ ਮੌਜਾਂ ਮਾਣਦਾ[79] ਹੈ ਤੇ ਤਦ ਭੀ ਉਨ੍ਹਾਂ ਨਾਲੋਂ ਨਿਰਲੇਪ[80] ਰਹਿੰਦਾ ਹੈ । ਉਹ ਅਦ੍ਰਿਸ਼ਟ[81] ਹੈ ਅਤੇ ਵੇਖਿਆ[82] ਨਹੀਂ ਜਾ ਸਕਦਾ । |
| ਪੂਰੈ[83] ਗੁਰਿ ਵੇਖਾਲਿਆ[84] ਸਬਦੇ[85] ਸੋਝੀ[86] ਪਾਈ ॥ | The Perfect[83] Guru shows[84] Him, and through the Guru's hymns[85], we realise[86] Him. | ਪੂਰਨ[83] ਗੁਰੂ ਉਸ ਨੂੰ ਵਿਖਾਲ ਦਿੰਦੇ[84] ਹਨ ਅਤੇ ਗੁਰਬਾਣੀ[85] ਦੇ ਰਾਹੀਂ ਅਸੀਂ ਉਸ ਨੂੰ ਅਨੁਭਵ ਕਰਦੇ ਹਾਂ[86] । |
| ਪੁਰਖੈ[87] ਸੇਵਹਿ ਸੇ[92] ਪੁਰਖ ਹੋਵਹਿ ਜਿਨੀ[88] ਹਉਮੈ[89] ਸਬਦਿ[90] ਜਲਾਈ[91] ॥ | They[92], who[88] serve the Perfect Lord[87], through the Name[90], burn[91] their egotism[89], and themselves become perfect. | ਜੋ[88] ਪੂਰਨ ਪੁਰਸ਼[87] ਦੀ ਸੇਵਾ ਕਰਦੇ ਹਨ ਅਤੇ ਨਾਮ[90] ਦੇ ਰਾਹੀਂ ਆਪਣੀ ਹੰਗਤਾ[89] ਨੂੰ ਸਾੜ[91] ਦਿੰਦੇ ਹਨ ਉਹ[92] ਖ਼ੁਦ ਪੂਰਨ ਪੁਰਸ਼ ਬਣ ਜਾਂਦੇ ਹਨ । |
| ਤਿਸੁ[93] ਕਾ ਸਰੀਕੁ[94] ਕੋ ਨਹੀ ਨਾ ਕੋ ਕੰਟਕੁ[95] ਵੈਰਾਈ[96] ॥ | He[93] has no rival[94], no molester[95] and no enemy[96]. | ਉਸ ਦੇ[93] ਬਰਾਬਰ[94] ਦਾ ਕੋਈ ਨਹੀਂ, ਨਾ ਹੀ ਉਸ ਨੂੰ ਕੋਈ ਦੁਖ ਦੇਣ ਵਾਲਾ[95] ਹੈ ਤੇ ਨਾ ਹੀ ਉਸ ਦਾ ਕੋਈ ਵੈਰੀ[96] ਹੈ । |
| ਨਿਹਚਲੁ[97] ਰਾਜੁ[98] ਹੈ ਸਦਾ[99] ਤਿਸੁ[100] ਕੇਰਾ ਨਾ ਆਵੈ ਨਾ ਜਾਈ ॥ | Ever[99] immovable[97] is His[100] empire[98] and he neither comes nor goes. | ਸਦੀਵ[99] ਸਥਿਰ[97] ਹੈ ਉਸ ਦਾ[100] ਰਾਜ ਭਾਗ[98] । ਉਹ ਨਾ ਆਉਂਦਾ ਅਤੇ ਨਾ ਹੀ ਜਾਂਦਾ ਹੈ । |
| ਅਨਦਿਨੁ[2] ਸੇਵਕੁ[3] ਸੇਵਾ[4] ਕਰੇ ਹਰਿ ਸਚੇ[5] ਕੇ ਗੁਣ[6] ਗਾਈ[7] ॥ | Night and day[2], the servant[3] performs His service[4] and sings[7] the praise[6] of the True Lord[5]. | ਰਾਤ ਦਿਨ[2] ਟਹਿਲੂਆ[3] ਉਸ ਦੀ ਟਹਿਲ[4] ਕਮਾਉਂਦਾ ਹੈ ਅਤੇ ਸੱਚੇ ਸੁਆਮੀ[5] ਦਾ ਜੱਸ[6] ਗਾਇਨ ਕਰਦਾ[7] ਹੈ । |
| ਨਾਨਕੁ ਵੇਖਿ[10] ਵਿਗਸਿਆ[8] ਹਰਿ ਸਚੇ ਕੀ ਵਡਿਆਈ[9] ॥੨॥ | Beholding[10] the greatness[9] of the True God, Nanak has bloomed[8]. | ਸੱਚੇ ਵਾਹਿਗੁਰੂ ਦੀ ਵਿਸ਼ਾਲਤਾ[9] ਨੂੰ ਦੇਖ ਕੇ[10] ਨਾਨਕ ਪ੍ਰਫੁੱਲਤ[8] ਹੋ ਗਿਆ ਹੈ । |
| ਪਉੜੀ ॥ | Pauri. | ਪਉੜੀ । |
| ਜਿਨ ਕੈ ਹਰਿ ਨਾਮੁ ਵਸਿਆ | They within whose mind[13] God's | ਜਿਨ੍ਹਾਂ ਦੇ ਮਨ[13] ਅੰਦਰ ਵਾਹਿਗੁਰੂ ਦਾ ਨਾਮ ਹਮੇਸ਼ਾ[12] |

| | | |
|---|---|---|
| ਸਦ[12] ਹਿਰਦੈ[13] ਹਰਿ ਨਾਮੋ ਤਿਨ ਕੰਉ ਰਖਣਹਾਰਾ[14] ॥ | Name ever[12] abides, God's Name becomes their saviour[14]. | ਵਸਦਾ ਹੈ, ਵਾਹਿਗੁਰੂ ਦਾ ਨਾਮ ਉਨ੍ਹਾਂ ਦਾ ਰਖਵਾਲਾ[14] ਬਣ ਜਾਂਦਾ ਹੈ । |
| ਹਰਿ ਨਾਮੁ ਪਿਤਾ[15] ਹਰਿ ਨਾਮੋ ਮਾਤਾ[16] ਹਰਿ ਨਾਮੁ ਸਖਾਈ[17] ਮਿਤ੍ਰੁ[18] ਹਮਾਰਾ[19] ॥ | God's Name is my father[15], God's Name my mother[16] and God's Name is my[19] helper[17] and friend[18]. | ਰੱਬ ਦਾ ਨਾਮ ਮੇਰਾ ਪਿਉ[15] ਹੈ, ਰੱਬ ਦਾ ਨਾਮ ਹੀ ਮੇਰੀ ਮਾਂ[16] ਅਤੇ ਰੱਬ ਦਾ ਨਾਮ ਹੀ ਮੇਰਾ[19] ਸਹਾਇਕ[17] ਅਤੇ ਸੱਜਣ[18] ਹੈ । |
| ਹਰਿ ਨਾਵੈ ਨਾਲਿ ਗਲਾ[20] ਹਰਿ ਨਾਵੈ ਨਾਲਿ ਮਸਲਤਿ[21] ਹਰਿ ਨਾਮੁ ਹਮਾਰੀ ਕਰਦਾ ਨਿਤ[22] ਸਾਰ[23] ॥ | 'With God's Name is my conversation[20], with the God's Name my counsel[21] and the God's Name ever[22] takes care[23] of me. | ਰੱਬ ਦੇ ਨਾਮ ਨਾਲ ਮੇਰੇ ਬਚਨ ਬਿਲਾਸ[20] ਹਨ, ਰੱਬ ਦੇ ਨਾਮ ਨਾਲ ਮੇਰਾ ਸਲਾਹ-ਮਸ਼ਵਰਾ[21] ਅਤੇ ਰੱਬ ਦਾ ਨਾਮ ਹੀ ਸਦੀਵ[22] ਮੇਰੀ ਸੰਭਾਲ ਕਰਦਾ[23] ਹੈ । |
| ਹਰਿ ਨਾਮੁ ਹਮਾਰੀ ਸੰਗਤਿ[24] ਅਤਿ[25] ਪਿਆਰੀ[26] ਹਰਿ ਨਾਮੁ ਕੁਲੁ[27] ਹਰਿ ਨਾਮੁ ਪਰਵਾਰਾ[28] ॥ | The Lord's Name is my extremely[25] dear[26] society[24], the Lord's Name is my lineage[27] and the Lord's Name my family[28]. | ਸੁਆਮੀ ਦਾ ਨਾਮ ਮੇਰੀ ਪਰਮ[25] ਪ੍ਰੀਤਵਾਨ[26] ਮਜਲਸ[24] ਹੈ, ਸੁਆਮੀ ਦਾ ਨਾਮ ਮੇਰੀ ਵੰਸ਼[27] ਹੈ ਅਤੇ ਸੁਆਮੀ ਦਾ ਨਾਮ ਹੀ ਮੇਰਾ ਟੱਬਰ ਕਬੀਲਾ[28] । |
| ਜਨ[29] ਨਾਨਕ ਕੰਉ ਹਰਿ ਨਾਮੁ ਹਰਿ[30] ਗੁਰਿ ਦੀਆ ਹਰਿ ਹਲਤਿ[32] ਪਲਤਿ[33] ਸਦਾ[34] ਕਰੇ ਨਿਸਤਾਰਾ[35] ॥ ੧੫॥ | Unto slave[29] Nanak, the image of God[30], the Guru, has conferred[31] the Lord's Name. The Lord ever[34] redeems[35] me in this world[32] and the world beyond[33]. | ਗੋਲੇ[29] ਨਾਨਕ ਨੂੰ ਰੱਬ-ਰੂਪ[30] ਗੁਰਾਂ ਨੇ ਪ੍ਰਭੂ ਦਾ ਨਾਮ ਪਰਦਾਨ ਕੀਤਾ[31] ਹੈ । ਪ੍ਰਭੂ ਇਸ ਲੋਕ[32] ਅਤੇ ਪ੍ਰਲੋਕ[33] ਵਿੱਚ ਸਦੀਵ[34] ਹੀ ਮੈਨੂੰ ਬੰਦ-ਖ਼ਲਾਸ ਕਰਵਾਉਂਦਾ[35] ਹੈ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਜਿਨ ਕੰਉ ਸਤਿਗੁਰੁ ਭੇਟਿਆ[36] ਸੇ[37] ਹਰਿ ਕੀਰਤਿ[38] ਸਦਾ[39] ਕਮਾਹਿ ॥ | They[37], whome the True Guru meets[36], ever[39] engage in singing the Lord's praise[38]. | ਜਿਨ੍ਹਾਂ ਨੂੰ ਸੱਚੇ ਗੁਰੂ ਜੀ ਮਿਲ ਪੈਂਦੇ[36] ਹਨ, ਉਹ[37] ਹਮੇਸ਼ਾ[39] ਪ੍ਰਭੂ ਦਾ ਜੱਸ[38] ਗਾਇਨ ਕਰਨ ਅੰਦਰ ਜੁੜਦੇ ਹਨ । |
| ਅਚਿੰਤੁ[40] ਹਰਿ ਨਾਮੁ ਤਿਨਕੈ ਮਨਿ ਵਸਿਆ[41] ਸਚੈ ਸਬਦਿ[42] ਸਮਾਹਿ[43] ॥ | God's Name automatically[40] abides[41] in their mind and, in the True Name[42], they are absorbed[43]. | ਰੱਬ ਦਾ ਨਾਮ ਸੁਤੇ ਸਿੱਧ[40] ਹੀ ਉਨ੍ਹਾਂ ਦੇ ਚਿੱਤ ਅੰਦਰ ਵਸਦਾ[41] ਹੈ ਅਤੇ ਉਹ ਸੱਚੇ ਨਾਮ[42] ਵਿੱਚ ਲੀਨ ਹੋ ਜਾਂਦੇ[43] ਹਨ । |
| ਕੁਲੁ[44] ਉਧਾਰਹਿ[45] ਆਪਣਾ ਮੋਖ[46] ਪਦਵੀ[47] ਆਪੇ[48] ਪਾਹਿ[49] ॥ | They save[45] their lineage[44] and themselves[48] obtain[49] the status[47] of salvation[46]. | ਉਹ ਆਪਣੀ ਵੰਸ਼[44] ਨੂੰ ਬਚਾ ਲੈਂਦੇ[45] ਹਨ ਅਤੇ ਖ਼ੁਦ[48] ਮੁਕਤੀ[46] ਦੇ ਰੁਤਬੇ[47] ਨੂੰ ਪ੍ਰਾਪਤ ਹੋ ਜਾਂਦੇ[49] ਹਨ । |
| ਪਾਰਬ੍ਰਹਮੁ[50] ਤਿਨ ਕੰਉ ਸੰਤੁਸਟੁ[51] ਭਇਆ ਜੋ ਗੁਰ ਚਰਣੀ[52] ਜਨ[53] ਪਾਹਿ ॥ | The Exalted Lord[50] is pleased[51] with the persons[53], who fall at the Guru's feet[52]. | ਸ਼੍ਰੋਮਣੀ ਸਾਹਿਬ[50] ਉਨ੍ਹਾਂ ਪੁਰਸ਼ਾਂ[53] ਤੇ ਪ੍ਰਸੰਨ ਥੀ ਵੰਞਦਾ[51] ਹੈ, ਜੋ ਗੁਰਾਂ ਦੇ ਪੈਰੀਂ[52] ਪੈਂਦੇ ਹਨ । |
| ਜਨੁ[54] ਨਾਨਕੁ ਹਰਿ ਕਾ ਦਾਸੁ[55] ਹੈ ਕਰਿ ਕਿਰਪਾ[56] ਹਰਿ ਲਾਜ[57] ਰਖਾਹਿ[58] ॥ ੧॥ | Attendant[54] Nanak, is the Lord's slave[55], and by His grace[56], God preserves[58] his honour[57]. | ਸੇਵਕ[54] ਨਾਨਕ, ਪ੍ਰਭੂ ਦਾ ਗੋਲਾ[55] ਹੈ ਅਤੇ ਆਪਣੀ ਦਇਆ[56] ਦੁਆਰਾ ਵਾਹਿਗੁਰੂ ਉਸ ਦੀ ਇੱਜ਼ਤ[57] ਆਬਰੂ ਬਰਕਰਾਰ ਰਖਦਾ[58] ਹੈ । |

| | | |
|---|---|---|
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਹੰਉਮੈ[59] ਅੰਦਰਿ ਖੜਕੁ[60] ਹੈ ਖੜਕੇ[61] ਖੜਕਿ ਵਿਹਾਇ[62] ॥ | In pride[59], man is overtaken by fear[60]. In utter commotion[61] he passes[62] his life. | ਹੰਕਾਰ[59] ਵਿੱਚ ਆਦਮੀ ਨੂੰ ਡਰ ਵਿਆਪਦਾ[60] ਹੈ । ਪਰਮ ਘਬਰਾਹਟ[61] ਅੰਦਰ ਉਹ ਆਪਣਾ ਜੀਵਨ ਗੁਜ਼ਾਰਦਾ[62] ਹੈ । |
| ਹੰਉਮੈ ਵਡਾ[63] ਰੋਗੁ ਹੈ[64] ਮਰਿ ਜੰਮੈ ਆਵੈ ਜਾਇ ॥ | Pride is a great[63] malady[64] beacuse of which, he dies, is re-born and continues coming and going. | ਹੰਕਾਰ ਇਕ ਭਾਰੀ[63] ਬੀਮਾਰੀ[64] ਹੈ, ਜਿਸ ਦੇ ਕਾਰਨ ਉਹ ਮਰਦਾ ਹੈ, ਮੁੜ ਜੰਮਦਾ ਹੈ ਅਤੇ ਆਉਂਦਾ ਤੇ ਜਾਂਦਾ ਰਹਿੰਦਾ ਹੈ । |
| ਜਿਨ ਕਉ ਪੂਰਬਿ[65] ਲਿਖਿਆ[66] ਤਿਨਾ[67] ਸਤਗੁਰੁ ਮਿਲਿਆ ਪ੍ਰਭੁ[68] ਆਇ ॥ | They, who are so pre[65]-ordained[66], them[67], the Lord-incarnate[68] Satguru comes and meets. | ਜਿਨ੍ਹਾਂ ਲਈ ਮੁੱਢ[65]ਤੋਂ ਐਸੀ ਲਿਖਤਾਕਾਰ ਲਿਖੀ ਹੋਈ[66] ਹੈ, ਉਨ੍ਹਾਂ[67] ਨੂੰ ਸੁਆਮੀ-ਸਰੂਪ[68] ਸਤਿਗੁਰੂ ਆ ਕੇ ਮਿਲ ਪੈਂਦੇ ਹਨ । |
| ਨਾਨਕ ਗੁਰ ਪਰਸਾਦੀ[69] ਉਬਰੇ[70] ਹਉਮੈ[73] ਸਬਦਿ[71] ਜਲਾਇ[72] ॥੨॥ | Nanak, they are redeemed[70] by Guru's grace[62] and burn[72] their egotism[73] through the Name[71]. | ਨਾਨਕ, ਉਹ ਗੁਰਾਂ ਦੀ ਦਇਆ ਦੁਆਰਾ[69] ਬਚ ਜਾਂਦੇ[70] ਹਨ ਤੇ ਨਾਮ[71] ਦੇ ਰਾਹੀਂ ਆਪਣੀ ਹੰਗਤਾ[73] ਨੂੰ ਸਾੜ[72] ਸੁਟਦੇ ਹਨ । |
| ਪਉੜੀ ॥ | Pauri. | ਪਉੜੀ । |
| ਹਰਿ ਨਾਮੁ ਹਮਾਰਾ[73*] ਪ੍ਰਭੁ[74] ਅਬਿਗਤੁ[75] ਅਗੋਚਰੁ[76] ਅਬਿਨਾਸੀ[77] ਪੁਰਖੁ[78] ਬਿਧਾਤਾ[79] ॥ | God's Name is my[73*] immortal[75], incomprehensible[76], imperishable[77] and Omnipotent[78] Creator[79]-Lord[74]. | ਵਾਹਿਗੁਰੂ ਦਾ ਨਾਮ ਮੇਰਾ[73*] ਅਮਰ[75], ਅਗਾਧ[76] ਕਾਲ-ਰਹਿਤ[77] ਤੇ ਸਰਬ-ਸ਼ਕਤੀਵਾਨ[78] ਸਿਰਜਣਹਾਰ[79] ਸੁਆਮੀ[74] ਹੈ । |
| ਹਰਿ ਨਾਮੁ ਹਮ ਸ੍ਰੇਵਹ[80] ਹਰਿ ਨਾਮੁ ਹਮ ਪੂਜਹ[81] ਹਰਿ ਨਾਮੇ ਹੀ ਮਨੁ[82] ਰਾਤਾ[83] ॥ | God's Name I remember[80], God's Name I worship[81] and with the God's Name my soul[82] is imbued[83]. | ਰੱਬ ਦਾ ਨਾਮ ਮੈਂ ਸਿਮਰਦਾ[80] ਹਾਂ, ਰੱਬ ਦੇ ਨਾਮ ਨੂੰ ਮੈਂ ਪੂਜਦਾ[81] ਹਾਂ ਅਤੇ ਰੱਬ ਦੇ ਨਾਮ ਨਾਲ ਹੀ ਮੇਰੀ ਆਤਮਾ[82] ਰੰਗੀ ਹੋਈ[83] ਹੈ । |
| ਹਰਿ ਨਾਮੈ ਜੇਵਡੁ ਕੋਈ[84] ਅਵਰੁ[85] ਨ ਸੂਝੈ[86] ਹਰਿ ਨਾਮੋ ਅੰਤਿ[87] ਛਡਾਤਾ[88] ॥ | I know[86] not of any other[85] so great as[84] God's Name. God's Name shall deliver[88] me in the end[87]. | ਮੈਨੂੰ ਰੱਬ ਦੇ ਨਾਮ ਜਿੱਡਾ ਵੱਡਾ[84] ਹੋਰ[85] ਕੋਈ ਮੇਰੇ ਖ਼ਿਆਲ[86] ਵਿੱਚ ਨਹੀਂ ਆਉਂਦਾ । ਰੱਬ ਦਾ ਨਾਮ ਹੀ ਅਖ਼ੀਰ[87] ਨੂੰ ਮੇਰੀ ਖ਼ਲਾਸੀ[88] ਕਰਾਵੇਗਾ । |
| ਹਰਿ ਨਾਮੁ ਦੀਆ ਗੁਰਿ ਪਰਉਪਕਾਰੀ[89] ਧਨੁ[90] ਧੰਨੁ ਗੁਰੂ ਕਾ ਪਿਤਾ[91] ਮਾਤਾ[92] ॥ | The beneficent[89] Guru has given me the God's Name. Blessed[90] ! blessed are Guru's father[91] and mother[92]. | ਭਲਾ ਕਰਨ ਵਾਲੇ[89] ਗੁਰਾਂ ਨੇ ਮੈਨੂੰ ਰੱਬ ਦਾ ਨਾਮ ਦਿੱਤਾ ਹੈ । ਮੁਬਾਰਕ[90] ! ਮੁਬਾਰਕ ਹਨ, ਗੁਰਾਂ ਦੇ ਮਾਤਾ[92] ਪਿਤਾ[91] । |
| ਹਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ[93] ਜਿਤੁ ਮਿਲਿਐ ਹਰਿ ਨਾਮਿ ਮੈ ਜਾਤਾ[94] ॥੧੯॥ | I, ever bow[93] before my True Guru, meeting whom, I have realised[94] the Lord's Name. | ਮੈਂ ਹਮੇਸ਼ਾ ਆਪਣੇ ਸੱਚੇ ਗੁਰਾਂ ਨੂੰ ਪ੍ਰਣਾਮ[93] ਕਰਦਾ ਹਾਂ ਜਿਨ੍ਹਾਂ ਨੂੰ ਮਿਲ ਕੇ ਮੈਂ ਸਾਂਈਂ ਦਾ ਨਾਮ ਅਨੁਭਵ[94] ਕਰ ਲਿਆ ਹੈ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਗੁਰਮੁਖਿ[95] ਸੇਵ[96] ਨ ਕੀਨੀਆ ਹਰਿ ਨਾਮਿ ਨ | He, who serves[96] not the Holy Guru[95], embraces[97] not affection[98] for | ਜੋ ਮੁਖੀ ਗੁਰਾਂ[95] ਦੀ ਘਾਲ[96] ਨਹੀਂ ਕਮਾਉਂਦਾ, ਸੁਆਮੀ ਦੇ ਨਾਮ ਨਾਲ ਪ੍ਰੀਤ[98] ਨਹੀਂ ਪਾਉਂਦਾ[97] |

| | | |
|---|---|---|
| ਲਗੋ[97] ਪਿਆਰੁ[98] ॥ ਸਬਦੈ[99] ਸਾਦੁ[100] ਨ ਆਇਓ ਮਰਿ ਜਨਮੈ[2] ਵਾਰੋ ਵਾਰ[3] ॥ | the Lord's Name, and enjoys[3] not the relish[100] of the Guru's hymns[99], transmigrates[2] over and over again[3]. | ਅਤੇ ਗੁਰਾਂ ਦੀ ਬਾਣੀ[99] ਦਾ ਸੁਆਦ[100] ਨਹੀਂ ਮਾਣਦਾ, ਉਹ ਮੁੜ ਮੁੜ ਕੇ[3] ਮਰਦਾ ਜੰਮਦਾ ਰਹਿੰਦਾ[2] ਹੈ। |
| ਮਨਮੁਖਿ[4] ਅੰਧੁ[5] ਨ ਚੇਤਈ[6] ਕਿਤੁ[7] ਆਇਆ ਸੈਸਾਰਿ[8] ॥ | The blind[5] infidel[4] meditates[6] not on the Lord. Why[7] did he come into this world[8] ? | ਅੰਨ੍ਹਾ[5] ਅਧਰਮੀ[4] ਸਾਹਿਬ ਦਾ ਸਿਮਰਨ[6] ਨਹੀਂ ਕਰਦਾ। ਉਹ ਕਿਉਂ[7] ਇਸ ਜਗਤ[8] ਅੰਦਰ ਆਇਆ ਸੀ ? |
| ਨਾਨਕ ਜਿਨ ਕਉ ਨਦਰਿ[9] ਕਰੇ ਸੇ[10] ਗੁਰਮੁਖਿ[12] ਲੰਘੇ ਪਾਰਿ[13] ॥੧॥ | Nanak, to whom the Lord shows mercy[9], they[10], through the Guru[12], ferry across[13] the world ocean. | ਨਾਨਕ, ਜਿਨ੍ਹਾਂ ਉਤੇ ਸਾਹਿਬ ਮਿਹਰ[9] ਧਾਰਦਾ ਹੈ, ਉਹ[10] ਗੁਰਾਂ ਦੇ ਰਾਹੀਂ[12] ਸੰਸਾਰ ਸਮੁੰਦਰ ਤੋਂ ਪਾਰ[13] ਹੋ ਜਾਂਦੇ ਹਨ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਇਕੋ[14] ਸਤਿਗੁਰੁ ਜਾਗਤਾ[15] ਹੋਰੁ[16] ਜਗੁ ਸੂਤਾ[17] ਮੋਹਿ[18] ਪਿਆਸਿ[19] ॥ | The Guru alone[14] is awake[15]. The rest[16] of the world is asleep[17] in worldly love[18] and desire[19]. | ਕੇਵਲ[14] ਗੁਰੂ ਜੀ ਹੀ ਜਾਗਦੇ[15] ਹਨ, ਬਾਕੀ[16] ਦਾ ਸੰਸਾਰ, ਸੰਸਾਰੀ ਮਮਤਾ[18] ਤੇ ਤ੍ਰਿਸ਼ਨਾ[19] ਵਿੱਚ ਸੁੱਤਾ[17] ਪਿਆ ਹੈ। |
| ਸਤਿਗੁਰੁ ਸੇਵਨਿ[20] ਜਾਗੰਨਿ[21] ਸੇ[22] ਜੋ ਰਤੇ[23] ਸਚਿ ਨਾਮਿ[24] [25]ਗੁਣਤਾਸਿ[26] ॥ | They[22], who are imbued[23] with the True Name[24], the treasure[26] of virtues[25], ever serve[20] the True Guru and remain wakeful[21]. | ਜੋ ਨੇਕੀਆਂ[25] ਦੇ ਖ਼ਜ਼ਾਨੇ[26], ਸਤਿਨਾਮ[24] ਨਾਲ ਰੰਗੀਜੇ[23] ਹਨ, ਉਹ[22] ਸੱਚੇ ਗੁਰਾਂ ਦੀ ਚਾਕਰੀ[20] ਕਰਦੇ ਹਨ ਅਤੇ ਖ਼ਬਰਦਾਰ[21] ਰਹਿੰਦੇ ਹਨ। |
| ੫੯੩ | | |
| ਮਨਮੁਖਿ[27] ਅੰਧ[28] ਨ ਚੇਤਨੀ[29] ਜਨਮਿ[30] ਮਰਿ[31] ਹੋਹਿ ਬਿਨਾਸਿ[32] ॥ | The blind[28] apostates[27] remember[29] not the Lord and in births[30] and deaths[31], they are ruined[32]. | ਅੰਨੇ[28] ਅਧਰਮੀ[27] ਸਾਹਿਬ ਨੂੰ ਚੇਤੇ[29] ਨਹੀਂ ਕਰਦੇ ਜੰਮਣ[30] ਤੇ ਮਰਣ[31] ਵਿੱਚ ਉਹ ਤਬਾਹ[32] ਹੋ ਜਾਂਦੇ ਹਨ। |
| ਨਾਨਕ ਗੁਰਮੁਖਿ[33] ਤਿਨੀ ਨਾਮੁ ਧਿਆਇਆ[34] ਜਿਨ ਕੰਉ ਧੁਰਿ[35] ਪੂਰਬਿ[36] ਲਿਖਿਆਸਿ[37] ॥੨॥ | Nanak, through the Guru[33], they alone reflect[34] over the Name, in whose lot it is so pre[36]-ordained[37] by the Primal Lord[35]. | ਨਾਨਕ ਗੁਰਾਂ ਦੇ ਰਾਹੀਂ[33], ਕੇਵਲ ਓਹੀ ਨਾਮ ਦਾ ਸਿਮਰਨ[34] ਕਰਦੇ ਹਨ, ਜਿਨ੍ਹਾਂ ਦੀ ਪ੍ਰਾਲਭਧ ਵਿੱਚ ਆਦੀ ਪ੍ਰਭੂ[35] ਨੇ ਮੁੱਢ[36] ਤੋਂ ਐਸਾ ਲਿਖਿਆ ਹੋਇਆ[37] ਹੈ। |
| ਪਉੜੀ ॥ | Pauri. | ਪਉੜੀ। |
| ਹਰਿ ਨਾਮੁ ਹਮਾਰਾ[38] ਭੋਜਨੁ[39] ਛਤੀਹ ਪਰਕਾਰ[40] ਜਿਤੁ ਖਾਇਐ[41] ਹਮ ਕਉ ਤ੍ਰਿਪਤਿ[42] ਭਈ ॥ | God's Name is my[38] food[39] of thirty six varieties[40], partaking[41] of which I am sated[42]. | ਵਾਹਿਗੁਰੂ ਦਾ ਨਾਮ ਮੇਰਾ[38] ਛਤੀ ਕਿਸਮਾਂ[40] ਦਾ ਖਾਣਾ[39] ਹੈ, ਜਿਸ ਨੂੰ ਛਕਣ[41] ਦੁਆਰਾ ਮੈਂ ਰੱਜ ਗਿਆ[42] ਹਾਂ। |
| ਹਰਿ ਨਾਮੁ ਹਮਾਰਾ ਪੈਨਣੁ[43] ਜਿਤੁ ਫਿਰਿ[44] ਨੰਗੇ[45] ਨ ਹੋਵਹ ਹੋਰ[46] ਪੈਨਣ[47] ਕੀ ਹਮਾਰੀ ਸਰਧ[48] ਗਈ[49] ॥ | God's Name is my raiment[43], wearing which I shall never be naked[45] again[44] and my desires[48] to wear[47] aught else[46] is destroyed[49]. | ਵਾਹਿਗੁਰੂ ਦਾ ਨਾਮ ਮੇਰੀ ਪੁਸ਼ਾਕ[43] ਹੈ ਜਿਸ ਨੂੰ ਪਾਉਣ ਦੁਆਰਾ ਮੈਂ ਮੁੜ[44] ਨੰਗਾ[45] ਨਹੀਂ ਹੋਵਾਂਗਾ ਅਤੇ ਹੋਰ ਕੁਝ[46] ਪਹਿਰਨ[47] ਦੀ ਮੇਰੀ ਖ਼ਾਹਿਸ਼[48] ਨਾਸ ਹੋ ਗਈ[49] ਹੈ। |
| ਹਰਿ ਨਾਮੁ ਹਮਾਰਾ ਵਣਜੁ[50] | The Lord's Name is my trade[50], the | ਸਾਈਂ ਦਾ ਨਾਮ ਮਰਾ ਬਿਉਪਾਰ ਹੈ, ਸਾਈਂ ਦਾ ਨਾਮ |

| | | |
|---|---|---|
| ਹਰਿ ਨਾਮੁ ਵਾਪਾਰੁ[51] ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ[52] ਦੀਈ[53] ॥ | Lord's **Name** my commerce[51] and the employment[52] of the Lord's Name, the True Guru has blessed[53] me with. | ਹੀ ਮੇਰੀ ਸੁਦਾਗਰੀ[51] ਅਤੇ ਸਾਂਈਂ ਦੇ ਨਾਮ ਦਾ ਕਾਰੋਬਾਰ[52] ਹੀ ਸੱਚੇ ਗੁਰਾਂ ਨੇ ਮੈਨੂੰ ਬਖਸ਼ਿਆ[53] ਹੈ । |
| ਹਰਿ ਨਾਮੈ ਕਾ ਹਮ[54] ਲੇਖਾ[55] ਲਿਖਿਆ[56] ਸਭ[57] ਜਮ[58] ਕੀ ਅਗਲੀ[59] ਕਾਣਿ[60] ਗਈ[61] ॥ | I[54] record[56] the account[55] of the Lord's Name and my entire[57] future[59] subservience[60] to death[58] is annulled[61]. | ਮੈਂ[54] ਸਾਹਿਬ ਦੇ ਨਾਮ ਦਾ ਹਿਸਾਬ ਕਿਤਾਬ[55] ਲਿਖਦਾ[56] ਹਾਂ ਅਤੇ ਅਗੇ ਲਈ[59] ਮੇਰੀ ਮੌਤ[58] ਦੀ ਸਾਰੀ[57] ਮੁਥਾਜੀ[60] ਚੁੱਕੀ ਗਈ[61] ਹੈ । |
| ਹਰਿ ਕਾ ਨਾਮੁ[69] ਗੁਰਮੁਖਿ[62] ਕਿਨੈ ਵਿਰਲੈ[63] ਧਿਆਇਆ[64] ਜਿਨ ਕੰਉ ਧੁਰਿ[65] ਕਰਮਿ[68] ਪਰਾਪਤਿ[66] ਲਿਖਤੁ ਪਈ[67] ॥੧੭॥ | It is by Guru's grace[62], that some[63], who are the recipients[66] of God's[65] benevolence[68] and who are so ordained[67], meditate[64] on the Lord's Name[69]. | ਗੁਰਾਂ ਦੀ ਦਇਆ ਦੁਆਰਾ[62] ਬਹੁਤ ਹੀ ਥੋੜੇ[63] ਜੋ ਵਾਹਿਗੁਰੂ[65] ਦੀ ਮਿਹਰ[68] ਦੇ ਪਾਤ੍ਰ[66] ਹਨ, ਤੇ ਜਿਨ੍ਹਾਂ ਦੇ ਹੱਕ ਵਿੱਚ ਐਸੀ ਲਿਖਤਾਕਾਰ[67] ਹੈ, ਸਾਂਈਂ ਦੇ ਨਾਮ[69] ਦਾ ਸਿਮਰਨ[64] ਕਰਦੇ ਹਨ । |
| ਸਲੋਕ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਜਗਤੁ[68] ਅਗਿਆਨੀ[69] ਅੰਧੁ[70] ਹੈ ਦੂਜੈ[71] ਭਾਇ ਕਰਮ ਕਮਾਇ[72] ॥ | The world[68] is ignorant[69] and blind[70] and it is engaged[72] in other's love[71] (false persuits). | ਸੰਸਾਰ[68]* ਬੇਸਮਝ[69] ਅਤੇ ਅੰਨ੍ਹਾ[70] ਹੈ । ਹੋਰਸ ਦੀ[71] ਪ੍ਰੀਤ ਰਾਹੀਂ ਇਹ ਕੰਮ ਕਰਦਾ[72] ਹੈ । |
| ਦੂਜੈ ਭਾਇ[73] ਜੇਤੇ[74] ਕਰਮ[75] ਕਰੇ[76] ਦੁਖੁ[77] ਲਗੈ[78] ਤਨਿ[79] ਧਾਇ[80] ॥ | All[74] those[74] acts[75] that the man peforms[76] through duality[73], lead to pain[77] which swifthy[80] sticks[78] to his body[79]. | ਜਿਤਨੇ ਭੀ[74] ਅਮਲ[75] ਬੰਦਾ ਦਵੈਤ-ਭਾਵ[73] ਰਾਹੀਂ ਕਮਾਉਂਦਾ[76] ਹੈ ਉਨ੍ਹਾਂ ਸਾਰਿਆਂ ਨਾਲ ਦੁਖ ਤਕਲੀਫ਼[77] ਭੱਜ ਕੇ[80] ਉਸ ਦੀ ਦੇਹ[79] ਨੂੰ ਚਿਮੜਦੇ[78] ਹਨ । |
| ਗੁਰ ਪਰਸਾਦੀ[81] ਸੁਖੁ[82] ਊਪਜੈ[83] ਜਾ[84] ਗੁਰ ਕਾ ਸਬਦੁ[85] ਕਮਾਇ[86] ॥ | By Guru's grace[81], peace[82] is produced[83], when[84] the mortal meditates[86] on the Guru's word[85]. | ਜਦ[84] ਪ੍ਰਾਣੀ ਗੁਰਾਂ ਦੇ ਬਚਨ[85] ਉਤੇ ਅਮਲ ਕਰਦਾ[86] ਹੈ, ਤਾਂ ਗੁਰਾਂ ਦੀ ਦਇਆ ਦੁਆਰਾ[81] ਆਰਾਮ[82] ਉਤਪੰਨ[83] ਹੋ ਜਾਂਦਾ ਹੈ । |
| ਸਚੀ ਬਾਣੀ[87] ਕਰਮ[88] ਕਰੇ[89] ਅਨਦਿਨੁ[90] ਨਾਮੁ ਧਿਆਇ[91] ॥ | He does[89] the deeds[88] enjoined by the True Gurbani[87], and, night and day[90], remembers[91] the Name. | ਉਹ ਸੱਚੀ ਗੁਰਬਾਣੀ[87] ਦੇ ਦਰਸਾਏ ਹੋਏ ਅਮਲ[88] ਕਮਾਉਂਦਾ[86] ਹੈ ਅਤੇ ਰੈਣ ਦਿਹੁੰ[90] ਨਾਮ ਦਾ ਆਰਾਧਨ ਕਰਦਾ[91] ਹੈ । |
| ਨਾਨਕ ਜਿਤ ਆਪੇ[92] ਲਾਏ[93] ਤਿਤੁ ਲਗੇ ਕਹਣਾ[94] ਕਿਛੂ ਨ ਜਾਇ ॥੧॥ | Nanak, he engages in what the God Himself[92] engages[93] him. He has no say[94] in the matter. | ਨਾਨਕ, ਉਹ ਉਸ ਨਾਲ ਜੁੜਦਾ ਹੈ, ਜਿਸ ਨਾਲ ਹਰੀ ਖੁਦ[92] ਉਸ ਨੂੰ ਜੋੜਦਾ[93] ਹੈ । ਆਦਮੀ ਦਾ ਉਸ ਵਿੱਚ ਕੋਈ ਦਖਲ[94] ਨਹੀਂ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਹਮ ਘਰਿ[95] ਨਾਮੁ ਖਜਾਨਾ[96] ਸਦਾ[97] ਹੈ ਭਗਤਿ[98] ਭਰੇ[99] ਭੰਡਾਰਾ[100] ॥ | In my home[95] is the everlasting[97] treasure[96] of the Name, as also the brimful[99] store[100] of devotion[98]. | ਮੇਰੇ ਗ੍ਰਿਹ[95] ਅੰਦਰ ਸਦੀਵੀ[97] ਸਥਿਰ ਨਾਮ ਦਾ ਨਿਧਾਨ[96] ਤੇ ਸ਼ਰਧਾ-ਪ੍ਰੇਮ[98] ਦਾ ਪਰੀਪੂਰਨ[99] ਕੋਸ਼[100] ਹੈ । |
| ਸਤਗੁਰੁ ਦਾਤਾ[2] ਜੀਅ[3] ਕਾ | The True Guru is the giver[2] of | ਸੱਚੇ ਗੁਰਦੇਵ ਰੂਹਾਨੀ ਜੀਵਨ[3] ਦੇਣ ਵਾਲੇ[2] ਹਨ । ਉਹ |

| | | |
|---|---|---|
| ਸਦ[4] ਜੀਵੈ ਦੇਵਣਹਾਰਾ[5] ॥ | spiritual life[3] and He, the donor[5], ever[4] lives. | ਦਾਤਾਰ[5], ਹਮੇਸ਼ਾ[4] ਹੀ ਜੀਊਂਦੇ ਜਾਗਦੇ ਹਨ। |
| ਅਨਦਿਨੁ[6] ਕੀਰਤਨੁ[7] ਸਦਾ[8] ਕਰਹਿ ਗੁਰ ਕੈ ਸਬਦਿ[9] ਅਪਾਰਾ[10] ॥ | Through the infinite[10] hymns[9] of the Guru, night and day[6], I, ever[8], sing the praise[7] of the Lord. | ਅਨੰਤ[10] ਗੁਰਬਾਣੀ[9] ਦੇ ਰਾਹੀਂ, ਰਾਤ ਦਿਨ[6], ਮੈਂ ਹਮੇਸ਼ਾ[8] ਸਾਹਿਬ ਦੀ ਕੀਰਤੀ[7] ਗਾਇਨ ਕਰਦਾ ਹਾਂ। |
| ਸਬਦੁ ਗੁਰੂ ਕਾ ਸਦ ਉਚਰਹਿ[12] ਜੁਗੁ ਜੁਗੁ[13] ਵਰਤਾਵਣਹਾਰਾ[14] ॥ | Ever recite[12] I the hymns of the Guru, whose will works[14] all the ages[13] through. | ਮੈਂ ਸਦੀਵ ਹੀ ਗੁਰਾਂ ਦੀ ਬਾਣੀ ਦਾ ਉਚਾਰਨ[12] ਕਰਦਾ ਹਾਂ ਜਿਨ੍ਹਾਂ ਦੀ ਰਜ਼ਾ ਸਾਰਿਆਂ ਯੁੱਗਾਂ[13] ਅੰਦਰ ਕਲਾ ਵਰਤਾਉਂਦੀ[14] ਹੈ। |
| ਇਹੁ ਮਨੂਆ[15] ਸਦਾ[20] ਸੁਖਿ[16] ਵਸੈ[17] ਸਹਜੇ[18] ਕਰੇ ਵਾਪਾਰਾ[19] ॥ | This soul[15] of mine ever[20] abides[17] in peace[16] and in contentment[18], deals[19] in the Lord's Name. | ਮੇਰੀ ਇਹ ਆਤਮਾ[15] ਹਮੇਸ਼ਾ[20] ਆਰਾਮ[16] ਅੰਦਰ ਵਸਦੀ[16] ਹੈ ਅਤੇ ਸ਼ਾਂਤ ਚਿੱਤ[18] ਹੀ ਸਾਂਈਂ ਦੇ ਨਾਮ ਦਾ ਵਣਜ ਕਰਦੀ[19] ਹੈ। |
| ਅੰਤਰਿ[21] ਗੁਰ ਗਿਆਨੁ[22] ਹਰਿ[23] ਰਤਨੁ[24] ਹੈ ਮੁਕਤਿ ਕਰਾਵਣਹਾਰਾ[25] ॥ | Within[21] me is the Guru-given gnosis[22] of the Lord[23], the Gem[24], which does emancipate[25] me. | ਮੇਰੇ ਅੰਦਰ[21] ਗੁਰਾਂ ਦੀ ਬਖ਼ਸ਼ੀ ਹੋਈ ਦਾਤ ਪ੍ਰਭੂ[23] ਗਿਆਨ ਰੂਪੀ[24] ਹੀਰਾ[24] ਹੈ, ਜੋ ਮੇਰੀ ਕਲਿਆਣ[25] ਕਰਦਾ ਹੈ। |
| ਨਾਨਕ ਜਿਸ ਨੋ ਨਦਰਿ[26] ਕਰੇ ਸੋ[29] ਪਾਏ[30] ਸੋ ਹੋਵੈ ਦਰਿ[27] ਸਚਿਆਰਾ[28] ॥੨॥ | Nanak, he unto whom God shows favour[26], he[29] obtains[30] this gift and he is adjudged true[28] in the Lord's court[27]. | ਨਾਨਕ, ਜਿਸ ਉਤੇ ਵਾਹਿਗੁਰੂ ਮਿਹਰ[26] ਧਾਰਦਾ ਹੈ ਉਹ[29] ਇਸ ਦਾਤ ਨੂੰ ਹਾਸਲ[30] ਕਰ ਲੈਂਦਾ ਹੈ ਅਤੇ ਉਹ ਸਾਹਿਬ ਦੇ ਦਰਬਾਰ[27] ਅੰਦਰ ਸੱਚਾ[28] ਕਰਾਰ ਦਿੱਤਾ ਜਾਂਦਾ ਹੈ। |
| ਪਉੜੀ ॥ | Pauri. | ਪਉੜੀ। |
| ਧੰਨੁ[31] ਧੰਨੁ ਸੋ[35] ਗੁਰਸਿਖੁ ਕਹੀਐ[32] ਜੋ ਸਤਿਗੁਰ ਚਰਣੀ[33] ਜਾਇ[34] ਪਇਆ[36] ॥ | Blest[31]! blest! is accounted[32] that[35] Gur-sikh, who goes[34] and falls[36] at the True Guru's feet[33]. | ਸੁਲੱਖਣਾ[31]! ਸੁਲੱਖਣਾ! ਉਹ[35] ਗੁਰਸਿਖ ਆਖਿਆ ਜਾਂਦਾ[32] ਹੈ, ਜੋ ਜਾ ਕੇ[34] ਸੱਚੇ ਗੁਰਾਂ ਦੇ ਪੈਰੀਂ[33] ਪੈਂਦਾ[36] ਹੈ। |
| ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ[37] ਰਾਮੁ[38] ਕਹਿਆ[39] ॥ | Blest! blest is accounted that Gur-sikh, who, from his mouth[37], utters[39] the Name of the Lord[38] God. | ਸੁਲੱਖਣਾ! ਸੁਲੱਖਣਾ! ਉਹ ਗੁਰਸਿਖ ਆਖਿਆ ਜਾਂਦਾ ਹੈ, ਜੋ ਆਪਣੇ ਮੂੰਹ[37] ਨਾਲ ਸੁਆਮੀ[38] ਵਾਹਿਗੁਰੂ ਦੇ ਨਾਮ ਨੂੰ ਉਚਾਰਦਾ[39] ਹੈ। |
| ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ[40] ਅਨਦੁ[41] ਭਇਆ ॥ | Blessed! blessed! is accounted that Gur-sikh, whose soul[40] is pleased[41] by hearing the Lord's Name. | ਮੁਬਾਰਕ! ਮੁਬਾਰਕ! ਉਹ ਗੁਰਸਿਖ ਆਖਿਆ ਜਾਂਦਾ ਹੈ, ਜਿਸ ਦੀ ਆਤਮਾ[40] ਵਾਹਿਗੁਰੂ ਦੇ ਨਾਮ ਨੂੰ ਸੁਣ ਕੇ ਪ੍ਰਸੰਨ[41] ਹੁੰਦੀ ਹੈ। |
| ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ[42] ਹਰਿ ਨਾਮੁ ਲਇਆ[43] ॥ | Blessed! blessed! is said to be that Gur-sikh, who by serving[42] the True Guru, obtains[43] the Lord's Name. | ਮੁਬਾਰਕ, ਮੁਬਾਰਕ! ਆਖਿਆ ਜਾਂਦਾ ਹੈ, ਉਹ ਗੁਰਸਿਖ ਜੋ ਸੱਚੇ ਗੁਰਾਂ ਦੀ ਟਹਿਲ ਕਮਾ ਕੇ[42] ਸੁਆਮੀ ਦੇ ਨਾਮ ਨੂੰ ਪ੍ਰਾਪਤ ਹੁੰਦਾ[43] ਹੈ। |
| ਤਿਸੁ[44] ਗੁਰਸਿਖ ਕੰਉ ਹੰਉ | I ever[48] make obeisance[45] unto that[44] | ਮੈਂ ਹਮੇਸ਼ਾ[48] ਉਸ[44] ਗੁਰਸਿਖ ਨੂੰ ਪ੍ਰਣਾਮ[45] ਕਰਦਾ ਹਾਂ |

| | | |
|---|---|---|
| ਸਦਾ[48] ਨਮਸਕਾਰੀ[45] ਜੋ ਗੁਰ ਕੈ ਭਾਣੈ[46] ਗੁਰਸਿਖੁ ਚਲਿਆ[47] ॥੧੯॥ | Gur-sikh, who treads[47] in the Guru's path[46]. | ਜਿਹੜਾ ਗੁਰੂ ਦਾ ਸਿੱਖ ਗੁਰਾਂ ਦੀ ਰਜ਼ਾ[46] ਅੰਦਰ ਟੁਰਦਾ[47] ਹੈ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਮਨਹਠਿ[49] ਕਿਨੈ ਨ ਪਾਇਓ ਸਭ[50] ਥਕੇ[51] ਕਰਮ[52] ਕਮਾਇ[53] ॥ | Through mind's obstincy[49], none has obtained the Lord. All[50] have grown weary[51] by engaging[53] themselves in such acts[52]. | ਮਨ ਦੇ ਹੱਠ[49] ਰਾਹੀਂ ਕੋਈ ਭੀ ਸਾਂਈਂ ਨੂੰ ਪ੍ਰਾਪਤ ਨਹੀਂ ਹੋਇਆ । ਹੱਠ ਨਾਲ ਕਾਰਜਾਂ[52] ਨੂੰ ਕਰਦੇ[53] ਸਾਰੇ[50] ਹਾਰ ਹੁੱਟ[51] ਗਏ ਹਨ । |
| ਮਨਹਠਿ ਭੇਖ[54] ਕਰਿ[55] ਭਰਮਦੇ[56] ਦੁਖੁ[57] ਪਾਇਆ[58] ਦੂਜੈ ਭਾਇ[59] ॥ | By mind's obstinacy and assuming[55] false forms[54] they are deluded[56] and hence suffer[58] pain[57] through the love of another[59]. | ਚਿੱਤ ਦੀ ਜ਼ਿੱਦ ਦੁਆਰਾ ਅਤੇ ਝੂਠੇ ਵੇਸ[54] ਕਰ ਕੇ[55] ਉਹ ਭਰਮਾ ਵਿੱਚ ਵਿਚਰਦੇ[56] ਹਨ ਅਤੇ ਇਸੇ ਕਾਰਨ ਹੋਰਸ[59] ਦੀ ਪ੍ਰੀਤ ਰਾਹੀਂ ਤਕਲੀਫ਼[57] ਉਠਾਉਂਦੇ[58] ਹਨ । |
| ਰਿਧਿ[60] ਸਿਧਿ[61] ਸਭੁ ਮੋਹੁ[62] ਹੈ ਨਾਮੁ ਨ ਵਸੈ[63] ਮਨਿ[65] ਆਇ[64] ॥ | Riches[60] and miracles[61] are all worldly attachment[62] and hence the Name comes[64] not to abide[63] in the mind[65]. | ਧਨ-ਪਦਾਰਥ[60] ਤੇ ਕਰਾਮਾਤਾਂ[61] ਸਭ ਸੰਸਾਰੀ ਲਗਨ[62] ਹੈ । ਉਸ ਦੇ ਸਬੱਬ ਨਾਮ ਚਿੱਤ[65] ਅੰਦਰ ਆ[64] ਕੇ ਨਹੀਂ ਟਿਕਦਾ[63] । |
| ਗੁਰ ਸੇਵਾ[66] ਤੇ ਮਨੁ[71] ਨਿਰਮਲੁ[67] ਹੋਵੈ ਅਗਿਆਨੁ[68] ਅੰਧੇਰਾ[69] ਜਾਇ[70] ॥ | By the Guru's service[66], the soul[71] is rendered immaculate[67] and the darkness[69] of spiritual ignorance[68] is dispelled[70]. | ਗੁਰਾਂ ਦੀ ਘਾਲ[66] ਕਮਾਉਣ ਦੁਆਰਾ ਆਤਮਾ[71] ਪਵਿੱਤ੍ਰ[67] ਹੋ ਜਾਂਦੀ ਹੈ ਅਤੇ ਆਤਮਕ ਬੇਸਮਝੀ[68] ਦਾ ਅਨ੍ਹੇਰਾ[69] ਦੂਰ ਹੋ ਜਾਂਦਾ[70] ਹੈ । |
| ਨਾਮੁ ਰਤਨੁ[72] ਘਰਿ[73] ਪਰਗਟੁ[74] ਹੋਆ ਨਾਨਕ ਸਹਜਿ[75] ਸਮਾਇ[76] ॥੧॥ | The Name jewel[72] becomes manifest[74] in the man's mind home[73], and he merges[76] in celestial bliss[75], O Nanak. | ਨਾਮ ਹੀਰਾ[72] ਬੰਦੇ ਦੇ ਮਨ ਗ੍ਰਿਹ[73] ਅੰਦਰ ਪ੍ਰਕਾਸ਼[74] ਹੋ ਜਾਂਦਾ ਹੈ ਤੇ ਹੇ ਨਾਨਕ ! ਉਹ ਬੈਕੁੰਠੀ ਆਨੰਦ[75] ਵਿੱਚ ਲੀਨ ਹੋ ਜਾਂਦਾ[76] ਹੈ । |
| ੫੯੪ | | |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਸਬਦੈ[77] ਸਾਦੁ[78] ਨ ਆਇਓ ਨਾਮਿ ਨ ਲਗੋ[79] ਪਿਆਰੁ[80] ॥ ਰਸਨਾ[81] ਫਿਕਾ[82] ਬੋਲਣਾ[83] ਨਿਤ ਨਿਤ[84] ਹੋਇ ਖੁਆਰੁ[85] ॥ | He, who relishes[78] not the Divine word[77], enshrines[79] not affection[80] for the Lord's Name and with his tongue[81] utters[83] insipid[82] words he is ruined[85] for ever and aye[84]. | ਜੋ ਰੱਬੀ ਕਲਾਮ[77] ਦਾ ਰਸ[78] ਨਹੀਂ ਮਾਣਦਾ, ਸਾਹਿਬ ਦੇ ਨਾਮ ਨਾਲ ਪ੍ਰੀਤ[80] ਨਹੀਂ ਪਾਉਂਦਾ[79] ਅਤੇ ਆਪਣੀ ਜੀਭ[81] ਨਾਲ ਰੁੱਖੇ[82] ਬਚਨ ਉਚਾਰਦਾ[83] ਹੈ, ਉਹ ਸਦੀਵ ਤੇ ਹਮੇਸ਼ਾਂ[84] ਲਈ ਬਰਬਾਦ ਹੋ ਜਾਂਦਾ[85] ਹੈ । |
| ਨਾਨਕ ਕਿਰਤਿ[86] ਪਇਐ[87] ਕਮਾਵਣਾ[88] ਕੋਇ ਨ ਮੇਟਣਹਾਰੁ[89] ॥੨॥ | Nanak, he acts[88] according to his past[87] actions[86] which no one can erase[89]. | ਨਾਨਕ, ਉਹ ਆਪਣੇ ਪੂਰਬਲੇ[87] ਕਰਮਾਂ[86] ਅਨੁਸਾਰ ਕੰਮ ਕਰਦਾ[88] ਹੈ ਅਤੇ ਕੋਈ ਭੀ ਉਨ੍ਹਾਂ ਨੂੰ ਮਿਟਾ ਨਹੀਂ ਸਕਦਾ[89] । |
| ਪਉੜੀ ॥ | Pauri. | ਪਉੜੀ । |

ਧਨੁ ਧਨੁ[93] ਸਤ ਪੁਰਖੁ[90] ਸਤਿਗੁਰੂ ਹਮਾਰਾ[91] ਜਿਤੁ ਮਿਲਿਐ ਹਮ ਕਉ ਸਾਂਤਿ[92] ਆਈ ॥

Blessed[93] ! blessed ! is my[91] Satguru, the True person[90], meeting whom I have obtained peace[92].

ਸੁਲੱਖਣਾ[93] ! ਸੁਲੱਖਣਾ ! ਹੈ ਸੱਚਾ ਪੁਰਸ਼[90] ਮੇਰਾ[91] ਸਤਿਗੁਰੂ ਜਿਸ ਨੂੰ ਮਿਲਣ ਦੁਆਰਾ ਮੈਨੂੰ ਠੰਢ-ਚੈਨ[92] ਪ੍ਰਾਪਤ ਹੋ ਗਈ ਹੈ।

ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ[94] ਹਮ ਹਰਿ ਭਗਤਿ[95] ਪਾਈ[96] ॥

Blessed ! blessed ! is my Satguru, the True person, meeting[94] whom I have attained[96] the Lord's meditation[95].

ਧੰਨ ! ਧੰਨ ! ਹੈ, ਸੱਚਾ ਪੁਰਸ਼ ਮੇਰਾ ਸਤਿਗੁਰੂ ਜਿਸ ਨੂੰ ਭੇਟਣ[94] ਦੁਆਰਾ ਮੈਨੂੰ ਸਾਹਿਬ ਦਾ ਸਿਮਰਨ[95] ਪ੍ਰਾਪਤ ਹੋਇਆ[96] ਹੈ।

ਧਨੁ ਧਨੁ ਹਰਿ ਭਗਤੁ[97] ਸਤਿਗੁਰੂ ਹਮਾਰਾ ਜਿਸ ਕੀ ਸੇਵਾ[98] ਤੇ ਹਮ ਹਰਿ ਨਾਮਿ[99] ਲਿਵ ਲਾਈ[100] ॥

Auspicious ! auspicious ! is my True Guru, the Lord's devotee[97], serving[98] whom I have come to profess[100] love[99] for the God's Name.

ਮੁਬਾਰਕ ! ਮੁਬਾਰਕ ! ਹੈ ਸੁਆਮੀ ਦਾ ਸਾਧੂ[97], ਮੇਰਾ ਸੱਚਾ ਗੁਰੂ, ਜਿਸ ਦੀ ਟਹਿਲ[98] ਕਰਨ ਦੁਆਰਾ ਮੇਰਾ ਵਾਹਿਗੁਰੂ ਦੇ ਨਾਮ ਨਾਲ ਪਿਆਰ[99] ਪੈ ਗਿਆ[100] ਹੈ।

ਧਨੁ ਧਨੁ ਹਰਿ ਗਿਆਨੀ[2] ਸਤਿਗੁਰੂ ਹਮਾਰਾ ਜਿਨਿ ਵੈਰੀ[3] ਮਿਤ੍ਰੁ[4] ਹਮ ਕਉ ਸਭ ਸਮਦ੍ਰਿਸਟਿ[5] ਦਿਖਾਈ॥

Sublime, sublime is my True Guru, the Lord's divine[2], who has made me see the foe[3] and friend[4] with the same-eye[5].

ਧਨਜ ! ਧਨਜ ! ਹਨ ਹਰੀ ਦੇ ਜਾਣੂ[2] ਮੇਰੇ ਸੱਚੇ ਗੁਰਦੇਵ ਜਿਨ੍ਹਾਂ ਨੇ ਮੈਨੂੰ ਦੁਸ਼ਮਨ[3] ਤੇ ਦੋਸਤ[4] ਇਕੋ ਜੇਹੀ ਨਜ਼ਰ[5] ਨਾਲ ਵਿਖਾਲ ਦਿਤੇ ਹਨ।

ਧਨੁ ਧਨੁ ਸਤਿਗੁਰੂ ਮਿਤ੍ਰੁ[6] ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ[7] ਬਣਾਈ[8] ॥੧੯॥

Praiseworthy ! praiseworthy ! is the True Guru, my friend[6], who has made me embrace[8] love[7] for the Lord's Name.

ਸ਼ਲਾਘਾਯੋਗ ! ਸ਼ਲਾਘਾਯੋਗ ਹੈ, ਮੇਰਾ ਮਿੱਤ੍ਰ[6] ਸੱਚਾ ਗੁਰੂ, ਜਿਸ ਨੇ ਪ੍ਰਭੂ ਦੇ ਨਾਮ ਨਾਲ ਮੇਰਾ ਪ੍ਰੇਮ[7] ਪਾ ਦਿੱਤਾ[8] ਹੈ।

ਸਲੋਕੁ ਮ: ੧ ॥

Slok Ist Guru.

ਸਲੋਕ ਪਹਿਲੀ ਪਾਤਿਸ਼ਾਹੀ।

ਘਰ[9] ਹੀ ਮੁੰਧਿ[10] ਵਿਦੇਸਿ[12] ਪਿਰੁ[13] ਨਿਤ[14] ਝੂਰੇ[15] ਸੰਮ੍ਹਾਲੇ[16] ॥

The bride[10] is at home[9], her Groom[13] is abroad[12] and ever[14] she remembers[16] Him and pines away[15].

ਪਤਨੀ[10] ਗ੍ਰਿਹ[9] ਵਿੱਚ ਹੈ, ਉਸ ਦਾ ਪਤੀ[13] ਪ੍ਰਦੇਸ[12] ਵਿੱਚ। ਉਹ ਸਦਾ[14] ਉਸ ਨੂੰ ਯਾਦ ਕਰਦੀ[16] ਹੈ ਤੇ ਸੁਕਦੀ ਜਾਂਦੀ[15] ਹੈ।

ਮਿਲਦਿਆ ਢਿਲ[17] ਨ ਹੋਵਈ ਜੇ ਨੀਅਤਿ[18] ਰਾਸਿ[19] ਕਰੇ ॥੧॥

She shall have no delay[17] in meeting her groom, if she rids[19] her intention[18] of duality.

ਉਸ ਨੂੰ ਆਪਣੇ ਪਤੀ ਨੂੰ ਮਿਲਦਿਆਂ ਚਿਰ[17] ਨਹੀਂ ਲਗਦਾ, ਜੇਕਰ ਉਹ ਆਪਣੇ ਮਨ ਨੂੰ ਦਵੈਤ ਭਾਵ ਗੁਆ ਕੇ ਸੱਚੇ[19] ਰਸਤੇ ਤੇ ਪਾ ਲਵੇ।

ਮ: ੧ ॥

Ist Guru.

ਪਹਿਲੀ ਪਾਤਿਸ਼ਾਹੀ।

ਨਾਨਕ ਗਾਲੀ[20] ਕੂੜੀਆ[21] ਬਾਝੁ[22] ਪਰੀਤਿ[23] ਕਰੇਇ ॥ ਤਿਚਰੁ[24] ਜਾਣੈ[25] ਭਲਾ[26] ਕਰਿ[27] ਜਿਚਰੁ[28] ਲੇਵੈ[29] ਦੇਇ[30] ॥੨॥

Nanak, false[21] is the talk[20] in which the man, bereft of[22] Lord's love[23], engages himself. So long as[28] the Lord gives[30] and he receives[29], till then[24], the mortal deems[25] good as[27] good.

ਨਾਨਕ ਝੂਠੀ[21] ਹੈ ਉਹ ਗਲਬਾਤ[20], ਜੋ ਆਦਮੀ ਪ੍ਰਭੂ ਦੇ ਪ੍ਰੇਮ[23] ਤੋਂ ਸੱਖਣਾ[22] ਕਰਦਾ ਹੈ। ਜਦ ਤਾਈ[28] ਸੁਆਮੀ ਦੇਈ ਜਾਂਦਾ[30] ਹੈ ਤੇ ਉਹ ਲਈ ਜਾਂਦਾ[29] ਹੈ, ਤਦ ਤਾਈ[24] ਹੀ ਪ੍ਰਾਣੀ ਚੰਗੇ ਨੂੰ ਚੰਗਾ[26] ਕਰਕੇ[27] ਜਾਣਦਾ[25] ਹੈ।

ਪਉੜੀ ॥

Pauri.

ਪਉੜੀ।

| | | |
|---|---|---|
| ਜਿਨਿ[31] ਉਪਾਏ[32] ਜੀਅ[33] ਤਿਨਿ[34] ਹਰਿ ਰਾਖਿਆ[35] ॥ | The Lord who[37] fashioned[32] the creatures[33], that[34] Lord protects[35] them too. | ਜਿਸ[31] ਪ੍ਰਭੂ ਨੇ ਜੀਵ-ਜੰਤੂ[33] ਪੈਦਾ ਕੀਤੇ[32] ਹਨ; ਉਹੀ[34] ਪ੍ਰਭੂ ਉਨ੍ਹਾਂ ਦੀ ਰੱਖਿਆ ਕਰਦਾ[35] ਹੈ। |
| ਅੰਮ੍ਰਿਤੁ[36] ਸਚਾ ਨਾਉ ਭੋਜਨੁ[37] ਚਾਖਿਆ[38] ॥ | I have partaken[38] of the fare[37] of the ambrosial[36] True Name. | ਮੈਂ ਅੰਮ੍ਰਿਤ ਸਰੂਪ[36] ਸੱਚੇ ਨਾਮ ਦਾ ਖਾਣਾ[37] ਖਾਧਾ[38] ਹੈ। |
| ਤ੍ਰਿਪਤਿ[39] ਰਹੇ ਆਘਾਇ[40] ਮਿਟੀ[41] ਭਭਾਖਿਆ[42] ॥ | I am sated[39] and satiated[40] and my desire to eat[42] is stilled[41]. | ਮੈਂ ਸੰਤੁਸ਼ਟ[39] ਹੋ ਤੇ ਰੱਜ ਗਿਆ[40] ਹਾਂ, ਅਤੇ ਮੇਰੀ ਖਾਣ ਦੀ[42] ਇੱਛਿਆ ਨਵਿਰਤ ਹੋ ਗਈ[41] ਹੈ। |
| ਸਭ[48] ਅੰਦਰਿ[43] ਇਕੁ[44] ਵਰਤੈ[45] ਕਿਨੈ ਵਿਰਲੈ[46] ਲਾਖਿਆ[47] ॥ | The One Lord[44] pervades[45] amongst[43] all[48], but rare alone[46] realises[47] this thing. | ਸਾਰਿਆਂ[48] ਵਿੱਚ[43] ਇੱਕ ਸਾਹਿਬ[44] ਵਿਆਪਕ ਹੋ ਰਿਹਾ[45] ਹੈ। ਕੋਈ ਟਾਂਵਾਂ ਟੱਲਾ[46] ਹੀ ਇਸ ਗੱਲ ਨੂੰ ਅਨੁਭਵ ਕਰਦਾ[47] ਹੈ। |
| ਜਨ[49] ਨਾਨਕ ਭਏ ਨਿਹਾਲੁ[50] ਪ੍ਰਭ ਕੀ ਪਾਖਿਆ[51] ॥੨੦॥ | Seeking the protection[51] of the Lord slave[49] Nanak is enraptured[50]. | ਸੁਆਮੀ ਦੀ ਸ਼ਰਨ[51] ਲੈ ਕੇ, ਗੋਲਾ[49] ਨਾਨਕ ਪਰਮ ਪ੍ਰਸੰਨ ਹੋ ਗਿਆ[50] ਹੈ। |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਸਤਿਗੁਰ ਨੋ ਸਭੁ[52] ਕੋ ਵੇਖਦਾ[56] ਜੇਤਾ[55] ਜਗਤੁ[53] ਸੰਸਾਰੁ[54] ॥ | All[52] the mortals[53], that there are[55], of the world[54], behold[56] the True Guru. | ਦੁਨੀਆਂ[54] ਦੇ ਸਾਰੇ[52] ਪ੍ਰਾਣੀ[53], ਜਿਨੇ ਭੀ[55] ਹਨ, ਸੱਚੇ ਗੁਰਾਂ ਨੂੰ ਦੇਖਦੇ[56] ਹਨ; |
| ਡਿਠੈ[57] ਮੁਕਤਿ[58] ਨ ਹੋਵਈ ਜਿਚਰੁ[59] ਸਬਦਿ[60] ਨ ਕਰੇ ਵੀਚਾਰੁ[61] ॥ | By merely seeing[57] the Guru, one is not emancipated[58], until[59] one reflects[61] not on the Guru's hymns[60]. | ਪ੍ਰੰਤੂ, ਕੇਵਲ ਗੁਰਾਂ ਨੂੰ ਵੇਖਣ[57] ਨਾਲ ਬੰਦੇ ਦੀ ਕਲਿਆਣ[58] ਨਹੀਂ ਹੁੰਦੀ, ਜਿੰਨਾ ਚਿਰ[59] ਉਹ ਗੁਰਬਾਣੀ[60] ਨੂੰ ਸੋਚਦਾ ਵੀਚਾਰਦਾ[61] ਨਹੀਂ। |
| ਹਉਮੈ[62] ਮੈਲੁ[63] ਨ ਚੁਕਈ[64] ਨਾਮਿ ਨ ਲਗੈ[65] ਪਿਆਰੁ[66] ॥ | His filth[63] of ego[62] is removed[64] not, nor is the love[66] for the Name implanted[65]. | ਉਸ ਦੀ ਹੰਗਤਾ[62] ਦੀ ਮੈਲ[63] ਦੂਰ ਨਹੀਂ ਹੁੰਦੀ[64] ਅਤੇ ਨਾ ਹੀ ਨਾਮ ਨਾਲ ਪ੍ਰੀਤ[66] ਪੈਂਦੀ[65] ਹੈ। |
| ਇਕਿ[67] ਆਪੇ[68] ਬਖਸਿ[69] ਮਿਲਾਇਅਨੁ[70] ਦੁਬਿਧਾ[71] ਤਜਿ[72] ਵਿਕਾਰ[73] ॥ | Some[67], the Lord forgives[69] and unites[70] with Himself[68]. They forsake[72] another's love[71] and sin[73]. | ਕਈਆਂ[67] ਨੂੰ ਸਾਹਿਬ ਮੇਹਰ ਕਰ ਕੇ[69] ਆਪਣੇ[68] ਨਾਲ ਮਿਲਾ ਲੈਂਦਾ[70] ਹੈ। ਉਹ ਹੋਰਸ ਦੀ ਪ੍ਰੀਤ[71] ਤੇ ਪਾਪ[73] ਨੂੰ ਛੱਡ ਦਿੰਦੇ[72] ਹਨ। |
| ਨਾਨਕ ਇਕਿ[74] ਦਰਸਨੁ[75] ਦੇਖਿ[76] ਮਰਿ[77] ਮਿਲੇ[80] ਸਤਿਗੁਰ ਹੇਤਿ[78] ਪਿਆਰਿ[79] ॥੧॥ | Nanak, some[74], seeing[76] the Satguru's sight[75] with love[78] and affection[79], and killing[77] their self, meet[80] the Lord. | ਨਾਨਕ, ਕਈ[74] ਪ੍ਰੇਮ[78] ਤੇ ਪ੍ਰੀਤ[79] ਨਾਲ ਸਤਿਗੁਰਾਂ ਦਾ ਦੀਦਾਰ[75] ਵੇਖ ਕੇ[76] ਅਤੇ ਆਪਣੇ ਆਪੇ ਤੋਂ ਮਰ ਕੇ[77], ਸੁਆਮੀ ਨੂੰ ਮਿਲ ਪੈਂਦੇ[80] ਹਨ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਸਤਿਗੁਰੁ ਨ ਸੇਵਿਓ[81] ਮੂਰਖ[82] ਅੰਧ[83] ਗਵਾਰਿ[84] ॥ | The stupid[82] and blind[83] clown[84] serves[81] not the True Guru. | ਮਤ-ਹੀਨ[82] ਅਤੇ ਅੰਨ੍ਹਾਂ[83] ਉੱਜਡ[84] ਸੱਚੇ ਗੁਰਾਂ ਦੀ ਸੇਵਾ ਨਹੀਂ ਕਮਾਉਂਦਾ[81]। |
| ਦੂਜੈ ਭਾਇ[85] ਬਹੁਤੁ[86] ਦੁਖੁ[87] ਲਾਗਾ[90] ਜਲਤਾ[88] ਕਰੇ ਪੁਕਾਰ[89] ॥ | Through duality[85] he suffers[90] great[86] pain[37] and bewails[89] burning[88] therein. | ਦਵੈਤ-ਭਾਵ[85] ਰਾਹੀਂ ਉਹ ਘਣਾ[86] ਕਸ਼ਟ[87] ਉਠਾਉਂਦਾ[90] ਹੈ ਅਤੇ ਉਸ ਅੰਦਰ ਮਚਦਾ ਹੋਇਆ[88] ਚੀਕਾਂ ਮਾਰਦਾ[89] ਹੈ। |

ਜਿਨ ਕਾਰਣਿ[91] ਗੁਰੂ ਵਿਸਾਰਿਆ[92] ਸੇ[93] ਨ ਉਪਕਰੇ[94] ਅੰਤੀ ਵਾਰ[95] ॥

The objects for whose sake[91] he forsakes[92] the Guru, they[90] come not to his rescue[94] in the end[95].

ਜਿਨ੍ਹਾਂ ਮਨੋਰਥਾਂ ਦੀ ਖ਼ਾਤਿਰ[91] ਉਹ ਗੁਰੂ ਨੂੰ ਭੁਲਾਉਂਦਾ[92] ਹੈ; ਉਹ[93] ਵੀ ਅਖ਼ੀਰ[95] ਨੂੰ ਉਸ ਦੀ ਸਹਾਇਤਾ[94] ਲਈ ਨਹੀਂ ਆਉਂਦੇ।

ਨਾਨਕ ਗੁਰਮਤੀ[96] ਸੁਖੁ[97] ਪਾਇਆ[100] ਬਖਸੇ[98] ਬਖਸਣਹਾਰ[99] ॥੨॥

By the Guru's instruction[96] Nanak has attained[100] peace[97] and Lord, the Pardoner[99], has pardoned[98] him.

ਗੁਰਾਂ ਦੇ ਉਪਦੇਸ਼[96] ਦੁਆਰਾ ਨਾਨਕ ਨੂੰ ਸੁਖ[97] ਪ੍ਰਾਪਤ ਹੋਇਆ[100] ਹੈ, ਮਾਫ਼ੀ ਦੇਣਹਾਰ[99] ਮਾਲਕ ਨੇ ਉਸ ਨੂੰ ਮਾਫ਼ ਕਰ ਦਿੱਤਾ[98] ਹੈ।

ਪਉੜੀ ॥

Pauri.

ਪਉੜੀ।

ਤੂ ਆਪੇ ਆਪਿ ਆਪਿ[2] ਸਭੁ ਕਰਤਾ[3] ਕੋਈ ਦੂਜਾ[4] ਹੋਇ ਸੁ[5] ਅਵਰੋ[6] ਕਹੀਐ[7] ॥

Thou, by Thyself, alone[2] art the Creator[2] of all. Had there been a second[4], only then[3] I would have talked[7] about another[6].

ਤੂੰ ਨਿਰੋਲ ਖ਼ੁਦ-ਬ-ਖ਼ੁਦ[2] ਹੀ ਸਾਰਿਆਂ ਦਾ ਸਿਰਜਣਹਾਰ[3] ਹੈਂ। ਜੇਕਰ ਕੋਈ ਦੂਸਰਾ[4] ਹੁੰਦਾ ਤਾਂ ਮੈਂ ਉਸ[5] ਹੋਰਸ[6] ਦਾ ਜ਼ਿਕਰ[7] ਕਰਦਾ।

ਹਰਿ ਆਪੇ[8] ਬੋਲੈ[9] ਆਪਿ ਬੁਲਾਵੈ ਹਰਿ ਆਪੇ ਜਲਿ[10] ਥਲਿ[12] ਰਵਿ ਰਹੀਐ[13] ॥

God Himslf[8] utters[9], Himself makes us utter and He Himself is pervading[13] the ocean[10] and the earth[12].

ਹਰੀ ਖ਼ੁਦ[8] ਬੋਲਦਾ[9] ਹੈ ਤੇ ਖ਼ੁਦ ਹੀ ਸਾਨੂੰ ਬੁਲਾਉਂਦਾ ਹੈ। ਵਾਹਿਗੁਰੂ ਖ਼ੁਦ ਹੀ ਸਮੁੰਦਰ[10] ਤੇ ਧਰਤੀ[12] ਵਿੱਚ ਰਮ ਰਿਹਾ[13] ਹੈ।

ਹਰਿ ਆਪੇ ਮਾਰੈ[14] ਹਰਿ ਆਪੇ ਛੋਡੈ[15] ਮਨ[16] ਹਰਿ ਸਰਣੀ[17] ਪੜਿ ਰਹੀਐ[18] ॥

God Himself destroys[14] and God Himself delivers[15]. So, O my soul[61], remain thou lying[18] under God's protection[17].

ਵਾਹਿਗੁਰੂ ਆਪ ਨਾਸ ਕਰਦਾ[14] ਹੈ ਤੇ ਆਪ ਹੀ ਰਿਹਾਈ ਬਖ਼ਸ਼ਦਾ[15] ਹੈ। ਇਸ ਲਈ ਹੇ ਮੇਰੀ ਜਿੰਦੜੀਏ[16]! ਤੂੰ ਵਾਹਿਗੁਰੂ ਦੀ ਪਨਾਹ[17] ਹੇਠਾਂ ਪਈ ਰਹੁ[18]।

ਹਰਿ ਬਿਨੁ[19] ਕੋਈ ਮਾਰਿ[20] ਜੀਵਾਲਿ[21] ਨ ਸਕੈ ਮਨ ਹੋਇ ਨਿਚਿੰਦ[22] ਨਿਸਲੁ[23] ਹੋਇ ਰਹੀਐ[24] ॥

Without[19] God none can kill[20] or animate[21]. Therefore, O my soul be unanxious[22] and abide[24] fearlessly[23].

ਵਾਹਿਗੁਰੂ ਦੇ ਬਾਝੋਂ[19] ਕੋਈ ਮਾਰ[20] ਜਾਂ ਜੁਆ[21] ਨਹੀਂ ਸਕਦਾ। ਇਸ ਲਈ, ਹੇ ਮੇਰੀ ਜਿੰਦੜੀਏ! ਬੇਫ਼ਿਕਰ[22] ਥੀ ਵੰਵ ਅਤੇ ਨਿੱਡਰ[23] ਹੋ ਕੇ ਵੱਸ[24]।

ਉਠਦਿਆ[25] ਬਹਦਿਆ[26] ਸੁਤਿਆ[27] ਸਦਾ ਸਦਾ[28] ਹਰਿ ਨਾਮੁ ਧਿਆਈਐ[29] ਜਨ[30] ਨਾਨਕ ਗੁਰਮੁਖਿ[31] ਹਰਿ ਲਹੀਐ[32] ॥੨੧॥੧॥ ਸੁਧੁ ॥

Standing[25], sitting[26] and sleeping[27] for ever and aye[28], remember[29] thou God's Name and attain[32] to God through the Guru[31], O slave[30] Nanak.

ਖਲੋਤਿਆਂ[25], ਬੈਠਿਆਂ[26] ਅਤੇ ਸੁੱਤੇ ਪਿਆਂ[27], ਸਦੀਵ ਤੇ ਹਮੇਸ਼ਾ[28] ਹੀ ਤੂੰ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰ[29], ਅਤੇ ਗੁਰਾਂ ਦੇ ਰਾਹੀਂ[31] ਵਾਹਿਗੁਰੂ ਨੂੰ ਪ੍ਰਾਪਤ[32] ਹੋ, ਹੇ (ਹਰੀ ਦੇ) ਗੋਲੇ[30] ਨਾਨਕ!

ਪ੯੫

੧ ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

There is but One God. True is His Name and creative His personality He is without tear, without enmity, immortal in form, beyond birth and self-existent. By Guru's grace He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚਾ ਹੈ ਉਸ ਦਾ ਨਾਮ, ਰਚਣਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ। ਉਹ ਨਿੱਡਰ, ਦੁਸ਼ਮਨੀ-ਰਹਿਤ, ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।

| | | |
|---|---|---|
| ਸੋਰਠਿ ਮਹਲਾ ੧<br>ਘਰੁ ੧ ਚਉਪਦੇ ॥ | Sorath Ist Guru<br>Chaupadas. | ਸੋਰਠਿ ਪਹਿਲੀ ਪਾਤਿਸ਼ਾਹੀ।<br>ਚਉਪਦੇ। |
| ਸਭਨਾ ਮਰਣਾ[33] ਆਇਆ[34] ਵੇਛੋੜਾ[35] ਸਭਨਾਹ[36] ॥ | Death[33] comes[34] to all and all[36] must suffer separation[35]. | ਮੌਤ[33] ਸਾਰਿਆਂ ਨੂੰ ਆਉਂਦੀ[34] ਹੈ ਅਤੇ ਸਾਰਿਆਂ[36] ਨੂੰ ਨਿਸਚਿਤ ਹੀ ਜੁਦਾਇਗੀ[35] ਵਾਪਰਦੀ ਹੈ। |
| ਪੁਛਹੁ[37] ਜਾਇ[38] ਸਿਆਣਿਆ[39] ਆਗੈ[40] ਮਿਲਣੁ[41] ਕਿਨਾਹ ॥ | Go[38] and ask[37] the wise[39] whether the mortals shall meet[41] hereafter[40] or not. | ਜਾ ਕੇ[38] ਦਾਨਿਆਂ[39] ਪਾਸੋਂ ਪਤਾ[37] ਕਰ ਲਓ ਕਿ ਪ੍ਰਾਣੀਆਂ ਦਾ ਏਦੂੰ ਮਗਰੋਂ[40] ਮਿਲਾਪ ਹੋਊਗਾ[41] ਕਿ ਨਹੀਂ। |
| ਜਿਨ ਮੇਰਾ ਸਾਹਿਬੁ ਵੀਸਰੈ[42] ਵਡੜੀ[43] ਵੇਦਨ[44] ਤਿਨਾਹ[45] ॥੧॥ | They[45], who forget[42] my Lord, shall suffer great[43] pain[44]. | ਜੋ ਮੇਰੇ ਸੁਆਮੀ ਨੂੰ ਭੁਲਾਉਂਦੇ[42] ਹਨ, ਉਨ੍ਹਾਂ[43] ਨੂੰ ਭਾਰੀ[43] ਤਕਲੀਫ਼[44] ਹੋਵੇਗੀ। |
| ਭੀ[46] ਸਾਲਾਹਿਹੁ[47] ਸਾਚਾ[48] ਸੋਇ[49] ॥ ਜਾ ਕੀ ਨਦਰਿ[50] ਸਦਾ[51] ਸੁਖੁ[52] ਹੋਇ ॥ ਰਹਾਉ॥ | Ever[46] praise[47] thou that[49] True Lord[48], by whose grace[50] peace[52] ever[51] prevails. Pause. | ਤੂੰ ਸਦਾ[46] ਹੀ ਉਸ[49] ਸੱਚੇ ਸੁਆਮੀ[48] ਦੀ ਸਿਫ਼ਤ ਕਰ[47]। ਜਿਸ ਦੀ ਦਇਆ[50] ਦੁਆਰਾ ਹਮੇਸ਼ਾ[51] ਆਰਾਮ ਹੁੰਦਾ[52] ਹੈ। ਠਹਿਰਾਉ। |
| ਵਡਾ[53] ਕਰਿ[54] ਸਾਲਾਹਣਾ[55] ਹੈ ਭੀ ਹੋਸੀ ਸੋਇ[50] ॥ | Deeming[54] Him great[53] sing thou His praise[55]. He[56] is, and shall ever be. | ਉਸ ਨੂੰ ਵਿਸ਼ਾਲ[53] ਜਾਣ ਕੇ[54] ਤੂੰ ਉਸ ਦੀ ਕੀਰਤੀ[55] ਗਾਇਨ ਕਰ। ਉਹ[56] ਹੈ, ਵੀ ਅਤੇ ਹੋਵੇਗਾ ਭੀ। |
| ਸਭਨਾ ਦਾਤਾ[57] ਏਕੁ ਤੂ[58] ਮਾਣਸ[59] ਦਾਤਿ[60] ਨ ਹੋਇ ॥ | Thou alone[58] art the Beneficent Lord[57] of all. A man[59] cannot make any gift[60]. | ਕੇਵਲ[58] ਤੂੰ ਹੀ ਸਾਰਿਆਂ ਦਾ ਦਾਤਾਰ[57] ਸੁਆਮੀ ਹੈਂ। ਜੀਵ[59] ਕੋਈ ਬਖਸ਼ੀਸ਼[60] ਦੇ ਨਹੀਂ ਸਕਦਾ। |
| ਜੋ[61] ਤਿਸੁ[62] ਭਾਵੈ[63] ਸੋ[64] ਥੀਐ[65] ਰੰਨ[66] ਕਿ[67] ਰੁੰਨੈ[68] ਹੋਇ ॥੨॥ | Whatever[61] pleases[63] Him[62], that[64] takes place[65]. What[67] can wailing[68] like a woman[66] achieve ? | ਜਿਹੜਾ[61] ਕੁਛ ਉਸ[62] ਨੂੰ ਚੰਗਾ ਲਗਦਾ[63] ਹੈ, ਉਹੀ[64] ਹੁੰਦਾ[65] ਹੈ। ਜ਼ਨਾਨੀਆਂ[66] ਵਾਂਗੂ ਵਿਰਲਾਪ ਕਰਨ[68] ਨਾਲ ਕੀ[67] ਪਰਾਪਤ ਹੋ ਸਕਦਾ ਹੈ ? |
| ਧਰਤੀ[69] ਉਪਰਿ[70] ਕੋਟ[71] ਗੜ[72] ਕੇਤੀ[73] ਗਈ[74] ਵਜਾਇ[75] ॥ | Good many[73] have departed[74] after having proclaimed[75] sovereignty over millions[71] of fortresses[72] on[70] earth[69]. | ਅਨੇਕ[73] ਹੀ ਜ਼ਿਮੀਂ[69] ਉਤੇ[70], ਕ੍ਰੋੜਾਂ[71] ਹੀ ਕਿਲ੍ਹਿਆਂ[72] ਤੇ ਰਾਜ ਦੇ ਵਾਜੇ ਵਜਾ[75] ਕੇ ਟੁਰ ਗਏ[74] ਹਨ। |
| ਜੋ ਅਸਮਾਨਿ[76] ਨ ਮਾਵਨੀ[77] ਤਿਨ ਨਕਿ[78] ਨਥਾ[79] ਪਾਇ ॥ | They, whom the sky[76] could not contain[77], had ropes[79] put through their noses[78]. | ਜਿਹੜੇ ਅੰਬਰ[76] ਅੰਦਰ ਨਹੀਂ ਸਮਾਉਂਦੇ[77] ਸਨ, ਉਨ੍ਹਾਂ ਦਿਆਂ ਨੱਕਾਂ[78] ਅੰਦਰ ਨਕੇਲਾਂ[79] ਪਾ ਦਿੱਤੀਆਂ ਗਈਆਂ। |
| ਜੇ[80] ਮਨ[81] ਜਾਣਹਿ[82] ਸੂਲੀਆ[83] ਕਾਹੇ[84] ਮਿਠਾ[85] ਖਾਹਿ[86] ॥੩॥ | O man[81], wert[80] thee to remember[82] the prickles[83] (future torments), why[84] shouldest thee relish[86] the sweet[85] (lure of sins). | ਹੇ ਬੰਦੇ[81]! ਜੇਕਰ[80] ਤੂੰ ਸੂਲਾਂ ਭਵਿਖਤ ਦੇ ਤਸੀਹਿਆਂ (ਕੰਡਿਆਂ[83]) ਨੂੰ ਯਾਦ ਰਖੇਂ[82], ਤਾਂ ਤੂੰ ਕਿਉਂ[84] ਵਿਸ਼ਿਆਂ ਨੂੰ ਭੋਗੇਂ ਜਾਂ ਪਾਪ ਦੇ ਮਿਠੇ[85] ਨੂੰ ਖਾਵੇਂ[86]। |
| ਨਾਨਕ ਅਉਗੁਣ[87] ਜੇਤੜੇ[88] | Nanak as many[88] as are the sins[87], so | ਨਾਨਕ, ਜਿਨੇ[88] ਪਾਪ[87] ਹਨ, ਉਨੇ[89] ਹੀ ਇਨਸਾਨ ਦੀ |

| | | |
|---|---|---|
| ਤੇਤੇ[89] ਗਲੀ[90] ਜੰਜੀਰ[91] ॥ | many[89] are the chains[91] around man's neck[90]. | ਗਰਦਨ[90] ਦੁਆਲੇ ਸੰਗਲ[91] ਹਨ। |
| ਜੇ[92] ਗੁਣ[93] ਹੋਨਿ ਤ[94] ਕਟੀਅਨਿ[95] ਸੇ[96] ਭਾਈ[97] ਸੇ ਵੀਰ[98] ॥ | If[92] he possesses virtues[93], then[94] his chains are cut off[95]; those[96] virtues are his brethren[97] and those his brothers[98]. | ਜੇਕਰ[92] ਉਸ ਦੇ ਕੋਲ ਨੇਕੀਆਂ[93] ਹਨ, ਤਦ[94] ਉਸ ਦੇ ਸੰਗਲ ਵਢੇ ਜਾਂਦੇ[95] ਹਨ। ਉਹ[96] ਨੇਕੀਆਂ ਹੀ ਉਸ ਦੇ ਭਰਾ[97] ਹਨ ਅਤੇ ਓਹੀ ਉਸ ਦੇ ਅੰਮਾ ਜਾਏ[98]। |
| ਅਗੈ[99] ਗਏ[100] ਨ ਮੰਨੀਅਨਿ[2] ਮਾਰਿ[3] ਕਢਹੁ[4] ਵੇਪੀਰ[5] ॥੪॥੧॥ | Reaching[100] Yond[99], they, who are without the Guru[5], are not accepted[2]. They are beaten[3] and expelled[4]. | ਪਰਲੋਕ[99] ਵਿਚ ਗਏ ਹੋਏ[100], ਜੋ ਗੁਰੂ-ਵਿਹੂਣ[5] ਹਨ, ਉਹ ਪਰਵਾਨ ਨਹੀਂ ਹੁੰਦੇ[2]। ਕੁਟ ਮਾਰ ਕੇ[3] ਉਹ ਕੱਢ ਦਿਤੇ ਜਾਂਦੇ[5] ਹਨ। |
| **ਸੋਰਠਿ ਮਹਲਾ ੧ ਘਰੁ ੧ ॥** | **Sorath Ist Guru.** | **ਸੋਰਠਿ ਪਹਿਲੀ ਪਾਤਸ਼ਾਹੀ** |
| ਮਨੁ[6] ਹਾਲੀ[7] ਕਿਰਸਾਣੀ[8] ਕਰਣੀ[9] ਸਰਮੁ[10] ਪਾਣੀ[12] ਤਨੁ[13] ਖੇਤੁ[14] ॥ | Make thy mind[6] the ploughman[7], good deed[9] the farming[8], modesty[10] the water[12] and thy body[13] the field[14]. | ਆਪਣੇ ਮਨ[6] ਨੂੰ ਹਲ ਵਾਹੁਣ[7] ਵਾਲਾ, ਚੰਗੇ[9] ਅਮਲਾਂ ਨੂੰ ਖੇਤੀਬਾੜੀ[8], ਲੱਜਿਆ[10] ਨੂੰ ਜਲ[12] ਅਤੇ ਆਪਣੀ ਦੇਹ[13] ਨੂੰ ਪੈਲੀ[14] ਬਣਾ। |
| ਨਾਮੁ ਬੀਜੁ[15] ਸੰਤੋਖੁ[16] ਸੁਹਾਗਾ[17] ਰਖੁ[18] ਗਰੀਬੀ[19] ਵੇਸੁ[20] ॥ | Let Lord's Name be thy seed[15], contentment[16] the earth-crusher[17] and garb[20] of humility[19] thy fence[18]. | ਪ੍ਰਭੂ ਦਾ ਨਾਮ ਤੇਰਾ ਬੀ[15], ਸਬਰ[16] ਪੈਲੀ ਪਧਰ ਕਰਨ ਵਾਲਾ ਸੁਹਾਗਾ[17] ਅਤੇ ਨਿਮ੍ਰਿਤਾ[19] ਦਾ ਬਾਣਾ[20] ਤੇਰੀ ਵਾੜ[18] ਹੋਵੇ। |
| ਭਾਉ[21] ਕਰਮ[22] ਕਰਿ[23] ਜੰਮਸੀ[24] ਸੇ[25] ਘਰ[26] ਭਾਗਠ[27] ਦੇਖੁ[28] ॥੧॥ | Doing[23] deeds[22] of love[21], the seed shall germinate[24] and flourishing[27] then thou shalt see[28] such[25] a home[26]. | ਪ੍ਰੇਮ[21] ਦੇ ਕੰਮ[22] ਕਰਨ[23] ਨਾਲ ਬੀ ਉਗ ਪਊਗਾ[24]। ਤਦ ਤੂੰ ਐਹੋ ਜੇਹੇ[25] ਹਿਰਦੇ[26] ਨੂੰ ਭਾਗਾਂ[27] ਵਾਲਾ ਵਧਦਾ ਫੁਲਦਾ ਵੇਖੇਂਗਾ[28]। |
| ਬਾਬਾ[29] ਮਾਇਆ[30] ਸਾਥਿ[31] ਨ ਹੋਇ ॥ | O sire[29], wealth[30] goes not with[31] the man. | ਹੇ ਬਾਬਾ[29]! ਦੌਲਤ[30] ਆਦਮੀ ਦੇ ਨਾਲ[31] ਨਹੀਂ ਜਾਂਦੀ। |
| ਇਨਿ[32] ਮਾਇਆ[33] ਜਗੁ[34] ਮੋਹਿਆ[35] ਵਿਰਲਾ[36] ਬੂਝੈ[37] ਕੋਇ[38] ॥ਰਹਾਉ॥ | This[32] mammon[33] has bewitched[35] the world[34] and some[38] rare person[36] understands[37] this. Pause. | ਇਸ[32] ਮੋਹਣੀ[33] ਨੇ ਸੰਸਾਰ[34] ਨੂੰ ਮੋਹਤ ਕਰ ਲਿਆ[35] ਹੈ। ਕੋਈ[38] ਟਾਂਵਾਂ-ਟੱਲਾ ਪੁਰਸ਼[36] ਹੀ ਇਸ ਗੱਲ ਨੂੰ ਸਮਝਦਾ[37] ਹੈ। ਠਹਿਰਾਉ। |
| ਹਾਣੁ[39] ਹਟੁ[40] ਕਰਿ[41] ਆਰਜਾ[42] ਸਚੁ ਨਾਮੁ ਕਰਿ ਵਥੁ[43] ॥ | Make[41] the ever-decreasing[39] age[42] thy shop[40] and make the Lord's True Name thy merchandise[43]. | ਸਦਾ ਘਟਣ[39] ਵਾਲੀ ਉਮਰ[42] ਨੂੰ ਆਪਣੀ ਦੁਕਾਨ[40] ਬਣਾ[41] ਤੇ ਸਾਈਂ ਦੇ ਸੱਚੇ ਨਾਮ ਨੂੰ ਆਪਣਾ ਸੌਦਾ-ਸੂਤ ਬਣਾ। |
| ਸੁਰਤਿ[44] ਸੋਚ[45] ਕਰਿ[46] ਭਾਂਡਸਾਲ[47] ਤਿਸੁ[48] ਵਿਚਿ[49] ਤਿਸ[50] ਨੋ ਰਖੁ[51] ॥ | Make[46] understanding[44] and meditation[45] thy ware-house[47] and in[49] that[48] ware-house, put[51] thou the[50] True Name. | ਸਮਝ[44] ਅਤੇ ਸਿਮਰਨ[45] ਨੂੰ ਆਪਣਾ ਮਾਲ ਗੁਦਾਮ[47] ਬਣਾ[46] ਅਤੇ ਉਸ[48] ਮਾਲ-ਗੁਦਾਮ ਅੰਦਰ[49] ਤੂੰ ਉਸ[50] ਸੱਚੇ ਨਾਮ ਨੂੰ ਟਿਕਾ[51]। |

ਵਣਜਾਰਿਆ[52] ਸਿਉ[53] ਵਣਜੁ[54] ਕਰਿ ਲੈ[55] ਲਾਹਾ[56] ਮਨ[57] ਹਸੁ[58] ॥੨॥

Have dealings[54] with[53] the Lord's dealers[52] and gaining[55] the profit[56] rejoice[58] in thy mind[57].

ਪ੍ਰਭੂ ਦੇ ਵਾਪਾਰੀਆਂ[52] ਨਾਲ[53] ਵਾਪਾਰ[54] ਕਰ ਅਤੇ ਨਫ਼ਾ[56] ਉਠਾ ਕੇ[55] ਆਪਣੇ ਚਿੱਤ[57] ਵਿੱਚ ਖੁਸ਼[58] ਹੋ ।

ਸੁਣਿ ਸਾਸਤ[59] ਸਉਦਾਗਰੀ[60] ਸਤੁ[61] ਘੋੜੇ[62] ਲੈ ਚਲੁ[63] ॥

Let the hearing of scriptures[59] be thy trade[60] and truth[61] the horses[62], thou takest[63] to sell.

ਧਾਰਮਕ ਪੁਸਤਕਾਂ[59] ਦਾ ਸੁਣਨਾ ਤੇਰਾ ਵਣਜ-ਵਪਾਰ[60] ਹੋਵੇ ਅਤੇ ਵੇਚਣ ਨੂੰ ਲੈ ਜਾਣ[63] ਲਈ ਸੱਚ[61] ਤੇਰੇ ਘੋੜੇ[62] ।

ਖਰਚੁ[64] ਬੰਨੁ[65] ਚੰਗਿਆਈਆ[66] ਮਤੁ[67] ਮਨ[68] ਜਾਣਹਿ[69] ਕਲੁ[70] ॥

Tie up[65] merits[66] for thy travelling expenses[64] and in thy mind[68] think[69] thou not[67] of to-morrow[70].

ਰਸਤੇ ਦੇ ਖਰਚ[64] ਲਈ ਤੂੰ ਨੇਕੀਆਂ[66] ਪੱਲੇ ਬੰਨ੍ਹ[65] ਲੈ ਤੇ ਆਪਣੇ ਚਿੱਤ[68] ਵਿੱਚ ਆਉਣ ਵਾਲੀ ਸਵੇਰ[70] ਦਾ ਖਿਆਲ[69] ਨਾ[67] ਕਰ ।

ਨਿਰੰਕਾਰ[71] ਕੈ ਦੇਸਿ[72] ਜਾਹਿ[73] ਤਾ[74] ਸੁਖਿ[75] ਲਹਹਿ[76] ਮਹਲੁ[77] ॥੩॥

When thou shalt arrive[73] in the land[72] of the Formless Lord[71], then[74], shalt thou obtain[76] peace[75] at His palace[77].

ਜਦ ਤੂੰ ਰੂਪ-ਰਹਿਤ ਸਾਂਈ[71] ਦੇ ਵਤਨ[72] ਵਿੱਚ ਪੁੱਜੇਂਗਾ[73], ਤਦ[74] ਤੂੰ ਉਸ ਦੇ ਮੰਦਰ[77] ਅੰਦਰ ਆਰਾਮ[75] ਪਾਵੇਂਗਾ[76] ।

**ਪ੫੯੬**

ਲਾਇ[78] ਚਿਤੁ[79] ਕਰਿ[86] ਚਾਕਰੀ[81] ਮੰਨਿ[82] ਨਾਮੁ ਕਰਿ ਕੰਮੁ[83] ॥

Make[86] the fixing[78] of attention[79] thy service[81] and faith[82] in the Name thy occupation[83].

ਬਿਰਤੀ[79] ਜੋੜਨ[78] ਨੂੰ ਆਪਣੀ ਨੌਕਰੀ[81] ਬਣਾ[80] ਅਤੇ ਨਾਮ ਦੇ ਵਿੱਚ ਭਰੋਸੇ[82] ਨੂੰ ਆਪਣਾ ਕਾਰ-ਵਿਹਾਰ[83] ਬਣਾ ।

ਬੰਨੁ[84] ਬਦੀਆ[85] ਕਰਿ[86] ਧਾਵਣੀ[87] ਤਾ ਕੋ[88] ਆਖੈ[89] ਧੰਨੁ[90] ॥

Make[86] the restraint[34] of sins[85] thy effort[87] and then alone[88] shall people call[89] thee blessed[90].

ਪਾਪਾਂ[85] ਦੀ ਰੋਕਥਾਮ[84] ਨੂੰ ਆਪਣਾ ਆਹਰ ਉਪਰਾਲਾ[87] ਬਣਾ[86] । ਕੇਵਲ[88] ਤਦ ਹੀ ਲੋਕ ਤੈਨੂੰ ਸ਼ਾਬਾਸ਼ੇ[90] ਕਹਿਣਗੇ[89] ।

ਨਾਨਕ ਵੇਖੈ[91] ਨਦਰਿ[92] ਕਰਿ ਚੜੈ[93] ਚਵਗਣ[94] ਵੰਨੁ[95] ॥ ੪॥੨॥

Nanak, the Lord shall then look[91] on thee with favour[92] and thou shalt be imbued[93] with fourfold[94] honour[95].

ਨਾਨਕ, ਪ੍ਰਭੂ ਤਦ ਤੈਨੂੰ ਮਿਹਰਬਾਨੀ[92] ਨਾਲ ਦੇਖੇਗਾ[90] ਅਤੇ ਤੂੰ ਚਾਰ ਗੁਣੇ[94] ਰੰਗ[95] ਨਾਲ ਰੰਗਿਆ[93] ਜਾਵੇਂਗਾ ।

ਸੋਰਠਿ ਮ: ੧ ਚਉਤੁਕੇ ॥

Sorath Ist Guru. Chautukas.

ਸੋਰਠਿ ਪਹਿਲੀ ਪਾਤਿਸ਼ਾਹੀ । ਚਾਰ ਤੁਕੇ ।

ਮਾਇ[96] ਬਾਪ[97] ਕੋ ਬੇਟਾ[98] ਨੀਕਾ[99] ਸਸੁਰੈ[100] ਚਤੁਰੁ[2] ਜਵਾਈ[3] ॥

To mother[96] and father[97] their son[98] is dear[99] and to the father-in-law[100] the wise[2] son-in-law[3].

ਮਾਤ[96] ਪਿਤਾ[97] ਨੂੰ ਆਪਣਾ ਪੁੱਤ੍ਰ[98] ਪਿਆਰਾ[99] ਹੈ ਅਤੇ ਸਹੁਰੇ[100] ਨੂੰ ਸਿਆਣਾ[2] ਜੁਆਈ[3] ।

ਬਾਲ[4] ਕੰਨਿਆ[5] ਕੌ ਬਾਪੁ[6] ਪਿਆਰਾ[7] ਭਾਈ[8] ਕੌ ਅਤਿ[9] ਭਾਈ ॥

To the boy[4] and girl[5], their father[6] is very[9] sweet[7] and to a brother[8], the brother.

ਬੱਚੇ[4] ਤੇ ਬੱਚੀ[5] ਨੂੰ ਆਪਣਾ ਪਿਤਾ[6] ਬਹੁਤ[9] ਪਿਆਰਾ[7] ਹੈ ਅਤੇ ਭਰਾ[8] ਨੂੰ ਭਰਾ ।

ਹੁਕਮੁ[10] ਭਇਆ[12] ਬਾਹਰੁ[13] ਘਰੁ[14] ਛੋਡਿਆ[15] ਖਿਨ[16]

On the issuing[12] of Lord's command[10], the mortal leaves[15]

ਸਾਹਿਬ ਦਾ ਫ਼ੁਰਮਾਨ[10] ਜਾਰੀ[12] ਹੋਣ ਤੇ ਪ੍ਰਾਣੀ ਘਰ[14] ਤੇ ਬਾਹਰਵਾਰ[13] ਨੂੰ ਤਿਆਗ ਦਿੰਦਾ[15] ਹੈ ਅਤੇ ਇਕ

| | | |
|---|---|---|
| ਮਹਿ[17] ਭਈ ਪਰਾਈ[18] ॥ | home[14] for abroad[13] and in[17] a moment[16] everpthing becomes alien[18]. | ਮੁਹਤ[16] ਵਿੱਚ[17] ਹਰ ਸ਼ੈ ਬਿਗਾਨੀ[18] ਹੋ ਜਾਂਦੀ ਹੈ । |
| ਨਾਮੁ ਦਾਨੁ[19] ਇਸਨਾਨੁ[20] ਨ ਮਨਮੁਖਿ[21] ਤਿਤੁ[22] ਤਨਿ[23] ਧੂੜਿ[24] ਧੁਮਾਈ[25] ॥੧॥ | An apostate[21] remembers not the Name, gives not in charity[19], takes not the bath[20] and so his[22] body[23] rolls[25] in dust[24]. | ਅਧਰਮੀ[21] ਨਾਮ ਨੂੰ ਨਹੀਂ ਸਿਮਰਦਾ, ਪੁੰਨ-ਦਾਨ[19] ਨਹੀਂ ਕਰਦਾ, ਅੰਤ੍ਰੀਵ ਗੁਸਲ[20] ਨਹੀਂ ਲੈਂਦਾ ਤੇ ਇਸ ਲਈ ਉਸ ਦੀ[22] ਦੇਹ[23] ਘੱਟੇ[24] ਵਿੱਚ ਰੁਲਦੀ[25] ਹੈ । |
| ਮਨੁ[26] ਮਾਨਿਆ[27] ਨਾਮੁ ਸਖਾਈ[28] ॥ | With God's Name, the succour[28], my soul[26] is comforted[27]. | ਸਹਾਇਕ[28], ਵਾਹਿਗੁਰੂ ਦੇ ਨਾਮ ਨਾਲ ਮੇਰੀ ਜਿੰਦੜੀ[26] ਸੁਖੀ[27] ਹੋ ਗਈ ਹੈ । |
| ਪਾਇ[29] ਪਰਉ[30] ਗੁਰ ਕੈ ਬਲਿਹਾਰੈ[31] ਜਿਨਿ ਸਾਚੀ ਬੂਝ[32] ਬੁਝਾਈ[33] ॥ਰਹਾਉ॥ | I repair[30] to the Guru's feet[29] and am a sacrifice[31] unto him, who has imparted[33] to me the true understanding[32]. Pause. | ਮੈਂ ਗੁਰਾਂ ਦੇ ਪੈਰੀਂ[29] ਪੈਂਦਾ[30] ਹਾਂ ਅਤੇ ਉਨ੍ਹਾਂ ਉਤੋਂ ਕੁਰਬਾਨ[31] ਜਾਂਦਾ ਹਾਂ, ਜਿਨ੍ਹਾਂ ਨੇ ਮੈਨੂੰ ਸੱਚੀ ਸਮਝ[32] ਦਰਸਾ ਦਿੱਤੀ[33] ਹੈ । ਠਹਿਰਾਉ । |
| ਜਗ[34] ਸਿਉ[35] ਝੂਠ[36] ਪ੍ਰੀਤਿ[37] ਮਨੁ[38] ਬੇਧਿਆ[39] ਜਨ[40] ਸਿਉ ਵਾਦੁ[41] ਰਚਾਈ[42] ॥ | The self-willed person[38] is impressed[39] with[35] the false[36] love[37] of the world[34] and picks up[42] quarrel[41] with the Lord's slave[40]. | ਆਪ-ਹੁਦਰਾ ਪੁਰਸ਼[38] ਜਗਤ[34] ਦੇ ਕੂੜੇ[36] ਪਿਆਰ[37] ਨਾਲ[35] ਵਿੰਨ੍ਹਿਆ ਹੋਇਆ[39] ਹੈ ਅਤੇ ਸੁਆਮੀ ਦੇ ਗੋਲੇ[40] ਨਾਲ ਝਗੜਾ[41] ਖੜਾ[42] ਕਰਦਾ ਹੈ । |
| ਮਾਇਆ[43] ਮਗਨੁ[44] [45]ਅਹਿਨਿਸਿ[46] ਮਗੁ[47] ਜੋਹੈ[48] ਨਾਮੁ ਨ ਲੇਵੈ[50] ਮਰੈ ਬਿਖੁ[49] ਖਾਈ ॥ | All-absorbed[44] in riches[43], day[45] and night[46], he spies[48] its path[47], utters[50] not the Name and dies by taking poison[49]. | ਧਨ-ਦੌਲਤ[43] ਅੰਦਰ ਗਲਤਾਨ[44] ਹੋਇਆ ਹੋਇਆ ਉਹ ਇਸ ਦੇ ਰਸਤੇ[47] ਨੂੰ ਤਕਾਉਂਦਾ[48] ਹੈ । ਨਾਮ ਦਾ ਉਚਾਰਨ[50] ਨਹੀਂ ਕਰਦਾ ਅਤੇ ਜ਼ਹਿਰ[49] ਖਾ ਕੇ ਮਰ ਜਾਂਦਾ ਹੈ । |
| ਗੰਧਣ[51] ਵੈਣਿ[52] ਰਤਾ[53] ਹਿਤਕਾਰੀ[54] ਸਬਦੈ[55] ਸੁਰਤਿ[56] ਨ ਆਈ ॥ | Imbued[53] with the vicious[51] talk[52], he has been enamoured[54] by it and thinks[56] not of the Name[55]. | ਗੰਦੀਆਂ[51] ਗੱਲਾਂ[52] ਨਾਲ ਰੰਗੀਜ[53], ਉਹ ਉਨ੍ਹਾਂ ਦਾ ਆਸ਼ਿਕ[54] ਹੋ ਗਿਆ ਹੈ ਅਤੇ ਨਾਮ[55] ਵਲ ਧਿਆਨ[56] ਹੀ ਨਹੀਂ ਦਿੰਦਾ । |
| ਰੰਗਿ[57] ਨ ਰਾਤਾ[58] ਰਸਿ[59] ਨਹੀ ਬੇਧਿਆ[60] ਮਨਮੁਖਿ[61] ਪਤਿ[62] ਗਵਾਈ[63] ॥੨॥ | He is neither imbued[58] with the Lord's love[57], nor is he impressed[60] with the Name's relish[59]. So the infidel[61] loses[63] his honour[62]. | ਨਾ ਹੀ ਉਹ ਪ੍ਰਭੂ ਦੇ ਪ੍ਰੇਮ[57] ਨਾਲ ਰੰਗੀਜਿਆ[58] ਹੈ, ਨਾ ਹੀ ਉਹ ਨਾਮ ਦੇ ਸੁਆਦ[59] ਨਾਲ ਵਿੰਨ੍ਹਿਆ ਗਿਆ[60] ਹੈ । ਸੋ ਮਲੇਛ[61] ਆਪਣੀ ਇੱਜ਼ਤ ਆਬਰੂ[62] ਗੁਆ ਲੈਂਦਾ[63] ਹੈ । |
| ਸਾਧ ਸਭਾ[64] ਮਹਿ[65] ਸਹਜੁ[66] ਨ ਚਾਖਿਆ[67] ਜਿਹਬਾ[68] ਰਸੁ[69] ਨਹੀ ਰਾਈ[70] ॥ | In[65] the saints' society[64], he enjoys[67] not Divine equanimity[66] and in his tongue[68] there is not even an iota[70] of sweetness[69]. | ਸਤਿਸੰਗਤ[64] ਅੰਦਰ[65] ਉਹ ਈਸ਼ਵਰੀ ਖ਼ੁਸ਼ੀ[66] ਨੂੰ ਨਹੀਂ ਮਾਣਦਾ[67] ਅਤੇ ਉਸ ਦੀ ਜੀਭ[68] ਵਿੱਚ ਭੋਰਾ ਭਰ[70] ਭੀ ਮਿਠਾਸ[69] ਨਹੀਂ । |
| ਮਨੁ ਤਨੁ[71] ਧਨੁ[72] ਅਪੁਨਾ[73] ਕਰਿ[74] ਜਾਨਿਆ ਦਰ[75] ਕੀ ਖਬਰਿ[76] ਨ ਪਾਈ ॥ | The mind, body[71] and wealth[72], he deems as[74] his own[73] and has no knowledge[76] of the Lord's court[75]. | ਮਨ, ਦੇਹ[71] ਅਤੇ ਦੌਲਤ[72] ਨੂੰ ਉਹ ਆਪਣੇ ਨਿੱਜ ਦੇ[73] ਕਰ ਕੇ[74] ਜਾਣਦਾ ਹੈ ਤੇ ਸਾਂਈਂ ਦੇ ਦਰਬਾਰ[75] ਦੀ ਉਸ ਨੂੰ ਗਿਆਤ[76] ਨਹੀਂ । |

| | | |
|---|---|---|
| ਅਖੀ[77] ਮੀਟਿ[78] ਚਲਿਆ[79] ਅੰਧਿਆਰਾ[80] ਘਰੁ ਦਰੁ[81] ਦਿਸੈ[82] ਨ ਭਾਈ[83] ॥ | Closing[78] his eyes[77], he walks[79] in darkness[80] and sees[82] not his hearth and home[81], O brother[83]. | ਅਜੇਹਾ ਬੰਦਾ ਆਪਣੇ ਨੇਤ੍ਰ[77] ਬੰਦ[78] ਕਰਕੇ ਅਨ੍ਹੇਰੇ[80] (ਅਗਿਆਨਤਾ) ਵਿੱਚ ਤੁਰਦਾ[79]ਹੈ ਅਤੇ ਉਸ ਨੂੰ ਆਪਣਾ ਘਰ ਬਾਰ[81] (ਅਸਲ ਟਿਕਾਣਾ) ਨਹੀਂ ਦਿਸਦਾ[83], ਹੇ ਵੀਰ[83] ! |
| ਜਮ[84] ਦਰਿ[85] ਬਾਧਾ[86] ਠਉਰ[87] ਨ ਪਾਵੈ ਅਪੁਨਾ ਕੀਆ[88] ਕਮਾਈ[89] ॥੩॥ | Bound down[86] at death's[84] door[85], he finds no place[87] of rest and reaps the fruit[89] of his actions[88]. | ਮੌਤ[84] ਦੇ ਬੂਹੇ[85] ਤੇ ਬੰਨ੍ਹੇ ਹੋਏ[86] ਨੂੰ, ਕੋਈ ਆਰਾਮ ਦੀ ਥਾਂ[87] ਨਹੀਂ ਮਿਲਦੀ ਤੇ ਉਹ ਆਪਣੇ ਕਰਮਾਂ[88] ਦਾ ਫਲ ਭੁਗਤਦਾ[89] ਹੈ । |
| ਨਦਰਿ[90] ਕਰੇ[91] ਤਾ[92] ਅਖੀ ਵੇਖਾ ਕਹਣਾ[93] ਕਥਨੁ[94] ਨ ਜਾਈ ॥ | When the Lord casts[91] His merciful glance[90], then I see with my own eyes Him, the Ineffable[93] and Indescribable[94]. | ਜਦ ਪ੍ਰਭੂ ਆਪਣੀ ਮਿਹਰ ਦੀ ਨਿਗ੍ਹਾ[90] ਧਾਰਦਾ[91] ਹੈ, ਤਦ[92] ਹੀ ਮੈਂ ਆਪਣੀਆਂ ਅੱਖਾਂ ਨਾਲ ਉਸ ਨੂੰ ਵੇਖਦਾ ਹਾਂ ਜੋ ਅਕੱਥ[93] ਅਤੇ ਵਰਨਣ-ਰਹਿਤ[94] ਹੈ । |
| ਕੰਨੀ[95] ਸੁਣਿ ਸੁਣਿ[96] ਸਬਦਿ[97] ਸਲਾਹੀ[98] ਅੰਮ੍ਰਿਤੁ[99] ਰਿਦੈ[100] ਵਸਾਈ[2] ॥ | With mine ears[95] I continuously hear[96] of God[97] and praise[98] Him; His ambrosial[99] Name I enshrine[2] within my mind[100]. | ਆਪਣਿਆਂ ਕੰਨਾਂ[95] ਨਾਲ ਮੈਂ ਵਾਹਿਗੁਰੂ[97] ਬਾਰੇ ਲਗਾਤਾਰ ਸ੍ਰਵਣ ਕਰਦਾ[96] ਹਾਂ ਅਤੇ ਉਸ ਦੀ ਸਿਫ਼ਤ ਕਰਦਾ[98] ਹਾਂ । ਉਸ ਦਾ ਸੁਧਾ-ਸਰੂਪ[99] ਨਾਮ ਮੈਂ ਆਪਣੇ ਮਨ[100] ਵਿੱਚ ਟਿਕਾਉਂਦਾ[2] ਹਾਂ । |
| ਨਿਰਭਉ[3] ਨਿਰੰਕਾਰੁ[3*] ਨਿਰਵੈਰੁ[4] ਪੂਰਨ[5] ਜੋਤਿ[6] ਸਮਾਈ[7] ॥ | I am absorbed[7] in the perfect[5] Light[6] of the Lord, who is without-fear[3], without form and without enmity. | ਮੈਂ ਨਿਡਰ[3], ਸਰੂਪ-ਰਹਿਤ[3*] ਅਤੇ ਦੁਸ਼ਮਨੀ-ਰਹਿਤ[4] ਪ੍ਰਭੂ ਦੇ ਪੂਰੇ[5] ਪ੍ਰਕਾਸ਼[6] ਅੰਦਰ ਲੀਨ ਹੋ ਗਿਆ[7] ਹਾਂ । |
| ਨਾਨਕ ਗੁਰ ਵਿਣੁ[8] ਭਰਮੁ[9] ਨ ਭਾਗੈ[10] ਸਚਿ ਨਾਮਿ ਵਡਿਆਈ[12] ॥੪॥੩॥ | Nanak, without[8] the Guru, doubt[9] is dispelled[10] not and it is through the True Name, that honour[12] is obtained. | ਨਾਨਕ, ਗੁਰਾਂ ਦੇ ਬਾਝੋਂ[8], ਸੰਦੇਹ[9] ਦੂਰ ਨਹੀਂ ਹੁੰਦਾ । ਸੱਚੇ ਨਾਮ ਦੇ ਰਾਹੀਂ ਹੀ ਬਜ਼ੁਰਗੀ[12] ਪ੍ਰਾਪਤ ਹੁੰਦੀ ਹੈ । |
| ਸੋਰਠਿ ਮਹਲਾ ੧ ਦੁਤੁਕੇ ॥ | Sorath 1st Guru Dotukas. | ਸੋਰਠਿ ਪਹਿਲੀ ਪਾਤਸ਼ਾਹੀ ਦੁਤੁਕੇ । |
| ਪੁੜੁ[13] ਧਰਤੀ[14] ਪੁੜੁ ਪਾਣੀ[15] ਆਸਣੁ[16] ਚਾਰਿ[17] ਕੁੰਟ[18] ਚਉਬਾਰਾ[19] ॥ | In the region[13] of land[14], the region of water[15] and the mansion[19] of four[17] directions[18], is Thine seat[16], O Lord. | ਜ਼ਿਮੀ[14] ਦੇ ਖਿੱਤੇ[13], ਜਲ[15] ਦੇ ਖਿੱਤੇ ਅਤੇ ਚਹੁੰ[17] ਦਿਸ਼ਾਂ[18] ਦੇ ਮੰਦਰ[19] ਅੰਦਰ ਤੇਰਾ ਟਿਕਾਣਾ[16] ਹੈ, ਹੇ ਪ੍ਰਭੂ ! |
| ਸਗਲ[20] ਭਵਣ[21] ਕੀ ਮੂਰਤਿ[22] ਏਕਾ[23] ਮੁਖਿ[24] ਤੇਰੈ ਟਕਸਾਲਾ[25] ॥੧॥ | O Master, Thine is the only[23] personality[22] to fashion the entire[20] universe[21] and the word of Thy mouth[24] is the mint[25]. | ਹੇ ਮਾਲਕ ! ਕੇਵਲ[23] ਤੇਰੀ ਵਿਅਕਤੀ[22] ਹੀ ਸਮੂਹ[20] ਆਲਮ[21] ਨੂੰ ਸਾਜਣ ਵਾਲੀ ਹੈ ਤੇ ਤੇਰੇ ਮੂੰਹ[24] ਦਾ ਬਚਨ ਹੀ ਸਿੱਕ-ਸ਼ਾਲਾ[25] ਹੈ । |
| ਮੇਰੇ ਸਾਹਿਬਾ ਤੇਰੇ ਚੋਜ[26] ਵਿਡਾਣਾ[27] ॥ | O my Lord, wondrous[27] art Thine plays[26]. | ਹੇ ਮੇਰੇ ਮਾਲਕ ! ਅਦਭੁੱਤ[27] ਹਨ ਤੇਰੇ ਕੌਤਕ[26] । |
| ਜਲਿ[28] ਥਲਿ[29] ਮਹੀਅਲਿ[30] ਭਰਿਪੁਰਿ[31] ਲੀਣਾ[32] ਆਪੇ[23] | Thou art fully[31] pervading[32] the ocean[28], earth[29] and the sky[30] and | ਤੂੰ ਸਮੁੰਦਰ[28], ਧਰਤੀ[29] ਅਤੇ ਆਕਾਸ਼[30] ਅੰਦਰ ਪੂਰੀ ਤਰ੍ਹਾਂ[31] ਵਿਆਪਕ ਹੋ ਰਿਹਾ[32] ਹੈਂ ਅਤੇ ਖ਼ੁਦ[33] ਹੀ |

| | | |
|---|---|---|
| ਸਰਬ[34] ਸਮਾਣਾ[35] ॥ਰਹਾਉ॥ | Thyself[33] art contained[35] amongst all[34]. Pause. | ਸਾਰਿਆਂ[34] ਅੰਦਰ ਰਮਿਆ ਹੋਇਆ[35] ਹੈਂ । ਠਹਿਰਾਉ । |
| ਜਹ ਜਹ[36] ਦੇਖਾ ਤਹ[37] ਜੋਤਿ[38] ਤੁਮਾਰੀ ਤੇਰਾ ਰੂਪੁ[39] ਕਿਨੇਹਾ[40] ॥ | Where-so-ever[36] I see, there[37] do I find Thy light[38]. But of what[40] sort is Thy Form[39] ? | ਜਿੱਥੇ ਕਿਤੇ[36] ਭੀ ਮੈਂ ਵੇਖਦਾ ਹਾਂ, ਉੱਥੇ[27] ਹੀ ਮੈਂ ਤੇਰਾ ਪ੍ਰਕਾਸ਼[38] ਪਾਉਂਦਾ ਹਾਂ । ਕਿਸ[40] ਕਿਸਮ ਦਾ ਹੈ ਤੇਰਾ ਸਰੂਪ[39] ? |
| ਇਕਤੁ[41] ਰੂਪਿ[42] ਫਿਰਹਿ[43] ਪਰਛੰਨਾ[44] ਕੋਇ ਨ ਕਿਸ ਹੀ ਜੇਹਾ[45] ॥੨॥ | Thou hast but one[41] form[42] and walkest[43] Thou unmanifest[44]. In Thine creation none is like[45] the other. | ਤੇਰਾ ਕੇਵਲ ਇੱਕ[41] ਹੀ ਸਰੂਪ[42] ਹੈ ਅਤੇ ਤੂੰ ਲੁਕਿਆ ਹੋਇਆ[44] ਰਟਨ ਕਰਦਾ[43] ਹੈਂ । ਤੇਰੀ ਰਚਨਾ ਵਿੱਚ ਕੋਈ ਭੀ ਕਿਸੇ ਵਰਗਾ[45] ਨਹੀਂ । |
| ਅੰਡਜ[46] ਜੇਰਜ[47] ਉਤਭੁਜ[48] ਸੇਤਜ[49] ਤੇਰੇ ਕੀਤੇ[50] ਜੰਤਾ[51] ॥ | The egg-born[46], the placenta-born[47], the earth-born[48] and the sweat-born[49] beings[51] are all created[50] by Thee. | ਆਂਡੇ ਤੋਂ ਪੈਦਾ ਹੋਏ[46], ਜੇਰ ਤੋਂ ਪੈਦਾ ਹੋਏ[47], ਧਰਤੀ ਤੋਂ ਪੈਦਾ ਹੋਏ[48] ਅਤੇ ਮੁੜ੍ਹਕੇ ਤੋਂ ਪੈਦਾ ਹੋਏ[49] ਹੋਏ ਜੀਵ[51] ਸਭ ਤੇਰੇ ਰਚੇ ਹੋਏ[50] ਹਨ । |
| ਏਕੁ ਪੁਰਬੁ[52] ਮੈ ਤੇਰਾ ਦੇਖਿਆ ਤੂ ਸਭਨਾ[53] ਮਾਹਿ[54] ਰਵੰਤਾ[55] ॥੩॥ | I have seen one greatness[52] of Thine, that Thou art contained[55] amongst[54] all[53]. | ਇਕ ਵਡਿਆਈ[52] ਮੈਂ ਤੇਰੀ ਵੇਖੀ ਹੈ ਕਿ ਤੂੰ ਸਾਰਿਆਂ[53] ਅੰਦਰ[54] ਵਿਆਪਕ ਹੋ ਰਿਹਾ[55] ਹੈਂ । |
| ਤੇਰੇ ਗੁਣ[50] ਬਹੁਤੇ[57] ਮੈ ਏਕੁ ਨ ਜਾਣਿਆ[58] ਮੈ ਮੂਰਖ[59] ਕਿਛੁ[60] ਦੀਜੈ[62] ॥ | Good many[57] are Thine merits[56] but I realise[58] not even one. Bless[62] me, a fool[59], with some[60] understanding, O Lord. | ਘਣੇਰੀਆਂ[57] ਹਨ ਤੇਰੀਆਂ ਖੂਬੀਆਂ[56] ਪ੍ਰੰਤੂ ਮੈਂ ਇਕ ਨੂੰ ਭੀ ਅਨੁਭਵ ਨਹੀਂ ਕਰਦਾ[58] । ਮੈਂ ਮੂੜ੍ਹ[59] ਨੂੰ ਕੁਝ[60] ਸਮਝ ਬਖ਼ਸ਼[62], ਹੇ ਸੁਆਮੀ ! |
| ਪ੍ਰਣਵਤਿ[63] ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ[64] ਪਥਰੁ[65] ਲੀਜੈ[66] ॥੪॥੪॥ | Prays[63] Nanak, "Hear, O my Lord and save[66] me, the sinking[64] stone[65]". | ਨਾਨਕ ਬਿਨੇ ਕਰਦਾ[63] ਹੈ, "ਸ੍ਰਵਣ ਕਰ, ਹੇ ਮੇਰੇ ਸੁਆਮੀ ਅਤੇ ਮੈਂ ਡੁਬਦੇ ਹੋਏ[64] ਪੱਥਰ[65] ਨੂੰ ਬਚਾ[66] ਲੈ ।" |
| ਸੋਰਠਿ ਮਹਲਾ ੧ ॥ | Sorath Ist Guru. | ਸੋਰਠਿ* ਪਹਿਲੀ ਪਾਤਿਸ਼ਾਹੀ । |
| ਹਉ ਪਾਪੀ[67] ਪਤਿਤੁ[68] ਪਰਮ[69] ਪਾਖੰਡੀ[70] ਤੂ ਨਿਰਮਲੁ[71] ਨਿਰੰਕਾਰੀ[72] ॥ | I am a wicked[68] sinner[67], and a great[69] hypocrite[70] and Thou art my Immaculate[71] and Formless Lord[72]. | ਮੈਂ ਪਾਬਰ[68] ਗੁਨਹਿਗਾਰ[67] ਤੇ ਮਹਾਨ[69] ਦੰਭੀ[70] ਹਾਂ । ਤੂੰ ਮੇਰਾ ਪਵਿੱਤ੍ਰ[71] ਅਤੇ ਰੂਪ-ਰਹਿਤ[72] ਸਾਹਿਬ ਹੈਂ । |
| ਅੰਮ੍ਰਿਤੁ[73] ਚਾਖਿ[74] ਪਰਮ[75] ਰਸਿ[76] ਰਾਤੇ[77] ਠਾਕੁਰ ਸਰਣਿ[78] ਤੁਮਾਰੀ ॥੧॥ | O my Lord, I have sought Thy refuge[78] and tasting[74] the Name Nectar[73], I am imbued[77] with supreme[75] bliss[76]. | ਹੇ ਮੇਰੇ ਸੁਆਮੀ ! ਮੈਂ ਤੇਰੀ ਪਨਾਹ[78] ਲਈ ਅਤੇ ਨਾਮ ਅੰਮ੍ਰਿਤ[73] ਨੂੰ ਚੱਖ ਕੇ[74] ਮੈਂ ਮਹਾਨ[75] ਖੁਸ਼ੀ[76] ਨਾਲ ਰੰਗਿਆ ਗਿਆ[77] ਹਾਂ । |
| ਕਰਤਾ[79] ਤੂ ਮੈ ਮਾਣੁ[80] ਨਿਮਾਣੇ[81] ॥ | O Creator[79], Thou art the honour[80] of me, the dishonoured[81]. | ਹੇ ਸਿਰਜਣਹਾਰ[79] ! ਮੈਂ ਬੇਇਜ਼ਤੇ[81] ਦੀ ਤੂੰ ਇੱਜ਼ਤ[80] ਹੈਂ । |
| ਮਾਣੁ[82] ਮਹਤੁ[83] ਨਾਮੁ ਧਨੁ[84] ਪਲੈ[85] ਸਾਚੈ ਸਬਦਿ[86] | In my lap[85] is the honour[82] and glory[83] of the wealth[84] of the Name, | ਮੇਰੀ ਝੋਲੀ[85] ਵਿੱਚ ਨਾਮ ਦੀ ਦੌਲਤ[84] ਦੀ ਇੱਜ਼ਤ[82] ਅਤੇ ਪ੍ਰਭਤਾ[83] ਹੈ ਤੇ ਮੈਂ ਸੱਚੇ ਨਾਮ[86] ਵਿੱਚ ਲੀਨ ਹੋ ਗਿਆ[87] |

| | | |
|---|---|---|
| ਸਮਾਣੇ[87] ॥ਰਹਾਉ॥ | and into the True Name[86] I am merged[87]. Pause. | ਹਾਂ । ਠਹਿਰਾਉ । |
| ਪ੯੭ | | |
| ਤੂ ਪੂਰਾ[88]ਹਮ[89] ਊਰੇ[90]ਹੋਛੇ[91] ਤੂ ਗਉਰਾ[92] ਹਮ ਹਉਰੇ[93] ॥ | Thou art perfect[88] and I[89] am imperfect[90] and worthless[91]. Thou art profound[92] and I am but trifling[93]. | ਤੂੰ ਮੁਕੰਮਲ[88] ਹੈਂ ਤੇ ਮੈਂ[89] ਨਾ-ਮੁਕੰਮਲ[90] ਅਤੇ ਤੁਛ[91] ਹਾਂ । ਤੂੰ ਗੰਭੀਰ[92] ਹੈਂ ਅਤੇ ਮੈਂ ਨਿਰਾਪੁਰਾ ਸੂਹਦਾ[93]ਹਾਂ । |
| ਤੁਝ ਹੀ ਮਨੁ[93*] ਰਾਤੇ[94] [95]ਅਹਿਨਿਸਿ[96] ਪਰਭਾਤੇ[97] ਹਰਿ ਰਸਨਾ[98] ਜਪਿ[99] ਮਨ[100] ਰੇ ॥੨॥ | Day[95], night[96] and morn[97] my soul[93] remains imbued[94] with Thee, O God, and my tongue[98] heartily[100] utters[99] Thy Name. | ਦਿਹੁੰ[95] ਰੈਣ[96] ਅਤੇ ਪ੍ਰਾਤਾਕਾਲ[97] ਮੇਰੀ ਆਤਮਾ[93*] ਤੇਰੇ ਨਾਲ ਰੰਗੀ[94] ਰਹਿੰਦੀ ਹੈ ਹੇ ਵਾਹਿਗੁਰੂ ! ਅਤੇ ਮੇਰੀ ਜੀਭ[98] ਦਿਲੋਂ[100] ਤੇਰੇ ਨਾਮ ਦਾ ਉਚਾਰਨ ਕਰਦੀ[99]ਹੈ । |
| ਤੁਮ ਸਾਚੇ ਹਮ ਤੁਮ ਹੀ ਰਾਚੇ[2] ਸਬਦਿ[3] ਭੇਦਿ[4] ਫੁਨਿ[5] ਸਾਚੇ ॥ | Thou art true and I am absorbed[2] in Thee, and having realised the Name's[3] mystery[4], I have ultimately[5] become true. | ਤੂੰ ਸੱਚਾ ਹੈਂ ਅਤੇ ਮੈਂ ਤੇਰੇ ਅੰਦਰ ਲੀਨ ਹੋਇਆ ਹੋਇਆ[2] ਹਾਂ । ਨਾਮ[3] ਦੇ ਭੇਤ[4] ਨੂੰ ਅਨੁਭਵ ਕਰ ਕੇ ਮੈਂ ਆਖਿਰਕਾਰ[5] ਸੱਚਾ ਥੀ ਗਿਆ ਹਾਂ । |
| [6]ਅਹਿਨਿਸਿ[7] ਨਾਮਿ ਰਤੇ[8] ਸੇ[9] ਸੂਚੇ[10] ਮਰਿ[12] ਜਨਮੇ[13] ਸੇ ਕਾਚੇ[14] ॥੩॥ | They[9], who, day[6] and night[7], remain imbued[8] with the Name, are pure[10] but they who come[13] and go[12] are false[14]. | ਜੋ ਦਿਨ[6] ਰਾਤ[7] ਨਾਮ ਨਾਲ ਰੰਗੇ ਰਹਿੰਦੇ[8] ਹਨ, ਉਹ[9] ਪਵਿੱਤ੍ਰ[10] ਹਨ । ਜੋ ਆਉਂਦੇ[13] ਤੇ ਜਾਂਦੇ[12] ਹਨ, ਉਹ ਕੂੜੇ[14] ਹਨ । |
| ਅਵਰੁ[15] ਨ ਦੀਸੈ ਕਿਸੁ ਸਾਲਾਹੀ[16] ਤਿਸਹਿ[17] ਸਰੀਕੁ[18] ਨ ਕੋਈ ॥ | I see not another[15] like my Lord. Whom else should I eulogise[16] ? No one equals[18] Him[17]. | ਮੈਨੂੰ ਮੇਰੇ ਮਾਲਕ ਵਰਗਾ ਹੋਰ[15] ਕੋਈ ਨਹੀਂ ਦਿਸਦਾ । ਹੋਰ ਕਿਸ ਦੀ ਮੈਂ ਤਾਰੀਫ਼[16] ਕਰਾਂ ? ਕੋਈ ਭੀ ਉਸ ਦੇ[17] ਬਰਾਬਰ[18] ਦਾ ਨਹੀਂ । |
| ਪ੍ਰਣਵਤਿ[19] ਨਾਨਕੁ ਦਾਸਨਿ ਦਾਸਾ[20] ਗੁਰਮਤਿ[21] ਜਾਨਿਆ ਸੋਈ[22] ॥੪॥੫॥ | Prays[19] Nanak, "I am the slave[20] of the Lord's slaves and by Guru's instruction[21], I have known Him[22]". | ਨਾਨਕ ਜੋਦੜੀ ਕਰਦਾ[19] ਹੈ, "ਮੈਂ ਪ੍ਰਭੂ ਦੇ ਗੁਲਾਮਾਂ ਦਾ ਗੁਲਾਮ[20] ਹਾਂ ਅਤੇ ਗੁਰਾਂ ਦੇ ਉਪਦੇਸ ਦੁਆਰਾ[21], ਮੈਂ ਉਸ[22] ਨੂੰ ਜਾਣ ਲਿਆ ਹੈ ।" |
| ਸੋਰਠਿ ਮਹਲਾ ੧ ॥ | Sorath Ist Guru. | ਸੋਰਠਿ ਪਹਿਲੀ ਪਾਤਿਸ਼ਾਹੀ । |
| ਅਲਖ[23] ਅਪਾਰ[24] ਅਗੰਮ[25] ਅਗੋਚਰ[26] ਨਾ ਤਿਸੁ[27] ਕਾਲੁ[28] ਨ ਕਰਮਾ[29] ॥ | Unknowable[23], Infinite[24], Unapproachable[25] and Imperceptible[26] is my Lord. He[27] is not subject to death[28] and destiny[29]. | ਅਗਾਧ[23], ਬੇਅੰਤ[24], ਪਹੁੰਚ ਤੋਂ ਪਰੇ[25] ਅਤੇ ਸੋਚ ਸਮਝ ਤੋਂ ਉਚੇਰਾ[26] ਹੈ ਮੇਰਾ ਪ੍ਰਭੂ । ਉਹ[27] ਮੌਤ[28] ਅਤੇ ਪ੍ਰਾਲਬਧ[29] ਦੇ ਅਧੀਨ ਨਹੀਂ । |
| ਜਾਤਿ[30] ਅਜਾਤਿ[31] ਅਜੋਨੀ[32] ਸੰਭਉ[33] ਨਾ ਤਿਸੁ[34] ਭਾਉ[35]ਨ ਭਰਮਾ[36] ॥੧॥ | His caste[30] is castelessness[31]. He[34] is unborn[32], self-illumined[38] and without desire[36] and doubt[36]. | ਉਸ ਦੀ ਜਾਤੀ[30], ਜਾਤੀ ਦੀ ਰਹਿਤ[31]ਹੋਣਾ ਹੈ । ਉਹ[34] ਅਜਨਮਾ[32], ਸਵੈ-ਪ੍ਰਕਾਸ਼ਵਾਨ[33] ਅਤੇ ਸੰਕਲਪ[35] ਤੇ ਸੰਦੇਹ[36] ਦੇ ਬਗ਼ੈਰ ਹੈ । |
| ਸਾਚੇ ਸਚਿਆਰ[37] ਵਿਟਹੁ[38] ਕੁਰਬਾਣੁ[39] ॥ | I am a sacrifice[39] unto[38] the Truest of the true[37]. | ਮੈਂ ਸਚਿਆਰਾਂ ਦੇ ਪਰਮ[37] ਸਚਿਆਰ ਉਤੋਂ[38] ਵਾਰਨੇ ਜਾਂਦਾ[39] ਹਾਂ । |
| ਨਾ ਤਿਸੁ[40] ਰੂਪੁ[41] ਵਰਨੁ[42] ਨਹੀ ਰੇਖਿਆ[43] ਸਾਚੈ ਸਬਦਿ[44] ਨੀਸਾਣੁ[45]॥ਰਹਾਉ॥ | He has[40] no form[41], no colour[42] and no features[43]. Through His True Name[44],He becomes manifest[45]. Pause. | ਉਸ[40] ਦਾ ਕੋਈ ਸਰੂਪ[41] ਨਹੀਂ, ਰੰਗ[42] ਨਹੀਂ ਅਤੇ ਨੁਹਾਰ[43] ਨਹੀਂ । ਸੱਚੇ ਨਾਮ[44] ਦੇ ਰਾਹੀਂ ਉਹ ਪ੍ਰਗਟ ਹੁੰਦਾ[45] ਹੈ । ਠਹਿਰਾਉ । |

| | | |
|---|---|---|
| ਨਾ ਤਿਸੁ[46] ਮਾਤ[47] ਪਿਤਾ[48] ਸੁਤ[49] ਬੰਧਪ[50] ਨਾ ਤਿਸੁ ਕਾਮੁ[51] ਨ ਨਾਰੀ[52] ॥ | He[46] has no mother[47], father[48], son[49] and kinsmen[50]. He is free from lust[51] and has no wife[52]. | ਉਸ[46] ਦੇ ਮਾਂ[47], ਪਿਉ[48], ਪੁੱਤ੍ਰ[49] ਅਤੇ ਸਨਬੰਧੀ[50] ਕੋਈ ਨਹੀਂ। ਉਸ ਨੂੰ ਸਹਿਵਤ[51] ਦੀ ਇੱਛਾ ਨਹੀਂ ਤੇ ਨਾ ਹੀ ਉਸ ਦੀ ਕੋਈ ਪਤਨੀ[52] ਹੈ। |
| ਅਕੁਲ[53] ਨਿਰੰਜਨ[54] ਅਪਰ[55] ਪਰੰਪਰੁ[56] ਸਗਲੀ[57] ਜੋਤਿ[58] ਤੁਮਾਰੀ ॥੨॥ | Thou, O Lord art without ancestry[53], unsoiled by mammon's[57] love, endless[56] and infinite[56]. Thy light[58] is pervading all[57]. | ਤੂੰ ਹੇ ਸੁਆਮੀ ! ਵੰਸ-ਰਹਿਤ[53], ਦੁਨਿਆਵੀ ਪਦਾਰਥਾਂ ਦੇ ਮੋਹ ਤੋਂ ਪਵਿੱਤ੍ਰ[54], ਬੇਹਦ[55] ਅਤੇ ਬੇਅੰਤ[56] ਹੈ, ਤੇਰਾ ਨੂਰ[58] ਸਾਰਿਆਂ[57] ਅੰਦਰ ਵਿਆਪਕ ਹੋ ਰਿਹਾ ਹੈ। |
| ਘਟ ਘਟ[59] ਅੰਤਰਿ[60] ਬ੍ਰਹਮੁ[61] ਲੁਕਾਇਆ[62] ਘਟਿ[63] ਘਟਿ[64] ਜੋਤਿ[65] ਸਬਾਈ[66] ॥ | Within[60] every heart[59] is hid[62] the Lord[61] and in all[66] the hearts[63] and bodies[64] is His light[65]. | ਹਰ ਦਿਲ[59] ਅੰਦਰ[60] ਪ੍ਰਭੂ ਛੁਪਿਆ ਹੋਇਆ[62] ਹੈ। ਸਾਰਿਆਂ[66] ਦਿਲਾਂ[63] ਅਤੇ ਜਿਸਮਾਂ[64] ਅੰਦਰ ਉਸ ਦਾ ਹੀ ਪ੍ਰਕਾਸ਼[65] ਹੈ। |
| ਬਜਰ[67] ਕਪਾਟ[68] ਮੁਕਤੇ[69] ਗੁਰਮਤੀ[70] ਨਿਰਭੈ[73] ਤਾੜੀ[72] ਲਾਈ[73] ॥੩॥ | By Guru's instruction[70], the adamantine[67] doors[68] are opened[69] and the man assumes[73] trance[72] in the fear-free[71] Lord. | ਗੁਰਾਂ ਦੇ ਉਪਦੇਸ਼ ਦੁਆਰਾ[70], ਮਹਾਨ ਕਰੜੇ[67] ਦਰਵਾਜ਼ੇ[68] ਖੁਲ੍ਹ ਜਾਂਦੇ[69] ਹਨ ਅਤੇ ਡਰ ਰਹਿਤ[71] ਸੁਆਮੀ ਅੰਦਰ ਇਨਸਾਨ ਦੀ ਸਮਾਧੀ[72] ਲੱਗ ਜਾਂਦੀ[73] ਹੈ। |
| ਜੰਤ[74] ਉਪਾਇ[75] ਕਾਲੁ[76] ਸਿਰਿ[77] ਜੰਤਾ ਵਸਗਤਿ[78] ਜੁਗਤਿ[79] ਸਬਾਈ[80] ॥ | Creating[75] the beings[74] the Lord has stationed death[76] over the head[77] of the beings and all[80] their working[79] the Lord has kept under His sway[78]. | ਜੀਵਾਂ[74] ਨੂੰ ਪੈਦਾ ਕਰਕੇ[75] ਸੁਆਮੀ ਨੇ ਜੀਵਾਂ ਦੇ ਸਿਰ[77] ਉੱਤੇ ਮੌਤ[76] ਖੜੀ ਕਰ ਦਿੱਤੀ ਹੈ। ਉਨ੍ਹਾਂ ਦੀਆਂ ਸਾਰੀਆਂ[80] ਤਦਬੀਰਾਂ[79] ਸਾਂਈਂ ਨੇ ਆਪਣੇ ਵਸ[78] ਵਿੱਚ ਰੱਖੀਆਂ ਹੋਈਆਂ ਹਨ। |
| ਸਤਿਗੁਰੁ ਸੇਵਿ[81] ਪਦਾਰਥੁ[82] ਪਾਵਹਿ ਛੂਟਹਿ[83] ਸਬਦੁ[84] ਕਮਾਈ[85] ॥੪॥ | He who serves[81] the True Guru, receives the Name wealth[82] and is emancipated[83] by living[85] the Name[84]. | ਜੋ ਸੱਚੇ ਗੁਰਾਂ ਦੀ ਟਹਿਲ ਕਮਾਉਂਦਾ[81] ਹੈ, ਉਹ ਨਾਮ ਦੀ ਦੌਲਤ[82] ਨੂੰ ਪਾ ਲੈਂਦਾ ਹੈ ਤੇ ਨਾਮ[84] ਦੀ ਕਮਾਈ ਕਰ ਕੇ[85] ਰਿਹਾਈ ਪਾ ਜਾਂਦਾ[83] ਹੈ। |
| ਸੂਚੈ[86] ਭਾਡੈ[87] ਸਾਚੁ[88] ਸਮਾਵੈ[89] ਵਿਰਲੇ[90] ਸੂਚਾ[91] ਚਾਰੀ[92] ॥ | In the pure[86] vessel[87] is contained[89] the True Name[88]. A few[90] indeed are blessed with the pure[91] conduct[92]. | ਪਵਿੱਤ੍ਰ[86] ਬਰਤਨ[87] ਅੰਦਰ ਹੀ ਸੱਚਾ[88] ਨਾਮ ਰੱਖਿਆ[89] ਜਾ ਸਕਦਾ ਹੈ। ਬਹੁਤ ਥੋੜਿਆਂ[90] ਨੂੰ ਹੀ ਪਵਿੱਤ੍ਰ[91] ਆਚਰਨ[92] ਦੀ ਦਾਤ ਮਿਲਦੀ ਹੈ। |
| ਤੰਤੈ ਕਉ ਪਰਮ[93] ਤੰਤੁ[94] ਮਿਲਾਇਆ[97] ਨਾਨਕ ਸਰਣਿ[95] ਤੁਮਾਰੀ[96] ॥੫॥੬॥ | Seeking Thy[96] protection[95], O Lord, man's soul[94], unites[97] with the supreme soul, says Nanak. | ਹੇ ਸਾਹਿਬ ! ਤੇਰੀ[96] ਪਨਾਹ[95] ਲੈਣ ਨਾਲ ਬੰਦੇ ਦੀ ਆਤਮਾ, ਮਹਾਨ[93] ਆਤਮਾ[94] ਨਾਲ ਮਿਲ ਜਾਂਦੀ[97] ਹੈ, ਨਾਨਕ ਜੀ ਆਖਦੇ ਹਨ। |
| ਸੋਰਠਿ ਮਹਲਾ ੧ ॥ | Sorath Ist Guru. | ਸੋਰਠਿ ਪਹਿਲੀ ਪਾਤਿਸ਼ਾਹੀ। |
| ਜਿਉ[98] ਮੀਨਾ[99] ਬਿਨੁ ਪਾਣੀਐ[100] ਤਿਉ[2] ਸਾਕਤੁ[3] ਮਰੈ ਪਿਆਸ[4] ॥ | As[98] is a fish[99] without water[100], so[2] is an apostate[3], who dies of thirst[4]. | ਜਿਸ ਤਰ੍ਹਾਂ[98] ਮੱਛੀ[99] ਜਲ[100] ਦੇ ਬਾਝੋਂ ਹੈ, ਉਸੇ ਤਰ੍ਹਾਂ ਦਾ ਹੀ ਹੈ ਅਧਰਮੀ[3], ਜੋ ਤਿਹਾਇਆ[4] ਮਰਦਾ ਹੈ। |
| ਤਿਉ[5] ਹਰਿ ਬਿਨੁ ਮਰੀਐ ਰੇ[6] ਮਨਾ[7] ਜੋ[8] ਬਿਰਥਾ[9] ਜਾਵੈ ਸਾਸੁ[10] ॥੧॥ | So[5] doest thou die O[6] man[7], without God, if[8] thy breath[10] goes in vain[9]. | ਐਸੇ ਤਰ੍ਹਾਂ[5] ਹੀ, ਹੇ[6] ਇਨਸਾਨ[7] ! ਵਾਹਿਗੁਰੂ ਦੇ ਬਗੈਰ ਤੂੰ ਮਰ ਵੰਞ, ਜੇਕਰ[8] ਤੇਰਾ ਸੁਆਸ[10] ਬੇਅਰਥ[9] ਜਾਂਦਾ ਹੈ। |

| | | |
|---|---|---|
| ਮਨ ਰੇ ਰਾਮ ਨਾਮ[12] ਜਸੁ[13] ਲੇਇ ॥ ਬਿਨੁ ਗੁਰ ਇਹੁ[14] ਰਸੁ[15] ਕਿਉ[16] ਲਹਉ[17] ਗੁਰੁ ਮੇਲੈ ਹਰਿ ਦੇਇ[18] ॥ਰਹਾਉ॥ | O man utter thou the Lord's Name[12] and praise[13]. Without the Guru, how[16] shalt thou obtain[17] this[14] Nectar[15]? The Guru unites man with the Lord[18]. Pause. | ਹੇ ਬੰਦੇ ! ਤੂੰ ਪ੍ਰਭੂ ਦੇ ਨਾਮ[12] ਤੇ ਸਿਫ਼ਤ-ਸਨਾ[13] ਦਾ ਉਚਾਰਨ ਕਰ। ਗੁਰਾਂ ਦੇ ਬਾਝੋਂ ਤੂੰ ਇਸ[14] ਅੰਮ੍ਰਿਤ[15] ਨੂੰ ਕਿਸ ਤਰ੍ਹਾਂ[16] ਪ੍ਰਾਪਤ[17] ਹੋਵੇਂਗਾ ? ਗੁਰੂ ਜੀ ਬੰਦੇ ਨੂੰ ਪ੍ਰਕਾਸ਼ਵਾਨ ਪ੍ਰਭੂ[18] ਨਾਲ ਮਿਲਾ ਲੈਂਦੇ ਹਨ। ਠਹਿਰਾਉ। |
| ਸੰਤ ਜਨਾ[19] ਮਿਲੁ[20] ਸੰਗਤੀ[21] ਗੁਰਮੁਖਿ[22] ਤੀਰਥੁ[23] ਹੋਇ ॥ | For the Guru-wards[22], meeting[20] the society[21] of the pious persons[19] is like visiting a place of pilgrimage[23]. | ਗੁਰ-ਸਮਰਪਣਾਂ[22] ਲਈ ਪਵਿੱਤ੍ਰ ਪੁਰਸ਼ਾਂ[19] ਦੀ ਸੰਗਤ[21] ਵਿੱਚ ਜੁੜਨਾ[20] ਹੀ ਇੱਕ ਯਾਤ੍ਰਾ ਅਸਥਾਨ[23] ਹੈ। |
| ਅਠਸਠਿ[24] ਤੀਰਥ ਮਜਨਾ[25] ਗੁਰ ਦਰਸੁ[26] ਪਰਾਪਤਿ[27] ਹੋਇ ॥੨॥ | The merit of ablution[25] at the sixty eight[24] places of pilgrimage is obtained[27] by beholding[26] the Guru. | ਅਠਾਹਟ[24] ਯਾਤ੍ਰਾ ਅਸਥਾਨਾਂ ਤੇ ਇਸ਼ਨਾਨ[25] ਦਾ ਮਹਾਤਮ, ਗੁਰਾਂ ਦੇ ਦੀਦਾਰ[26] ਦੁਆਰਾ ਹਾਸਲ[27] ਹੋ ਜਾਂਦਾ ਹੈ। |
| ਜਿਉ[28] ਜੋਗੀ ਜਤ[29] ਬਾਹਰਾ[30] ਤਪੁ[31] ਨਾਹੀ[32] ਸਤੁ[33] ਸੰਤੋਖੁ[34] ॥ ਤਿਉ[35] ਨਾਮੈ ਬਿਨੁ ਦੇਹੁਰੀ[36] ਜਮੁ[37] ਮਾਰੈ[38] ਅੰਤਰਿ[39] ਦੋਖੁ[40] ॥੩॥ | As[28] is the Yogi without[30] continence[29] and as is penance[31] without[32] truth[33] and contentment[34], so[35] is the body[36] without the Lord's Name. Death[37] punishes[38] it, as within[39] it, is sin[40]. | ਜਿਸ ਤਰ੍ਹਾਂ[28] ਯੋਗੀ ਪ੍ਰਹੇਜ਼ਗਾਰੀ[29] ਦੇ ਬਾਝੋਂ[30] ਹੈ ਅਤੇ ਜਿਸ ਤਰ੍ਹਾਂ ਤਪੱਸਿਆ[31] ਸੱਚ[33] ਤੇ ਸਬਰ ਸਿਦਕ[34] ਦੇ ਬਗੈਰ[32] ਹੈ, ਉਸੇ ਤਰ੍ਹਾਂ[35] ਹੀ ਹੈ ਇਹ ਦੇਹ[36] ਪ੍ਰਭੂ ਦੇ ਨਾਮ ਬਗੈਰ। ਮੌਤ[37] ਇਸ ਨੂੰ ਸਜ਼ਾ ਦਿੰਦੀ[38] ਹੈ ਕਿਉਂਕਿ ਇਸ ਦੇ ਅੰਦਰ[39] ਪਾਪ[40] ਹੈ। |
| ਸਾਕਤ[41] ਪ੍ਰੇਮੁ[42] ਨ ਪਾਈਐ[46] ਹਰਿ[43] ਪਾਈਐ ਸਤਿਗੁਰ[44] ਭਾਇ[45] ॥ | The mammon-worshipper[41] obtains[46] not Lord's love[42]. Through the True Guru[44], the Lord's[43] love[45] is attained[46]. | ਮਾਇਆ ਦਾ ਉਪਾਸ਼ਕ[41] ਪ੍ਰਭੂ ਦੀ ਪ੍ਰੀਤ[42] ਨੂੰ ਪ੍ਰਾਪਤ[46] ਨਹੀਂ ਹੁੰਦਾ। ਸੱਚੇ ਗੁਰਾਂ[44] ਦੇ ਰਾਹੀਂ ਪ੍ਰਭੂ[43] ਦਾ ਪਿਆਰ[45] ਪ੍ਰਾਪਤ ਹੁੰਦਾ[46] ਹੈ। |
| ਸੁਖ[47] ਦੁਖ[48] ਦਾਤਾ[49] ਗੁਰੁ ਮਿਲੈ ਕਹੁ[50] ਨਾਨਕ ਸਿਫਤਿ[51] ਸਮਾਇ[52] ॥੪॥੭॥ | Says[50] Nanak, he whom meets Guru, the giver[49] of weal[47] and woe[48], gets absorbed[52] in the Lord's praise[51]. | ਗੁਰੂ ਜੀ ਫੁਰਮਾਉਂਦੇ[50] ਹਨ, ਜਿਸ ਨੂੰ ਖੁਸ਼ੀ[47] ਤੇ ਗ਼ਮੀ[48] ਦੇਣਹਾਰ[49] ਗੁਰੂ ਜੀ ਮਿਲ ਪੈਂਦੇ ਹਨ, ਉਹ ਪ੍ਰਭੂ ਦੇ ਜੱਸ[51] ਵਿੱਚ ਲੀਨ ਹੋ ਜਾਂਦਾ[52] ਹੈ। |
| **ਸੋਰਠਿ ਮਹਲਾ ੧ ॥** | **Sorath Ist Guru.** | **ਸੋਰਠਿ ਪਹਿਲੀ ਪਾਤਿਸ਼ਾਹੀ।** |
| ਤੂ ਪ੍ਰਭ ਦਾਤਾ[49] ਦਾਨਿ ਮਤਿ[55] ਪੂਰਾ[56] ਹਮ[57] ਥਾਰੇ[58] ਭੇਖਾਰੀ[59] ਜੀਉ[60] ॥ | Thou, O my reverend[60], Beneficent[53] Lord of perfect[56] understanding[55] and munificence[54], I[57] am but a beggar[59] of Thine[58]. | ਹੇ ਮੇਰੇ ਪੂਰਨ[56] ਸਮਝ[55] ਅਤੇ ਸਖਾਵਤ ਵਾਲੇ[54] ਮਾਨਣੀਜ[60] ਦਾਤਾਰ[53] ਮਾਲਕ, ਮੈਂ[57] ਤੇਰਾ[58] ਇੱਕ ਮੰਗਤਾ[59] ਹਾਂ। |
| ਮੈ ਕਿਆ[61] ਮਾਗਉ[62] ਕਿਛੁ ਥਿਰੁ[63] ਨ ਰਹਾਈ[64] ਹਰਿ | What[61] should I ask for[62]? Nothing remains[64] permanent[63]. O Lord, | ਮੈਂ ਕੀ[61] ਮੰਗਾਂ[62] ? ਕੋਈ ਵਸਤੂ ਭੀ ਅਸਥਿਰ[63] ਨਹੀਂ ਰਹਿੰਦੀ[64]। ਹੇ ਵਾਹਿਗੁਰੂ ! ਮੈਨੂੰ ਆਪਣਾ ਪਿਆਰਾ[66] |

| | | |
|---|---|---|
| ਦੀਜੈ[65] ਨਾਮੁ ਪਿਆਰੀ[66] ਜੀਉ ॥੧॥ | bless[65] me with Thy Beloved[66] Name. | ਨਾਮ ਬਖ਼ਸ਼[65] । |
| ਘਟਿ ਘਟਿ[67] ਰਵਿ ਰਹਿਆ[68] ਬਨਵਾਰੀ[69] ॥ | The flower-girt[69] Lord is contained[68] in every heart[67]. | ਫੂਲ-ਮਾਲਾ[61] ਵਾਲਾ ਸਾਂਈਂ ਹਰ ਦਿਲ[67] ਅੰਦਰ ਰਮ ਰਿਹਾ[68] ਹੈ । |
| ਜਲਿ[70] ਥਲਿ[71] ਮਹੀਅਲਿ[72] ਗੁਪਤੋ[73] ਵਰਤੈ[74] ਗੁਰ ਸਬਦੀ[75] ਦੇਖਿ[76] ਨਿਹਾਰੀ[77] ਜੀਉ ॥ਰਹਾਉ॥ | In ocean[70], earth[71] and sky[72], He is unmanifestly[73] contained[74] and by Guru's instruction[76], His sight[76] is seen[77]. Pause. | ਸਮੁੰਦਰ[70], ਧਰਤੀ[71] ਏ ਅਸਮਾਨ[72] ਵਿੱਚ ਉਹ ਲੁਕ ਕੇ[73] ਵਿਆਪਕ[74] ਹੋ ਰਿਹਾ ਹੈ । ਗੁਰਾਂ ਦੇ ਉਪਦੇਸ਼[75] ਦੁਆਰਾ ਉਸ ਦਾ ਦੀਦਾਰ[76] ਵੇਖਿਆ[77] ਜਾਂਦਾ ਹੈ । ਠਹਿਰਾਉ । |
| ੫੯੮ | | |
| ਮਰਤ[78] ਪਇਆਲ[79] ਅਕਾਸੁ[80] ਦਿਖਾਇਓ[84] ਗੁਰਿ[81] ਸਤਿਗੁਰਿ ਕਿਰਪਾ[82] ਧਾਰੀ[83] ਜੀਉ ॥ | Showering[83] his benediction[82], the great[81] True Guru has shown[84] me the Lord, in the mortal world[78], nether world[79] and the firmament[80]. | ਆਪਣੀ ਮਿਹਰ[82] ਧਾਰ[83] ਕੇ ਵਿਸ਼ਾਲ[81] ਸੱਚੇ ਗੁਰਾਂ ਨੇ ਮੈਨੂੰ ਸਾਹਿਬ, ਮਾਤ ਲੋਕ[78], ਪਾਤਾਲ[79] ਅਤੇ ਅਸਮਾਨ[80] ਵਿੱਚ ਵਿਖਾਲ[84] ਦਿੱਤਾ ਹੈ । |
| ਸੋ[85] ਬ੍ਰਹਮੁ[86] ਅਜੋਨੀ[87] ਹੈ ਭੀ ਹੋਨੀ[88] ਘਟ[89] ਭੀਤਰਿ[90] ਦੇਖੁ[91] ਮੁਰਾਰੀ[92] ਜੀਉ ॥੨॥ | He[85], the unborn[87] Lord[86] is and shall also ever be[88]. In[90] thy heart[89] behold thou Him, the Enemy[92] of pride[91]. | ਉਹ[85] ਅਜਨਮਾ[87] ਪ੍ਰਭੂ[86] ਹੈ ਅਤੇ ਅਗੇ ਨੂੰ ਭੀ ਹੋਵੇਗਾ[88] । ਆਪਣੇ ਦਿਲ[89] ਅੰਦਰ[90] ਤੂੰ ਉਸ ਹੰਕਾਰ[91] ਦੇ ਵੈਰੀ[92] ਨੂੰ ਤੱਕ । |
| ਜਨਮ ਮਰਨ ਕਉ ਇਹੁ ਜਗੁ ਬਪੁੜੋ[93] ਇਨਿ[94] ਦੂਜੈ[95] ਭਗਤਿ[96] ਵਿਸਾਰੀ[97] ਜੀਉ॥ | This wretched[93] world is subject to birth and death and in anothe's love[95] it[94] has forgotten[97] the Lord's meditation[96]. | ਇਹ ਨਾ-ਮੁਰਾਦ[93] ਦੁਨੀਆ ਜੰਮਣ ਤੇ ਮਰਣ ਦੇ ਅਧੀਨ ਹੈ । ਦਵੈਤ-ਭਾਵ[95] ਅੰਦਰ ਇਸ[94] ਨੇ ਸਾਹਿਬ ਦੇ ਸਿਮਰਨ[96] ਨੂੰ ਭੁਲਾ ਛੱਡਿਆ[97] ਹੈ । |
| ਸਤਿਗੁਰੁ ਮਿਲੈ ਤ[98] ਗੁਰਮਤਿ[99] ਪਾਈਐ ਸਾਕਤ[100] ਬਾਜੀ[2] ਹਾਰੀ ਜੀਉ ॥੩॥ | When the True Guru is met, then[98] is the Guru's wisdom[98] obtained. The mammon-worshipper[100] loses his life-game[2]. | ਜਦ ਸੱਚੇ ਗੁਰੂ ਮਿਲ ਪੈਂਦੇ ਹਨ, ਤਦ[98] ਗੁਰਾਂ ਦੀ ਸਿਆਣਪ[99] ਪਰਾਪਤ ਹੋ ਜਾਂਦੀ ਹੈ । ਮਾਇਆ ਦਾ ਉਪਾਸ਼ਕ[100] ਆਪਣੀ ਜੀਵਨ ਦੀ ਖੇਡ[2] ਨੂੰ ਹਾਰ ਬਹਿੰਦਾ ਹੈ । |
| ਸਤਿਗੁਰ ਬੰਧਨ[3] ਤੋੜਿ[4] ਨਿਰਾਰੇ[5] ਬਹੁੜਿ[6] ਨ ਗਰਭ[7] ਮਝਾਰੀ[8] ਜੀਉ ॥ | Snapping[4] my bonds[3] the True Guru has freed[5] me, so I shall not be cast into[8] the womb[7], again[6]. | ਮੇਰੇ ਜੂੜ[2] (ਫਾਹੇ) ਵੱਢ ਕੇ[4], ਸੱਚੇ ਗੁਰਾਂ ਨੇ ਮੈਨੂੰ ਆਜ਼ਾਦ[5] ਕਰ ਦਿੱਤਾ ਹੈ, ਸੋ ਮੈਂ, ਮੁੜ ਕੇ[5] ਮਾਤਾ ਦੇ ਪੇਟ ਵਿੱਚ[8] ਨਹੀਂ ਪਵਾਂਗਾ । |
| ਨਾਨਕ ਗਿਆਨ[9] ਰਤਨੁ[10] ਪਰਗਾਸਿਆ[12] ਹਰਿ[16] ਮਨਿ[13] ਵਸਿਆ[14] ਨਿਰੰਕਾਰੀ[15] ਜੀਉ ॥੪॥੮॥ | Within me, O Nanak, is the light[12] of the jewel[10] of gnosis[9] and the Formless[15] Lord[16] has taken abode[14] within my mind[13]. | ਮੇਰੇ ਅੰਦਰ, ਹੇ ਨਾਨਕ ! ਬ੍ਰਹਮ ਵੀਚਾਰ[9] ਦੇ ਹੀਰੇ[10] ਦਾ ਚਾਨਣ[12] ਹੈ ਅਤੇ ਸਰੂਪ-ਰਹਿਤ[15] ਸੁਆਮੀ[16] ਨੇ ਮੇਰੇ ਹਿਰਦੇ[13] ਅੰਦਰ ਨਿਵਾਸ[14] ਕਰ ਲਿਆ ਹੈ । |
| ਸੋਰਠਿ ਮਹਲਾ ੧ ॥ | Sorath Ist Guru. | ਸੋਰਠਿ ਪਹਿਲੀ ਪਾਤਿਸਾਹੀ । |
| ਜਿਸੁ ਜਲ ਨਿਧਿ[17] ਕਾਰਣਿ[18] ਤੁਮ ਜਗਿ[19] ਆਏ ਸੋ[20] | The treasure[17] of the Name-Nectar, for the sake of[18] which thou hast come | ਨਾਮ ਦੇ ਅੰਮ੍ਰਿਤ ਦਾ ਖ਼ਜ਼ਾਨਾ[17] ਜਿਸ ਦੀ ਖ਼ਾਤਰ[18] ਤੂੰ ਜਹਾਨ[19] ਵਿੱਚ ਆਇਆ ਹੈਂ, ਉਹ[20] ਸੁਧਾਰਸ[21] ਗੁਰਾਂ ਦੇ |

| | | |
|---|---|---|
| ਅੰਮ੍ਰਿਤੁ[21] ਗੁਰ ਪਾਹੀ[22] ਜੀਉ ॥ | into the world[19], that[20] Nectar[21] is with[22] the Guru. | ਪਾਸ[22] ਹੈ । |
| ਛੋਡਹੁ[23] ਵੇਸੁ[24] ਭੇਖ[25] ਚਤੁਰਾਈ[26] ਦੁਬਿਧਾ[27] ਇਹੁ ਫਲੁ[28] ਨਾਹੀ ਜੀਉ ॥੧॥ | Give up[23] garbs[24], disguises[25] and cleverness[26]. In duality[27] this fruit[28] is obtained not. | ਧਾਰਮਕ ਬਾਣੇ[24], ਸਵਾਂਗ[25] ਅਤੇ ਹੁਸ਼ਿਆਰੀ[26] ਨੂੰ ਤਿਆਗ ਦੇ[23] । ਦਵੈਤ-ਭਾਵ[27] ਅੰਦਰ ਇਹ ਮੇਵਾ[28] ਪ੍ਰਾਪਤ ਨਹੀਂ ਹੁੰਦਾ । |
| ਮਨ[29] ਰੇ[30] ਥਿਰੁ[31] ਰਹੁ ਮਤੁ[32] ਕਤ[33] ਜਾਹੀ[34] ਜੀਉ ॥ | O[30] my soul[29], remain steady[31] and wander[34] not[32] any where[33]. | ਹੇ[30] ਮੇਰੀ ਜਿੰਦੜੀਏ[29] ! ਅਡੋਲ[31] ਰਹੁ ਅਤੇ ਕਿਧਰੇ[33] ਭਟਕ[34] ਨਾ[32] । |
| ਬਾਹਰਿ[35] ਢੂਢਤ[36] ਬਹੁਤੁ[37] ਦੂਖੁ[38] ਪਾਵਹਿ ਘਰਿ[39] ਅੰਮ੍ਰਿਤੁ[40] ਘਟ[41] ਮਾਹੀ[42] ਜੀਉ ॥ਰਹਾਉ॥ | Searching[36] without[35], thou shalt suffer much[37] pain[38]. The Nectar[40] is in[42] thy heart[41], at home[39]. Pause. | ਬਾਹਰਵਾਰ[35] ਭਾਲਦਾ[36] ਹੋਇਆ ਤੂੰ ਘਣੇਰੀ[37] ਤਕਲੀਫ਼[38] ਉਠਾਵੇਂਗਾ । ਅੰਮ੍ਰਿਤ[40] ਘਰ[39] ਵਿੱਚ ਹੀ ਤੇਰੇ ਦਿਲ[41] ਅੰਦਰ[42] ਹੈ । ਠਹਿਰਾਉ । |
| ਅਵਗੁਣ[43] ਛੋਡਿ[44] ਗੁਣਾ[45] ਕਉ ਧਾਵਹੁ[46] ਕਰਿ[47] ਅਵਗੁਣ ਪਛੁਤਾਹੀ[48] ਜੀਉ॥ | Forsake[44] sins[43] and pursue[46] virtues[45]. By committing[49] sins thou shalt regret[48]. | ਪਾਪਾਂ[43] ਨੂੰ ਤਿਆਗ[44] ਅਤੇ ਨੇਕੀਆਂ[45] ਵਲ ਦੌੜ[46] । ਪਾਪ ਕਮਾ ਕੇ[47] ਤੂੰ ਪਸਚਾਤਾਪ[48] ਕਰੇਂਗਾ । |
| ਸਰ[49] ਅਪਸਰ[50] ਕੀ ਸਾਰ[51] ਨ ਜਾਣਹਿ[55] ਫਿਰਿ ਫਿਰਿ[52] ਕੀਚ[53] ਬੁਡਾਹੀ[54] ਜੀਉ ॥੨॥ | Thou knowest[55] not the distinction[51] between good[49] and evil[50] and again and again[52] sinkest[54] thou in the mire[53] of sins. | ਤੂੰ ਚੰਗੇ[49] ਅਤੇ ਮੰਦੇ[50] ਦੇ ਫ਼ਰਕ[51] ਨੂੰ ਨਹੀਂ ਸਮਝਦਾ[55] ਅਤੇ ਮੁੜ ਮੁੜ ਕੇ[52] ਤੂੰ ਪਾਪਾਂ ਦੇ ਚਿੱਕੜ[53] ਵਿੱਚ ਗਰਕ[54] ਹੁੰਦਾ ਹੈਂ । |
| ਅੰਤਰਿ[56] ਮੈਲੁ[57] ਲੋਭੁ[58] ਬਹੁ[59] ਝੂਠੇ[60] ਬਾਹਰਿ[61] ਨਾਵਹੁ[62] ਕਾਹੀ[63] ਜੀਉ ॥ | Within[56] thee is great[59] filth[57] of greed[58] and falsehood[60], so what for[63] washest[62] thou thy outside[61] (body) ? | ਤੇਰੇ ਅੰਦਰ[56] ਲਾਲਚ[58] ਤੇ ਕੂੜ[60] ਦੀ ਮਹਾਨ[59] ਮਲੀਣਤਾ[57] ਹੈ । ਤੂੰ ਆਪਣਾ ਬਾਹਰਵਾਰ[61] ਕਾਹਦੇ ਲਈ[63] ਧੋਂਦਾ[62] ਹੈਂ ? |
| ਨਿਰਮਲ[64] ਨਾਮੁ ਜਪਹੁ[65] ਸਦ[66] ਗੁਰਮੁਖਿ[67] ਅੰਤਰ[68] ਕੀ ਗਤਿ[69] ਤਾਹੀ[70] ਜੀਉ ॥੩॥ | Ever[66] utter[65] thou the immaculate[64] Name, under Guru's instruction[67] and then alone[70] shall thy innerself[68] be emancipated[69]. | ਗੁਰਾਂ ਦੇ ਉਪਦੇਸ਼[67] ਤਾਬੇ ਤੂੰ ਸਦੀਵ[66] ਹੀ ਪਵਿੱਤ੍ਰ[64] ਨਾਮ ਦਾ ਉਚਾਰਨ[65] ਕਰ । ਕੇਵਲ ਤਦ ਹੀ[70] ਤੇਰੇ ਅੰਤ੍ਰੀਵ[68] ਦੀ ਕਲਿਆਣ[69] ਹੋਵੇਗੀ । |
| ਪਰਹਰਿ[71] ਲੋਭੁ[72] ਨਿੰਦਾ[73] ਕੂੜੁ[74] ਤਿਆਗਹੁ[75] ਸਚੁ ਗੁਰ ਬਚਨੀ[76] ਫਲੁ[77] ਪਾਹੀ[78] ਜੀਉ ॥ | Abandon[71] greed[72] and slander[73] and forswear[75] falsehood[74]. By Guru's instruction[76], thou shalt obtain[78] the true fruit[77]. | ਲਾਲਚ[72] ਤੇ ਬਦਖੋਈ[73] ਨੂੰ ਛੱਡ[71] ਦੇ ਅਤੇ ਝੂਠ[74] ਨੂੰ ਤਲਾਂਜਲੀ[75] ਦੇ ਛੱਡ । ਗੁਰਾ ਦੇ ਉਪਦੇਸ਼[76] ਦੁਆਰਾ ਤੂੰ ਸੱਚੇ ਮੇਵੇ[77] ਨੂੰ ਪਾ ਲਵੇਂਗਾ[78] । |
| ਜਉ[79] ਭਾਵੈ[80] ਤਿਉ[81] ਰਾਖਹੁ[82] ਹਰਿ ਜੀਉ[83] ਜਨ[84] ਨਾਨਕ ਸਬਦਿ[85] ਸਲਾਹੀ[86] ਜੀਉ ॥੪॥੯॥ | As[79] it pleasest[80] Thee, so[81] do Thou preserve[82] me, O reverend[83] God Slave[84] Nanak sings the praise[86] of Thy Name[85]. | ਜਿਸ ਤਰ੍ਹਾਂ[79] ਤੈਨੂੰ ਚੰਗਾ ਲਗਦਾ[80] ਹੈ, ਉਸੇ ਤਰ੍ਹਾਂ[81] ਹੇ ਤੂੰ ਮੇਰੀ ਰੱਖਿਆ ਕਰ[82], ਹੇ ਮਾਣਨੀਜ[83] ਵਾਹਿਗੁਰੂ ! ਗੋਲਾ[84] ਨਾਨਕ ਤੇਰੇ ਨਾਮ[85] ਦਾ ਜੱਸ[86] ਗਾਇਨ ਕਰਦਾ ਹੈ । |
| ਸੋਰਠਿ ਮਹਲਾ ੧ ਪੰਚਪਦੇ ॥ | Sorath Ist Guru. Panchpadas. | ਸੋਰਠਿ ਪਹਿਲੀ ਪਾਤਿਸ਼ਾਹੀ । ਪੰਚਪਦੇ । |

| | | |
|---|---|---|
| ਅਪਨਾ[87] ਘਰੁ[88] ਮੂਸਤ[89] ਰਾਖਿ[90] ਨ ਸਾਕਹਿ ਕੀ[91] ਪਰ ਘਰੁ[92] ਜੋਹਨ[93] ਲਾਗਾ ॥ | Thy own[87] home[88], thou cannot save[90] from being plundered[89]; why[91] spies[93] thou upon other's[92] houses ? | ਆਪਣੇ ਨਿਜ[87] ਦੇ ਧਾਮ[88] ਨੂੰ ਤੂੰ ਲੁੱਟੇ ਜਾਣ[89] ਤੋਂ ਬਚਾ[90] ਨਹੀਂ ਸਕਦਾ। ਤੂੰ ਹੋਰਨਾਂ[92] ਦੇ ਘਰਾਂ ਨੂੰ ਬੁਰੀ ਨੀਤ ਨਾਲ ਕਿਉਂ[91] ਤਕਾਉਂਦਾ[93] ਹੈਂ ? |
| ਘਰੁ ਦਰੁ[94] ਰਾਖਹਿ[95] ਜੇ[96] ਰਸੁ[97] ਚਾਖਹਿ[98] ਜੋ[99] ਗੁਰਮੁਖਿ[100] ਸੇਵਕੁ[2] ਲਾਗਾ[3] ॥੧॥ | The servant[2] who[96] quaffs[98] the Name Nectar[97] and who[99] engages[3] in the service of the Supreme Guru[100], he saves[96] his hearth and home[94]. | ਚਾਕਰ[2] ਜਿਹੜਾ[96] ਨਾਮ ਅੰਮ੍ਰਿਤ[97] ਨੂੰ ਪਾਨ ਕਰਦਾ[98] ਹੈ ਅਤੇ ਜਿਹੜਾ[99] ਸ਼੍ਰੋਮਣੀ ਗੁਰਾਂ[100] ਦੀ ਸੇਵਾ ਅੰਦਰ ਜੁੜਦਾ[3] ਹੈ, ਉਹ ਆਪਣੇ ਘਰ ਬਾਰ ਨੂੰ ਬਚਾ ਲੈਂਦਾ[95] ਹੈ। |
| ਮਨ[4] ਰੇ[5] ਸਮਝੁ[6] ਕਵਨ[7] ਮਤਿ[8] ਲਾਗਾ[9] ॥ | O[5] man[4], thou, do, realise[6]; in what[7] evil thinking[8] art thou, engaged[9] ? | ਹੇ[5] ਬੰਦੇ[4] ! ਤੂੰ ਆਪਣੇ ਆਪ ਨੂੰ ਸੁਧਾਰ[6]। ਤੂੰ ਕਿਹੜੀ[7] ਖੋਟੀ ਬੁਧ[8] ਨਾਲ ਜੁੜਿਆ ਹੋਇਆ[9] ਹੈਂ ? |
| ਨਾਮੁ ਵਿਸਾਰਿ[10] ਅਨ[12]ਰਸ[13] ਲੋਭਾਨੇ[14] ਫਿਰਿ[15]ਪਛੁਤਾਹਿ[16] ਅਭਾਗਾ[17] ॥ਰਹਾਉ॥ | Forgetting[10] the Name, the man is engrossed[14] in other[12] relishes[13]. The unfortunate[17] one shall regret[16] in the end[15]. Pause. | ਨਾਮ ਨੂੰ ਭੁਲਾ ਕੇ[10] ਇਨਸਾਨ ਹੋਰਨਾਂ[12] ਸੁਆਦਾਂ[13] ਅੰਦਰ ਖੱਚਤ[14] ਹੋਇਆ ਹੋਇਆ ਹੈ। ਨਿਕਰਮਣ[17] ਬੰਦਾ ਅਖ਼ੀਰ[10] ਨੂੰ ਪਸਚਾਤਾਪ[16] ਕਰੇਗਾ। ਠਹਿਰਾਉ। |
| ਆਵਤ[18]ਕਉ ਹਰਖ[19]ਜਾਤ[20] ਕਉ ਰੋਵਹਿ[25] ਇਹੁ ਦੁਖੁ[21] ਸੁਖੁ[22] ਨਾਲੇ[23] ਲਾਗਾ[24] ॥ | He is pleased[19] when wealth comes[18] and weeps[25] when it goes[20]. This weal[22] and woe[21] remains attached[24] with[23] him. | ਜਦ ਧਨ ਆਉਂਦਾ[18] ਹੈ, ਉਹ ਖ਼ੁਸ਼ ਹੁੰਦਾ[19] ਹੈ, ਜਦ ਇਹ ਚਲਿਆ ਜਾਂਦਾ[20] ਹੈ, ਉਹ ਰੋਂਦਾ[25] ਹੈ। ਇਹ ਖ਼ੁਸ਼ੀ[22] ਤੇ ਗ਼ਮੀ[21] ਉਸ ਦੇ ਨਾਲ[23]ਚਿੰਮੜੀ[24]ਰਹਿੰਦੀ ਹੈ। |
| ਆਪੇ[26] ਦੁਖ ਸੁਖ ਭੋਗਿ ਭੋਗਾਵੈ[27] ਗੁਰਮੁਖਿ[28] ਸੋ[29] ਅਨਰਾਗਾ[30] ॥੨॥ | The Lord Himself[26] makes man partake[27] of pain and pleasure. But he[29], the Guru-ward[18], remains unaffected[30]. | ਸਾਈਂ ਖ਼ੁਦ[26]ਬੰਦੇ ਨੂੰ ਪੀੜ ਅਤੇ ਆਰਾਮ ਭੁਗਤਾਉਂਦਾ[27] ਹੈ। ਪਰ ਉਹ[29] ਗੁਰੂ-ਸਮਰਪਣ[28], ਨਿਲਲੇਪ[30] ਵਿਚਰਦਾ ਹੈ। |
| ਹਰਿ ਰਸ[31] ਊਪਰਿ[32] ਅਵਰੁ[33] ਕਿਆ[34] ਕਹੀਐ[35] ਜਿਨਿ ਪੀਆ[36] ਸੋ[37] ਤ੍ਰਿਪਤਾਗਾ[38] ॥ | What[34] else[33] can be said[35] to be above[32] the Lord's elixir[31] ? He[37], who quaffs[36] it, is satiated[38]. | ਹੋਰ[33] ਕਿਹੜੀ[34] ਸ਼ੈ ਪ੍ਰਭੂ ਦੇ ਅੰਮ੍ਰਿਤ[31] ਤੋਂ ਉੱਪਰ[32] ਆਖੀ ਜਾ ਸਕਦੀ[35] ਹੈ। ਜੋ ਇਸ ਨੂੰ ਪੀਂਦਾ[36] ਹੈ, ਉਹ[37] ਰੱਜ ਜਾਂਦਾ[38] ਹੈ। |
| ਮਾਇਆ[39] ਮੋਹਿਤ[40] ਜਿਨਿ ਇਹੁ ਰਸੁ[47] ਖੋਇਆ[41] ਜਾ[42] ਸਾਕਤ[43] [44]ਦੁਰਮਤਿ[45] ਲਾਗਾ[46] ॥੩॥ | Lured[40] by mammon[39], he who loses[41] this Nectar[47], that[42] mammon-worshipper[43] is yoked[46] to evil[44] intellect[45]. | ਮੋਹਨੀ[39] ਮਾਇਆ ਦਾ ਲੁਭਾਇਮਾਨ[40] ਕੀਤਾ ਹੋਇਆ ਜਿਹੜਾ ਬੰਦਾ ਇਸ ਅੰਮ੍ਰਿਤ[47] ਨੂੰ ਗੁਆ ਬਹਿੰਦਾ[41] ਹੈ, ਉਹ[42] ਮਾਇਆ ਦਾ ਪੁਜਾਰੀ[43] ਖੋਟੀ[44] ਅਕਲ[45] ਨਾਲ ਨੱਥੀ[46] ਹੋਇਆ ਹੋਇਆ ਹੈ। |
| ਮਨ[47] ਕਾ ਜੀਉ[48] ਪਵਨ[49] ਪਤਿ ਦੇਹੀ[50] ਦੇਹੀ[52] ਮਹਿ[51] ਦੇਉ[53] ਸਮਾਗਾ[54] ॥ | The Bright Lord[53] is contained[54] in[51] the body[52]. He is the life[48] of the mind[47] and Master[50] of the body's breath[49]. | ਪ੍ਰਕਾਸ਼ਵਾਨ ਪ੍ਰਭੂ[53] ! ਸਰੀਰ[52] ਵਿੱਚ[51] ਸਮਾਇਆ[54] ਹੋਇਆ ਹੈ। ਉਹ ਆਤਮਾ[47]* ਦੀ ਜਿੰਦ-ਜਾਨ[48] ਹੈ ਅਤੇ ਸਰੀਰ ਦੇ ਸੁਆਸਾਂ[49] ਦਾ ਮਾਲਕ[50] ਹੈ। |
| ਜੇ[55] ਤੂ ਦੇਹਿ[56] ਤ[57] ਹਰਿ ਰਸੁ[58] ਗਾਈ[59] ਮਨੁ[60] | If[55] Thou so blessest[56], O Lord God, then[57], the man[60] lovingly[58] sings[59] | ਜੇਕਰ[55] ਤੂੰ ਐਕੁਰ ਬਖ਼ਸ਼ਸ਼[56]ਕਰੇਂ, ਹੇ ਸੁਆਮੀ ਵਾਹਿਗੁਰੂ ਤਦ[57] ਬੰਦਾ[60] ਪ੍ਰੇਮ ਨਾਲ[58] ਤੇਰਾ ਜੱਸ ਗਾਇਨ[59] ਕਰਦਾ |

| | | |
|---|---|---|
| ਤ੍ਰਿਪਤੈ[61] ਹਰਿ ਲਿਵ[62] ਲਾਗਾ[63] ॥੪॥ | Thy praise, and being attached[63] with Thee in love[62], gets satiated[61]. | ਹੈ ਅਤੇ ਤੇਰੇ ਨਾਲ ਪਿਆਰ[62] ਅੰਦਰ ਜੁੜ[63] ਕੇ ਰੱਜ ਜਾਂਦਾ[61] ਹੈ । |
| ਸਾਧਸੰਗਤਿ ਮਹਿ[64] ਹਰਿ ਰਸੁ[65] ਪਾਈਐ ਗੁਰਿ ਮਿਲਿਐ ਜਮ[66] ਭਉ[67] ਭਾਗਾ[68] ॥ | In[64] the socicty of saints, Lord's elixir[65] is obtained, and meeting the Guru, the ear[67] of death[66] departs[68]. | ਸਤਿਸੰਗਤ ਵਿੱਚ[64] ਸੁਆਮੀ ਦਾ ਅੰਮ੍ਰਿਤ[65] ਪ੍ਰਾਪਤ ਹੁੰਦਾ ਹੈ ਅਤੇ ਗੁਰਾਂ ਨੂੰ ਮਿਲ ਕੇ ਮੌਤ[66] ਦਾ ਡਰ[67] ਦੂਰ ਹੋ ਜਾਂਦਾ[68] ਹੈ । |
| ਨਾਨਕ ਰਾਮ ਨਾਮੁ ਜਪਿ[69] ਗੁਰਮੁਖਿ[70] ਹਰਿ ਪਾਏ ਮਸਤਕਿ[71] ਭਾਗਾ[72] ॥੫॥੧੦॥ | Nanak, dwell[69] thou on the Lord's Name, through the Guru[70]. By virtue of brow's good fortune[72], the Lord is attained. | ਨਾਨਕ, ਗੁਰਾਂ ਦੇ ਰਾਹੀਂ[70], ਤੂੰ ਸੁਆਮੀ ਦੇ ਨਾਮ ਦਾ ਸਿਮਰਨ ਕਰ[69] । ਮੱਥੇ[70] ਦੇ ਚੰਗੇ ਨਸੀਬਾਂ[72] ਦੀ ਬਰਕਤ, ਸੁਆਮੀ ਪਾਇਆ ਜਾਂਦਾ ਹੈ । |
| ਸੋਰਠਿ ਮਹਲਾ ੧ ॥ | Sorath Ist Guru. | ਸੋਰਠਿ ਪਹਿਲੀ ਪਾਤਿਸ਼ਾਹੀ । |
| ਸਰਬ[73] ਜੀਆ[74] ਸਿਰਿ[75] ਲੇਖੁ[76] ਧੁਰਾਹੂ[77] ਬਿਨੁ ਲੇਖੈ ਨਹੀ ਕੋਈ ਜੀਉ ॥ | Over the head[75] of all[73] the beings[74] is the Lord's[77] writ[76]; there is none over whom this writ is not. | ਸਾਰੇ[73] ਜੀਵਾਂ[74] ਦੇ ਸਿਰ[75] ਉਤੇ ਸੁਆਮੀ[77] ਦੀ ਲਿਖਤਾਕਾਰ[76] ਹੈ । ਕੋਈ ਭੀ ਐਸਾ ਨਹੀਂ ਜਿਸ ਉੱਤੇ ਇਹ ਲਿਖਤਾਕਾਰ ਨਹੀਂ । |
| ਆਪਿ[78] ਅਲੇਖੁ[79] ਕੁਦਰਤਿ[80] ਕਰਿ[81] ਦੇਖੈ[82] ਹੁਕਮਿ[83] ਚਲਾਏ[81] ਸੋਈ[85] ਜੀਉ ॥੧॥ | He Himself[78] is without a writ[79]. Creating[81] the creation[80], the Lord beholds it[82] and Himself[85], causes His writ[83] to be executed[84]. | ਉਹ ਖ਼ੁਦ[78] ਲਿਖਤ[79] ਦੇ ਬਗ਼ੈਰ ਹੈ । ਰਚਨਾ[80] ਨੂੰ ਰੱਚ ਕੇ[81], ਉਹ ਇਸ ਨੂੰ ਵੇਖਦਾ[82] ਹੈ ਅਤੇ ਆਪ ਹੀ[85] ਆਪਣੀ ਰਜ਼ਾ[83] ਦੀ ਪਾਲਣਾ ਕਰਾਉਂਦਾ[84] ਹੈ । |
| ੫੯੯ | | |
| ਮਨ[86] ਰੇ[87] ਰਾਮ[88] ਜਪਹੁ[89] ਸੁਖੁ[90] ਹੋਈ ॥ | O[87] man[86], meditate[39] thou on the Lord[83], that . thou may gather peace[90]. | ਹੇ[87] ਬੰਦੇ[86] ! ਤੂੰ ਸੁਆਮੀ[88] ਦਾ ਸਿਮਰਨ ਕਰ[89], ਤਾਂ ਜੋ ਤੈਨੂੰ ਆਰਾਮ[90] ਪ੍ਰਾਪਤ ਹੋਵੇ ! |
| [91]ਅਹਿਨਿਸਿ[92] ਗੁਰ ਕੇ ਚਰਨ[93] ਸਰੇਵਹੁ[94] ਹਰਿ[95] ਦਾਤਾ[96] ਭੁਗਤਾ[97] ਸੋਈ[98] ॥ ਰਹਾਉ॥ | Day[91] and night[94] serve[94] thou the feet[93] of the Guru to know that The Lord[95] Himself[98] is the giver[96] and the enjoyer[97]. Pause. | ਦਿਹੁੰ[91] ਰੈਣ[92] ਤੂੰ ਰੱਬ-ਰੂਪ[95] ਗੁਰੂ ਦੇ ਪੈਰਾਂ[93]ਦੀ ਸੇਵਾ[94] ਕਰ । ਤਾਂ ਜੋ ਤੂੰ ਜਾਣ ਸਕੇਂ ਕਿ ਵਾਹਿਗੁਰੂ[95] ਆਪ ਹੀ[98] ਦੇਣ ਵਾਲਾ[96] ਅਤੇ ਭੋਗਣਹਾਰ[97] ਹੈ । ਠਹਿਰਾਉ । |
| ਜੋ[99] ਅੰਤਰਿ[100] ਸੋ[2] ਬਾਹਰਿ ਦੇਖਹੁ[5] ਅਵਰੁ[3] ਨ ਦੂਜਾ[4] ਕੋਈ ਜੀਉ ॥ | He, who[99] is within[100], see[5] him[2] without as well, as without Him there is not another[3] second[4]. | ਜਿਹੜਾ[99] ਅੰਦਰ[100] ਹੈ, ਉਸ[2] ਨੂੰ ਬਾਹਰ ਭੀ ਵੇਖ[5] ਕਿਉਂਕਿ ਉਸ ਦੇ ਬਗ਼ੈਰ ਹੋਰ[3] ਦੂਸਰਾ[4] ਕੋਈ ਨਹੀਂ । |
| ਗੁਰਮੁਖਿ[6] ਏਕ ਦ੍ਰਿਸਟਿ[7] ਕਰਿ ਦੇਖਹੁ ਘਟਿ ਘਟਿ[8] ਜੋਤਿ[9] ਸਮੋਈ[10] ਜੀਉ ॥੨॥ | By Guru's grace[6], see thou all with the same one eye[7], as in every heart[8], the Lord's light[9] is contained[10]. | ਗੁਰਾਂ ਦੀ ਦਇਆ[6] ਦੁਆਰਾ, ਸਾਰਿਆਂ ਨੂੰ ਉਸੇ ਇੱਕ ਅੱਖ[7] ਨਾਲ ਵੇਖ, ਕਿਉਂਕਿ ਹਰ ਦਿਲ[8] ਵਿੱਚ ਪ੍ਰਭੂ ਦਾ ਪ੍ਰਕਾਸ਼[9] ਰਮਿਆ ਹੋਇਆ[10] ਹੈ । |
| ਚਲਤੌ[12] ਠਾਕਿ[13] ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ[14] ਹੋਈ ਜੀਉ ॥ | Restrain[13] and keep in its home the mercurial[12] mind. Meeting the Guru, this understanding[14] is attained. | ਚੰਚਲ[12] ਮਨ ਨੂੰ ਵਰਜ ਕੇ[13] ਆਪਣੇ ਹਿਰਦੇ-ਘਰ ਵਿੱਚ ਰੱਖ । ਗੁਰਾਂ ਨੂੰ ਮਿਲਣ ਦੁਆਰਾ ਇਹ ਸਮਝ[14] ਪ੍ਰਾਪਤ ਹੁੰਦੀ ਹੈ । |

| | | |
|---|---|---|
| ਦੇਖਿ ਅਦ੍ਰਿਸਟੁ[15] ਰਹਉ ਬਿਸਮਾਦੀ[16] ਦੁਖੁ[17] ਬਿਸਰੈ[18] ਸੁਖੁ[19] ਹੋਈ ਜੀਉ ॥੩॥ | Seeing the unseeable[15] Lord, thou shalt be wonder-struck[16] and then forgetting[18] thy misery[17], thou shalt gather peace[19]. | ਅਣਡਿੱਠ[15] ਸੁਆਮੀ ਨੂੰ ਵੇਖ ਕੇ ਤੂੰ ਚਕ੍ਰਿਤ ਹੋ ਜਾਵੇਂਗਾ[16] ਅਤੇ ਤਦ ਆਪਣੇ ਕਲੇਸ਼[17] ਨੂੰ ਭੁਲਾ[18] ਕੇ ਤੂੰ ਆਰਾਮ[19] ਪਾ ਲਵੇਂਗਾ । |
| ਪੀਵਉ[20] ਅਪਿਉ[21] ਪਰਮ[22] ਸੁਖੁ ਪਾਈਐ ਨਿਜ[23] ਘਰਿ[25] ਵਾਸਾ[24] ਹੋਈ ਜੀਉ ॥ | Quaffing[20] ambrosia[21], thou shalt attain supreme[22] bliss and abide[24] in thy own[23] home[25] (self). | ਅੰਮ੍ਰਿਤ[21] ਨੂੰ ਪਾਨ ਕਰਕੇ[20], ਤੂੰ ਮਹਾਨ[22] ਖੁਸ਼ੀ ਪਾ ਲਵੇਂਗਾ ਅਤੇ ਆਪਣੇ ਨਿੱਜ[23] ਦੇ ਧਾਮ[25] ਅੰਦਰ ਵਸੇਂਗਾ[24] । |
| ਜਨਮ ਮਰਣ ਭਵ[26] ਭੰਜਨੁ[27] ਗਾਈਐ[28] ਪੁਨਰਪਿ[29] ਜਨਮੁ ਨ ਹੋਈ ਜੀਉ ॥੪॥ | Sing[28] thou the praise of the Destroyer[27] of the dread[26] of birth and death and thou shalt not be born again[29]. | ਤੂੰ ਜੰਮਣ ਤੇ ਮਰਣ ਦੇ ਡਰ[26] ਦੇ ਨਾਸ ਕਰਨ ਵਾਲੇ[27] ਦਾ ਜੱਸ ਗਾਇਨ[28] ਕਰ ਅਤੇ ਤੂੰ ਮੁੜ ਕੇ[20] ਜਨਮ ਨਹੀਂ ਧਾਰੇਂਗਾ । |
| ਤਤੁ[30] ਨਿਰੰਜਨੁ[31] ਜੋਤਿ[32] ਸਬਾਈ[33] [34]ਸੋਹੰ[35] ਭੇਦੁ[36] ਨ ਕੋਈ ਜੀਉ ॥ | The light[32] of the Immaculate[31] Lord, the essence[30] of everything, is pervading all[33]. I[35] am He[34] and there is no difference[36]. | ਹਰ ਵਸਤ ਦੇ ਨਿਚੋੜ[30], ਪਵਿੱਤ੍ਰ ਤੇ ਨਿਰਲੇਪ ਪ੍ਰਭੂ[31] ਦਾ ਪ੍ਰਕਾਸ਼[32] ਸਮੂਹ[33] ਅੰਦਰ ਵਿਆਪਕ ਹੈ । ਮੈਂ[35] ਓਹੀ[34] ਹਾਂ ਅਤੇ ਕੋਈ ਭੀ ਫ਼ਰਕ[36] ਨਹੀਂ । |
| ਅਪਰੰਪਰ[37] ਪਾਰਬ੍ਰਹਮੁ[38] ਪਰਮੇਸਰੁ[39] ਨਾਨਕ ਗੁਰ ਮਿਲਿਆ[40] ਸੋਈ[41] ਜੀਉ ॥੫॥੧੧॥ | He is the Infinite[37], Transcendent Lord[38], the Supreme God[39] and Him[41], Nanak has obtained[40] as His Guru. | ਉਹ ਬੇਅੰਤ[37], ਪਰਮ ਪ੍ਰਭੂ[38], ਸ਼੍ਰੋਮਣੀ ਵਾਹਿਗੁਰੂ[39] ਹੈ । ਉਸ[41] ਨੂੰ ਨਾਨਕ ਨੇ ਆਪਣੇ ਗੁਰ ਵਜੋਂ ਪ੍ਰਾਪਤ ਕੀਤਾ[40] ਹੈ । |
| ਸੋਰਠਿ ਮਹਲਾ ੧ ਘਰੁ ੩ | Sorath Ist Guru. | ਸੋਰਠਿ ਪਹਿਲੀ ਪਾਤਿਸ਼ਾਹੀ । |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace He is obtained. | ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਜਾ[42] ਤਿਸੁ[46] ਭਾਵਾ[43] ਤਦ[44] ਹੀ ਗਾਵਾ[45] ॥ | When[42] I become pleasing[43] to Him[46], then[44] alone sing[45] I His praise. | ਜਦ[44] ਮੈਂ ਉਸ[46] ਨੂੰ ਚੰਗਾ ਲਗਦਾ[43] ਹਾਂ, ਕੇਵਲ ਤਦ[44] ਹੀ ਮੈਂ ਉਸ ਦੀ ਕੀਰਤੀ ਗਾਇਨ ਕਰਦਾ[45] ਹਾਂ । |
| ਤਾ[47] ਗਾਵੇ ਕਾ ਫਲੁ[48] ਪਾਵਾ ॥ | Thus[47] do I receive the fruit[48] of singing His praise. | ਐਸ ਤਰ੍ਹਾਂ[47] ਮੈਂ ਉਸ ਦੀ ਕੀਰਤੀ ਗਾਇਨ ਕਰਨ ਦਾ ਮੇਵਾ[48] ਪਾਉਂਦਾ ਹਾਂ । |
| ਗਾਵੇ ਕਾ ਫਲੁ ਹੋਈ ॥ ਜਾ[49] ਆਪੇ[50] ਦੇਵੈ[51] ਸੋਈ[52] ॥੧॥ | The fruit of hymning His praise is gathered when[49] He[52], the Lord Himself[50] donates[51] it. | ਜਦ[49] ਉਹ[52] ਸੁਆਮੀ ਖ਼ੁਦ[50] ਇਸ ਨੂੰ ਬਖਸ਼ਦਾ[51] ਹੈ, ਤਾਂ ਹੀ ਉਸ ਦੀ ਕੀਰਤੀ ਗਾਇਨ ਕਰਨ ਦਾ ਮੇਵਾ ਪ੍ਰਾਪਤ ਹੁੰਦਾ ਹੈ । |
| ਮਨ[53] ਮੇਰੇ ਗੁਰ ਬਚਨੀ[54] ਨਿਧਿ[55] ਪਾਈ ॥ ਤਾ ਤੇ[56] | My soul[53], by Guru's instruction[54] I have gathered the Name | ਮੇਰੀ ਜਿੰਦੜੀਏ[53] ! ਗੁਰਾਂ ਦੇ ਉਪਦੇਸ਼[54] ਦੁਆਰਾ, ਮੈਂ ਨਾਮ ਦਾ ਖ਼ਜ਼ਾਨਾ[55] ਪਾ ਲਿਆ ਹੈ, ਇਸ ਲਈ[56] ਹੁਣ |

| | | |
|---|---|---|
| ਸਚ[57] ਮਹਿ[58] ਰਹਿਆ ਸਮਾਈ[59] ॥ਰਹਾਉ॥ | treasure[55]. Therefore[56], now I remain absorbed[59] in[58] the True Name[57]. Pause. | ਮੈਂ ਸੱਚੇ ਨਾਮ[57] ਅੰਦਰ[58] ਲੀਨ[59] ਰਹਿੰਦਾ ਹਾਂ। ਠਹਿਰਾਉ। |
| ਗੁਰ ਸਾਖੀ[60] ਅੰਤਰਿ[61] ਜਾਗੀ[62] ॥ ਤਾ[63] ਚੰਚਲ[64] ਮਤਿ[65] ਤਿਆਗੀ[66] ॥ | When Guru's instruction[60] became manifest[62] within[61] me, then[63] did I forsake[66] my mercurial[64] temperament[65]. | ਜਦ ਗੁਰਾਂ ਦਾ ਉਪਦੇਸ਼[60] ਮੇਰੇ ਅੰਦਰ[61] ਪ੍ਰਕਾਸ਼[62] ਹੋਇਆ, ਤਦ, ਮੈਂ[63] ਆਪਣੀ ਚੁਲਬਲੀ[64] ਤਬੀਅਤ[65] ਨੂੰ ਤਲਾਂਜਲੀ ਦੇ ਦਿੱਤੀ[66]। |
| ਗੁਰ ਸਾਖੀ ਕਾ ਉਜੀਆਰਾ[62]॥ ਤਾ[68] ਮਿਟਿਆ[69] ਸਗਲ[70] ਅੰਧ੍ਯਾਰਾ[71] ॥੨॥ | With the[68] light[67] of the Guru's instruction, the entire[70] darkness[71] is dispelled[69]. | ਗੁਰਾਂ ਦੇ ਉਪਦੇਸ਼ ਦੇ ਪ੍ਰਕਾਸ਼[67] ਦੇ ਨਾਲ[68] ਸਾਰਾ[70] ਅਨ੍ਹੇਰਾ[71] ਦੂਰ ਹੋ ਗਿਆ[69] ਹੈ। |
| ਗੁਰ ਚਰਨੀ[72] ਮਨੁ ਲਾਗਾ[73]॥ ਤਾ[74] ਜਮ[75] ਕਾ ਮਾਰਗੁ[76] ਭਾਗਾ[77] ॥ | When man's mind is attached[73] with the Guru's feet[72], then[74] death's[75] path[76] recedes[77] away from him. | ਜਦ ਮਨੁੱਖ ਦਾ ਮਨੂਆ ਗੁਰਾਂ ਦੇ ਪੈਰਾਂ[72] ਨਾਲ ਜੁੜ ਜਾਂਦਾ[73] ਹੈ, ਤਦ[74] ਮੌਤ[75] ਦਾ ਰਾਹ[76] ਉਸ ਤੋਂ ਪਰੇ ਹੱਟ ਜਾਂਦਾ[77] ਹੈ। |
| ਭੈ[78] ਵਿਚਿ ਨਿਰਭਉ[79] ਪਾਇਆ ॥ ਤਾ ਸਹਜੈ[80] ਕੈ ਘਰਿ[82] ਆਇਆ[81] ॥੩॥ | In the Lord's fear[78], the man attains to the Fearless[79] Lord. Then he enters[81] the home[82] of celestial bliss[80]. | ਪ੍ਰਭੂ ਦੇ ਡਰ[78] ਅੰਦਰ ਇਨਸਾਨ ਡਰ-ਰਹਿਤ[79] ਪ੍ਰਭੂ ਨੂੰ ਪਾ ਲੈਂਦਾ ਹੈ ਅਤੇ ਤਦ ਉਹ ਬੈਕੁੰਠੀ ਅਨੰਦ[80] ਦੇ ਗ੍ਰਿਹ[82] ਵਿੱਚ ਪ੍ਰਵੇਸ਼ ਕਰ ਜਾਂਦਾ[81] ਹੈ। |
| ਭਣਤਿ[83] ਨਾਨਕੁ ਬੂਝੈ[84] ਕੋ[85] ਬੀਚਾਰੀ[86] ॥ ਇਸੁ ਜਗ[87] ਮਹਿ[88] ਕਰਣੀ[89] ਸਾਰੀ[90] ॥ | Says[83] Nanak, some rare[85] thoughtful person[86] knows[84], as to what is the most[90] pious action[89] in[88] this world[87]. | ਗੁਰੂ ਜੀ ਫ਼ੁਰਮਾਉਂਦੇ[83] ਹਨ, ਕੋਈ ਵਿਰਲਾ[85] ਵਿਚਾਰਵਾਨ[86] ਪੁਰਸ਼ ਹੀ ਜਾਣਦਾ[84] ਹੈ ਕਿ ਇਸ ਜਹਾਨ[87] ਵਿੱਚ[88] ਪਰਮ ਪਵਿੱਤ੍ਰ[90] ਕਰਮ[89] ਕਿਹੜਾ ਹੈ। |
| ਕਰਣੀ[91] ਕੀਰਤਿ[92] ਹੋਈ ॥ ਜਾ[93] ਆਪੇ[94] ਮਿਲਿਆ ਸੋਈ[95] ॥੪॥੧॥੧੨॥ | The noblest deed[91] is the Lord's praise[92], whereby[93] the[95] Lord Himself[94] meets the mortal. | ਪਰਮ ਪੁੰਨ ਕਰਮ[91] ਸਾਹਿਬ ਦੀ ਸਿਫ਼ਤ-ਸਨਾ[92] ਹੈ ਜਿਸ ਦੁਆਰਾ[93] ਉਹ[95] ਸਾਹਿਬ ਖ਼ੁਦ[94] ਹੀ ਪ੍ਰਾਣੀ ਨੂੰ ਮਿਲ ਪੈਂਦਾ ਹੈ। |
| ਸੋਰਠਿ ਮਹਲਾ ੩ ਘਰੁ ੧ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ। |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਸੇਵਕ[96] ਸੇਵ[97] ਕਰਹਿ ਸਭਿ ਤੇਰੀ ਜਿਨ[98] ਸਬਦੈ[99] ਸਾਦੁ[100] ਆਇਆ ॥ | O Lord, all Thine servants[96], who[98] relish[100] the Name[99], perform Thy service[97]. | ਹੇ ਸੁਆਮੀ! ਤੇਰੇ ਸਾਰੇ ਚਾਕਰ[96], ਜਿਨ੍ਹਾਂ[98] ਨੂੰ ਨਾਮ[99] ਦਾ ਸੁਆਦ ਆਇਆ[100] ਹੈ, ਤੇਰੀ ਟਹਿਲ[97] ਕਮਾਉਂਦੇ ਹਨ। |
| ਗੁਰ ਕਿਰਪਾ[2] ਤੇ ਨਿਰਮਲੁ[3] | He, who effaces[6] his self-conceit[5] | ਜੋ ਆਪਣੇ ਅੰਦਰੋਂ[4] ਆਪਣੀ ਸਵੈ-ਹੰਗਤਾ[5] ਨੂੰ ਮੇਸ |

| | | |
|---|---|---|
| ਹੋਆ ਜਿਨਿ ਵਿਚਹੁ[4] ਆਪੁ[5] ਗਵਾਇਆ[6] ॥ | from within[4] himself, becomes pure[3] by Guru's grace[2]. | ਦਿੰਦਾ[6] ਹੈ, ਉਹ ਗੁਰਾਂ ਦੀ ਦਇਆ ਦੁਆਰਾ[2] ਪਵਿੱਤ੍ਰ[3] ਹੋ ਜਾਂਦਾ ਹੈ। |
| ਅਨਦਿਨੁ[7] ਗੁਣ[8] ਗਾਵਹਿ ਨਿਤ[9] ਸਾਚੇ[10] ਗੁਰ ਕੈ ਸਬਦਿ[12] ਸੁਹਾਇਆ[13] ॥੧॥ | He, who, night[7] and day, ever[9] sings the True Lord's[10] praise[8], is adorned[13] with the Guru's word[12]. | ਜੋ ਰਾਤ[7] ਦਿਨ ਹਮੇਸ਼ਾ[9] ਸੱਚੇ ਸੁਆਮੀ[10] ਦਾ ਜੱਸ[8] ਗਾਇਨ ਕਰਦਾ ਹੈ, ਉਹ ਗੁਰਾਂ ਦੀ ਬਾਣੀ[12] ਨਾਲ ਸੁਸ਼ੋਭਤ ਹੋ ਜਾਂਦਾ[13] ਹੈ। |
| ਮੇਰੇ ਠਾਕੁਰ[14] ਹਮ[15] ਬਾਰਿਕ[16] ਸਰਣਿ[17] ਤੁਮਾਰੀ॥ | O my Master[14], I[15] am Thy child[16] and I seek Thy protection[17]. | ਹੇ ਮੈਂਡੇ ਮਾਲਕ[14] ! ਮੈਂ[15] ਤੇਰਾ ਬੱਚਾ[16] ਹਾਂ ਅਤੇ ਤੇਰੀ ਪਨਾਹ[17] ਲੋੜਦਾ ਹਾਂ। |
| ਏਕੋ[18] ਸਚਾ ਸਚੁ[19] ਤੂ ਕੇਵਲੁ[20] ਆਪਿ[21] [22]ਮੁਰਾਰੀ[23] ॥ਰਹਾਉ॥ | My unique[18] Lord, Thou alone[20] art the Truest of the true[19]. O Enemy[23] of ego[22], Thou art all by Thyself[21]. Pause. | ਮੇਰੇ ਅਦੁੱਤੀ[18] ਪ੍ਰਭੂ ! ਸਿਰਫ਼[20] ਤੂੰ ਹੀ ਸਚਿਆਰਾਂ ਦਾ ਪਰਮ ਸਚਿਆਰ[21] ਹੈਂ। ਹੇ ਹੰਕਾਰ[22] ਦੇ ਵੈਰੀ[23], ਤੂੰ ਸਾਰਾ ਕੁਛ ਆਪਣੇ ਆਪ[21] ਤੋਂ ਹੀ ਹੈਂ। ਠਹਿਰਾਉ। |
| ਜਾਗਤ[24] ਰਹੇ ਤਿਨੀ[25] ਪ੍ਰਭੁ ਪਾਇਆ ਸਬਦੇ[26] ਹਉਮੈ[27] ਮਾਰੀ[28] ॥ | They[25], who remain wakeful[24], obtain the Lord and through the Name[26] efface[28] their ego[27]. | ਜੋ ਖ਼ਬਰਦਾਰ[24] ਰਹਿੰਦੇ ਹਨ, ਉਹ[25] ਸਾਂਈਂ ਨੂੰ ਪਾ ਲੈਂਦੇ ਹਨ ਤੇ ਨਾਮ[26] ਦੇ ਰਾਹੀਂ ਆਪਣੀ ਹੰਗਤਾ[27] ਨੂੰ ਮੇਟ ਸੁਟਦੇ[28] ਹਨ। |
| ਗਿਰਹੀ[29] ਮਹਿ[30] ਸਦਾ[31] ਹਰਿ ਜਨ[32] ਉਦਾਸੀ[33] ਗਿਆਨ[34]ਤਤ[35] ਬੀਚਾਰੀ[36]॥ | In[30] family life[29], Lord's slave[32] ever[31] remains in dispassion[33] and reflects[36] over the quintessence[35] of gnosis[34]. | ਗ੍ਰਿਹਸਥ[29] ਵਿੱਚ[30] ਰੱਬ ਦਾ ਗੋਲਾ[32], ਹਮੇਸ਼ਾ[31] ਨਿਰਲੇਪ[33] ਵਿਚਰਦਾ ਹੈ ਤੇ ਬ੍ਰਹਮ ਵੀਚਾਰ[34] ਦੀ ਸਾਰਵਸਤੂ[35] ਨੂੰ ਸੋਚਦਾ ਸਮਝਦਾ[36] ਹੈ। |
| ੬੦੦ | | |
| ਸਤਿਗੁਰੁ ਸੇਵਿ[40] ਸਦਾ ਸੁਖੁ[37] ਪਾਇਆ ਹਰਿ ਰਾਖਿਆ [38]ਉਰਧਾਰੀ[39] ॥੨॥ | Serving[40] the True Guru, he ever attains peace[37] and keeps God enshrined[39] in his heart[38]. | ਸੱਚੇ ਗੁਰਾਂ ਦੀ ਟਹਿਲ ਕਮਾ[40], ਉਹ ਹਮੇਸ਼ਾ ਆਰਾਮ[37] ਪਾਉਂਦਾ ਹੈ ਤੇ ਹਰੀ ਨੂੰ ਆਪਣੇ ਦਿਲ[38] ਨਾਲ ਲਾਈ ਰੱਖਦਾ[39] ਹੈ। |
| ਇਹੁ ਮਨੂਆ[41] [42]ਦਹਦਿਸਿ[43] ਧਾਵਦਾ[44] ਦੂਜੈ ਭਾਇ[45] ਖੁਆਇਆ[46] ॥ | This mind[41] wanders[44] in ten[42] directions[43] and duality[45] consumes[46] it. | ਇਹ ਮਨ[41] ਦਸੀਂ[42] ਪਾਸੀਂ[43] ਭਟਕਦਾ ਫਿਰਦਾ[44] ਹੈ ਤੇ ਇਸ ਨੂੰ ਹੋਰਸ ਦੀ ਪ੍ਰੀਤ[45] ਨੇ ਬਰਬਾਦ ਕਰ ਦਿੱਤਾ[46]ਹੈ। |
| ਮਨਮੁਖ[47] ਮੁਗਧੁ[48] ਹਰਿਨਾਮੁ ਨ ਚੇਤੈ[49] ਬਿਰਥਾ[50] ਜਨਮੁ[51] ਗਵਾਇਆ[52] ॥ | The way-ward[47] fool[48] remembers[49] not the God's Name and wastes[52] his life[61] in vain[60]. | ਆਪ-ਹੁਦਰਾ[47] ਮੂਰਖ[48], ਰੱਬ ਦੇ ਨਾਮ ਨੂੰ ਯਾਦ ਨਹੀਂ ਕਰਦਾ[49] ਅਤੇ ਆਪਣੇ ਜੀਵਨ[51] ਨੂੰ ਬੇਅਰਥ[50] ਗੁਆ ਲੈਂਦਾ[52] ਹੈ। |
| ਸਤਿਗੁਰੁ ਭੇਟੇ[53] ਤਾ[54] ਨਾਉ ਪਾਏ ਹਉਮੈ[55] ਮੋਹੁ[56] ਚੁਕਾਇਆ[57] ॥੩॥ | When he meets[53] with the True Guru, then[54] obtains he the Name and shakes off[57] his pride[55] and worldly attachment[56]. | ਜਦ ਉਹ ਸੱਚੇ ਗੁਰਾਂ ਨਾਲ ਮਿਲਦਾ[53] ਹੈ, ਤਦ[54] ਉਹ ਨਾਮ ਨੂੰ ਪ੍ਰਾਪਤ ਹੁੰਦਾ ਹੈ ਤੇ ਉਸ ਦੀ ਹੰਗਤਾ[55] ਤੇ ਮਮਤਾ[56] ਦੂਰ ਹੋ ਜਾਂਦੇ[57] ਹਨ। |
| ਹਰਿ ਜਨ[58] ਸਾਚੇ[62] ਸਾਚੁ ਕਮਾਵਹਿ[59] ਗੁਰ ਕੈ ਸਬਦਿ[60] ਵੀਚਾਰੀ[61] ॥ | True[62] are the God's slaves[58]. They practice[59] truth and reflect over[61] the Guru's hymns[60]. | ਸੱਚੇ[62] ਹਨ ਰੱਬ ਦੇ ਗੋਲੇ[58]। ਉਹ ਸੱਚ ਦੀ ਕਮਾਈ ਕਰਦੇ[59] ਅਤੇ ਗੁਰਾਂ ਦੀ ਬਾਣੀ[60] ਨੂੰ ਸੋਚਦੇ ਸਮਝਦੇ[61] ਹਨ। |
| ਆਪੇ[63] ਮੇਲਿ ਲਏ ਪ੍ਰਭਿ | The True Lord[64] unites them with | ਸੱਚਾ ਸਾਹਿਬ[64] ਉਨ੍ਹਾਂ ਨੂੰ ਆਪਣੇ[6] ਨਾਲ ਮਿਲਾ ਲੈਂਦਾ |

| | | |
|---|---|---|
| ਸਾਚੈ[64] ਸਾਚੁ ਰਖਿਆ [65]ਉਰਧਾਰੀ[66] ॥ | Himself[63] and they keep the True Lord enshrined[66] in their heart[65]. | ਹੈ ਅਤੇ ਉਹ ਸੱਚੇ ਸਾਹਿਬ ਨੂੰ ਆਪਣੇ ਦਿਲ[65] ਨਾਲ ਲਾਈ ਰਖਦੇ[66] ਹਨ । |
| ਨਾਨਕ ਨਾਵਹੁ[67] ਗਤਿ[68] ਮਤਿ[69] ਪਾਈ[70] ਏਹਾ ਰਾਸਿ[71] ਹਮਾਰੀ[72] ॥੪॥੧॥ | Through the Name[67], Nanak is blessed[70] with salvation[68] and understanding[69]. This Name alone is my[72] mainstain[71]. | ਨਾਮ[67] ਦੇ ਰਾਹੀਂ ਨਾਨਕ ਨੂੰ ਮੋਖਸ਼[68] ਤੇ ਸਮਝ ਸੋਚ[69] ਦੀ ਦਾਤ ਮਿਲੀ[70] ਹੈ । ਕੇਵਲ ਇਹ ਨਾਮ ਹੀ ਮੇਰੀ[72] ਪੂੰਜੀ[71] ਹੈ । |
| ਸੋਰਠਿ ਮਹਲਾ ੩ ॥ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ । |
| ਭਗਤਿ[73]ਖਜਾਨਾ[74] ਭਗਤਨ[75] ਕਉ ਦੀਆ[76] ਨਾਉ ਹਰਿ ਧਨੁ[77] ਸਚੁ[78] ਸੋਇ[79] ॥ | He[79], the True Lord[78], has blessed[76] His devotees[75] with the treasure[74] of His devotion[73] and the wealth[77] of God's Name. | ਉਸ[79] ਸੱਚੇ ਸੁਆਮੀ[78] ਨੇ ਆਪਣੇ ਪ੍ਰੇਮੀਆਂ[75] ਨੂੰ ਪ੍ਰੇਮ[73] ਦਾ ਭੰਡਾਰਾ[74] ਅਤੇ ਰੱਬ ਦੇ ਨਾਮ ਦਾ ਪਦਾਰਥ[77] ਬਖਸ਼ਿਆ[76] ਹੈ । |
| ਅਖੁਟੁ[80] ਨਾਮ ਧਨੁ ਕਦੇ ਨਿਖੁਟੈ[81] ਨਾਹੀ ਕਿਨੈ ਨ ਕੀਮਤਿ[82] ਹੋਇ[83] ॥ | The inexhaustible[80] Name wealth never runs short[81] and none can appraise[83] its worth[82]. | ਨਾ ਮੁਕਣ ਵਾਲੀ[80]ਨਾਮ ਦੀ ਦੌਲਤ ਕਦਾਚਿੱਤ ਮੁਕਦੀ[81] ਨਹੀਂ । ਕੋਈ ਭੀ ਇਸ ਦਾ ਮੁੱਲ[82] ਨਹੀਂ ਪਾ ਸਕਦਾ[83] । |
| ਨਾਮ ਧਨਿ[87] ਮੁਖ[84] ਉਜਲੇ[85] ਹੋਏ ਹਰਿ ਪਾਇਆ ਸਚੁ ਸੋਇ[86] ॥੧॥ | With the Name's wealth[87], effulgent[85] become the countenances[84] and the[86] True Lord is attained to. | ਨਾਮ ਦੀ ਦੌਲਤ[87] ਨਾਲ ਚਮਕੀਲੇ[85] ਹੋ ਜਾਂਦੇ ਹਨ ਚਿਹਰੇ[84], ਅਤੇ ਉਹ[86] ਸੱਚਾ ਸੁਆਮੀ ਪ੍ਰਾਪਤ ਹੋ ਜਾਂਦਾ ਹੈ । |
| ਮਨ[88] ਮੇਰੇ ਗੁਰ ਸਬਦੀ[89] ਹਰਿ ਪਾਇਆ[90] ਜਾਇ ॥ | O my soul[88], it is by Guru's instruction[89] that man attains[90] to his God. | ਹੇ ਮੇਰੀ ਜਿੰਦੜੀਏ[88], ਗੁਰਾਂ ਦੇ ਉਪਦੇਸ਼[89] ਦੁਆਰਾ ਹੀ ਬੰਦਾ ਆਪਣੇ ਵਾਹਿਗੁਰੂ ਨੂੰ ਪ੍ਰਾਪਤ[90] ਹੁੰਦਾ ਹੈ । |
| ਬਿਨੁ[97] ਸਬਦੈ[91] ਜਗੁ[92] ਭੁਲਦਾ[93] ਫਿਰਦਾ ਦਰਗਹ[94] ਮਿਲੈ[95] ਸਜਾਇ[96] ॥ਰਹਾਉ॥ | Without[97] the Name[91], the world[92] goes astray[93] and suffers[95]punishment[96] in the Lord's court[94]. Pause. | ਨਾਮ[91] ਦੇ ਬਾਝੋਂ[97] ਦੁਨੀਆ[92] ਕੁਰਾਹੇ[93] ਪਈ ਹੋਈ ਹੈ ਅਤੇ ਸਾਹਿਬ ਦੇ ਦਰਬਾਰ[94] ਅੰਦਰ ਸਜ਼ਾ[96] ਭੁਗਤਦੀ[95] ਹੈ । ਠਹਿਰਾਉ । |
| ਇਸੁ ਦੇਹੀ[98] ਅੰਦਰਿ ਪੰਚ[99] ਚੋਰ[100]ਵਸਹਿ[2] ਕਾਮੁ[3] ਕ੍ਰੋਧੁ[4] ਲੋਭੁ[5] ਮੋਹੁ[6] ਅਹੰਕਾਰਾ[7] ॥ | Within this body[98] dwell[2] the five[99] thieves[100]; lust[3], wrath[4], avarice[5], attachment[6] and pride[7]. | ਇਸ ਸਰੀਰ[98] ਵਿੱਚ ਪੰਜ[99] ਚੋਰ ਰਹਿੰਦੇ[2] ਹਨ : ਜ਼ਨਾਹਕਾਰੀ[3], ਗੁੱਸਾ[4], ਲਾਲਚ[5], ਸੰਸਾਰੀ ਮਮਤਾ[6] ਅਤੇ ਹੰਗਤਾ[7] । |
| ਅੰਮ੍ਰਿਤੁ[8] ਲੂਟਹਿ[9] ਮਨਮੁਖ[10] ਨਹੀ ਬੂਝਹਿ[12] ਕੋਇ ਨ ਸੁਣੈ ਪੂਕਾਰਾ[13] ॥ | They plunder[9] Nectar[8]. The apostate[10] knows[12] it not and none hears the complaint[13]. | ਉਹ ਅੰਮ੍ਰਿਤ[8] ਨੂੰ ਲੁੱਟਦੇ[9] ਹਨ । ਮਨਮੁਖ ਪੁਰਸ਼[10] ਇਸ ਨੂੰ ਨਹੀਂ ਸਮਝਦਾ[12] ਅਤੇ ਕੋਈ ਭੀ ਫ਼ਰਿਆਦ[13] ਨਹੀਂ ਸੁਣਦਾ । |
| ਅੰਧਾ[14] ਜਗਤੁ[15] ਅੰਧੁ ਵਰਤਾਰਾ[16] ਬਾਝੁ[17] ਗੁਰੂ ਗੁਬਾਰਾ[18] ॥੨॥ | Blind[14] is the world[15] and blind its dealings[16]. Without[17] the Guru, there is pitch darkness[18]. | ਅੰਨ੍ਹਾ[14] ਹੈ ਜਹਾਨ[15] ਅਤੇ ਅੰਨ੍ਹੇ ਇਸ ਦੇ ਵਿਹਾਰ[16] । ਗੁਰਾਂ ਦੇ ਬਗ਼ੈਰ[17] ਅਨ੍ਹੇਰ ਘੁੱਪ[18] ਹੈ । |
| ਹਉਮੈ[19] ਮੇਰਾ[20] ਕਰਿ ਕਰਿ[21] | Indulging[21] in egotism[19] and egoism[20], | ਅਹੰਕਾਰ[19] ਅਤੇ ਅਪਣੱਤ[20] ਕਰਦੇ[21] ਹੋਏ ਪ੍ਰਾਣੀ |

| | | |
|---|---|---|
| ਵਿਗੁਤੇ[22] ਕਿਹੁ[23] ਚਲੈ[24] ਨ ਚਲਦਿਆ[25] ਨਾਲਿ ॥ | the mortals are ruined[22] and when departing[25] nothing[23] goes[24] with them. | ਬਰਬਾਦ[22] ਹੋ ਗਏ[22] ਹਨ। ਤੁਰਨ[25] ਵੇਲੇ[25] ਕੁੱਛ ਭੀ[23] ਉਨ੍ਹਾਂ ਦੇ ਨਾਲ ਨਹੀਂ ਜਾਂਦਾ[24]। |
| ਗੁਰਮੁਖਿ[26] ਹੋਵੈ[27] ਸੁ ਨਾਮੁ[28] ਧਿਆਵੈ[29] ਸਦਾ[30] ਹਰਿ ਨਾਮੁ ਸਮਾਲਿ[31] ॥ | One, who gets[27] resigned to Guru's will[26], he[28] remembers[29] the Name and ever[30] thinks[31] of nothing but the Lord's Name. | ਜੋ ਗੁਰੂ ਅਨੁਸਾਰੀ[26] ਹੋ ਜਾਂਦਾ[27] ਹੈ, ਉਹ[28] ਨਾਮ ਦਾ ਸਿਮਰਨ[29] ਕਰਦਾ ਹੈ ਅਤੇ ਹਮੇਸ਼ਾ[30] ਕੇਵਲ ਸਾਹਿਬ ਦੇ ਨਾਮ ਨੂੰ ਹੀ ਯਾਦ ਕਰਦਾ[31] ਹੈ। |
| ਸਚੀ ਬਾਣੀ[32] ਹਰਿ ਗੁਣ[33] ਗਾਵੈ[34] ਨਦਰੀ[35] ਨਦਰਿ[36] ਨਿਹਾਲਿ[37] ॥੩॥ | Through the True Gurbani[32], he sings[34] God's praises[33] and becomes happy[37] with the graceful glance[36] of the kind Lord[35]. | ਸੱਚੀ ਗੁਰਬਾਣੀ[32] ਦੇ ਰਾਹੀਂ, ਉਹ ਵਾਹਿਗੁਰੂ ਦਾ ਜੱਸ[33] ਗਾਇਨ ਕਰਦਾ[34] ਹੈ ਅਤੇ ਮਿਹਰਬਾਨ ਮਾਲਕ[35] ਦੀ ਮਿਹਰ ਦੀ ਨਿਗ੍ਹਾ[36] ਨਾਲ ਪ੍ਰਸੰਨ ਥੀ ਵੰਞਦਾ[37] ਹੈ। |
| ਸਤਿਗੁਰ ਗਿਆਨੁ[38] ਸਦਾ[39] ਘਟਿ[40] ਚਾਨਣੁ[41] ਅਮਰੁ[42] ਸਿਰਿ[43] ਬਾਦਿਸਾਹਾ[44] ॥ | The wisdom[38] of the True Guru, ever[39] illumines[41] his heart[40]; the Lord's writ[42] is over the head[43] of the kings[44] even. | ਗੁਰਾਂ ਦਾ ਦਿਤਾ ਹੋਇਆ ਗਿਆਨ[38] ਸਦੀਵ[39] ਹੀ ਉਸ ਦੇ ਦਿਲ[49] ਨੂੰ ਰੋਸ਼ਨ ਕਰਦਾ[41] ਹੈ। ਸਾਹਿਬ ਦਾ ਹੁਕਮ[42] ਪਾਤਿਸ਼ਾਹਾਂ[44] ਦੇ ਸਿਰ[43] ਉਤੇ ਭੀ ਹੈ। |
| ਅਨਦਿਨੁ[45] ਭਗਤਿ[46] ਕਰਹਿ ਦਿਨੁ ਰਾਤੀ[49] ਰਾਮ ਨਾਮੁ ਸਚੁ ਲਾਹਾ[48] ॥ | Night[45] and day, the saints ever[47] perform the Lord's devotional service[46] and reap the True profit[48] of His Name. | ਰਾਤ[45] ਦਿਨ ਸੰਤ ਸੁਆਮੀ ਦੀ ਸਦਾ[47] ਪ੍ਰੇਮਮਈ ਸੇਵਾ[46] ਕਮਾਉਂਦੇ ਹਨ ਅਤੇ ਉਸ ਦੇ ਨਾਮ ਦਾ ਸੱਚਾ ਮੁਨਾਫ਼ਾ[48] ਉਠਾਉਂਦੇ ਹਨ। |
| ਨਾਨਕ ਰਾਮ ਨਾਮਿ ਨਿਸਤਾਰਾ[49] ਸਬਦਿ[50] ਰਤੇ[51] ਹਰਿ ਪਾਹਾ[52] ॥੪॥੨॥ | Nanak, through the Lord's Name, the mortal is emancipated[49] and being imbued[51] with the Name[50], he attains[52] to the Lord. | ਨਾਨਕ, ਸਾਹਿਬ ਦੇ ਨਾਮ ਦੇ ਰਾਹੀਂ, ਪ੍ਰਾਣੀ ਮੁਕਤ ਹੋ ਜਾਂਦਾ[49] ਹੈ ਅਤੇ ਨਾਮ[50] ਨਾਲ ਰੰਗੀਜ[51]ਕੇ ਉਹ ਸਾਹਿਬ ਨੂੰ ਪਾ ਲੈਂਦਾ[52] ਹੈ। |
| ਸੋਰਠਿ ਮ: ੩ ॥ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ। |
| ਦਾਸਨਿ ਦਾਸੁ[53] ਹੋਵੈ ਤਾ[54] ਹਰਿ ਪਾਏ ਵਿਚਹੁ[55] ਆਪੁ[56] ਗਵਾਈ[57] ॥ | If man becomes the serf[53] of Lord's serfs, then[54] obtains he the Lord and sheds[57] his ego[56] from within[53]. | ਜੇਕਰ ਬੰਦਾ ਸੁਆਮੀ ਦੇ ਨਫ਼ਰਾਂ ਦਾ ਨਫ਼ਰ[53] ਹੋ ਵੰਞੇ, ਤਦ[54] ਉਹ ਸੁਆਮੀ ਨੂੰ ਪਾ ਲੈਂਦਾ ਹੈ ਤੇ ਆਪਣੇ ਅੰਦਰੋਂ[55] ਹੰਗਤਾ[56] ਨੂੰ ਦੂਰ ਕਰ ਦਿੰਦਾ[57] ਹੈ। |
| ਭਗਤਾ ਕਾ ਕਾਰਜੁ[58] ਹਰਿ ਅਨੰਦੁ[59] ਹੈ ਅਨਦਿਨੁ[60] ਹਰਿ ਗੁਣ[61] ਗਾਈ ॥ | The Lord of bliss[59] is the pursuit[58] of the saints and, night[60] and day, they sing God's praise[61]. | ਪ੍ਰਸੰਨਤਾ[59] ਦਾ ਸੁਆਮੀ ਸਾਧੂਆਂ ਦਾ ਕੰਮ-ਧੰਦਾ[58] ਹੈ ਅਤੇ ਉਹ ਰੈਣ[60] ਦਿਹੁੰ ਹਰੀ ਦਾ ਜੱਸ[61] ਗਾਇਨ ਕਰਦੇ ਹਨ। |
| ਸਬਦਿ[62] ਰਤੇ[63] ਸਦਾ[64] ਇਕ ਰੰਗੀ[65] ਹਰਿ ਸਿਉ ਰਹੇ ਸਮਾਈ[66] ॥੧॥ | Imbued[63] with the Name[62], they ever[64] abide alike[65] and remain absorbed[66] in the Lord. | ਨਾਮ[62] ਨਾਲ ਰੰਗੇ ਹੋਏ[63] ਉਹ ਹਮੇਸ਼ਾ[64] ਇਕ ਰਸ[65] ਵਿਚਰਦੇ ਹਨ ਅਤੇ ਸਾਹਿਬ ਅੰਦਰ ਲੀਨ[66] ਰਹਿੰਦੇ ਹਨ। |
| ਹਰਿ ਜੀਉ[67] ਸਾਚੀ ਨਦਰਿ[68] ਤੁਮਾਰੀ ॥ | O my reverend[67] Lord, true is Thine glance of grace[68]. | ਹੇ ਮੇਰੇ ਪੂਜਯ[67] ਪ੍ਰਭੂ ! ਸੱਚੀ ਹੈ ਤੇਰੀ ਦਇਆ ਦ੍ਰਿਸ਼ਟੀ[68]। |
| ਆਪਣਿਆ ਦਾਸਾ[69] ਨੋ | O Loved[71] Lord, show mercy[70] unto | ਹੇ ਪ੍ਰੀਤਮ[71] ਪ੍ਰਭੂ ! ਆਪਣਿਆਂ ਸੇਵਕਾਂ[69]ਉਤੇ ਰਹਿਮਤ[70] |

| | | |
|---|---|---|
| ਕ੍ਰਿਪਾ[70] ਕਰਿ ਪਿਆਰੇ[71] ਰਾਖਹੁ[72] ਪੈਜ[73] ਹਮਾਰੀ[74] ॥ ਰਹਾਉ॥ | Thine slaves[69] and preserve[72] their[74] honour[73]. Pause. | ਧਾਰ ਅਤੇ ਉਨ੍ਹਾਂ[74] ਦੀ ਇੱਜ਼ਤ[73] ਆਬਰ ਬਰਕਰਾਰ[72] ਰੱਖ । ਠਹਿਰਾਉ । |
| ਸਬਦਿ[75] ਸਲਾਹੀ[76] ਸਦਾ[77] ਹਉ ਜੀਵਾ ਗੁਰਮਤੀ[78] ਭਉ[79] ਭਾਗਾ[80] ॥ | I live by ever[77] praising[76] the Lord[75] and by the Guru's instruction[78], my dread[79] is dispelled[80]. | ਹਮੇਸ਼ਾ[77] ਸੁਆਮੀ[75] ਦੀ ਸਿਫ਼ਤ[76] ਗਾਇਨ ਕਰਨ ਦੁਆਰਾ ਮੈਂ ਜੀਊਂਦਾ ਹਾਂ ਤੇ ਗੁਰਾਂ ਦੇ ਉਪਦੇਸ਼[78] ਦੁਆਰਾ ਮੇਰਾ ਡਰ[79] ਦੌੜ ਗਿਆ[80] ਹੈ । |
| ਮੇਰਾ ਪ੍ਰਭੁ ਸਾਚਾ ਅਤਿ[81] ਸੁਆਲਿਉ[82] ਗੁਰੁ ਸੇਵਿਆ[83] ਚਿਤੁ[84] ਲਾਗਾ[85] ॥ | My True Lord is exceedingly[81] beauteous[82] and serving the Guru, my soul[84] is attuned[85] to Him. | ਮੈਂਡਾ ਸੱਚਾ ਸੁਆਮੀ ਪਰਮ[81] ਸੁੰਦਰ[82] ਹੈ । ਗੁਰਾਂ ਦੀ ਘਾਲ ਕਮਾ[83], ਮੇਰੀ ਜਿੰਦੜੀ[84] ਉਸ ਨਾਲ ਜੁੜ ਗਈ[85] ਹੈ । |
| ਸਾਚਾ ਸਬਦੁ[86] ਸਚੀ ਸਚੁ[87] ਬਾਣੀ[88] ਸੋ[89] ਜਨੁ[90] ਅਨਦਿਨੁ[91] ਜਾਗਾ[92] ॥੨॥ | The[89] man[90], who utters the True Name[86] and the very true[87] Gurbani[88], ever[91] remains wakeful[92]. | ਜੋ ਸੱਚੇ ਨਾਮ[86] ਅਤੇ ਪਰਮ ਸੱਚੀ[87] ਗੁਰਬਾਣੀ[88] ਦਾ ਉਚਾਰਨ ਕਰਦਾ ਹੈ, ਉਹ[89] ਬੰਦਾ[90] ਸਦਾ[91] ਸੁਚੇਤ[92] ਰਹਿੰਦਾ ਹੈ । |
| ਮਹਾ[93] ਗੰਭੀਰੁ[94] ਸਦਾ[65] ਸੁਖਦਾਤਾ[96] ਤਿਸ[97] ਕਾ ਅੰਤੁ[98] ਨ ਪਾਇਆ ॥ | The Lord is very[93] deep[94] and ever[95] peace-giver[96]. His[97] limit[98] no one can find. | ਸਾਹਿਬ ਨਿਹਾਇਤ[93] ਹੀ ਡੂੰਘਾ[94] ਤੇ ਹਮੇਸ਼ਾ[95] ਸੁਖ ਦੇਣ ਵਾਲਾ[96] ਹੈ । ਕੋਈ ਭੀ ਉਸ[97] ਦਾ ਓੜਕ[98] ਨਹੀਂ ਪਾ ਸਕਦਾ । |
| ਪੂਰੇ[99] ਗੁਰ ਕੀ ਸੇਵਾ[100] ਕੀਨੀ ਅਚਿੰਤੁ[2] ਹਰਿ ਮੰਨਿ[3] ਵਸਾਇਆ[4] ॥ | Serving[100] the Perfect[99] Guru, one enshrines[4] in one's mind[3] the carefree[2] Lord. | ਪੂਰਨ[99] ਗੁਰਾਂ ਦੀ ਘਾਲ ਕਮਾ[100], ਆਦਮੀ ਚਿੰਤਾ-ਰਹਿਤ[2] ਸੁਆਮੀ ਨੂੰ ਆਪਣੇ ਚਿਤ[3] ਵਿੱਚ ਟਿਕਾ ਲੈਂਦਾ ਹੈ । |
| ਮਨੁ[5] ਤਨੁ[6] ਨਿਰਮਲੁ[7] ਸਦਾ[8] ਸੁਖੁ[11] ਅੰਤਰਿ[9] ਵਿਚਹੁ[10] ਭਰਮੁ[12] ਚੁਕਾਇਆ[13] ॥੩॥ | Eradicating[13] doubt[12] from within[10], man's mind[5] and body[6] become pure[7] and, within his heart[9], abides the eternal[8] peace[11]. | ਅੰਦਰੋਂ[10] ਸੰਦੇਹ[12] ਦੂਰ ਕਰਨ[13] ਦੁਆਰਾ, ਇਨਸਾਨ ਦੀ ਆਤਮਾ[5] ਤੇ ਦੇਹ[6] ਪਵਿੱਤ੍ਰ[7] ਹੋ ਜਾਂਦੇ ਹਨ ਅਤੇ ਸਦੀਵੀ[8] ਆਰਾਮ[14] ਉਸ ਦੇ ਦਿਲ[9] ਵਿੱਚ ਟਿਕ ਜਾਂਦਾ ਹੈ । |
| ਹਰਿ ਕਾ ਮਾਰਗੁ[14] ਸਦਾ[15] ਪੰਥੁ[16] ਵਿਖੜਾ[17] ਕੋ[18] ਪਾਏ[19] ਗੁਰ ਵੀਚਾਰਾ[20] ॥ | God's way[14] is ever[15] a difficult[17] path[13] and only a few[18] find[19] it by meditating[20] on God, through the Guru. | ਵਾਹਿਗੁਰੂ ਦਾ ਰਸਤਾ[14]* ਹਮੇਸ਼ਾ[15] ਹੀ ਇੱਕ ਮੁਸ਼ਕਿਲ[17] ਰਾਹ[16] ਹੈ । ਬਹੁਤ ਹੀ ਥੋੜੇ[18] ਗੁਰਾਂ ਦੇ ਰਾਹੀਂ ਹਰੀ ਦੇ ਸਿਮਰਨ[20] ਦੁਆਰਾ ਇਸ ਨੂੰ ਪਾਉਂਦੇ[19] ਹਨ । |
| ੬੦੧ | | |
| ਹਰਿ ਕੈ ਰੰਗਿ[21] ਰਾਤਾ[22] ਸਬਦੇ[23] ਮਾਤਾ[24] ਹਉਮੈ[25] ਤਜੇ[26] ਵਿਕਾਰਾ[27] ॥ | Imbued[22] with God's love[21] and inebriated[24] with His Name[23], the mortal gives up[26] his ego[25] and evil[27]. | ਵਾਹਿਗੁਰੂ ਦੀ ਪ੍ਰੀਤ[21] ਨਾਲ ਰੰਗਿਆ[22] ਅਤੇ ਉਸ ਦੇ ਨਾਮ[23] ਨਾਲ ਮਤਵਾਲਾ ਹੋਇਆ[24], ਪ੍ਰਾਣੀ ਆਪਣੇ ਹੰਕਾਰ[25] ਤੇ ਪਾਪ[27] ਨੂੰ ਛੱਡ ਦਿੰਦਾ[26] ਹੈ । |
| ਨਾਨਕ ਨਾਮਿ ਰਤਾ[28] ਇਕ ਰੰਗੀ[29] ਸਬਦਿ[30] ਸਵਾਰਣਹਾਰਾ[31] ॥੪॥੩॥ | Nanak, the Lord[30] beautifies[31] him, who uniformly[29] remains imbued[28] with His Name. | ਨਾਨਕ, ਪ੍ਰਭੂ[30] ਉਸ ਨੂੰ ਸ਼ਸ਼ੋਭਤ ਕਰ ਦਿੰਦਾ[31] ਹੈ ਜੋ ਉਸ ਦੇ ਨਾਮ ਨਾਲ ਇਕਰਸ[29] ਰੰਗਿਆ[28] ਰਹਿੰਦਾ ਹੈ । |
| ਸੋਰਠਿ ਮਹਲਾ ੩ ॥ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ । |
| ਹਰਿ[39] ਜੀਉ ਤੁਧੁ ਨੋ | My loved[34] Lord[39], I praise[83] Thee, | ਮੇਰੇ ਮਿੱਠੜੇ[34] ਮਾਲਕ[39] ! ਜਦ ਤਾਈਂ[35] ਮੇਰੀ ਦੇਹ[36] |

| | | |
|---|---|---|
| ਸਦਾ[32] ਸਾਲਾਹੀ[33] ਪਿਆਰੇ[34] ਜਿਚਰੁ[35] ਘਟ[36] ਅੰਤਰਿ[37] ਹੈ ਸਾਸਾ[38] ॥ | ever[32], as long as[35] I have breath[38] in[37] my body[36]. | ਵਿੱਚ[37] ਸਾਹ[38] ਹੈ, ਮੈਂ ਹਮੇਸ਼ਾ[32] ਹੀ ਤੇਰੀ ਸਿਫ਼ਤ-ਸਲਾਹ ਕਰਦਾ[33] ਹਾਂ। |
| ਇਕੁ ਪਲੁ[40] ਖਿਨੁ[41] ਵਿਸਰਹਿ[42] ਤੂ ਸੁਆਮੀ ਜਾਨਉ[43]ਬਰਸ[44] ਪਚਾਸਾ[45]॥ | If I forget[42] Thee even for a moment[40] and trice[41], I deem[43] it to be equal to fifty[45] years[44], O Lord. | ਜੇਕਰ ਮੈਂ ਤੈਨੂੰ ਇੱਕ ਮੁਹਤ[40] ਤੇ ਛਿਨ[41] ਲਈ ਭੀ ਭੁੱਲ ਜਾਵਾਂ[42], ਮੈਂ ਇਸ ਨੂੰ ਪੰਜਾਹ[45] ਸਾਲਾਂ[44] ਦੇ ਤੁਲ ਜਾਣਦਾ[43] ਹਾਂ, ਹੇ ਸਾਹਿਬ ! |
| ਹਮ[46] ਮੂੜ[47] ਮੁਗਧ[48] ਸਦਾ[49] ਸੇ[50]ਭਾਈ[51] ਗੁਰ ਕੈ ਸਬਦਿ[52] ਪ੍ਰਗਾਸਾ[53] ॥੧॥ | I[46] was[50] ever[49] a fool[47] and an idiot[48],O brother[51] but with Guru's instruction[52]my mind is illumined[53] now. | ਮੈਂ[46] ਸਦੀਵ[49] ਹੀ ਮੂਰਖ[47] ਅਤੇ ਬੁੱਧੂ[48] ਸੀ[50], ਗੁਰਾਂ ਦੇ ਉਪਦੇਸ਼[52] ਨਾਲ ਹੁਣ ਮੇਰਾ ਮਨ ਰੋਸ਼ਨ ਹੋ ਗਿਆ[53] ਹੈ, ਹੇ ਵੀਰ[51] ! |
| ਹਰਿ ਜੀਉ[54] ਤੁਮ ਆਪੇ[55] ਦੇਹੁ ਬੁਝਾਈ[56] ॥ | My Reverend Lord[54], Thou Thyself[55] givest instructions[56]. | ਮੇਰੇ ਪੂਜਯ ਪ੍ਰਭੂ[54] ! ਤੂੰ ਆਪ[55]ਹੀ ਬੰਦਿਆਂ ਨੂੰ ਸਿਖਮਤ ਦਿੰਦਾ[56] ਹੈਂ। |
| ਹਰਿ ਜੀਉ ਤੁਧੁ ਵਿਟਹੁ[57] ਵਾਰਿਆ[58] ਸਦ[59] ਹੀ ਤੇਰੇ ਨਾਮ ਵਿਟਹੁ ਬਲਿ ਜਾਈ[60] ॥ ਰਹਾਉ॥ | My God, I am ever[59] a sacrifice[58] unto[57] Thee and am devoted[60] unto Thy Name. Pause. | ਮੇਰੇ ਵਾਹਿਗੁਰੂ, ਮੈਂ ਤੇਰੇ ਉੱਤੋਂ[57] ਹਮੇਸ਼ਾ[59] ਹੀ ਕੁਰਬਾਨ[58] ਜਾਂਦਾ ਹਾਂ ਅਤੇ ਤੇਰੇ ਨਾਮ ਉੱਤੋਂ ਸਦਕੇ ਥੀਂਵਦਾ[60] ਹਾਂ। |
| ਹਮ[61] ਸਬਦਿ[62] ਮੁਏ[63] ਸਬਦਿ ਮਾਰਿ ਜੀਵਾਲੇ[64] ਭਾਈ[65] ਸਬਦੇ ਹੀ ਮੁਕਤਿ[66] ਪਾਈ ॥ | O brother[65], through the Name[62], I[61] have died[63] and being dead, I am reborn[64] through the Name, and through the Name, I am emancipated[66]. | ਹੇ ਵੀਰ[65] ! ਨਾਮ[62] ਦੇ ਰਾਹੀਂ, ਮੈਂ[61] ਮਰ ਗਿਆ[63] ਹਾਂ ਤੇ ਮਰ ਕੇ ਨਾਮ ਦੇ ਰਾਹੀਂ ਮੁੜ ਜੀਉ ਪਿਆ[64] ਹਾਂ ਅਤੇ ਨਾਮ ਦੇ ਰਾਹੀਂ ਹੀ ਮੇਰੀ ਕਲਿਆਣ ਹੋ ਗਈ[66] ਹੈ। |
| ਸਬਦੇ ਮਨੁ[67] ਤਨੁ[68] ਨਿਰਮਲੁ[69] ਹੋਆ ਹਰਿ ਵਸਿਆ[70] ਮਨਿ[71] ਆਈ[72] ॥ | With the Name, my soul[67] and body[58] are rendered pure[69] and God has come[72] to abide[70] in my mind[71]. | ਨਾਮ ਦੇ ਨਾਲ ਮੇਰੀ ਆਤਮਾ[67] ਤੇ ਦੇਹ[68] ਪਵਿੱਤ੍ਰ[69] ਹੋ ਗਏ ਹਨ ਤੇ ਹਰੀ ਆ ਕੇ[72] ਮੇਰੇ ਚਿੱਤ[71] ਵਿੱਚ ਟਿੱਕ ਗਿਆ[70] ਹੈ। |
| ਸਬਦੁ ਗੁਰ ਦਾਤਾ[73]ਜਿਤੁ[74] ਮਨੁ ਰਾਤਾ[75] ਹਰਿ ਸਿਉ ਰਹਿਆ ਸਮਾਈ[76] ॥੨॥ | The Guru is the giver[73] of the Name, wherewith[74] my mind is imbued [5], and I remain absorbed[76] in the Lord. | ਗੁਰੂ ਜੀ ਨਾਮ ਦੇ ਦੇਣ ਵਾਲੇ[73] ਹਨ, ਜਿਸ[74] ਨਾਲ ਮੇਰਾ ਮਨ ਰੰਗਿਆ ਗਿਆ[75] ਹੈ ਅਤੇ ਮੈਂ ਪ੍ਰਭੂ ਅੰਦਰ ਲੀਨ[76] ਹੋਇਆ ਰਹਿੰਦਾ ਹਾਂ। |
| ਸਬਦੁ ਨ ਜਾਣਹਿ ਸੇ[77] ਅੰਨੇ[78] ਬੋਲੇ[79] ਸੇ ਕਿਤੁ[81] ਆਏ ਸੰਸਾਰਾ[82] ॥ | Blind[78] and deaf [9] are they[77], who know not the Name What for[81] did they come in the world[12] ? | ਅੰਨ੍ਹੇ[78] ਅਤੇ ਬੋਲੇ[79] ਹਨ ਉਹ[77], ਜੋ ਨਾਮ ਨੂੰ ਨਹੀਂ ਜਾਣਦੇ। ਉਹ ਕਾਹਦੇ ਲਈ[81] ਜਹਾਨ[82] ਵਿੱਚ ਆਏ ਸਨ। |
| ਹਰਿ ਰਸੁ[80] ਨ ਪਾਇਆ ਬਿਰਥਾ[83] ਜਨਮੁ[84] ਗਵਾਇਆ[85] ਜੰਮਹਿ[86] ਵਾਰੋ ਵਾਰਾ[87] ॥ | They attain not God's elixir[80], waste[85] their life[84] in vain[83] and are born[86] again and over again[87]. | ਉਹ ਹਰੀ ਦੇ ਅੰਮ੍ਰਿਤ[80] ਨੂੰ ਨਹੀਂ ਪਾਉਂਦੇ, ਆਪਣਾ ਜੀਵਨ[84] ਵਿਅਰਥ[83] ਗੁਆ ਲੈਂਦੇ[85] ਹਨ ਅਤੇ ਮੁੜ ਮੁੜ[87] ਕੇ ਜੰਮਦੇ[86] ਰਹਿੰਦੇ ਹਨ। |

| | | |
|---|---|---|
| ਬਿਸਟਾ[88] ਕੇ ਕੀੜੇ[89] ਬਿਸਟਾ ਮਾਹਿ[90] ਸਮਾਣੇ[91] ਮਨਮੁਖ[92] ਮੁਗਧ[93] ਗੁਬਾਰਾ[94] ॥੩॥ | The foolish[93] and idiotic[94] infidels[92] are the worms[89] of ordure[88] and in[90] ordure putrefy[91] they. | ਮੂਰਖ[93] ਤੇ ਬੁਧੂ[94] ਅਧਰਮੀ[92] ਗੰਦਗੀ[88] ਦੇ ਕਿਰਮ[89] ਹਨ, ਤੇ ਉਹ ਗੰਦਗੀ ਵਿੱਚ[95] ਹੀ ਗਲਸੜ ਜਾਂਦੇ[91] ਹਨ। |
| ਆਪੇ[95] ਕਰਿ[95*] ਵੇਖੈ ਮਾਰਗਿ[92] ਲਾਏ ਭਾਈ[98] ਤਿਸੁ[97] ਬਿਨੁ ਅਵਰੁ ਨ ਕੋਈ ॥ | The Lord Himself[95] creates[95*], watches and puts on the right path[96]. Without Him[97] there is not another, O brother[98]. | ਪ੍ਰਭੂ ਆਪ[95] ਹੀ ਰਚਦਾ[95*], ਦੇਖਦਾ ਅਤੇ ਸਿੱਧੇ ਰਸਤੇ[96] ਪਾਉਂਦਾ ਹੈ। ਉਸ[97] ਦੇ ਬਗੈਰ ਹੋਰ ਕੋਈ ਨਹੀਂ, ਹੇ ਵੀਰ[98]! |
| ਜੋ[99] ਧੁਰਿ[100] ਲਿਖਿਆ[2] ਸੋ[3] ਕੋਇ ਨ ਮੇਟੈ[4] ਭਾਈ ਕਰਤਾ[5] ਕਰੇ ਸੁ[6] ਹੋਈ ॥ | None can obliterate that[3] which[99] is pre[100]-ordained[2], O brother. What the Creator[5] ordains that[6] comes to pass. | ਉਸ ਨੂੰ[3] ਕੋਈ ਭੀ ਮੇਸ[4] ਨਹੀਂ ਸਕਦਾ; ਜਿਹੜਾ[99] ਮੁਢ[100] ਤੋਂ ਲਿਖਿਆ ਹੋਇਆ[2] ਹੈ, ਹੇ ਵੀਰ! ਜੋ ਕਰਤਾਰ ਕਰਦਾ ਹੈ, ਉਹੀਂ[6] ਹੁੰਦਾ ਹੈ। |
| ਨਾਨਕ ਨਾਮੁ ਵਸਿਆ[7] ਮਨ[8] ਅੰਤਰਿ[9] ਭਾਈ ਅਵਰੁ ਨ ਦੂਜਾ ਕੋਈ ॥੪॥੪॥ | Nanak, when the Name abides[7] within[9] man's mind[8], he beholds not any other. | ਨਾਨਕ, ਜਦ ਨਾਮ ਇਨਸਾਨ ਦੇ ਚਿੱਤ[8] ਅੰਦਰ[9] ਟਿਕ ਜਾਂਦਾ[7] ਹੈ, (ਵੀਰ) ਉਹ ਹੋਰ ਕਿਸੇ ਦੂਸਰੇ ਨੂੰ ਨਹੀਂ ਵੇਖਦਾ। |
| ਸੋਰਠਿ ਮਹਲਾ ੩ ॥ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ। |
| ਗੁਰਮੁਖਿ[10] ਭਗਤਿ[12] ਕਰਹਿ ਪ੍ਰਭ ਭਾਵਹਿ[13] ਅਨਦਿਨੁ[14] ਨਾਮੁ ਵਖਾਣੇ[15] ॥ | The pious persons[10] embrace meditation[12] and become pleasing[13] to the Lord. Night and day[14] they repeat[15] the Name. | ਪਵਿੱਤ੍ਰ ਪੁਰਸ਼[10] ਸਿਮਰਨ[12] ਕਰਦੇ ਹਨ ਤੇ ਸੁਆਮੀ ਨੂੰ ਚੰਗੇ[13] ਲੱਗਣ ਲੱਗ ਜਾਂਦੇ ਹਨ। ਰਾਤ ਦਿਨ[14] ਉਹ ਨਾਮ ਦਾ ਉਚਾਰਨ ਕਰਦੇ[15] ਹਨ। |
| ਭਗਤਾ ਕੀ ਸਾਰ[16] ਕਰਹਿ ਆਪਿ[17] ਰਾਖਹਿ[18] ਜੋ[19] ਤੇਰੈ ਮਨਿ[20] ਭਾਣੇ[21] ॥ | Thou Thyself[17], O Lord protectest[18] and takest care[16] of Thine saints, who[19] are pleasing[21] to Thy mind[20]. | ਤੂੰ ਹੇ ਸਾਹਿਬ[17]! ਆਪਣਿਆਂ ਸਾਧੂਆਂ ਦੀ ਰੱਖਿਆ[18] ਅਤੇ ਸਾਰ ਸੰਭਾਲ[16] ਕਰਦਾ ਹੈਂ, ਜਿਹੜੇ[19] ਤੇਰੇ ਚਿੱਤ[20] ਨੂੰ ਭਾਉਂਦੇ[21] ਹਨ। |
| ਤੂ [22]ਗੁਣਦਾਤਾ[23] ਸਬਦਿ[24] ਪਛਾਤਾ[25] ਗੁਣ ਕਹਿ[26] ਗੁਣੀ[27] ਸਮਾਣੇ[82] ॥੧॥ | Thou art the Giver[23] of merits[22] and art recognised[25] through the Name[24]. Uttering[26] Thy praise[29] the mortals merge[38] in Thee, O Virtuous Lord[27]. | ਤੂੰ ਖੂਬੀਆਂ[22] ਦੇਣ ਵਾਲਾ[23] ਹੈਂ ਅਤੇ ਨਾਮ ਦੇ ਰਾਹੀ[24] ਸਿਞਾਣਿਆ ਜਾਂਦਾ[25] ਹੈਂ। ਤੇਰੀ ਸਿਫ਼ਤ-ਸਨਾ[29] ਉਚਾਰ[26], ਪ੍ਰਾਣੀ ਤੇਰੇ ਵਿੱਚ ਲੀਨ[28] ਹੋ ਜਾਂਦੇ ਹਨ, ਹੇ ਗੁਣਵਾਨ ਪ੍ਰਭੂ[27]! |
| ਮਨ[29*] ਮੇਰੇ ਹਰਿ ਜੀਉ[30] ਸਦਾ[31] ਸਮਾਲਿ[32] ॥ | My soul[29], ever[31] remember[32], thou, the praise-worthy[30] God. | ਮੇਰੀ ਜਿੰਦੇ[29]! ਤੂੰ ਸਦੀਵ[31] ਹੀ ਉਪਮਾਯੋਗ[30] ਵਾਹਿਗੁਰੂ ਦਾ ਸਿਮਰਨ ਕਰ[32]। |
| ਅੰਤ[33] ਕਾਲਿ[34] ਤੇਰਾ ਬੇਲੀ[35] ਹੋਵੈ ਸਦਾ[36] ਨਿਬਹੈ[37] ਤੇਰੈ ਨਾਲਿ ॥ਰਹਾਉ॥ | At the last[33] moment[34], He shall be thy Friend[35] and shall ever[36] stand[37] by thee. Pause. | ਅਖੀਰ[33] ਦੇ ਵੇਲੇ[34], ਉਹ ਤੇਰਾ ਮਿੱਤ੍ਰ[35] ਹੋਵੇਗਾ ਅਤੇ ਹਮੇਸ਼ਾ[36] ਹੀ ਤੇਰਾ ਪੱਖ[37] ਪੂਰੇਗਾ। ਠਹਿਰਾਉ। |
| ਦੁਸਟ[38] ਚਉਕੜੀ[39] ਸਦਾ | The assemblage[39] of the wicked[38] | ਲੁੱਚਿਆਂ ਲੰਡਿਆਂ[38] ਦੀ ਜੁੰਡੀ[39] ਹਮੇਸ਼ਾ ਕੂੜ[40] ਦਾ |

| | | |
|---|---|---|
| ਕੂੜੁ[40] ਕਮਾਵਹਿ[41] ਨਾ ਬੂਝਹਿ[42] ਵੀਚਾਰੇ[43] ॥ | ever practises[41] falsehood[40] and thinks[42] not of the Lord's meditation[42]. | ਵਿਚਾਰ ਕਰਦੀ[41] ਅਤੇ ਸੁਆਮੀ ਦੇ ਸਿਮਰਨ[43] ਵਲ ਧਿਆਨ ਹੀ ਨਹੀਂ ਦਿੰਦੀ[42] । |
| ਨਿੰਦਾ[44] ਦੁਸਟੀ[48] ਤੇ[45] ਕਿਨਿ[49] ਫਲੁ ਪਾਇਆ ਹਰਣਾਖਸ ਨਖਹਿ[46] ਬਿਦਾਰੇ[47] ॥ | From[45] evil[48] slander[44], who[49] has ever obtained the fruit ? Harnakhsh was torn[47] with the nails[46]. | ਪਾਪਣ[48] ਬਦਖ਼ੋਈ[44] ਤੋਂ[45] ਕਦੋਂ ਕਿਸੇ[49] ਨੂੰ ਫਲ ਪ੍ਰਾਪਤ ਹੋਇਆ ਹੈ ? ਹਰਨਾਖਸ਼ ਨੌਹਾਂ[46] ਨਾਲ ਪਾੜ ਦਿੱਤਾ ਗਿਆ[47] ਸੀ । |
| ਪ੍ਰਹਿਲਾਦੁ ਜਨੁ[50] ਸਦ ਹਰਿ ਗੁਣ[51] ਗਾਵੈ[52] ਹਰਿ ਜੀਉ[53] ਲਏ ਉਬਾਰੇ[54] ॥੨॥ | The Lord's slave[50] Prahlad ever sang[52] God's praise[51] and him the Praiseworthy[53] Lord did deliver[54]. | ਸਾਂਈਂ ਦਾ ਗੋਲਾ[50] ਪ੍ਰਹਿਲਾਦ ਹਮੇਸ਼ਾ ਵਾਹਿਗੁਰ ਦਾ ਜੱਸ[51] ਗਾਇਨ ਕਰਦਾ[52] ਸੀ ਤੇ ਉਸ ਨੂੰ ਉਪਮਾ ਯੋਗ[53] ਸਾਂਈਂ ਨੇ ਬਚਾ[54] ਲਿਆ । |
| ਆਪਸ[55] ਕਉ ਬਹੁ[56] ਭਲਾ[57] ਕਰਿ[58] ਜਾਣਹਿ ਮਨਮੁਖਿ[59] ਮਤਿ[60] ਨ ਕਾਈ[61] ॥ | The egocentrics[59] deem themselves[55] as[58] very[56] virtuous[57]. They have no understanding[60] what-so-ever. | ਆਪ-ਹੁਦਰੇ[59] ਆਪਣੇ ਆਪ[55] ਨੂੰ ਬਹੁਤ[56] ਹੀ ਚੰਗਾ[57] ਕਰ ਕੇ[58] ਜਾਣਦੇ ਹਨ । ਉਨ੍ਹਾਂ ਵਿੱਚ ਮੂਲੋਂ[61] ਹੀ ਸਮਝ[60] ਨਹੀਂ । |
| ਸਾਧੂ ਜਨ[62] ਕੀ ਨਿੰਦਾ[63] ਵਿਆਪੇ[64] ਜਾਸਨਿ[65] ਜਨਮੁ[66] ਗਵਾਈ[67] ॥ | They indulge[64] in the slander[63] of the saintly persons[62] and, wasting[67] their life[66], they shall depart[65]. | ਉਹ ਨੇਕ ਪੁਰਸ਼ਾਂ[62] ਦੀ ਬਦਖ਼ੋਈ[63] ਕਰਨ ਅੰਦਰ ਪਰਵਿਰਤ ਹੁੰਦੇ[64] ਹਨ ਅਤੇ ਆਪਣਾ ਜੀਵਨ ਗੁਆ ਕੇ[67] ਉਹ ਟੁਰ ਵੰਝਣਗੇ[65] । |
| ਰਾਮੁ[68] ਨਾਮੁ ਕਦੇ ਚੇਤਹਿ[69] ਨਾਹੀ ਅੰਤਿ[70] ਗਏ ਪਛੁਤਾਈ[71] ॥੩॥ | They never reflect[69] over the Lord's[68] Name and, in the end[73], depart repenting[71]. | ਉਹ ਕਦੇ ਭੀ ਸਾਹਿਬ[68] ਦੇ ਨਾਮ ਦਾ ਸਿਮਰਨ ਨਹੀਂ ਕਰਦੇ[69] ਅਤੇ ਅਖ਼ੀਰ[70] ਨੂੰ ਅਫ਼ਸੋਸ ਕਰਦੇ ਹੋਏ[71] ਤੁਰ ਜਾਂਦੇ ਹਨ । |
| ਸਫਲੁ[72] ਜਨਮੁ[73] ਭਗਤਾ[74] ਕਾ ਕੀਤਾ ਗੁਰ ਸੇਵਾ[75] ਆਪਿ[76] ਲਾਏ[77] ॥ | The Life[73] of His saints[74], the Lord makes profitable[72], and Himself[76] engages[77] them in the Guru's service[75]. | ਆਪਣਿਆਂ ਸੰਤਾਂ[74] ਦੇ ਜੀਵਨ[73] ਨੂੰ ਸੁਆਮੀ ਲਾਭ-ਦਾਇਕ[72] ਬਣਾਉਂਦਾ ਹੈ ਤੇ ਖ਼ੁਦ[76] ਉਨ੍ਹਾਂ ਨੂੰ ਗੁਰਾਂ ਦੀ ਟਹਿਲ[75] ਅੰਦਰ ਜੋੜਦਾ[77] ਹੈ । |
| ਸਬਦੇ[78] ਰਾਤੇ[79] ਸਹਜੇ[80] ਮਾਤੇ[81] ਅਨਦਿਨੁ[82] ਹਰਿ ਗੁਣ[83] ਗਾਏ ॥ | Imbued[79] with the Name[78] and inebriated[81] with supreme bliss[80] night and day[82], they sing God's praise[83]. | ਨਾਮ[78] ਨਾਲ ਰੰਗੇ[79] ਅਤੇ ਪਰਮ ਅਨੰਦ[80] ਨਾਲ ਮਤਵਾਲੇ ਹੋਏ ਹੋਏ[81], ਰੈਣ ਦਿਹੁੰ[82] ਉਹ ਹਰੀ ਦਾ ਜੱਸ[83] ਗਾਇਨ ਕਰਦੇ ਹਨ । |
| ਨਾਨਕ ਦਾਸੁ[84] ਕਹੈ ਬੇਨੰਤੀ[85] ਹਉ[86] ਲਾਗਾ[87] ਤਿਨ ਕੈ[88] ਪਾਇ[89] ॥੪॥੫॥ | Slave[84] Nanak makes this supplication[86]; "Let me, O Lord, fall at their feet[89]." | ਗੋਲਾ[84] ਨਾਨਕ ਇਹ ਪ੍ਰਾਰਥਨਾ[85] ਕਰਦਾ ਹੈ; ਮੈਂ[86] ਉਨ੍ਹਾਂ ਦੇ ਪੈਰੀਂ[99] ਪੈਂਦਾ[87] ਹਾਂ । |
| ਸੋਰਠਿ ਮਹਲਾ ੩ ॥ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ । |
| ਸੋ[90] ਸਿਖੁ[91] ਸਖਾ[92] ਬੰਧਪੁ[93] ਹੈ ਭਾਈ[94] ਜਿ[95] ਗੁਰ ਕੇ ਭਾਣੇ[96] ਵਿਚਿ[97] ਆਵੈ ॥ | He[90] alone is the True disciple[91], friend[92], kinsman[93] and brother[94], who[98] walks in[97] the Guru's will[96]. | ਕੇਵਲ ਓਹੀ[90] ਸੱਚਾ ਮੁਰੀਦ[91], ਮਿੱਤ੍ਰ[92], ਸਨਬੰਧੀ[93] ਅਤੇ ਭਰਾ[94] ਹੈ, ਜਿਹੜਾ[95] ਗੁਰਾਂ ਦੀ ਰਜ਼ਾ[96] ਅੰਦਰ[97] ਤੁਰਦਾ ਹੈ । |
| ਆਪਣੈ[98] ਭਾਣੈ ਜੋ ਚਲੈ[4] | He who walks[4] according to | ਜਿਹੜਾ ਆਪਣੀ[98] ਨਿਜ ਦੀ ਮਰਜ਼ੀ ਅਨੁਸਾਰ ਟੁਰਦਾ[4] |

| | | |
|---|---|---|
| ਭਾਈ[99] ਵਿਛੁੜਿ[100] ਚੋਟਾ[2] ਖਾਵੈ[3] ॥ | his[98] own will[96], O brother[99] is separated[100] from the Lord and bears[3] blows[2]. | ਹੈ, ਹੇ ਭਰਾ[99] ਉਹ ਸੁਆਮੀ ਨਾਲੋਂ ਵੱਖਰਾ ਹੋ ਜਾਂਦਾ[100] ਤੇ ਸੱਟਾਂ[2] ਸਹਾਰਦਾ[3] ਹੈ। |
| ੬੦੨ | | |
| ਬਿਨੁ ਸਤਿਗੁਰ ਸੁਖੁ[5] ਕਦੇ ਨ ਪਾਵੈ ਭਾਈ ਫਿਰਿ ਫਿਰਿ[6] ਪਛੋਤਾਵੈ[7] ॥੧॥ | Without the True Guru, he never obtains peace[5], O brother and repents[7] over and over again[6]. | ਸੱਚੇ ਗੁਰਾਂ ਦੇ ਬਾਝੋਂ ਉਸ ਨੂੰ ਕਦਾਚਿਤ ਆਰਾਮ[5] ਪ੍ਰਾਪਤ ਨਹੀਂ ਹੁੰਦਾ ਅਤੇ ਉਹ ਮੁੜ ਮੁੜ ਕੇ[6] ਪਸਚਾਤਾਪ ਕਰਦਾ[7] ਹੈ, ਹੇ ਵੀਰ ! |
| ਹਰਿ ਕੇ ਦਾਸ[8] ਸੁਹੇਲੇ[9] ਭਾਈ ॥ | Happy[9] are the servants[8] of God, O brother. | ਖ਼ੁਸ਼ ਪ੍ਰਸੰਨ[9] ਹਨ ਵਾਹਿਗੁਰੂ ਦੇ ਸੇਵਕ[8], ਹੇ ਵੀਰ ! |
| ਜਨਮ ਜਨਮ[10] ਕੇ ਕਿਲਬਿਖ[12] ਦੁਖ[13] ਕਾਟੇ[14] ਆਪੇ[15] ਮੇਲਿ[16] ਮਿਲਾਈ[17] ॥ ਰਹਾਉ॥ | Their sins[12] and sorrows[13] of myriads of births[10], the Lord eradicates[14] and unites[17] them in His[15] union[16]. Pause. | ਉਨ੍ਹਾਂ ਦੇ ਅਨੇਕਾਂ ਜਨਮਾਂ[10] ਦੇ ਪਾਪ[12] ਤੇ ਦੁਖੜੇ[13] ਸਾਂਈਂ ਮੇਟ ਦਿੰਦਾ[14] ਹੈ ਅਤੇ ਉਨ੍ਹਾਂ ਨੂੰ ਆਪਣੇ[15] ਮਿਲਾਪ[16] ਅੰਦਰ ਮਿਲਾ ਲੈਂਦਾ[17] ਹੈ। ਠਹਿਰਾਉ। |
| ਇਹੁ ਕੁਟੰਬੁ[18] ਸਭੁ[19] ਜੀਅ[20] ਕੇ ਬੰਧਨ[21] ਭਾਈ ਭਰਮਿ[22] ਭੁਲਾ[23] ਸੈਂਸਾਰਾ[24] ॥ | All[19] these kinsmen[18] are like bonds[21] for the soul[20], O brother. The world[24] is gone astray[23] in doubt[22]. | ਇਹ ਸਾਰੇ[19] ਸਨਬੰਧੀ[18] ਆਤਮਾ[20] ਲਈ ਜ਼ੰਜੀਰਾਂ[21] ਦੀ ਮਾਨੰਦ ਹਨ, ਹੇ ਵੀਰ ! ਦੁਨੀਆ[24] ਵਹਿਮ[22] ਅੰਦਰ ਕੁਰਾਹੇ ਪਈ ਹੋਈ[23] ਹੈ। |
| ਬਿਨੁ ਗੁਰ ਬੰਧਨ ਟੂਟਹਿ[25] ਨਾਹੀ ਗੁਰਮੁਖਿ[26] ਮੋਖ[27] ਦੁਆਰਾ[28] ॥ | Without the Guru, the bonds are broken[25] not. Through the Guru[26], the door[28] of emancipation[27] is obtained. | ਗੁਰਾਂ ਦੇ ਬਗ਼ੈਰ ਜੂੜ ਵੱਢੇ ਨਹੀਂ ਜਾਂਦੇ[25]। ਗੁਰਾਂ ਦੇ ਰਾਹੀਂ[26] ਕਲਿਆਨ[27] ਦਾ ਦਰ[28] ਪ੍ਰਾਪਤ ਹੋ ਜਾਂਦਾ ਹੈ। |
| ਕਰਮ[29] ਕਰਹਿ ਗੁਰ ਸਬਦੁ[36] ਨ ਪਛਾਣਹਿ[31] ਮਰਿ ਜਨਮਹਿ ਵਾਰੋ ਵਾਰਾ[32] ॥੨॥ | He, who performs rituals[29] and knows[31] not Guru's word[30], dies and is born again and again[32]. | ਜੋ ਕਰਮ-ਕਾਂਡ[29] ਕਰਦਾ ਹੈ ਅਤੇ ਗੁਰਾਂ ਦੀ ਕਲਾਮ[30] ਨੂੰ ਨਹੀਂ ਜਾਣਦਾ[31], ਉਹ ਮੁੜ ਮੁੜ ਕੇ[32] ਮਰਦਾ ਜਮਦਾ ਰਹਿੰਦਾ ਹੈ। |
| ਹਉ[33] ਮੇਰਾ[34] ਜਗੁ[35] ਪਲਚਿ[36] ਰਹਿਆ ਭਾਈ ਕੋਇ ਨ ਕਿਸ ਹੀ ਕੇਰਾ ॥ | In egotism[33] and egoism[34] the world[35] is entangled[36] but no one belongs to another, O brother. | ਖ਼ੁਦੀ[33] ਅਤੇ ਅਪੱਣਤ[34] ਅੰਦਰ ਸੰਸਾਰ[35] ਉਲਝਿਆ ਹੋਇਆ[36] ਹੈ ਪ੍ਰੰਤੂ ਕੋਈ ਭੀ ਕਿਸੇ ਦਾ ਨਹੀਂ, ਹੇ ਵੀਰ ! |
| ਗੁਰਮੁਖਿ[37] ਮਹਲੁ[38] ਪਾਇਨਿ ਗੁਣ[39] ਗਾਵਨਿ[40] ਨਿਜ[41] ਘਰਿ[42] ਹੋਇ ਬਸੇਰਾ[43] ॥ | The holy[37] sing[40] God's praise[39], attain His presence[38] and secure an abode[43] in their own[41] home[42]. | ਨੇਕ ਪੁਰਸ਼[37] ਹਰੀ ਦਾ ਜੱਸ[39] ਗਾਉਂਦੇ[40] ਹਨ, ਉਸ ਦੀ ਹਜ਼ੂਰੀ[38] ਨੂੰ ਪ੍ਰਾਪਤ ਹੁੰਦੇ ਹਨ ਅਤੇ ਆਪਣੇ ਨਿੱਜ[41] ਧਾਮ[42] ਵਿੱਚ ਟਿਕਾਣਾ ਪਾਉਂਦੇ[43] ਹਨ। |
| ਐਥੈ[44] ਬੂਝੈ[45] ਸੁ[46] ਆਪੁ[47] ਪਛਾਣੈ[48] ਹਰਿ ਪ੍ਰਭੁ[49] ਹੈ ਤਿਸੁ[50] ਕੇਰਾ ॥੩॥ | He[46], who reforms[45] himself here[44], realises[48] his ownself[47] and to him[50], belongs the Lord Master[49]. | ਜੋ ਏਥੇ[44] ਆਪਣੇ ਆਪ ਨੂੰ ਸੁਧਾਰ ਲੈਂਦਾ[45] ਹੈ, ਉਹ[46] ਆਪਣੇ ਆਪੇ[47] ਨੂੰ ਜਾਣ ਲੈਂਦਾ[48] ਹੈ ਤੇ ਸੁਆਮੀ ਮਾਲਕ[49] ਉਸ[50] ਦਾ ਹੋ ਜਾਂਦਾ ਹੈ। |
| ਸਤਿਗੁਰੁ ਸਦਾ[51] ਦਇਆਲੁ[52] ਹੈ ਭਾਈ ਵਿਣੁ[53] ਭਾਗਾ[54] ਕਿਆ[55] ਪਾਈਐ ॥ | The True Guru is ever[51] merciful[52], O brother, but without[53] destiny[54] what[55] can one attain ? | ਸੱਚੇ ਗੁਰੂ ਜੀ ਹਮੇਸ਼ਾ[51] ਹੀ ਮਿਹਰਬਾਨ[52] ਹਨ, ਹੇ ਭਰਾਵਾ ! ਪਰ ਪ੍ਰਾਲਭਧ[54] ਦੇ ਬਾਝੋਂ[53] ਪ੍ਰਾਣੀ ਕੀ[55] ਪ੍ਰਾਪਤ ਕਰ ਸਕਦਾ ਹੈ ? |

| | | |
|---|---|---|
| ਏਕ[56] ਨਦਰਿ[57] ਕਰਿ ਵੇਖੈ[58] ਸਭ ਊਪਰਿ[59] ਜੇਹਾ[60] ਭਾਉ[61] ਤੇਹਾ[62] ਫਲੁ[63] ਪਾਈਐ ॥ | He looks[58] with his eye of grace[57] on[59] all alike[56], but as[60] is one's love[61] for Him, so[62] is the fruit[63] he obtains. | ਉਹ ਸਾਰਿਆਂ ਉੱਤੇ[59] ਇੱਕੋ ਜੇਹੀ[56] ਰਹਿਮਤ ਦੀ ਅੱਖ[57] ਨਾਲ ਦੇਖਦਾ[58] ਹੈ, ਪਰ ਜੇਹੋ ਜੇਹਾ[60] ਬੰਦੇ ਦਾ ਉਸ ਲਈ ਪ੍ਰੇਮ[61] ਹੈ, ਉਹੋ ਜੇਹਾ[62] ਫਲ[63] ਹੀ ਉਸ ਨੂੰ ਪ੍ਰਾਪਤ ਹੁੰਦਾ ਹੈ । |
| ਨਾਨਕ ਨਾਮੁ ਵਸੈ[64] ਮਨ ਅੰਤਰਿ[65] ਵਿਚਹੁ[66] ਆਪੁ[67] ਗਵਾਈਐ[68] ॥੪॥੬॥ | Nanak, when the Name takes an abode[64] in[65] man's mind, from within[66] him, his self-conceit[67] is eradicated[68]. | ਨਾਨਕ ਜਦ ਬੰਦੇ ਦੇ ਚਿੱਤ ਵਿੱਚ[65] ਨਾਮ ਟਿਕ ਜਾਂਦਾ[64] ਹੈ, ਉਸ ਦੇ ਅੰਦਰੋਂ[66] ਉਸ ਦੀ ਸਵੈ-ਹੰਗਤਾ[67] ਦੂਰ ਹੋ ਜਾਂਦੀ[68] ਹੈ । |
| ਸੋਰਠਿ ਮਹਲਾ ੩ ਚੌਤੁਕੇ ॥ | Sorath 3rd Guru Chautuke. | ਸੋਰਠਿ ਤੀਜੀ ਪਾਤਿਸ਼ਾਹੀ ਚੌਤੁਕੇ |
| ਸਚੀ ਭਗਤਿ[69] ਸਤਿਗੁਰ ਤੇ[70] ਹੋਵੈ ਸਚੀ ਹਿਰਦੈ[71] ਬਾਣੀ[72] ॥ | True worship[69] is obtained through the True Guru[70] and then, the True Gurbani[72] abides in man's mind[71]. | ਸੱਚੀ ਉਪਾਸ਼ਨਾ[69], ਸੱਚੇ ਗੁਰਾਂ ਦੇ ਰਾਹੀਂ[70] ਪ੍ਰਾਪਤ ਹੁੰਦੀ ਹੈ ਅਤੇ ਤਦ, ਸੱਚੀ ਗੁਰਬਾਣੀ[72] ਬੰਦੇ ਦੇ ਮਨ[71] ਵਿੱਚ ਵੱਸ ਜਾਂਦੀ ਹੈ । |
| ਸਤਿਗੁਰੁ ਸੇਵੇ[72] ਸਦਾ[73] ਸੁਖੁ[74] ਪਾਏ ਹਉਮੈ[75] ਸਬਦਿ[76] ਸਮਾਣੀ[77] ॥ | He who serves[72] the True Guru gathers eternal[73] peace[74] and his ego[75] is obliterated[77] through the Name[76]. | ਜੋ ਸੱਚੇ ਗੁਰਾਂ ਦੀ ਘਾਲ ਕਮਾਉਂਦਾ[72] ਹੈ, ਉਹ ਸਦੀਵੀ[73] ਆਰਾਮ[74] ਪਾਉਂਦਾ ਹੈ ਅਤੇ ਉਸ ਦੀ ਹੰਗਤਾ[75] ਨਾਮ ਦੇ ਰਾਹੀਂ[76] ਮਿਟ ਜਾਂਦੀ[77] ਹੈ । |
| ਬਿਨੁ ਗੁਰ ਸਾਚੇ ਭਗਤਿ[78] ਨ ਹੋਵੀ ਹੋਰ[79] ਭੂਲੀ ਫਿਰੈ[80] ਇਆਣੀ[81] ॥ | Without the True Guru, there can be no devotional service[78] and without it[79] the world is gone astray[80] in ignorance[81]. | ਸੱਚੇ ਗੁਰਾਂ ਦੇ ਬਾਝੋਂ ਪ੍ਰੇਮਮਈ ਸੇਵਾ[78] ਨਹੀਂ ਹੋ ਸਕਦੀ ਤੇ ਇਸ ਤੋਂ ਬਿਨਾ[79] ਦੁਨੀਆ ਇਵਾਣ[81]-ਪੁਣੇ ਵਿੱਚ ਕੁਰਾਹੇ ਪਈ ਹੋਈ[80] ਹੈ । |
| ਮਨਮੁਖਿ[82] ਫਿਰਹਿ[83] ਸਦਾ[84] ਦੁਖੁ ਪਾਵਹਿ ਡੂਬਿ[85] ਮੁਏ[86] ਵਿਣੁ ਪਾਣੀ[87] ॥੧॥ | The self-willed[82] roam about[83] aimlessly. They ever[83] suffer pain and are drowned[85] to death[86] without water[87]. | ਆਪ-ਹੁਦਰੇ[82] ਬਿਨਾ ਮਤਲਬੋਂ ਭਟਕਦੇ ਫਿਰਦੇ[83] ਹਨ । ਉਹ ਹਮੇਸ਼ਾ[84] ਤਕਲੀਫ ਉਠਾਉਂਦੇ ਹਨ ਅਤੇ ਜਲ[87] ਦੇ ਬਗੈਰ ਹੀ ਡੁਬ[85] ਕੇ ਮਰ ਜਾਂਦੇ[86] ਹਨ । |
| ਭਾਈ ਰੇ[88] ਸਦਾ ਰਹਹੁ ਸਰਣਾਈ[89] ॥੧॥ | O[88] brother, ever remain thou under the Lord's protection[89]. | ਹੇ[88] ਵੀਰ ! ਤੂੰ ਸਦੀਵ ਹੀ ਪ੍ਰਭੂ ਦੀ ਪਨਾਹ[89] ਹੇਠਾਂ ਵਿਚਰ । |
| ਆਪਣੀ ਨਦਰਿ[90] ਕਰੇ[91] ਪਤਿ[92] ਰਾਖੈ[93] ਹਰਿ ਨਾਮੋ ਦੇ[94] ਵਡਿਆਈ[95] ॥ਰਹਾਉ॥ | Showering[91] His benediction[90], the Lord saves[99] the mortal's honour[92] and blesses[94] him with the glory[95] of His Name. Pause. | ਆਪਣੀ ਮਿਹਰ[90] ਧਾਰ ਕੇ[91], ਪ੍ਰਭੂ ਪ੍ਰਾਣੀ ਦੀ ਇੱਜ਼ਤ-ਆਬਰੂ[92] ਬਰਕਰਾਰ ਰਖਦਾ[93] ਹੈ ਅਤੇ ਉਸ ਨੂੰ ਆਪਣੇ ਨਾਮ ਦੀ ਬਜ਼ੁਰਗੀ[95] ਪ੍ਰਦਾਨ ਕਰਦਾ[94] ਹੈ । ਠਹਿਰਾਉ । |
| ਪੂਰੇ[96] ਗੁਰ ਤੇ[97] ਆਪੁ[98] ਪਛਾਤਾ[99] ਸਬਦਿ[100] ਸਚੈ ਵੀਚਾਰਾ[2] ॥ | By pondering[2] over the True Name, through[97] the Perfect[96] Guru, man comes to understand[99] his-own-self[98]. | ਪੂਰਨ[96] ਗੁਰਾਂ ਦੇ ਰਾਹੀਂ[97], ਸੱਚੇ ਨਾਮ[100] ਦਾ ਸਿਮਰਨ[2] ਕਰਨ ਦੁਆਰਾ ਬੰਦਾ ਆਪਣੇ ਆਪ ਨੂੰ[98] ਸਮਝ ਲੈਂਦਾ[99] ਹੈ । |

| | | |
|---|---|---|
| ਹਿਰਦੈ[3] [4]ਜਗਜੀਵਨੁ[5] ਸਦ[6] ਵਸਿਆ[7] ਤਜਿ[8] ਕਾਮੁ[9] ਕ੍ਰੋਧੁ[10] ਅਹੰਕਾਰਾ[12] ॥ | He forsakes[8] lust[9], wrath[10] and pride[12] and God, the Life[5] of the world[4], ever[6] abides[7] in his mind[3]. | ਉਹ ਭੋਗ-ਬਿਲਾਸ[9] ਗੁੱਸੇ[10] ਅਤੇ ਹੰਕਾਰ[12] ਨੂੰ ਛੱਡ ਦਿੰਦਾ[8] ਹੈ ਅਤੇ ਜਗਤ[4] ਦੀ ਜਿੰਦ-ਜਾਨ[5] ਹਰੀ ਹਮੇਸ਼ਾ[6] ਉਸ ਦੇ ਮਨ ਵਿੱਚ ਵਸਦਾ[7] ਹੈ । |
| ਸਦਾ[13] ਹਜੂਰਿ[14] ਰਵਿਆ[15] ਸਭ ਠਾਈ[16] ਹਿਰਦੈ[18] ਨਾਮੁ ਅਪਾਰਾ[17] ॥ | Within his mind[18], he enshrine the Name of the Infinite Lord[17], who is ever[13] present[14] and is contained[15] in all the places[16]. | ਹਮੇਸ਼ਾ[13] ਅੰਗ ਸੰਗ[14] ਅਤੇ ਸਾਰੀਆਂ ਥਾਵਾਂ[16] ਅੰਦਰ ਵਿਆਪਕ[15] ਬੇਅੰਤ ਸੁਆਮੀ[17] ਦੇ ਨਾਮ ਨੂੰ ਉਹ ਆਪਣੇ ਮਨ[18] ਅੰਦਰ ਇਕੱਤ੍ਰ ਕਰਦਾ ਹੈ । |
| ਜੁਗਿ ਜੁਗਿ[19] ਬਾਣੀ[20] ਸਬਦਿ[21] ਪਛਾਣੀ[22] ਨਾਉ ਮੀਠਾ[23] ਮਨਹਿ[24] ਪਿਆਰਾ[25] ॥੨॥ | In all the ages[19], it is through the Divine word[20], that the Lord[21] is recognised[22] and the Name becomes sweet[23] and dear[25] unto the mind[24]. | ਸਾਰਿਆਂ ਯੁਗਾਂ[19] ਅੰਦਰ ਈਸਵਰੀ ਕਲਾਮ[20] ਰਾਹੀਂ ਹੀ ਸਾਹਿਬ[21] ਸਿਞਾਣਿਆ[22] ਜਾਂਦਾ ਹੈ ਅਤੇ ਚਿੱਤ[24] ਨੂੰ ਨਾਮ ਮਿੱਠੜਾ[23] ਤੇ ਪਿਆਰਾ[25] ਲਗਦਾ ਹੈ । |
| ਸਤਿਗੁਰੁ ਸੇਵਿ[26] ਜਿਨਿ ਨਾਮੁ ਪਛਾਤਾ[27] ਸਫਲ[28] ਜਨਮੁ[29] ਜਗਿ[30]ਆਇਆ[31]॥ | Fruitful[28] is the birth[29] and advent[31] in this world[30] of him, who by serving[26] the True Guru, realises[27] the Name. | ਫਲਦਾਇਕ[28] ਹੈ ਇਸ ਜਹਾਨ[30]ਵਿੱਚ ਉਸ ਦਾ ਜੰਮਣਾ[29] ਅਤੇ ਆਗਮਨ[31] ਜੋ ਸੱਚੇ ਗੁਰਾਂ ਦੀ ਘਾਲ[26] ਕਮਾਉਣ ਦੁਆਰਾ ਨਾਮ ਨੂੰ ਸਿਞਾਣਦਾ[27] ਹੈ । |
| ਹਰਿ ਰਸੁ[32] ਚਾਖਿ[33] ਸਦਾ[39] ਮਨੁ[34] ਤ੍ਰਿਪਤਿਆ[35] ਗੁਣ[36] ਗਾਵੈ ਗੁਣੀ[37] ਅਘਾਇਆ[38]॥ | Tasting[33] God's elixir[32], his soul[34] is sated[35] for aye[39], and singing the praise[36] of the praise-worthy Lord[37], he remains content[38]. | ਵਾਹਿਗੁਰੂ ਦੇ ਅੰਮ੍ਰਿਤ[32] ਨੂੰ ਪਾਨ[33] ਕਰ, ਉਸ ਦੀ ਆਤਮਾ[34] ਹਮੇਸ਼ਾ[39] ਲਈ ਰੱਜ ਜਾਂਦੀ[35] ਹੈ ਅਤੇ ਸ਼ਲਾਘਾਯੋਗ ਸੁਆਮੀ[37] ਦੀ ਸਿਫ਼ਤ ਸ਼ਲਾਘਾ[36] ਗਾਇਨ ਕਰ ਉਹ ਸੰਤੁਸ਼ਟ[38] ਹੋਇਆ ਰਹਿੰਦਾ ਹੈ । |
| ਕਮਲੁ[40] ਪ੍ਰਗਾਸਿ[41] ਸਦਾ ਰੰਗਿ[42] ਰਾਤਾ[43] ਅਨਹਦ ਸਬਦੁ[44] ਵਜਾਇਆ[45] ॥ | His heart lotus[40] blossoms[41], with Lord's love[43], he is ever imbued[43] with joy and within him resounds[45] the celestial strain[44]. | ਉਸ ਦਾ ਦਿਲ-ਕੰਵਲ[40] ਖਿੜ[41] ਜਾਂਦਾ ਹੈ ਤੇ ਪ੍ਰਭੂ ਦੇ ਪ੍ਰੇਮ[42] ਨਾਲ ਉਹ ਹਮੇਸ਼ਾ ਲਈ ਰੰਗਿਆ[43] ਜਾਂਦਾ ਹੈ, ਅਤੇ ਉਸ ਦੇ ਅੰਦਰ ਬੈਕੁੰਠੀ-ਕੀਰਤਨ[44] ਗੂੰਜਦਾ[45] ਹੈ । |
| ਤਨੁ[46] ਮਨੁ[47] ਨਿਰਮਲੁ[48] ਨਿਰਮਲ ਬਾਣੀ[51] ਸਚੇ ਸਚਿ[49] ਸਮਾਇਆ[50] ॥੩॥ | Immaculate[48] become his body[46] and mind[47] and immaculate his speech[51] and he merges[50] in the Truest of the true[49]. | ਪਵਿੱਤ੍ਰ[48] ਥੀ ਵੰਞਦੇ ਹਨ ਉਸ ਦੀ ਦੇਹ[46] ਤੇ ਮਨ[47] ਅਤੇ ਪਵਿੱਤ੍ਰ ਹੈ ਉਸ ਦੀ ਬੋਲ ਬਾਣੀ[51] । ਉਹ ਸੱਚਿਆਂ ਦੇ ਪਰਮ ਸੱਚੇ[49] ਵਿੱਚ ਲੀਨ[50] ਹੋ ਜਾਂਦਾ ਹੈ । |
| ਰਾਮ[52] ਨਾਮ ਕੀ ਗਤਿ[53] ਕੋਇ ਨ ਬੂਝੈ[54] ਗੁਰਮਤਿ[55] ਰਿਦੈ[56] ਸਮਾਈ[57] ॥ | None knows[54] the essence[53] of the Lord's[52] Name. By Guru's instruction[55] it is revealed[57] to one's mind[56] | ਸੁਆਮੀ[52] ਦੇ ਨਾਮ ਦੀ ਵਡਿਆਈ[53] ਨੂੰ ਕੋਈ ਭੀ ਨਹੀਂ ਜਾਣਦਾ[54] । ਗੁਰਾਂ ਦੇ ਉਪਦੇਸ਼[55] ਦੁਆਰਾ ਇਹ ਬੰਦੇ ਦੇ ਮਨ[56] ਵਿੱਚ ਪ੍ਰਕਾਸਦਾ[57] ਹੈ । |
| ਗੁਰਮੁਖਿ[58] ਹੋਵੈ ਸੁ[60] ਮਗੁ[59] ਪਛਾਣੈ[61] ਹਰਿ ਰਸਿ[62]ਰਸਨ[63] | He[60], who gets resigned to Guru's will[58], knows[61] the way[59] and his | ਜੋ ਗੁਰੂ ਅਨੁਸਾਰੀ[58] ਹੋ ਜਾਂਦਾ ਹੈ, ਉਹ[60] ਰਸਤੇ[59] ਨੂੰ ਜਾਣ ਲੈਂਦਾ[61] ਹੈ ਤੇ ਉਸ ਦੀ ਜੀਭਾ[63] ਸਾਈਂ ਦੇ |

| | | |
|---|---|---|
| ਰਸਾਈ[64] ॥ | tongue[63] tastes[64] the Lord's Nectar[62] | ਅੰਮ੍ਰਿਤ[62] ਨੂੰ ਮਾਣਦੀ[64] ਹੈ । |
| ਜਪੁ[65] ਤਪੁ[66] ਸੰਜਮੁ[67] ਸਭੁ ਗੁਰ ਤੇ[68] ਹੋਵੈ ਹਿਰਦੈ[69] ਨਾਮੁ ਵਸਾਈ[70] ॥ | Meditation[65], austerity[66] and self-restraint[67] are all obtained from[68] the Guru and the Guru enshrines[70] the Name in the mind[69]. | ਸਿਮਰਨ[65], ਕਰੜੀ ਘਾਲ[66] ਤੇ ਸਵੈ-ਕਾਬੂ[67] ਸਮੂਹ ਗੁਰਾਂ ਪਾਸੋਂ[68] ਪ੍ਰਾਪਤ ਹੁੰਦੇ ਹਨ ਅਤੇ ਗੁਰੂ ਜੀ ਹੀ ਮਨ[69] ਵਿੱਚ ਨਾਮ ਨੂੰ ਟਿਕਾਉਂਦੇ[70] ਹਨ । |
| ਨਾਨਕ ਨਾਮੁ ਸਮਾਲਹਿ[71] ਸੇ[72] ਜਨ[73] ਸੋਹਨਿ[74] ਦਰਿ[75] ਸਾਚੈ ਪਤਿ[76] ਪਾਈ ॥੪॥੭॥ | Nanak, the[72] persons[73], who remember[71] the Name look beauteous[74] and obtain honour[76] in the True court[75]. | ਨਾਨਕ ਜਿਹੜੇ[72] ਪੁਰਸ਼[73] ਨਾਮ ਦਾ ਸਿਮਰਨ[71] ਕਰਦੇ ਹਨ ਉਹ ਸੁੰਦਰ[74] ਦਿਸਦੇ ਹਨ ਤੇ ਸੱਚੇ ਦਰਬਾਰ[75]ਵਿੱਚ ਇੱਜ਼ਤ[76] ਪਾਉਂਦੇ ਹਨ । |
| ਸੋਰਠਿ ਮ: ੩ ਦੁਤੁਕੇ ॥ | Sorath 3rd Guru. Dotukas. | ਸੋਰਠਿ ਤੀਜੀ ਪਾਤਿਸ਼ਾਹੀ ਦੁਤੁਕੇ । |
| ਸਤਿਗੁਰ ਮਿਲਿਐ ਉਲਟੀ[77] ਭਈ ਭਾਈ[78] ਜੀਵਤੁ[79] ਮਰੈ ਤਾ[80] ਬੂਝ[81] ਪਾਇ ॥ | Meeting the True Guru, man turns[77] away from the world. O brother[78], when he remains dead in life[79], then[80] does he obtain understanding[81]. | ਸੱਚੇ ਗੁਰਾਂ ਨੂੰ ਮਿਲ ਕੇ ਬੰਦਾ ਮਾਇਆ ਵਲੋਂ ਮੁੜ ਪੈਂਦਾ[77] ਹੈ. ਹੇ ਵੀਰ[78] ! ਜਦ ਉਹ ਜੀਊਂਦੇ ਜੀ[79] ਆਪਾ ਮਾਰਦਾ ਹੈ, ਤਦ[80] ਉਸ ਨੂੰ ਗਿਆਨ[81] ਪ੍ਰਾਪਤ ਹੁੰਦਾ ਹੈ । |
| ਸੋ[82] ਗੁਰੂ ਸੋ ਸਿਖੁ[83] ਹੈ ਭਾਈ ਜਿਸੁ ਜੋਤੀ[84] ਜੋਤਿ[85] ਮਿਲਾਇ ॥੧॥ | He[82] alone is the Guru and he alone the disciple[83], whose light[84] the Lord merges in His supreme light[85], O brother. | ਕੇਵਲ ਉਹ[82] ਹੀ ਗੁਰੂ ਤੇ ਕੇਵਲ ਉਹੀ ਮੁਰੀਦ[83] ਹੈ, ਜਿਸ ਦੇ ਨੂਰ[84] ਨੂੰ ਸੁਆਮੀ ਆਪਣੇ ਪਰਮ ਨੂਰ[85] ਨਾਲ ਮਿਲਾ ਲੈਂਦਾ ਹੈ, ਹੇ ਭਰਾ ! |
| ੬੦੩ | | |
| ਮਨ[86] ਰੇ[87] ਹਰਿ ਹਰਿ[88] ਸੇਤੀ[89] ਲਿਵ[90] ਲਾਇ[91] ॥ | O[87] my soul[86], embrace[91] thou love[90] with[89] the Lord God[88]. | ਹੇ[87] ਮੇਰੀ ਜਿੰਦੇ[86] ! ਤੂੰ ਸੁਆਮੀ ਵਾਹਿਗੁਰੂ[88] ਨਾਲ[89] ਪ੍ਰੀਤਿ[90] ਪਾ[91] । |
| ਮਨ[92] ਹਰਿ ਜਪਿ[93] ਮੀਠਾ[94] ਲਾਗੈ ਭਾਈ[95] ਗੁਰਮੁਖਿ[96] ਪਾਏ ਹਰਿ ਥਾਇ[97] ॥ ਰਹਾਉ॥ | By meditation[93], God seems sweet[94] to the mind[92], O brother[95]. The Guru-wards[96], obtain place in the Lord's court[97]. Pause. | ਸਿਮਰਨ[93] ਦੁਆਰਾ ਰੱਬ ਚਿੱਤ[92] ਨੂੰ ਮਿੱਠਾ[94] ਲਗਦਾ ਹੈ, ਹੇ ਵੀਰ[95] ! ਗੁਰੂ-ਪਿਆਰਿਆਂ[96]ਨੂੰ ਸਾਹਿਬ ਦੀ ਦਰਗਾਹ ਵਿੱਚ ਅਸਥਾਨ ਪ੍ਰਾਪਤ[97] ਹੁੰਦਾ ਹੈ । |
| ਬਿਨੁ ਗੁਰ ਪ੍ਰੀਤਿ ਨ ਊਪਜੈ[98] ਭਾਈ ਮਨਮੁਖਿ[99] ਦੂਜੈ ਭਾਇ[100] ॥ | Without the Guru, Lord's love springs[98] not, O brother. The way-wards[99] are engrossed in the love of another[100]. | ਗੁਰਾਂ ਦੇ ਬਾਝੋਂ ਪ੍ਰਭੂ ਦਾ ਪਿਆਰ ਪੈਦਾ[98] ਨਹੀਂ ਹੁੰਦਾ, ਹੇ ਵੀਰ ! ਆਪ ਹੁਦਰੇ[99] ਹੋਰਸ ਦੀ ਪ੍ਰੀਤ[100] ਵਿੱਚ ਖੱਚਤ ਹੋਏ ਰਹਿੰਦੇ ਹਨ । |
| ਤੁਹ[2] ਕੁਟਹਿ[3] ਮਨਮੁਖ[7] ਕਰਮ[4] ਕਰਹਿ[5] ਭਾਈ ਪਲੈ[6] ਕਿਛੂ ਨ ਪਾਇ ॥੨॥ | The doing[5] of the deeds[4] by the self-willed[7] is like the thrashing[3] of the chaff[2]. Evidently they obtain[6] but nothing. | ਆਪ ਹੁਦਰਿਆਂ[7] ਦਾ ਕਰਮ[4] ਕਮਾਉਣਾ[5], ਛਿਲੜ[2] ਕੁੱਟਣ[3] ਦੇ ਸਮਾਨ ਹੈ । ਇਸ ਤੋਂ ਉਨ੍ਹਾਂ ਨੂੰ ਕੁਝ ਭੀ ਹਾਸਲ[6] ਨਹੀਂ ਹੁੰਦਾ । |

| | | |
|---|---|---|
| ਗੁਰ ਮਿਲਿਐ ਨਾਮੁ ਮਨਿ ਰਵਿਆ[9] ਭਾਈ ਸਾਚੀ ਪ੍ਰੀਤਿ[8] ਪਿਆਰਿ[10] ॥ | Meeting with the Guru, the Name permeates[9] the mind, O brother and true love[8] and affection[10] abide in the mind. | ਗੁਰਾਂ ਨਾਲ ਮਿਲ ਕੇ ਨਾਮ ਹਿਰਦੇ ਅੰਦਰ ਪ੍ਰਵੇਸ਼[9] ਕਰ ਜਾਂਦਾ ਹੈ, ਹੇ ਵੀਰ ! ਅਤੇ ਸੱਚੀ ਪ੍ਰੀਤਿ[8] ਤੇ ਪਿਆਰ[10] ਹਿਰਦੇ ਅੰਦਰ ਵਸ ਜਾਂਦੇ ਹਨ । |
| ਸਦਾ[12] ਹਰਿ ਕੇ ਗੁਣ[13] ਰਵੈ[14] ਭਾਈ ਗੁਰ ਕੈ ਹੇਤਿ[15] ਅਪਾਰਿ[16] ॥੩॥ | With the infinite[16] love[15] for the Guru, the man, then ever[12] utters[14] God's praise[13], O brother. | ਗੁਰਾਂ ਵਾਸਤੇ ਬੇਅੰਤ[16] ਪ੍ਰੇਮ[15] ਨਾਲ ਤਦ ਇਨਸਾਨ ਸਦੀਵ[12] ਵਾਹਿਗੁਰੂ ਦੀ ਮਹਿਮਾ[13] ਉਚਾਰਨ[14] ਕਰਦਾ ਹੈ, ਹੇ ਵੀਰ ! |
| ਆਇਆ[17] ਸੋ[18] ਪਰਵਾਣੁ[29] ਹੈ ਭਾਈ ਜਿ ਗੁਰ ਸੇਵਾ[20] ਚਿਤੁ[21] ਲਾਇ[22] ॥ | Approved[19] is the advent[17] of him[18], O brother, who fixes[22] his mind[21] on the Guru's service[20]. | ਪ੍ਰਮਾਣੀਕ[19] ਹੈ ਉਸ ਦਾ[18] ਆਗਮਨ[17] ਹੇ ਵੀਰ ! ਜੋ ਗੁਰਾਂ ਦੀ ਚਾਕਰੀ[20] ਅੰਦਰ ਆਪਣੇ ਮਨ[21] ਨੂੰ ਜੋੜਦਾ[22] ਹੈ । |
| ਨਾਨਕ ਨਾਮੁ ਹਰਿ ਪਾਈਐ ਭਾਈ ਗੁਰ ਸਬਦੀ[23] ਮੇਲਾਇ[24] ॥੪॥੮॥ | Says Nanak, through the Guru's instruction[23], O brother the mortal obtains the Lord's Name and is united[24] with the Lord. | ਗੁਰੂ ਜੀ ਫੁਰਮਾਉਂਦੇ ਹਨ, ਗੁਰਾਂ ਦੇ ਉਪਦੇਸ਼[23] ਰਾਹੀਂ ਪ੍ਰਾਣੀ ਸੁਆਮੀ ਦੇ ਨਾਮ ਨੂੰ ਪਾ ਲੈਂਦਾ ਹੈ ਅਤੇ ਸੁਆਮੀ ਨਾਲ ਅਭੇਦ[24] ਹੋ ਜਾਂਦਾ ਹੈ । |
| ਸੋਰਠਿ ਮਹਲਾ ੩ ਘਰੁ ੧ ॥ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ । |
| ਤਿਹੀ[25] ਗੁਣੀ[26] ਤ੍ਰਿਭਵਣੁ[27] ਵਿਆਪਿਆ[28] ਭਾਈ ਗੁਰਮੁਖਿ[29] ਬੂਝ[30] ਬੁਝਾਇ[31]॥ | O brother, the three worlds[27] are engrossed[28] in the three[25] qualities[26]. The supreme Guru[29] imparts[31] this understanding[30]. | ਹੇ ਵੀਰ ! ਤਿੰਨੇ ਜਹਾਨ[27] ਤਿੰਨਾਂ[25] ਲੱਛਣਾਂ[26] ਅੰਦਰ ਖੱਚਤ[28] ਹੋਏ ਹੋਏ ਹਨ । ਸਤਿਗੁਰੂ[29] ਜੀ ਇਹ ਸਮਝ[30] ਦਰਸਾਉਂਦੇ[31] ਹਨ । |
| ਰਾਮ[32] ਨਾਮਿ ਲਗਿ[33] ਛੂਟੀਐ[34] ਭਾਈ ਪੂਛਹੁ[35] ਗਿਆਨੀਆ[36] ਜਾਇ[97] ॥੧॥ | Attached[33] to the Lord's[32] Name, the man is delivered[34]. Go[37] and consult[35] ths divines[36], O brother. | ਸੁਆਮੀ[32] ਦੇ ਨਾਮ ਨਾਲ ਜੁੜ[33]ਕੇ ਬੰਦਾ ਬੰਦ-ਖ਼ਲਾਸ[34] ਹੁੰਦਾ ਹੈ । (ਬੇਸ਼ਕ) ਜਾ[37] ਕੇ ਬ੍ਰਹਿਮ ਬੇਤਿਆਂ[36] ਕੋਲੋਂ ਪਤਾ[35] ਕਰ ਲੈ, ਹੇ ਵੀਰ ! |
| ਮਨ[38] ਰੇ[39] ਤ੍ਰੈ ਗੁਣ[40] ਛੋਡਿ[41] ਚਉਥੈ ਚਿਤੁ[42] ਲਾਇ[43] ॥ | O[39] my soul[38], forsake[41] thou the three modes[40] and fix[43] thy mind[42] with the fourth state. | ਹੇ[39] ਮੇਰੀ ਜਿੰਦੜੀਏ[38] ! ਤੂੰ ਤਿੰਨਾਂ ਹੀ ਅਵਸਥਾਵਾਂ[40] ਨੂੰ ਤਿਆਗ[41] ਦੇ ਅਤੇ ਆਪਣੇ ਮਨ[42] ਨੂੰ ਚੌਥੀ ਅਵਸਥਾ (ਪਰਮ ਪਦ) ਨਾਲ ਜੋੜ[43] । |
| ਹਰਿ ਜੀਉ[44] ਤੇਰੈ ਮਨਿ ਵਸੈ ਭਾਈ ਸਦਾ[47] ਹਰਿ ਕੇ ਗੁਣ[45] ਗਾਇ[46] ॥ਰਹਾਉ॥ | O brother, the sire Lord[44] abides in thy mind. Sing[46] thou ever[47] the Lord's praise[45]. Pause. | ਹੇ ਵੀਰ ! ਸੁਆਮੀ ਮਹਾਰਾਜ[44] ਤੇਰੇ ਚਿੱਤ ਅੰਦਰ ਵੱਸਦਾ ਹੈ । ਤੂੰ ਸਦੀਵ[47] ਹੀ ਸੁਆਮੀ ਦੀ ਉਸਤਤੀ[45] ਗਾਇਨ[46] ਕਰ । ਠਹਿਰਾਉ । |
| ਨਾਮੇ ਤੇ ਸਭਿ ਊਪਜੇ[48] ਭਾਈ ਨਾਇ ਵਿਸਰਿਐ[49] ਮਰਿ[50] ਜਾਇ ॥ | Through the Name all are created[48], O brother and forgetting[49] the Name, they die away[50]. | ਨਾਮ ਤੋਂ ਹੀ ਸਾਰੇ ਉਤਪੰਨ[48] ਹੋਏ ਹਨ, ਹੇ ਭਰਾਵਾ ! ਤੇ ਨਾਮ ਨੂੰ ਭੁਲਾ[49] ਕੇ ਉਹ ਮਰ ਮੁੱਕ ਜਾਂਦੇ[50] ਹਨ । |
| ਅਗਿਆਨੀ[51] ਜਗਤੁ[52]ਅੰਧੁ[53] ਹੈ ਭਾਈ ਸੂਤੇ[54] ਗਏ ਮੁਹਾਇ[55] ॥੨॥ | The ignorant[51] world[52] is blind[53], The sleeping ones[54] are plundered[55], O brother. | ਬੇਸਮਝ[51] ਦੁਨੀਆ[52] ਅੰਨ੍ਹੀ[53] ਹੈ । (ਮਨੁੱਖ) ਸੁੱਤੇ ਪਏ[54] ਹੀ ਲੁੱਟੇ ਜਾ[55] ਰਹੇ ਹਨ, ਹੇ ਭਰਾਵਾ ! |

| | | |
|---|---|---|
| ਗੁਰਮੁਖਿ[56] ਜਾਗੇ ਸੇ[57] ਉਬਰੇ[58] ਭਾਈ [59]ਭਵਜਲੁ[60] ਪਾਰਿ[61] ਉਤਾਰਿ ॥ | Those who remain awake, through the Guru[56], they[57] are saved[58], O brother, and cross[61] the terrible[59] world ocean[60]. | ਜੋ ਗੁਰਾਂ ਦੇ ਰਾਹੀਂ[56] ਜਾਗਦੇ ਰਹਿੰਦੇ ਹਨ, ਉਹ[57] ਬਚ ਜਾਂਦੇ[58] ਹਨ, ਹੇ ਵੀਰ ਅਤੇ ਭਿਆਨਕ[59] ਜੱਗ ਰੂਪੀ ਸਮੁੰਦਰ[60] ਤੋਂ ਪਾਰ ਹੋ ਜਾਂਦੇ[61] ਹਨ। |
| ਜਗ[62] ਮਹਿ[63] ਲਾਹਾ[68] ਹਰਿ ਨਾਮੁ ਹੈ ਭਾਈ ਹਿਰਦੈ[64] ਰਖਿਆ[66] [15]ਉਰਧਾਰਿ[67] ॥੩॥ | In[63] the world[62], the Lord's Name is the Fruit, O brother and I keep[66] the God's Name enshrined[67] in my heart[64] and mind[65]. | ਸੰਸਾਰ[62] ਅੰਦਰ[63] ਰੱਬ ਦਾ ਨਾਮ ਹੀ ਮੁਨਾਫ਼ਾ[68] ਹੈ, ਹੇ ਭਰਾਵਾ! ਇਸ ਲਈ, ਰੱਬ ਦੇ ਨਾਮ ਨੂੰ ਮੈਂ ਆਪਣੇ ਦਿਲ[64] ਤੇ ਮਨ[65] ਨਾਲ ਲਾਈ[67] ਰਖਦਾ[66] ਹਾਂ। |
| ਗੁਰ ਸਰਣਾਈ[69] ਉਬਰੇ[70] ਭਾਈ ਰਾਮ ਨਾਮਿ ਲਿਵ[71] ਲਾਇ[72] ॥ | Seeking the Guru's shelter[69] and enshrining[72] love[71] for the Lord's Name, I am saved[70], O brother. | ਗੁਰਾਂ ਦੀ ਸ਼ਰਣਾਗਤਿ[69] ਲੈਣ ਅਤੇ ਸੁਆਮੀ ਦੇ ਨਾਮ ਨਾਲ ਪ੍ਰੇਮ[71] ਪਾਉਣ[72] ਕਰਕੇ ਮੈਂ ਬੱਚ ਗਿਆ[70] ਹਾਂ, ਹੇ ਵੀਰ। |
| ਨਾਨਕ ਨਾਉ ਬੇੜਾ[73] ਨਾਉ ਤੁਲਹੜਾ[74] ਭਾਈ ਜਿਤੁ ਲਗਿ ਪਾਰਿ[76] ਜਨ[75] ਪਾਇ[76] ॥੪॥੯॥ | Nanak, the Name is the boat[73] and the Name the raft[74], embarking on which the Lord's slave[75] ferries across[76] the world ocean, O brother. | ਨਾਨਕ, ਨਾਮ ਕਿਸ਼ਤੀ[73] ਹੈ ਅਤੇ ਨਾਮ ਹੀ ਤੁਲ੍ਹਾ[74], ਜਿਸ ਤੇ ਚੜ੍ਹ ਕੇ ਸਾਹਿਬ ਦਾ ਗੋਲਾ[75] ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ[76] ਹੈ। |
| ਸੋਰਠਿ ਮਹਲਾ ੩ ਘਰੁ ੧ ॥ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ। |
| ਸਤਿਗੁਰੁ ਸੁਖੁ[77] ਸਾਗਰੁ[78] ਜਗ ਅੰਤਰਿ[79] ਹੋਰਥੈ ਸੁਖੁ[80] ਨਾਹੀ ॥ | The True Guru is the ocean[78] of peace[77] in[79] the world and there is not another abode[80] of peace. | ਸੱਚੇ ਗੁਰੂ ਜੀ ਸੁਖ[77] ਦੇ ਸਮੁੰਦਰ[78] ਹਨ ਇਸ ਜਹਾਨ ਅੰਦਰ[79] ਹੋਰ ਕੋਈ ਅਨੰਦ ਦਾ ਟਿਕਾਣਾ[80] ਨਹੀਂ। |
| ਹਉਮੈ[81] ਜਗਤੁ ਦੁਖਿ[82] ਰੋਗਿ[83] ਵਿਆਪਿਆ[84] ਮਰਿ[85] ਜਨਮੈ[86] ਰੋਵੈ[87] ਧਾਹੀ[88] ॥੧॥ | The world is infested[84] wlth the painful[82] malady[83] of pride[81] and one comes[86], goes[85] and shrieks[87] aloud[88]. | ਸੰਸਾਰ ਹੰਕਾਰ[81] ਦੀ ਦੁਖਦਾਈ[82] ਬੀਮਾਰੀ[83] ਨੇ ਗ੍ਰਸਿਆ[84] ਹੋਇਆ ਹੈ। ਇਹ ਆਉਂਦਾ[86], ਜਾਂਦਾ[85] ਤੇ ਭੁੱਬਾਂ ਮਾਰ ਮਾਰ[88] ਰੋਂਦਾ[87] ਹੈ। |
| ਪ੍ਰਾਣੀ[89] ਸਤਿਗੁਰੁ ਸੇਵਿ[90] ਸੁਖੁ ਪਾਇ ॥ | O mortal[89], serve[90] thou the True Guru, and attaln peace. | ਹੇ ਜੀਵ[89]! ਤੂੰ ਸੱਚੇ ਗੁਰਾਂ ਦੀ ਟਹਿਲ[90] ਕਮਾ ਤੇ ਆਰਾਮ ਨੂੰ ਪ੍ਰਾਪਤ ਹੋ। |
| ਸਤਿਗੁਰੁ ਸੇਵਹਿ ਤਾ[91] ਸੁਖੁ ਪਾਵਹਿ ਨਾਹਿ[92] ਤ ਜਾਹਿਗਾ[93]ਜਨਮੁ[94] ਗਵਾਇ[95] ॥ਰਹਾਉ॥ | If thou servest the True Guru, then[91] alone shalt thou obtain peace, otherwise[92], losing[95] thy life[94] in vain, thou shalt depart[93]. Pause. | ਜੇਕਰ ਤੂੰ ਸੱਚੇ ਗੁਰਾਂ ਦੀ ਟਹਿਲ ਕਮਾਵੇਂਗਾ ਕੇਵਲ ਤਦ[91] ਹੀ ਤੂੰ ਆਰਾਮ ਪਵੇਂਗਾ, ਨਹੀਂ ਤਾਂ[92] ਤੂੰ ਆਪਣਾ ਜੀਵਨ[94] ਵਿਅਰਥ ਗੁਆ[95] ਕੇ ਟੁਰ ਜਾਵੇਂਗਾ[93]। ਠਹਿਰਾਉ। |
| ਤ੍ਰੈ[96] ਗੁਣ[97] ਧਾਤੁ[98] ਬਹੁ ਕਰਮ[98*] ਕਮਾਵਹਿ ਹਰਿ ਰਸੁ[99] ਸਾਦੁ[100] ਨ ਆਇਆ॥ | Led by[98] three[96] dispositions[97], man does myriads of deeds[98*] and relishes[100] not the Lord's elixir[99]. | ਤਿੰਨਾ[96] ਸੁਭਾਵਾਂ[97] (ਰਜੋ, ਸਤੋ, ਤਮੋ) ਦੇ ਅਸਰ ਅਧੀਨ ਭੱਜਿਆ ਫਿਰਦਾ[98] ਬੰਦਾ ਅਨੇਕਾਂ ਹੀ ਕੰਮ[98*] ਕਰਦਾ ਹੈ ਅਤੇ ਈਸਵਰੀ ਅੰਮ੍ਰਿਤ[99] ਦਾ ਸੁਆਦ[100] ਨਹੀਂ ਮਾਣਦਾ। |
| ਸੰਧਿਆ[2] ਤਰਪਣੁ[3] ਕਰਹਿ | He says vesper prayer[2] makes | ਉਹ ਆਥਣ ਦੀ ਅਰਦਾਸ[2] ਕਰਦਾ ਹੈ, ਪਾਣੀ-ਭੇਟ[3] |

| | | |
|---|---|---|
| ਗਾਇਤ੍ਰੀ[4] ਬਿਨੁ ਬੂਝੇ[5] ਦੁਖੁ[6] ਪਾਇਆ[7] ॥੨॥ | water-offering[3] and hymns primal sermons[4], but without gnosis[5] he suffers[7] sorrow[6]. | ਚੜ੍ਹਾਉਂਦਾ[3] ਹੈ ਅਤੇ ਗਾਇਤ੍ਰੀ ਆਦਿ ਭਜਨ[4] ਗਾਇਨ ਕਰਦਾ ਹੈ, ਪਰ ਰੱਬੀ ਗਿਆਤ[5] ਦੇ ਬਾਝੋਂ ਉਹ ਦੁਖ[6] ਉਠਾਉਂਦਾ[7] ਹੈ। |
| ਸਤਿਗੁਰੁ ਸੇਵੇ[8] ਸੋ[9] [10]ਵਡਭਾਗੀ[12] ਜਿਸ[13] ਨੋ ਆਪਿ[14] ਮਿਲਾਏ[15] ॥ | Very[10] fortunate[12] is he[9], who serves[8] the True Guru. He alone meets the Guru, whom[13] the Lord Himself[14] makes him meet[15]. | ਭਾਰੇ[10] ਚੰਗੇ ਕਰਮਾਂ[12] ਵਾਲਾ ਹੈ ਉਹ[9], ਜੋ ਸੱਚੇ ਗੁਰਾਂ ਦੀ ਚਾਕਰੀ ਕਮਾਉਂਦਾ[8] ਹੈ। ਕੇਵਲ ਓਹੀ ਗੁਰਾਂ ਨੂੰ ਮਿਲਦਾ ਹੈ, ਜਿਸ ਨੂੰ[13] ਸਾਹਿਬ ਖ਼ੁਦ[14] ਮਿਲਾਉਂਦਾ[15] ਹੈ। |
| ਹਰਿ ਰਸੁ[16] ਪੀ[17] ਜਨ[18] ਸਦਾ[19] ਤ੍ਰਿਪਤਾਸੇ[20] ਵਿਚਹੁ[21] ਆਪੁ[22] ਗਵਾਏ[23] ॥੩॥ | Quaffing[17] the God's elixir[16], the Lord's slaves[18] ever[19] remain satiated[20] and from within[21] themselves they eradicate[23] their self-conceit[22]. | ਵਾਹਿਗੁਰ ਦੇ ਅੰਮ੍ਰਿਤ[16] ਨੂੰ ਪਾਨ[17] ਕਰ ਕੇ, ਸੁਆਮੀ ਦੇ ਗੋਲੇ[18] ਹਮੇਸ਼ਾ[19] ਰੱਜੇ[20] ਰਹਿੰਦੇ ਹਨ ਅਤੇ ਆਪਣੇ ਅੰਦਰੋਂ[21] ਸਵੈ-ਹੰਗਤਾ[22] ਨੂੰ ਦੂਰ ਕਰ ਦਿੰਦੇ[23] ਹਨ। |
| ਇਹੁ ਜਗੁ[24] ਅੰਧਾ[25] ਸਭੁ[26] ਅੰਧੁ ਕਮਾਵੈ[27] ਬਿਨੁ ਗੁਰ ਮਗੁ[28] ਨ ਪਾਏ[29] ॥ | This world[24] is blind[25] and all[26] act[27] blindly. Without the Guru, they find[29] not the path[28]. | ਇਹ ਸੰਸਾਰ[24] ਅੰਨ੍ਹਾ[25] ਹੈ, ਅਤੇ ਸਭ[26] ਅੰਨ੍ਹੇਵਾਹ ਹੀ ਕੰਮ ਕਰਦੇ[27] ਹਨ। ਗੁਰਾਂ ਦੇ ਬਾਝੋਂ ਉਨ੍ਹਾਂ ਨੂੰ ਰਸਤਾ[28] ਨਹੀਂ ਲੱਭਦਾ[29]। |
| ਨਾਨਕ ਸਤਿਗੁਰੁ ਮਿਲੈ ਤ[30] ਅਖੀ[31] ਵੇਖੈ[32] ਘਰੈ[33] ਅੰਦਰਿ[34] ਸਚੁ[35] ਪਾਏ[36] ॥੪॥੧੦॥ | Nanak, when one meets the True Guru then[30], one sees[32] with one's eyes[31] and finds[36] the True Lord[34] within[34] one's own home[33]. | ਨਾਨਕ, ਜਦ ਸੱਚੇ ਗੁਰੂ ਜੀ ਮਿਲ ਪੈਂਦੇ ਹਨ, ਤਦ[30] ਹੀ ਇਨਸਾਨ ਆਪਣਿਆਂ ਦਿੱਬ ਨੈਣਾਂ[31] ਨਾਲ ਦੇਖਦਾ[32] ਹੈ ਅਤੇ ਸੱਚੇ ਸਾਂਈਂ[35] ਨੂੰ ਆਪਣੇ ਨਿੱਜ ਦੇ ਗ੍ਰਿਹ[33]ਵਿਚੋਂ[34] ਹੀ ਲੱਭ ਲੈਂਦਾ[36] ਹੈ। |
| ਸੋਰਠਿ ਮਹਲਾ ੩ ॥ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ। |
| ਬਿਨੁ ਸਤਿਗੁਰ ਸੇਵੇ[37] ਬਹੁਤਾ[38] ਦੁਖੁ[39] ਲਾਗਾ[40] ਜੁਗ ਚਾਰੇ ਭਰਮਾਈ[41] ॥ | Without serving[37] the Satguru, the man suffers[40] immense[38] pain[39] and wanders[41] through the four ages. | ਸਤਿਗੁਰਾਂ ਦੀ ਟਹਿਲ[37] ਕਮਾਉਣ ਦੇ ਬਾਝੋਂ ਆਦਮੀ ਨੂੰ ਘਣੇਰਾ[38] ਕਸ਼ਟ[39] ਵਾਪਰਦਾ[40] ਹੈ ਅਤੇ ਉਹ ਚਾਰੇ ਯੁਗ ਹੀ ਭਟਕਦਾ ਫਿਰਦਾ[41] ਹੈ। |
| ਹਮ[42] ਦੀਨ[43] ਤੁਮ ਜੁਗੁ ਜੁਗੁ[44] ਦਾਤੇ[45] ਸਬਦੇ[46] ਦੇਹਿ ਬੁਝਾਈ[47] ॥੧॥ | I[42] am a helpless[43] being, and all the ages through[44] Thou art the Beneficent[45] Lord. Reveal[47], Thou, Thy Name[46] unto me, O Lord. | ਮੈਂ[42] ਇਕ ਨਿਰਬਲ[43] ਜੀਵ ਹਾਂ ਅਤੇ ਤੂੰ ਸਮੂਹ ਜੁੱਗਾਂ[44] ਅੰਦਰ ਦਾਤਾਰ[45] ਸੁਆਮੀ ਹੈਂ। ਤੂੰ ਆਪਣੇ ਨਾਮ[46] ਦੀ ਸੋਝੀ ਮੈਨੂੰ ਪਾ ਦੇ[47]। |
| ਹਰਿ ਜੀਉ[48] ਕ੍ਰਿਪਾ[49] ਕਰਹੁ ਤੁਮ[51] ਪਿਆਰੇ[50] ॥ | O my sire[48] Beloved[50] Lord, show Thou[51] mercy[49] unto me. | ਹੇ ਮੇਰੇ ਮਹਾਰਾਜ[48] ਪ੍ਰੀਤਮ[50] ਪ੍ਰਭੂ! ਤੂੰ[51] ਮੇਰੇ ਉੱਤੇ ਮਿਹਰ ਧਾਰ[49]। |
| ਸਤਿਗੁਰੁ ਦਾਤਾ[52] ਮੇਲਿ[53] ਮਿਲਾਵਹੁ[54] ਹਰਿ ਨਾਮੁ ਦੇਵਹੁ[55] ਆਧਾਰੇ[56]॥ਰਹਾਉ॥ | Unite[54] me in the union[53] of the munificent[52] True Guru and bless[55] me with the prop[56] of Thy Name, O God. Pause. | ਮੈਨੂੰ ਦਾਤਾਰ[52] ਸੱਚੇ ਗੁਰਾਂ ਦੇ ਮਿਲਾਪ[53] ਵਿੱਚ ਮਿਲਾ ਦੇ[54] ਅਤੇ ਮੈਨੂੰ ਆਪਣੇ ਨਾਮ ਦਾ ਆਸਰਾ[56] ਪ੍ਰਦਾਨ ਕਰ, ਹੇ ਵਾਹਿਗੁਰੂ! ਠਹਿਰਾਉ। |
| ੬੦੪ | | |
| ਮਨਸਾ[57] ਮਾਰਿ[58] ਦੁਬਿਧਾ[59] ਸਹਜਿ[60] ਸਮਾਣੀ[61] | Stilling[58] my desire[57] and duality[59], I have merged[61] in equipoise[60] and | ਆਪਣੀ ਖ਼ਾਹਿਸ਼[57] ਤੇ ਦਵੈਤ-ਭਾਵ[59] ਨੂੰ ਮੇਸ[58] ਤੇ ਅਡੋਲਤਾ[60] ਵਿੱਚ ਲੀਨ[61] ਹੋ ਕੇ, ਮੈਂ ਅਨੰਤ[62] ਨਾਮ ਨੂੰ |

| | | |
|---|---|---|
| ਪਾਇਆ[63] ਨਾਮੁ ਅਪਾਰਾ[62] ॥ | have attained[63] the infinite[62] Name. | ਪ੍ਰਾਪਤ[63] ਕਰ ਲਿਆ ਹੈ। |
| ਹਰਿ ਰਸੁ[64] ਚਾਖਿ[65] ਮਨੁ[66] ਨਿਰਮਲੁ[67] ਹੋਆ ਕਿਲਬਿਖ[68] ਕਾਟਣਹਾਰਾ[69] ॥੨॥ | Tasting[65] the essence[64] of God, the Destroyer[69] of sins[68], my soul[66] is rendered immaculate[67]. | ਵਾਹਿਗੁਰੂ, ਜੋ ਪਾਪ[68] ਨਾਸ ਕਰਨ ਵਾਲਾ[69] ਹੈ, ਦੇ ਰਸ[64] ਨੂੰ ਪਾਨ ਕਰ[65], ਮੇਰੀ ਆਤਮਾ[66] ਪਵਿੱਤ੍ਰ[67] ਹੋ ਗਈ ਹੈ। |
| ਸਬਦਿ[70] ਮਰਹੁ[71] ਫਿਰਿ[72] ਜੀਵਹੁ[73] ਸਦ[74] ਹੀ ਤਾ[75] ਫਿਰਿ[76] ਮਰਣੁ[77] ਨ ਹੋਈ ॥ | Dying[71] by Guru's word[70], thou shalt eternally[74] live[73] afterwards[72] and then[75], thou shalt not die[77] again[76]. | ਗੁਰਾਂ ਦੀ ਬਾਣੀ[70] ਦੁਆਰਾ ਜੀਵਤ[72] ਮਰ ਕੇ[71] ਤੂੰ ਸਦੀਵ ਹੀ ਜੀਉਂਦਾ[73] ਰਹੇਂਗਾ ਅਤੇ ਫੇਰ[75] ਮੁੜ ਕੇ[76] ਤੂੰ ਨਹੀਂ ਮਰੇਂਗਾ[77]। |
| ਅੰਮ੍ਰਿਤੁ[78] ਨਾਮੁ ਸਦਾ[79] ਮਨਿ[80] ਮੀਠਾ[81] ਸਬਦੇ[82] ਪਾਵੈ ਕੋਈ[83] ॥੩॥ | The Name-Nectar[78] is ever[79] sweet[81] unto the soul[80] but, by Guru's instruction[82], some[83] rare one obtains it. | ਨਾਮ-ਸੁਧਾਰਸ[78], ਜਿੰਦੜੀ[80] ਨੂੰ ਹਮੇਸ਼ਾ[79] ਹੀ ਮਿੱਠੜਾ[81] ਲਗਦਾ ਹੈ। ਗੁਰਾਂ ਦੇ ਉਪਦੇਸ਼[82] ਦੁਆਰਾ ਕੋਈ ਵਿਰਲਾ ਜਣਾ[83] ਹੀ ਇਸ ਨੂੰ ਪਾਉਂਦਾ ਹੈ। |
| ਦਾਤੈ[84] ਦਾਤਿ[85] ਰਖੀ ਹਥਿ[86] ਆਪਣੈ ਜਿਸੁ[87] ਭਾਵੈ[88] ਤਿਸੁ[89] ਦੇਈ[90] ॥ | The Bounteous Lord[84] has kept the bounties[85] in His hand[86] and He gives[90] these to him[89] alone, whom[87] He likes[88]. | ਦਾਤਾਰ ਸੁਆਮੀ[84] ਨੇ ਬਖ਼ਸ਼ੀਸ਼ਾਂ[85] ਆਪਣੇ ਹੱਥ[86] ਵਿੱਚ ਰਖੀਆਂ ਹੋਈਆਂ ਹਨ। ਉਹ ਇਹ ਕੇਵਲ ਉਸ[89] ਨੂੰ ਦਿੰਦਾ[90] ਹੈ, ਜਿਸ[87] ਨੂੰ ਉਹ ਚਾਹੁੰਦਾ[88] ਹੈ। |
| ਨਾਨਕ ਨਾਮਿ ਰਤੇ[91] ਸੁਖੁ[92] ਪਾਇਆ ਦਰਗਹ[93] ਜਾਪਹਿ[94] ਸੇਈ[95] ॥੪॥੧੧॥ | Nanak, imbued[91] with the Name, the mortals obtain peace[92] and in the Lord's court[93], they[95] look[94] exhalted. | ਨਾਨਕ, ਨਾਮ ਨਾਲ ਰੰਗੀਜ[91] ਕੇ, ਪ੍ਰਾਣੀ ਆਰਾਮ[92] ਪਾਉਂਦੇ ਹਨ। ਸਾਹਿਬ ਦੇ ਦਰਬਾਰ[93] ਅੰਦਰ ਉਹ[95] ਸੁੰਦਰ ਦਿਸਦੇ[94] ਹਨ। |
| ਸੋਰਠਿ ਮਹਲਾ ੩ ॥ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ। |
| ਸਤਿਗੁਰ ਸੇਵੇ[96] ਤਾ[97] ਸਹਜ ਧੁਨਿ[98] ਉਪਜੈ[99] ਗਤਿ[100] ਮਤਿ[2] ਤਦ[3] ਹੀ ਪਾਏ[4] ॥ | When man serves[96] the True Guru, then[97] the Divine music[93] rings[99] within him and then[3] is he blessed[4] with wisdom[2] and salvation[100]. | ਜਦ ਬੰਦਾ ਸੱਚੇ ਗੁਰਾਂ ਦੀ ਘਾਲ[96] ਕਮਾਉਂਦਾ ਹੈ, ਤਦ[97] ਰੱਬੀ ਕੀਰਤਨ[98] ਉਸ ਦੇ ਅੰਦਰ ਗੂੰਜਦਾ[99] ਹੈ ਅਤੇ ਤਾਂ ਹੀ ਉਸ ਨੂੰ ਸਮਝ[2] ਤੇ ਮੁਕਤੀ[100] ਦੀ ਦਾਤ ਪ੍ਰਾਪਤ ਹੁੰਦੀ[4] ਹੈ। |
| ਹਰਿ ਕਾ ਨਾਮੁ ਸਚਾ ਮਨਿ ਵਸਿਆ[5] ਨਾਮੇ[6] ਨਾਮਿ ਸਮਾਏ[7] ॥੧॥ | The True Name of God, abides[5] in his mind, and, through the Name, he merges[7] in Lord, the Name Incarnate[6]. | ਵਾਹਿਗੁਰੂ ਦਾ ਸੱਚਾ ਨਾਮ ਉਸ ਦੇ ਚਿੱਤ ਵਿੱਚ ਟਿਕ[5] ਜਾਂਦਾ ਹੈ ਅਤੇ ਨਾਮ ਦੇ ਰਾਹੀਂ ਉਹ ਨਾਮ ਸਰੂਪ[6] ਸੁਆਮੀ ਅੰਦਰ ਲੀਨ ਹੋ ਜਾਂਦਾ[7] ਹੈ। |
| ਬਿਨੁ ਸਤਿਗੁਰ ਸਭੁ ਜਗੁ[8] ਬਉਰਾਨਾ[9] ॥ | Without the True Guru, the whole world[8] has gone mad[9]. | ਸੱਚੇ ਗੁਰਾਂ ਦੇ ਬਗ਼ੈਰ ਸਾਰਾ ਸੰਸਾਰ[8] ਸ਼ੁਦਾਈ[9] ਹੋ ਗਿਆ ਹੈ। |
| ਮਨਮੁਖਿ[10] ਅੰਧਾ[12] ਸਬਦੁ[13] ਨ ਜਾਣੈ ਝੂਠੈ[14] ਭਰਮਿ[15] ਭੁਲਾਨਾ[16] ॥ਰਹਾਉ॥ | The blind[12] egocentric[10] person knows not the Name[13], and in the false[14] delusion[15] he is gone astray[16]. Pause. | ਅੰਨ੍ਹਾ[12], ਆਪ-ਹੁਦਰਾ[10] ਪੁਰਸ਼ ਨਾਮ[13] ਨੂੰ ਨਹੀਂ ਜਾਣਦਾ ਤੇ ਉਹ ਕੂੜੀ[14] ਗ਼ਲਤ-ਫ਼ਹਿਮੀ[15] ਅੰਦਰ ਕੁਰਾਹੇ[16] ਪਿਆ ਹੋਇਆ ਹੈ। ਠਹਿਰਾਉ। |
| ਤ੍ਰੈ[17] ਗੁਣ[18] ਮਾਇਆ[19] ਭਰਮਿ[20] ਭੁਲਾਇਆ[21] ਹਉਮੈ[22] ਬੰਧਨ[23] ਕਮਾਏ[24]॥ | The three faced[18] mammon[19] has misled[21] the man into delusion[20], and he gathers[24] the nooses[23] of self-conceit[22]. | ਤਿੰਨਾਂ[17] ਲੱਛਣਾਂ[18] ਵਾਲੀ ਮੋਹਣੀ[19] ਨੇ ਮਨੁਖ ਨੂੰ ਮੁਗ਼ਾਲਤੇ[20] ਅੰਦਰ ਗੁਮਰਾਹ[21] ਕੀਤਾ ਹੋਇਆ[21] ਹੈ ਅਤੇ ਉਹ ਸਵੈ-ਹੰਗਤਾ[22] ਦੇ ਫਾਹੇ[23] ਇਕੱਤ੍ਰ ਕਰਦਾ[24] ਹੈ। |

| | | |
|---|---|---|
| ਜੰਮਣੁ[25] ਮਰਣੁ[26] ਸਿਰ[27] ਊਪਰਿ[28] ਊਭਉ[29] ਗਰਭ[30] ਜੋਨਿ[31] ਦੁਖੁ[32] ਪਾਏ[33] ॥੨॥ | Birth[25] and death[26] dangle[29] over[28] his head[27] and in the repeated births[31] from the womb[30] he suffers[33] pain[32]. | ਪੈਦਾਇਸ਼[25] ਤੇ ਮੌਤ[26] ਉਸ ਦੇ ਸਿਰ[27] ਉਤੇ[28]ਖਲੋਤੀਆਂ[29] ਹਨ ਅਤੇ ਪੇਟ[30] ਵਿਚੋਂ ਬਾਰ ਬਾਰ ਜਨਮ[31] ਲੈਣ ਦੁਆਰਾ ਵਿੱਚ ਉਹ ਕਸ਼ਟ[32] ਉਠਾਉਂਦਾ[23] ਹੈ। |
| ਤ੍ਰੈ ਗੁਣ[34] ਵਰਤਹਿ[35] ਸਗਲ ਸੰਸਾਰਾ[36] ਹਉਮੈ[37] ਵਿਚਿ ਪਤਿ[38] ਖੋਈ[39] ॥ | The whole world[36] acts[35] under the influence of three dispositions[34] and in ego[37], it losses[89] its honour[38]. | ਸਾਰਾ ਜਹਾਨ[36] ਤਿੰਨਾਂ ਸੁਭਾਵਾਂ[34] ਦੇ ਅਸਰ ਅਧੀਨ ਕੰਮ ਕਰਦਾ[35] ਹੈ ਅਤੇ ਹੰਕਾਰ[37] ਅੰਦਰ ਇਹ ਆਪਣੀ ਇੱਜ਼ਤ ਆਬਰੂ[38] ਵੰਞਾ ਲੈਂਦਾ[39] ਹੈ। |
| ਗੁਰਮੁਖਿ[40] ਹੋਵੈ ਚਉਥਾ[41] ਪਦੁ ਚੀਨੈ[42] ਰਾਮ ਨਾਮਿ ਸੁਖੁ[43] ਹੋਈ ॥੩॥ | He, who becomes Guru-ward[40], realises[42] the fourth state[41] of celestial bliss and through the Lord's Name obtains peace[43]. | ਜੋ ਗੁਰੂ-ਅਨੁਸਾਰੀ[40] ਹੋ ਵੰਞਦਾ ਹੈ, ਉਹ ਬੈਕੁੰਠੀ ਅਨੰਦ ਦੀ ਚੌਥੀ ਅਵਸਥਾ[41] ਨੂੰ ਅਨੁਭਵ ਕਰ ਲੈਂਦਾ[42] ਹੈ ਤੇ ਸਾਂਈਂ ਦੇ ਨਾਮ ਅਨੰਦ ਪਾਉਂਦਾ[43] ਹੈ। |
| ਤ੍ਰੈ ਗੁਣ[44] ਸਭਿ ਤੇਰੇ ਤੂ ਆਪੇ[49] ਕਰਤਾ[45] ਜੋ ਤੂ[46] ਕਰਹਿ[50] ਸੁ[47] ਹੋਈ[48] ॥ | The three modes[44] are all Thine, O Lord, and Thou Thyself[49] art their maker[45]. Whatever[46] Thou doest[60], that[47] comes to pass[48]. | ਤਿੰਨੇ ਹੀ (ਮਾਇਆ ਦੇ) ਗੁਣ[44] ਸਭ ਤੇਰੇ ਹਨ, ਤੇ ਤੂੰ ਆਪ[49] ਹੀ ਉਨ੍ਹਾਂ ਦੇ ਬਣਾਉਣ ਵਾਲਾ[45] ਹੈਂ। ਜਿਹੜਾ ਕੁੱਝ[46] ਤੂੰ ਕਰਦਾ[50] ਹੈਂ, ਉਹ[47] ਹੀ ਹੁੰਦਾ[48] ਹੈ। |
| ਨਾਨਕ ਰਾਮ ਨਾਮਿ ਨਿਸਤਾਰਾ[51] ਸਬਦੇ[52] ਹਉਮੈ[53] ਖੋਈ[54] ॥੪॥੧੨॥ | Nanak, through the Lord's Name, the mortal is emancipated[51] and through the Name[52], is rid of[54] his self-conceit[53]. | ਨਾਨਕ, ਸਾਹਿਬ ਦੇ ਨਾਮ ਰਾਹੀਂ ਪ੍ਰਾਣੀ ਮੁਕਤ ਹੋ ਜਾਂਦਾ[51] ਹੈ ਅਤੇ ਗੁਰਾਂ ਦੇ ਉਪਦੇਸ਼[52] ਰਾਹੀਂ ਉਸ ਦੀ ਹਉਮੈ[53] ਦੂਰ ਹੋ ਜਾਂਦੀ[54] ਹੈ। |
| ਸੋਰਠਿ ਮਹਲਾ ੪ ਘਰੁ ੧ | Sorath 4th Guru. | ਸੋਰਠਿ ਚੌਥੀ ਪਾਤਿਸ਼ਾਹੀ। |
| ੧ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਆਪੇ ਆਪਿ[55] ਵਰਤਦਾ[56] ਪਿਆਰਾ[57] ਆਪੇ ਆਪਿ ਅਪਾਹੁ[58] ॥ | My Beloved[57] Lord Himself[55] pervades[56] all and Himself remains detached[58]. | ਮੇਰਾ ਪ੍ਰਭੂ ਪ੍ਰੀਤਮ[57] ਆਪ ਸਾਰਿਆਂ ਅੰਦਰ ਵਿਆਪਕ[56] ਹੈ ਅਤੇ ਆਪ ਹੀ ਨਿਰਲੇਪ[58] ਰਹਿੰਦਾ ਹੈ। |
| ਵਣਜਾਰਾ[59] ਜਗੁ[60] ਆਪਿ ਹੈ ਪਿਆਰਾ ਆਪੇ ਸਾਚਾ ਸਾਹੁ[61] ॥ | In this world[60], the Beloved Himself is the Dealer[59] and Himself the True Banker[61]. | ਇਹ ਸੰਸਾਰ[60] ਅੰਦਰ ਆਪੇ ਹੀ ਪ੍ਰੀਤਮ ਵਾਪਾਰੀ[59] ਹੈ ਅਤੇ ਆਪ ਹੀ ਸੱਚਾ ਸ਼ਾਹੂਕਾਰ[61]। |
| ਆਪੇ ਵਣਜੁ[62] ਵਾਪਾਰੀਆ[63] ਪਿਆਰਾ ਆਪੇ ਸਚੁ ਵੇਸਾਹੁ[64] ॥੧॥ | Himself the Beloved is the Trade[62] and the Trader[63] and Himself the True credit[64]. | ਪ੍ਰੀਤਮ ਆਪ ਸੁਦਾਗਰੀ[62] ਤੇ ਸੁਦਾਗਰ[63] ਹੈ, ਅਤੇ ਆਪ ਹੀ ਸੱਚੀ ਸਾਖ[64]। |
| ਜਪਿ[65] ਮਨ[66] ਹਰਿ ਹਰਿ ਨਾਮੁ ਸਲਾਹ[67] ॥ | O man[66], meditate[65] thou on God and praise[67] thou the God's Name. | ਹੇ ਬੰਦੇ[66]! ਤੂੰ ਵਾਹਿਗੁਰੂ ਦਾ ਸਿਮਰਨ[65] ਕਰ ਅਤੇ ਵਾਹਿਗੁਰੂ ਦੇ ਨਾਮ ਦੀ ਹੀ ਤੂੰ ਪ੍ਰਸੰਸਾ[67] ਕਰ। |
| ਗੁਰ ਕਿਰਪਾ[68] ਤੇ ਪਾਈਐ | It is by Guru's grace[68], that the | ਗੁਰਾਂ ਦੀ ਦਇਆ ਦੁਆਰਾ[68] ਹੀ ਅਮਰ[69], ਪਹੁੰਚ ਤੋਂ |

| | | |
|---|---|---|
| ਪਿਆਰਾ ਅੰਮ੍ਰਿਤੁ[69] ਅਗਮ[70] ਅਥਾਹ[71] ॥ਰਹਾਉ॥ | Immortal[69], Unapproachable[70] and Unfathomable[71] Beloved is obtained. *Pause. | ਪਰੇ[70] ਅਤੇ ਬੇਅੰਤ[71] ਪ੍ਰੀਤਮ ਪਾਇਆ ਜਾਂਦਾ ਹੈ। ਠਹਿਰਾਉ। |
| ਆਪੇ ਸੁਣਿ ਸਭ ਵੇਖਦਾ[72] ਪਿਆਰਾ ਮੁਖਿ[73] ਬੋਲੇ[74] ਆਪਿ ਮੁਹਾਹੁ[75] ॥ | The Beloved Himself hears and sees[72] all and Himself utters[74] from the mouth[73], through the mouths[75] of all. | ਪ੍ਰੀਤਮ ਆਪ ਸਾਰਿਆਂ ਨੂੰ ਸੁਣਦਾ ਤੇ ਦੇਖਦਾ[72] ਹੈ ਅਤੇ ਆਪੇ ਹੀ ਸਾਰਿਆਂ ਦੇ ਮੂੰਹਾਂ ਰਾਹੀਂ[75] ਆਪਣੇ ਮੂੰਹ[73] ਤੋਂ ਉਚਰਦਾ[74] ਹੈ। |
| ਆਪੇ ਉਝੜ[76] ਪਾਇਦਾ[77] ਪਿਆਰਾ ਆਪਿ ਵਿਖਾਲੇ[78] ਰਾਹੁ[79] ॥ | My Beloved Himself leads[77] into wilderness[76] and Himself shows[78] the way[79]. | ਮੇਰਾ ਪ੍ਰੀਤਮ ਆਪ ਹੀ ਉਜਾੜ[76] ਵਿੱਚ ਲੈ ਜਾਂਦਾ[77] ਹੈ ਅਤੇ ਆਪ ਹੀ ਰਸਤਾ[79] ਦਿਖਾਲਦਾ[78] ਹੈ। |
| ਆਪੇ[82] ਹੀ ਸਭੁ ਆਪਿ[80] ਹੈ ਪਿਆਰਾ ਆਪੇ ਵੇਪਰਵਾਹੁ[81] ॥੨॥ | My Beloved is everything[80] by Himself[82] and He Himself is care-free[81]. | ਮੇਰਾ ਪ੍ਰੀਤਮ[82] ਸਾਰਾ ਕੁਛ ਆਪ[80] ਹੀ ਹੈ ਅਤੇ ਆਪ ਹੀ ਬੇ-ਮੁਹਤਾਜ[81] ਹੈ। |
| ਆਪੇ ਆਪਿ[83] ਉਪਾਇਦਾ[84] ਪਿਆਰਾ ਸਿਰਿ[85] ਆਪੇ ਧੰਧੜੈ[86] ਲਾਹੁ[87] ॥ | All by Himself[83] the Beloved creates[84] and then Himself engages[87] everyone[85] in work[86]. | ਖ਼ੁਦ-ਬ-ਖ਼ੁਦ[83] ਹੀ ਪ੍ਰੀਤਮ ਰਚਦਾ[84] ਹੈ ਅਤੇ ਫਿਰ ਖ਼ੁਦ ਹੀ ਹਰ ਇਕਸ ਨੂੰ[85] ਕੰਮ[86] ਲਾਉਂਦਾ[87] ਹੈ। |
| ਆਪਿ ਕਰਾਏ[88] ਸਾਖਤੀ[89] ਪਿਆਰਾ ਆਪਿ[90] ਮਾਰੇ[91] ਮਰਿ ਜਾਹੁ ॥ | Himself the Beloved creates[88] the creation[89] and at His[90] destroying[91], it is destroyed. | ਖ਼ੁਦ ਪ੍ਰੀਤਮ ਰਚਨਾ[89] ਨੂੰ ਰਚਦਾ[88] ਹੈ ਅਤੇ ਉਸ ਦੇ[90] ਤਬਾਹ[91] ਕਰਨ ਤੇ ਇਹ ਤਬਾਹ ਹੋ ਜਾਂਦੀ ਹੈ। |
| ਆਪੇ ਪਤਣੁ[92] ਪਾਤਣੀ[93] ਪਿਆਰਾ ਆਪੇ ਪਾਰਿ ਲੰਘਾਹੁ[94] ॥੩॥ | My Beloved is Himself the wharf[92] and the ferry-man[98] and He Himself ferries across[94]. | ਮੇਰਾ ਪ੍ਰੀਤਮ ਆਪ ਘਾਟ[92] ਅਤੇ ਮਲਾਹ[93] ਹੈ ਅਤੇ ਆਪ ਹੀ ਪਾਰ ਲੰਘਾਉਂਦਾ[94] ਹੈ। |
| ਆਪੇ ਸਾਗਰੁ[95] ਬੋਹਿਥਾ[96] ਪਿਆਰਾ ਗੁਰੁ ਖੇਵਟੁ[97] ਆਪਿ ਚਲਾਹੁ[98] ॥ | The Beloved Himself is the ocean[95] and the boat[96] and Himself, Guru, the boatman[97], who pilots[98] it. | ਪ੍ਰੀਤਮ ਖ਼ੁਦ ਸਮੁੰਦਰ[95] ਅਤੇ ਜਹਾਜ਼[96] ਹੈ ਅਤੇ ਖ਼ੁਦ ਹੀ ਗੁਰੂ ਮਲਾਹ[97], ਜੋ ਇਸ ਨੂੰ ਚਲਾਉਂਦਾ[98] ਹੈ। |
| ਆਪੇ ਹੀ ਚੜਿ[99] ਲੰਘਦਾ[100] ਪਿਆਰਾ ਕਰਿ[2] ਚੋਜ[3] ਵੇਖੈ[4] ਪਾਤਿਸਾਹੁ[5] ॥ | Embarking[99] on the boat, the Beloved Himself goes across[100] and He, the King[6], sees[4] the wondrous plays[3] of His own make[2]. | ਜਹਾਜ਼ ਤੇ ਸਵਾਰ[99] ਹੋ, ਖ਼ੁਦ ਹੀ ਪ੍ਰੀਤਮ ਪਾਰ[100] ਹੁੰਦਾ ਹੈ ਅਤੇ ਉਹ ਬਾਦਸ਼ਾਹ[5] ਆਪਣੇ ਰਚੇ ਹੋਏ[2] ਅਸਚਰਜ[3] ਕੌਤਕਾਂ ਨੂੰ ਦੇਖਦਾ[4] ਹੈ। |
| ਆਪੇ ਆਪਿ[6] ਦਇਆਲੁ[7] ਹੈ ਪਿਆਰਾ ਜਨ[8] ਨਾਨਕ ਬਖਸਿ[9] ਮਿਲਾਹੁ[10] ॥੪॥੧॥ | The Beloved Himself[6] is the Merciful Master[7]. O slave[8] Nanak, forgiving[9] the mortal He blends[10] him with Himself. | ਪ੍ਰੀਤਮ ਖ਼ੁਦ[8] ਹੀ ਮਿਹਰਬਾਨ ਮਾਲਕ[7] ਹੈ, ਹੇ ਗੋਲੇ[8] ਨਾਨਕ! ਤੇ ਪ੍ਰਾਣੀ ਨੂੰ ਮਾਫ ਕਰ[9], ਉਹ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ[100] ਹੈ। |
| ੬੦੫ ਸੋਰਠਿ ਮਹਲਾ ੪ ਚਉਥਾ ॥ | Sorath 4th Guru. | ਸੋਰਠਿ ਚੌਥੀ ਪਾਤਿਸ਼ਾਹੀ। |

| | | |
|---|---|---|
| ਆਪੇ ਅੰਡਜ[12] ਜੇਰਜ[13] ਸੇਤਜ[14] ਉਤਭੁਜ[15] ਆਪੇ ਖੰਡ ਆਪੇ[16] ਸਭ ਲੋਇ[17] ॥ | The Lord Himself is in the egg-born[12], foetus-born[13], sweat-born[14] and the earth-born[15]. He Himself is in the continents[16] and Himself in all the worlds[17]. | ਸੁਆਮੀ ਆਪ ਹੀ ਆਂਡਿਆਂ ਤੋਂ ਪੈਦਾ[12] ਹੋਇਆਂ, ਜੇਰ ਤੋਂ ਜੰਮਿਆਂ[13], ਮੁੜ੍ਹਕੇ ਤੋਂ ਪੈਦਾ ਹੋਇਆਂ[14] ਤੇ ਧਰਤੀ ਤੋਂ ਉਗਿਆਂ ਹੋਇਆਂ[15] ਵਿੱਚ ਹੈ। ਉਹ ਆਪ ਮਹਾਂਦੀਪਾਂ[16] ਵਿੱਚ ਹੈ, ਤੇ ਆਪ ਹੀ ਸਾਰਿਆਂ ਸੰਸਾਰਾਂ[17] ਵਿੱਚ। |
| ਆਪੇ ਸੂਤੁ[18] ਆਪੇ ਬਹੁ[19] ਮਣੀਆ[20] ਕਰਿ[21] ਸਕਤੀ[22] ਜਗਤੁ[23] ਪਰੋਇ[24] ॥ | He Himself is the thread[18] and Himself the numerous[19] beads[20]; exercising[21] His might[22] He has strung[24] the worlds[23]. | ਉਹ ਆਪ ਹੀ ਧਾਗਾ[18] ਹੈ ਅਤੇ ਆਪ ਹੀ ਅਨੇਕ[19] ਮਣਕੇ[20]। ਆਪਣੀ ਸਤਿਆ[22] ਧਾਰ ਕੇ[21] ਉਸ ਨੇ ਸੰਸਾਰ[23] ਨੂੰ ਪਰੋਇਆ[24] ਹੋਇਆ ਹੈ। |
| ਆਪੇ ਹੀ ਸੂਤਧਾਰੁ[25] ਹੈ ਪਿਆਰਾ ਸੂਤੁ ਖਿੰਚੇ[26] ਢਹਿ[27] ਢੇਰੀ ਹੋਇ[28] ॥੧॥ | Thr Beloved Himself is the Thread-holder[25]. When He withdraws[26] the thread, the beings fall[27] and are reduced to heaps[28] of ashes. | ਪ੍ਰੀਤਮ ਆਪ ਹੀ ਡੋਰ-ਖਿੱਚਣ ਵਾਲਾ[25] ਹੈ। ਜਦ ਉਹ ਡੋਰ ਖਿੱਚ ਲੈਂਦਾ[26] ਹੈ, ਜੀਵ ਡਿੱਗ ਪੈਂਦੇ[27] ਹਨ ਅਤੇ ਸੁਆਹ ਦੀਆਂ ਢੇਰੀਆਂ[28] ਬਣ ਜਾਂਦੇ ਹਨ। |
| ਮੇਰੇ ਮਨ[30] ਮੈ ਹਰਿ ਬਿਨੁ[29] ਅਵਰੁ[31] ਨ ਕੋਇ ॥ | O my soul[30], without[29] God, there is not any other[31] for me. | ਹੇ ਮੇਰੀ ਜਿੰਦੜੀਏ[30]! ਰੱਬ ਦੇ ਬਗੈਰ[29] ਮੇਰਾ ਹੋਰ[31] ਕੋਈ ਨਹੀਂ। |
| ਸਤਿਗੁਰ ਵਿਚਿ ਨਾਮੁ ਨਿਧਾਨੁ[32] ਹੈ ਪਿਆਰਾ[33] ਕਰਿ ਦਇਆ[34] ਅੰਮ੍ਰਿਤੁ[35] ਮੁਖਿ[36] ਚੋਇ[37] ॥ਰਹਾਉ॥ | In the True Guru is the treasure[32] of the sweet[33] Name, and in his mercy[34], he trickles[37] the Name-Nectar[35] in my mouth[36]. Pause. | ਸੱਚੇ ਗੁਰਾਂ ਦੇ ਅੰਦਰ ਮਿੱਠੜੇ[33] ਨਾਮ ਦਾ ਖ਼ਜ਼ਾਨਾ[32] ਹੈ ਅਤੇ ਆਪਣੀ ਮਿਹਰ[34] ਧਾਰ ਕੇ ਉਹ ਨਾਮ-ਸੁਧਾਰਸ[35] ਨੂੰ ਮੇਰੇ ਮੂੰਹ[36] ਵਿੱਚ ਚੋਂਦੇ[37] ਹਨ। ਠਹਿਰਾਉ। |
| ਆਪੇ ਜਲ[38] ਥਲਿ[39] ਸਭਤੁ[40] ਹੈ ਪਿਆਰਾ ਪ੍ਰਭੁ ਆਪੇ ਕਰੇ ਸੁ[41] ਹੋਇ[42] ॥ | The Beloved Himself is in all[40] the oceans[38] and dry-lands[39] and what the Lord Himself does that[41] alone happens[42]. | ਪ੍ਰੀਤਮ ਆਪ ਸਾਰੇ[40] ਸਮੁੰਦਰਾਂ[38] ਤੇ ਧਰਤੀਆਂ[39] ਵਿੱਚ ਹੈ। ਜਿਹੜਾ ਕੁੱਛ ਸਾਂਈਂ ਆਪ ਕਰਦਾ ਹੈ, ਕੇਵਲ ਓਹੀ[41] ਹੁੰਦਾ[42] ਹੈ। |
| ਸਭਨਾ ਰਿਜਕੁ[43] ਸਮਾਹਦਾ[44] ਪਿਆਰਾ ਦੂਜਾ[45] ਅਵਰੁ[46] ਨ ਕੋਇ ॥ | The Beloved brings[44] sustenance[43] to all and without Him there is not any other[46] second[45]. | ਪ੍ਰੀਤਮ ਸਾਰਿਆਂ ਨੂੰ ਰੋਜ਼ੀ[43] ਪੁਚਾਉਂਦਾ[44] ਹੈ। ਉਸ ਦੇ ਬਗੈਰ ਹੋਰ ਕੋਈ[46] ਦੂਸਰਾ[45] ਨਹੀਂ। |
| ਆਪੇ ਖੇਲ[47] ਖੇਲਾਇਦਾ[48] ਪਿਆਰਾ ਆਪੇ ਕਰੇ ਸੁ[49] ਹੋਇ[50] ॥੨॥ | The Beloved Himself plays[47] and makes others[48] play and what He Himself does that[49] alone comes to pass[50]. | ਪ੍ਰੀਤਮ ਖ਼ੁਦ ਖੇਡਦਾ[47] ਹੈ ਅਤੇ ਹੋਰਨਾਂ ਨੂੰ ਖਿਡਾਉਂਦਾ[48] ਹੈ। ਜੋ ਕੁੱਛ ਉਹ ਕਰਦਾ ਹੈ ਉਹੀ[49] ਕੁੱਛ ਹੁੰਦਾ[50] ਹੈ। |
| ਆਪੇ ਹੀ[51] ਆਪਿ ਨਿਰਮਲਾ[52] ਪਿਆਰਾ ਆਪੇ ਨਿਰਮਲ ਸੋਇ[53] ॥ | All by Himself[51] the Lord is Pure[52] and Pure is His repute[53]. | ਖ਼ੁਦ-ਬ-ਖ਼ੁਦ[51] ਹੀ ਪ੍ਰੀਤਮ ਪਵਿੱਤ੍ਰ[52] ਹੈ ਅਤੇ ਪਵਿੱਤ੍ਰ ਹੈ ਉਸ ਦੀ ਸ਼ੁਹਰਤ[53]। |
| ਆਪੇ ਕੀਮਤਿ[54] ਪਾਇਦਾ[55] ਪਿਆਰਾ ਆਪੇ ਕਰੇ ਸੁ[56] ਹੋਇ ॥ | Himself the Beloved determines[56] the worth[54] of all and what He Himself does that[56] alone happens. | ਆਪ ਹੀ ਪ੍ਰੀਤਮ ਸਾਰਿਆ ਦਾ ਮੁਲ[54] ਪਾਉਂਦਾ[55] ਹੈ ਅਤੇ ਜੋ ਆਪ ਹੀ ਜੋ ਕਰਦਾ ਹੈ, ਕੇਵਲ ਓਹੀ[56] ਹੁੰਦਾ ਹੈ। |

| | | |
|---|---|---|
| ਆਪੇ ਅਲਖੁ[57] ਨ ਲਖੀਐ ਪਿਆਰਾ ਆਪਿ ਲਖਾਵੈ ਸੋਇ[58] ॥੩॥ | Himself the Beloved is unseen[57] and cannot be seen and He Himself makes man see Him. | ਆਪ ਪ੍ਰੀਤਮ ਅਦ੍ਰਿਸ਼ਟ[57] ਹੈ ਅਤੇ ਦੇਖਿਆ ਨਹੀਂ ਜਾ ਸਕਦਾ। ਉਹ ਆਪ ਹੀ ਬੰਦੇ ਨੂੰ ਆਪਣੇ ਆਪ ਨੂੰ ਵਿਖਾਲਦਾ[58] ਹੈ। |
| ਆਪੇ ਗਹਿਰ[59] ਗੰਭੀਰੁ[60] ਹੈ ਪਿਆਰਾ ਤਿਸੁ[61] ਜੇਵਡੁ[62] ਅਵਰੁ[63] ਨ ਕੋਇ ॥ | The Beloved Himself is deep[59] and unfathomable[60] and as great as[62] He[61], there is none else[63]. | ਪ੍ਰੀਤਮ ਖ਼ੁਦ ਡੂੰਘਾ[59] ਅਤੇ ਅਥਾਹ[60] ਹੈ। ਉਸ[61] ਜਿੱਡਾ ਵੱਡਾ[62] ਹੋਰ[63] ਕੋਈ ਨਹੀਂ। |
| ਸਭਿ ਘਟ[64] ਆਪੇ ਭੋਗਵੈ[65] ਪਿਆਰਾ ਵਿਚਿ ਨਾਰੀ[66] ਪੁਰਖ[67] ਸਭੁ ਸੋਇ[68] ॥ | In every heart[64], the Beloved Himself enjoys[65]. He[68], the Lord is contained within all the men[67] and women[66]. | ਸਾਰਿਆਂ ਦਿਲਾਂ[64] ਅੰਦਰ ਪ੍ਰੀਤਮ ਆਪ ਆਨੰਦ ਮਾਣਦਾ[65] ਹੈ। ਉਹ[68] ਸੁਆਮੀ ਸਮੂਹ ਮਰਦਾਂ[67] ਤੇ ਤੀਮੀਆਂ[66] ਵਿੱਚ ਵਿਆਪਕ ਹੈ। |
| ਨਾਨਕ ਗੁਪਤੁ[69] ਵਰਤਦਾ[70] ਪਿਆਰਾ ਗੁਰਮੁਖਿ[71] ਪਰਗਟੁ[72] ਹੋਇ ॥੪॥੨॥ | Nanak, the Beloved is unmanifestly[69] pervading[70] everywhere and it is through the Guru[71] that he becomes manifest[72]. | ਨਾਨਕ, ਪ੍ਰੀਤਮ ਅਲੋਪ[69] ਹੀ ਹਰ ਥਾਂ ਵਿਆਪਕ[70] ਹੋ ਰਿਹਾ ਹੈ। ਗੁਰਾਂ ਦੇ ਰਾਹੀਂ[71] ਹੀ ਉਹ ਪ੍ਰਤੱਖ[72] ਹੁੰਦਾ ਹੈ। |
| ਸੋਰਠਿ ਮਹਲਾ ੪ ॥ | Sorath 4th Guru. | ਸੋਰਠਿ ਚੌਥੀ ਪਾਤਿਸ਼ਾਹੀ। |
| ਆਪੇ ਹੀ ਸਭੁ[73] ਆਪਿ ਹੈ ਪਿਆਰਾ[74] ਆਪੇ ਥਾਪਿ[75] ਉਥਾਪੈ[76] ॥ | The Darling[74] Himself is all-in-all[73]; He Himself establishes[75] and dis-establishes[76]. | ਦਿਲਬਰ[74] ਹਰੀ ਖ਼ੁਦ ਹੀ ਸਾਰਾ ਕੁਛ[73] ਹੈ। ਉਹ ਖ਼ੁਦ ਹੀ ਸਥਿਰ ਕਰਦਾ[75] ਅਤੇ ਉਖੇੜਦਾ[76] ਹੈ। |
| ਆਪੇ ਵੇਖਿ[77] ਵਿਗਸਦਾ[78] ਪਿਆਰਾ ਕਰਿ[79] ਚੋਜ[80] ਵੇਖੈ ਪ੍ਰਭੁ ਆਪੈ ॥ | Himself the Beloved beholds[77] and rejoices[78]. The Lord Himself, works[79] miracles[80] and watches them. | ਪਿਆਰਾ-ਪ੍ਰਭੂ ਆਪ ਦੇਖਦਾ[77] ਤੇ ਪ੍ਰਸੰਨ[78] ਹੁੰਦਾ ਹੈ। ਉਹ ਸਾਂਈਂ ਆਪ ਹੀ ਕਰਾਮਾਤਾਂ[80] ਕਰਦਾ[79] ਤੇ ਉਨ੍ਹਾਂ ਨੂੰ ਤੱਕਦਾ ਹੈ। |
| ਆਪੇ ਵਣਿ[81] ਤਿਣਿ[82] ਸਭਤੁ[83] ਹੈ ਪਿਆਰਾ ਆਪੇ ਗੁਰਮੁਖਿ[84] ਜਾਪੈ[85] ॥੧॥ | In all[83] woods[81] and grass-blades[82], the Darling Himself is contained and through the Guru[84], becomes manifest[85] He. | ਸਮੂਹ[83] ਬਣਾਂ[81] ਤੇ ਘਾਅ ਦੀਆਂ ਤਿੜਾਂ[82] ਵਿੱਚ ਦਿਲਬਰ ਖ਼ੁਦ ਰਮਿਆ ਹੋਇਆ ਹੈ। ਉਹ ਗੁਰਾਂ ਦੇ ਰਾਹੀਂ[84] ਪ੍ਰਗਟ[85] ਹੁੰਦਾ ਹੈ। |
| ਜਪਿ[86] ਮਨ[87] ਹਰਿ ਹਰਿ[88] ਨਾਮ ਰਸਿ[89] ਧ੍ਰਾਪੈ[90] ॥ | O man[87], meditate[86] thou on the Lord Master[88]. With Lord's Name-Nectar[89] thou shalt be satiated[90]. | ਹੇ ਬੰਦੇ[87]! ਤੂੰ ਸੁਆਮੀ ਮਾਲਕ[88] ਦਾ ਸਿਮਰਨ[86] ਕਰ। ਸਾਂਈਂ ਦੇ ਨਾਮ-ਅੰਮ੍ਰਿਤ[89] ਨਾਲ ਤੂੰ ਰੱਜ ਜਾਵੇਂਗਾ[90]। |
| ਅੰਮ੍ਰਿਤੁ[91] ਨਾਮੁ ਮਹਾ[92] ਰਸੁ[93] ਮੀਠਾ[94] ਗੁਰ ਸਬਦੀ[95] ਚਖਿ[96] ਜਾਪੈ[97] ॥ਰਹਾਉ॥ | Very[92] sweet[94] is the relish[93] of the Name-Nectar[91]; by Guru's instruction[95] its taste[96] is revealed[97]. Pause. | ਨਿਹਾਇਤ[92] ਹੀ ਮਿੱਠਾ[94] ਹੈ ਸੁਆਦ[93] ਨਾਮ ਦੇ ਅੰਮ੍ਰਿਤ-ਹਿਯਾਤ[91] ਦਾ। ਗੁਰਾਂ ਦੇ ਉਪਦੇਸ਼[95] ਦੁਆਰਾ ਇਸ ਦਾ ਸੁਆਦ[96] ਮਲੂਮ[97] ਹੁੰਦਾ ਹੈ। ਠਹਿਰਾਉ। |
| ਆਪੇ ਤੀਰਥੁ[98] ਤੁਲਹੜਾ[99] ਪਿਆਰਾ ਆਪਿ ਤਰੈ[100] ਪ੍ਰਭੁ ਆਪੈ ॥ | My Beloved Himself is the pilgrim place[98] and the raft[99] and Himself the Lord ferries across[100]. | ਮੇਰਾ ਦਿਲਬਰ ਖ਼ੁਦ ਯਾਤ੍ਰਾ ਅਸਥਾਨ[98] ਤੇ ਤੁਲ੍ਹਾ[99] ਹੈ ਅਤੇ ਖ਼ੁਦ ਹੀ ਸੁਆਮੀ ਪਾਰ ਲੰਘਾਂਦਾ[100] ਹੈ। |

| | | |
|---|---|---|
| ਆਪੇ ਜਾਲੁ[2] ਵਤਾਇਦਾ[3] ਪਿਆਰਾ ਸਭੁ ਜਗੁ[4] ਮਛੁਲੀ[5] ਹਰਿ ਆਪੇ ॥ | The Beloved Himself casts[3] the net[2] over the whole world[4] and God Himself is the fish[5]. | ਪਿਆਰਾ-ਪ੍ਰਭੂ ਖੁਦ ਸਾਰੇ ਜਹਾਨ[4] ਉਤੇ ਜਾਲ[2] ਸੁਟਦਾ[3] ਹੈ ਅਤੇ ਵਾਹਿਗੁਰੂ ਖ਼ੁਦ ਹੀ ਮੱਛੀ[5] ਹੈ। |
| ਆਪਿ ਅਭੁਲੁ[6] ਨ ਭੁਲਈ[7] ਪਿਆਰਾ ਅਵਰੁ[9] ਨ ਦੂਜਾ ਜਾਪੈ[8] ॥੨॥ | Himself the Dear Lord is infallible[6] and strays[7] not. Like Him, I see[8] not another[9] second. | ਆਪੇ ਪਿਆਰਾ-ਪ੍ਰੀਤਮ ਅਚੂਕ[6] ਹੈ ਉਹ ਭੁਲਦਾ[7] ਨਹੀਂ। ਉਸ ਵਰਗਾ, ਹੋਰ[9] ਦੂਸਰਾ ਕੋਈ ਮੈਨੂੰ ਦਿਸ[8] ਨਹੀਂ ਆਉਂਦਾ। |
| ਆਪੇ ਸਿੰਙੀ[10] ਨਾਦੁ[12] ਹੈ ਪਿਆਰਾ ਧੁਨਿ[13] ਆਪਿ ਵਜਾਏ[14] ਆਪੇ ॥ | Himself the Darling is the Yogi's horn[10] and also the horn's sound[12] and, Himself, He plays[14] the tune[13]. | ਆਪ ਦਿਲਬਰ ਯੋਗੀ ਦੀ ਵੀਣਾ[10] ਅਤੇ ਵੀਣਾ ਦੀ ਆਵਾਜ਼[12] ਹੈ ਅਤੇ ਆਪਣੇ ਆਪ ਹੀ ਸੁਰ[13] ਅਲਾਪਦਾ[14] ਹੈ। |
| ਆਪੇ ਜੋਗੀ ਪੁਰਖੁ[15] ਹੈ ਪਿਆਰਾ ਆਪੇ ਹੀ ਤਪੁ[16] ਤਾਪੈ[17] ॥ | My Darlieg is Himself the Yogi's personality[15] and Himself He performs[17] penance[16]. | ਮੇਰਾ ਦਿਲਬਰ ਆਪ ਹੀ ਜੋਗੀ[15] ਹੈ ਅਤੇ ਆਪ ਹੀ ਤਪੱਸਿਆ[16] ਕਰਦਾ[17] ਹੈ। |
| ਆਪੇ ਸਤਿਗੁਰੁ ਆਪਿ ਹੈ ਚੇਲਾ[18] ਉਪਦੇਸੁ[19] ਕਰੈ[20] ਪ੍ਰਭੁ ਆਪੇ ॥੩॥ | He Himself is the true Guru and Himself the disciple[18]. The Lord Himself imparts[20] instruction[19]. | ਉਹ ਖ਼ੁਦ ਸੱਚਾ ਗੁਰੂ ਹੈ ਅਤੇ ਖ਼ੁਦ ਹੀ ਮੁਰੀਦ[18]। ਸਾਹਿਬ ਖ਼ੁਦ ਹੀ ਸਿਖਮਤ[19] ਦਿੰਦਾ[20] ਹੈ। |
| ਆਪੇ ਨਾਉ ਜਪਾਇਦਾ[21] ਪਿਆਰਾ ਆਪੇ ਹੀ ਜਪੁ[22] ਜਾਪੈ[23] ॥ | The Darling Himself makes man repeat[21] the Name and Himself embraces[23] meditation[22]. | ਦਿਲਬਰ ਖ਼ੁਦ ਬੰਦੇ ਪਾਸੋਂ ਨਾਮ ਦਾ ਉਚਾਰਨ[21] ਕਰਵਾਉਂਦਾ ਹੈ ਅਤੇ ਖ਼ੁਦ ਹੀ ਸਿਮਰਨ[22] ਕਰਦਾ[23] ਹੈ। |
| ਆਪੇ ਅੰਮ੍ਰਿਤੁ[24] ਆਪਿ ਹੈ ਪਿਆਰਾ ਆਪੇ ਹੀ ਰਸੁ[25] ਆਪੈ ॥ | All by Himself the Darling is the Nectar[24], and all by Himself He quaffs the Nectar[25]. | ਆਪ ਹੀ ਪਿਆਰਾ ਅੰਮ੍ਰਿਤ[24] ਹੈ ਅਤੇ ਆਪ ਹੀ ਆਬਿ-ਹਿਯਾਤ[25] ਨੂੰ ਪਾਨ ਕਰਦਾ ਹੈ। |
| ਆਪੇ ਆਪਿ[26] ਸਲਾਹਦਾ[27] ਪਿਆਰਾ ਜਨ[28] ਨਾਨਕ ਹਰਿਰਸੁ[29] ਧ੍ਰਾਪੈ[30] ॥੪॥੩॥ | The Lord Himself[26] praises[27] His own-self Slave[28] Nanak is satiated[30] with the Lord's elixir[29]. | ਪ੍ਰੀਤਮ ਆਪ ਹੀ ਆਪਣੇ ਆਪ[26] ਦੀ ਕੀਰਤੀ[27] ਕਰਦਾ ਹੈ। ਗੋਲਾ[28] ਨਾਨਕ ਪ੍ਰਭੂ ਦੇ ਅੰਮ੍ਰਿਤ[29] ਨਾਲ ਰੱਜ ਗਿਆ[30] ਹੈ। |
| ਸੋਰਠਿ ਮਹਲਾ ੪ ॥ | Sorath 4th Guru. | ਸੋਰਠਿ ਚੋਥੀ ਪਾਤਿਸ਼ਾਹੀ। |
| ਆਪੇ ਕੰਡਾ[31] ਆਪਿ ਤਰਾਜੀ[32] ਪ੍ਰਭਿ ਆਪੇ ਤੋਲਿ[33] ਤੋਲਾਇਆ[34] ॥ | The Lord Himself is the balance[31], Himself the weighman[32] and Himself He weighs[34] with the weights[83]. | ਸੁਆਮੀ ਆਪ ਤਕੜੀ[31] ਹੈ, ਆਪ ਹੀ ਤੋਲਾ[32] ਅਤੇ ਆਪ ਹੀ ਵੱਟਿਆਂ[33] ਨਾਲ ਤੋਲਦਾ[34] ਹੈ। |
| ਆਪੇ ਸਾਹੁ[35] ਆਪੇ ਵਣਜਾਰਾ[36] ਆਪੇ ਵਣਜੁ[37] ਕਰਾਇਆ[38] ॥ | He Himself is the Banker[35], Himself the pedlar[36] and Himself strikes[38] He the bargain[37]. | ਉਹ ਆਪ ਸ਼ਾਹੂਕਾਰ[35] ਅਤੇ ਆਪ ਹੀ ਨਿੱਕਾ ਵਾਪਾਰੀ[36] ਹੈ, ਅਤੇ ਆਪ ਹੀ ਸੌਦਾ[37] ਕਰਦਾ[38] ਹੈ। |
| ਆਪੇ ਧਰਤੀ[39] ਸਾਜੀਅਨੁ[40] ਪਿਆਰੈ ਪਿਛੈ ਟੰਕੁ[41] ਚੜਾਇਆ[42] ॥੧॥ | The Loved Lord has Himself created[40] the earth[39] and has counter-poised[42] it with a gram[41]. | ਪਿਆਰੇ ਪ੍ਰਭੂ ਨੇ ਖ਼ੁਦ ਹੀ ਜ਼ਮੀਨ[39] ਰਚੀ[40] ਹੈ ਅਤੇ ਇੱਕ ਚਾਰ ਮਾਸੇ[41] ਦੇ ਵੱਟੇ ਨਾਲ ਇਸ ਦਾ ਧੜਾ[42] ਕੀਤਾ ਹੈ। |
| ਮੇਰੇ ਮਨ[43] ਹਰਿ ਹਰਿ[44] | Pondering[45] over the Lord Master[44], | ਸੁਆਮੀ ਮਾਲਕ[44] ਦਾ ਸਿਮਰਨ[45] ਕਰਨ ਦੁਆਰਾ ਮੇਰੀ |

| | | |
|---|---|---|
| ਧਿਆਇ[45] ਸੁਖੁ[46] ਪਾਇਆ ॥ | my soul[43] has obtained peace[46]. | ਆਤਮਾ[43] ਨੇ ਅਨੰਦ[46] ਪ੍ਰਾਪਤ ਕੀਤਾ ਹੈ । |
| ਹਰਿ ਹਰਿ ਨਾਮੁ ਨਿਧਾਨੁ[47] ਹੈ ਪਿਆਰਾ[48] ਗੁਰ ਪੂਰੈ[49] ਮੀਠਾ[50] ਲਾਇਆ ॥ਰਹਾਉ॥ | The Dear[48] Lord God's Name is the treasure[47] and the Perfect[49] Guru, has made it seem sweet[50] unto me. Pause. | ਪ੍ਰੀਤਮ[48] ਸੁਆਮੀ ਵਾਹਿਗੁਰੂ ਦਾ ਨਾਮ ਇੱਕ ਖ਼ਜ਼ਾਨਾ[47] ਹੈ । ਪੂਰਨ[49] ਗੁਰਾਂ ਨੇ ਮੈਨੂੰ ਇਹ ਮਿੱਠੜਾ[50] ਲਾ ਦਿੱਤਾ ਹੈ । ਠਹਿਰਾਉ । |
| ੬੦੬ | | |
| ਆਪੇ ਧਰਤੀ[51] ਆਪਿ ਜਲੁ[52] ਪਿਆਰਾ ਆਪੇ ਕਰੇ[53] ਕਰਾਇਆ[54] ॥ | The Loved Lord is Himself the earth[51], Himself the water[52] and Himself He does[53] and makes others[54] do. | ਪ੍ਰੀਤਮ ਪ੍ਰਭੂ ਆਪ ਜ਼ਮੀਨ[51] ਤੇ ਆਪੇ ਹੀ ਪਾਣੀ[52] ਹੈ ਅਤੇ ਆਪ ਹੀ ਕਰਦਾ[53] ਤੇ ਹੋਰਨਾਂ ਤੋਂ ਕਰਾਉਂਦਾ[54] ਹੈ । |
| ਆਪੇ ਹੁਕਮਿ[55] ਵਰਤਦਾ[56] ਪਿਆਰਾ ਜਲੁ[57] ਮਾਟੀ[58] ਬੰਧਿ ਰਖਾਇਆ[59] ॥ | My Beloved-Lord Himself issues[56] commands[55] and keeps the water[57] and land[58] bound down[59]. | ਮੇਰਾ ਪ੍ਰੀਤਮ ਪ੍ਰਭੂ ਖ਼ੁਦ ਹੀ ਫ਼ੁਰਮਾਨ[55] ਜਾਰੀ[56] ਕਰਦਾ ਹੈ ਅਤੇ ਪਾਣੀ[57] ਤੇ ਧਰਤੀ[58] ਨੂੰ ਨਰੜ ਕੇ ਰਖਦਾ[59] ਹੈ । |
| ਆਪੇ ਹੀ ਭਉ[60] ਪਾਇਦਾ[61] ਪਿਆਰਾ ਬੰਨਿ[62] ਬਕਰੀ[63] ਸੀਹੁ[64] ਹਢਾਇਆ[65] ॥੨॥ | My Loved Lord Himself inspires[61] fear[60], and tying[62] together the goat[63] and the tiger[64], goads[65] them on. | ਮੇਰਾ ਪ੍ਰੀਤਮ ਪ੍ਰਭੂ ਖ਼ੁਦ ਹੀ ਡਰ[60] ਪਾਉਂਦਾ[61] ਹੈ ਅਤੇ ਬੱਕਰੀ[63] ਤੇ ਸ਼ੇਰ[64] ਨੂੰ ਇਕੱਠੇ ਨਰੜ ਕੇ[62] ਚਲਾਉਂਦਾ[65] ਹੈ । |
| ਆਪੇ ਕਾਸਟ[66] ਆਪਿ ਹਰਿ[67] ਪਿਆਰਾ ਵਿਚਿ ਕਾਸਟ ਅਗਨਿ ਰਖਾਇਆ[68] ॥ | The Loved Lord is Himself the wood[66], and Himself the fire[67]. In the wood, He has locked[68] the fire. | ਪ੍ਰੀਤਮ ਪ੍ਰਭੂ ਖ਼ੁਦ ਲੱਕੜ[66] ਹੈ ਅਤੇ ਖ਼ੁਦ ਹੀ ਅੱਗ[67] । ਲੱਕੜ ਅੰਦਰ ਉਸ ਨੇ ਅੱਗ ਬੰਨ੍ਹੀ[68] ਹੋਈ ਹੈ । |
| ਆਪੇ ਹੀ[69] ਆਪਿ ਵਰਤਦਾ[70] ਪਿਆਰਾ ਭੈ[71] ਅਗਨਿ ਨ ਸਕੈ ਜਲਾਇਆ[72] ॥ | The Loved Lord, all by Himself[69] is pervading[70] both and because of His fear[71], the fire cannot burn[72] the wood. | ਪਿਆਰਾ ਪ੍ਰਭੂ ਖ਼ੁਦ-ਬ-ਖ਼ੁਦ[69] ਹੀ ਦੋਨਾਂ ਵਿੱਚ ਵਿਆਪਕ[70] ਹੋ ਰਿਹਾ ਹੈ । ਉਸ ਦੇ ਡਰ[71] ਕਰਕੇ ਅੱਗ ਲੱਕੜ ਨੂੰ ਸਾੜ[72] ਨਹੀਂ ਸਕਦੀ । |
| ਆਪੇ ਮਾਰਿ ਜੀਵਾਇਦਾ[73] ਪਿਆਰਾ[74] ਸਾਹ[75] ਲੈਦੇ ਸਭਿ[76] ਲਵਾਇਆ[77] ॥੩॥ | Himself the sweet Master[74] kills and revives[73]. All[76] draw the breath[75] given[77] by Him. | ਖ਼ੁਦ ਹੀ ਮਿੱਠੜਾ ਮਾਲਕ[74] ਮਾਰਦਾ ਤੇ ਖ਼ੁਦ ਹੀ ਸੁਰਜੀਤ ਕਰਦਾ[73] ਹੈ । ਸਾਰੇ[76] ਹੀ ਉਸ ਦਾ ਦਿੱਤਾ ਹੋਇਆ[77] ਸੁਆਸ[75] ਲੈਂਦੇ ਹਨ । |
| ਆਪੇ ਤਾਣੁ[78] ਦੀਬਾਣੁ[79] ਹੈ ਪਿਆਰਾ ਆਪੇ ਕਾਰੈ[80] ਲਾਇਆ[81] ॥ | All power[78] and eternal court[79] is of the Loved Lord Himself and He Himself engages[81] men in work[80]. | ਸਾਰੀ ਸ਼ਕਤੀ[78] ਤੇ ਸਦੀਵੀ ਸਥਿਰ ਦਰਬਾਰ[79] ਪ੍ਰਭੂ ਆਪ ਹੈ, ਤੇ ਆਪ ਹੀ ਉਹ ਬੰਦਿਆਂ ਨੂੰ ਕੰਮ[80] ਲਾਉਂਦਾ[81] ਹੈ । |
| ਜਿਉ[82] ਆਪਿ ਚਲਾਏ[83] ਤਿਉ[84] ਚਲੀਐ[85] ਪਿਆਰੇ ਜਿਉ[88] ਹਰਿ[86] ਪ੍ਰਭ ਮੇਰੇ ਭਾਇਆ[87] ॥ | As[82] the Loved Lord Himself makes me walk[83] and as[88] is the pleasure[87] of my God Lord[86], so[84] do I walk[85]. | ਜਿਸ ਤਰ੍ਹਾਂ[82] ਆਪ ਪ੍ਰੀਤਮ ਪ੍ਰਭੂ ਮੈਨੂੰ ਤੋਰਦਾ[83] ਹੈ ਅਤੇ ਜਿਵੇਂ[88] ਮੈਂਡੇ ਵਾਹਿਗੁਰੂ ਸੁਆਮੀ[86] ਨੂੰ ਚੰਗਾ ਲਗਦਾ[87] ਹੈ, ਉਸੇ ਤਰ੍ਹਾਂ[84] ਹੀ ਮੈਂ ਤੁਰਦਾ[85] ਹਾਂ । |
| ਆਪੇ ਜੰਤੀ[88] ਜੰਤੁ[89] ਹੈ ਪਿਆਰਾ ਜਨ[90] ਨਾਨਕ | The Loved Lord Himself is musician[88] and the musical | ਪ੍ਰੀਤਮ ਪ੍ਰਭੂ ਆਪ ਹੀ ਰਾਗੀ[88]* ਅਤੇ ਸੰਗੀਤਕ ਸਾਜ਼[89] ਹੈ ਹੇ ਗੋਲੇ[90] ਨਾਨਕ ! ਬੰਦਾ ਉਸੇ ਤਰ੍ਹਾਂ ਹੀ ਵੱਜਦਾ[91] ਹੈ, |

| | | |
|---|---|---|
| ਵਜਹਿ[91] ਵਜਾਇਆ[92] ॥ ੪॥੪॥ | instrument[89]. The slave[90] Nanak calls the tune[91] which the Lord makes him tune[92]. | ਜਿਸ ਤਰ੍ਹਾਂ ਪ੍ਰਭੂ ਉਸ ਨੂੰ ਵਜਾਉਂਦਾ[92] ਹੈ। |
| ਸੋਰਠਿ ਮਹਲਾ ੪ ॥ | Sorath 4th Guru. | ਸੋਰਠਿ ਚੌਥੀ ਪਾਤਿਸ਼ਾਹੀ। |
| ਆਪੇ[100] ਸ੍ਰਿਸਟਿ[93] ਉਪਾਇਦਾ[94] ਪਿਆਰਾ[95] ਕਰਿ[96] ਸੂਰਜੁ[97] ਚੰਦੁ[98] ਚਾਨਾਣੁ[99] ॥ | Himself[100] the Dear One[95] creates[94] the world[93] and makes[96] the light[99] of the sun[97] and the moon[98]. | ਵਾਹਿਗੁਰੂ[95] ਆਪ ਹੀ[100] ਸੰਸਾਰ[93] ਨੂੰ ਰਚਦਾ[94] ਹੈ ਅਤੇ ਸੂਰਜ[97] ਤੇ ਚੰਦ[98] ਦਾ ਚਾਨਣਾ[99] ਕਰਦਾ[96] ਹੈ। |
| ਆਪਿ ਨਿਤਾਣਿਆ[2] ਤਾਣੁ[3] ਹੈ ਪਿਆਰਾ ਆਪਿ ਨਿਮਾਣਿਆ[4] ਮਾਣੁ[5] ॥ | Himself the Dear One is the power[3] of the powerless[2], and Himself the honour[5] of the unhonoured[4]. | ਪ੍ਰੀਤਮ ਪੁਰਖ ਆਪ ਹੀ ਨਿਜ਼ੋਰਿਆਂ[2] ਦਾ ਜ਼ੋਰ[3] ਹੈ ਅਤੇ ਖ਼ੁਦ ਹੀ ਨਿਮਾਣਿਆਂ ਦਾ ਮਾਣ[5]। |
| ਆਪਿ ਦਇਆ[6] ਕਰਿ[7] ਰਖਦਾ[8] ਪਿਆਰਾ ਆਪੇ ਸੁਘੜੁ[9] ਸੁਜਾਣੁ[10] ॥੧॥ | Showing[7] mercy[6] the Dear One Himself protects[8] and Himself is He wise[9] and Omnicient[10]. | ਮਿਹਰ[6] ਧਾਰ ਕੇ[7], ਆਪੇ ਹੀ ਪ੍ਰੀਤਮ ਪੁਰਖ ਰੱਖਿਆ[8] ਕਰਦਾ ਹੈ ਅਤੇ ਆਪ ਹੀ ਸਿਆਣਾ[9] ਅਤੇ ਸਰਬੱਗ[10] ਹੈ। |
| ਮੇਰੇ ਮਨ[12] ਜਪਿ[13] ਰਾਮ[14] ਨਾਮੁ ਨੀਸਾਣੁ[15] ॥ | O my soul[12], contemplate[13] thou on the Lord's[14] mighty[15] Name. | ਹੇ ਮੇਰੀ ਜਿੰਦੜੀਏ[12]! ਤੂੰ ਪ੍ਰਭੂ[14] ਦੇ ਪ੍ਰਤਾਪਵਾਨ[15] ਨਾਮ ਦਾ ਆਰਾਧਨ[13] ਕਰ। |
| ਸਤਸੰਗਤਿ[16] ਮਿਲਿ[17] ਧਿਆਇ[18] ਤੂ ਹਰਿ ਹਰਿ[19] ਬਹੁੜਿ[20] ਨ ਆਵਣ ਜਾਣੁ ॥ਰਹਾਉ॥ | Meeting[17] the society of the saints[16], remember[18], thou, the Lord Master[19] and thou shalt not come and go again[20]. Pause. | ਸਾਧ ਸੰਗਤ[16] ਨਾਲ ਜੁੜ ਕੇ[17] ਤੂੰ ਪ੍ਰਭੂ ਪ੍ਰਮੇਸ਼ਰ[19] ਦਾ ਸਿਮਰਨ ਕਰ[18] ਅਤੇ ਫੇਰ[20] ਤੇਰਾ ਆਉਣਾ ਤੇ ਜਾਣਾ ਨਹੀਂ ਹੋਵੇਗਾ। ਠਹਿਰਾਉ। |
| ਆਪੇ ਹੀ ਗੁਣ[21] ਵਰਤਦਾ[22] ਪਿਆਰਾ ਆਪੇ ਹੀ ਪਰਵਾਣੁ[23] ॥ | Himself the Dear One acts[22] through goodness[21] and Himself He approves[23] the act. | ਆਪ ਪ੍ਰੀਤਮ ਪੁਰਖ ਨੇਕੀ[21] ਰਾਹੀਂ ਕੰਮ ਕਰਦਾ[22] ਹੈ ਅਤੇ ਆਪ ਹੀ ਇਸ ਨੂੰ ਕਬੂਲ ਕਰਦਾ[23] ਹੈ। |
| ਆਪੇ ਬਖਸ[24] ਕਰਾਇਦਾ[25] ਪਿਆਰਾ ਆਪੇ ਸਚੁ ਨੀਸਾਣੁ[26] ॥ | The Loved Lord Himself bestowes[25] the boons[24] and Himself He blesses with the insignia[26] of Truth. | ਪ੍ਰੀਤਮ ਪ੍ਰਭੂ ਆਪ ਬਖਸ਼ਸ਼ਾਂ[24] ਦਿੰਦਾ[25] ਹੈ ਅਤੇ ਆਪ ਹੀ ਸੱਚ ਦੇ ਚਿੰਨ੍ਹ[26] ਦੀ ਦਾਤ ਪ੍ਰਦਾਨ ਕਰਦਾ ਹੈ। |
| ਆਪੇ ਹੁਕਮਿ[27] ਵਰਤਦਾ[28] ਪਿਆਰਾ ਆਪੇ ਹੀ ਫੁਰਮਾਣੁ[29] ॥੨॥ | Himself, the Dear Lord, obeys[28] His will[27], and Himself He gives the command[29]. | ਪਿਆਰਾ ਪ੍ਰਭੂ ਆਪ ਰਜ਼ਾ[27] ਦੀ ਪਾਲਣਾ ਕਰਦਾ[28] ਹੈ ਅਤੇ ਆਪ ਹੀ ਹੁਕਮ[29] ਦਿੰਦਾ ਹੈ। |
| ਆਪੇ ਭਗਤਿ[30] ਭੰਡਾਰ[31] ਹੈ ਪਿਆਰਾ ਆਪੇ ਦੇਵੈ[32] ਦਾਣੁ[33] ॥ | The Dear Lord Himself is the treasure[31] of meditation[30] and Himself He gives[32] its gifts[33]. | ਪਿਆਰਾ ਪ੍ਰਭੂ ਖ਼ੁਦ ਸਿਮਰਨ[30] ਦਾ ਖ਼ਜ਼ਾਨਾ[31] ਹੈ ਅਤੇ ਖ਼ੁਦ ਹੀ ਇਸ ਦੀਆਂ ਦਾਤਾਂ[33] ਬਖ਼ਸ਼ਦਾ[32] ਹੈ। |
| ਆਪੇ ਸੇਵ[34] ਕਰਾਇਦਾ[35] ਪਿਆਰਾ ਆਪਿ ਦਿਵਾਵੈ[36] ਮਾਣੁ[37] ॥ | The Dear Lord Himself engages[35] man in His service[34] and Himself He blesses[36] him with honour[37]. | ਪਿਆਰਾ ਪ੍ਰਭੂ ਖ਼ੁਦ ਬੰਦੇ ਨੂੰ ਆਪਣੀ ਸੇਵਾ[34] ਵਿੱਚ ਜੋੜਦਾ[35] ਹੈ ਅਤੇ ਖ਼ੁਦ ਹੀ ਉਸ ਨੂੰ ਇੱਜ਼ਤ-ਆਬਰੂ[37] ਦੀ ਦਾਤ ਦਿੰਦਾ[36] ਹੈ। |

| | | |
|---|---|---|
| ਪਾਇਆ [34]ਗੋਬਿਦ[35] ਸਰਣਿ[36] ਤੁਮਾਰੀ ॥੧॥ | with[33] attained to Thee, O God, the World[34]-Lord[35]. I have sought Thine protection[36]. | ਸ੍ਰਿਸ਼ਟੀ[34] ਦੇ ਸੁਆਮੀ[35] ਵਾਹਿਗੁਰੂ ! ਪ੍ਰਾਪਤ ਹੋ ਗਿਆ ਹਾਂ, ਮੈਂ ਤੇਰੀ ਪਨਾਹ[36] ਲਈ ਹੈ। |
| ਗੋਬਿਦ[37] ਪ੍ਰੀਤਿ[38] ਲਗੀ ਅਤਿ[39] ਪਿਆਰੀ[40] ॥ | The Lord's[37] love[38] is supremely[39] sweet[40] unto me. | ਪ੍ਰਭੂ ਦਾ[37] ਪਿਆਰ[38], ਮੈਨੂੰ ਪਰਮ[39] ਮਿੱਠ੍ਹਾ[40]ਲਗਦਾ ਹੈ। |
| ਜਬ[41] ਸਤਸੰਗ[42] ਭਏ ਸਾਧੂ ਜਨ[43] ਹਿਰਦੈ[44] ਮਿਲਿਆ[45] ਸਾਂਤਿ[46] ਮੁਰਾਰੀ[47] ॥ਰਹਾਉ॥ | When[41] I met with the congregation[42] of the holy persons[43], God[47] the Peace-incarnate[46], came[45] unto my mind[44]. Pause. | ਜਦ[41] ਮੈਂ ਨੇਕ ਬੰਦਿਆਂ[43] ਦੀ ਸੰਗਤ[42] ਨਾਲ ਜੁੜ ਗਿਆ ਤਾਂ ਅਨੰਦ-ਸਰੂਪ[46] ਹਰੀ[47] ਮੇਰੇ ਮਨ[44] ਅੰਦਰ ਆ ਗਿਆ[45]। ਠਹਿਰਾਉ। |
| ਤੂ ਹਿਰਦੈ[48] ਗੁਪਤੁ[49] ਵਸਹਿ[50] ਦਿਨੁਰਾਤੀ[51] ਤੇਰਾ ਭਾਉ[52] ਨ ਬੁਝਹਿ[53] ਗਵਾਰੀ[54] ॥ | Thou, O Lord, day and night[51] abidest[50] hid[49] within my mind[48] but Thy love[42], the fools[54] understand[53] not, | ਤੂੰ ਹੇ ਸੁਆਮੀ ! ਦਿਨ ਰਾਤ[51] ਗੁਪਤ[49] ਹੋ ਮੇਰੇ ਚਿੱਤ[48] ਵਿੱਚ ਵਸਦਾ[50] ਹੈਂ। ਤੇਰੀ ਪ੍ਰੀਤ[52] ਨੂੰ ਮੂਰਖ[54] ਨਹੀਂ ਸਮਝਦੇ[53]। |
| ਸਤਿਗੁਰੁ ਪੁਰਖੁ[55] ਮਿਲਿਆ ਪ੍ਰਭੁ ਪ੍ਰਗਟਿਆ[56] ਗੁਣ[57] ਗਾਵੈ[58] ਗੁਣ ਵੀਚਾਰੀ[59] ॥੨॥ | Meeting the Omnipotent[55] True Guru, the Lord is revealed[56] unto me. His praise[57] do I sing[58] and His praise do I reflect[59] upon. | ਸਰਬ-ਸ਼ਕਤੀਵਾਨ[55] ਸੱਚੇ ਗੁਰਾਂ ਨੂੰ ਮਿਲ ਕੇ, ਸਾਹਿਬ ਨੂੰ ਮੈਂ ਪ੍ਰਤੱਖ[56] ਵੇਖ ਲਿਆ ਹੈ। ਉਸ ਦੀ ਕੀਰਤੀ[57] ਮੈਂ ਗਾਉਂਦਾ[58] ਹਾਂ ਤੇ ਉਸ ਦੀ ਕੀਰਤੀ ਨੂੰ ਹੀ ਮੈਂ ਸੋਚਦਾ[59] ਸਮਝਦਾ ਹਾਂ। |
| ਗੁਰਮੁਖਿ[60] ਪ੍ਰਗਾਸੁ[61] ਭਇਆ ਸਾਂਤਿ[62] ਆਈ [63]ਦੁਰਮਤਿ[64] ਬੁਧਿ[65] ਨਿਵਾਰੀ[66] ॥ | Through the Guru[60] my mind is illumined[61] and I have attained peace[62] and the evil[63] thought[64] is dispelled[66] from within my mind[65] | ਗੁਰਾਂ ਦੇ ਰਾਹੀਂ[60] ਮੇਰਾ ਮਨ ਪ੍ਰਕਾਸ਼ ਹੋ ਗਿਆ[61] ਹੈ, ਤੇ ਮੈਨੂੰ ਸੁਖ ਸ਼ਾਂਤੀ[62] ਪ੍ਰਾਪਤ ਹੋ ਗਈ ਹੈ ਅਤੇ ਮੇਰੇ ਮਨ[65] ਵਿਚੋਂ ਖੋਟੀ[63] ਮੱਤ[64] ਦੂਰ ਹੋ ਗਈ[66] ਹੈ। |
| ਆਤਮ[67] ਬ੍ਰਹਮੁ[68] ਚੀਨਿ[69] ਸੁਖੁ[72] ਪਾਇਆ ਸਤਸੰਗਤਿ[70] ਪੁਰਖ[71] ਤੁਮਾਰੀ[73] ॥੩॥ | Knowing[69] the mystery of the soul[67] and the Lord[68] in Thine[73] saints' congregation[70], O God[71], I have obtained peace[72]. | ਤੇਰੇ[73] ਸੰਤ ਸਮਾਗਮ[70] ਅੰਦਰ ਆਤਮਾ[67] ਤੇ ਪ੍ਰਭੂ[68] ਦੇ ਭੇਤ ਨੂੰ ਜਾਣ ਕੇ[69], ਹੇ ਵਾਹਿਗੁਰੂ[71] ! ਮੈਨੂੰ ਅਨੰਦ[72] ਪ੍ਰਾਪਤ ਹੋਇਆ ਹੈ। |
| ਪੁਰਖੈ[74] ਪੁਰਖੁ[75] ਮਿਲਿਆ[76] ਗੁਰੁ ਪਾਇਆ[77] ਜਿਨ ਕਉ ਕਿਰਪਾ[78] ਭਈ ਤੁਮਾਰੀ ॥ | They, on whom is Thine grace[78], O God, they meet[76] the Mighty Master[75], by obtaining[77] the mighty Guru[74]. | ਜਿਨ੍ਹਾਂ ਉੱਤੇ ਤੇਰੀ ਮਿਹਰ[78] ਹੈ, ਹੇ ਵਾਹਿਗੁਰੂ ! ਉਹ ਬਲਵਾਨ ਗੁਰਾਂ[74] ਨੂੰ ਪ੍ਰਾਪਤ[77] ਹੋ ਬਲਵਾਨ ਮਾਲਕ[75] ਨਾਲ ਮਿਲ ਜਾਂਦੇ[76] ਹਨ। |
| ਨਾਨਕ ਅਤੁਲੁ[79] ਸਹਜ[80] ਸੁਖੁ ਪਾਇਆ ਅਨਦਿਨੁ[81] ਜਾਗਤੁ[82] ਰਹੈ ਬਨਵਾਰੀ[83] ॥੪॥੭॥ | O Gardener of the world-wood[83], night and day[81], Nanak remains awake[82], and he has obtained the immeasurable[79] celestial peace[80]. | ਹੇ ਜਗਤ-ਜੰਗਲ ਦੇ ਮਾਲੀ[83], ਨਾਨਕ ਰਾਤ ਦਿਨ[81] ਜਾਗਦਾ[82] ਰਹਿੰਦਾ ਹੈ ਅਤੇ ਉਸ ਨੇ ਬੇ-ਅੰਦਾਜ਼[79] ਬੈਕੁੰਠੀ ਆਰਾਮ[80] ਪ੍ਰਾਪਤ ਕਰ ਲਿਆ ਹੈ। |
| ਸੋਰਠਿ ਮਹਲਾ ੪ ॥ | Sorath 4th Guru. | ਸੋਰਠਿ ਚੋਥੀ ਪਾਤਿਸ਼ਾਹੀ। |
| ਹਰਿ ਸਿਉ[84] ਪ੍ਰੀਤਿ[85] | With[84] the love[85] of God, the core[86] | ਰੱਬ ਦੇ ਪ੍ਰੇਮ[85] ਨਾਲ[84] ਮੇਰਾ[87] ਦਿਲ[86] ਵਿੰਨਿਆ |

| | | |
|---|---|---|
| ਅੰਤਰੁ[86] ਮਨੁ[87] ਬੇਧਿਆ[88] ਹਰਿ ਬਿਨੁ ਰਹਣੁ ਨ ਜਾਈ ॥ | of my heart[87] is pierced[88] and without God I cannot live. | ਗਿਆ[88] ਹੈ ਅਤੇ ਮੈਂ (ਹੁਣ) ਰੱਬ ਦੇ ਬਗ਼ੈਰ ਰਹਿ ਨਹੀਂ ਸਕਦਾ। |
| ਜਿਉ[89] ਮਛੁਲੀ[90] ਬਿਨੁ[91] ਨੀਰੈ[92] ਬਿਨਸੈ[93] ਤਿਉ[94] ਨਾਮੈ ਬਿਨੁ ਮਰਿ ਜਾਈ ॥੧॥ | As[89] the fish[90] perishes[93] without[91] water[92], so[94] do I die without the Lord's Name. | ਜਿਸ ਤਰ੍ਹਾਂ[89] ਮੱਛੀ[90] ਪਾਣੀ[92] ਦੇ ਬਗ਼ੈਰ[91] ਨਾਸ ਹੋ ਜਾਂਦੀ[93] ਹੈ. ਉਸੇ ਤਰ੍ਹਾਂ[94] ਹੀ ਮੈਂ ਸਾਂਈਂ ਦੇ ਨਾਮ ਬਾਝੋਂ ਮਰ ਜਾਂਦਾ ਹਾਂ। |
| ਮੇਰੇ ਪ੍ਰਭ ਕਿਰਪਾ[95] ਜਲੁ[96] ਦੇਵਹੁ[97] ਹਰਿ ਨਾਈ[98] ॥ | O my Master, by Thine grace[96], bless[97] Thou me with the water[96], Thy Name[98]. | ਹੇ ਮੇਰੇ ਮਾਲਕ ! ਆਪਣੀ ਰਹਿਮਤ[95] ਦੁਆਰਾ, ਮੈਨੂੰ ਵਾਹਿਗੁਰੂ ਦੇ ਨਾਮ[98] ਦਾ ਪਾਣੀ[96] ਪਰਦਾਨ[97] ਕਰ। |
| ਹਉ ਅੰਤਰਿ[99] ਨਾਮੁ ਮੰਗਾ[100] ਦਿਨੁ ਰਾਤੀ ਨਾਮੇ ਹੀ ਸਾਂਤਿ[2] ਪਾਈ ॥ਰਹਾਉ॥ | I crave[100] for the Name, within my mind[99], day and night, and through the Name, I gather peace[2]. Pause. | ਆਪਣੇ ਮਨ[99] ਅੰਦਰ ਦਿਨ ਰਾਤ ਮੈਂ ਨਾਮ ਦੀ ਜਾਚਨਾ[100] ਕਰਦਾ ਹਾਂ। ਨਾਮ ਦੇ ਰਾਹੀਂ ਹੀ ਮੈਂ ਠੰਢ-ਚੈਨ[2] ਪਾਉਂਦਾ ਹਾਂ। ਠਹਿਰਾਉ। |
| ਜਿਉ[3] ਚਾਤ੍ਰਿਕੁ[4] ਜਲ[5] ਬਿਨੁ ਬਿਲਲਾਵੈ[6] ਬਿਨੁ ਜਲ ਪਿਆਸ[7] ਨ ਜਾਈ[8] ॥ | As[6] the pied-cuckoo[4] wails[6] without water[5] and without water his thirst[7] is quenched[8] not. | ਜਿਸ ਤਰ੍ਹਾਂ[3] ਪਪੀਹਾ[4] ਪਾਣੀ[5] ਬਾਝੋਂ ਵਿਰਲਾਪ ਕਰਦਾ[6] ਹੈ ਅਤੇ ਪਾਣੀ ਦੇ ਬਾਝੋਂ ਉਸ ਦੀ ਤ੍ਰੇਹ[7] ਨਹੀਂ ਬੁਝਦੀ[8]। |
| ਗੁਰਮੁਖਿ[9] ਜਲੁ ਪਾਵੈ ਸੁਖ ਸਹਜੇ[10] ਹਰਿਆ[12] ਭਾਇ[13] ਸੁਭਾਈ[14] ॥੨॥ | Similarly it is through the Guru[9], that the water of Divine bliss[10] is obtained and one is reverdured[12] with the blessed[14] love[18] of the Lord. | ਉਸੇ ਤਰ੍ਹਾਂ ਹੀ ਕੇਵਲ ਗੁਰਾਂ ਦੇ ਰਾਹੀਂ[9] ਹੀ ਈਸ਼ਵਰੀ ਅਨੰਦ[10] ਦਾ ਪਾਣੀ ਪ੍ਰਾਪਤ ਹੁੰਦਾ ਹੈ ਅਤੇ ਬੰਦਾ ਪ੍ਰਭੂ ਦੀ ਪ੍ਰੀਤ[13] ਨਾਲ ਸੁਖੈਨ[14] ਹੀ ਸਰਸਬਜ਼ ਹੋ ਜਾਂਦਾ[12] ਹੈ। |
| ਮਨਮੁਖ[15] ਭੂਖੇ[16] [17]ਦਹਦਿਸ[18] ਡੋਲਹਿ[19] ਬਿਨੁ ਨਾਵੈ ਦੁਖੁ[20] ਪਾਈ ॥ | The apostates[15] are ever hungry[16] and wander[19] in ten[17] directions[18]. Without the Name they suffer sorrow[20]. | ਅਧਰਮੀ[15] ਸਦਾ ਭੁੱਖੇ[16] ਰਹਿੰਦੇ ਹਨ ਤੇ ਦਸੀਂ[17] ਪਾਸੀਂ[18] ਭਟਕਦੇ[19] ਹਨ। ਨਾਮ ਦੇ ਬਗ਼ੈਰ ਉਹ ਕਸ਼ਟ[20] ਉਠਾਉਂਦੇ ਹਨ। |
| ਜਨਮਿ[21] ਮਰੈ[22] ਫਿਰਿ[23] ਜੋਨੀ[24] ਆਵੈ[25] ਦਰਗਹਿ[26] ਮਿਲੈ ਸਜਾਈ[27] ॥੩॥ | They are born[21] to die[22] and again[23] enter[25] into the circle of transmigration[24]. In the Lord's court[26], they are awarded punishment[27]. | ਉਹ ਜੰਮ ਕੇ[21] ਤੇ ਮਰਦੇ[22] ਹਨ, ਅਤੇ ਮੁੜ[23] ਜੂਨੀਆਂ[24] ਦੇ ਚੱਕਰ ਵਿੱਚ ਪੈਂਦੇ[25] ਹਨ। ਸਾਂਈਂ ਦੇ ਦਰਬਾਰ[26] ਅੰਦਰ ਉਨ੍ਹਾਂ ਨੂੰ ਡੰਡ[27] ਮਿਲਦਾ ਹੈ। |
| ਕ੍ਰਿਪਾ[28] ਕਰਹਿ ਤਾ[29] ਹਰਿ ਗੁਣ[30] ਗਾਵਹ[31] ਹਰਿ ਰਸੁ[32] ਅੰਤਰਿ[33] ਪਾਈ[34] ॥ | If the Lord Shows mercy[28], then[29] the man sings[31] God's praise[30] and within his mind[33], attains[34] the God's elixir[82]. | ਜੇਕਰ ਪ੍ਰਭੂ ਰਹਿਮਤ[28] ਕਰੇ, ਤਦ[29] ਬੰਦਾ ਵਾਹਿਗੁਰੂ ਦਾ ਜੱਸ[30] ਗਾਇਨ ਕਰਦਾ[31] ਹੈ ਅਤੇ ਆਪਣੇ ਹਿਰਦੇ[32] ਅੰਦਰ ਵਾਹਿਗੁਰੂ ਦੇ ਅੰਮ੍ਰਿਤ[32] ਨੂੰ ਪਾ ਲੈਂਦਾ[34] ਹੈ। |
| ਨਾਨਕ ਦੀਨ[35] ਦਇਆਲ[36] ਭਏ ਹੈ ਤ੍ਰਿਸਨਾ[37] ਸਬਦਿ[38] ਬੁਝਾਈ[39] ॥੪॥੮॥ | The Lord has become merciful[36] unto meek[35] Nanak, and his desire[37], the Lord has quenched[99] with his Name[38]. | ਸਾਂਈਂ, ਮਸਕੀਨ[35] ਨਾਨਕ ਤੇ ਮਿਹਰਬਾਨ[36] ਹੋਇਆ ਹੈ ਅਤੇ ਉਸ ਦੀ ਤ੍ਰਿਸ਼ਨਾ[37] ਸਾਂਈਂ ਨੇ ਨਾਮ[38] ਦੁਆਰਾ ਮਿਟਾ ਦਿੱਤੀ[39] ਹੈ। |

| | | |
|---|---|---|
| ਸੋਰਠਿ ਮਹਲਾ ੪ ਪੰਚਪਦਾ ॥ | Sorath 4th Guru. Panchpada. | ਸੋਰਠਿ ਚੌਥੀ ਪਾਤਿਸ਼ਾਹੀ ਪੰਚਪਦਾ । |
| ਅਚਰੁ[40] ਚਰੈ[41] ਤਾ[42] ਸਿਧਿ[43] ਹੋਈ ਸਿਧੀ[44] ਤੇ[45] ਬੁਧਿ[46] ਪਾਈ ॥ | If man eats[41] up the uneatable[40] then[42] becomes he the perfect person[48], and through[46] perfection[44] he attains wisdom[46]. | ਜੇਕਰ ਇਨਸਾਨ ਨਾ-ਖਾਧੇ ਜਾਣ ਵਾਲੇ[40] ਨੂੰ ਖਾ ਲਵੇ[41], ਤਦ[42] ਉਹ ਪੂਰਨ ਪੁਰਸ਼[43] ਥੀ ਵੰਞਦਾ ਹੈ ਅਤੇ ਪੂਰਨਤਾ[44] ਦੇ ਰਾਹੀਂ[45] ਸਿਆਣਪ[446] ਪ੍ਰਾਪਤ ਕਰ ਲੈਂਦਾ ਹੈ । |
| ਪ੍ਰੇਮ[47] ਕੇ ਸਰ[48] ਲਾਗੇ ਤਨ[49] ਭੀਤਰਿ ਤਾ ਭ੍ਰਮੁ[50] ਕਾਟਿਆ[51] ਜਾਈ ॥ | When the arrows[48] of the Lord's affection[47] strike the body[49], then alone is the doubt[50] dispelled[51]. | ਜਦ ਪ੍ਰਭੂ ਦੀ ਪ੍ਰੀਤ[47] ਦੇ ਤੀਰ[48] ਦੇਹ[49] ਵਿੱਚ ਲਗਦੇ ਹਨ, ਤਦ ਹੀ ਸੰਦੇਹ[50] ਦੂਰ ਹੁੰਦਾ[51] ਹੈ । |
| ਮੇਰੇ [57]ਗੋਬਿਦ[53]ਅਪੁਨੇ ਜਨ[54] ਕਉ ਦੇਹਿ[55] ਵਡਿਆਈ[56] ॥ | O my Lord[53] of the world[52], bless[55] Thine slave[54] with the glory[56] of Thy Name. | ਹੇ ਮੇਰੇ ਸ੍ਰਿਸ਼ਟੀ[52] ਦੇ ਸੁਆਮੀ[53] ! ਆਪਣੇ ਗੋਲੇ[54] ਨੂੰ ਆਪਣੇ ਨਾਮ ਦੀ ਬਜ਼ੁਰਗੀ[56] ਪਰਦਾਨ[55] ਕਰ । |
| ਗੁਰਮਤਿ[57] ਰਾਮ[58] ਨਾਮੁ ਪਰਗਾਸਹੁ[59] ਸਦਾ[60] ਰਹਹੁ[61] ਸਰਣਾਈ[62] ॥ਰਹਾਉ॥ | O Lord[58], by Guru's instruction[57], awaken[59] Thy Name in me, that I may ever[60] abide[61] under Thy protection[62]. Pause. | ਹੇ ਸੁਆਮੀ[58] ! ਗੁਰਾਂ ਦੇ ਉਪਦੇਸ਼ ਦੁਆਰਾ[57] ਮੇਰੇ ਅੰਦਰ ਆਪਣੇ ਨਾਮ ਦਾ ਪ੍ਰਕਾਸ਼[59] ਕਰ, ਤਾਂ ਜੋ ਮੈਂ ਹਮੇਸ਼ਾ[60] ਤੇਰੀ ਸ਼ਰਣ[62] ਵਿੱਚ ਵੱਸਾਂ[61] । ਠਹਿਰਾਉ । |
| ਇਹੁ ਸੰਸਾਰੁ[64] ਸਭੁ[63] ਆਵਣ ਜਾਣਾ ਮਨ[64*] ਮੂਰਖ[65] ਚੇਤਿ[66*] ਅਜਾਣਾ[66] ॥ | This entire[63] world[64] is subject to coming and going. O my insensate[66], foolish[65] mind[64*], therefore, remember[66*], thou, the Lord. | ਇਹ ਸਾਰਾ[63] ਜਹਾਨ[64] ਆਉਣ ਤੇ ਜਾਣ ਦੇ ਅਧੀਨ ਹੈ, ਹੇ ਮੇਰੀ ਨਦਾਨ[66] ਮੂੜ੍ਹ[65] ਜਿੰਦੇ[64*] ! ਸੋ ਤੂੰ ਸਾਂਈਂ ਦਾ ਸਿਮਰਨ ਕਰ[66] । |
| ਹਰਿ ਜੀਉ[67] ਕ੍ਰਿਪਾ[69] ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ[68] ॥੨॥ | O sire[67] Lord, take pity[69] and unite me with the Guru, that I may merge[68] in the God's Name. | ਹੇ ਮਹਾਰਾਜ[67] ਸੁਆਮੀ ! ਮਿਹਰ ਧਾਰ[69] ਤੇ ਮੈਨੂੰ ਗੁਰਾਂ ਨਾਲ ਮਿਲਾ ਦੇ, ਤਾਂ ਜੋ ਮੈਂ ਵਾਹਿਗੁਰੂ ਦੇ ਨਾਮ ਵਿੱਚ ਲੀਨ ਹੋ ਜਾਵਾਂ[68] । |
| ੬੦੮ | | |
| ਜਿਸ ਕੀ ਵਥੁ[69*] ਸੋਈ[70] ਪ੍ਰਭੁ ਜਾਣੈ ਜਿਸ ਨੋ ਦੇਇ ਸੁ[71] ਪਾਏ ॥ | He, whose commodity[69*], the Name is, that[70] Lord alone knows and he[71], alone obtains it whom He gives. | ਉਹ ਜਿਸ ਦੀ ਵਸਤੂ[69*] ਇਹ ਨਾਮ ਹੈ, ਕੇਵਲ ਉਹ[70] ਪ੍ਰਭੂ ਹੀ ਇਸ ਨੂੰ ਜਾਣਦਾ ਹੇ । ਜਿਸ ਨੂੰ ਉਹ ਦਿੰਦਾ ਹੈ ਉਹੀ[71] ਇਸ ਨੂੰ ਪਾਉਂਦਾ ਹੈ । |
| ਵਸਤੁ ਅਨੂਪ[72] ਅਤਿ[73] ਅਗਮ[74] ਅਗੋਚਰ[75] ਗੁਰੁ ਪੂਰਾ[76] ਅਲਖੁ[77] ਲਖਾਏ[78] ॥੩॥ | Supremely[73] beauteous[72], unapproachable[74] and unfathomable[75] is this commodity, the Name. Through the perfect Guru[76], the unknowable[77] Lord is known[78]. | ਪਰਮ[73] ਸੁੰਦਰ[72], ਪਹੁੰਚ ਤੋਂ ਪਰੇ[74] ਅਤੇ ਸੋਚ ਸਮਝ ਤੋਂ ਉਚੇਰੀ[75] ਹੈ, ਇਹ ਨਾਮ ਦੀ ਵਸਤੂ । ਪੂਰਨ ਗੁਰਾਂ[76] ਦੇ ਰਾਹੀਂ ਉਹ ਸਾਂਈਂ, ਜੋ ਗਿਆਤ ਤੋਂ ਪਰੇ[77] ਹੈ, ਜਾਣਿਆ ਜਾਂਦਾ[78] ਹੈ । |
| ਜਿਨਿ ਇਹ ਚਾਖੀ[79] ਸੋਈ[80] ਜਾਣੈ ਗੂੰਗੇ[81] ਕੀ ਮਿਠਿਆਈ[82] ॥ | He[80] who tastes[79] it, alone knows its relish; it is like a dumbman's[81] sweet[82]. | ਜੋ ਇਸ ਨੂੰ ਚਖਦਾ[79] ਹੈ, ਕੇਵਲ ਉਹੀ[80]ਇਸ ਦੇ ਸੁਆਦ ਨੂੰ ਜਾਣਦਾ ਹੈ । ਇਹ ਗੂੰਗੇ[81] ਦੀ ਮਿਠਿਆਈ[82]-ਵਾਕੁਰ ਹੈ । |
| ਰਤਨੁ[83] ਲੁਕਾਇਆ[84] ਲੂਕੈ | By concealing[84], the emerald[83] | ਛੁਪਾਉਣ[84] ਨਾਲ, ਮਾਣਕ[83] ਛੁਪਿਆ ਨਹੀਂ ਰਹਿੰਦਾ, |

| | | |
|---|---|---|
| ਨਾਹੀ ਜੇ ਕੋ[85] ਰਖੈ ਲੁਕਾਈ ॥੪॥ | remains not concealed, even though[86] one may try to conceal. | ਭਾਵੇਂ[85] ਕੋਈ ਛਪਾਉਣ ਦੀ (ਹਜ਼ਾਰ) ਕੋਸ਼ਿਸ਼ ਕਰੇ । |
| ਸਭੁ ਕਿਛੁ[89] ਤੇਰਾ ਤੂ ਅੰਤਰਜਾਮੀ[86] ਤੂ ਸਭਨਾ ਕਾ ਪ੍ਰਭੁ[87] ਸੋਈ[88] ॥ | Everything[89] is Thine. Thou art the reader of hearts[86] and Thou art the beauteous[88] Lord[87] of all. | ਹਰ ਵਸਤੂ[89] ਤੇਂਡੀ ਹੈ । ਤੂੰ ਦਿਲਾਂ ਦੀਆਂ ਜਾਨਣ ਵਾਲਾ[86] ਹੈਂ । ਤੂੰ ਸਾਰਿਆਂ ਦਾ ਸੁਭਾਇਮਾਨ[88] ਸੁਆਮੀ[87] ਹੈਂ । |
| ਜਿਸ ਨੋ ਦਾਤਿ[90] ਕਰਹਿ ਸੋ[91] ਪਾਏ ਜਨ[92] ਨਾਨਕ ਅਵਰੁ[93] ਨ ਕੋਈ ॥੫॥੬॥ | He[91] alone receives the gift[90] whom Thou blesseth with it, O Lord. None else[93] can receive it, O Slave[92] Nanak. | ਕੇਵਲ ਉਹੀ[91] ਬਖਸ਼ੀਸ਼[90] ਨੂੰ ਪਾਉਂਦਾ ਹੈ, ਜਿਸ ਨੂੰ ਤੂੰ ਪਰਦਾਨ ਕਰਦਾ ਹੈਂ ਹੇ ਸੁਆਮੀ ! ਹੋਰ ਕੋਈ[93] ਹੇ ਦਾਸ[92] ਨਾਨਕ, ਇਸ ਨੂੰ ਨਹੀਂ ਪਾ ਸਕਦਾ । |
| ਸੋਰਠਿ ਮਹਲਾ ੫ ਘਰੁ ੧ ਤਿਤੁਕੇ | Sorath 5th Guru Titukas. | ਸੋਰਠਿ ਪੰਜਵੀਂ ਪਾਤਿਸ਼ਾਹੀ ਤਿਤੁਕੇ । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਕਿਸੁ[94] ਹਉ[95] ਜਾਚੀ[96] ਕਿਸੁ ਆਰਾਧੀ[97] ਜਾ ਸਭੁ ਕੋ ਕੀਤਾ[98] ਹੋਸੀ ॥ | Whom[94] should I[95] beg[96] and whom worship[97], when all are created[98] by thd Lord ? | ਮੈਂ[95] ਕੀਹਦੇ[94] ਕੋਲੋਂ ਮੰਗਾਂ[96] ਅਤੇ ਕਿਸ ਦੀ ਉਪਾਸ਼ਨਾ[97] ਕਰਾਂ, ਜਦ ਸਾਰੇ ਹੀ ਸੁਆਮੀ ਦੇ ਸਾਜੇ ਹੋਏ[98] ਹਨ ? |
| ਜੋ ਜੋ[99] ਦੀਸੈ[100] ਵਡਾ ਵਡੇਰਾ[2] ਸੋ ਸੋ[3] ਖਾਕੂ[4] ਰਲਸੀ[5] ॥ | Who-so-ever[99] appear[100] to be the greatest of the great[2], they all[3] will ultimately mix[5] with the dust[4]. | ਜਿਹੜੇ ਕੋਈ[99] ਭੀ ਵੱਡਿਆਂ ਤੋਂ ਵੱਡੇ[2] ਦਿਸਦੇ[100] ਹਨ, ਉਹ ਸਾਰੇ[3] ਹੀ ਆਖਰ ਨੂੰ ਮਿੱਟੀ[4] ਵਿੱਚ ਰਲ[5] ਜਾਂਦੇ ਹਨ । |
| ਨਿਰਭਉ[6] ਨਿਰੰਕਾਰੁ[7] ਭਵ[8] ਖੰਡਨੁ[9] ਸਭਿ ਸੁਖ[10] ਨਵ[12] ਨਿਧਿ[13] ਦੇਸੀ[14] ॥੧॥ | The Fearless[6], the Formless[7] Lord, the Destroyer[9] of dread[8], gives[14] all comforts[10] and nine[12] treasures[13]. | ਡਰ[8] ਦੇ ਨਾਸ ਕਰਨ ਵਾਲਾ[9], ਡਰ-ਰਹਿਤ[6], ਤੇ ਸਰੂਪ-ਰਹਿਤ[7] ਸੁਆਮੀ, ਸਾਰੇ ਸੁਖ[10] ਅਤੇ ਨੌਂ[12] ਖ਼ਜ਼ਾਨੇ[13] ਦਿੰਦਾ[14] ਹੈ । |
| ਹਰਿ ਜੀਉ[15] ਤੇਰੀ ਦਾਤੀ[16] ਰਾਜਾ[17] ॥ | O sire[15] Lord, with Thine gifts[16] alone, I am satiated[17]. | ਹੇ ਮਹਾਰਾਜ[15] ਸੁਆਮੀ ! ਤੇਰੀਆ ਬਖਸ਼ਿਸ਼ਾਂ[16] ਨਾਲ ਮੈਂ ਰੱਜ ਜਾਂਦਾ[17] ਹਾਂ । |
| ਮਾਣਸੁ[18] ਬਪੁੜਾ[19] ਕਿਆ[21] ਸਾਲਾਹੀ[20] ਕਿਆ ਤਿਸ ਕਾ ਮੁਹਤਾਜਾ[22] ॥ਰਹਾਉ॥ | Why[21] should I praise[20] the helpless[19] man[18] and why should I feel subservient[22] to him ? Pause. | ਮੈਂ ਨਗੂਣੇ[19] ਇਨਸਾਨ[18] ਦੀ ਕਿਉਂ[21] ਤਾਰੀਫ਼[20] ਕਰਾਂ ? ਉਸ ਦੀ ਮੁਛੰਦਗੀ[22] ਮੈਂ ਕਿਉਂ ਲਵਾਂ ? ਠਹਿਰਾਉ । |
| ਜਿਨਿ ਹਰਿ ਧਿਆਇਆ[23] ਸਭੁ ਕਿਛੁ ਤਿਸ ਕਾ ਤਿਸ ਕੀ ਭੂਖ[24] ਗਵਾਈ[25] ॥ | All the things belong to him, who meditates[28] on God. The Lord appeases[25] his hunger[24]. | ਸਾਰੀਆਂ ਵਸਤੂਆਂ ਉਸ ਦੀਆਂ ਹਨ, ਜੋ ਵਾਹਿਗੁਰੂ ਦਾ ਸਿਮਰਨ[23] ਕਰਦਾ ਹੈ । ਸਾਂਈਂ ਉਸ ਦੀ ਭੁੱਖ[24] ਦੂਰ ਕਰ ਦਿੰਦਾ[25] ਹੈ । |
| ਐਸਾ[30] ਧਨੁ[26] ਦੀਆ[29] ਸੁਖਦਾਤੈ[27] ਨਿਖੁਟਿ[28] ਨ ਕਬ ਹੀ ਜਾਈ ॥ | Tee Bestower of peace[27] confers[29] such[30] wealth[26], as is never exhausted[28]. | ਖ਼ੁਸ਼ੀ ਬਖਸ਼ਣਹਾਰ[27] ਐਹੋ ਜੇਹੀ[30] ਦੌਲਤ[26] ਦਿੰਦਾ[29] ਹੈ, ਜੋ ਕਦੇ ਭੀ ਮੁਕਦੀ[28] ਨਹੀਂ । |
| ਅਨਦੁ[32] ਭਇਆ ਸੁਖ ਸਹਜਿ[33] ਸਮਾਣੇ[31] ਸਤਿਗੁਰਿ | The True Guru has united[35] me in the Lord's union[34] and I am now | ਸੱਚੇ ਗੁਰਾਂ ਨੇ ਮੈਨੂੰ ਮਾਲਕ ਦੇ ਮਿਲਾਪ[34] ਵਿੱਚ ਮਿਲਾ ਦਿੱਤਾ[35] ਹੈ । ਮੈਂ ਹੁਣ ਖ਼ੁਸ਼[32] ਹਾਂ ਤੇ ਪਰਮ ਆਨੰਦ[33] |

| | | |
|---|---|---|
| ਮੇਲਿ[34] ਮਿਲਾਈ[35] ॥੨॥ | happy[32] being absorbed[31] in supreme bliss[33]. | ਅੰਦਰ ਲੀਨ[31] ਹਾਂ । |
| ਮਨ[36] ਨਾਮੁ ਜਪਿ[37] ਨਾਮੁ ਆਰਾਧਿ[38] ਅਨਦਿਨੁ[39] ਨਾਮੁ ਵਖਾਣੀ[40] ॥ | O my soul[36], repeat[37] Thou the Name, contemplate[38] over the Name, and night[39] and day dilate, thou, upon[40] the Name. | ਹੇ ਮੇਰੀ ਜਿੰਦੇ[36] ! ਤੂੰ ਨਾਮ ਨੂੰ ਸਿਮਰ[37], ਨਾਮ ਦਾ ਚਿੰਤਨ[38] ਕਰ ਅਤੇ ਤੂੰ ਨਾਮ ਦਾ ਹੀ ਰਾਤ ਦਿਨ[39] ਉਚਾਰਨ ਕਰ[40] । |
| ਉਪਦੇਸੁ[41] ਸੁਣਿ ਸਾਧ[42] ਸੰਤਨ ਕਾ[43] ਸਭ ਚੂਕੀ ਕਾਣਿ[44] ਜਮਾਣੀ[45] ॥ | Hear thou the instruction[41] of the saints[42] and the pious persons[43] and all thy fear[44] of death[45] shall depart. | ਤੂੰ ਜਗਿਆਸੂਆਂ[42] ਤੇ ਪਵਿੱਤ੍ਰ ਪੁਰਸ਼ਾਂ[43] ਦੀ ਸਿਖਮੱਤ[41] ਸ੍ਰਵਣ ਕਰ ਅਤੇ ਤੇਰਾ ਮੌਤ[45] ਦਾ ਸਾਰਾ ਡਰ[44] ਦੂਰ ਹੋ ਜਾਵੇਗਾ । |
| ਜਿਨ ਕਉ ਕ੍ਰਿਪਾਲੁ[46] ਹੋਆ ਪ੍ਰਭੁ ਮੇਰਾ ਸੇ ਲਾਗੇ[47] ਗੁਰ ਕੀ ਬਾਣੀ ॥੩॥ | They, to whom my Master becomes merciful[46], are dedicated[47] to the Guru's hymns. | ਜਿਨ੍ਹਾਂ ਉੱਤੇ ਮੇਂਡਾ ਮਾਲਕ ਮਿਹਰਬਾਨ[46] ਹੋ ਜਾਂਦਾ ਹੈ ਉਹ ਗੁਰਾਂ ਦੀ ਬਾਣੀ ਨਾਲ ਜੁੜ ਜਾਂਦੇ[47] ਹਨ । |
| ਕੀਮਤਿ[48] ਕਉਣੁ ਕਰੈ ਪ੍ਰਭ ਤੇਰੀ ਤੂ ਸਰਬ[49] ਜੀਆ[50] ਦਇਆਲਾ[51] ॥ | Who can appraise Thine worth[48], O Lord ? Thou are compassionate[51] to all[49] the beings[50]. | ਤੇਰਾ ਮੁਲ[48] ਕੌਣ ਪਾ ਸਕਦਾ ਹੈ, ਹੇ ਸੁਆਮੀ ? ਤੂੰ ਸਾਰੇ[49] ਜੀਵ ਜੰਤੂਆਂ[50] ਉਤੇ ਮਿਹਰਬਾਨ[51] ਹੈਂ । |
| ਸਭੁ ਕਿਛੁ ਕੀਤਾ ਤੇਰਾ ਵਰਤੈ[52] ਕਿਆ ਹਮ[53] ਬਾਲ[54] ਗੁਪਾਲਾ[55] ॥ | All that, which Thou doest, prevails[52]. What can I[53], a poor child[54] do, O Lord[55] ? | ਸਾਰਾ ਕੁੱਝ ਜੋ ਤੂੰ ਕਰਦਾ ਹੈਂ, ਹੁੰਦਾ[52] ਹੈ । ਮੈਂ[53] ਗਰੀਬ ਬੱਚਾ[54] ਕੀ ਕਰ ਸਕਦਾ ਹਾਂ, ਹੇ ਸੁਆਮੀ[55] ? |
| ਰਾਖਿ[56] ਲੇਹੁ ਨਾਨਕੁ ਜਨੁ[57] ਤੁਮਰਾ ਜਿਉ[58] ਪਿਤਾ[59] ਪੂਤ[60] ਕਿਰਪਾਲਾ[61] ॥੪॥੧॥ | Preserve[56] Thou Thy serf[57] Nanak and be merciful[61] to him, as[58] father[59] is to his son[60]. | ਤੂੰ ਆਪਣੇ ਨਫ਼ਰ[57] ਨਾਨਕ ਦੀ ਰੱਖਿਆ[56] ਕਰ ਅਤੇ ਉਸ ਉੱਤੇ ਇਸ ਤਰ੍ਹਾਂ ਦਇਆਵਾਨ[61] ਹੋ, ਜਿਸ ਤਰ੍ਹਾਂ[58] ਪਿਉ[59] ਆਪਣੇ ਪੁੱਤ੍ਰ[60] ਉੱਤੇ ਹੁੰਦਾ ਹੈ । |
| ਸੋਰਠਿ ਮਹਲਾ ੫ ਘਰੁ ੧ ਚਉਤੁਕੇ ॥ | Sorath 5th Guru Chautukas. | ਸੋਰਠਿ ਪੰਜਵੀਂ ਪਾਤਿਸ਼ਾਹੀ ਚੌਤੁਕੇ । |
| ਗੁਰੁ[62] [63]ਗੋਵਿੰਦੁ[64] ਸਲਾਹੀਐ[65] ਭਾਈ[66] ਮਨਿ[67] ਤਨਿ[68] ਹਿਰਦੈ[69] ਧਾਰ[70] ॥ | Praise[65] Thou the great[62] Lord[64] of the world[63], O brother[66], and enshrine[70] Him in thy mind[67], body[68] and soul[69]. | ਹੇ ਵੀਰ[66] ! ਤੂੰ ਸੰਸਾਰ[63] ਦੇ ਵੱਡੇ[62] ਸੁਆਮੀ[64] ਦਾ ਜੱਸ[65] ਗਾਇਨ ਕਰ ਅਤੇ ਉਸ ਨੂੰ ਆਪਣੇ ਚਿੱਤ[67], ਦੇਹ[68] ਤੇ ਆਤਮਾ[69] ਅੰਦਰ ਟਿਕਾ[70] । |
| ਸਾਚਾ ਸਾਹਿਬੁ ਮਨਿ[71] ਵਸੈ[72] ਭਾਈ ਏਹਾ ਕਰਣੀ[73] ਸਾਰ[74] ॥ | Dwell[72] thou the True Lord within thy heart[71], O brother; this is the sublime[74] way of life[73]. | ਤੂੰ ਸੱਚੇ ਸੁਆਮੀ ਨੂੰ ਆਪਣੇ ਦਿਲ[71] ਅੰਦਰ ਵਸਾ[72], ਹੇ ਵੀਰ ! ਏਹੋ ਹੀ ਸ੍ਰੇਸ਼ਟ[74] ਜੀਵਨ ਰਹੁ-ਰੀਤੀ[73] ਹੈ । |
| ਜਿਤੁ ਤਨਿ[76] ਨਾਮੁ ਨ ਉਪਜੈ[75] ਭਾਈ ਸੇ[77] ਤਨ ਹੋਇ ਛਾਰ[78] ॥ | The bodies[76], in which the Name springs[75] not, O brother, those[77] bodies are reduced to ashes[78]. | ਜਿਹੜੀਆਂ ਦੇਹਾਂ[76] ਅੰਦਰ ਨਾਮ ਉਤਪੰਨ[75] ਨਹੀਂ ਹੁੰਦਾ, ਹੇ ਵੀਰ ! ਉਹ[77] ਦੇਹਾਂ ਸੁਆਹ[78] ਹੋ ਜਾਂਦੀਆਂ ਹਨ । |
| ਸਾਧਸੰਗਤਿ[79] ਕਉ | O brother, I am a sacrifice[80] unto | ਹੇ ਵੀਰ ! ਮੈਂ ਸਤਿ ਸੰਗਤ[79] ਉੱਤੋਂ ਕੁਰਬਾਨ[80] ਹਾਂ, |

| | | |
|---|---|---|
| ਵਾਰਿਆ[80] ਭਾਈ ਜਿਨ ਏਕੰਕਾਰ[81] ਅਧਾਰ[82] ॥੧॥ | the society of saints[79], that leans on the support[82] of One Lord[81] alone. | ਜਿਸ ਨੂੰ ਕੇਵਲ ਇਕ ਪ੍ਰਭੂ[81] ਦਾ ਹੀ ਆਸਰਾ[82] ਹੈ। |
| ਸੋਈ[83] ਸਚੁ[84] ਅਰਾਧਣਾ[85] ਭਾਈ ਜਿਸ ਤੇ ਸਭੁ ਕਿਛੁ ਹੋਇ ॥ | Medidate[85] thou on that[83] True Lord[84] alone, who has the power to do all things, O brother. | ਤੂੰ ਉਸ[83] ਸੱਚੇ ਸੁਆਮੀ[84] ਦਾ ਸਿਮਰਨ ਕਰ[85], ਜਿਸ ਵਿੱਚ ਸਾਰਾ ਕੁਝ ਕਰਨ ਦੀ ਸਤਿਆ ਹੈ, ਹੇ ਵੀਰ ! |
| ਗੁਰਿ ਪੂਰੈ[86] ਜਾਣਾਇਆ[87] ਭਾਈ ਤਿਸੁ[88] ਬਿਨੁ ਅਵਰੁ[89] ਨ ਕੋਇ ॥ਰਹਾਉ॥ | The Perfect[86] Guru has made it known[87] to me, that without Him[88] there is not any other[89], O brother. Pause. | ਪੂਰਨ[86] ਗੁਰਾਂ ਨੇ ਮੈਨੂੰ ਦਰਸਾ ਦਿੱਤਾ[87] ਹੈ, ਹੇ ਵੀਰ ਕਿ ਉਸ[88] ਦੇ ਬਗ਼ੈਰ ਹੋਰ ਕੋਈ[89] ਨਹੀਂ। ਠਹਿਰਾਉ। |
| ਨਾਮ ਵਿਹੂਣੇ[90] ਪਚਿ ਮੁਏ[91] ਭਾਈ ਗਣਤ[92] ਨ ਜਾਇ ਗਣੀ[93] ॥ | Without[90] the Name, O brother, the mortals putrefy[91] and die and their number[92] cannot be reckoned[93]. | ਨਾਮ ਦੇ ਬਾਝੋਂ[90] ਹੇ ਭਰਾ ! ਪ੍ਰਾਣੀ ਗਲ ਸੜ ਕੇ ਮਰ ਜਾਂਦੇ ਹਨ। ਉਨ੍ਹਾਂ ਦੀ ਗਿਣਤੀ[92] ਗਿਣੀ ਨਹੀਂ ਜਾ ਸਕਦੀ[93]। |
| ਵਿਣੁ ਸਚ ਸੋਚ[94] ਨ ਪਾਈਐ ਭਾਈ ਸਾਚਾ ਅਗਮ[95] ਧਣੀ[96] ॥ | Without Truth, purification[94] is not attained, O brother. True and unfathomable[96] is my Master[96]. | ਸੱਚ ਦੇ ਬਗ਼ੈਰ ਪਵਿੱਤ੍ਰਤਾ[94] ਪ੍ਰਾਪਤ ਨਹੀਂ ਹੁੰਦੀ, ਹੇ ਵੀਰ ! ਸੱਚਾ ਅਤੇ ਥਾਹ-ਰਹਿਤ[95] ਹੈ, ਮੇਰਾ ਮਾਲਕ[96]। |
| ਆਵਣ[97] ਜਾਣੁ[98] ਨ ਚੁਕਈ[99] ਭਾਈ ਝੂਠੀ[3] ਦੁਨੀ[100] ਮਣੀ[2] ॥ | False[3] is the pride[2] of the worldly[100] valuables. Attached to them, man's coming[97] and going[98] ends[99] not, O brother. | ਕੂੜ[3] ਹੈ ਹੰਕਾਰ[2] ਸੰਸਾਰੀ[100] ਪਦਾਰਥਾਂ ਦਾ। ਉਨ੍ਹਾਂ ਨਾਲ ਜੁੜੇ ਹੋਏ ਇਨਸਾਨ ਦਾ ਆਉਣਾ[99] ਤੇ ਜਾਣਾ[98] ਮੁਕਦਾ[99] ਨਹੀਂ, ਹੇ ਭਾਈ ! |
| ਗੁਰਮੁਖਿ[3*] ਕੋਟਿ[4] ਉਧਾਰਦਾ[5] ਭਾਈ ਦੇ[6] ਨਾਵੈ ਏਕ ਕਣੀ[7] ॥੨॥ | Blessing[6] with even a particle[7] of the Name, the Exalted Guru[3*], saves[5] myriads[4] of men, O brother. | ਭੋਰਾ[7] ਕੁ ਨਾਮ ਦੀ ਦਾਤ[6] ਦੇ ਕੇ ਮੁਖੀ ਗੁਰਦੇਵ[3*] ਜੀ, ਕ੍ਰੋੜਾਂ[4] ਹੀ ਇਨਸਾਨਾਂ ਦਾ ਪਾਰ ਉਤਾਰਾ ਕਰ ਦਿੰਦੇ[5] ਹਨ, ਹੇ ਵੀਰ ! |
| ਸਿੰਮ੍ਰਿਤਿ ਸਾਸਤ ਸੋਧਿਆ[8] ਭਾਈ ਵਿਣੁ ਸਤਿਗੁਰ ਭਰਮੁ[9] ਨ ਜਾਇ[10] ॥ | Simirtis and Shashtras I have searched[8], O brother but without the True Guru, the doubt[9] departs[10] not. | ਸਿੰਮ੍ਰਤੀਆਂ ਤੇ ਸ਼ਾਸਤਰ ਮੈਂ ਖੋਜੇ[8] ਹਨ, ਹੇ ਭਰਾਵਾ ! ਸੱਚੇ ਗੁਰਾਂ ਦੇ ਬਗ਼ੈਰ ਸੰਦੇਹ[9] ਦੂਰ ਨਹੀਂ ਹੁੰਦਾ[10]। |
| ਅਨਿਕ[12] ਕਰਮ[13] ਕਰਿ ਥਾਕਿਆ[14] ਭਾਈ ਫਿਰਿ ਫਿਰਿ[15] ਬੰਧਨ[16] ਪਾਇ ॥ | O brother, the mortal grows weary[14] of doing good many[12] deeds[13] and again and again[15], he falls into the mammon's net[16]. | ਹੇ ਭਰਾ, ਪ੍ਰਾਣੀ ਅਨੇਕ[12] ਸੰਸਕਾਰ[13] ਕਰਦਾ ਕਰਦਾ ਹਾਰ ਹੁਟ[14] ਜਾਂਦਾ ਹੈ, ਅਤੇ ਮੁੜ ਮੁੜ ਕੇ[15], ਉਹ ਮਾਇਆ ਦੇ ਜਾਲ[16] ਵਿੱਚ ਫੱਸਦਾ ਹੈ। |
| ਚਾਰੇ ਕੁੰਡਾ ਸੋਧੀਆ[17] ਭਾਈ ਵਿਣੁ ਸਤਿਗੁਰ ਨਾਹੀ ਜਾਇ[18] ॥ | I have searched[17] the four directions, O brother but without the True Guru there is no place[18]. | ਮੈਂ ਚਾਰੇ ਪਾਸੇ ਖੋਜ ਲਏ[17] ਹਨ, ਹੇ ਭਰਾਵਾ ! ਸੱਚੇ ਗੁਰਾਂ ਦੇ ਬਾਝੋਂ ਹੋਰ ਕੋਈ ਟਿਕਾਣਾ[18] ਨਹੀਂ। |
| [19]ਵਡਭਾਗੀ[20] ਗੁਰ ਪਾਇਆ ਭਾਈ ਹਰਿ ਹਰਿ ਨਾਮੁ | Through the greatest[19] good fortune[20], I have obtained the Guru, | ਪਰਮ[19] ਚੰਗੇ ਨਸੀਬਾਂ[20] ਰਾਹੀਂ ਮੈਨੂੰ ਗੁਰੂ ਜੀ ਪ੍ਰਾਪਤ ਹੋਏ ਹਨ, ਹੇ ਵੀਰ ! ਅਤੇ ਹੁਣ ਮੈਂ ਸੁਆਮੀ ਵਾਹਿਗੁਰੂ |

| | | |
|---|---|---|
| ਧਿਆਇ[21] ॥੩॥ | O brother and I, now, meditate[21] on the Lord God's Name. | ਦੇ ਨਾਮ ਦਾ ਸਿਮਰਨ ਕਰਦਾ[21] ਹਾਂ । |
| ੬੦੯ | | |
| ਸਚੁ[22] ਸਦਾ[23] ਹੈ ਨਿਰਮਲਾ[24] ਭਾਈ ਨਿਰਮਲ ਸਾਚੇ ਸੋਇ[25] ॥ | Ever[23] pure[24] is the Truth[22] O brother and pure are they[25] who are True. | ਸੱਚ ਹਮੇਸ਼ਾ[23] ਹੀ ਪਵਿੱਤ੍ਰ[24] ਹੈ, ਹੇ ਵੀਰ, ਅਤੇ ਕੇਵਲ ਉਹ ਹੀ ਪਵਿੱਤ੍ਰ ਹਨ ਜੋ ਸੱਚੇ ਹਨ । |
| ਨਦਰਿ[26] ਕਰੇ ਜਿਸੁ ਆਪਨੀ ਭਾਈ ਤਿਸੁ[27] ਪਰਾਪਤਿ ਹੋਇ ॥ | He, on whom is the Lord's grace[26], by him[27] alone is the Lord attained, O brother. | ਜਿਸ ਉੱਤੇ ਪ੍ਰਭੂ ਦੀ ਮਿਹਰ[26] ਹੈ, ਉਸ[27] ਨੂੰ ਹੀ ਪ੍ਰਭੂ ਪ੍ਰਾਪਤ ਹੁੰਦਾ ਹੈ, ਹੇ ਭਾਈ ! |
| ਕੋਟਿ[28] ਮਧੇ[29] ਜਨੁ[40] ਪਾਈਐ ਭਾਈ ਵਿਰਲਾ ਕੋਈ[41] ਕੋਇ ॥ | Amongst[29] millions[28] of men, rarely[41] a serf[40] of the Lord is found, O brother. | ਕ੍ਰੋੜਾਂ[28] ਹੀ ਇਨਸਾਨਾਂ ਵਿਚੋਂ[29] ਕੋਈ ਟਾਂਵਾ ਟੱਲਾ[41] ਹੀ ਸੁਆਮੀ ਦਾ ਗੋਲਾ[40] ਮਿਲਦਾ ਹੈ, ਹੇ ਭਰਾਵਾ ! |
| ਨਾਨਕ ਰਤਾ[42] ਸਚਿ ਨਾਮਿ ਭਾਈ ਸੁਣਿ ਮਨੁ[43] ਤਨੁ[44] ਨਿਰਮਲੁ[45] ਹੋਇ ॥੪॥੨॥ | O brother, Nanak is imbued[42] with the True Name, hearing which the mind[43] and body[44] are rendered pure[45]. | ਹੇ ਭਰਾ ! ਨਾਨਕ ਸੱਚੇ ਨਾਮ ਨਾਲ ਰੰਗਿਆ ਗਿਆ[42] ਹੈ ਜਿਸ ਨੂੰ ਸੁਣਨ ਦੁਆਰਾ ਆਤਮਾ[43] ਤੇ ਦੇਹ[44] ਪਵਿੱਤ੍ਰ[45] ਹੋ ਗਏ ਹਨ । |
| ਸੋਰਠਿ ਮਹਲਾ ੫ ਦੁਤੁਕੇ ॥ | Sorath 5th Guru Dotukas. | ਸੋਰਠਿ ਪੰਜਵੀਂ ਪਾਤਿਸ਼ਾਹੀ ਦੁਤੁਕੇ । |
| ਜਉ ਲਉ[46] ਭਾਉ[17] ਅਭਾਉ[48] ਇਹੁ[49] ਮਾਨੈ[50] ਤਉ ਲਉ[51] ਮਿਲਣੁ ਦੂਰਾਈ[52] ॥ | As long as[46] this man[49] believes[50] in friendship[47] and enmity[48], so long[51] it is difficult[52] for him to meet God. | ਜਦ ਤਾਂਈ[46] ਇਹ[49] ਬੰਦਾ ਦੋਸਤੀ[47] ਤੇ ਦੁਸ਼ਮਣੀ[48] ਵਿੱਚ ਯਕੀਨ[50] ਰਖਦਾ ਹੈ ਉਦੋਂ ਤਾਂਈ[51] ਉਸ ਲਈ ਵਾਹਿਗੁਰੂ ਨੂੰ ਮਿਲਣਾ ਔਖਾ[52] ਹੈ । |
| ਆਨ[53] ਆਪਨਾ[54] ਕਰਤ ਬੀਚਾਰਾ[55] ਤਉ ਲਉ[56] ਬੀਚੁ[57] ਬਿਖਾਈ[58] ॥੧॥ | So long as man discriminates[55] between his-self[54] and another[53], till then[56] there remains a difference[58] between[57] him and the Lord. | ਜਦ ਤੋੜੀ ਆਦਮੀ ਆਪਣੇ[54] ਤੇ ਪਰਾਏ[53] ਦਾ ਖ਼ਿਆਲ ਕਰਦਾ[55] ਹੈ, ਤਦ ਤੋੜੀ[56] ਉਸ ਦੇ ਤੇ ਸੁਆਮੀ ਦੇ ਵਿਚਕਾਰ[57] ਵਿੱਥ[58] ਰਹਿੰਦੀ ਹੈ । |
| [59]ਮਾਧਵੇ[60] ਐਸੀ[61] ਦੇਹੁ[63] ਬੁਝਾਈ[62] ॥ ਸੇਵਉ ਸਾਧ ਗਹਉ ਓਟ[63*] ਚਰਨਾ[64] ਨਹ ਬਿਸਰੈ[65] ਮੁਹਤੁ[66] ਚਸਾਈ[67] ॥ਰਹਾਉ॥ | O the Lord[60] of wealth[59], grant[63] me such[61] an understanding[62], that I serve only the saints, seek their feets'[64] protection[63*] and forget[65] not the Lord, even for a moment[66] and trice[67]. Pause. | ਹੇ ਮਾਇਆ[59] ਦੇ ਸੁਆਮੀ[60] ! ਮੈਨੂੰ ਐਹੋ ਜੇਹੀ[61] ਸਮਝ[62] ਦੇ[63] ਕਿ ਮੈਂ ਸੰਤਾਂ ਦੀ ਸੇਵਾ ਕਰਾਂ, ਉਨ੍ਹਾਂ ਦੇ ਪੈਰਾਂ[64] ਦੀ ਪਨਾਹ[63*] ਪਕੜਾਂ, ਤੇ ਸੁਆਮੀ ਨੂੰ ਇਕ ਲਮ੍ਹੇ[66] ਤੇ ਛਿਨ ਭਰ[67] ਲਈ ਭੀ ਨਾ ਭੁੱਲਾਂ[65] । ਠਹਿਰਾਉ । |
| ਰੇ[68] ਮਨ[69] ਮੁਗਧ[70] ਅਚੇਤ[71] ਚੰਚਲ[72] ਚਿਤ[73] ਤੁਮ ਐਸੀ[74] ਰਿਦੈ[75] ਨ ਆਈ[76] ॥ [77]ਪ੍ਰਾਨਪਤਿ[78] ਤਿਆਗਿ[79] | O[68] my foolish[70], unthoghtful[71] and fickle[72]-minded[73] mind[69], such[74] a thing did not occur[76] to thy mind[75], that, forsaking[79] the Lord[78] of life[77], | ਹੇ[68] ਮੇਰੀ ਮੂਰਖ[70], ਬੇਖ਼ਬਰ[71] ਅਤੇ ਚੁਲਬਲੀ[72] ਤਬੀਅਤ ਵਾਲੀ[73] ਜਿੰਦੜੀਏ[69] ! ਤੇਰੇ ਚਿੱਤ[75] ਨੂੰ ਐਹੋ ਜਿਹੀ[74] ਗੱਲ ਨਾ ਸੁੱਝੀ ਕਿ[76] ਜਿੰਦ-ਜਾਨ[77] ਦੇ ਸੁਆਮੀ[78] ਨੂੰ ਛੱਡ ਕੇ[79] ਤੂੰ ਕਿਉਂ ਹੋਰਸ[80] ਵਿੱਚ ਖੱਚਤ ਹੋਈ ਹੋਈ[81], ਆਪਣੇ |

| | | |
|---|---|---|
| ਆਨ[80] ਤੂ ਰਚਿਆ[81] ਉਰਝਿਓ[82] ਸੰਗਿ[83] ਬੈਰਾਈ[84] ॥੨॥ | thou art engrossed[81] in the other[80] and art attached[82] with[83] thine enemies[84]. | ਵੈਰੀਆਂ[84] ਨਾਲ[83] ਜੁੜੀ ਬੈਠੀ[82] ਹੈਂ । |
| ਸੋਗੁ[85] ਨ ਬਿਆਪੈ[86] ਆਪੁ[87] ਨ ਥਾਪੈ[88] ਸਾਧਸੰਗਤਿ ਬੁਧਿ[89] ਪਾਈ[90] ॥ | If the mortal harbours[88] not egoism[87] then woe[86] affects[36] him not. From the society of saint, I have received[90] this understanding[89]. | ਜੇਕਰ ਪ੍ਰਾਣੀ ਅਪੱਣਤ[87] ਧਾਰਨ ਨਾ ਕਰੇ[88] ਤਦ ਉਸ ਨੂੰ ਅਫਸੋਸ[85] ਨਹੀਂ ਪੋਂਹਦਾ[86] । ਸਤਿ ਸੰਗਤ ਵਿਚੋਂ ਮੈਨੂੰ ਇਹ ਸਮਝ[89] ਪ੍ਰਾਪਤ ਹੋਈ[90] ਹੈ । |
| ਸਾਕਤ[91] ਕਾ ਬਕਨਾ[92] ਇਉ[93] ਜਾਨਉ[94] ਜੈਸੇ[95] ਪਵਨੁ[96] ਝੁਲਾਈ[97] ॥੩॥ | Deem[94] the prating[92] of the mammon-worshipper[91] as[93] vain as[95] the waft[97] of wind[96]. | ਮਾਇਆ ਦੇ ਉਪਾਸ਼ਕ[91] ਦੀ ਬਕਵਾਸ[92] ਨੂੰ ਐਸ ਤਰ੍ਹਾਂ[93] ਜਾਣ[94] ਜਿਸ ਤਰ੍ਹਾਂ[95] ਦਾ ਹਵਾ[96] ਦਾ ਬੁੱਲਾ[97] । |
| ਕੋਟਿ[98]ਪਰਾਧ[99]ਅਛਾਦਿਓ[100] ਇਹੁ ਮਨੁ[2] ਕਹਣਾ[3] ਕਛੂ ਨ ਜਾਈ ॥ | With millions[98] of sins[99] this mind[2] is enveloped[100]. What can, then man say[3] ? | ਕ੍ਰੋੜਾਂ[98] ਹੀ ਪਾਪਾਂ[99] ਨਾਲ ਇਹ ਜਿੰਦੜੀ[2] ਲਪੇਟੀ ਹੋਈ[100] ਹੈ । ਫੇਰ ਆਦਮੀ ਕੀ ਵੱਸ[3] ਕੀ ਹੋਇਆ ? |
| ਜਨ[4] ਨਾਨਕ ਦੀਨ[5] ਸਰਨਿ[6] ਆਇਓ ਪ੍ਰਭ ਸਭੁ[7] ਲੇਖਾ[8] ਰਖਹੁ[9] ਉਠਾਈ ॥ ੪॥੩॥ | O Lord, Nanak, Thine meek[5] slave[4], has entered Thy asylum[6]; Pray[9] write Thou off all[7] his accounts[8]. | ਹੇ ਸੁਆਮੀ ! ਨਾਨਕ, ਤੇਰੇ ਮਸਕੀਨ[5] ਗੋਲੇ[4] ਨੇ ਤੇਰੀ ਪਨਾਹ[6] ਲਈ ਹੈ । ਉਸ ਦੇ ਸਾਰੇ[7] ਲੇਖੇ-ਪੱਤੇ[8] ਤੇ ਤੂੰ ਕਲਮ ਫੇਰ ਦੇ[9] । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਪੂਤ੍ਰ[10] ਕਲਤ੍ਰ[12] ਲੋਕ[13] ਗ੍ਰਿਹ[14] ਬਨਿਤਾ[15] ਮਾਇਆ[16] ਸਨਬੰਧੇਹੀ[17] ॥ | Sons[10], wife[12], people[13] and women[15] of thy household[14] are the kinsmen[17] of wealth[16]. | ਪੁੱਤ੍ਰ[10]; ਪਤਨੀ[12], ਘਰ[14] ਦੇ ਲੋਕੀ[13] ਤੇ ਇਸਤ੍ਰੀਆਂ[15] ਸਭ ਧਨ-ਦੌਲਤ[16] ਦੇ ਅੰਗ[17] ਸਾਕ ਹਨ । |
| ਅੰਤ[18] ਕੀ ਬਾਰ[19] ਕੋ ਖਰਾ[20] ਨ ਹੋਸੀ ਸਭ ਮਿਥਿਆ[21] ਅਸਨੇਹੀ[22] ॥੧॥ | At the last[18] moment[19], none of them shall stand by[20] thee as their love[22] is all false[21]. | ਅਖੀਰ[18] ਦੇ ਵੇਲੇ[19], ਇਹਨਾਂ ਵਿਚੋਂ ਕਿਸੇ ਨੇ ਭੀ ਤੇਰਾ ਸਾਥ ਨਹੀਂ ਦੇਣਾ ਕਿਉਂਕਿ ਉਨ੍ਹਾਂ ਦਾ ਸਾਰਾ ਪਿਆਰ[22] ਝੂਠਾ[21] ਹੈ । |
| ਰੇ[23] ਨਰ[24] ਕਾਹੇ[25] ਪਪੋਰਹੁ[26] ਦੇਹੀ[27] ॥ | O[23] man[24], why[25] pamperest[26] thou thy body[27] ? | ਹੇ[23] ਬੰਦੇ[24] ! ਤੂੰ ਕਿਉਂ[25] ਆਪਣੇ ਤਨ[27] ਨੂੰ ਪਿਆਰ ਨਾਲ ਪਾਲਦਾ[26] ਹੈਂ ? |
| ਊਡਿ[28] ਜਾਇਗੋ ਧੂਮੁ[29] ਬਾਦਰੋ[30] ਇਕੁ ਭਾਜਹੁ[31] ਰਾਮੁ[32] ਸਨੇਹੀ[33] ॥ਰਹਾਉ॥ | It shall fly away[28] like a cloud[30] of smoke[29]. Contemplate[31] thou over the One Beloved[33] Lord[32]. Pause. | ਇਹ ਧੂੰਏ[29] ਦੇ ਬੱਦਲ[30] ਦੀ ਤਰ੍ਹਾਂ ਉੱਡ ਜਾਵੇਗਾ[28] । ਤੂੰ ਇੱਕ ਪ੍ਰਭੂ[32] ਪ੍ਰੀਤਮ[33] ਦਾ ਸਿਮਰਨ ਕਰ[31] । ਠਹਿਰਾਉ । |
| ਤੀਨਿ[34] ਸੰਙਿਆ[35] ਕਰਿ[36] ਦੇਹੀ[37] ਕੀਨੀ[38] ਜਲ[39] ਕੂਕਰ[40] ਭਸਮੇਹੀ[41] ॥ | Fixing[36] three[34] as the number[35] for its consumption, the body[37] was created[38]. It is thrown into water[39], to the dogs[40], or burnt to ashes[41]. | ਤਿੰਨਾਂ[34] ਦੀ ਗਿਣਤੀ[35], ਇਸ ਦੀ ਖ਼ਪਤ ਲਈ ਮੁਕੱਰਰ ਕਰ ਕੇ[36], ਸ੍ਰੀਰ[37] ਰੱਚਿਆ ਗਿਆ[38] ਸੀ, ਇਸ ਨੂੰ ਪਾਣੀ[39] ਵਿੱਚ ਸੁਟਿਆ, ਕੁੱਤਿਆਂ[40] ਨੂੰ ਪਾਇਆ, ਜਾਂ ਸਾੜ ਕੇ ਸੁਆਹ ਕੀਤਾ ਜਾਂਦਾ[41] ਹੈ । |
| ਹੋਇ ਆਮਰੋ[42] ਗ੍ਰਿਹ[43]ਮਹਿ[44] | Deeming himself immortal[42], the | ਆਪਣੇ ਆਪ ਨੂੰ ਅਬਿਨਾਸ਼ੀ[42] ਜਾਣ ਕੇ ਬੰਦਾ ਆਪਣੇ |

| | | |
|---|---|---|
| ਬੈਠਾ ਕਰਣ ਕਾਰਣ[45] ਬਿਸਰੋਹੀ[46] ॥੨॥ | man, sits in[44] his home[43], and forgets[46] the cause of causes[45]. | ਘਰ[43] ਵਿੱਚ[44] ਬੈਠਾ ਹੈ ਅਤੇ ਹੇਤੂਆਂ ਦੇ ਹੇਤੂ[45] ਨੂੰ ਭੁਲਾ ਦਿੰਦਾ[46] ਹੈ। |
| ਅਨਿਕ[47] ਭਾਤਿ[48] ਕਰਿ ਮਣੀਏ[49] ਸਾਜੇ[50] ਕਾਚੈ[51] ਤਾਗਿ[52] ਪਰੋਹੀ[53] ॥ | In various[47] ways[48], the Lord has fashioned[50] the beads[49] and has strung[53] them on a frail[51] thread[52]. | ਅਨੇਕਾਂ[47] ਤ੍ਰੀਕਿਆਂ[48] ਨਾਲ ਸੁਆਮੀ ਨੇ (ਜੀਵ ਰੂਪੀ) ਮਣਕੇ[49] ਬਣਾਏ[50] ਹਨ ਅਤੇ ਉਨ੍ਹਾਂ ਨੂੰ ਕਮਜ਼ੋਰ[51] ਧਾਗੇ[52] ਵਿੱਚ ਗੁੰਦ ਦਿੱਤਾ[53] ਹੈ। |
| ਤੂਟਿ ਜਾਇਗੋ[54] ਸੂਤੁ[55] ਬਾਪੁਰੇ[56] ਫਿਰਿ[57] ਪਾਛੈ[58] ਪਛੁਤੋਹੀ[59] ॥੩॥ | The thread[55] shall break[54], O wretched man[56], and then[57] thou shalt repent[59] afterwards[58]. | ਧਾਗਾ[55] ਟੁਟ ਜਾਊਗਾ[54], ਹੇ ਨਿਕਰਮਣ ਬੰਦੇ[56]! ਅਤੇ ਤਦ[57] ਤੂੰ ਮਗਰੋਂ[58] ਪਸਚਾਤਾਪ ਕਰੇਂਗਾ[59]। |
| ਜਿਨਿ ਤੁਮ ਸਿਰਜੇ[60] ਸਿਰਜਿ ਸਵਾਰੇ[61] ਤਿਸੁ[62] ਧਿਆਵਹੁ[63] ਦਿਨੁ ਰੈਨੇਹੀ[64] ॥ | Day and night[64] meditate[63] thou on Him[62], who created[60] thee and having created has bedecked[61] thee. | ਦਿਨ ਰਾਤ[64] ਤੂੰ ਉਸ[62] ਦਾ ਸਿਮਰਨ ਕਰ[63], ਜਿਸ ਨੇ ਤੈਨੂੰ ਰਚਿਆ[60] ਹੈ ਅਤੇ ਰੱਚ ਕੇ ਤੈਨੂੰ ਸ਼ਸ਼ੋਭਤ ਕੀਤਾ[61] ਹੈ। |
| ਜਨ[65] ਨਾਨਕ ਪ੍ਰਭ ਕਿਰਪਾ[66] ਧਾਰੀ[67] ਮੈ ਸਤਿਗੁਰ ਓਟ[68] ਗਹੇਹੀ[69] ॥੪॥੪॥ | The Lord has extended[67] His mercy[66] to slave[65] Nanak and he has held fast[69] to the True Guru's protection[68]. | ਸੁਆਮੀ ਨੇ ਗੋਲੇ[65] ਨਾਨਕ ਉਤੇ ਆਪਣੀ ਰਹਿਮਤ[66] ਕੀਤੀ[67] ਹੈ ਅਤੇ ਉਸ ਨੇ ਸੱਚੇ ਗੁਰਾਂ ਦੀ ਪਨਾਹ[68] ਘੁੱਟ ਕੇ ਪਕੜ ਲਈ[69] ਹੈ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਗੁਰੁ ਪੂਰਾ[70] ਭੇਟਿਓ[71] [72]ਵਡਭਾਗੀ[73] ਮਨਹਿ[74] ਭਇਆ ਪਰਗਾਸਾ[75] ॥ | My Perfect Guru[70], I have met[71] through the greatest[72] good fortune[73] and my mind[74] is illumined[75]. | ਆਪਣੇ ਪੂਰਨ[20] ਗੁਰਾਂ ਨੂੰ ਮੈਂ ਪਰਮ[72] ਸ੍ਰੇਸ਼ਟ ਨਸੀਬਾਂ[73] ਰਾਹੀਂ ਮਿਲ ਪਿਆ[71] ਹਾਂ ਤੇ ਮੇਰਾ ਹਿਰਦਾ[74] ਰੋਸ਼ਨ ਹੋ ਗਿਆ[75] ਹੈ। |
| ਕੋਇ ਨ ਪਹੁਚਨਹਾਰਾ[76] ਦੂਜਾ[77] ਅਪੁਨੇ ਸਾਹਿਬ ਕਾ ਭਰਵਾਸਾ[78] ॥੧॥ | None else[77] can equal[76] me, as I have the support[78] of my Lord. | ਕੋਈ ਹੋਰ[77] ਮੇਰੀ ਬਰਾਬਰੀ[76] ਨਹੀਂ ਕਰ ਸਕਦਾ ਕਿਉਂ ਜੋ ਮੈਨੂੰ ਆਪਣੇ ਸੁਆਮੀ ਦਾ ਆਸਰਾ[78] ਹੈ। |
| ਅਪੁਨੇ ਸਤਿਗੁਰ ਕੈ ਬਲਿਹਾਰੈ[79] ॥ | Unto my True Guru, I am a sacrifice[79]. | ਆਪਣੇ ਸੱਚੇ ਗੁਰਾਂ ਉਤੋਂ ਮੈਂ ਕੁਰਬਾਨ[79] ਹਾਂ। |
| ਆਗੈ[80] ਸੁਖੁ[81] ਪਾਛੈ[82] ਸੁਖ ਸਹਜਾ[83] ਘਰਿ[84] ਆਨੰਦੁ[85] ਹਮਾਰੈ[86] ॥ਰਹਾਉ॥ | Before[80] me, now, there is peace[81]. Hereafter[82] I shall have celestial bliss[83] and in my[86] home[84] there is eternal joy[85]. Pause. | ਮੇਰੇ ਮੂਹਰੇ[80], ਹੁਣ ਆਰਾਮ[81] ਹੈ। ਏਦੂੰ ਮਗਰੋਂ[82] ਮੈਨੂੰ ਬੈਕੁੰਠੀ ਆਨੰਦ[83] ਮਿਲੇਗਾ। ਮੇਰੇ[86] ਗ੍ਰਿਹ[84] ਵਿੱਚ ਸਮੂਹ-ਖ਼ੁਸ਼ੀ[85] ਹੈ। ਠਹਿਰਾਉ। |
| ਅੰਤਰਜਾਮੀ[87] ਕਰਣੈਹਾਰਾ[88] ਸੋਈ[89] ਖਸਮੁ[95] ਹਮਾਰਾ[91] ॥ | He[89], the Creator[88] and Inner-knower[87], is my[91] Master[90]. | ਅੰਦਰਲੀਆਂ ਜਾਨਣ ਵਾਲਾ[87] ਉਹ[89] ਸਿਰਜਣਹਾਰ[88] ਹੀ ਮੇਰਾ[91] ਮਾਲਕ[90] ਹੈ। |
| ਨਿਰਭਉ[92] ਭਏ[93] ਗੁਰਚਰਣੀ[94] ਲਾਗੇ[95] ਇਕ[96] ਰਾਮ[97] ਨਾਮ ਆਧਾਰਾ[98] ॥੨॥ | Having the prop[98] of the unique[96] Lord's[97] Name and repairing[95] to the Guru's[96] feet, I have become[93] fear-free[92]. | ਅਦੁੱਤੀ[96] ਸਾਂਈਂ[97] ਦੇ ਨਾਮ ਦਾ ਆਸਰਾ[98] ਲੈ ਅਤੇ ਗੁਰਾਂ ਦੇ ਪੈਰੀਂ ਪੈ[94], ਮੈਂ ਡਰ-ਰਹਿਤ[92] ਹੋ ਗਿਆ[93] ਹਾਂ। |
| ਸਫਲ[99] ਦਰਸਨੁ[100] ਅਕਾਲ[2] ਮੂਰਤਿ[3] ਪ੍ਰਭੁ ਹੈ ਭੀ | Fruitful[99] is the vision[100] and immortal[2] the form[3] of my | ਫਲਦਾਇਕ[99] ਹੈ ਦੀਦਾਰ[100] ਅਮਰ[2] ਸਰੂਪ[3] ਮੇਰੇ ਮਾਲਕ ਦਾ। ਉਹ ਹੈ ਅਤੇ ਅਗੇ |

| | | |
|---|---|---|
| ਹੋਵਨਹਾਰਾ[4] ॥ | Master, who is and shall also be[4]. | ਨੂੰ ਭੀ ਹੋਵੇਗਾ[4] । |
| ਕੰਠਿ[5] ਲਗਾਇ[6] ਅਪੁਨੇ ਜਨ[7] ਰਾਖੇ[8] ਅਪੁਨੀ[9] ਪ੍ਰੀਤਿ[10] ਪਿਆਰਾ[12] ॥੩॥ | Hugging[6] to His bosom[5] the Lord saves[8] His slaves[7] and their love[10] for Him[9] is sweet[12] unto the Lord. | ਆਪਣੀ ਛਾਤੀ[5] ਨਾਲ ਲਾ ਕੇ[6] ਸੁਆਮੀ ਆਪਣੇ ਸੇਵਕਾਂ[7] ਦੀ ਰੱਖਿਆ ਕਰਦਾ[8] ਹੈ । ਉਨ੍ਹਾਂ ਦੀ ਉਸ[9] ਵਾਸਤੇ ਮੁਹੱਬਤ[10] ਸੁਆਮੀ ਨੂੰ ਮਿੱਠੜੀ[12] ਲਗਦੀ ਹੈ । |
| ੬੧੦ | | |
| ਵਡੀ[13] ਵਡਿਆਈ[14] ਅਚਰਜ[15] ਸੋਭਾ[16] ਕਾਰਜੁ[17] ਆਇਆ ਰਾਸੇ[18] ॥ | Great[18] is the glory[14] and wondrous[15] the magnificence[16] of the Lord and through Him the affairs[17] are resolved[18]. | ਵਿਸ਼ਾਲ[13] ਹੈ ਵਿਰਾਲਤਾ[14] ਅਤੇ ਅਦਭੁਤ[15] ਤੇਜ ਪ੍ਰਤਾਪ[16] ਪ੍ਰਭੂ ਦਾ । ਉਸ ਦੇ ਰਾਹੀਂ ਕੰਮ ਕਾਜ[17] ਦਰੁਸਤ ਹੋ ਜਾਂਦੇ ਹਨ[18] । |
| ਨਾਨਕ ਕਉ ਗੁਰੁ ਪੂਰਾ[19] ਭੇਟਿਓ[20] ਸਗਲੇ[21] ਦੂਖ[22] ਬਿਨਾਸੇ[23] ॥੪॥੫॥ | Nanak has met[20] with the Perfect Guru[19] and all[21] his sorrows[22] are dispelled[23]. | ਨਾਨਕ ਪੂਰਨ ਗੁਰਾਂ[19] ਨੂੰ ਮਿਲ ਪਿਆ[20] ਹੈ ਅਤੇ ਉਸ ਦੇ ਸਾਰੇ[21] ਦੁਖੜੇ[22] ਦੂਰ ਹੋ ਗਏ[23] ਹਨ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਸੁਖੀਏ[24] ਕਉ ਪੇਖੈ[25] ਸਭ ਸੁਖੀਆ ਰੋਗੀ[26] ਕੈ ਭਾਣੈ[27] ਸਭ ਰੋਗੀ ॥ | To a happy man[24] all seem[25] happy and to[27] the sick man[26], all are sick. | ਸੁਖੀ ਬੰਦੇ[24] ਦੇ ਖਿਆਲ ਮੁਤਾਬਕ ਸਾਰੇ ਸੁਖੀ ਮਲੂਮ[25] ਹੁੰਦੇ ਹਨ ਅਤੇ ਬੀਮਾਰ ਬੰਦੇ[26] ਦੇ ਖਿਆਲ[27] ਵਿੱਚ ਸਾਰੇ ਬੀਮਾਰ । |
| ਕਰਣ[28] ਕਰਾਵਨਹਾਰ[29] ਸੁਆਮੀ ਆਪਨ ਹਾਥਿ[30] ਸੰਜੋਗੀ[31] ॥੧॥ | The Lord acts[28] and causes to act. In His hand[30] is the union[31] of the soul with Him. | ਸਾਹਿਬ (ਸਭ ਕੁਝ) ਕਰਨ ਵਾਲਾ[28] ਅਤੇ ਕਰਾਉਣ ਵਾਲਾ[29] ਹੈ । ਆਤਮਾ ਦਾ ਉਸ ਨਾਲ ਮਿਲਾਪ[31] ਉਸ ਦੇ ਹੱਥ[30] ਵਿੱਚ ਹੈ । |
| ਮਨ ਮੇਰੇ ਜਿਨਿ ਅਪੁਨਾ ਭਰਮੁ[32] ਗਵਾਤਾ[33] ॥ ਤਿਸ[34] ਕੈ ਭਾਣੈ[35] ਕੋਇ ਨ ਭੂਲਾ[36] ਜਿਨਿ ਸਗਲੋ[37] ਬ੍ਰਹਮੁ[38] ਪਛਾਤਾ[39] ॥ਰਹਾਉ॥ | O my mind, he who has dispelled[33] his doubt[32], and realised[39] the Lord[88] to be amongst all[87], in his[34] thought[35] none is gone astray[36]. Pause. | ਹੇ ਮੇਰੇ ਮਨੂਏ ਜਿਸ ਨੇ ਆਪਣਾ ਸ਼ੱਕ ਸੁਭਾ[32] ਦੂਰ[33] ਕਰ ਦਿੱਤਾ ਹੈ ਅਤੇ ਜੋ ਸਾਰਿਆਂ[37] ਅੰਦਰ ਸਾਹਿਬ[38] ਦੀ ਹੋਂਦ ਨੂੰ ਅਨੁਭਵ[39] ਕਰਦਾ ਹੈ, ਉਸ[34] ਦੇ ਖਿਆਲ[35] ਵਿੱਚ ਕੋਈ ਭੀ ਕੁਰਾਹੇ ਪਿਆ ਹੋਇਆ[36] ਨਹੀਂ । ਠਹਿਰਾਉ । |
| ਸੰਤ ਸੰਗਿ ਜਾ ਕਾ ਮਨੁ[40] ਸੀਤਲੁ[41] ਓਹੁ ਜਾਣੈ[42] ਸਗਲੀ[43] ਠਾਂਢੀ[44] ॥ | He, whose soul[40] is comforted[41] in the society of saints, he deems[42] all[43] to be happy[44]. | ਜਿਸ ਦੀ ਆਤਮਾ[40] ਸਤਿ ਸੰਗਤ ਅੰਦਰ ਸੁਖੀ[41] ਹੋਈ ਹੈ, ਉਹ ਸਾਰਿਆਂ[43] ਨੂੰ ਅਨੰਦ-ਪ੍ਰਸੰਨ[44] ਸਮਝਦਾ[42] ਹੈ । |
| ਹਉਮੈ[45] ਰੋਗਿ[46] ਜਾ ਕਾ ਮਨੁ[50] ਬਿਆਪਤਿ[47] ਓਹੁ ਜਨਮਿ ਮਰੈ[48] ਬਿਲਲਾਤੀ[49] ॥੨॥ | He, whose heart[50] is engrossed[47] in the malady[46] of pride[45], wails[49] in birth and death[48]. | ਜਿਸ ਦਾ ਦਿਲ[50] ਹੰਕਾਰ[45] ਦੀ ਬੀਮਾਰੀ[46] ਅੰਦਰ ਖੱਚਤ ਹੋਇਆ ਹੋਇਆ[47] ਹੈ, ਉਹ ਜੰਮਣ ਤੇ ਮਰਣ[48] ਅੰਦਰ ਵਿਰਲਾਪ ਕਰਦਾ[49] ਹੈ । |
| ਗਿਆਨ[51] ਅੰਜਨੁ[52] ਜਾ ਕੀ ਨੇਤ੍ਰੀ[53] ਪੜਿਆ ਤਾ ਕਉ[54] ਸਰਬ[55] ਪ੍ਰਗਾਸਾ[56] ॥ | Everything[55] appears manifest[56] to him[54], to whose eyes[53] the collyrium[52] of wisdom[51] is applied. | ਹਰ ਸ਼ੈ[55] ਉਸ[54] ਨੂੰ ਸਪਸ਼ਟ[56] ਜਾਪਦੀ ਹੈ, ਜਿਸ ਦੀਆਂ ਅੱਖਾਂ[53] ਵਿੱਚ ਬ੍ਰਹਮ-ਬੋਧ[51] ਦਾ ਸੁਰਮਾ[52] ਪਿਆ ਹੋਇਆ ਹੈ । |

| | | |
|---|---|---|
| ਅਗਿਆਨਿ[57] ਅੰਧੇਰੈ[58] ਸੂਝਸਿ ਨਾਹੀ[59] ਬਹੁੜਿ[60] ਬਹੁੜਿ ਭਰਮਾਤਾ[61] ॥੩॥ | In the darkness[58] of spiritual ignorance[57], the man sees[59] nothing and again[60] wanders[61] in transmigration. | ਆਤਮਿਕ ਬੇਸਮਝੀ[59] ਦੇ ਅਨ੍ਹੇਰੇ[58] ਵਿੱਚ ਇਨਸਾਨ ਨੂੰ ਕੁਝ ਦਿਸਦਾ[59] ਨਹੀਂ ਅਤੇ ਉਹ ਮੁੜ ਮੁੜ ਕੇ[60] ਆਵਾਗਉਣ ਅੰਦਰ ਭਟਕਦਾ[61] ਹੈ। |
| ਸੁਣਿ[62] ਬੇਨੰਤੀ[63] ਸੁਆਮੀ ਅਪੁਨੇ ਨਾਨਕੁ ਇਹੁ ਸੁਖੁ[64] ਮਾਗੈ[65] ॥ | O my Lord, hear[62] Thou my supplication[63]. Nanak prays[65] for this happiness[64] : | ਹੇ ਮੇਰੇ ਸਾਹਿਬ ! ਤੂੰ ਮੇਰੀ ਪ੍ਰਾਰਥਨਾ[63] ਸ੍ਰਵਣ[62] ਕਰ। ਨਾਨਕ ਐਸੇ ਸੁਖ[64] ਦੀ ਜਾਚਨਾ[65] ਕਰਦਾ ਹੈ :— |
| ਜਹ[66] ਕੀਰਤਨੁ[67] ਤੇਰਾ ਸਾਧੂ ਗਾਵਹਿ[68] ਤਹ[69] ਮੇਰਾ ਮਨੁ[70] ਲਾਗੈ[71] ॥੪॥੬॥ | Where[66] the saints sing[68] Thine praise[67] to that place[69], let my mind[70] be attached[71]. | ਜਿੱਥੇ[66] ਸੰਤ ਤੇਰਾ ਜੱਸ[67] ਗਾਇਨ ਕਰਦੇ[68] ਹਨ, ਉਸ ਥਾਂ[69] ਨਾਲ ਮੇਰਾ ਚਿੱਤ[70] ਜੁੜ ਜਾਵੇ[71]। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਤਨੁ[72] ਸੰਤਨ[73] ਕਾ ਧਨੁ[76] ਸੰਤਨ ਕਾ ਮਨੁ[74] ਸੰਤਨ ਕਾ ਕੀਆ ॥ | My body[72] belongs to the saints[73], my wealth[76] to the saints and to the saints I have entrusted[75] my mind[74]. | ਮੇਰੀ ਦੇਹ[72] ਸਾਧੂਆਂ[73] ਦੀ ਹੈ, ਮੇਰੀ ਦੌਲਤ[76] ਸਾਧੂਆਂ ਦੀ, ਤੇ ਸਾਧੂਆਂ ਦੇ ਸਪੁਰਦ[75]ਹੀ ਮੈਂ ਆਪਣੀ ਆਤਮਾ[74] ਕਰ ਦਿੱਤੀ ਹੈ। |
| ਸੰਤ ਪ੍ਰਸਾਦਿ[77] ਹਰਿ ਨਾਮੁ ਧਿਆਇਆ[78] ਸਰਬ[79] ਕੁਸਲ[80] ਤਬ[81] ਥੀਆ[82]॥੧॥ | By saints' grace[77], I meditate[78] on God's Name and all[79] comforts[80] then[81] accrue[82]. | ਸੰਤ ਦੀ ਦਇਆ[77] ਦੁਆਰਾ ਮੈਂ ਵਾਹਿਗੁਰੂ ਦੇ ਨਾਮ ਦਾ ਜਾਪ[78] ਕਰਦਾ ਹਾਂ, ਤਦ[81] ਸਾਰੇ[79] ਸੁਖ[80] ਪ੍ਰਾਪਤ ਹੋ ਜਾਂਦੇ ਹਨ। |
| ਸੰਤਨ ਬਿਨੁ ਅਵਰੁ ਨ ਦਾਤਾ[83] ਬੀਆ[84] ॥ ਜੋ ਜੋ[85] ਸਰਣਿ[86] ਪਰੈ ਸਾਧੂ ਕੀ ਸੋ[87] ਪਾਰਗਰਾਮੀ[88] ਕੀਆ ॥ ਰਹਾਉ॥ | Without the saints, there is no other[84] giver[83] and who-so-ever[85] seeks the saints' shelter[86], he[87], is ferried across[88] the world ocean. Pause. | ਸਾਧੂਆਂ ਦੇ ਬਗੈਰ ਹੋਰ ਕੋਈ[84] ਦਾਤਾਰ[83] ਨਹੀਂ। ਜਿਹੜਾ ਕੋਈ ਭੀ[85] ਸੰਤਾਂ ਦੀ ਪਨਾਹ[86] ਲੈਂਦਾ ਹੈ, ਉਸ[87] ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੱਤਾ[88] ਜਾਂਦਾ ਹੈ। ਠਹਿਰਾਉ। |
| ਹਲਤੁ[49] ਪਲਤੁ[50] ਪ੍ਰਭ ਦੋਵੈ[51] ਸਵਾਰੇ[52] ਹਮਰਾ[53] ਗੁਣੁ[54] ਅਵਗੁਣੁ[55] ਨ ਬੀਚਾਰਿਆ[56]॥ | The Lord has saved[52] me both[51] in this world[49] and the next one[50] and my[53] merits[54] and demerits[55], He has not taken into account[56]. | ਸੁਆਮੀ ਨੇ ਮੈਨੂੰ ਲੋਕ[49] ਅਤੇ ਪ੍ਰਲੋਕ[50] ਦੋਹਾਂ[51] ਵਿੱਚ ਸੁਰਖ਼ਰੂ[52] ਕਰ ਦਿੱਤਾ ਹੈ । ਉਸ ਨੇ ਮੇਰੀਆਂ[53] ਨੇਕੀਆਂ[54] ਤੇ ਬਦੀਆਂ[55] ਦਾ ਖ਼ਿਆਲ[56] ਨਹੀਂ ਕੀਤਾ । |
| ਅਟਲ[57] ਬਚਨੁ[58] ਨਾਨਕ ਗੁਰ ਤੇਰਾ ਸਫਲ[59] ਕਰੁ[60] ਮਸਤਕਿ[61] ਧਾਰਿਆ[62] ॥੨॥੨੧॥੪੯॥ | Never failing[57], O Guru Nanak, is thy word[58]. Thy auspicious[59] hand[60], thou hast placed[62] on my forehead[61]. | ਕਦੇ ਨਾ-ਟਲਣ ਵਾਲਾ[57] ਹੈ, ਹੇ ਗੁਰੂ ਨਾਨਕ, ਤੇਰਾ ਬਚਨ ਬਿਲਾਸ[58] । ਆਪਣਾ ਮੁਬਾਰਕ[59] ਹੱਥ[60] ਤੂੰ ਮੇਰੇ ਮਥੇ[61] ਉਤੇ ਰੱਖਿਆ[62] ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਜੀਅ[63] ਜੰਤ੍ਰ[67] ਸਭਿ ਤਿਸਕੇ[68] ਕੀਏ[64] ਸੋਈ[65] ਸੰਤ ਸਹਾਈ[66] ॥ | The mortals[68] and other creatures[67] are all created[64] by Him[68] and He[65] alone is the saints' succour[66]. | ਜੀਵ[63] ਜੰਤੂ[67] ਸਾਰੇ ਉਸ ਦੇ[68] ਪੈਦਾ ਕੀਤੇ[64] ਹੋਏ ਹਨ । ਕੇਵਲ ਓਹੀ[65] ਸਾਧੂਆਂ ਦਾ ਸਹਾਇਕ[66] ਹੈ । |

| | | |
|---|---|---|
| ਅਪੁਨੇ ਸੇਵਕ[69] ਕੀ ਆਪੇ[70] ਰਾਖੈ ਪੂਰਨ[71] ਭਈ[72] ਬਡਾਈ[73] ॥੧॥ | He Himself[70] saves the honour of His devotee[69] and perfect[71] becomes[72] his greatness[73]. | ਉਹ ਖ਼ੁਦ[70] ਹੀ ਆਪਣੇ ਟਹਿਲੂਏ[69] ਦੀ ਪੱਤ ਰਖਦਾ ਹੈ, ਅਤੇ ਮੁਕੰਮਲ[71] ਥੀ ਵੰਞਦੀ[72] ਹੈ ਉਸ ਦੀ ਵਿਸ਼ਾਲਤਾ[73]। |
| ਪਾਰਬ੍ਰਹਮੁ[74] ਪੂਰਾ[75] ਮੇਰੈ ਨਾਲਿ[76] ॥ | The perfect[75] Supreme Lord[74] is with[76] me. | ਪੂਰਨ[75] ਸ਼੍ਰੋਮਣੀ ਸੁਆਮੀ[74] ਮੇਰੇ ਅੰਗ ਸੰਗ[76] ਹੈ। |
| ਗੁਰਿ ਪੂਰੈ[77] ਪੂਰੀ[78] ਸਭ[79] ਰਾਖੀ[82] ਹੋਏ ਸਰਬ[80] ਦਇਆਲ[81] ॥੧॥ਰਹਾਉ॥ | The Perfect[77] Guru has all[79] too perfectly[78] preserved[82] my honour and everybody[80] is compassionate[81] to me. Pause. | ਪੂਰਨ[77] ਗੁਰਾਂ ਨੇ ਐਨ ਪੂਰੀ[79] ਤਰ੍ਹਾਂ[78] ਮੇਰੀ ਪਤਿ ਰੱਖ[82] ਲਈ ਹੈ ਅਤੇ ਸਾਰੇ[80] ਹੀ ਮੇਰੇ ਉੱਤੇ ਮਿਹਰਬਾਨ[81] ਹਨ। ਠਹਿਰਾਉ। |
| ਅਨਦਿਨੁ[83] ਨਾਨਕੁ ਨਾਮੁ ਧਿਆਏ[84] ਜੀਅ[85] ਪ੍ਰਾਨ[86] ਕਾ ਦਾਤਾ[87] ॥ | Night and day[83] Nanak utters[84] the Name of God, who is the Giver[87] of soul[85] and very life[86]. | ਰਾਤ ਦਿਨ[83] ਨਾਨਕ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰਦਾ[84] ਹੈ ਜੋ ਆਤਮਾ[85] ਅਤੇ ਜਿੰਦ-ਜਾਨ[86] ਦੇਣ ਵਾਲਾ[87] ਹੈ। |
| ਅਪੁਨੇ ਦਾਸ[88] ਕਉ ਕੰਠਿ[89] ਲਾਇ[90] ਰਾਖੈ ਜਿਉ[91] ਬਾਰਿਕ[92] ਪਿਤ[93] ਮਾਤਾ[94] ॥ ੨॥੨੨॥੫੦॥ | His slave[88], He keeps clasped[90] to His bosom[89], as[91] do father[93] and mother[94] their child[92]. | ਆਪਣੇ ਗੋਲੇ[88] ਨੂੰ ਉਹ ਇਸ ਤਰ੍ਹਾਂ ਆਪਣੀ ਹਿਕ[89] ਨਾਲ ਲਾਈ ਰਖਦਾ[90] ਹੈ ਜਿਸ ਤਰ੍ਹਾਂ[91] ਬਾਬਲ[93] ਤੇ ਅੰਮੜੀ[94] ਆਪਣੇ ਬੱਚੇ[92] ਨੂੰ। |
| ਸੋਰਠਿ ਮਹਲਾ ੫ ਘਰੁ ੩ ਚਉਪਦੇ | Sorath 5th Guru Chaupadas. | ਸੋਰਠਿ ਪੰਜਵੀਂ ਪਾਤਿਸ਼ਾਹੀ ਚਉਪਦੇ। |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਮਿਲਿ ਪੰਚਹੁ[95] ਨਹੀ ਸਹਸਾ[96] ਚੁਕਾਇਆ[97] ॥ | Meeting with the elect[95] my doubt[96] was dispelled[97] not. | ਮੁਖੀ ਜਨਾਂ[95] ਨੂੰ ਮਿਲ ਕੇ, ਮੇਰਾ ਸੰਦੇਹ[96] ਨਵਿਰਤ[97] ਨਾ ਹੋਇਆ। |
| ਸਿਕਦਾਰਹੁ[98] ਨਹ ਪਤੀਆਇਆ[99] ॥ | The chiefs[98] satisfied[99] me not. | ਚੌਧਰੀਆਂ[98] ਤੋਂ ਭੀ ਮੇਰੀ ਤਸੱਲੀ[99] ਨਾ ਹੋਈ। |
| ਉਮਰਾਵਹੁ[100] ਆਗੈ[2] ਝੇਰਾ[3]॥ | I presented my dispute[3] to[2] the nobles[100] too. | ਮੈਂ ਆਪਣਾ ਝਗੜਾ[3] ਅਮੀਰਾਂ ਵਜ਼ੀਰਾਂ[100] ਮੂਹਰੇ[2] ਵੀ ਰੱਖਿਆ। |
| ਮਿਲਿ ਰਾਜਨ[4] ਰਾਮ[5] ਨਿਬੇਰਾ[6] ॥੧॥ | But meeting with the Lord[5] King[4] alone my dispute could be settled[6]. | ਪ੍ਰਭੂ[5] ਪਾਤਿਸ਼ਾਹ[4] ਨਾਲ ਮਿਲ ਕੇ, ਹੀ ਮੇਰਾ ਝਗੜਾ ਨਿਬੜ ਸਕਿਆ[6]। |
| ਅਬ[7] ਢੂਢਨ[8] ਕਤਹੁ[9] ਨ ਜਾਈ[10] ॥ ਗੋਬਿਦ[12] ਭੇਟੇ[13] ਗੁਰ [14]ਗੋਸਾਈ[15] ॥ਰਹਾਉ॥ | Now[7] I go[10] not anywhere[9] for search[8] because I have met[13] Guru-God[12], the Lord[15] of the world[14]. Pause. | ਹੁਣ[7] ਮੈਂ ਕਿਧਰੇ[9] ਲੱਭਣ[8] ਲਈ ਨਹੀਂ ਜਾਂਦਾ[10] ਕਿਉਂਕਿ ਮੈਂ ਸ੍ਰਿਸ਼ਟੀ[14] ਦੇ ਸੁਆਮੀ[15] ਗੁਰੂ-ਪ੍ਰਮੇਸ਼ਰ[12] ਨੂੰ ਮਿਲ ਪਿਆ[13] ਹਾਂ। ਠਹਿਰਾਉ। |
| ਆਇਆ[16] ਪ੍ਰਭ ਦਰਬਾਰਾ[17]॥ | When I reached[16] the Lord's | ਜਦ ਮੈਂ ਸਾਹਿਬ ਦੀ ਦਰਗਾਹ[17] ਵਿੱਚ ਪੁੱਜਾ[16] ਤਦ[18] ਮੇਰੇ |

| | | |
|---|---|---|
| ਤਾ[18] ਸਗਲੀ[19] ਮਿਟੀ[20] ਪੂਕਾਰਾ[21] ॥ | court[17], then[18] all[19] the cries[21] of my mind were stilled[20]. | ਮਨ ਦਾ ਸਾਰਾ[19] ਚੀਕ-ਚਿਹਾੜਾ[21] ਮੁਕ ਗਿਆ[20] । |
| ਲਬਧਿ[22] ਆਪਣੀ ਪਾਈ[23] ॥ ਤਾ[24] ਕਤ[25] ਆਵੈ[26] ਕਤ ਜਾਈ[27] ॥੨॥ | Now that I have received[23] what was destined[22] for me, where[25] then[24] am I to come[26] and where to go[27] ? | ਹੁਣ ਜਦ ਮੈਂ, ਜੋ ਮੇਰੀ ਪ੍ਰਾਲਬਧ[22] ਵਿੱਚ ਸੀ, ਹਾਸਲ[23] ਕਰ ਲਿਆ ਹੈ, ਤਾਂ[24] ਮੈਂ ਕਿਥੇ[25] ਆਉਣਾ[26] ਅਤੇ ਕਿਥੇ ਜਾਣਾ[27] ਹੈ ? |
| ਤਹ[28] ਸਾਚੁ[29] ਨਿਆਇ[30] ਨਿਬੇਰਾ[31] ॥ | There[28] in the Lord's court, the even handed[29] justice[30] is administered[31]. | ਉੱਥੇ[28] ਸਾਂਈਂ ਦੀ ਕਚਹਿਰੀ ਵਿੱਚ ਸੱਚਾ ਸੁੱਚਾ[29] ਇਨਸਾਫ਼[30] ਹੁੰਦਾ[31] ਹੈ । |
| ਊਹਾ[32] ਸਮ[33] ਠਾਕੁਰੁ[34] ਸਮ[35] ਚੇਰਾ[36]॥ | As[33] is the Master[34], so[35] is the servant[36] there[32]. | ਓਥੇ[32] ਜੇਹੋ ਜਿਹਾ[33] ਮਾਲਕ[34] ਹੈ, ਉਹੋ ਜੇਹਾ[35] ਹੀ ਹੈ ਨੌਕਰ[36] । |
| ਅੰਤਰਜਾਮੀ[37] ਜਾਨੈ[38] ॥ | The Inner-Knower[37] knows[38] every thing. | ਅੰਦਰਲੀਆਂ ਜਾਨਣਹਾਰ[37] ਸਾਰਾ ਕੁੱਛ ਜਾਣਦਾ[38] ਹੈ । |
| ਬਿਨੁ[39] ਬੋਲਤ[40] ਆਪਿ[41] ਪਛਾਨੈ[42] ॥੩॥ | Without[39] even his speaking[40], understands[42] He Himself[41] the man's object. | ਇਨਸਾਨ ਦੇ ਬੋਲਿਆਂ[40] ਬਗ਼ੈਰ[39] ਹੀ ਉਹ ਖ਼ੁਦ[41] ਇਨਸਾਨ ਦੇ ਮਨੋਰਥ ਨੂੰ ਸਮਝਦਾ[42] ਹੈ । |
| ਸਰਬ[43] ਥਾਨ[44] ਕੋ ਰਾਜਾ[45] ॥ | He is the King[45] of all[43] the places[44]. | ਉਹ ਸਾਰਿਆਂ[43] ਥਾਵਾਂ[44] ਦਾ ਪਾਤਿਸ਼ਾਹ[45] ਹੈ । |
| ਤਹ[46] ਅਨਹਦ ਸਬਦ[47] ਅਗਾਜਾ[48] ॥ | There[46] in His presence, celestial music[47] resounds[48]. | ਉੱਥੇ[46] ਉਸ ਦੀ ਹਜ਼ੂਰੀ ਵਿੱਚ ਬੈਕੁੰਠੀ ਕੀਰਤਨ[47] ਗੂੰਜਦਾ[48] ਹੈ । |
| ਤਿਸੁ[49] ਪਹਿ[50] ਕਿਆ[51] ਚਤੁਰਾਈ[52] ॥ | What[51] cleverness[52] can avail with[50] Him[49] ? | ਉਸ[49] ਨਾਲ[50] ਕਿਹੜੀ[51] ਚਾਲਾਕੀ[52] ਪੁੱਗ ਸਕਦੀ ਹੈ । |
| ਮਿਲੁ ਨਾਨਕ ਆਪੁ[53] ਗਵਾਈ[54] ॥੪॥੧॥੫੧॥ | Effacing[54] his self-conceit[53], the man meets the Lord, O Nanak. | ਆਪਣੀ ਹੰਗਤਾ[53] ਨੂੰ ਮੇਸ ਕੇ[54], ਇਨਸਾਨ ਪ੍ਰਭੂ ਨੂੰ ਮਿਲ ਪੈਂਦਾ ਹੈ, ਹੇ ਨਾਨਕ ! |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਹਿਰਦੈ[55] ਨਾਮੁ ਵਸਾਇਹੁ[56] ॥ ਘਰਿ[57] ਬੈਠੇ[58] ਗੁਰੂ ਧਿਆਇਹੁ[59] ॥ | Enshrine[56] the Name in thy mind[55], and sitting[58] in thy very home[57], meditate[59] Thou on the Guru. | ਨਾਮ ਨੂੰ ਆਪਣੇ ਮਨ[55] ਅੰਦਰ ਅਸਥਾਪਨ[56] ਕਰ ਅਤੇ ਆਪਣੇ ਧਾਮ[57] ਅੰਦਰ ਬੈਠਾ ਹੋਇਆ[58] ਹੀ ਗੁਰਾਂ ਦਾ ਆਰਾਧਨ[59] ਕਰ । |
| ਗੁਰਿ ਪੂਰੈ[60] ਸਚੁ ਕਹਿਆ[61] ॥ ਸੋ[62] ਸੁਖੁ[63] ਸਾਚਾ ਲਹਿਆ[64] ॥੧॥ | The Perfect[60] Guru has uttered[61] the Truth, that[62] true peace[63] is obtained[64] from the Lord | ਪੂਰਨ[60] ਗੁਰਾਂ ਨੇ ਸੱਚ ਆਖਿਆ[61] ਹੈ ਕਿ[62] ਸੱਚਾ ਆਰਾਮ[63] ਸਾਹਿਬ ਪਾਸੋਂ ਪ੍ਰਾਪਤ[64] ਹੁੰਦਾ ਹੈ । |
| ਅਪੁਨਾ ਹੋਇਓ ਗੁਰੁ ਮਿਹਰਵਾਨਾ[65] ॥ | My Guru has become merciful[65], | ਮੇਰਾ ਗੁਰੂ ਦਇਆਲੂ ਹੋ ਗਿਆ[65] ਹੈ । |
| ਅਨਦ[66] ਸੂਖ[67] ਕਲਿਆਣ[68] ਮੰਗਲ[69] ਸਿਉ[70] ਘਰਿ[71] ਆਏ[72] ਕਰਿ ਇਸਨਾਨਾ[73] ॥ ਰਹਾਉ॥ | Hence with[70] pleasure[66], peace[67], satisfaction[68] and joy[69], I have returned[72] home[71] after taking bath[73]. Pause. | ਇਸ ਲਈ ਖ਼ੁਸ਼ੀ[66], ਆਰਾਮ[67], ਪ੍ਰਸੰਨਤਾ[68] ਅਤੇ ਮਲ੍ਹਾਰ[69] ਸਹਿਤ[70], ਮੈਂ ਨਹਾ[73] ਧੋ ਕੇ ਆਪਣੇ ਗ੍ਰਿਹ[71] ਵਿੱਚ ਆ ਗਿਆ[72] ਹਾਂ । ਠਹਿਰਾਉ । |

| | | |
|---|---|---|
| ਸਾਚੀ ਗੁਰ ਵਡਿਆਈ[74] ॥ ਤਾਕੀ[75] ਕੀਮਤਿ[76] ਕਹਣੁ[77] ਨ ਜਾਈ ॥ | True is the greatness[74] of my Guru, whose[75] worth[76] cannot be described[77]. | ਸੱਚੀ ਹੈ ਵਿਸ਼ਾਲਤਾ[74] ਮੇਰੇ ਗੁਰਦੇਵ ਦੀ ਜਿਸ ਦਾ[75] ਮੁਲ[76] ਪਾਇਆ[77] ਨਹੀਂ ਜਾ ਸਕਦਾ । |
| ਸਿਰਿ[78] ਸਾਹਾ[79] ਪਾਤਿਸਾਹਾ[80] ॥ | He is the King[80] over[78] the Kings[79]. | ਉਹ ਬਾਦਸ਼ਾਹਾਂ[79] ਦਾ[78] ਬਾਦਸ਼ਾਹ[80] ਹੈ । |
| ਗੁਰ ਭੇਟਤ[81] ਮਨਿ[82] ਓਮਾਹਾ[83] ॥੨॥ | Meeting[81] with the Guru, man's mind[82] gathers bliss[83]. | ਗੁਰਦੇਵ ਨਾਲ ਮਿਲ ਕੇ[81] ਬੰਦੇ ਦਾ ਚਿੱਤ[82] ਖ਼ੁਸ਼ੀ[83] ਵਿੱਚ ਹੋ ਜਾਂਦਾ ਹੈ । |
| ਸਗਲ[84] ਪਰਾਛਤ[85] ਲਾਥੇ[86] ॥ ਮਿਲਿ[87] ਸਾਧਸੰਗਤਿ ਕੈ ਸਾਥੇ[88] ॥ | All[84] the sins[85] are washed off[86], on meeting[87] with[88] the society of saints. | ਸਾਰੇ[84] ਪਾਪ[85] ਧੋਤੇ[86] ਜਾਂਦੇ ਹਨ ਸੰਤਾਂ ਦੀ ਸੰਗਤ ਨਾਲ[88] ਜੁੜਣ[87] ਦੁਆਰਾ । |
| ਗੁਣ[89] ਨਿਧਾਨ[90] ਹਰਿ ਨਾਮਾ ॥ ਜਪਿ[91] ਪੂਰਨ[92] ਹੋਏ ਕਾਮਾ[93] ॥੩॥ | Gods's Name is the treasure[90] of virtues[89] by remembering[91] which the affairs[93] are resolved[92]. | ਵਾਹਿਗੁਰੂ ਦਾ ਨਾਮ ਖ਼ੂਬੀਆਂ[89]ਦਾ ਖ਼ਜ਼ਾਨਾ[90] ਹੈ ਜਿਸ ਦਾ ਸਿਮਰਨ ਕਰਨ ਦੁਆਰਾ[91], ਕਾਰਜ[93] ਰਾਸ ਹੋ ਜਾਂਦੇ[92] ਹਨ । |
| ਗੁਰਿ ਕੀਨੋ ਮੁਕਤਿ[94] ਦੁਆਰਾ[95] ॥ ਸਭ ਸ੍ਰਿਸਟਿ[96] ਕਰੈ ਜੈਕਾਰਾ[97] ॥ | The Guru has opened the Door[95] of Deliverance[94], and the whole world[96] greets him with the ovations of victory[97]. | ਗੁਰਾਂ ਨੇ ਮੋਖ਼ਸ਼[94] ਦਾ ਦਰਵਾਜ਼ਾ[95] ਖੋਲ੍ਹ ਦਿੱਤਾ ਹੈ ਅਤੇ ਸਾਰੀ ਦੁਨੀਆ[96] ਜਿੱਤ ਦੇ ਜੈਕਾਰਿਆਂ[97] ਨਾਲ ਉਨ੍ਹਾਂ ਦਾ ਸੁਆਗਤ ਕਰਦੀ ਹੈ । |
| ਨਾਨਕ ਪ੍ਰਭੁ ਮੇਰੈ ਸਾਥੇ[98] ॥ ਜਨਮ ਮਰਣ ਭੈ[100] ਲਾਥੇ[99] ॥੪॥੨॥੫੨॥ | Nanak, the Lord is ever with[98] me, And hence my fears[100] of birth and death are past[99]. | ਨਾਨਕ, ਸੁਆਮੀ ਸਦਾ ਹੀ ਮੇਰੇ ਨਾਲ[98] ਹੈ, ਤੇ ਮੇਰੇ ਜੰਮਣ ਤੇ ਮਰਣ ਦੇ ਡਰ[100] ਦੂਰ ਹੋ ਗਏ[99] ਹਨ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਗੁਰਿ ਪੂਰੈ[2] ਕਿਰਪਾ[3] ਧਾਰੀ[4] ॥ ਪ੍ਰਭਿ ਪੂਰੀ[5] ਲੋਚ[6] ਹਮਾਰੀ[7] ॥ | The Perfect[2] Guru has taken[4] pity[3] on me, and the Lord has fulfilled[5] my[7] desire[6]. | ਪੂਰਨ[2] ਗੁਰਾਂ ਨੇ ਮੇਰੇ ਉਤੇ ਤਰਸ[3] ਕੀਤਾ[4] ਹੈ ਅਤੇ ਸੁਆਮੀ ਨੇ ਮੇਰੀ[7] ਮਨਸ਼ਾ[6] ਪੂਰਨ[5] ਕਰ ਦਿੱਤੀ ਹੈ । |
| ਕਰਿ ਇਸਨਾਨੁ[8] ਗ੍ਰਿਹਿ[9] ਆਏ ॥ ਅਨਦ[10] ਮੰਗਲ[12] ਸੁਖ[13] ਪਾਏ ॥੧॥ | After taking bath[8], I returned home[9], and attained happiness[10], pleasure[12] and peace[13]. | ਨਹਾ[8] ਧੋ ਕੇ ਮੈਂ ਘਰ[9] ਆ ਗਿਆ ਅਤੇ ਮੈਨੂੰ ਖ਼ੁਸ਼ੀ[10], ਪ੍ਰਸੰਨਤਾ[12] ਤੇ ਆਰਾਮ[13] ਪ੍ਰਾਪਤ ਹੋ ਗਏ । |
| ੬੨੨ | | |
| ਸੰਤਹੁ ਰਾਮ[14] ਨਾਮਿ ਨਿਸਤਰੀਐ[15] ॥ | O saints, through the Lord's[14] Name, the mortal is saved[15]. | ਹੇ ਸਾਧੂਓ ! ਸੁਆਮੀ[14] ਦੇ ਨਾਮ ਰਾਹੀਂ ਪ੍ਰਾਣੀ ਪਾਰ ਉੱਤਰ ਜਾਂਦਾ[15] ਹੈ । |
| ਊਠਤ[16]ਬੈਠਤ[17] ਹਰਿ ਹਰਿ[18] ਧਿਆਈਐ[19] ਅਨਦਿਨੁ[20] ਸੁਕ੍ਰਿਤੁ[21] ਕਰੀਐ ॥੧॥ ਰਹਾਉ॥ | Upstanding[16] and down-sitting[17], contemplate[19] thou the Lord God[18], and, night and day[20], do thou good deeds[21]. Pause. | ਖਲੋਤਿਆਂ[16] ਤੇ ਬਹਿੰਦਿਆਂ[17] ਤੂੰ ਸੁਆਮੀ ਵਾਹਿਗੁਰੂ[18] ਦਾ ਸਿਮਰਨ ਕਰ[19], ਰਾਤ ਦਿਨ[20] ਸ਼ੁਭ ਕਰਮ[21] ਕਮਾ । ਠਹਿਰਾਉ । |
| ਸੰਤ ਕਾ ਮਾਰਗੁ[22] ਧਰਮ[23] | The saint's way[22] is the ladder[24] of | ਸਾਧੂਆ ਦਾ ਰਸਤਾ[22] ਪਵਿੱਤ੍ਰਤਾਈ[23] ਦੀ ਸੀੜ੍ਹੀ[24] ਹੈ । |

| | | |
|---|---|---|
| ਕੀ ਪਉੜੀ[24] ਕੋ[25]ਵਡਭਾਗੀ[26] ਪਾਏ[27] ॥ | piety[23] and it is by good fortune[26] that some one[25] scales[27] it. | ਕੋਈ ਟਾਂਵਾਂ ਟੱਲਾ[25] ਪਰਮ ਚੰਗੇ-ਭਾਗਾਂ ਵਾਲਾ[26] ਹੀ ਇਸ ਤੇ ਚੜ੍ਹ[27] ਸਕਦਾ ਹੈ। |
| ਕੋਟਿ[28] ਜਨਮ ਕੇ ਕਿਲਬਿਖ[29] ਨਾਸੇ[30] ਹਰਿ ਚਰਣੀ[31]ਚਿਤੁ[32] ਲਾਏ[33] ॥੨॥ | The sins[29] of millions[28] of births are washed off[30], by fixing[33] attention[32] on the Lord's feet[31]. | ਪ੍ਰਭੂ ਦੇ ਪੈਰਾਂ[31] ਨਾਲ ਬਿਰਤੀ[32] ਜੋੜਣ[33] ਦੁਆਰਾ ਕ੍ਰੋੜਾਂ[28] ਹੀ ਜਨਮਾਂ ਦੇ ਪਾਪ[29] ਧੋਤੇ ਜਾਂਦੇ[30] ਹਨ। |
| ਉਸਤਤਿ[34] ਕਰਹੁ ਸਦਾ[38] ਪ੍ਰਭ ਅਪਨੇ ਜਿਨਿ[39] ਪੂਰੀ[35] ਕਲ[36] ਰਾਖੀ[37] ॥ | Ever[38] sing thou the praise[34] of thy Lord, who[39] possesses[37] perfect[35] might[36]. | ਤੂੰ ਸਦੀਵ[38] ਹੀ ਆਪਣੇ ਸੁਆਮੀ ਦਾ ਜੱਸ[34] ਗਾਇਨ ਕਰ ਜੋ[39] ਪੂਰਨ[35] ਸ਼ਕਤੀ[36] ਰਖਦਾ[37] ਹੈ। |
| ਜੀਅ[40] ਜੰਤ[41] ਸਭਿ[42] ਭਏ[43] ਪਵਿਤ੍ਰਾ[44] ਸਤਿਗੁਰ ਕੀ ਸਚੁ ਸਾਖੀ[45] ॥੩॥ | Hearing Satguru's true instructions[45], all[42] the men[40] and other creatures[41] are rendered[43] pure[44]. | ਸਤਿਗੁਰਾਂ ਦਾ ਸੱਚਾ ਉਪਦੇਸ਼[45] ਸ੍ਰਵਣ ਕਰਨ ਦੁਆਰਾ ਸਾਰੇ[42] ਇਨਸਾਨ[40] ਤੇ ਹੋਰ ਜੀਵ[41] ਪਵਿੱਤਰ[44] ਹੋ ਗਏ[43] ਹਨ। |
| ਬਿਘਨ[46] ਬਿਨਾਸਨ[47] ਸਭਿ[48] ਦੁਖ[49] ਨਾਸਨ[50] ਸਤਿਗੁਰਿ ਨਾਮੁ ਦ੍ਰਿੜਾਇਆ[51] ॥ | The True Guru has implanted[51] within me the Name, the dispeller[47] of obstructions[46] and the destroyer[50] of all[48] pains[49]. | ਸੱਚੇ ਗੁਰਾਂ ਨੇ ਰੁਕਾਵਟ[46] ਦੂਰ ਕਰਨਹਾਰ[47]ਅਤੇ ਸਮੂਹ[48] ਪੀੜ[49] ਹਰਨ ਵਾਲੇ[50] ਨਾਮ ਨੂੰ ਮੇਰੇ ਅੰਦਰ ਪੱਕਾ[51] ਕਰ ਦਿੱਤਾ ਹੈ। |
| ਖੋਏ[52] ਪਾਪ[53] ਭਏ[56] ਸਭਿ[54] ਪਾਵਨ[55] ਜਨ[57] ਨਾਨਕ ਸੁਖਿ[58] ਘਰਿ[59] ਆਇਆ[60] ॥੪॥੩॥੫੩॥ | All[54] my sins[53] are eradicated[52], I am rendered[56] pure[55], and have come[60] back to the House[59] of bliss[58], O slave[57] Nanak. | ਮੇਰੇ ਸਾਰੇ[54] ਗੁਨਾ[53] ਨਸ਼ਟ ਹੋ ਗਏ[52] ਹਨ, ਮੈਂ ਪਵਿੱਤ੍ਰ[55] ਹੋ ਗਿਆ[56] ਹਾਂ ਅਤੇ ਪ੍ਰਸੰਨਤਾ[58] ਦੇ ਧਾਮ[59] ਵਿੱਚ ਪੁੱਜ ਗਿਆ[60] ਹਾਂ, ਹੇ ਦਾਸ[57] ਨਾਨਕ! |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਸਾਹਿਬੁ ਗੁਨੀ[61] ਗਹੇਰਾ[62] ॥ | My Master, Thou art the ocean[62] of excellences[61]. | ਮੇਰੇ ਮਾਲਕ ਤੂੰ ਗੁਣਾਂ[61] ਦਾ ਸਮੁੰਦਰ[62] ਹੈਂ। |
| ਘਰੁ ਲਸਕਰੁ[63] ਸਭੁ ਤੇਰਾ ॥ | My home and hosts[63] all art Thine. | ਮੇਰਾ ਗ੍ਰਿਹ ਅਤੇ ਸੈਨਾ[63] ਸਮੂਹ ਤੇਂਡੇ ਹੀ ਹਨ। |
| ਰਖਵਾਲੇ[64] ਗੁਰ[65] [66]ਗੋਪਾਲਾ[67] ॥ | The great[65] World[66]-Lord[67], Thou art my Saviour[64]. | ਵੱਡਾ[65] ਸ੍ਰਿਸ਼ਟੀ[66] ਦਾ ਸੁਆਮੀ[67] ਮੇਰਾ ਰੱਖਿਅਕ[64] ਹੈ। |
| ਸਭਿ ਜੀਅ[68] ਭਏ ਦਇਆਲਾ[69] ॥੧॥ | All the beings[68] are compassionate[69] to me. | ਸਾਰੇ ਜੀਵ[68] ਮੇਰੇ ਉੱਤੇ ਮਿਹਰਬਾਨ[69] ਹਨ। |
| ਜਪਿ[70] ਅਨਦਿ[71] ਰਹਉ ਗੁਰ ਚਰਣਾ[72] ॥ | Meditating[70] on Guru's feet[72], I remain happy[71]. | ਗੁਰਾਂ ਦੇ ਪੈਰਾਂ[72] ਦਾ ਆਰਾਧਨ[70] ਕਰਕੇ, ਮੈਂ ਖੁਸ਼[71] ਰਹਿੰਦਾ ਹਾਂ। |
| ਭਉ[73] ਕਤਹਿ[74] ਨਹੀ ਪ੍ਰਭ ਸਰਣਾ[75] ॥ਰਹਾਉ॥ | Being in the Lord's sanctuary[75], there is no fear[73] anywhere[74]. Pause. | ਸੁਆਮੀ ਦੀ ਸ਼ਰਣਾਗਤ[75] ਵਿੱਚ ਹੋਣ ਨਾਲ ਕਿਧਰੇ ਭੀ[74] ਕੋਈ ਡਰ[73] ਨਹੀਂ। ਠਹਿਰਾਉ। |
| ਤੇਰਿਆ ਦਾਸਾ[76] ਰਿਦੈ[77] [78]ਮੁਰਾਰੀ[79] ॥ | O Lord, the Enemy[79] of ego[78], Thou abidest within the mind[77] of Thine slaves[76]. | ਹੇ ਹੰਕਾਰ[78] ਦੇ ਵੈਰੀ[79] ਸੁਆਮੀ! ਤੂੰ ਆਪਣਿਆ ਗੋਲਿਆਂ[76] ਦੇ ਮਨ[77] ਵਿੱਚ ਵਸਦਾ ਹੈਂ। |

| | | |
|---|---|---|
| ਪ੍ਰਭਿ ਅਬਿਚਲ[80] ਨੀਵ[81] ਉਸਾਰੀ[82] ॥ | The Lord has laid[82] the immovable[80] foundation[81]. | ਸਾਹਿਬ ਨੇ ਨਾ ਹਿੱਲਣ ਵਾਲੀ[80] ਬੁਨਿਆਦ[81] ਰੱਖੀ[82] ਹੈ । |
| ਬਲੁ[83] ਧਨੁ[84] ਤਕੀਆ[85] ਤੇਰਾ ॥ | Thou art my might[83], wealth[84] and support[85], | ਤੂੰ ਹੀ ਮੇਰੀ ਸੱਤਿਆ[83], ਦੌਲਤ[84] ਅਤੇ ਆਸਰਾ[85] ਹੈਂ । |
| ਤੂ ਭਾਰੋ[86] ਠਾਕੁਰੁ[87] ਮੇਰਾ॥੨॥ | For, Thou alone art my All-powerful[86] Lord[87]. | ਕੇਵਲ ਤੂੰ ਹੀ ਮੈਂਡਾ ਵਿਸ਼ਾਲ[86] ਮਾਲਕ[87] ਹੈਂ । |
| ਜਿਨਿ ਜਿਨਿ[88] ਸਾਧ ਸੰਗੁ ਪਾਇਆ ॥ ਸੋ[89] ਪ੍ਰਭਿ ਆਪਿ[90] ਤਰਾਇਆ[91] ॥ | Who-so-ever[88] attains the saints' society, him[89], the Lord Himself[90] saves[91]. | ਜੋ ਕੋਈ ਭੀ[88] ਸਤਿ ਸੰਗਤ ਨਾਲ ਜੁੜਦਾ ਹੈ, ਉਸ ਦਾ[89] ਸੁਆਮੀ[89] ਖ਼ੁਦ[90] ਪਾਰ ਉਤਾਰਾ ਕਰ ਦਿੰਦਾ[91] ਹੈ । |
| ਕਰਿ[92] ਕਿਰਪਾ[93] ਨਾਮ ਰਸੁ[94] ਦੀਆ[95] ॥ | Taking[92] pity[93] on me, the Lord has blessed[95] me with the Name-Nectar[94]. | ਮੇਰੇ ਤੇ ਰਹਿਮਤ[93] ਧਾਰ ਕੇ[92] ਸਾਹਿਬ ਨੇ ਮੈਨੂੰ ਨਾਮ ਦੇ ਅੰਮ੍ਰਿਤ[94] ਦੀ ਦਾਤ ਦਿੱਤੀ[95] ਹੈ । |
| ਕੁਸਲ[96] ਖੇਮ[97] ਸਭ[98] ਬੀਆ[99] ॥੩॥ | For me, then ensued[99] all[98] pleasure[96] and peace[97]. | ਮੇਰੇ ਲਈ ਤਦ ਸਮੂਹ[98] ਖੁਸ਼ੀਆਂ[96] ਤੇ ਆਰਾਮ[97] ਉਤਪੰਨ ਹੋ ਗਏ । |
| ਹੋਏ ਪ੍ਰਭੂ ਸੁਹਾਈ[100] ॥ ਸਭ[2] ਉਠਿ[3] ਲਾਗੀ[4] ਪਾਈ[5] ॥ | The Lord has become my Helper[100], Every one[2], then got up[3] and fell[4] at my feet[5]. | ਸੁਆਮੀ ਮੇਰਾ ਸਹਾਇਕ[100] ਹੋ ਗਿਆ ਹੈ, ਤਾਂ ਹਰ ਜਣਾ[2] ਖੜਾ ਹੋ[3] ਮੇਰੇ ਪੈਰਾਂ[5] ਤੇ ਢਹਿ ਪਿਆ[4] । |
| ਸਾਸਿ ਸਾਸਿ[6] ਪ੍ਰਭੁ ਧਿਆਈਐ[7] ॥ ਹਰਿ ਮੰਗਲੁ[8] ਨਾਨਕ ਗਾਈਐ[9] ॥੪॥੪॥੫੪॥ | With every breath[6] let us contemplete[7] our God and Sing[9] the blissful song[8] of the Lord, O Nanak. | ਆਪਣੇ ਹਰ ਸੁਆਸ[6] ਨਾਲ ਆਓ ਹੁਣ ਸਾਹਿਬ ਦਾ ਸਿਮਰਨ[7] ਕਰੀਏ, ਹੇ. ਨਾਨਕ ! ਅਤੇ ਵਾਹਿਗੁਰੂ ਦਾ ਜੱਸ[8] ਗਾਇਨ[9] ਕਰੀਏ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਸੂਖ[10] ਸਹਜ[12] ਆਨੰਦਾ[13] ॥ ਪ੍ਰਭੁ ਮਿਲਿਓ ਮਨਿ[14] ਭਾਵੰਦਾ[15] ॥ | Meeting the Lord, who is pleasing[15] to my mind[14], I have attained peace[10], poise[12] and pleasure[13]. | ਸੁਆਮੀ ਜੋ ਮੇਰੇ ਚਿੱਤ[14] ਨੂੰ ਚੰਗਾ ਲਗਦਾ[15] ਹੈ, ਨੂੰ ਮਿਲ ਕੇ ਮੈਨੂੰ ਠੰਢ-ਚੈਨ[10], ਅਡੋਲਤਾ[12] ਅਤੇ ਖ਼ੁਸ਼ੀ[13] ਪ੍ਰਾਪਤ ਹੋ ਗਈਆਂ ਹਨ । |
| ਪੂਰੈ[16] ਗੁਰਿ ਕਿਰਪਾ[17] ਧਾਰੀ[18] ॥ ਤਾ[19] ਗਤਿ[20] ਭਈ ਹਮਾਰੀ[21] ॥੧॥ | The perfect[16] Guru took mercy[17] on me. And then[19] did I[21] attain salvation[20]. | ਪੂਰਨ[16] ਗੁਰਦੇਵ ਨੇ ਮੇਰੇ ਉੱਤੇ ਰਹਿਮ[17] ਕੀਤਾ[18] ਅਤੇ ਤਦ[19] ਮੇਰੀ[21] ਕਲਿਆਣ[20] ਹੋ ਗਈ । |
| ਹਰਿ ਕੀ ਪ੍ਰੇਮ ਭਗਤਿ[22] ਮਨੁ ਲੀਨਾ[23] ॥ ਨਿਤ[24] ਬਾਜੇ ਅਨਹਤ[25] ਬੀਨਾ[26] ॥ਰਹਾਉ॥ | My soul is absorbed[23] in the lovable devotional service[22] of God. Within me ever[24] plays the flute[26] of Divine bliss[25]. Pause. | ਮੇਰੀ ਆਤਮਾ ਵਾਹਿਗੁਰੂ ਦੀ ਪਿਆਰੀ ਭਗਤੀ-ਸੇਵਾ[22] ਵਿੱਚ ਰਮੀ ਹੋਈ[23] ਹੈ । ਮੇਰੇ ਅੰਦਰ ਈਸ਼ਵਰੀ ਆਨੰਦ[25] ਦੀ ਬੰਸਰੀ[26] ਸਦਾ[24] ਹੀ ਵਜਦੀ ਹੈ । ਠਹਿਰਾਉ । |
| ਹਰਿ ਚਰਣ[27] ਕੀ ਓਟ[28] ਸਤਾਣੀ[29] ॥ ਸਭ ਚੂਕੀ[30] ਕਾਣਿ[31] ਲੋਕਾਣੀ[32] ॥ | Powerful[29] is the refuge[28] of the Lord's feet[27] so my dependence[31] on the people[32] is all past[30]. | ਜ਼ਬਰਦਸਤ[29] ਹੈ ਵਾਹਿਗੁਰੂ ਦੇ ਚਰਣਾਂ[27] ਦੀ ਸਰਣਾਗਤ[28], ਇਸ ਲਈ ਮੇਰੀ ਲੋਕਾਂ[32] ਦੀ ਮੁਥਾਜੀ[31] ਸਾਰੀ ਮੁਕ ਗਈ[30] ਹੈ । |
| [33]ਜਗਜੀਵਨੁ[34] ਦਾਤਾ[35] | I have attained the Beneficent[35] Lord, | ਮੈਂ ਸੰਸਾਰ[33] ਦੀ ਜਿੰਦ-ਜਾਨ[34], ਦਾਤਾਰ[35] ਸੁਆਮੀ ਨੂੰ |

| | | |
|---|---|---|
| ਪਾਇਆ ॥ ਹਰਿ ਰਸਕਿ ਰਸਕਿ[36] ਗੁਣ[37] ਗਾਇਆ[38]॥੨॥ | the Life[34] of the World[33]. Enthralled with joy[36], I now sing[38] the God's praise[37]. | ਪਾ ਲਿਆ ਹੈ। ਖੁਸ਼ੀ[36] ਨਾਲ ਸਰਸ਼ਾਰ ਹੋ, ਹੁਣ ਮੈਂ ਵਾਹਿਗੁਰੂ ਦੀ ਕੀਰਤੀ[37] ਗਾਇਨ ਕਰਦਾ[38] ਹਾਂ। |
| ਪ੍ਰਭ ਕਾਟਿਆ[39] ਜਮ[40] ਕਾ ਫਾਸਾ[41] ॥ | The Lord has snapped[39] the noose[41] of the Death's courier[40]. | ਸੁਆਮੀ ਨੇ ਮੌਤ ਦੇ ਦੂਤ[40] ਦੀ ਫਾਹੀ[41] ਕੱਟ ਦਿੱਤੀ[39] ਹੈ। |
| ਮਨ[42] ਪੂਰਨ[43] ਹੋਈ ਆਸਾ[44]॥ | My heart's[42] desire[44] is fulfilled[43]. | ਮੇਰੇ ਦਿਲ[42] ਦੀ ਖ਼ਾਹਿਸ਼[44] ਪੂਰੀ ਹੋ ਗਈ[43] ਹੈ। |
| ਜਹ[45] ਪੇਖਾ[46] ਤਹ[47] ਸੋਈ[43]॥ | Wherever[45] I do see[46] now, there[47] is He[48] present. | ਜਿਥੇ ਕਿਤੇ[45] ਭੀ ਮੈਂ ਹੁਣ ਦੇਖਦਾ[46] ਹਾਂ; ਉਥੇ[47] ਹੀ ਉਹ[48] ਹਾਜ਼ਰ ਨਾਜ਼ਰ ਹੈ। |
| ਹਰਿ ਪ੍ਰਭ[49] ਬਿਨੁ[50] ਅਵਰੁ[51] ਨ ਕੋਈ ॥੩॥ | Without[50] the Lord God[49], there is not any other[51]. | ਸੁਆਮੀ ਵਾਹਿਗੁਰੂ[49] ਦੇ ਬਗ਼ੈਰ[50] ਹੋਰ ਕੋਈ[51] ਨਹੀਂ। |
| ਕਰਿ ਕਿਰਪਾ[52] ਪ੍ਰਭਿ ਰਾਖੇ[53] ॥ | The Lord has mercifully[52] preserved[53] me. | ਮਿਹਰਬਾਨੀ ਕਰਕੇ[52], ਸਾਂਈ ਨੇ ਮੇਰੀ ਰੱਖਿਆ ਕੀਤੀ[53] ਹੈ। |
| ਸਭਿ[54] ਜਨਮ ਜਨਮ[55] ਦੂਖ[56] ਲਾਥੇ[57] ॥ | I am now totally[54] rid of[57] all[54] the sufferings[56] of millions of births[55]. | ਮੈਂ ਹੁਣ, ਕ੍ਰੋੜਾਂ ਹੀ ਜਨਮਾਂ[55] ਦੇ ਦੁਖੜਿਆਂ[56] ਤੋਂ ਮੁਕੰਮਲ[54] ਖਲਾਸੀ ਪਾ ਗਿਆ[57] ਹਾਂ। |
| ਨਿਰਭਉ[58] ਨਾਮੁ ਧਿਆਇਆ[59] ॥ ਅਟਲ[60] ਸੁਖੁ[61] ਨਾਨਕ ਪਾਇਆ ॥੪॥੫॥੫੫॥ | I have meditated[59] on the Name of the fear-free[58] Lord and have obtained the eternal[60] bliss[61], O Nanak. | ਮੈਂ ਡਰ-ਰਹਿਤ[58] ਸੁਆਮੀ ਦੇ ਨਾਮ ਦਾ ਸਿਮਰਨ ਕੀਤਾ[59] ਹੈ, ਅਤੇ ਅਮਰ[60] ਖ਼ੁਸ਼ੀ[61] ਪ੍ਰਾਪਤ ਕੀਤੀ ਹੈ, ਹੇ ਨਾਨਕ! |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸਾਹੀ। |
| ਠਾਢਿ[62] ਪਾਈ[63] ਕਰਤਾਰੇ[64]॥ ਤਾਪੁ[65] ਛੋਡਿ ਗਇਆ ਪਰਵਾਰੇ[66] ॥ | The Creator[64] has brought[66] peace[62] to my home, and the fever[65] has left my family[66], | ਸਿਰਜਣਹਾਰ[64] ਨੇ ਮੇਰੇ ਘਰ ਵਿੱਚ ਠੰਢ ਚੈਨ[62] ਵਰਤਾ ਦਿੱਤੀ[63] ਹੈ ਤੇ ਬੁਖਾਰ[65] ਮੇਰੇ ਪਰਵਾਰ[66] ਨੂੰ ਛੱਡ ਗਿਆ ਹੈ। |
| ਗੁਰਿ ਪੂਰੈ[67] ਹੈ ਰਾਖੀ ॥ | The Perfect[67] Guru has saved my honour. | ਪੂਰਨ[67] ਗੁਰਾਂ ਨੇ ਮੇਰੀ ਇੱਜ਼ਤ ਰੱਖ ਲਈ ਹੈ। |
| ਸਰਣਿ[68] ਸਚੇ[69] ਕੀ ਤਾਕੀ[70] ॥੧॥ | I have sought[70] the protection[68] of the True Lord[69]. | ਮੈਂ ਸੱਚੇ ਸਾਹਿਬ[69] ਦੀ ਪਨਾਹ[68] ਲਈ[70] ਹੈ। |
| ਪਰਮੇਸਰੁ[71] ਆਪਿ[72] ਹੋਆ ਰਖਵਾਲਾ[73] ॥ | The Supreme[71] Lord Himself[72] has become Protector[73]. | ਸ਼੍ਰੋਮਣੀ ਸਾਹਿਬ[71] ਖ਼ੁਦ[72] ਮੇਰਾ ਰੱਖਣ ਵਾਲਾ[73] ਹੋ ਗਿਆ ਹੈ। |
| ਸਾਂਤਿ[74] ਸਹਜ[75] ਸੁਖ[76] ਖਿਨ[77] ਮਹਿ[78] ਉਪਜੇ[79] ਮਨੁ[81] ਹੋਆ ਸਦਾ[80] ਸੁਖਾਲਾ[82] ॥ ਰਹਾਉ॥ | Peace[74], poise[75] and pleasure[76] have welled[79] within me in[78] an instant[77] and my mind[81] has become comfortable[82] for aye[80]. Pause. | ਠੰਢ-ਚੈਨ[74], ਅਡੋਲਤਾ[75] ਅਤੇ ਖ਼ੁਸ਼ੀ[76] ਇੱਕ ਮੁਹਤ[77] ਵਿੱਚ[78] ਮੇਰੇ ਅੰਦਰ ਉਤਪੰਨ[79] ਹੋ ਗਈਆਂ ਅਤੇ ਮੇਰੀ ਆਤਮਾ[81] ਹਮੇਸ਼ਾ[80] ਲਈ ਸੁਖੀ[82] ਹੋ ਗਈ। ਠਹਿਰਾਉ। |
| ਹਰਿ ਹਰਿ ਨਾਮੁ ਦੀਓ ਦਾਰੂ[83] ॥ ਤਿਨਿ[84] ਸਗਲਾ | The Lord God has given me the medicine[83] of His Name, which[84] | ਸੁਆਮੀ ਵਾਹਿਗੁਰੂ ਨੇ ਮੈਨੂੰ ਆਪਣੇ ਨਾਮ ਦੀ ਦਵਾਈ[83] ਦਿੱਤੀ ਹੈ, ਜਿਸ ਨੇ[84] ਮੇਰੀਆ ਸਾਰੀਆਂ ਬੀਮਾਰੀਆਂ[85] |

| | | |
|---|---|---|
| ਰੋਗੁ[85] ਬਿਦਾਰੂ[86] ॥ | has rid[83] me of all the diseases[85]. | ਦੂਰ ਕਰ ਦਿੱਤੀਆਂ[86] ਹਨ । |
| ੬੨੩ | | |
| ਅਪਣੀ ਕਿਰਪਾ[87] ਧਾਰੀ[88] ॥ ਤਿਨਿ ਸਗਲੀ ਬਾਤ[89] ਸਵਾਰੀ[90] ॥੨॥ | To me the Lord has extended[88] His mercy[87], which has regulated[90] all mine affairs[89]. | ਮੇਰੇ ਉੱਤੇ ਸਾਂਈ ਨੇ ਆਪਣੀ ਮਿਹਰ[87] ਕੀਤੀ[88] ਹੈ, ਜਿਸ ਨੇ ਮੇਰੇ ਸਾਰੇ ਕਾਰਜ[81] ਰਾਸ ਕਰ ਦਿਤੇ[90] ਹਨ । |
| ਪ੍ਰਭਿ[90] ਅਪਨਾ ਬਿਰਦੁ[91] ਸਮਾਰਿਆ[92] ॥ ਹਮਰਾ ਗੁਣੁ[93] ਅਵਗੁਣੁ[94] ਨ ਬੀਚਾਰਿਆ[95] ॥ | The Lord has honoured[92] His creed[91], and has not taken into account[95] my merits[93] and demerits[94]. | ਸੁਆਮੀ ਨੇ ਆਪਣੇ ਧਰਮ[91] ਦੀ ਪਾਲਣਾ ਕੀਤੀ[92] ਹੈ ਅਤੇ ਮੇਰੀਆਂ ਨੇਕੀਆਂ[93] ਤੇ ਬਦੀਆਂ[94] ਵਲ ਧਿਆਨ[95] ਨਹੀਂ ਦਿੱਤਾ । |
| ਗੁਰ ਕਾ ਸਬਦੁ[96] ਭਇਓ ਸਾਖੀ[97] ॥ ਤਿਨਿ[98] ਸਗਲੀ[99] ਲਾਜ[100] ਰਾਖੀ[2] ॥੩॥ | The Guru's word[96] has become manifest[97] unto me, which[98] has wholly[99] preserved[2] my honour[100]. | ਗੁਰਾਂ ਦੀ ਬਾਣੀ[96] ਮੇਰੇ ਤੇ ਪ੍ਰਗਟ[97] ਹੋਈ ਹੈ ਜਿਸ[98] ਨੇ ਮੁਕੰਮਲ[99] ਤੌਰ ਤੇ ਮੇਰੀ ਇੱਜ਼ਤ ਆਬਰੂ[100] ਰੱਖ ਲਈ[2] ਹੈ । |
| ਬੋਲਾਇਆ ਬੋਲੀ[3] ਤੇਰਾ ॥ ਤੂ ਸਾਹਿਬੁ ਗੁਣੀ[4] ਗਹੇਰਾ[5] ॥ | I utter[3] what Thou makest me utter Thou, O Lord, art an ocean[5] of excellences[4], | ਮੈਂ ਉਹੋ ਕੁੱਛ ਬੋਲਦਾ[3] ਹਾਂ ਜਿਹੜਾ ਤੂੰ ਮੇਰੇ ਪਾਸੋਂ ਬੁਲਾਉਂਦਾ ਹੈਂ । ਤੂੰ ਹੇ ਪ੍ਰਭੂ ! ਗੁਣਾਂ[4] ਦਾ ਸਮੁੰਦਰ[5] ਹੈਂ । |
| ਜਪਿ[6] ਨਾਨਕ ਨਾਮੁ ਸਚੁ[7] ਸਾਖੀ[8] ॥ | Nanak utters[6] the Name and hears the True Guru's[7] instruction[8]. | ਨਾਨਕ ਨਾਮ ਦਾ ਉਚਾਰਨ ਕਰਦਾ[6] ਅਤੇ ਸੱਚੇ ਗੁਰਾਂ[7] ਦੀ ਸਿੱਖਿਆ[8] ਨੂੰ ਸੁਣਦਾ ਹੈ । |
| ਅਪੁਨੇ ਦਾਸ[9] ਕੀ ਪੈਜ[10] ਰਾਖੀ ॥੪॥੬॥੫੬॥ | The Lord has saved the honour[10] of His slaves[9]. | ਪ੍ਰਭੂ ਆਪਣੇ ਦਾਸ[9] ਦੀ ਲਾਜ[10] ਰਖਦਾ ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਵਿਚਿ ਕਰਤਾ[12] ਪੁਰਖੁ[13] ਖਲੋਆ[14] ॥ ਵਾਲੁ[15] ਨ ਵਿੰਗਾ[16] ਹੋਆ ॥ | The Creator[12] Lord[13] stood[14] in the midst and not even a hair[15] of mine got wry[16]. | ਸਿਰਜਣਹਾਰ[12] ਸੁਆਮੀ[13] ਆਪ ਆ ਖੜਾ ਹੋਇਆ[14] ਅਤੇ ਮੇਰਾ ਇਕ ਰੋਮ[15] ਭੀ ਟੇਢਾ[16] ਨਾ ਹੋਇਆ । |
| ਮਜਨੁ[17] ਗੁਰ ਆਂਦਾ[18] ਰਾਸੇ[19] ॥ | My ablution[17] the Guru has rendered[18] fruitful[19]. | ਮੇਰਾ ਇਸ਼ਨਾਨ[17] ਗੁਰਾਂ ਨੇ ਸਫਲ[19] ਕਰ ਦਿੱਤਾ[18] ਹੈ । |
| ਜਪਿ[20] ਹਰਿ ਹਰਿ[21] ਕਿਲਵਿਖ[22] ਨਾਸੇ[23] ॥੧॥ | Meditating[20] on the Lord Master[21], my sins[22] have vanished[23]. | ਸੁਆਮੀ ਮਾਲਕ[21] ਦਾ ਸਿਮਰਨ[20] ਕਰਨ ਦੁਆਰਾ ਮੇਰੇ ਪਾਪ[22] ਖਤਮ ਹੋ ਗਏ[23] ਹਨ । |
| ਸੰਤਹੁ ਰਾਮਦਾਸ ਸਰੋਵਰੁ[24] ਨੀਕਾ[25] ॥ | O saints, sublime[25] is the tank[24] of Ram Dass. | ਹੇ ਸਾਧੂਓ ! ਸ੍ਰੇਸ਼ਟ[25] ਹੈ ਰਾਮ ਦਾਸ ਜੀ ਦਾ ਤਾਲਾਬ[24] । |
| ਜੋ[26] ਨਾਵੈ[27] ਸੋ[28] ਕੁਲੁ[29] ਤਰਾਵੈ[32] ਉਧਾਰੁ[30] ਹੋਆ ਹੈ ਜੀ[31] ਕਾ ॥੧॥ਰਹਾਉ॥ | Who-so-ever[26] bathes[27] therein. his[28] lineage[29] is saved[32], and his own soul[31] is blessed[30] too Pause. | ਜੋ ਕੋਈ[26] ਉਸ ਵਿੱਚ ਇਸ਼ਨਾਨ ਕਰਦਾ[27] ਹੈ, ਉਸ ਦੀ[38] ਵੰਸ਼[29] ਤਰ ਜਾਂਦੀ[32] ਹੈ ਅਤੇ ਉਹ ਆਪਣੀ ਆਤਮਾ[31] ਦਾ ਭੀ ਪਾਰ ਉਤਾਰਾ[30] ਕਰ ਲੈਂਦਾ ਹੈ । ਠਹਿਰਾਉ । |
| ਜੈ ਜੈ ਕਾਰੁ[33] ਜਗੁ[34] ਗਾਵੈ[35]॥ ਮਨਿ[36] ਚਿੰਦਿਅੜੇ[37] ਫਲ[38] ਪਾਵੈ ॥ | The world[34] sings[35] his praise[33]. He obtains his heart[36]-desired[37] boons[38]. | ਸੰਸਾਰ[34] ਉਸ ਦੀ ਉਸਤਤੀ[33] ਗਾਇਨ ਕਰਦਾ[35] ਹੈ । ਉਹ ਆਪਣੀਆਂ ਚਿੱਤ[36]-ਚਾਹੁੰਦੀਆਂ[37] ਮੁਰਾਦਾਂ[38] ਪਾ ਲੈਂਦਾ ਹੈ । |

| | | |
|---|---|---|
| ਸਹੀ ਸਲਾਮਤਿ[39] ਨਾਇ[40] ਆਏ[41] ॥ ਅਪਣਾ ਪ੍ਰਭੂ ਧਿਆਏ[42] ॥੨॥ | He who comes[41] here and takes a bath[40] and meditates[42] on his Lord, is rendered safe and sound[39]. | ਜੋ ਏਥੇ ਆ ਕੇ[41] ਇਸ਼ਨਾਨ ਕਰਦਾ[40] ਹੈ ਅਤੇ ਆਪਣੇ ਸੁਆਮੀ ਨੂੰ ਸਿਮਰਦਾ[42] ਹੈ, ਉਹ ਰਾਜ਼ੀ ਬਾਜ਼ੀ[39] ਹੋ ਜਾਂਦਾ ਹੈ। |
| ਸੰਤ ਸਰੋਵਰ ਨਾਵੈ ॥ ਸੋ[43] ਜਨੁ[44] ਪਰਮ ਗਤਿ[45] ਪਾਵੈ ॥ | Who bathes in the saints' tank, that[43] man[44] obtains the highest status[45]. | ਜੋ ਸਾਧੂਆਂ ਦੇ ਤਾਲਾਬ ਵਿੱਚ ਨ੍ਹਾਉਂਦਾ ਹੈ, ਉਹ[43] ਇਨਸਾਨ[44] ਪਰਮ ਮਰਤਬੇ[45] ਨੂੰ ਪਾ ਲੈਂਦਾ ਹੈ। |
| ਮਰੈ ਨ ਆਵੈ ਜਾਈ ॥ ਹਰਿ ਹਰਿ[46] ਨਾਮੁ ਧਿਆਈ[47] ॥੩॥ | He dies not, nor comes, nor goes. He deliberates[47] over the Lord Master's[46] Name. | ਉਹ ਮਰਦਾ ਨਹੀਂ, ਨਾ ਹੀ ਆਉਂਦਾ ਹੈ, ਨਾ ਹੀ ਜਾਂਦਾ ਹੈ। ਉਹ ਪ੍ਰਭੂ ਪ੍ਰਮੇਸ਼ਰ[46] ਦੇ ਨਾਮ ਦਾ ਆਰਾਧਨ ਕਰਦਾ[47] ਹੈ। |
| ਇਹੁ ਬ੍ਰਹਮ ਬਿਚਾਰੁ[48] ਸੁ ਜਾਨੈ[49]॥ ਜਿਸੁ ਦਇਆਲੁ[50] ਹੋਇ ਭਗਵਾਨੈ[51] ॥ | He alone knows[49] the Divine reality[48] whom the Lord[51] blesseth with His mercy[50]. | ਕੇਵਲ ਉਹੀ[49], ਈਸ਼ਵਰੀ ਗਿਆਨ[44] ਨੂੰ ਜਾਣਦਾ ਹੈ। ਜਿਸ ਉੱਤੇ ਪ੍ਰਭੂ[51] ਮਿਹਰਬਾਨ[50] ਹੁੰਦਾ ਹੈ। |
| ਬਾਬਾ ਨਾਨਕ ਪ੍ਰਭ ਸਰਣਾਈ[52] ॥ ਸਭ[56] ਚਿੰਤਾ[53] ਗਣਤ[54] ਮਿਟਾਈ[55] ॥੪॥੭॥੫੭॥ | He, who seeks the protection[52] of Baba Nanak and the Lord, his cares[53] and anxieties[54] are all[56] dispelled[55]. | ਜੋ ਬਾਬੇ ਨਾਨਕ ਅਤੇ ਪ੍ਰਮੇਸ਼ਰ ਦੀ ਪਨਾਹ[52] ਲੈਂਦਾ ਹੈ, ਉਸ ਦੇ ਸਾਰੇ ਗ਼ਮ[53] ਅਤੇ ਫ਼ਿਕਰ[54] ਮੁੱਕ ਜਾਂਦੇ[55] ਹਨ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਪਾਰਬ੍ਰਹਮਿ[57] ਨਿਬਾਹੀ ਪੂਰੀ[58] ॥ ਕਾਈ ਬਾਤ[59] ਨ ਰਹੀਆ ਊਰੀ[60] ॥ | The Supreme Lord[57] has stood by me to the last[58], and nothing[59] is now left un-accomplished[60]. | ਸ਼੍ਰੋਮਣੀ ਸਾਹਿਬ[57] ਨੇ ਅਖ਼ੀਰ ਤਾਂਈਂ[58] ਮੇਰਾ ਪੱਖ ਪੂਰਿਆ ਹੈ ਅਤੇ ਹੁਣ ਮੇਰਾ ਕੋਈ ਕੰਮ[59] ਭੀ ਅਧੂਰਾ[60] ਨਹੀਂ ਰਿਹਾ। |
| ਗੁਰਿ ਚਰਨ[61] ਲਾਇ[62] ਨਿਸਤਾਰੇ[63] ॥ ਹਰਿ ਹਰਿ[64] ਨਾਮੁ ਸਮ੍ਹਾਰੇ[65] ॥੧॥ | Attaching[62] myself to the Guru's feet[61], I am saved[63], and I now cherish[65] the Lord God's[64] Name. | ਗੁਰੂ ਦੇ ਚਰਣਾਂ[61] ਨਾਲ ਆਪਣੇ ਆਪ ਨੂੰ ਜੋੜ[62] ਕੇ ਮੈਂ ਬਚ ਗਿਆ[63] ਹਾਂ ਅਤੇ ਹੁਣ ਮੈਂ ਹਮੇਸ਼ਾ ਸੁਆਮੀ ਵਾਹਿਗੁਰੂ[94] ਦੇ ਨਾਮ ਦਾ ਸਿਮਰਨ[65] ਕਰਦਾ ਹਾਂ। |
| ਅਪਨੇ ਦਾਸ[66] ਕਾ ਸਦਾ[67] ਰਖਵਾਲਾ[68] ॥ | The Lord is ever[67] the saviour[68] of His slave[66]. | ਸੁਆਮੀ ਸਦੀਵ[67] ਹੀ ਆਪਣੇ ਸੇਵਕ[66] ਦੀ ਰਖਿਆ ਕਰਨ ਵਾਲਾ[68] ਹੈ। |
| ਕਰਿ[69] ਕਿਰਪਾ[70] ਅਪੁਨੇ[71] ਕਰਿ ਰਾਖੇ[72] ਮਾਤ[73] ਪਿਤਾ[74] ਜਿਉ[75] ਪਾਲਾ[76] ॥੧॥ ਰਹਾਉ॥ | Showering[69] His benediction[70] He has made me His own[71] and saved[72] me. Like[75] mother[73] and father[74], He cherishes[76] me. Pause. | ਆਪਣੀ ਰਹਿਮਤ[70] ਧਾਰ ਕੇ[69] ਉਸ ਨੇ ਮੈਨੂੰ ਆਪਣਾ ਨਿੱਜ ਦਾ[71] ਬਣਾ ਲਿਆ ਹੈ ਤੇ ਮੇਰੀ ਰੱਖਿਆ ਕੀਤੀ[72] ਹੈ। ਮਾਂ[73] ਤੇ ਪਿਉ[74] ਦੀ ਨਿਆਈ[75] ਸਾਂਈਂ ਮੈਨੂੰ ਪਾਲਦਾ[76] ਹੈ। ਠਹਿਰਾਉ। |
| [77]ਵਡਭਾਗੀ[78] ਸਤਿਗੁਰੁ ਪਾਇਆ[79] ॥ ਜਿਨਿ ਜਮ[80] ਕਾ ਪੰਥੁ[81] ਮਿਟਾਇਆ[82] ॥ | By good[77] fortune[78] I have attained[79] the True Guru, who has obliterated[82] the Death's courier's[80] path[81]. | ਚੰਗੇ[77] ਨਸੀਬਾਂ[78] ਦੁਆਰਾ ਮੈਨੂੰ ਸੱਚੇ ਗੁਰੂ ਪ੍ਰਾਪਤ ਹੋਏ[79] ਹਨ, ਜਿਨ੍ਹਾਂ ਨੇ ਮੌਤ ਦੇ ਦੂਤ[80] ਦੇ ਮਾਰਗ[81] ਨੂੰ ਨਾਸ ਕਰ ਦਿੱਤਾ[82] ਹੈ। |
| ਹਰਿ ਭਗਤਿ[83] ਭਾਇ[84] ਚਿਤੁ[85] ਲਾਗਾ[86] ॥ ਜਪਿ[87] | To God's meditation[83] in love[84], my mind[85] is attuned[86]. Very[90] fortunate[91] | ਵਾਹਿਗੁਰੂ ਦੀ ਪਿਆਰੀ[84] ਬੰਦਗੀ[83] ਨਾਲ ਮੇਰਾ ਮਨ[85] ਜੁੜ ਗਿਆ[86] ਹੈ। ਉਹ[89] ਭਾਰੇ[90] ਕਰਮਾਂ ਵਾਲੇ[91] |

| | | |
|---|---|---|
| ਜੀਵਹਿ[88] ਸੇ[89] [90]ਵਡਭਾਗਾ[91] ॥੨॥ | are they[89] who live[88] contemplating[87] on the Lord. | ਹਮ, ਜੋ ਸਾਹਿਬ ਨੂੰ ਸਿਮਰਦੇ[87] ਜੀਉਂਦੇ[88] ਹਨ । |
| ਹਰਿ ਅੰਮ੍ਰਿਤ[92] ਬਾਨੀ[93] ਗਾਵੈ[94] ॥ ਸਾਧਾ ਕੀ ਧੂਰੀ[95] ਨਾਵੈ ॥ | The Lord's slave sings[94] the Lord's ambrosial[92] Gurbani[93]. He bathes in the dust[95] of saints' feet. | ਸਾਂਈਂ ਦਾ ਗੋਲਾ ਸਾਂਈਂ ਦੀ ਅੰਮ੍ਰਿਤਮਈ[92] ਗੁਰਬਾਣੀ[93] ਨੂੰ ਗਾਉਂਦਾ[94] ਹੈ । ਉਹ ਸੰਤਾਂ ਦੇ ਪੈਰਾਂ ਦੀ ਧੂੜੀ[95] ਵਿੱਚ ਨ੍ਹਾਉਂਦਾ ਹੈ । |
| ਅਪੁਨਾ ਨਾਮੁ ਆਪੇ[96] ਦੀਆ[97] ॥ ਪ੍ਰਭੁ ਕਰਣਹਾਰ[98] ਰਖਿ ਲੀਆ[99] ॥੩॥ | The Lord Himself[96] blesses[97] him with His Name. The Creator[98]-Lord Himself saves[99] him. | ਸੁਆਮੀ ਖ਼ੁਦ[96] ਉਸ ਨੂੰ ਆਪਣੇ ਨਾਮ ਦੀ ਦਾਤ ਦਿੰਦਾ[97] ਹੈ । ਸੁਆਮੀ ਸਿਰਜਣਹਾਰ[98] ਆਪ ਹੀ ਉਸ ਦੀ ਰੱਖਿਆ ਕਰਦਾ[99] ਹੈ । |
| ਹਰਿ ਦਰਸਨ[100] ਪ੍ਰਾਨ[2] ਅਧਾਰਾ[3] ॥ | God's glimpse[100] is the support[3] of his very life[2]. | ਵਾਹਿਗੁਰੂ ਦਾ ਦੀਦਾਰ[100] ਉਸ ਦੀ ਜਿੰਦ ਜਾਨ[2] ਦਾ ਆਸਰਾ[3] ਹੈ । |
| ਇਹੁ ਪੂਰਨ[4] ਬਿਮਲ[5] ਬੀਚਾਰਾ[6] ॥ | For him this is the perfect[4] and pure[5] wisdom[6]. | ਉਸ ਦੇ ਵਾਸਤੇ ਇਹ ਪੂਰੀ[4] ਤੇ ਪਵਿੱਤਰ[5] ਸਿਆਣਪ[6] ਹੈ । |
| ਕਰਿ[7] ਕਿਰਪਾ[8] ਅੰਤਰਜਾਮੀ[9] ॥ ਦਾਸ[10] ਨਾਨਕ ਸਰਣਿ[12] ਸੁਆਮੀ ॥ ੪॥੮॥੫੮॥ | Lord, the Reader of hearts[9] extends[7] His mercy[8] to him. The Lord's serf[10], Nanak, seeks His refuge[12] alone. | ਦਿਲਾਂ ਦੀਆਂ ਜਾਨਣਹਾਰ[9] ਸਾਹਿਬ ਉਸ ਉੱਤੇ ਆਪਣੀ ਰਹਿਮਤ[8] ਧਾਰਦਾ[7] ਹੈ । ਸਾਹਿਬ ਦਾ ਨਫ਼ਰ[10], ਨਾਨਕ, ਉਸ ਦੀ ਸ਼ਰਣਾਗਤਿ[12] ਵਿੱਚ ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਗੁਰਿ ਪੂਰੈ[13] ਚਰਨੀ[14] ਲਾਇਆ[15] ॥ | The Perfect[13] Guru has attached[15] me to his feet[14]. | ਪੂਰਨ[13] ਗੁਰੂ ਜੀ ਨੇ ਮੈਨੂੰ ਆਪਣੇ ਪੈਰਾਂ[14] ਨਾਲ ਜੋੜ ਲਿਆ[15] ਹੈ । |
| ਹਰਿ ਸੰਗਿ[16] ਸਹਾਈ[17] ਪਾਇਆ ॥ | So I have obtained God as my comrade[16] and helper[17]. | ਸੋ ਮੈਂ ਵਾਹਿਗੁਰੂ ਨੂੰ ਆਪਣੇ ਸੰਗੀ[16] ਤੇ ਸਹਾਇਕ[17] ਵਜੋਂ ਪਾ ਲਿਆ ਹੈ । |
| ਜਹ[18] ਜਾਈਐ ਤਹਾ[19] ਸੁਹੇਲੇ[20] ॥ | Where-so-ever[18] I go, I am happy[20] there[19]. | ਜਿੱਥੇ ਕਿਤੇ[18] ਭੀ ਮੈਂ ਜਾਂਦਾ ਹਾਂ, ਉੱਥੇ[19] ਹੀ ਮੈਂ ਖ਼ੁਸ਼[20] ਹਾਂ । |
| ਕਰਿ ਕਿਰਪਾ[21] ਪ੍ਰਭਿ ਮੇਲੇ[22] ॥੧॥ | In His mercy[21], the Lord has united[22] me with Himself. | ਆਪਣੀ ਮਿਹਰ[21] ਧਾਰ ਕੇ ਸਾਂਈਂ ਨੇ ਮੈਨੂੰ ਆਪਣੇ ਨਾਲ ਮਿਲਾ ਲਿਆ[22] ਹੈ । |
| ਹਰਿ ਗੁਣ[23] ਗਾਵਹੁ[24] ਸਦਾ[25] [26]ਸੁਭਾਈ[27] ॥ | With superb[26] faith[27] sing[24] thou ever[25] the Lord's praise[23]. | ਸ੍ਰੇਸ਼ਟ[26] ਭਾਵਨਾ[27] ਨਾਲ ਤੂੰ ਸਦੀਵ[25] ਹੀ ਸਾਂਈਂ ਦੀ ਮਹਿਮਾ[23] ਗਾਇਨ[24] ਕਰ । |
| ਮਨ[28] ਚਿੰਦੇ[29] ਸਗਲੇ[30] ਫਲ[31] ਪਾਵਹੁ ਜੀਅ[32] ਕੈ ਸੰਗਿ[33] ਸਹਾਈ[34] ॥੧॥ ਰਹਾਉ॥ | Thou shalt attain all[30] thy heart[28] desired[29] boons[31] and the Lord shall become the Comrade[33] and Helper[34] of thy soul[32]. Pause. | ਤੂੰ ਆਪਣੀਆਂ ਚਿੱਤ[28]-ਚਾਹੁੰਦੀਆਂ[29] ਸਮੂਹ[30] ਮੁਰਾਦਾਂ[31] ਪਾ ਲਵੇਂਗਾ ਅਤੇ ਪ੍ਰਭੂ ਤੇਰੀ ਆਤਮਾ[32] ਦਾ ਸਾਥੀ[33] ਤੇ ਸਹਾਇਕ[34] ਥੀ ਵੰਞੇਗਾ । ਠਹਿਰਾਉ । |
| ਨਾਰਾਇਣ[35] ਪ੍ਰਾਣ[36] ਅਧਾਰਾ[37] ॥ | The Pervading God[35] is the prop[37] of my very life[36]. | ਵਿਆਪਕ ਵਾਹਿਗੁਰੂ[35] ਮੇਰੀ ਜਿੰਦ ਜਾਨ[36] ਦਾ ਆਸਰਾ[37] ਹੈ । |
| ਹਮ[38] ਸੰਤ ਜਨਾਂ[39] ਰੇਨਾਰਾ[40] ॥ | I[38] am the dust[40] of the feet of the pious persons[39]. | ਮੈਂ[38] ਪਵਿੱਤ੍ਰ ਪੁਰਸ਼ਾਂ[39] ਦੇ ਪੈਰਾਂ ਦੀ ਧੂੜ[40] ਹਾਂ । |

| | | |
|---|---|---|
| ਪਤਿਤ[41] ਪੁਨੀਤ[42] ਕਰਿ ਲੀਨੇ[43] ॥ | Me, the sinner[41], the Lord has rendered[43] pure[42]. | ਮੈਂ ਪਾਪੀ[41] ਨੂੰ, ਪ੍ਰਭੂ ਨੇ ਪਵਿੱਤ੍ਰ[42] ਬਣਾ ਲਿਆ ਹੈ। |
| ਕਰਿ ਕਿਰਪਾ[44] ਹਰਿ ਜਸੁ[45] ਦੀਨੇ[46] ॥੨॥ | The Lord has mercifully[44] blessed[46] me with His praise[45]. | ਮਿਹਰ ਧਾਰ ਕੇ[44] ਸੁਆਮੀ ਨੇ ਮੈਨੂੰ ਆਪਣੀ ਸਿਫ਼ਤ-ਸਨਾ[45] ਦੀ ਦਾਤ ਬਖ਼ਸ਼ੀ[46] ਹੈ। |
| ਪਾਰਬ੍ਰਹਮੁ[47] ਕਰੇ ਪ੍ਰਤਿਪਾਲਾ[48] ॥ | The Supreme Lord[47] ever sustains[48] me. | ਸ਼੍ਰੋਮਣੀ ਸਾਹਿਬ[47] ਸਦਾ ਹੀ ਮੇਰੀ ਪਾਲਣਾ-ਪੋਸਣਾ ਕਰਦਾ[48] ਹੈ। |
| ਸਦ[49] ਜੀਅ[50] ਸੰਗਿ[51] ਰਖਵਾਲਾ[52] ॥ | He is ever[49] with[51] me as the Protector[52] of my soul[50]. | ਉਹ ਹਮੇਸ਼ਾ[49] ਹੀ, ਮੇਰੀ ਆਤਮਾ[50] ਦੇ ਰਾਖੇ[52] ਵਜੋਂ ਮੇਰੇ ਨਾਲ[51] ਰਹਿੰਦਾ ਹੈ। |
| ੬੨੪ | | |
| ਹਰਿ ਦਿਨੁ ਰੈਨਿ[53] ਕੀਰਤਨੁ[54] ਗਾਈਐ[58] ॥ ਬਹੁੜਿ[55] ਨ ਜੋਨੀ[56] ਪਾਈਐ[57] ॥੩॥ | Hymning[58] the God's praise[54] day and night[53], the mortal is not cast[57] into the womb[56] again[55]. | ਦਿਹੁੰ ਤੇ ਰਾਤ[53] ਵਾਹਿਗੁਰੂ ਦੀ ਸਿਫ਼ਤ[54] ਗਾਇਨ ਕਰਨ[58] ਦੁਆਰਾ, ਪ੍ਰਾਣੀ ਮੁੜ[55] ਕੇ ਗਰਭ[56] ਵਿੱਚ ਨਹੀਂ ਪਾਇਆ ਜਾਂਦਾ[57]। |
| ਜਿਸੁ ਦੇਵੈ ਪੁਰਖੁ[58]* ਬਿਧਾਤਾ[59] ॥ ਹਰਿ ਰਸੁ[60] ਤਿਨ[61] ਹੀ ਜਾਤਾ[62] ॥ | He, whom the Lord[38] of our destiny[59] blesseth, he[61] alone realiseth[62] the essence[60] of Lord. | ਜਿਸ ਨੂੰ ਸਿਰਜਣਹਾਰ[59] ਸੁਆਮੀ[58]* ਦਿੰਦਾ ਹੈ, ਕੇਵਲ ਓਹੀ[61] ਪ੍ਰਭੂ ਦੇ ਅੰਮ੍ਰਿਤ[60] ਰਸ ਨੂੰ ਅਨੁਭਵ ਕਰਦਾ[62] ਹੈ। |
| [63]ਜਮਕੰਕਰੁ[64] ਨੇੜਿ[65] ਨ ਆਇਆ ॥ | Death's[63] courier[64] comes not near[65] him. | ਮੌਤ[63] ਦਾ ਦੂਤ[64] ਉਸ ਦੇ ਨਜ਼ਦੀਕ[65] ਨਹੀਂ ਆਉਂਦਾ। |
| ਸੁਖੁ[66] ਨਾਨਕ ਸਰਣੀ[67] ਪਾਇਆ[68] ॥੪॥੯॥੫੯॥ | In the Lord's refuge[67]. Nanak has attained[68] peace[66]. | ਸਾਹਿਬ ਦੀ ਸ਼ਰਣਾਗਤ[67] ਅੰਦਰ ਨਾਨਕ ਨੂੰ ਅਨੰਦ[66] ਪ੍ਰਾਪਤ ਹੋਇਆ[68] ਹੈ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਗੁਰਿ ਪੂਰੈ[69] ਕੀਤੀ ਪੂਰੀ ॥ | The Perfect[69] Guru hath rendered me perfect. | ਪੂਰਨ[69] ਗੁਰਾਂ ਨੇ ਮੈਨੂੰ ਸੰਪੂਰਨ ਕਰ ਦਿੱਤਾ ਹੈ। |
| ਪ੍ਰਭੁ ਰਵਿ ਰਹਿਆ[70] ਭਰਪੂਰੀ[71] ॥ | The Lord is fully[71] pervading[70] amongst all. | ਸੁਆਮੀ ਸਾਰਿਆਂ ਅੰਦਰ ਪੂਰੀ ਤਰ੍ਹਾਂ[71] ਰਮ ਰਿਹਾ[70] ਹੈ। |
| ਖੇਮ[72] ਕੁਸਲ[73] ਭਇਆ ਇਸਨਾਨਾ[74] ॥ | With peace[72] and pleasure[73], I, now, take the bath[74]. | ਆਰਾਮ[72] ਅਤੇ ਅਨੰਦ[73] ਨਾਲ ਹੁਣ, ਮੈਂ ਨਹਾਉਂਦਾ[74] ਹਾਂ। |
| ਪਾਰਬ੍ਰਹਮ[75] ਵਿਟਹੁ[76] ਕੁਰਬਾਨਾ[77] ॥੧॥ | Unto[76] the Transcendent Lord[75], I am a sacrifice[77]. | ਪਰਮ ਪ੍ਰਭੂ[75] ਉਤੋਂ[76] ਮੈਂ ਘੋਲੀ ਵੰਞਦਾ[77] ਹਾਂ। |
| ਗੁਰ ਕੇ ਚਰਨ[78] ਕਵਲ[79] ਰਿਦ[80] ਧਾਰੇ[81] ॥ | The Guru's lotus[79] feet[78], I enshrine[81] in my mind[80]. | ਗੁਰਾਂ ਦੇ ਕੰਵਲ[79] ਚਰਣ[78], ਮੈਂ ਆਪਣੇ ਮਨ[80] ਵਿੱਚ ਟਿਕਾਉਂਦਾ[81] ਹਾਂ। |
| ਬਿਘਨੁ[82]ਨ ਲਾਗੈ ਤਿਲ ਕਾ[83] ਕੋਈ ਕਾਰਜ[84] ਸਗਲ[85] ਸਵਾਰੇ[86] ॥੧॥ਰਹਾਉ॥ | Not even a sesame[83] of obstacle[82] comes in my way and all[86] my affairs[84] are perfectly arranged[86].Pause. | ਇੱਕ ਤਿਲ[83] ਮਾਤ੍ਰ ਰੁਕਾਵਟ[82] ਭੀ ਮੈਨੂੰ ਪੇਸ਼ ਨਹੀਂ ਆਉਂਦੀ ਅਤੇ ਮੇਰੇ ਸਾਰੇ[85] ਕੰਮ[84] ਸੌਰ ਗਏ[86] ਹਨ। ਠਹਿਰਾਉ। |
| ਮਿਲਿ ਸਾਧੂ ਦੁਰਮਤਿ[87] ਖੋਏ[88] ॥ | Meeting with the saints, my evil-intellect[87] is obliterated[88]. | ਸੰਤਾਂ ਨਾਲ ਮਿਲ ਕੇ ਮੇਰੀ ਖੋਟੀ ਬੁੱਧੀ[87] ਨਾਸ ਹੋ ਗਈ[88] ਹੈ। |

| | | |
|---|---|---|
| ਪਤਿਤ[89] ਪੁਨੀਤ[90] ਸਭ ਹੋਏ ॥ | This wise, all the sinners[89] are rendered pure[90]. | ਇਸ ਤਰ੍ਹਾਂ ਸਾਰੇ ਪਾਪੀ[89] ਪਵਿੱਤ੍ਰ[90] ਹੋ ਜਾਂਦੇ ਹਨ । |
| ਰਾਮਦਾਸਿ ਸਰੋਵਰ[91] ਨਾਤੇ[92] ॥ ਸਭ[93] ਲਾਥੇ[94] ਪਾਪ[95] ਕਮਾਤੇ[96] ॥੨॥ | By taking a bath[92] in the tank[91] of Ram Dass, all[93] the sins[95], committed[96] by the, man, are washed off[94]. | ਰਾਮ ਦਾਸ ਦੇ ਤਾਲਾਬ[91] ਵਿੱਚ ਇਸ਼ਨਾਨ[92] ਕਰਨ ਦੁਆਰਾ ਬੰਦੇ ਦੇ ਕੀਤੇ ਹੋਏ[96] ਸਾਰੇ[93] ਗੁਨਾਹ[95] ਧੋਤੇ ਜਾਂਦੇ[94] ਹਨ । |
| ਗੁਨ[97] [98]ਗੋਬਿੰਦ[99] ਨਿਤ[100] ਗਾਈਐ[2] ॥ ਸਾਧਸੰਗਿ[5] ਮਿਲਿ[4] ਧਿਆਈਐ[3] ॥ | Sing[2] thou, ever[100] the praise[97] of the Lord[99] of the World[98]. Associating[4] with the society of saints[5], contemplate[3] thou on the Master. | ਤੂੰ ਸਦੀਵ[100] ਹੀ ਸ੍ਰਿਸ਼ਟੀ[98] ਦੇ ਸੁਆਮੀ[99] ਦੀ ਉਸਤਤੀ[97] ਗਾਇਨ ਕਰ[2] ਅਤੇ ਸਤਿਸੰਗਤ[5] ਨਾਲ ਜੁੜ ਕੇ[4] ਮਾਲਕ ਦਾ ਆਰਾਧਨ ਕਰ[3] । |
| ਮਨ[5*] ਬਾਂਛਤ[6] ਫਲ[7] ਪਾਏ ॥ ਗੁਰੁ ਪੂਰਾ[8] ਰਿਦੈ[9] ਧਿਆਏ[10] ॥੩॥ | The heart[5*]-desired[6] fruits[7] are attained by contemplating[10] on the Perfect[8] Guru in the mind[9]. | ਹਿਰਦੇ[9] ਅੰਦਰ ਪੂਰਨ[8] ਗੁਰਾਂ ਦਾ ਚਿੰਤਨ ਕਰਨ[10] ਦੁਆਰਾ ਚਿੱਤ[5*]-ਚਾਹੁੰਦੇ[6] ਮੇਵੇ[7] ਪ੍ਰਾਪਤ ਹੋ ਜਾਂਦੇ ਹਨ । |
| ਗੁਰ ਗੋਪਾਲ[12] ਆਨੰਦਾ[13] ॥ ਜਪਿ[14] ਜਪਿ[15] ਜੀਵੈ[16] [17]ਪਰਮਾਨੰਦਾ[18] ॥ | The Guru, my Lord[12], is blissful[13]. He lives[16] by remembering[14] constantly[15] the Lord of Supreme[17] bliss[18]. | ਮੇਰੇ ਪ੍ਰਭੂ[12], ਗੁਰੂ ਜੀ ਪ੍ਰਸੰਨ[13] ਹਨ । ਮਹਾਨ[17] ਪ੍ਰਸੰਨਤਾ[18] ਦੇ ਸੁਆਮੀ ਦਾ ਸਿਮਰਨ[14] ਤੇ ਆਰਾਧਨ ਕਰਨ[15] ਦੁਆਰਾ ਉਹ ਜੀਉਂਦੇ[16] ਹਨ । |
| ਜਨ[19] ਨਾਨਕ ਨਾਮੁ ਧਿਆਇਆ[20] ॥ | Slave[19] Nanak, has dwelt[20] on the Lord's Name. | ਗੋਲੇ[19] ਨਾਨਕ ਨੇ ਨਾਮ ਦਾ ਚਿੰਤਨ[20] ਕੀਤਾ ਹੈ । |
| ਪ੍ਰਭ ਅਪਨਾ ਬਿਰਦੁ[21] ਰਖਾਇਆ[22] ॥੪॥੧੦॥੬੦॥ | So, honouring[22] His creed[21], the Lord has blessed him. | ਸੋ ਸਾਹਿਬ ਨੇ ਆਪਣਾ ਧਰਮ[21] (ਸੁਭਾਵ) ਪਾਲ ਕੇ[22] ਉਸ ਨੂੰ ਸੁਸ਼ੋਭਤ ਕੀਤਾ ਹੈ । |
| ਰਾਗੁ ਸੋਰਠਿ ਮਹਲਾ ੫ ॥ | **Rag Sorath 5th Guru.** | **ਰਾਗ ਸੋਰਠਿ ਪੰਜਵੀਂ ਪਾਤਿਸ਼ਾਹੀ ।** |
| [23]ਦਹਦਿਸ[24] ਛਤ੍ਰ[25] ਮੇਘ[26] ਘਟਾ ਘਟ[27] ਦਾਮਨਿ[28] ਚਮਕਿ[29] ਡਰਾਇਓ[30] ॥ | In ten[23] directions[24], the clouds[26] over-shadow the sky like a canopy[28] and the lightning[28] flash[29] of the dense dark clouds[27] terrifies[30] me. | ਦਸੀਂ[23] ਪਾਸੀਂ[24] ਹੀ ਆਸਮਾਨ ਵਿੱਚ ਬੱਦਲ[26] ਸ਼ਾਮਿਆਨੇ[25] ਦੀ ਤਰ੍ਹਾਂ ਛਾਏ ਹੋਏ ਹਨ ਅਤੇ ਸੰਘਣੀ ਕਾਲੀ ਘਟਾ[27] ਦੀ ਬਿਜਲੀ[28] ਦੀ ਲਸ਼ਕਾਰ[29] ਮੈਨੂੰ ਭੈ-ਭੀਤ ਕਰਦੀ[30] ਹੈ । |
| ਸੇਜ[31] ਇਕੇਲੀ[32] ਨੀਦ[33] ਨਹੁ ਨੈਨਹ[34] ਪਿਰੁ[35] ਪਰਦੇਸਿ[36] ਸਿਧਾਇਓ[37] ॥੧॥ | My bridal bed[31] is lonely[32], my eyes[34] are without sleep[33] and my Beloved spouse[35] has gone[37] abroad[36]. | ਮੈਂ, ਪਤਨੀ ਦਾ (ਹਿਰਦੇ ਰੂਪੀ) ਪਲੰਘ[31], ਸੁੰਨਮਸੁੰਨਾ[32] ਹੈ, ਮੇਰੀਆਂ ਅੱਖਾਂ[34] ਵਿੱਚ ਨੀਂਦਰ[33] ਨਹੀਂ ਤੇ ਮੇਰਾ ਪਿਆਰਾ ਪਤੀ[35] ਬਦੇਸ਼[36] ਚਲਿਆ ਗਿਆ[37] ਹੈ । |
| ਹੁਣਿ[38] ਨਹੀ ਸੰਦੇਸਰੋ[39] ਮਾਇਓ[40] ॥ | Now-a-days[38] I receive no massage[39] from Him, O mother[40]. | ਐਨੀ ਦਿਨੀ[38] ਮੈਨੂੰ ਉਸ ਦਾ ਕੋਈ ਸੁਨੇਹਾ[39] ਨਹੀਂ ਆਉਂਦਾ, ਹੇ ਮਾਤਾ[40] ! |
| ਏਕ ਕੋਸਰੋ[41] ਸਿਧਿ[42] ਕਰਤ, | Previously, when my Beloved[43] went | ਅੱਗੇ ਜਦ ਮੇਰਾ ਪ੍ਰੀਤਮ[43] ਇਕ ਮੀਲ[41] ਭੀ ਪਰੇ ਜਾਂਦਾ[42] |

| | | |
|---|---|---|
| ਲਾਲੁ[43] ਤਬ[44] ਚਤੁਰ[45] ਪਾਤਰੋ[46] ਆਇਓ ॥ਰਹਾਉ॥ | out even a mile[41], then[44] I received some four[45] letters[46] from Him Pause. | ਸੀ, ਤਾਂ[44] ਮੈਨੂੰ ਉਸ ਦੀਆਂ ਚਾਰ[45] ਚਿੱਠੀਆਂ[46] ਆ ਜਾਂਦੀਆਂ ਸਨ । ਠਹਿਰਾਉ । |
| ਕਿਉ[47] ਬਿਸਰੈ[48] ਇਹੁ ਲਾਲੁ[49] ਪਿਆਰੋ[50] ਸਰਬ[51] ਗੁਣਾ[52] [53]ਸੁਖਦਾਇਓ[54] ॥ | How[47] can I forget[48] this darling[50] Beloved[49] of mine, who is the Giver[54] of all[56] the merits[52] and comforts[53] ? | ਮੈਂ ਇਸ ਆਪਣੇ ਲਾਡਲੇ[50] ਪ੍ਰੀਤਮ[49] ਨੂੰ ਕਿਸ ਤਰ੍ਹਾਂ[47] ਭੁਲਾ ਸਕਦਾ[48] ਹਾਂ ਜੋ ਸਾਰੀਆਂ[51] ਨੇਕੀਆਂ[52] ਤੇ ਆਰਾਮ[53] ਦੇਣ ਵਾਲਾ[54] ਹੈ । |
| ਮੰਦਰਿ[55] ਚਰਿ ਕੈ[56] ਪੰਥੁ[57] ਨਿਹਾਰਉ[58] ਨੈਨ[59] ਨੀਰਿ[60] ਭਰਿ[61] ਆਇਓ ॥੨॥ | Ascending[56] the mansion[55], I watch[52] the way[57] of my love and mine eyes[59] are filled[61] with tears[60]. | ਮਹਿਲ[55] ਤੇ ਚੜ੍ਹ ਕੇ[56] ਮੈਂ ਆਪਣੇ ਪ੍ਰੀਤਮ ਦਾ ਰਾਹ[57] ਵੇਖਦੀ[58] ਹਾਂ ਅਤੇ ਮੇਰੀਆਂ ਅੱਖਾਂ[59] ਹੰਝੂਆਂ[60] ਨਾਲ ਭਰੀਆਂ ਹੋਈਆਂ[61] ਹਨ । |
| ਹਉ ਹਉ[62] ਭੀਤਿ[63] ਭਇਓ[64] ਹੈ ਬੀਚੋ[65] ਸੁਨਤ[66] ਦੇਸਿ[67] ਨਿਕਟਾਇਓ[68] ॥ | The wall[68] of pride and ego[68] intervenes[64] between[65] me and Him. He is heard[66] to be close by[68] in the country[67]. | ਹੰਕਾਰ[62] ਤੇ ਹਉਮੈ ਦੀ ਕੰਧ[63]ਮੇਰੇ ਤੇ ਉਸ ਦੇ ਵਿਚਕਾਰ[65] ਪਈ ਹੋਈ[64] ਹੈ । ਉਹ ਐਨ ਨੇੜੇ ਹੀ[68] ਦੇਸ਼[67] ਵਿੱਚ ਸੁਣਿਆ ਜਾਂਦਾ[66] ਹੈ । |
| ਭਾਂਭੀਰੀ[69]ਕੇ ਪਾਤ[70] ਪਰਦੋ[71] ਬਿਨੁ[72] ਪੇਖੇ[73] ਦੂਰਾਇਓ[74] ॥੩॥ | Between me and the Lord is the fine curtain[71] like the wings[70] of a butter-fly[69] but seeing[73] Him not[72], I deem Him distant[74]. | ਮੇਰੇ ਅਤੇ ਸਾਹਿਬ ਦੇ ਵਿਚਾਲੇ ਤਿਤਲੀ[69] ਦੇ ਖੰਭਾਂ[70] ਵਰਗਾ ਬਰੀਕ ਪੜਦਾ[71] ਹੈ । ਉਸ ਨੂੰ ਨਾ[72] ਵੇਖਦੀ ਹੋਈ[73], ਮੈਂ ਉਸ ਨੂੰ ਦੁਰੇਡੇ[74] ਖ਼ਿਆਲ ਕਰਦੀ ਹਾਂ । |
| ਭਇਓ[75] ਕਿਰਪਾਲੁ[76] ਸਰਬ[77] ਕੋ ਠਾਕੁਰੁ[78] ਸਗਰੋ[79] ਦੂਖੁ[80] ਮਿਟਾਇਓ[81] ॥ | The Lord[78] of all[77] has become[75] merciful[76] to me and He has dispelled[81] all[79] my pains[80]. | ਸਾਰਿਆਂ[77] ਦਾ ਸੁਆਮੀ[78] ਮੇਰੇ ਉੱਤੇ ਮਿਹਰਬਾਨ[76] ਹੋ ਗਿਆ[75] ਹੈ ਤੇ ਉਸ ਨੇ ਮੇਰੇ ਸਾਰੇ[79] ਦੁਖੜੇ[80] ਦੂਰ ਕਰ ਦਿੱਤੇ[81] ਹਨ । |
| ਕਹੁ ਨਾਨਕ ਹਉਮੈ[82] ਭੀਤਿ[83] ਗੁਰਿ ਖੋਈ[84] ਤਉ[85] ਦਇਆਰੁ[86] ਬੀਠਲੋ[87] ਪਾਇਓ ॥੪॥ | Says Nanak, when the Guru, dismantled[84] the wall[83] of ego[82], then[85] obtained I the Merciful[86] Master[87]. | ਗੁਰੂ ਜੀ ਆਖਦੇ ਹਨ, ਜਦ ਗੁਰਾਂ ਨੇ ਹੰਕਾਰ ਦੀ ਕੰਧ[83] ਢਾ ਦਿੱਤੀ[84], ਤਦ[85] ਮੈਂ ਮਿਹਰਬਾਨ[86] ਮਾਲਕ[87] ਨੂੰ ਪਾ ਲਿਆ । |
| ਸਭੁ ਰਹਿਓ[88] ਅੰਦੇਸਰੋ[89] ਮਾਇਓ[90] ॥ | All my fears[89] are, now, dispelled[88], O mother[90]. | ਮੇਰੇ ਸਾਰੇ ਡਰ[89], ਹੁਣ ਦੂਰ ਹੋ ਗਏ[88]ਹਨ, ਹੇ ਮਾਤਾ[90] ! |
| ਜੋ[91] ਚਾਹਤ[92] ਸੋ[93] ਗੁਰੂ ਮਿਲਾਇਓ[94] ॥ | Whom[91] I seek[92], him[93] the Guru has enabled me to find[94]. | ਗੁਰਾਂ ਨੇ ਮੈਨੂੰ ਉਸ[93] ਨਾਲ ਮਿਲਾ ਦਿੱਤਾ[94]ਹੈ, ਜਿਸ ਨੂੰ[91] ਮੈਂ ਲੋੜਦਾ[92] ਸਾਂ । |
| ਸਰਬ[95] ਗੁਨਾ[96] ਨਿਧਿ[97] ਰਾਇਓ[98] ॥ ਰਹਾਉ ਦੂਜਾ ॥ ੧੧॥੬੧॥ | God, the King[98] is the Treasure[97] of all[95] the virtues[96]. Pause Second. | ਵਾਹਿਗੁਰੂ, ਪਾਤਿਸ਼ਾਹ[98] ਸਾਰੀਆਂ[95] ਨੇਕੀਆਂ[96] ਦਾ ਖ਼ਜ਼ਾਨਾ[97] ਹੈ । ਠਹਿਰਾਉ ਦੂਜਾ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਗਈ ਬਹੋੜੁ[99] ਬੰਦੀ ਛੋੜੁ[100] ਨਿਰੰਕਾਰੁ[2] ਦੁਖਦਾਰੀ[3] ॥ | The Formless Lord[2] is the Restorer of what is gone[99], the Liberator from captivity[100] and the Destroyer[3] of woe. | ਰੂਪ ਰਹਿਤ ਸੁਆਮੀ[2], ਗਈ ਹੋਈ ਨੂੰ ਮੋੜ ਲਿਆਉਣ ਵਾਲਾ[99], ਕੈਦ ਤੋਂ ਛੁਡਾਉਣਹਾਰ[100] ਤੇ ਦੁਖੜਾ ਦੂਰ ਕਰਨ ਵਾਲਾ[3] ਹੈ । |

| | | |
|---|---|---|
| ਕਰਮੁ[4] ਨ ਜਾਣਾ ਧਰਮੁ[6] ਨ ਜਾਣਾ[5] ਲੋਭੀ[7] ਮਾਇਆ ਧਾਰੀ[8] ॥ | I know not good deeds[4], I know[5] not Lord's devotion[6] and I am greedy[7] and the lover of wealth[8]. | ਮੈਂ ਸ਼ੁਭ ਕਰਮ[4] ਨਹੀਂ ਜਾਣਦਾ, ਮੈਂ ਸਾਹਿਬ ਦੀ ਭਗਤੀ[6] ਨੂੰ ਨਹੀਂ ਸਮਝਦਾ[5] ਅਤੇ ਮੈਂ ਲਾਲਚੀ[7] ਤੇ ਦੌਲਤ ਦਾ ਪਿਆਰਾ[8] ਹਾਂ । |
| ਨਾਮੁ[9] ਪਰਿਓ[10] ਭਗਤੁ[12] ਗੋਵਿੰਦ[13] ਕਾ ਇਹ ਰਾਖਹੁ[14] ਪੈਜ[15] ਤੁਮਾਰੀ[16] ॥੧॥ | As I go by[10] the Name[9] of the Lord's[13] saint[12]. My Master, save[14] this honour[15] of Thine[16]. | ਮੇਰਾ ਨਾਉਂ[9] ਸੁਆਮੀ[13] ਦਾ ਸਾਧੂ[12] ਪੈ ਗਿਆ[10] ਹੈ । ਇਸ ਲਈ ਮੇਰੇ ਮਾਲਕ ਇਸ ਆਪਣੀ [16]ਪਤਿ-ਆਬਰੂ[15] ਦੀ ਰੱਖਿਆ[14] ਕਰ । |
| ਹਰਿ ਜੀਉ[17] ਨਿਮਾਣਿਆ[18] ਤੂ ਮਾਣੁ[19] ॥ | O reverend[17] Lord, of the unhonoured[13], Thou art the honour[19]. | ਹੇ ਮਹਾਰਾਜਾ[17] ਸੁਆਮੀ ! ਤੂੰ ਨਿਪੱਤਿਆਂ[18] ਦੀ ਪੱਤ[19] ਹੈਂ । |
| ਨਿਚੀਜਿਆ[20] ਚੀਜ[21] ਕਰੇ ਮੇਰਾ [22]ਗੋਵਿੰਦੁ[23] ਤੇਰੀ ਕੁਦਰਤਿ[24]ਕਉ ਕੁਰਬਾਣੁ[25] ॥ ਰਹਾਉ॥ | The worthless[20] ones, my World[22]-Lord[23], makes worthy[21]. I am a sacrifice[25] unto Thy Omnipotence[24]. Pause. | ਨਿਕੰਮਿਆਂ[20] ਨੂੰ, ਮੈਂਡਾ ਸ੍ਰਿਸ਼ਟੀ[22] ਦਾ ਸੁਆਮੀ[23] ਗੁਣਵਾਨ[21]ਬਣਾ ਦਿੰਦਾ ਹੈ । ਮੈਂ ਤੈਂਡੀ ਅਪਾਰ ਸ਼ਕਤੀ[24] ਤੋਂ ਬਲਿਹਾਰ ਜਾਂਦਾ[25] ਹਾਂ । ਠਹਿਰਾਉ । |
| ਜੈਸਾ[26] ਬਾਲਕੁ[27] ਭਾਇ[28] ਸੁਭਾਈ[29] ਲਖ ਅਪਰਾਧ[30] ਕਮਾਵੈ[31] ॥ ਕਰਿ ਉਪਦੇਸੁ[32] ਝਿੜਕੇ[33] ਬਹੁ[34] ਭਾਤੀ[35] ਬਹੁੜਿ[36] ਪਿਤਾ[37] ਗਲਿ[38] ਲਾਵੈ[39] ॥ | As[26] a child[27], out of love[28] and disposition[29] commits[31] lacs of faults[30], and though his father[37] instructs[32] and reprimands[33] him in many[34] ways[35], yet ultimately[36] he hugs[39] him to his bosom[38]. | ਜਿਸ ਤਰ੍ਹਾਂ[26] ਇਕ ਬੱਚਾ[27] ਪ੍ਰੇਮ[28] ਅਤੇ ਸੁਭਾ[29]ਦੇ ਅਧੀਨ ਲੱਖੂਖਾਂ ਹੀ ਕਸੂਰ[30] ਕਰਦਾ[31] ਹੈ ਅਤੇ ਭਾਵੇਂ ਉਸ ਦਾ ਪਿਉ[37] ਉਸ ਨੂੰ ਘਣੇਰਿਆਂ[34] ਤਰੀਕਿਆਂ[35] ਨਾਲ ਸਮਝਾਉਂਦਾ[32] ਅਤੇ ਤਾੜਦਾ[33] ਹੈ, ਪਰ ਓੜਕ[36] ਨੂੰ ਉਹ ਉਸ ਨੂੰ ਆਪਣੀ ਛਾਤੀ[38] ਨਾਲ ਲਾ ਲੈਂਦਾ[39] ਹੈ ; |
| ਪਿਛਲੇ[40] ਅਉਗੁਣ[41] ਬਖਸਿ[42] ਲਏ ਪ੍ਰਭੁ ਆਗੈ[43] ਮਾਰਗਿ[44] ਪਾਵੈ ॥੨॥ | So pardon[42] Thou my past[40] misdeeds[41], O Lord, and put me onto Thy way[44] for the future[43]. | ਏਸੇ ਤਰ੍ਹਾਂ, ਹੇ ਸੁਆਮੀ ! ਤੂੰ ਮੇਰੇ ਪਿਛਲੇ[40] ਅਪਰਾਧਾਂ[41] ਦੀ ਮੈਨੂੰ ਮਾਫ਼ੀ ਦੇ ਦੇਹ[42] ਅਤੇ ਅਗਾਂਹਾਂ[43] ਨੂੰ ਮੈਨੂੰ ਆਪਣੇ ਰਾਹੇ[44] ਪਾ ਦੇ । |
| ੬੨੫ | | |
| ਹਰਿ ਅੰਤਰਜਾਮੀ[45] ਸਭ ਬਿਧਿ[46] ਜਾਣੈ ਤਾ[47] ਕਿਸੁ[48] ਪਹਿ[49] ਆਖਿ ਸੁਣਾਈਐ[50] ॥ | God, the Reader of hearts[45], fully knows all the state[46] of my mind, then[47], whom[48] else am I to[49] go to tell[50] ? | ਦਿਲਾਂ ਦੀਆਂ ਜਾਨਣਹਾਰ[45] ਵਾਹਿਗੁਰੂ ਮੇਰੇ ਮਨ ਦੀ ਸਾਰੀ ਅਵਸਥਾ[46] ਨੂੰ ਜਾਣਦਾ ਹੈ । ਤਦ[47] ਮੈਂ ਹੋਰ ਕੀਹਦੇ[48] ਕੋਲ[49] ਜਾ ਕੇ ਦੱਸਾਂ[50] ? |
| ਕਹਣੈ[51] ਕਥਨਿ[52] ਨ ਭੀਜੈ[53] ਗੋਬਿੰਦੁ ਹਰਿ[54] ਭਾਵੈ[55] ਪੈਜ[56] ਰਖਾਈਐ ॥ | The Lord Master[54] is pleased[53] not with mere utterance[51] of words[52], If it pleaseth[55] Him, He preserveth man's honour[56]. | ਪ੍ਰਭੂ ਪ੍ਰਮੇਸ਼ਰ[54] ਗੱਲਾਂ ਬਾਤਾਂ[52] ਕਰਨ[51] ਨਾਲ ਪ੍ਰਸੰਨ ਨਹੀਂ ਹੁੰਦਾ[53], ਜੇਕਰ ਉਸ ਨੂੰ ਚੰਗਾ ਲਗੇ[55], ਤਾਂ ਉਹ ਬੰਦੇ ਦੀ ਪਤਿ[56] ਰਖਦਾ ਹੈ । |
| ਅਵਰ[57] ਓਟ[58] ਮੈ ਸਗਲੀ[59] ਦੇਖੀ ਇਕ[60] ਤੇਰੀ ਓਟ ਰਹਾਈਐ[61] ॥੩॥ | O Lord all other[57] shelters[58] have I seen, Thine alone[60] remains[61] for me. | ਹੋਰ[57] ਸਾਰੀਆਂ[59] ਪਨਾਹਾਂ[58] ਮੈਂ ਵੇਖ ਲਈਆਂ ਹਨ । ਮੇਰੇ ਲਈ ਕੇਵਲ[60] ਤੇਰੀ ਓਟ ਹੀ ਰਹਿ ਗਈ[61] ਹੈ । |
| ਹੋਇ ਦਇਆਲੁ[62] | Becoming kind[66] and compassionate[63], | ਮਿਹਰਬਾਨ[62] ਅਤੇ ਦਿਯਾਵਾਨ[63] ਹੋ ਕੇ, ਸੁਆਮੀ |

| | | |
|---|---|---|
| ਕਿਰਪਾਲੁ[63] ਪ੍ਰਭੁ ਠਾਕੁਰੁ[64] ਆਪੇ[65] ਸੁਣੈ ਬੇਨੰਤੀ[66] ॥ | the Lord Master[64] Himself[65] hears my supplication[66]. | ਮਾਲਕ[64] ਖ਼ੁਦ[65] ਮੇਰੀ ਪ੍ਰਾਰਥਨਾ[66] ਸੁਣਦਾ ਹੈ । |
| ਪੂਰਾ[67] ਸਤਿਗੁਰੁ ਮੇਲਿ[68] ਮਿਲਾਵੈ[69] ਸਭ ਚੂਕੈ[70] ਮਨ ਕੀ ਚਿੰਤੀ[71] ॥ | He unites[69] me in the union[68] of the Perfect[67] True Guru and my mind's cares[71] are all dispelled[70]. | ਉਹ ਮੈਨੂੰ ਪੂਰਨ[67] ਸੱਚੇ ਗੁਰਾਂ ਦੇ ਮਿਲਾਪ[68] ਵਿੱਚ ਮਿਲਾ ਦਿੰਦਾ[69] ਹੈ । ਅਤੇ ਮੇਰੇ ਚਿੱਤ ਦੇ ਸਾਰੇ ਫਿਕਰ[71] ਦੂਰ ਹੋ ਗਏ[70] ਹਨ । |
| ਹਰਿ ਹਰਿ ਨਾਮੁ ਅਵਖਦੁ[72] ਮੁਖਿ[73] ਪਾਇਆ ਜਨ[74] ਨਾਨਕ ਸੁਖਿ[75] ਵਸੰਤੀ[76] ॥ ੪॥੧੨॥੬੨॥ | The Lord God has put the cure-all[72] of His Name into my mouth[73] and slave[74] Nanak, now, abides[76] in peace[75]. | ਸੁਆਮੀ ਵਾਹਿਗੁਰੂ ਨੇ ਆਪਣੇ ਨਾਮ ਦੀ ਦਵਾਈ[72] ਮੇਰੇ ਮੂੰਹ[73] ਵਿੱਚ ਪਾਈ ਹੈ ਅਤੇ ਗੋਲਾ[74] ਨਾਨਕ, ਹੁਣ, ਅਨੰਦ[75] ਅੰਦਰ ਵਸਦਾ[76] ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਸਿਮਰਿ ਸਿਮਰਿ[77] ਪ੍ਰਭ ਭਏ ਅਨੰਦਾ[78] ਦੁਖ[79] ਕਲੇਸ[80] ਸਭਿ[82] ਨਾਠੇ[81] ॥ | Remembering and contemplating[77] over the Lord, one abides in bliss[78] and is rid of[84] all[82] the sufferings[79] and strifes[80]. | ਸੁਆਮੀ ਦਾ ਆਰਾਧਨ[77] ਤੇ ਚਿੰਤਨ ਕਰਨ ਦੁਆਰਾ ਬੰਦਾ ਖ਼ੁਸ਼ੀ[78] ਵਿੱਚ ਵਸਦਾ ਹੈ ਤੇ ਸਾਰੇ[82] ਦੁਖੜਿਆਂ[79] ਤੇ ਬਖੇੜਿਆਂ[80] ਤੋਂ ਖ਼ਲਾਸੀ[84] ਪਾ ਜਾਂਦਾ ਹੈ । |
| ਗੁਨ[83] ਗਾਵਤ[84] ਧਿਆਵਤ[85] ਪ੍ਰਭੁ ਅਪਨਾ ਕਾਰਜ[86] ਸਗਲੇ[87] ਸਾਂਠੇ[88] ॥੧॥ | By singing[84] the praise[83] of and reflecting over[86] my Lord, all[87] the affairs[86] of mine are harmonized[88]. | ਆਪਣੇ ਸੁਆਮੀ ਦਾ ਜੱਸ[83] ਗਾਉਣ[84] ਅਤੇ ਧਿਆਨ[85] ਧਾਰਨ ਦੁਆਰਾ[85], ਮੇਰੇ ਸਾਰੇ[87] ਕੰਮ[86] ਕਾਜ ਰਾਸ ਹੋ ਗਏ[88] ਹਨ । |
| [89]ਜਗਜੀਵਨ[90] ਨਾਮੁ ਤੁਮਾਰਾ ॥ | My Master, Thy Name is the Life[90] of the world[89]. | ਮੇਰੇ ਮਾਲਕ, ਤੇਰਾ ਨਾਮ ਜਗਤ[89] ਦੀ ਜਿੰਦ ਜਾਨ[90] ਹੈ । |
| ਗੁਰ ਪੂਰੇ[91] ਦੀਓ ਉਪਦੇਸਾ[92] ਜਪਿ[93] [91]ਭਉਜਲੁ[95] ਪਾਰਿ ਉਤਾਰਾ[96] ॥ਰਹਾਉ॥ | The Perfect[91] Guru has instructed[92] me and remembering[93] the Lord, I have crossed[96] the terrible[94] world ocean[95]. Pause. | ਪੂਰਨ[91] ਗੁਰਾਂ ਨੇ ਮੈਨੂੰ ਸਿੱਖਮਤ ਦਿੱਤੀ[92] ਹੈ ਅਤੇ ਸਾਹਿਬ ਨੂੰ ਸਿਮਰ ਕੇ[93], ਮੈਂ ਭਿਆਨਕ[94] ਸੰਸਾਰ ਸਮੁੰਦਰ[95] ਤੋਂ ਪਾਰ ਹੋ ਗਿਆ[96] ਹਾਂ । ਠਹਿਰਾਉ । |
| ਤੂਹੈ ਮੰਤ੍ਰੀ[97] ਸੁਨਹਿ ਪ੍ਰਭ ਤੂਹੈ ਸਭੁ ਕਿਛੁ[98] ਕਰਣੈਹਾਰਾ[99] ॥ | O Lord, Thou art Thy own Adviser[97], Thou Thyself also hearest all and Thou art the Doer[99] of all the deeds[98]. | ਹੇ ਸਾਹਿਬ ! ਤੂੰ ਹੀ ਆਪਣੇ ਆਪ ਦਾ ਸਲਾਹਕਾਰ[97] ਹੈਂ, ਤੂੰ ਖ਼ੁਦ ਹੀ ਸਾਰਿਆਂ ਨੂੰ ਸੁਣਦਾ ਵੀ ਹੈਂ ਅਤੇ ਤੂੰ ਸਾਰੇ ਕੰਮ[98] ਕਰਨ ਵਾਲਾ[99] ਹੈਂ । |
| ਤੂ ਆਪੇ[100] ਦਾਤਾ[2] ਆਪੇ ਭੁਗਤਾ[3] ਕਿਆ[4] ਇਹੁ ਜੰਤੁ[5] ਵਿਚਾਰਾ[6] ॥੨॥ | Thou Thyself[100] art the Giver[2] and Thyself the Enjoyer[3]. What[4] power can this poor[6] creature[5] have ? | ਤੂੰ ਖ਼ੁਦ[100] ਦਾਤਾਰ[2] ਹੈਂ ਅਤੇ ਖ਼ੁਦ ਹੀ ਭੋਗਣ ਵਾਲਾ[3] । ਇਸ ਗਰੀਬ[6] ਜੀਵ[5] ਦੇ ਵਿੱਚ ਕਿਹੜੀ[4] ਤਾਕਤ ਹੈ ? |
| ਕਿਆ ਗੁਣ[7] ਤੇਰੇ ਆਖਿ[8] ਵਖਾਣੀ[9] ਕੀਮਤਿ[10] ਕਹਣੁ[12] ਨ ਜਾਈ[13] ॥ | Which of Thy virtues[7] should I recount[8] and narrate[9] ? Thy worth[10] cannot[13] be told[12]. | ਤੇਰੀਆਂ ਕਿਹੜੀਆਂ ਕਿਹੜੀਆਂ ਨੇਕੀਆਂ[7] ਦਾ ਮੈਂ ਵਰਨਣ[8] ਤੇ ਬਿਆਨ[9] ਕਰਾਂ ? ਤੇਰਾ ਮੁਲ[10] ਦਸਿਆ[12] ਨਹੀਂ ਜਾ ਸਕਦਾ[13] । |
| ਪੇਖਿ ਪੇਖਿ[14] ਜੀਵੈ ਪ੍ਰਭੁ ਅਪਨਾ ਅਚਰਜੁ[15] ਤੁਮਹਿ ਵਡਾਈ[16] ॥੩॥ | My Lord, I live by seeing and beholding[14] Thee. Wondrous[15] is Thine greatness[16]. | ਮੇਰੇ ਮਾਲਕ, ਮੈਂ ਤੈਨੂੰ ਤੱਕ ਕੇ ਤੇ ਵੇਖ ਕੇ[14] ਜੀਉਂਦਾ ਹਾਂ । ਅਦਭੁੱਤ[15] ਹੈ ਤੇਰੀ ਵਿਸ਼ਾਲਤਾ[16] । |

| | | |
|---|---|---|
| ਧਾਰਿ[23] ਅਨੁਗ੍ਰਹੁ[17] ਆਪਿ[18] ਪ੍ਰਭ ਸੁਆਮੀ[19] ਪਤਿ[20] ਮਤਿ[21] ਕੀਨੀ ਪੂਰੀ[22] ॥ | Extending[23] His mercy[17], the Lord Master[13] has Himself[18] saved[22] my honour[20] and illumined my intellect[21]. | ਆਪਣੀ ਮਿਹਰ[17] ਕਰਕੇ[23], ਪ੍ਰਭੂ ਪ੍ਰਮੇਸ਼ਰ[19] ਨੇ ਖ਼ੁਦ[18] ਮੇਰੀ ਇੱਜ਼ਤ[20] ਤੇ ਅਕਲ[21] ਸੁਸ਼ੋਭਤ ਕਰ ਦਿੱਤੀਆਂ[22] ਹਨ । |
| ਸਦਾ[24] ਸਦਾ ਨਾਨਕ ਬਲਿਹਾਰੀ[25] ਬਾਛਉ[26] ਸੰਤਾ ਧੂਰੀ[27] ॥੪॥੧੩॥੬੩॥ | Ever[24], ever Nanak is devoted[25] unto the Lord and longs for[26] the dust[27] of saints' feet. | ਹਮੇਸ਼ਾ[24] ! ਹਮੇਸ਼ਾ ਹੀ ਨਾਨਕ ਸਾਹਿਬ ਤੋਂ ਸਦਕੇ ਜਾਂਦਾ[25] ਹੈ ਅਤੇ ਸਾਧੂਆਂ ਦੇ ਚਰਣਾਂ ਦੀ ਧੂੜ[27] ਨੂੰ ਲੋਚਦਾ[26] ਹੈ । |
| ਸੋਰਠਿ ਮ: ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਗੁਰੁ ਪੂਰਾ[28] ਨਮਸਕਾਰੇ[29] ॥ | I make obeisance[29] unto my Perfect[28] Guru. | ਮੈਂ ਆਪਣੇ ਪੂਰਨ[28] ਗੁਰਾਂ ਨੂੰ ਬੰਦਨਾ ਕਰਦਾ[29] ਹਾਂ । |
| ਪ੍ਰਭਿ ਸਭੇ ਕਾਜ[30] ਸਵਾਰੇ[31] ॥ | The Lord has regulated[31] all my affairs[30]. | ਸੁਆਮੀ ਨੇ ਮੇਰੇ ਸਾਰੇ ਕਾਰਜ[30] ਰਾਸ ਕਰ ਦਿਤੇ[31] ਹਨ । |
| ਹਰਿ ਅਪਣੀ ਕਿਰਪਾ[33] ਧਾਰੀ[34] ॥ | The Lord has showered[34] His benediction[33] on me. | ਪ੍ਰਭੂ ਨੇ ਮੇਰੇ ਉਤੇ ਆਪਣੀ ਮਿਹਰ[33] ਕੀਤੀ[34] ਹੈ । |
| ਪ੍ਰਭ ਪੂਰਨ[35] ਪੈਜ[36] ਸਵਾਰੀ[37] ॥੧॥ | The Lord has fully[35] preserved[37] my honour[36]. | ਸੁਆਮੀ ਨੇ ਮੇਰੀ ਪਤਿ-ਆਬਰੂ[36] ਪੂਰੀ ਤਰ੍ਹਾਂ[35] ਸੁਸ਼ੋਭਤ ਕੀਤੀ[37] ਹੈ । |
| ਅਪਨੇ ਦਾਸ[38] ਕੋ ਭਇਓ[39] ਸਹਾਈ[40] ॥ | Of His slave[38], the Master has become[39] a refuge[40]. | ਆਪਣੇ ਗੋਲੇ[38] ਦਾ ਮਾਲਕ ਪਨਾਹ ਗੁਜ਼ੀਰ[40] ਹੋ ਗਿਆ[39] ਹੈ । |
| ਸਗਲ[41] ਮਨੋਰਥ[42] ਕੀਨੇ[43] ਕਰਤੈ[44] ਊਣੀ[45] ਬਾਤ[46] ਨ ਕਾਈ ॥ਰਹਾਉ॥ | The Creator[44] has fulfilled[43] all[41] my desires[12] and nothing[14] is left undone[45]. | ਸਿਰਜਣਹਾਰ[44] ਨੇ ਮੇਰੀਆਂ ਸਾਰੀਆਂ[41] ਖਾਹਿਸ਼ਾਂ[42] ਪੂਰੀਆਂ ਕਰ ਦਿਤੀਆਂ[43] ਹਨ ਅਤੇ ਕੋਈ ਚੀਜ਼[46] ਭੀ ਅਧੂਰੀ[45] ਨਹੀਂ ਰਹੀ । ਠਹਿਰਾਉ । |
| ਕਰਤੈ[47] ਪੁਰਖਿ[48] ਤਾਲੁ[49] ਦਿਵਾਇਆ[50] ॥ | The Creator[47] Lord[48] has caused the Nectar-tank[49] to be made[50]. | ਸਿਰਜਣਹਾਰ[47] ਸੁਆਮੀ[48] ਨੇ ਅੰਮ੍ਰਿਤ ਸਰੋਵਰ[49] ਬਣਵਾਇਆ[50] ਹੈ । |
| ਪਿਛੈ[51] ਲਗਿ ਚਲੀ[52] ਮਾਇਆ[53] ॥ ਤੋਟਿ ਨ[54] ਕਤਹੂ ਆਵੈ ॥ | The wealth[53], follows[52] in my foot-steps[51] and I am now short of[54] nothing. | ਦੌਲਤ[33], ਮੇਰੇ ਮਗਰ[51] ਟੁਰੀ ਆਉਂਦੀ[52] ਹੈ । ਮੈਨੂੰ ਹੁਣ ਕਿਸੇ ਚੀਜ਼ ਦਾ ਘਾਟਾ[54] ਨਹੀਂ । |
| ਮੇਰੇ ਪੂਰੇ[55] ਸਤਗੁਰ ਭਾਵੈ[56] ॥੨॥ | It so pleases[56] my Perfect[55] True Guru. | ਮੇਂਡੇ ਪੂਰਨ[55] ਸੱਚੇ ਗੁਰਾਂ ਨੂੰ ਐਕੁਰ ਹੀ ਚੰਗਾ ਲਗਦਾ[56] ਹੈ । |
| ਸਿਮਰਿ[57] ਸਿਮਰਿ[58] ਦਇਆਲਾ[59] ॥ ਸਭਿ ਜੀਅ[60] ਭਏ[61] ਕਿਰਪਾਲਾ[62] ॥ | By remembering[57] and contemplating[58] on the Merciful Master[59] all the beings[60] have become[61] compassionate[62] to me. | ਮਿਹਰਬਾਨ[59] ਮਾਲਕ ਦਾ ਭਜਨ[57] ਤੇ ਆਰਾਧਨ ਕਰਨ[58] ਦੁਆਰਾ ਸਾਰੇ ਜੀਵ[60] ਮੇਰੇ ਉੱਤੇ ਦਇਆਵਾਨ[62] ਹੋ ਗਏ[61] ਹਨ । |
| ਜੈ[63] ਜੈ ਕਾਰੁ [64]ਗੁਸਾਈ[65] ॥ ਜਿਨਿ ਪੂਰੀ[66] ਬਣਤ[67] ਬਣਾਈ[68] ॥੩॥ | Hail[63] ! hail ! unto the World[64] Lord[65], who has created[68] the perfect[66] creation[67]. | ਵਾਹਿ[63] ! ਵਾਹਿ ! ਹੈ ਸ੍ਰਿਸ਼ਟੀ[64] ਦੇ ਸੁਆਮੀ[65] ਨੂੰ ਜਿਸ ਨੇ ਪੂਰਨ[66] ਘਾੜਤ[67] ਘੜੀ[68] ਹੈ । |
| ਤੂ ਭਾਰੋ[69] ਸੁਆਮੀ[70]ਮੋਰਾ[71]॥ | Thou art my[71] great[69] Master[70]. | ਤੂੰ ਮੇਰਾ[71] ਵੱਡਾ[69] ਮਾਲਕ[70] ਹੈਂ । |

| | | |
|---|---|---|
| ਇਹੁ ਪੁੰਨੁ[72] ਪਦਾਰਥੁ[73] ਤੇਰਾ[74] ॥ | These gifts[72] and the wealth[73] are all Thine[74]. | ਇਹ ਦਾਤਾਂ[72] ਅਤੇ ਦੌਲਤ[73] ਸਮੂਹ ਤੇਰੀਆਂ[74] ਹੀ ਹਨ। |
| ਜਨ[75] ਨਾਨਕ ਏਕੁ[76] ਧਿਆਇਆ[77] ॥ ਸਰਬ[78] ਫਲਾ[79] ਪੁੰਨੁ[80] ਪਾਇਆ[81] ॥ ੪॥੧੪॥੬੪॥ | Slave[75] Nanak, has remembered[77] the one Lord[76] and he has obtained[81] the fruit[79] of all[78] the meritorious deeds[80]. | ਗੋਲੇ[75] ਨਾਨਕ ਨੇ ਇਕ ਸਾਹਿਬ[76] ਦਾ ਹੀ ਸਿਮਰਨ ਕੀਤਾ[77] ਹੈ ਅਤੇ ਉਸ ਨੇ ਸਾਰੇ[78] ਸ੍ਰੇਸ਼ਟ ਕਰਮਾਂ[80] ਦਾ ਮੇਵਾ[79] ਪ੍ਰਾਪਤ ਕਰ ਲਿਆ[81] ਹੈ। |
| ਸੋਰਠਿ ਮਹਲਾ ੫ ਘਰੁ ੩ ਦੁਪਦੇ | Sorath 5th Guru Dupadas. | ਸੋਰਠਿ ਪੰਜਵੀਂ ਪਾਤਿਸਾਹੀ। ਦੁਪਦੇ। |
| ੧ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਰਾਮਦਾਸ ਸਰੋਵਰਿ[82] ਨਾਤੇ[83] ॥ ਸਭਿ ਉਤਰੇ[84] ਪਾਪ[85] ਕਮਾਤੇ[86] ॥ | By bathing[83] in the Nectar-tank[82] of Ram Dass, all the sins[85] previously committed[86] are washed off[84]. | ਰਾਮ ਦਾਸ ਦੇ ਤਾਲਾਬ[82] ਅੰਦਰ ਇਸ਼ਨਾਨ ਕਰਨ[83] ਦੁਆਰਾ, ਪਿਛਲੇ ਕੀਤੇ ਹੋਏ[86] ਸਾਰੇ[86] ਪਾਪ[85] ਧੋਤੇ ਜਾਂਦੇ[84] ਹਨ। |
| ਨਿਰਮਲ[87] ਹੋਏ ਕਰਿ ਇਸਨਾਨਾ[88] ॥ | Having an ablution[88], one becomes pure[87]. | ਨਹਾ[88] ਧੋ ਕੇ ਇਨਸਾਨ ਪਵਿੱਤ੍ਰ[87] ਹੋ ਜਾਂਦਾ ਹੈ। |
| ਗੁਰ ਪੂਰੈ[89] ਕੀਨੇ[90] ਦਾਨਾ[91] ॥੧॥ | The perfect[89] Guru has given[90] this gift[91]. | ਪੂਰਨ[89] ਗੁਰਾਂ ਨੇ ਇਹ ਦਾਤ[91] ਬਖਸ਼ੀ[90] ਹੈ। |
| ਸਭਿ[92] ਕੁਸਲ[93] ਖੇਮ[94] ਪ੍ਰਭਿ ਧਾਰੇ[95] ॥ | With pleasure[93] and peace[94] the Lord has blessed[95] all[92]. | ਸੁਆਮੀ ਨੇ ਸਾਰਿਆਂ[92] ਨੂੰ ਖੁਸ਼ੀ[93] ਅਤੇ ਆਰਾਮ[94] ਦੀ ਦਾਤ ਦਿੱਤੀ[95] ਹੈ। |
| ਸਹੀ ਸਲਾਮਤਿ[96] ਸਭਿ ਥੋਕ[97] ਉਬਾਰੇ[98] ਗੁਰ ਕਾ ਸਬਦੁ[99] ਵੀਚਾਰੇ[100] ॥ਰਹਾਉ॥ | Pondering over[100] the Guru's hymns[99] all the things[97] are saved[98] in tact[96]. Pause. | ਗੁਰਾਂ ਦੀ ਬਾਣੀ[99] ਦਾ ਧਿਆਨ ਧਾਰਨ[100] ਦੁਆਰਾ, ਸਾਰੀਆਂ ਵਸਤੂਆਂ[97] ਜਿਉਂ ਦੀਆਂ ਤਿਉਂ[96] ਬੱਚ[98] ਗਈਆਂ ਹਨ। ਠਹਿਰਾਉ। |
| ਸਾਧਸੰਗਿ ਮਲੁ[2] ਲਾਥੀ[3] ॥ ਪਾਰਬ੍ਰਹਮੁ[4] ਭਇਓ[5] ਸਾਥੀ[6] ॥ | In the society of saints, man's filth[2] is washed off[3] and the Supreme Lord[4] becomes[5] his friend[6]. | ਸਤਿਸੰਗਤ ਅੰਦਰ ਇਨਸਾਨ ਦੀ ਮੈਲ[2] ਧੋਤੀ ਜਾਂਦੀ[3] ਹੈ ਅਤੇ ਸ਼੍ਰੋਮਣੀ ਸਾਹਿਬ[4] ਉਸ ਦਾ ਮਿੱਤ੍ਰ[6] ਬਣ ਜਾਂਦਾ[5] ਹੈ। |
| ਨਾਨਕ ਨਾਮੁ ਧਿਆਇਆ[7] ॥ ਆਦਿ ਪੁਰਖ[8] ਪ੍ਰਭੁ ਪਾਇਆ[9] ॥੨॥੧॥੬੫॥ | Nanak has meditated[7] on the Name and attained[9] to his Lord, the Primal Being[8]. | ਨਾਨਕ ਨੇ ਨਾਮ ਦਾ ਸਿਮਰਨ ਕੀਤਾ[7] ਹੈ ਅਤੇ ਆਪਣੇ ਸਾਹਿਬ, ਆਦੀ ਨਿਰੰਕਾਰ[8], ਨੂੰ ਪਾ ਲਿਆ[9] ਹੈ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਜਿਤੁ[10] ਪਾਰਬ੍ਰਹਮੁ[12] ਚਿਤਿ[13] ਆਇਆ ॥ ਸੋ[14] ਘਰੁ[15] ਦਯਿ[16] ਵਸਾਇਆ[17] ॥ | Where[10] the Transcendent Lord[12] is ever cherished[13] that[14] house[15] the Lord[19] causes to flourish[17]. | ਜਿਥੇ[10] ਪਰਮ ਪ੍ਰਭੂ[12] ਦਾ ਆਰਾਧਨ ਕੀਤਾ ਜਾਂਦਾ[13] ਹੈ, ਉਸ[14] ਧਾਮ[15] (ਘਰ) ਨੂੰ ਪ੍ਰਭੂ ਪ੍ਰਫੁੱਲਤ[17] ਕਰ ਦਿੰਦਾ ਹੈ। |
| ੬੨੬ | | |
| ਸੁਖ[18] ਸਾਗਰੁ[19] ਗੁਰੁ | When I attained to my Guru, the | ਜਦ ਮੈਂ, ਆਰਾਮ[18] ਦੇ ਸਮੁੰਦਰ[19], ਗੁਰਦੇਵ ਜੀ ਨੂੰ ਪਾ |

| | | |
|---|---|---|
| ਪਾਇਆ ਤਾ[20] ਸਹਸਾ[21] ਸਗਲ[22] ਮਿਟਾਇਆ[23] ॥੧॥ | ocean[19] of peace[18], then[20] all[22] my doubts[21] were dispelled[23]. | ਲਿਆ ਤਦ[20] ਮੇਰੇ ਸਾਰੇ[22] ਸੰਦੇਹ[21] ਦੂਰ ਹੋ ਗਏ[23]। |
| ਹਰਿ ਕੇ ਨਾਮ ਕੀ ਵਡਿਆਈ[24] ॥ | The glory[24] is in the God's Name. | ਬਜ਼ੁਰਗੀ[24] ਵਾਹਿਗੁਰੂ ਦੇ ਨਾਮ ਵਿੱਚ ਹੈ। |
| ਆਠ ਪਹਰ[25] ਗੁਣ[26] ਗਾਈ[27] ॥ | Night and day through[25], I sing[27] the Lord's praise[26]. | ਦਿਨ ਰਾਤ[25] ਮੈਂ ਪ੍ਰਭੂ ਦੀ ਕੀਰਤੀ[26] ਗਾਇਨ ਕਰਦਾ[27] ਹਾਂ। |
| ਗੁਰ ਪੂਰੇ[28] ਤੇ[29] ਪਾਈ[30] ॥ ਰਹਾਉ॥ | This boon I have obtained[30] from[29] the Perfect Guru[28]. | ਇਹ ਦਾਤ ਮੈਨੂੰ ਪੂਰਣ ਗੁਰਾਂ[28] ਪਾਸੋਂ ਪ੍ਰਾਪਤ ਹੋਈ[30]ਹੈ। |
| ਪ੍ਰਭ ਕੀ ਅਕਥ[31] ਕਹਾਣੀ[32]॥ | Ineffable[31] is the Lord's discourse[32]. | ਅਕਹਿ[31] ਹੈ ਸੁਆਮੀ ਦੀ ਕਥਾ ਵਾਰਤਾ[32]। |
| ਜਨ[33] ਬੋਲਹਿ[34] ਅੰਮ੍ਰਿਤ[35] ਬਾਣੀ[36] ॥ | The Lord's slaves[33] utter[34] the ambrosial[35] Gurbani[36]. | ਸਾਂਈਂ ਦੇ ਸੇਵਕ[33] ਅੰਮ੍ਰਿਤਮਈ[35] ਗੁਰਬਾਣੀ[36] ਦਾ ਉਚਾਰਨ ਕਰਦੇ[34] ਹਨ। |
| ਨਾਨਕ ਦਾਸ[37] ਵਖਾਣੀ[38] ॥ | Nanak, the Lord's slave[37], has uttered[38] it. | ਸਾਹਿਬ ਦੇ ਗੋਲੇ[37]. ਨਾਨਕ ਨੇ ਇਸ ਨੂੰ ਉਚਾਰਨ ਕੀਤਾ[38] ਹੈ। |
| ਗੁਰ ਪੂਰੇ[39] ਤੇ[40] ਜਾਣੀ[41] ॥ ੨॥੨॥੬੬॥ | Through[40] the Perfect[39] Guru, it is realised[41]. | ਪੂਰਨ[39] ਗੁਰਾਂ ਦੇ ਰਾਹੀਂ[40] ਇਹ ਅਨੁਭਵ ਕੀਤੀ ਜਾਂਦੀ[41] ਹੈ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਆਗੈ[42]ਸੁਖੁ[43]ਗੁਰਿ ਦੀਆ[44]॥ ਪਾਛੈ[45] ਕੁਸਲ[46] ਖੇਮ[47] ਗੁਰਿ ਕੀਆ[48] ॥ | Here[42], at first, the Guru has blessed[44] me with bliss[43] and hereafter[45], the Guru has arranged[48] peace[46] and pleasure[47] for me. | ਇਥੇ ਪਹਿਲਾਂ[42] ਗੁਰਾਂ ਨੇ ਮੈਨੂੰ ਖ਼ੁਸ਼ੀ[43] ਬਖ਼ਸ਼ੀ[44] ਹੈ ਅਤੇ ਏਦੂੰ ਮਗਰੋਂ[45], ਗੁਰਾਂ ਨੇ ਮੇਰੇ ਲਈ ਆਰਾਮ[46] ਤੇ ਆਨੰਦ[47] ਦਾ ਪ੍ਰਬੰਧ ਕੀਤਾ[48] ਹੈ। |
| ਸਰਬ[49] ਨਿਧਾਨ[50] ਸੁਖ[51] ਪਾਇਆ ॥ ਗੁਰੁ ਅਪੁਨਾ ਰਿਦੈ[52] ਧਿਆਇਆ[53] ॥੧॥ | I have obtained all[49] the treasures[50] and comforts[51] by cherishing[53] my Guru within my mind[52]. | ਆਪਣੇ ਗੁਰਾਂ ਦਾ ਆਪਣੇ ਮਨ[52] ਅੰਦਰ ਸਿਮਰਨ ਕਰਨ[53] ਦੁਆਰਾ ਮੈਂ ਸਾਰੇ[49] ਖ਼ਜ਼ਾਨੇ[50] ਅਤੇ ਸੁਖ ਆਰਾਮ[51] ਪਾ ਲਏ ਹਨ। |
| ਅਪਨੇ ਸਤਿਗੁਰ ਕੀ ਵਡਿਆਈ[54] ॥ ਮਨ[55]ਇਛੇ[56] ਫਲ[57] ਪਾਈ[58] ॥ | Singing the praise[54] of my True Guru, I have gathered[58] the fruits[57] of my heart's[55] desire[56]. | ਆਪਣੇ ਸੱਚੇ ਗੁਰਾਂ ਦੀ ਮਹਿਮਾ[54] ਗਾਇਨ ਕਰ ਕੇ, ਮੈਂ ਆਪਣੇ ਚਿੱਤ[55]-ਚਾਹੁੰਦੇ[56] ਫਲ[57] ਪ੍ਰਾਪਤ ਕਰ ਲਏ[58] ਹਨ। ਠਹਿਰਾਉ। |
| ਸੰਤਹੁ ਦਿਨੁ ਦਿਨੁ[58] ਚੜੈ ਸਵਾਈ[60] ॥ਰਹਾਉ॥ | O saints, the Guru's glory increases[60] day by day[59]. Pause. | ਹੇ ਸਾਧੂਓ! ਗੁਰਾਂ ਦੀ ਮਹਿਮਾ, ਰੋਜ਼-ਬ-ਰੋਜ਼[59] ਵਧਦੀ ਜਾਂਦੀ[60] ਹੈ। ਠਹਿਰਾਉ। |
| ਜੀਅ ਜੰਤ[61] ਸਭਿ ਭਏ[64] ਦਇਆਲਾ[62] ਪ੍ਰਭਿ ਅਪਨੇ ਕਰਿ ਦੀਨੇ[63] ॥ | All the creatures, mortals and other beings[61] have become[64] compassionate[62] to me and my Lord Himself has made[63] them such. | ਸਾਰੇ ਪ੍ਰਾਣਧਾਰੀ[61] ਮੇਰੇ ਉਤੇ ਮਿਹਰਬਾਨ[62] ਹੋ ਗਏ[64] ਹਨ ਅਤੇ ਮੇਰੇ ਸੁਆਮੀ ਨੇ ਆਪ ਹੀ ਉਨ੍ਹਾਂ ਨੂੰ ਐਸਾ ਕੀਤਾ[63] ਹੈ। |
| ਸਹਜ ਸੁਭਾਇ[65] ਮਿਲੇ [66]ਗੋਪਾਲਾ[67] ਨਾਨਕ ਸਾਚਿ ਪਤੀਨੇ[68] ॥੨॥੩॥੬੭॥ | Nanak has easily[65] met with the World[66]-Cherisher[67] and he is pleased[68] with the Lord's truth. | ਨਾਨਕ, ਸੁਖੈਨ ਹੀ[65] ਸ੍ਰਿਸ਼ਟੀ[66] ਦੇ ਪਾਲਣਹਾਰ[67] ਨੂੰ ਮਿਲ ਪਿਆ ਹੈ ਤੇ ਉਹ ਸਾਂਈਂ ਦੇ ਸੱਚ ਨਾਲ ਪ੍ਰਸੰਨ ਥੀ ਗਿਆ[68] ਹੈ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |

| | | |
|---|---|---|
| ਗੁਰ ਕਾ ਸਬਦੁ[69] ਰਖਵਾਰੇ[70]॥ | The Guru's word[69] is my saviour[70]. | ਗੁਰਾਂ ਦਾ ਬਚਨ[69] ਮੇਰਾ ਰਖਵਾਲਾ[70] ਹੈ । |
| ਚਉਕੀ[71] ਚਉਗਿਰਦ[72] ਹਮਾਰੇ[73] ॥ | It is a guard[71] posted on all sides[72] of mine[73]. | ਇਹ ਮੇਰੇ[73] ਸਾਰੀਂ ਪਾਸੀਂ[72] ਇੱਕ ਪਹਿਰਾ[71] ਹੈ । |
| ਰਾਮ[74]ਨਾਮਿ ਮਨੁ[75] ਲਾਗਾ[76]॥ ਜਮੁ[77] ਲਜਾਇ[78] ਕਰਿ ਭਾਗਾ[79] ॥੧॥ | My soul[75] is attached[76] to the Lord's[74] Name, and so, through shame[78], the Death's courier[77] has fled[79] away. | ਮੇਰੀ ਜਿੰਦੜੀ[75] ਪ੍ਰਭੂ[74] ਦੇ ਨਾਮ ਨਾਲ ਜੁੜੀ ਹੋਈ[76] ਹੈ ਤੇ ਇਸ ਲਈ ਮੌਤ ਦਾ ਦੂਤ[77] ਸ਼ਰਮ[78] ਦਾ ਮਾਰਿਆ ਦੌੜ ਗਿਆ[79] ਹੈ । |
| ਪ੍ਰਭ ਜੀ[80] ਤੂ ਮੇਰੋ ਸੁਖਦਾਤਾ[81] ॥ | O reverend[80] Master, Thou art my Peace Bestower[81]. | ਹੇ ਮਹਾਰਾਜ[80] ਮਾਲਕ ! ਤੂੰ ਮੇਰਾ ਸੁਖ-ਆਰਾਮ-ਬਖ਼ਸ਼ਣਹਾਰ ਹੈਂ । |
| ਬੰਧਨ[82] ਕਾਟਿ[83] ਕਰੈ[89] ਮਨੁ[84] ਨਿਰਮਲੁ[85] ਪੂਰਨ[86] ਪੁਰਖੁ[87] ਬਿਧਾਤਾ[88] ॥ਰਹਾਉ॥ | The Perfect[86] Creator[88]-Lord[87] snaps[83] my bonds[82] and renders[89] my mind[84] immaculate[85]. Pause. | ਪੂਰਾ[86] ਸਿਰਜਣਹਾਰ[88] ਸੁਆਮੀ[87], ਮੇਰੀਆਂ ਬੇੜੀਆਂ[82] ਕੱਟਦਾ[83] ਅਤੇ ਮੇਰੀ ਆਤਮਾ[84] ਨੂੰ ਪਵਿੱਤ੍ਰ[85] ਕਰਦਾ[89] ਹੈ । |
| ਨਾਨਕ ਪ੍ਰਭੁ ਅਬਿਨਾਸੀ[90] ॥ ਤਾਕੀ[91] ਸੇਵ[92] ਨ ਬਿਰਥੀ[93] ਜਾਸੀ[94] ॥ | Nanak, my Lord is imperishable[90] and His[91] service[92] goes[94] not in vain[93]. | ਨਾਨਕ, ਮੇਰਾ ਸੁਆਮੀ ਅਮਰ[90] ਹੈ ਅਤੇ ਉਸ[91] ਦੀ ਟਹਿਲ[92] ਨਿਸਫਲ[93] ਨਹੀਂ ਜਾਂਦੀ[94] । |
| ਅਨਦ[95] ਕਰਹਿ[96] ਤੇਰੇ ਦਾਸਾ[97] ॥ ਜਪਿ[98] ਪੂਰਨ[99] ਹੋਈ ਆਸਾ[100] ॥੨॥੪॥੬੮॥ | Thy Slaves[97], O Lord, ever make[96] merry[95], as, by meditating[98] on Thee, their desires[100] are fulfilled[99]. | ਤੇਰੇ ਗੋਲੇ[97] ਹਮੇਸ਼ਾ ਅਨੰਦ[95] ਮਾਣਦੇ[96] ਹਨ । ਕਿਉਂਕਿ ਤੇਰਾ ਸਿਮਰਨ[98] ਕਰ ਕੇ ਉਨ੍ਹਾਂ ਦੀਆਂ ਕਾਮਨਾ[100] ਪੂਰਨ ਹੋ ਜਾਂਦੀਆਂ[99] ਹਨ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਗੁਰ ਅਪੁਨੇ ਬਲਿਹਾਰੀ[2] ॥ ਜਿਨਿ ਪੂਰਨ[3] ਪੈਜ[4] ਸਵਾਰੀ[5] ॥ | I am a sacrifice[2] unto my Guru, who ho has wholly[3] saved[5] my honour[4]. | ਮੈਂ ਆਪਣੇ ਗੁਰਾਂ ਉਤੋਂ ਵਾਰਨੇ[2] ਜਾਂਦਾ ਹਾਂ, ਜਿਨ੍ਹਾਂ ਨੇ ਮੇਰੀ ਇੱਜ਼ਤ[4] ਪੂਰੀ ਤਰ੍ਹਾਂ[3] ਰੱਖ ਲਈ[5] ਹੈ । |
| ਮਨ[6] ਚਿੰਦਿਆ[7] ਫਲੁ[8] ਪਾਇਆ ॥ ਪ੍ਰਭੁ ਅਪੁਨਾ ਸਦਾ[9] ਧਿਆਇਆ[10] ॥੧॥ | I have obtained the fruit[8] my heart[6] desired[7] and I ever[9] meditate[10] on my Lord. | ਮੈਨੂੰ ਆਪਣਾ ਚਿੱਤ[6]-ਚਾਹੁੰਦਾ[7] ਫਲ[8] (ਨਾਮ) ਪ੍ਰਾਪਤ ਹੋ ਗਿਆ ਹੈ ਅਤੇ ਮੈਂ ਸਦੀਵ[9] ਹੀ ਆਪਣੇ ਸਾਹਿਬ ਦਾ ਸਿਮਰਨ ਕਰਦਾ[10] ਹਾਂ । |
| ਸੰਤਹੁ ਤਿਸੁ[12] ਬਿਨੁ[14] ਅਵਰੁ[13] ਨ ਕੋਈ ॥ | O saints, without[14] Him[12], there is not any other[13]. | ਹੇ ਸਾਧੂਓ ! ਉਸ[12] ਦੇ ਬਗ਼ੈਰ[14] ਹੋਰ ਕੋਈ[13] ਨਹੀਂ । |
| ਕਰਣ ਕਾਰਣ[15] ਪ੍ਰਭੁ ਸੋਈ[16]॥ ਰਹਾਉ॥ | He[16], the Lord is the cause of causes[15]. Pause. | ਉਹ[16] ਸਾਹਿਬ ਹੇਤੂਆਂ ਦਾ ਹੇਤੂ[15] ਹੈ । ਠਹਿਰਾਉ । |
| ਪ੍ਰਭਿ ਅਪਨੈ ਵਰ[17] ਦੀਨੇ ॥ ਸਗਲ ਜੀਅ[18] ਵਸਿ[19] ਕੀਨੇ[20] ॥ | My Lord has given me His blessings[17] and has made[20] all the creatures[18] subject[19] to me. | ਮੇਰੇ ਸੁਆਮੀ ਨੇ ਮੈਨੂੰ ਆਪਣੀ ਅਸੀਸ[17] ਦਿੱਤੀ ਹੈ ਅਤੇ ਸਾਰੇ ਜੀਵ[18] ਮੇਰੇ ਇਖ਼ਤਿਆਰ[19] ਵਿੱਚ ਕਰ ਦਿੱਤੇ[20] ਹਨ । |
| ਜਨ[21] ਨਾਨਕ ਨਾਮੁ ਧਿਆਇਆ[22]॥ ਤਾ[23] ਸਗਲੇ | When slave[21] Nanak, meditated[22] on the Name, then[23] all his sorrows[24] | ਜਦ ਗੋਲੇ[21] ਨਾਨਕ ਨੇ ਨਾਮ ਦਾ ਸਿਮਰਨ ਕੀਤਾ[22] ਤਦ[23] ਉਸ ਦੇ ਸਾਰੇ |

| | | |
|---|---|---|
| ਦੂਖ[24] ਮਿਟਾਇਆ[25] ॥੨॥ ਪ॥੬੯॥ | departed[25]. | ਦੁਖੜੇ ਦੂਰ ਹੋ ਗਏ[25] । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਤਾਪੁ[26] ਗਵਾਇਆ[27] ਗੁਰਿ ਪੂਰੇ[28] ॥ ਵਾਜੇ ਅਨਹਦ[29] ਤੂਰੇ[30] ॥ | The Perfect[28] Guru has dispelled[27] the fever[26]. The trumpets[30] of spiritual bliss[29] play. | ਪੂਰਨ[28] ਗੁਰਾਂ ਨੇ ਤਾਪ[26] ਲਾਹ ਦਿੱਤਾ[27] ਹੈ । ਆਤਮਕ ਅਨੰਦ[29] ਦੇ ਵਾਜੇ[30] ਵਜਦੇ ਹਨ । |
| ਸਰਬ[31] ਕਲਿਆਣ[32] ਪ੍ਰਭਿ ਕੀਨੇ[33] ॥ | All[31] the comforts[32], the Lord has blessed[33] me with. | ਸਾਰੇ[31] ਆਰਾਮ[32] ਸੁਆਮੀ ਨੇ ਮੈਨੂੰ ਬਖਸ਼ਿਸ਼[33] ਕਰ ਦਿੱਤੇ[33] ਹਨ । |
| ਕਰਿ[34] ਕਿਰਪਾ[35] ਆਪਿ[36] ਦੀਨੇ[37] ॥੧॥ | Extending[34] His mercy[35], the Lord Himself[36] has given[37] them to me. | ਆਪਣੀ ਮਿਹਰ[35] ਧਾਰ[34] ਕੇ ਪ੍ਰਭੂ ਨੇ ਖ਼ੁਦ[36] ਉਹ ਮੈਨੂੰ ਦਿੱਤੇ[37] ਹਨ । |
| ਬੇਦਨ[38] ਸਤਿਗੁਰਿ ਆਪਿ ਗਵਾਈ[39] ॥ | The True Guru has himself dispelled[39] my distress[38]. | ਸੱਚੇ ਗੁਰਾਂ ਨੇ ਆਪੇ ਹੀ ਮੇਰੀ ਅਪਦਾ[38] ਨਵਿਰਤ ਕੀਤੀ[39] ਹੈ । |
| ਸਿਖ[40] ਸੰਤ ਸਭਿ ਸਰਸੇ[41] ਹੋਏ ਹਰਿ ਹਰਿ[42] ਨਾਮੁ ਧਿਆਈ[43] ॥ਰਹਾਉ॥ | All the disciples[40] and saints have blossomed[41] by remembering[43] the Lord Master's[42] Name. Pause. | ਪ੍ਰਭੂ ਪ੍ਰਮੇਸ਼ਰ[42] ਦੇ ਨਾਮ ਦਾ ਆਰਾਧਨ ਕਰਦੇ[43] ਹੋਏ ਸਾਰੇ ਮੁਰੀਦ[40] ਤੇ ਸਾਧੂ ਪ੍ਰਫੁੱਲਤ ਹੋ ਗਏ ਹਨ । ਠਹਿਰਾਉ । |
| ਜੋ[44] ਮੰਗਹਿ[45] ਸੋ[46] ਲੇਵਹਿ[47] ॥ | They obtain[47] all that[46], what[44] they ask[45] for. | ਜਿਹੜਾ ਕੁਝ[44] ਉਹ ਮੰਗਦੇ[45] ਹਨ, ਉਸ[46] ਸਾਰੇ ਨੂੰ ਉਹ ਪਾ ਲੈਂਦੇ[47] ਹਨ । |
| ਪ੍ਰਭ ਅਪਣਿਆ ਸੰਤਾ ਦੇਵਹਿ[48] ॥ | To His saints, the Lord gives[48] everything. | ਆਪਣੇ ਸਾਧੂਆਂ ਨੂੰ ਸਾਹਿਬ ਹਰ ਵਸਤੂ ਦਿੰਦਾ[48] ਹੈ । |
| ਹਰਿ ਗੋਵਿਦੁ ਪ੍ਰਭਿ ਰਾਖਿਆ[49] ॥ | The Lord has saved[49] Har Gobind. | ਸਾਹਿਬ ਨੇ ਹਰਿਗੋਵਿੰਦ ਦੀ ਰੱਖਿਆ[49] ਕੀਤੀ ਹੈ । |
| ਜਨ ਨਾਨਕ ਸਾਚੁ ਸੁਭਾਖਿਆ[50] ॥੨॥੬॥੭੦॥ | Serf Nanak, utters[50] nothing but truth. | ਦਾਸ ਨਾਨਕ ਨਿਰੋਲ ਸੱਚ ਆਖਦਾ[50] ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਸੋਈ ਕਰਾਇ ਜੋ[51] ਤੁਧੁ ਭਾਵੈ[52] ॥ | Thou Makest me do, what[51] pleases[52] Thee, O Lord. | ਮੇਰੇ ਪਾਸੋਂ ਉਹ ਕੁੱਛ ਕਰਵਾ ਜਿਹੜਾ[51] ਤੈਨੂੰ ਚੰਗਾ ਲਗਦਾ[52] ਹੈ, ਹੇ ਸਾਂਈਂ ! |
| ਮੋਹਿ ਸਿਆਣਪ[53] ਕਛੂ[54] ਨ ਆਵੈ ॥ | I know of no cleverness[53] what-so-ever[54]. | ਮੈਨੂੰ ਕੁਝ ਭੀ[54] ਚਤੁਰਾਈ[53] ਨਹੀਂ ਆਉਂਦੀ । |
| ਹਮ[57] ਬਾਰਿਕ[55] ਤਉ[56] ਸਰਣਾਈ[58] ॥ | I[57], a child[55], seek Thine[56] protection[58]. | ਮੈਂ[57] ਤੇਰਾ ਬੱਚਾ[55], ਤੇਰੀ[56] ਪਨਾਹ[58] ਲੋੜਦਾ ਹਾਂ । |
| ਪ੍ਰਭਿ ਆਪੇ[59] ਪੈਜ[60] ਰਖਾਈ[61] ॥੧॥ | The Lord Himself[29] saves[61] my honour[60]. | ਸਾਹਿਬ ਆਪੇ[59] ਹੀ ਮੇਰੀ ਇੱਜ਼ਤ[60] ਰਖਦਾ[61] ਹੈ । |
| ੬੨੭ | | |
| ਮੇਰਾ ਮਾਤ[62] ਪਿਤਾ[63] ਹਰਿ ਰਾਇਆ[64] ॥ | God, the King[64], Thou art my mother[62] and father[63]. | ਹੇ ਵਾਹਿਗੁਰੂ, ਪਾਤਿਸ਼ਾਹ[64] ਤੂੰ ਹੀ ਮੇਰੀ ਅੰਮੜੀ[62] ਤੇ ਬਾਬਲ[63] ਹੈ । |

| | | |
|---|---|---|
| ਕਰਿ ਕਿਰਪਾ[65] ਪ੍ਰਤਿਪਾਲਣ[66] ਲਾਗਾ ਕਰੰੀ ਤੇਰਾ ਕਰਾਇਆ[67] ॥ਰਹਾਉ॥ | Thou mercifully[65] cherish[66] me, O Lord and I do whatever Thou makest[67] me do. | ਤੈਂ ਦਇਆ ਧਾਰ ਕੇ[65] ਮੈਨੂੰ ਪਾਲਦਾ-ਪੋਸਦਾ[66] ਹੈਂ। ਮੈਂ ਉਹੀ ਕੁੱਛ ਕਰਦਾ ਹਾਂ ਜਿਹੜਾ ਕੁੱਛ ਤੂੰ ਮੇਰੇ ਕੋਲੋਂ ਕਰਾਉਂਦਾ[67] ਹੈਂ। |
| ਜੀਅ[68] ਜੰਤ[69] ਤੇਰੇ ਧਾਰੇ[70] ॥ ਪ੍ਰਭ ਡੋਰੀ[71] ਹਾਥਿ[72] ਤੁਮਾਰੇ ॥ | The mortals[68] and other creatures[69] are established[70] by Thee, O Lord. Their nose-string[71] is in Thy hand[72]. | ਪ੍ਰਾਣੀ[68] ਤੇ ਹੋਰ ਜੀਵ[69] ਤੇਰੇ ਅਸਥਾਪਨ ਕੀਤੇ ਹੋਏ[70] ਹਨ, ਹੇ ਸੁਆਮੀ! ਤੇ ਉਨ੍ਹਾਂ ਦੀ ਨਕੇਲ[77] ਤੇਰੇ ਹੱਥ[72] ਵਿੱਚ ਹੈ। |
| ਜਿ[73] ਕਰਾਵੈ[74] ਸੋ[75] ਕਰਣਾ॥ ਨਾਨਕ ਦਾਸ[76] ਤੇਰੀ ਸਰਣਾ[77] ॥੨॥੭॥੨੧॥ | Whatever[73] Thou makest[74] them do, that[75] alone they do. Nanak, Thy Serf[76] has sought Thy protection[77], O Lord. | ਜਿਹੜਾ ਕੁਛ[73] ਤੂੰ ਉਨ੍ਹਾਂ ਕੋਲੋਂ ਕਰਾਉਂਦਾ[74] ਹੈਂ, ਕੇਵਲ ਉਹੀ[75] ਉਹ ਕਰਦੇ ਹਨ। ਨਫ਼ਰ[76] ਨਾਨਕ ਨੇ ਤੇਰੀ ਪਨਾਹ[77] ਲਈ ਹੈ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਹਰਿ ਨਾਮੁ ਰਿਦੈ[78] ਪਰੋਇਆ[79] ॥ ਸਭੁ ਕਾਜੁ[80] ਹਮਾਰਾ[81] ਹੋਆ[82] ॥ | The God's Name, I have weaved[79] into my mind[78]. All my[81] affairs[80] have been resolved[82]. | ਰੱਬ ਦਾ ਨਾਮ, ਮੈਂ ਆਪਣੇ ਹਿਰਦੇ[78] ਵਿੱਚ ਪਰੋ ਲਿਆ[79] ਹੈ ਅਤੇ ਮੇਰੇ[81] ਸਾਰੇ ਕਾਰਜ[80] ਸੌਰ[82] ਗਏ ਹਨ। |
| ਪ੍ਰਭ ਚਰਣੀ[83] ਮਨੁ ਲਾਗਾ[84]॥ ਪੂਰਨ[85] ਜਾ[86] ਕੇ ਭਾਗਾ[87] ॥੧॥ | His mind alone gets attached[84] to the Lord's feet[88], whose[86] destiny[87] is perfect[85]. | ਕੇਵਲ ਉਸੇ ਦਾ ਹਿਰਦਾ ਹੀ ਸੁਆਮੀ ਦੇ ਪੈਰਾਂ[83] ਨਾਲ ਜੁੜਦਾ[84] ਹੈ, ਜਿਸ ਦੀ[86] ਪਰਾਲਬਧ[87] ਐਨ ਪੂਰੀ[85] ਹੈ। |
| ਮਿਲਿ[88] ਸਾਧਸੰਗਿ ਹਰਿ ਧਿਆਇਆ[89] ॥ | Meeting[88] with the society of the saints, I have meditated[89] on the Lord. | ਸਤਿ ਸੰਗਤ ਨਾਲ ਜੁੜ ਕੇ[88], ਮੈਂ ਸਾਹਿਬ ਦਾ ਸਿਮਰਨ ਕੀਤਾ[89] ਹੈ। |
| ਆਠ ਪਹਰ ਅਰਾਧਿਓ[90] ਹਰਿ ਹਰਿ[91] ਮਨ[92] ਚਿੰਦਿਆ[93] ਫਲੁ[94] ਪਾਇਆ ॥ ਰਹਾਉ॥ | Reflecting over[90] the Lord God[91], throughout the eight watches of the day, I have gathered the fruit[94] of my heart's[92] desire[93]. Pause. | ਦਿਨ ਦੇ ਅੱਠੇ ਪਹਿਰ ਸੁਆਮੀ ਵਾਹਿਗੁਰੂ[91] ਦਾ ਸਿਮਰਨ ਕਰਨ[90] ਦੁਆਰਾ ਮੈਂ ਆਪਣਾ ਚਿੱਤ[92]-ਚਾਹੁੰਦਾ[53] ਫਲ[94] ਪ੍ਰਾਪਤ ਕਰ ਲਿਆ ਹੈ। ਠਹਿਰਾਉ। |
| ਪਰਾ ਪੂਰਬਲਾ[95] ਅੰਕੁਰੁ[96] ਜਾਗਿਆ[97] ॥ ਰਾਮ[98] ਨਾਮਿ ਮਨੁ[99] ਲਾਗਿਆ[100] ॥ | The seed[96] of my primal and past[95] deeds has sprouted[97]. With the Lord's[98] Name, my mind[99] is attached[100]. | ਮੇਰੇ ਆਦੀ ਤੇ ਪੁਰਾਤਨ[95] ਕਰਮਾ ਦਾ ਬੀਜ[96] ਫੁੱਟ ਆਇਆ[97] ਹੈ ਅਤੇ ਪ੍ਰਭੂ[98] ਦੇ ਨਾਮ ਨਾਲ ਮੇਰਾ ਚਿੱਤ[99] ਜੁੜ ਗਿਆ[100] ਹੈ। |
| ਮਨਿ[2] ਤਨਿ[3] ਹਰਿ ਦਰਸਿ[4] ਸਮਾਵੈ[5] ॥ | In the Lord's vision[4], my soul[2] and body[3] are absorbed[5]. | ਪ੍ਰਭੂ ਦੇ ਦਰਸ਼ਨ[4] ਅੰਦਰ ਮੇਰੀ ਜਿੰਦੜੀ[2] ਤੇ ਦੇਹ[3] ਲੀਨ[5] ਹਨ। |
| ਨਾਨਕ ਦਾਸ[6] ਸਚੇ[7] ਗੁਣ[8] ਗਾਵੈ[9] ॥੨॥੮॥੨੨॥ | Servant[6] Nanak, sings[9] the praise[8] of the True Lord[7]. | ਦਾਸ[6] ਨਾਨਕ, ਸੱਚੇ ਸਾਹਿਬ ਦੀ ਕੀਰਤੀ[8] ਗਾਇਨ ਕਰਦਾ[9] ਹੈ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸਾਹੀ। |
| ਗੁਰ ਮਿਲਿ ਪ੍ਰਭੂ | Meeting with the Guru, I have | ਗੁਰਾਂ ਨਾਲ ਮਿਲ ਕੇ, ਮੈਂ ਸੁਆਮੀ ਦਾ ਆਰਾਧਨ ਕੀਤਾ[10] |

| | | |
|---|---|---|
| ਚਿਤਾਰਿਆ[10] ॥ ਕਾਰਜ[12] ਸਭਿ ਸਵਾਰਿਆ[13] ॥ | cherished[10] the Lord and my affairs[12] are all resolved[13]. | ਹੈ ਅਤੇ ਮੇਰੇ ਸਾਰੇ ਕੰਮ ਕਾਜ[12] ਰਾਸ ਹੋ ਗਏ[13] ਹਨ। |
| ਮੰਦਾ[14] ਕੋ ਨ ਅਲਾਏ[15] ॥ ਸਭ[16] ਜੈ ਜੈਕਾਰੁ[17] ਸੁਣਾਏ[18]॥ ੧॥ | None speaks[15] ill[14] of me now. Every one[16] shouts[18] the ovations of my victory[17]. | ਹੁਣ ਕੋਈ ਭੀ ਮੈਨੂੰ ਬੁਰਾ[14] ਨਹੀਂ ਆਖਦਾ[15] ਅਤੇ ਹਰ ਕੋਈ[16] ਮੇਰੀ ਜਿੱਤ ਦੇ ਨਾਹਰੇ[17] ਲਾਉਂਦਾ[18] ਹੈ। |
| ਸੰਤਹੁ ਸਾਚੀ ਸਰਣਿ[19] ਸੁਆਮੀ ॥ | O saints, I seek the True shelter[19] of the Lord. | ਹੇ ਸਾਧੂਓ ! ਮੈਂ ਸੁਆਮੀ ਦੀ ਸੱਚੀ ਸ਼ਰਣਾਗਤ[19] ਨੂੰ ਲੋੜਦਾ ਹਾਂ। |
| ਜੀਅ ਜੰਤ[20] ਸਭਿ ਹਾਥਿ[21] ਤਿਸੈ[22] ਕੈ ਸੋ[23] ਪ੍ਰਭੁ ਅੰਤਰਜਾਮੀ[24] ॥ਰਹਾਉ॥ | All the living beings[20] are under His[22] sway[21]. He[23], the Lord, is the knower of hearts[24]. Pause. | ਸਾਰੇ ਪ੍ਰਾਣਧਾਰੀ[20] ਉਸ ਦੇ[22] ਵੱਸ[21] ਵਿੱਚ ਹਨ। ਉਹ ਸੁਆਮੀ ਦਿਲਾਂ ਦੀਆਂ ਜਾਨਣਹਾਰ[24] ਹੈ। ਠਹਿਰਾਉ। |
| ਕਰਤਬ[25] ਸਭਿ ਸਵਾਰੇ[26] ॥ | All my affairs[25], the Master has resolved[26]. | ਮੇਰੇ ਸਾਰੇ ਕੰਮ[25], ਮਾਲਕ ਨੇ ਸੁਆਰ ਦਿੱਤੇ[21] ਹਨ। |
| ਪ੍ਰਭਿ ਅਪਨਾ[27] ਬਿਰਦੁ[28] ਸਮਾਰੇ[29] ॥ | The Lord has honoured[29] His innate nature[28]. | ਸਾਹਿਬ ਨੇ ਆਪਣੇ[27] ਧਰਮ[28] ਦੀ ਪਾਲਣਾ ਕੀਤੀ[29] ਹੈ। |
| ਪਤਿਤ[30] ਪਾਵਨ[31] ਪ੍ਰਭ ਨਾਮਾ ॥ | Purifier[31] of the sinners[30] is the Lord's Name. | ਪਾਪੀਆਂ[30] ਨੂੰ ਪਵਿੱਤ੍ਰ ਕਰਨ ਵਾਲਾ[31] ਹੈ ਸਾਹਿਬ ਦਾ ਨਾਮ। |
| ਜਨ[32] ਨਾਨਕ ਸਦ[33] ਕੁਰਬਾਨਾ[34] ॥੨॥੬॥੭੩॥ | Serf[32] Nanak is ever[33] a sacrifice[34] unto the Lord. | ਨਫ਼ਰ[32] ਨਾਨਕ, ਸਾਹਿਬ ਉੱਤੋਂ ਸਦੀਵ[33] ਹੀ ਬਲਿਹਾਰ[34] ਜਾਂਦਾ ਹੈ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਪਾਰਬ੍ਰਹਮਿ[35] ਸਾਜਿ[36] ਸਵਾਰਿਆ[37] ॥ | The Supreme Lord[35] has created[36] and embellished[37] my son. | ਸ਼੍ਰੋਮਣੀ ਸਾਂਈ[35] ਨੇ ਮੇਰੇ ਪੁੱਤ੍ਰ ਨੂੰ ਪੈਦਾ[36] ਅਤੇ ਸ਼ਸ਼ੋਭਤ ਕੀਤਾ[37] ਹੈ। |
| ਇਹੁ ਲਹੁੜਾ[38] ਗੁਰੂ ਉਬਾਰਿਆ[39] ॥ | This small[38] child the Guru has saved[39]. | ਇਸ ਨਿੱਕੇ[38] ਬੱਚੇ ਨੂੰ ਗੁਰਾਂ ਨੇ ਬਚਾ ਲਿਆ[39] ਹੈ। |
| ਅਨਦ[40] ਕਰਹੁ ਪਿਤ[41] ਮਾਤਾ[42] ॥ | O father[41] and mother[42], make ye merry[40] now. | ਹੇ ਬਾਬਲ[41] ਤੇ ਅੰਮੜੀਏ[42] ! ਤੁਸੀਂ ਹੁਣ ਖੁਸ਼ੀਆਂ[40] ਕਰੋ। |
| ਪਰਮੇਸਰੁ[43] ਜੀਅ ਕਾ[44] ਦਾਤਾ[45] ॥੧॥ | The Great God[43] is the Giver[45] of soul[44]. | ਵਿਸ਼ਾਲ ਵਾਹਿਗੁਰੂ[43] ਆਤਮਾ[44] ਬਖ਼ਸ਼ਣ ਵਾਲਾ[45] ਹੈ। |
| ਸੁਭ[46] ਚਿਤਵਨਿ[47] ਦਾਸ[48] ਤੁਮਾਰੇ ॥ | Thine slaves[48], O Lord, think[47] of sublime[46] things. | ਤੇਰੇ ਗੋਲੇ[48], ਹੇ ਸਾਂਈਂ ! ਸ੍ਰੇਸ਼ਟ[46] ਗੱਲਾਂ ਸੋਚਦੇ[47] ਹਨ। |
| ਰਾਖਹਿ ਪੈਜ[49] ਦਾਸ[50] ਅਪੁਨੇ ਕੀ ਕਾਰਜ[51] ਆਪਿ[52] ਸਵਾਰੇ[53] ॥ਰਹਾਉ॥ | Thou savest the honour[49] of Thy slave[50] and Thyself[52] arrangest[53] his affairs[51], O Lord. | ਤੂੰ ਆਪਣੇ ਗੋਲੇ[50] ਦੀ ਇੱਜ਼ਤ[49] ਰਖਦਾ ਹੈਂ ਅਤੇ ਆਪ[52] ਹੀ ਉਸ ਦੇ ਕੰਮ[51] ਰਾਸ ਕਰਦਾ[53] ਹੈਂ, ਹੇ ਸੁਆਮੀ ! |
| ਮੇਰਾ ਪ੍ਰਭੁ ਪਰਉਪਕਾਰੀ[54] ॥ ਪੂਰਨ[55] ਕਲ[56] ਜਿਨਿ[57] ਧਾਰੀ[58] ॥ | Beneficent[54] is my Lord in whose[57] Being [55]Omnipotence[56] is manifest[58]. | ਉਦਾਰਚਿਤ[54] ਹੈ ਮੈਂਡਾ ਸੁਆਮੀ, ਜਿਸ[57] ਦੇ ਸਰੂਪ ਵਿੱਚ ਪੂਰੀਆਂ[55] ਸ਼ਕਤੀਆਂ[56] ਪ੍ਰਗਟ[58] ਹਨ। |

| | | |
|---|---|---|
| ਨਾਨਕ ਸਰਣੀ[59]ਆਇਆ[60]॥ ਮਨ[61] ਚਿੰਦਿਆ[62] ਫਲੁ[63] ਪਾਇਆ[64] ॥੨॥੧੦॥੭੪॥ | Seeking[60] the Lord's shelter[59], Nanak has obtained[64] his heart[61]-desired[62] boons[63]. | ਪ੍ਰਭੂ ਦੀ ਪਨਾਹ[59] ਲੈਣ ਨਾਲ[60], ਨਾਨਕ ਨੇ ਆਪਣੀਆਂ ਚਿੱਤ[61]-ਚਾਹੁੰਦੀਆਂ[62] ਮੁਰਾਦਾਂ[63] ਪ੍ਰਾਪਤ ਕਰ ਲਈਆਂ[64] ਹਨ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਸਦਾ ਸਦਾ[65] ਹਰਿ ਜਾਪੇ[66]॥ | Ever and ever[65] contemplate[66] I, on the Lord. | ਸਦੀਵ ਤੇ ਸਦੀਵ[65] ਹੀ ਮੈਂ ਸੁਆਮੀ ਦਾ ਸਿਮਰਨ ਕਰਦਾ[66] ਹਾਂ । |
| ਪ੍ਰਭ ਬਾਲਕ[67] ਰਾਖੇ[68] ਆਪੇ[69] ॥ | The Lord has Himself[69] saved[68] my child[67]. | ਸੁਆਮੀ ਨੇ ਖ਼ੁਦ[69] ਹੀ ਮੇਰੇ ਬੱਚੇ[67] ਦੀ ਰੱਖਿਆ ਕੀਤੀ[68] ਹੈ । |
| ਸੀਤਲਾ[70] ਠਾਕਿ ਰਹਾਈ[71] ॥ | The Lord has rid[71] him of the small-pox[70]. | ਸੁਆਮੀ ਨੇ ਚੀਚਕ[70] ਨੂੰ ਵਰਜ ਕੇ ਹਟਾ ਦਿੱਤਾ[71] ਹੈ । |
| ਬਿਘਨ[72] ਗਏ[73] ਹਰਿ ਨਾਈ ॥੧॥ | My trouble[72] are removed[73] by God's Name. | ਰੱਬ ਦੇ ਨਾਮ ਨੇ ਮੇਰੀਆਂ ਤਕਲੀਫ਼ਾਂ[72] ਰਫ਼ਾ ਕਰ ਦਿੱਤੀਆਂ[73] ਹਨ । |
| ਮੇਰਾ ਪ੍ਰਭੁ ਹੋਆ ਸਦਾ[74] ਦਇਆਲਾ[75] ॥ | My Lord is ever[74] merciful[75]. | ਮੇਰਾ ਮਾਲਕ ਸਦੀਵ[74] ਹੀ ਮਿਹਰਬਾਨ[75] ਹੈ । |
| ਅਰਦਾਸਿ[76] ਸੁਣੀ[80] ਭਗਤ[77] ਅਪੁਨੇ ਕੀ ਸਭ ਜੀਅ[78] ਭਇਆ ਕਿਰਪਾਲਾ[79] ॥ ਰਹਾਉ॥ | He has hearkened[80] to the prayer[76] of His slave[77] and all the sentient beings[78] are compassionate[79] to him. Pause. | ਉਸ ਨੇ ਆਪਣੇ ਗੋਲੇ[77] ਦੀ ਬੇਨਤੀ[76] ਸੁਣ ਲਈ[80] ਹੈ ਅਤੇ ਸਾਰੇ ਪ੍ਰਾਣਧਾਰੀ[78] ਉਸ ਤੇ ਮਿਹਰਬਾਨ[79] ਹੋ ਗਏ ਹਨ । ਠਹਿਰਾਉ । |
| ਪ੍ਰਭ ਕਰਣ[81] ਕਾਰਣ[82] ਸਮਰਾਥਾ[83] ॥ | The Omnipotent[83] Lord is the cause[82] of all causes[81]. | ਸਾਹਿਬ ਸਾਰੇ ਕੰਮ[82] ਕਰਨ[81] ਨੂੰ ਸਰਬ-ਸ਼ਕਤੀਵਾਨ[83] ਹੈ । |
| ਹਰਿ ਸਿਮਰਤ[84] ਸਭੁ ਦੁਖੁ[85] ਲਾਥਾ[86] ॥ | Remembering[84] God, all the sorrows[85] vanish[86]. | ਵਾਹਿਗੁਰੂ ਨੂੰ ਯਾਦ ਕਰਨ[84] ਨਾਲ, ਸਾਰੇ ਦੁਖੜੇ[85] ਦੂਰ ਹੋ ਜਾਂਦੇ[86] ਹਨ । |
| ਅਪਣੇ ਦਾਸ[87] ਕੀ ਸੁਣੀ ਬੇਨੰਤੀ[88] ॥ | The Lord has heard the supplication[88] of His slave[87]. | ਸਾਹਿਬ ਨੇ ਆਪਣੇ ਗੋਲੇ[87] ਦੀ ਪ੍ਰਾਰਥਨਾ[88] ਸੁਣ ਲਈ ਹੈ । |
| ਸਭ[89] ਨਾਨਕ ਸੁਖਿ[90] ਸਵੰਤੀ[91] ॥੨॥੧੧॥੭੫॥ | Nanak, everyone[89], now, sleeps[91] in peace[90]. | ਨਾਨਕ, ਹੁਣ ਹਰ ਜਣਾ[89] ਸੁਖ[90] ਅੰਦਰ ਸੌਂਦਾ[91] ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਅਪਨਾ ਗੁਰੂ ਧਿਆਏ[92] ॥ ਮਿਲਿ[93] ਕੁਸਲ[94] ਸੇਤੀ[95] ਘਰਿ[97] ਆਏ[96] ॥ | I have meditated on my Guru, meeting[93] whom I have returned[96] home[97] with[95] joy[94]. | ਮੈਂ ਆਪਣੇ ਗੁਰਾਂ ਦਾ ਆਰਾਧਨ ਕੀਤਾ ਹੈ ਜਿਨ੍ਹਾਂ ਨੂੰ ਮਿਲ ਕੇ[93] ਮੈਂ ਖ਼ੁਸ਼ੀ[94] ਨਾਲ[95] ਗ੍ਰਿਹ[97] ਨੂੰ ਮੁੜ ਆਇਆ[96] ਹਾਂ । |
| ਨਾਮੈ ਕੀ ਵਡਿਆਈ[98] ॥ ਤਿਸੁ[99] ਕੀਮਤਿ[100] ਕਹਣੁ[2] ਨ ਜਾਈ ॥੧॥ | Such is the greatness[98] of the Lord's Name. Its[99] worth[100] cannot be expressed[2]. | ਐਹੋ ਜੇਹੀ ਹੈ ਵਿਸ਼ਾਲਤਾ[98] ਪ੍ਰਭੂ ਦੇ ਨਾਮ ਦੀ । ਉਸ ਦਾ[99] ਮੁੱਲ[100] ਬਿਆਨ[2] ਨਹੀਂ ਕੀਤਾ ਜਾ ਸਕਦਾ । |
| ਸੰਤਹੁ ਹਰਿ ਹਰਿ ਹਰਿ[3] ਆਰਾਧਹੁ[4] ॥ | O saints, remember[4] thou the Lord Master's Name[3]. | ਹੇ ਸਾਧੂਓ ! ਤੁਸੀਂ ਸੁਆਮੀ ਮਾਲਕ ਦੇ[3] ਨਾਮ ਦਾ ਭਜਨ[4] ਕਰੋ । |

| | | |
|---|---|---|
| ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ[5] ਸਗਲੇ ਸਾਧਹੁ[6] ॥ਰਹਾਉ॥ | Remembering God, ye shall obtain everything and all your affairs[5] shall be adjusted[6]. Pause. | ਵਾਹਿਗੁਰੂ ਦੇ ਚਿੰਤਨ ਕਰਨ ਨਾਲ ਤੁਹਾਨੂੰ ਸਾਰਾ ਕੁਝ ਮਿਲ ਜਾਊਗਾ ਅਤੇ ਤੁਹਾਡੇ ਸਾਰੇ ਕੰਮ-ਕਾਜ[5] ਰਾਸ ਹੋ ਜਾਣਗੇ[6] । ਠਹਿਰਾਉ । |
| ੬੨੮ | | |
| ਪ੍ਰੇਮ ਭਗਤਿ[7] ਪ੍ਰਭ ਲਾਗੀ[8] ॥ ਸੋ[9] ਪਾਏ[10] ਜਿਸੁ[12] [13]ਵਡਭਾਗੀ[14] ॥ | He[9] alone, who[12] is very[13] fortunate[14], obtains[10] and is attached[8] to the loving adoration[7] of the Lord. | ਕੇਵਲ ਓਹੀ[9], ਜੋ[12] ਭਾਰੇ[13]ਨਸੀਬਾਂ[14] ਵਾਲਾ ਹੈ, ਸੁਆਮੀ ਦੀ ਪਿਆਰੀ ਉਪਾਸ਼ਨਾ[7] ਨੂੰ ਪਾਉਂਦਾ[10] ਤੇ ਉਸ ਨਾਲ ਜੁੜਦਾ[8] ਹੈ । |
| ਜਨ[15] ਨਾਨਕ ਨਾਮੁ ਧਿਆਇਆ[16] ॥ ਤਿਨਿ[17] ਸਰਬ[18] ਸੁਖਾ[19] ਫਲ[20] ਪਾਇਆ ॥੨॥੧੨॥੭੬॥ | The Lord's slave[15], O Nanak, meditates[16] on the Name, and he[17] obtains the fruit[20] of all[18] the comforts[19]. | ਸਾਹਿਬ ਦਾ ਗੋਲਾ[15], ਹੇ ਨਾਨਕ ! ਨਾਮ ਦਾ ਸਿਮਰਨ ਕਰਦਾ[16] ਹੈ ਤੇ ਉਹ[17] ਸਾਰਿਆਂ[18] ਆਰਾਮਾਂ[19] ਦੇ ਮੇਵੇ[20] ਨੂੰ ਪਾ ਲੈਂਦਾ ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਪਰਮੇਸਰਿ[21] ਦਿਤਾ[22]ਬੰਨਾ[23]॥ ਦੁਖ[24] ਰੋਗ[25] ਕਾ ਡੇਰਾ[26] ਭੰਨਾ[27] ॥ | The Supreme Lord[21] has given[22] me His support[23] and the abode[26] of distress[24] and disease[25] is demolished[27]. | ਸ਼੍ਰੋਮਣੀ ਸਾਹਿਬ[21] ਨੇ ਮੈਨੂੰ ਆਪਣਾ ਆਸਰਾ[23] ਦਿੱਤਾ[22]ਹੈ ਅਤੇ ਤਕਲੀਫ[24] ਤੇ ਬੀਮਾਰੀ[25] ਦਾ ਅੱਡਾ[26] ਚੁੱਕਿਆ ਗਿਆ[27] ਹੈ । |
| ਅਨਦ[28] ਕਰਹਿ[29] ਨਰ[30] ਨਾਰੀ[31] ॥ ਹਰਿ ਹਰਿ ਪ੍ਰਭਿ ਕਿਰਪਾ[33] ਧਾਰੀ[34] ॥੧॥ | The men[30] and women[31] make[29] merry[28]. God, the Lord Master, has extended[34] His mercy[33] to them. | ਮਰਦ[30] ਤੇ ਜ਼ਨਾਨੀਆਂ[31] ਮੌਜਾਂ[28] ਮਾਣਦੇ[29]ਹਨ, ਕਿਉਂਕਿ ਵਾਹਿਗੁਰੂ ਸੁਆਮੀ ਮਾਲਕ ਨੇ ਉਨ੍ਹਾਂ ਤੇ ਆਪਣੀ ਮਿਹਰ[33] ਕੀਤੀ[34] ਹੈ । |
| ਸੰਤਹੁ ਸੁਖੁ[35] ਹੋਆ ਸਭ ਥਾਈ[36] ॥ | O saints, now there is peace[35] at all the places[36]. | ਹੇ ਸਾਧੂਓ ! ਹੁਣ ਸਾਰੀਆਂ ਥਾਵਾਂ[36] ਤੇ ਆਰਾਮ[35] ਹੈ । |
| ਪਾਰਬ੍ਰਹਮੁ[37] ਪੂਰਨ[38] ਪਰਮੇਸਰੁ[39] ਰਵਿ ਰਹਿਆ[40] ਸਭਨੀ[41] ਜਾਈ[42]॥ਰਹਾਉ॥ | My Transcendent Lord[37], the Perfect[38] Master[39], is pervading[40] in all[41] the places[42]. Pause. | ਮੇਰਾ ਪਰਮ ਪ੍ਰਭੂ[37], ਪੂਰਨ[38] ਮਾਲਕ[39], ਸਾਰੀਆਂ[41] ਥਾਵਾਂ[42] ਅੰਦਰ ਸਮਾਇਆ ਹੋਇਆ[40] ਹੈ । ਠਹਿਰਾਉ । |
| ਧੁਰ[43] ਕੀ ਬਾਣੀ[44] ਆਈ[45]॥ ਤਿਨਿ[46] ਸਗਲੀ[47] ਚਿੰਤ[48] ਮਿਟਾਈ[49] ॥ | From the Primal One[43], has emanated[45] the Gurbani[44], and it[46] has effaced[49] all[47] the anxiety[48]. | ਆਦਿ ਪੁਰਖ[43] ਤੋਂ ਗੁਰਬਾਣੀ[44] ਉਤਪੰਨ[45] ਹੋਈ ਹੈ ਅਤੇ ਇਸ[46] ਨੇ ਸਾਰਾ[47] ਫ਼ਿਕਰ[48] ਦੂਰ ਕਰ ਦਿੱਤਾ[49] ਹੈ । |
| ਦਇਆਲ[50] ਪੁਰਖ[51] ਮਿਹਰਵਾਨਾ[52] ॥ | Compassionate[50] and kind[52] is the Lord[51] to me. | ਕ੍ਰਿਪਾਲ[50] ਤੇ ਦਇਆਲੂ[52] ਹੈ ਸਾਹਿਬ[51] ਮੇਰੇ ਉਤੇ । |
| ਹਰਿ[53] ਨਾਨਕ ਸਾਚੁ[54] ਵਖਾਨਾ[55] ॥੨॥੧੩॥੭੭॥ | Nanak, utters[55] the Name of the True[54] Lord[53]. | ਨਾਨਕ ਸੱਚੇ[54] ਸੁਆਮੀ[53] ਦੇ ਨਾਮ ਦਾ ਉਚਾਰਨ ਕਰਦਾ[55] ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਐਥੈ[56] ਓਥੈ[57] ਰਖਵਾਲਾ[58] ॥ | Here[56] and hereafter[57], the Lord is my saviour[58]. | ਏਥੇ[56] ਅਤੇ ਓਥੇ[57] ਸਾਹਿਬ ਹੀ ਮੇਰਾ ਰੱਖਿਅਕ[58] ਹੈ । |
| ਪ੍ਰਭੁ[59] ਸਤਿਗੁਰ ਦੀਨ[60] ਦਇਆਲਾ[61] ॥ | The Divine[59] True Guru is merciful[61] to the meek[60]. | ਰੱਬ ਰੂਪ[59] ਸੱਚੇ ਗੁਰੂ ਜੀ ਮਸਕੀਨਾਂ[60]ਉਤੇ ਮਿਹਰਬਾਨ[61] ਹਨ । |

| | | |
|---|---|---|
| ਦਾਸ[62] ਅਪਨੇ ਆਪਿ[63] ਰਾਖੇ[64] ॥ | His slaves[62], He the Lord, Himself[63] saves[64]. | ਆਪਣੇ ਗੋਲਿਆਂ[62] ਦੀ ਉਹ ਸਾਹਿਬ ਆਪੇ[63] ਹੀ ਰੱਖਿਆ ਕਰਦਾ[64] ਹੈ। |
| ਘਟਿ ਘਟਿ[65] ਸਬਦੁ[66] [67]ਸੁਭਾਖੇ[68] ॥੧॥ | His beauteous[67] word[66] resounds[68] in every heart[65]. | ਉਸ ਦਾ ਸੁੰਦਰ[67] ਬਚਨ[66] ਹਰ ਦਿਲ[65] ਅੰਦਰ ਗੂੰਜਦਾ[68] ਹੈ। |
| ਗੁਰ ਕੇ ਚਰਣ[69] ਊਪਰਿ[70] ਬਲਿ[71] ਜਾਈ ॥ | Unto[70] the Guru's feet[69], I am a sacrifice[71]. | ਗੁਰਾਂ ਦੇ ਪੈਰਾਂ[69] ਉੱਤੋਂ[70] ਮੈਂ ਕੁਰਬਾਨ[71] ਜਾਂਦਾ ਹਾਂ। |
| ਦਿਨਸੁ[72] ਰੈਨਿ[73] ਸਾਸਿ ਸਾਸਿ[74] ਸਮਾਲੀ[75] ਪੂਰਨੁ[76] ਸਭਨੀ[77] ਥਾਈ[78] ॥ਰਹਾਉ॥ | Day[72] and night[73], at every breath[74], I remember[75] Him, who is fully-filling[76] all[77] the places[78]. Pause. | ਦਿਹੁੰ[72] ਰਾਤਿ[73], ਹਰ ਸੁਆਸ[74] ਨਾਲ ਮੈਂ ਉਸ ਦਾ ਸਿਮਰਨ[75] ਕਰਦਾ ਹਾਂ, ਜੋ ਸਾਰੀਆਂ[77] ਥਾਵਾਂ[78] ਨੂੰ ਪਰੀਪੂਰਨ ਕਰ ਰਿਹਾ[77] ਹੈ। ਠਹਿਰਾਉ। |
| ਆਪਿ[79] ਸਹਾਈ[80] ਹੋਆ[81] ॥ | The Lord Himself[79] has become[81] my support[80]. | ਪ੍ਰਭੂ ਖੁਦ[70] ਮੇਰਾ ਸਹਾਇਕ[81] ਥੀ ਗਿਆ[81] ਹੈ। |
| ਸਚੇ[82] ਦਾ ਸਚਾ ਢੋਆ[81] ॥ | True is the support[83] of the True Lord[82]. | ਸੱਚਾ ਹੈ ਆਸਰਾ[83] ਸੱਚੇ ਸੁਆਮੀ[82] ਦਾ। |
| ਤੇਰੀ ਭਗਤਿ[84] ਵਡਿਆਈ[85] ॥ ਪਾਈ[86] ਨਾਨਕ ਪ੍ਰਭ[87] ਸਰਣਾਈ[88] ॥੨॥੧੪॥੭੮॥ | Glory[85] is in Thine worship[84], O Lord and Nanak has obtained[86] it by seeking Thine shelter[88]. | ਵਡਿਆਈ[85] ਤੇਂਡੀ ਪ੍ਰੇਮ ਮਈ ਸੇਵਾ[84] ਵਿੱਚ ਹੈ, ਹੇ ਸੁਆਮੀ[87]! ਅਤੇ ਮਹਾਨਤਾ, ਨਾਨਕ ਨੇ ਤੇਰੀ ਪਨਾਹ[88] ਲੈਣ ਦੁਆਰਾ ਪ੍ਰਾਪਤ ਕਰ ਲਈ[86] ਹੈ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਸਤਿਗੁਰ ਪੂਰੇ[89] ਭਾਣਾ[90] ॥ ਤਾ[91] ਜਪਿਆ[92] ਨਾਮੁ ਰਮਾਣਾ[93] ॥ | When it so pleased[90] the Perfect[89] True Guru, then[91] repeated[92] I the pervading[93] God's Name. | ਜਦ ਪੂਰਨ[89] ਸੱਚੇ ਗੁਰਾਂ ਨੂੰ ਇਸ ਤਰ੍ਹਾਂ ਚੰਗਾ ਲੱਗਾ[90], ਤਦ[91] ਹੀ ਮੈਂ ਵਿਆਪਕ[93] ਵਾਹਿਗੁਰੂ ਦੇ ਨਾਮ ਦਾ ਉਚਾਰਨ[92] ਕੀਤਾ। |
| [94]ਗੋਬਿੰਦ[95] ਕਿਰਪਾ[96] ਧਾਰੀ[97] ॥ ਪ੍ਰਭਿ[98] ਰਾਖੀ ਪੈਜ[99] ਹਮਾਰੀ[100] ॥੧॥ | The Master[98], the World[94]-Lord[95] took[97] pity[96] on me and saved my[100] honour[99]. | ਸ੍ਰਿਸ਼ਟੀ[94] ਦੇ ਸੁਆਮੀ[95] ਮਾਲਕ[98] ਨੇ ਮੇਰੇ ਉੱਤੇ ਮਿਹਰ[96] ਕੀਤੀ[97] ਅਤੇ ਮੇਰੀ[100] ਇੱਜ਼ਤ ਆਬਰੂ[99] ਰੱਖ ਲਈ। |
| ਹਰਿ ਕੇ ਚਰਨ[2] ਸਦਾ[3] ਸੁਖਦਾਈ[4] ॥ | God's feet[2] are ever[3] peace-giving[5]. | ਵਾਹਿਗੁਰੂ ਦੇ ਪੈਰ[2] ਹਮੇਸ਼ਾ[3] ਆਰਾਮ ਦੇਣ ਵਾਲੇ[4] ਹਨ। |
| ਜੋ[5] ਇਛਹਿ[6] ਸੋਈ[7] ਫਲੁ[8] ਪਾਵਹਿ[12] ਬਿਰਥੀ[9] ਆਸ[10] ਨ ਜਾਈ ॥੧॥ਰਹਾਉ॥ | Whatever[5] fruit[8] the mortal desires[6], that[7] he attains[12] and his hope[10] goes not in vain[9]. Pause. | ਜਿਹੜਾ[5] ਫਲ[8] ਭੀ ਪ੍ਰਾਣੀ ਚਾਹੁੰਦਾ[6] ਹੈ, ਉਸ[7] ਨੂੰ ਹੀ ਉਹ ਪਾ ਲੈਂਦਾ[12] ਹੈ; ਉਸ ਦੀ ਉਮੀਦ[10] ਨਿਸਫਲ[9] ਨਹੀਂ ਜਾਂਦੀ। ਠਹਿਰਾਉ। |
| ਕ੍ਰਿਪਾ[13] ਕਰੇ[14] ਜਿਸੁ ਪ੍ਰਾਨ[15] ਪਤਿ[16] ਦਾਤਾ[17] ਸੋਈ[18] ਸੰਤੁ ਗੁਣ[19] ਗਾਵੈ[20] ॥ | The saint, to whom Beneficent[17] God, the Lord[16] of life[15], extends[14] His mercy[13], He[18] alone hymns[20] His praise[19]. | ਉਹ ਸਾਧੂ, ਜੀਹਦੇ ਉਤੇ ਜਿੰਦ-ਜਾਨ[15] ਦਾ ਸੁਆਮੀ[16] ਦਾਤਾਰ[17] ਵਾਹਿਗੁਰੂ ਆਪਣੀ ਮਿਹਰ[13] ਧਾਰਦਾ[14] ਹੈ, ਕੇਵਲ ਉਹ[18] ਹੀ ਉਸ ਦੀ ਸਿਫਤ[19]-ਸਲਾਹ ਗਾਇਨ ਕਰਦਾ[20] ਹੈ। |
| ਪ੍ਰੇਮ ਭਗਤਿ[21] ਤਾਕਾ[22] ਮਨੁ[23] | He, who is pleasing[27] to the mind[26] | ਜੋ ਪਰਮ ਪ੍ਰਭੂ[25] ਦੇ ਚਿੱਤ[26] ਨੂੰ ਚੰਗਾ ਲਗਦਾ[27] ਹੈ, |

| | | |
|---|---|---|
| ਲੀਣਾ[24] ਪਾਰਬ੍ਰਹਮ[25] ਮਨਿ[26] ਭਾਵੈ[27] ॥੨॥ | of the Transcendent Lord[26], his[22] soul[23] is absorbed[24] in the Lord's loving adoration[21]. | ਉਸ[22] ਦੀ ਆਤਮਾ[23] ਪ੍ਰਭੂ ਦੀ ਪਿਆਰੀ ਉਪਾਸ਼ਨਾ[21] ਅੰਦਰ ਸਮਾ ਜਾਂਦੀ[24] ਹੈ। |
| ਆਠ ਪਹਰ[28] ਹਰਿ ਕਾ ਜਸੁ[29] ਰਵਣਾ[30] ਬਿਖੈ[31] ਠਗਉਰੀ[32] ਲਾਥੀ[33] ॥ | Uttering[30] the Lord's praise[29] through the eight watches[28] of the day, the poisonous[31] potion[32] of mammon affects[33] not. | ਦਿਨ ਦੇ ਅੱਠੇ ਪਹਿਰ[28] ਸੁਆਮੀ ਦੀ ਕੀਰਤੀ[29] ਉਚਾਰਨ[30] ਕਰਨ ਦੁਆਰਾ ਮਾਇਆ ਦੀ ਜ਼ਹਿਰੀਲੀ[31] ਠੱਗ-ਬੂਟੀ[32] ਅਸਰ[33] ਨਹੀਂ ਕਰਦੀ। |
| ਸੰਗਿ[34] ਮਿਲਾਇ[35] ਲੀਆ ਮੇਰੈ ਕਰਤੈ[36] ਸੰਤ[37] ਸਾਧ[38] ਭਏ[40] ਸਾਥੀ[39] ॥੩॥ | My creator[36] has united[35] me with[34] Himself and the saints[37] and holy men[38] have become[40] my comrades[39]. | ਮੈਂਡੇ ਕਰਤਾਰ[36] ਨੇ ਮੈਨੂੰ ਆਪਣੇ ਨਾਲ[34]ਮਿਲਾ ਲਿਆ[35] ਹੈ ਅਤੇ ਜਗਿਆਸੂ[37] ਤੇ ਨੇਕ ਬੰਦੇ[38] ਮੇਰੇ ਸੰਗੀ[39] ਬਣ ਗਏ[40] ਹਨ। |
| ਕਰੁ[41] ਗਹਿ ਲੀਨੇ[42]ਸਰਬਸੁ[43] ਦੀਨੇ ਆਪਹਿ ਆਪੁ[44] ਮਿਲਾਇਆ[45] ॥ | Holding[42] me by the hand[41], the Lord has given me everything[43] and blended[45] me with His ownself[44]. | ਮੈਨੂੰ, ਹੱਥ[41] ਤੋਂ ਪਕੜ ਕੇ[42], ਪ੍ਰਭੂ ਨੇ ਸਭ ਕੁੱਛ[43] ਦੇ ਦਿੱਤਾ ਹੈ ਤੇ ਮੈਨੂੰ ਆਪਣੇ ਆਪ[44] ਨਾਲ ਅਭੇਦ ਕਰ ਲਿਆ[45] ਹੈ। |
| ਕਹੁ[46] ਨਾਨਕ ਸਰਬ[47] ਥੋਕ[48] ਪੂਰਨ[49] ਪੂਰਾ[50] ਸਤਿਗੁਰੁ ਪਾਇਆ[51] ॥੪॥੧੫॥੭੯॥ | Says[46] Nanak, I have obtained[51] the Perfect[50] True Guru, through whom all[47] my affairs[48] are fulfilled[49]. | ਗੁਰੂ ਜੀ ਆਖਦੇ[46] ਹਨ, ਮੈਂ ਪੂਰਨ[50] ਸੱਚੇ ਗੁਰਾਂ ਨੂੰ ਪ੍ਰਾਪਤ ਕਰ ਲਿਆ[51] ਹੈ, ਜਿਨ੍ਹਾਂ ਦੇ ਰਾਹੀਂ ਮੇਰੇ ਸਾਰੇ[47] ਕਾਰਜ[48] ਰਾਸ ਹੋ ਗਏ[49] ਹਨ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਗਰੀਬੀ[52] ਗਦਾ[53] ਹਮਾਰੀ[54]॥ | Humility[52] is my[54] spiked mace[53]. | ਨਿਮ੍ਰਤਾ[52] ਮੇਰੀ ਕਿੱਲਦਾਰ ਗੁਰਜ[53] ਹੈ। |
| ਖੰਨਾ[55] ਸਗਲ[56] ਰੇਨੁ[57] ਛਾਰੀ[58] ॥ | To be the dust[57] of the dust[58] of all[56] men's feet is my two-edged dagger[55]. | ਸਾਰਿਆਂ[56] ਇਨਸਾਨਾਂ ਦੇ ਪੈਰਾਂ ਦੀ ਧੂੜ[57] ਦੀ ਧੂੜ[58] ਹੋਣਾ ਮੇਰਾ ਦੋਧਾਰਾ-ਖੰਡਾ[55] ਹੈ। |
| ਇਸੁ[59] ਆਗੈ ਕੋ ਨ ਟਿਕੈ[60] ਵੇਕਾਰੀ[61] ॥ | These weapons[59] no evil-doer[61] can withstand[60]. | ਇਨ੍ਹਾਂ[59] ਸ਼ਸਤਰਾਂ ਮੂਹਰੇ ਕੋਈ ਕੁਕਰਮੀ[61] ਠਹਿਰ[60] ਨਹੀਂ ਸਕਦਾ। |
| ਗੁਰ ਪੂਰੇ[62] ਏਹ ਗਲ[63] ਸਾਰੀ[64] ॥੧॥ | The Perfect[62] Guru has conveyed[64] this thing[63] to me. | ਪੂਰਨ[62] ਗੁਰੂ ਨੇ ਇਹ ਬਾਤ[63] ਮੇਰੇ ਤੱਕ ਪੁਚਾਈ[64] ਹੈ। |
| ਹਰਿ ਹਰਿ[65] ਨਾਮੁ ਸੰਤਨ ਕੀ ਓਟਾ[66] ॥ | The Lord God's[65] Name is the saints' refuge[66]. | ਸੁਆਮੀ ਵਾਹਿਗੁਰੂ[65] ਦਾ ਨਾਮ ਸਾਧੂਆਂ ਦੀ ਪਨਾਹ[66]ਹੈ। |
| ਜੋ ਸਿਮਰੈ[67] ਤਿਸ[72] ਕੀ ਗਤਿ[68] ਹੋਵੈ ਉਧਰਹਿ[69] ਸਗਲੇ[70] ਕੋਟਾ[71] ॥੧॥ ਰਹਾਉ॥ | He[72], who remembers[67] the Lord's Name, is emancipated[68] and through It whole[70] hosts of millions[71] of men have been saved[69]. Pause. | ਜੋ ਨਾਮ ਦਾ ਉਚਾਰਨ ਕਰਦਾ[67] ਹੈ, ਉਹ[72] ਮੁਕਤ[68] ਹੋ ਜਾਂਦਾ ਹੈ। ਸੁਆਮੀ ਦੇ ਸਿਮਰਨ ਰਾਹੀਂ ਇਨਸਾਨਾਂ ਦੇ ਕ੍ਰੋੜਾਂ[71] ਹੀ ਸਮੁਦਾਇ[70] ਪਾਰ ਉੱਤਰ ਗਏ[69] ਹਨ। ਠਹਿਰਾਉ। |
| ਸੰਤਸੰਗਿ ਜਸੁ[73] ਗਾਇਆ ॥ | In the saints' society, I hymn the Lord's praise[73]. | ਸਤਿ ਸੰਗਤ ਅੰਦਰ ਮੈਂ ਸੁਆਮੀ ਦੀ ਕੀਰਤੀ[73] ਗਾਉਂਦਾ ਹਾਂ। |
| ਇਹੁ ਪੂਰਨ[74] ਹਰਿ ਧਨੁ[75] ਪਾਇਆ ॥ | This perfect[74] wealth[75] of God's Name, I have attained. | ਇਹ ਰੱਬ ਦੇ ਨਾਮ ਦੀ ਮੁਕੰਮਲ[74] ਦੌਲਤ[75] ਮੈਨੂੰ ਪ੍ਰਾਪਤ ਹੋਈ ਹੈ। |

| | | |
|---|---|---|
| ਕਹੁ ਨਾਨਕ ਆਪੁ[76] ਮਿਟਾਇਆ[77] ॥ ਸਭੁ[78] ਪਾਰਬ੍ਰਹਮੁ[79] ਨਦਰੀ[80] ਆਇਆ ॥੨॥੧੬॥੮੦॥ | Says Nanak, I have effaced[77] my self-conceit[76], and now I see[80] the Transcendent[79] Lord, all over[78]. | ਗੁਰੂ ਜੀ ਆਖਦੇ ਹਨ, ਮੈਂ ਆਪਣੀ ਸਵੈ-ਹੰਗਤਾ[76] ਮੇਸ ਛੱਡੀ[77] ਹੈ ਅਤੇ ਮੈਂ ਹੁਣ ਪਰਮ ਪ੍ਰਭੂ[79] ਨੂੰ ਸਾਰੀਆਂ ਥਾਵਾਂ[78] ਉੱਤੇ ਵੇਖਦਾ[80] ਹਾਂ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਗੁਰਿ ਪੂਰੈ[81] ਪੂਰੀ ਕੀਨੀ[82] ॥ | The Perfect[81] Guru has done[82] the perfect thing. | ਪੂਰਨ[81] ਗੁਰਾਂ ਨੇ ਪੂਰਨ ਗੱਲ ਕੀਤੀ[82] ਹੈ । |
| ਬਖਸ[83] ਅਪੁਨੀ ਕਰਿ ਦੀਨੀ[84] ॥ | With His grace[88], he has blessed[84] me. | ਉਸ ਨੇ ਆਪਣੀ ਰਹਿਮਤ[83] ਦੀ ਦਾਤ ਮੈਨੂੰ ਦਿੱਤੀ[84] ਹੈ । |
| ਨਿਤ[85] ਅਨੰਦ[86] ਸੁਖ[87] ਪਾਇਆ ॥ | I ever[85] attain pleasure[86] and peace[87]. | ਮੈਂ ਸਦਾ[85] ਖ਼ੁਸ਼ੀ[86] ਤੇ ਆਰਾਮ[87] ਪਾਉਂਦਾ ਹਾਂ । |
| ਥਾਵ[88] ਸਗਲੇ[89] ਸੁਖੀ ਵਸਾਇਆ ॥੧॥ | In all[89] places[88] the mortals abide in peace. | ਸਾਰੀਆਂ[89] ਥਾਵਾਂ[88] ਅੰਦਰ ਪ੍ਰਾਣੀ ਸੁਖੀ ਵਸਦੇ ਹਨ । |
| ੬੨੯ | | |
| ਹਰਿ ਕੀ ਭਗਤਿ[90] ਫਲ ਦਾਤੀ[91] ॥ | God's meditation[90] is the grantor of boons[91]. | ਰੱਬ ਦੀ ਬੰਦਗੀ[90] ਮੁਰਾਦਾਂ ਬਖ਼ਸ਼ਣਹਾਰ[91] ਹੈ । |
| ਗੁਰਿ ਪੂਰੈ[92] ਕਿਰਪਾ[93] ਕਰਿ ਦੀਨੀ[94] ਵਿਰਲੈ[95] ਕਿਨ ਹੀ ਜਾਤੀ[96] ॥ਰਹਾਉ॥ | By His grace[93], the Perfect[92] Guru has blessed[94] me, with it. Rare[95] is the one who realises[96] its worth. Pause. | ਆਪਣੀ ਮਿਹਰ[93] ਦੁਆਰਾ ਪੂਰਨ[92] ਗੁਰਾਂ ਨੇ ਮੈਨੂੰ ਇਸ ਦੀ ਦਾਤ ਦਿੱਤੀ[94] ਹੈ । ਕੋਈ ਟਾਂਵਾ ਟੱਲਾ[95] ਹੀ ਇਸ ਦੀ ਕਦਰ ਨੂੰ ਅਨੁਭਵ ਕਰਦਾ[96] ਹੈ । ਠਹਿਰਾਉ । |
| ਗੁਰਬਾਣੀ ਗਾਵਹੁ ਭਾਈ ॥ | Sing thou the Guru's word, O brother. | ਤੂੰ ਗੁਰਬਾਣੀ ਨੂੰ ਗਾਇਨ ਕਰ, ਹੇ ਵੀਰ ! |
| ਓਹ[97] ਸਫਲ[98] ਸਦਾ[99] ਸੁਖਦਾਈ[100] ॥ | That[97] is ever[99] fruitful[98] and peace-giving[100]. | ਉਹ[97] ਸਦੀਵ[99] ਹੀ ਫਲਦਾਇਕ[98] ਤੇ ਆਰਾਮ ਦੇਣ ਵਾਲੀ[100] ਹੈ । |
| ਨਾਨਕ ਨਾਮੁ ਧਿਆਇਆ[2] ॥ ਪੂਰਬਿ[3] ਲਿਖਿਆ[4] ਪਾਇਆ ॥੨॥੧੭॥੮੧॥ | Nanak has meditated[2] on the Name, and has obtained what was pre[3]-destined[4] for him. | ਨਾਨਕ ਨੇ ਨਾਮ ਦਾ ਆਰਾਧਨ[2] ਕੀਤਾ ਹੈ ਅਤੇ ਉਸ ਨੇ ਉਹ ਕੁੱਛ ਪਾ ਲਿਆ ਹੈ ਜੋ ਉਸ ਲਈ ਮੁਢ[3] ਤੋਂ ਲਿਖਿਆ ਹੋਇਆ[4] ਸੀ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਗੁਰੁ ਪੂਰਾ[5] ਆਰਾਧੇ[6] ॥ ਕਾਰਜ[7] ਸਗਲੇ ਸਾਧੇ[8] ॥ | Meditating[6] on the Perfect[5] Guru, all the affairs[7] are perfected[8]. | ਪੂਰਨ[5] ਗੁਰਾਂ ਦਾ ਸਿਮਰਨ[6] ਕਰਨ ਦੁਆਰਾ ਸਮੂਹ ਕੰਮ[7] ਰਾਸ ਹੋ ਜਾਂਦੇ[8] ਹਨ । |
| ਸਗਲ ਮਨੋਰਥ[9] ਪੂਰੇ[10] ॥ ਬਾਜੇ ਅਨਹਦ[12] ਤੂਰੇ[13] ॥੧॥ | All the desires[9] are fulfilled[10]. And unblown[12] trumpets[13] blow within the man. | ਸਾਰੀਆਂ ਖ਼ਾਹਿਸ਼ਾਂ[9] ਪੂਰੀਆਂ ਹੋ ਜਾਂਦੀਆਂ[10] ਹਨ, ਅਤੇ ਬੰਦੇ ਅੰਦਰ ਬਿਨਾ ਵਜਾਏ[12] (ਅਨੰਦ ਦੇ) ਵਾਜੇ[13] ਵੱਜਦੇ ਹਨ । |
| ਸੰਤਹੁ ਰਾਮੁ[14] ਜਪਤ[15] ਸੁਖੁ ਪਾਇਆ ॥ | O saints, remembering[15] the Lord[14], I have attained peace. | ਹੇ ਸਾਧੂਓ ! ਸਾਹਿਬ[14] ਨੂੰ ਸਿਮਰ ਕੇ[15], ਮੈਂ ਸੁਖ ਪ੍ਰਾਪਤ ਕੀਤਾ ਹੈ । |

| | | |
|---|---|---|
| ਸੰਤ ਅਸਥਾਨਿ[16] ਬਸੇ[17] ਸੂਖ ਸਹਜੇ[18] ਸਗਲੇ ਦੂਖ[19] ਮਿਟਾਇਆ[20] ॥੧॥ਰਹਾਉ॥ | In the saints' abode[16] celestial peace[18] abides[17], and troubles[19] are dispelled[20]. Pause. | ਸਾਧੂਆਂ ਦੇ ਟਿਕਾਣੇ[16] ਤੇ ਬੈਕੁੰਠੀ ਆਰਾਮ[18] ਵਸਦਾ[17] ਹੈ ਅਤੇ ਤਕਲੀਫ਼ਾਂ[19] ਦੂਰ ਹੋ ਜਾਂਦੀਆਂ[20] ਹਨ । ਠਹਿਰਾਉ ! |
| ਗੁਰ ਪੂਰੇ[21] ਕੀ ਬਾਣੀ[22] ॥ ਪਾਰਬ੍ਰਹਮ[23]ਮਨਿ[24] ਭਾਣੀ[25]॥ | The hymns[22] of the Perfect[21] Guru are pleasing[25] to the Transcendent Lord's[23] mind[24]. | ਪੂਰਨ[21] ਗੁਰਾਂ ਦੀ ਗੁਰਬਾਣੀ[22] ਪਰਮ ਪ੍ਰਭੂ[23] ਦੇ ਚਿੱਤ[24] ਨੂੰ ਚੰਗੀ ਲਗਦੀ[25] ਹੈ । |
| ਨਾਨਕ ਦਾਸਿ[26] ਵਖਾਣੀ[27] ॥ ਨਿਰਮਲ[28] ਅਕਥ[29] ਕਹਾਣੀ[30] ॥੨॥੧੮॥੮੨॥ | Slave[26] Nanak has uttered[27] the immaculate[28] and ineffable[29] story[30] of the Lord. | ਗੋਲੇ[26] ਨਾਨਕ ਨੇ, ਸੁਆਮੀ ਦੀ ਪਵਿੱਤਰ[28] ਤੇ ਅਕਹਿ[29] ਵਾਰਤਾ[30] ਉਚਾਰਨ[27] ਕੀਤੀ ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਭੂਖੇ[31] ਖਾਵਤ ਲਾਜ[32] ਨ ਆਵੈ ॥ ਤਿਉ[33] ਹਰਿਜਨੁ[34] ਹਰਿ ਗੁਣ[35] ਗਾਵੈ[36] ॥੧॥ | As a hungry[31] man is not ashamed[32] while eating, similarly[33] God's slave[34] shyeth not from singing[36] God's praise[36]. | ਜਿਸ ਤਰ੍ਹਾਂ ਇੱਕ ਭੁੱਖੇ[31] ਬੰਦੇ ਨੂੰ ਖਾਂਦਿਆਂ ਸ਼ਰਮ[32] ਨਹੀਂ ਆਉਂਦੀ, ਇਸੇ ਤਰ੍ਹਾਂ[33] ਰੱਬ ਦਾ ਗੋਲਾ[34] ਰੱਬ ਦਾ ਜੱਸ[35] ਗਾਉਣ[36] ਵਿੱਚ ਸ਼ਰਮ ਮਹਿਸੂਸ ਨਹੀਂ ਕਰਦਾ । |
| ਅਪਨੇ[37] ਕਾਜ[38] ਕਉ ਕਿਉ ਅਲਕਾਈਐ[39] ॥ | Why art thou slothful[39] in thine own[37] business[38] ? | ਤੂੰ ਆਪਣੇ ਨਿੱਜ ਦੇ[37] ਕੰਮ[38] ਵਿੱਚ ਕਿਉਂ ਆਲਸ[39] ਕਰਦਾ ਹੈਂ । |
| ਜਿਤੁ[40]ਸਿਮਰਨਿ[41] ਦਰਗਹ[42] ਮੁਖੁ[43] ਊਜਲ[44] ਸਦਾ ਸਦਾ[45] ਸੁਖੁ[46] ਪਾਈਐ ॥੧॥ਰਹਾਉ॥ | Remember thou Him, by whose[40] meditation[41], thy face[43] shall be immaculate[44] in the Lord's Court[42], and thou shalt ever and ever[45] obtain peace[46]. Pause. | ਤੂੰ ਉਸ ਨੂੰ ਯਾਦ ਕਰ ਜਿਸ ਦੀ[40] ਬੰਦਗੀ[41] ਦੁਆਰਾ ਸਾਂਈਂ ਦੇ ਦਰਬਾਰ[42] ਵਿੱਚ ਤੇਰਾ ਚਿਹਰਾ[43] ਰੋਸ਼ਨ[44] ਹੋਵੇਗਾ ਅਤੇ ਤੂੰ ਹਮੇਸ਼ਾ ਤੇ ਸਦੀਵ[45] ਆਰਾਮ[46] ਪਾਵੇਂਗਾ । ਠਹਿਰਾਉ । |
| ਜਿਉ ਕਾਮੀ[48] ਕਾਮਿ[47] ਲੁਭਾਵੈ[48*] ॥ ਤਿਉ[52] ਹਰਿ ਦਾਸ[49] ਹਰਿ ਜਸੁ[50] ਭਾਵੈ[51] ॥੨॥ | As a lustful man[48] is enticed[48] by lust[47], so[52] is the God's slave[49] pleased[51] with God's praise[50]. Pause. | ਜਿਸ ਤਰ੍ਹਾਂ ਵਿਸ਼ਈ ਬੰਦਾ[48] ਵਿਸ਼ੇ[47] ਨੂੰ ਲਲਚਾਉਂਦਾ[48*] ਹੈ ਏਸੇ ਤਰ੍ਹਾਂ[52] ਹੀ ਰੱਬ ਦੇ ਗੋਲੇ[49] ਨੂੰ ਰੱਬ ਦੀ ਕੀਰਤੀ[50] ਚੰਗੀ ਲਗਦੀ[51] ਹੈ । ਠਹਿਰਾਉ । |
| ਜਿਉ ਮਾਤਾ[53] ਬਾਲਿ[54] ਲਪਟਾਵੈ[55] ॥ ਤਿਉ ਗਿਆਨੀ[54] ਨਾਮੁ ਕਮਾਵੈ[57] ॥੩॥ | As the mother[53] is clung[55] to her child[54], so does the divine[56] cherish[57] the Lord's Name. | ਜਿਸ ਤਰ੍ਹਾਂ ਮਾਂ[53] ਆਪਣੇ ਬੱਚੇ[54] ਨਾਲ ਚਿਮੜੀ[55] ਹੋਈ ਹੁੰਦੀ ਹੈ, ਏਸੇ ਤਰ੍ਹਾਂ ਹੀ ਬ੍ਰਹਿਮਬੇਤਾ[56] ਸਾਂਈਂ ਦੇ ਨਾਮ ਨਾਲ ਜੁੜਿਆ ਰਹਿੰਦਾ[57] ਹੈ । |
| ਗੁਰ ਪੂਰੇ[58] ਤੇ ਪਾਵੈ ॥ ਜਨ[59] ਨਾਨਕ ਨਾਮੁ ਧਿਆਵੈ[60] ॥ ੪॥੧੯॥੮੩॥ | He, who is blessed with it by the Perfect[58] Guru, meditates[60] on the Name, O serf[59] Nanak. | ਜੋ ਪੂਰਨ[58] ਗੁਰਾਂ ਪਾਸੋਂ ਇਸ ਨੂੰ ਪ੍ਰਾਪਤ ਕਰਦਾ ਹੈ, ਉਹੀ ਨਾਮ ਦਾ ਸਿਮਰਨ ਕਰਦਾ[60] ਹੈ, ਹੇ ਨਫ਼ਰ[59] ਨਾਨਕ ! |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਸੁਖ ਸਾਂਦਿ[61] ਘਰਿ[62] ਆਇਆ ॥ | Safe and sound[61], I have come back to my home[62]. | ਰਾਜ਼ੀ ਬਾਜ਼ੀ[61] ਮੈਂ ਆਪਣੇ ਗ੍ਰਿਹ[62] ਆਇਆ ਹਾਂ । |

| | | |
|---|---|---|
| ਨਿੰਦਕ[63] ਕੈ ਮੁਖਿ[64] ਛਾਇਆ[65] ॥ | The slanderer's[63] face[64] is besmeared with ashes[65]. | ਦੂਸ਼ਨ ਲਾਉਣ ਵਾਲੇ ਦਾ[63] ਚਿਹਰਾ[64] ਸੁਆਹ[65] ਨਾਲ ਮਲਿਆ ਗਿਆ ਹੈ । |
| ਪੂਰੈ[66] ਗੁਰਿ ਪਹਿਰਾਇਆ[67]॥ | The Perfect[66] Guru has dressed[67] me with the robe of honour. | ਪੂਰਨ[66] ਗੁਰਾਂ ਨੇ ਮੈਨੂੰ ਇੱਜ਼ਤ ਦੀ ਪੁਸ਼ਾਕ ਪਹਿਨਾਈ[67] ਹੈ । |
| ਬਿਨਸੇ[68] ਦੁਖ[69] ਸਬਾਇਆ[70] ॥੧॥ | All[70] my sufferings[69] are ended[68]. | ਮੇਰੇ ਸਾਰੇ[70] ਦੁਖੜੇ[69] ਮੁੱਕ ਗਏ[68] ਹਨ । |
| ਸੰਤਹੁ ਸਾਚੇ[71] ਕੀ ਵਡਿਆਈ[72] ॥ ਜਿਨਿ[73] ਅਚਰਜ[74] ਸੋਭ[75] ਬਣਾਈ[76] ॥੧॥ਰਹਾਉ॥ | O saints, Glory[72] be to the True Lord[71] who[73] has created[76] what is wondrous[74] and glorious[75]. Pause. | ਹੇ ਸਾਧੂਓ ! ਤੁਸੀਂ ਸੱਚੇ ਸਾਂਈ[71] ਦੀ ਪ੍ਰਭਤਾ[72] ਗਾਇਨ ਕਰੋ ਜਿਸ[73] ਨੇ ਮੈਨੂੰ ਅਸਚਰਜ[74] ਕੀਰਤੀ[75] ਪ੍ਰਦਾਨ ਕੀਤੀ[76] ਹੈ । ਠਹਿਰਾਉ । |
| ਬੋਲੇ[77] ਸਾਹਿਬ ਕੈ ਭਾਣੈ[78] ॥ | I utter[77] the Lord's will[78]. | ਮੈਂ ਸੁਆਮੀ ਦੀ ਰਜ਼ਾ[78] ਦਾ ਉਚਾਰਨ[77] ਕਰਦਾ ਹਾਂ । |
| ਦਾਸੁ[79] ਬਾਣੀ[80] ਬ੍ਰਹਮੁ[81] ਵਖਾਣੈ[82] ॥ | The Lord's slave[79] uttereth[82] the Lord's[81] hymns[80]. | ਸੁਆਮੀ ਦਾ ਗੋਲਾ[79] ਸਾਹਿਬ[81] ਦਾ ਕਲਾਮ[80] ਉਚਾਰਦਾ[82] ਹੈ । |
| ਨਾਨਕ ਪ੍ਰਭ ਸੁਖਦਾਈ[83] ॥ ਜਿਨਿ[84] ਪੂਰੀ[85] ਬਣਤ[86] ਬਣਾਈ[87] ॥੨॥੨੦॥੮੪॥ | Nanak, Bliss-bestowing[83] is my Master, who[84] has created[87] the perfect[86] creation[86]. | ਨਾਨਕ, ਪ੍ਰਸੰਨਤਾ-ਪਰਦਾਨ ਕਰਨ ਵਾਲਾ[93] ਹੈ, ਮੈਂਡਾ ਮਾਲਕ ਜਿਸ[84] ਨੇ ਮੁਕੰਮਲ[85] ਘਾੜਿਤ[83] ਘੜੀ[87] ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਪ੍ਰਭੁ ਅਪੁਨਾ ਰਿਦੈ[88] ਧਿਆਏ[89] ॥ | Within my mind[88], I meditate[89] on my Lord. | ਆਪਣੇ ਹਿਰਦੇ[88] ਅੰਦਰ ਮੈਂ ਆਪਣੇ ਸੁਆਮੀ ਦਾ ਸਿਮਰਨ ਕਰਦਾ[89] ਹਾਂ । |
| ਘਰਿ[90] ਸਹੀ ਸਲਾਮਤਿ[91] ਆਏ[92] ॥ | Safe and sound[91], I have returned[92] home[90]. | ਖ਼ੈਰਖਰੀਅਤ[91] ਨਾਲ ਮੈਂ ਆਪਣੇ ਘਰ[90] ਮੁੜ ਆਇਆ[92] ਹਾਂ । |
| ਸੰਤੋਖੁ[93] ਭਇਆ ਸੰਸਾਰੇ[94] ॥ | The world[94] has now acquired contentment[93]. | ਜਗਤ[94] ਨੂੰ ਹੁਣ ਸੰਤੁਸ਼ਟਤਾ[93] ਪ੍ਰਾਪਤ ਹੋ ਗਈ ਹੈ । |
| ਗੁਰਿ ਪੂਰੈ[95] ਲੇ ਤਾਰੇ[96] ॥੧॥ | The Perfect[95] Guru, has saved[96] me. | ਪੂਰਨ[95] ਗੁਰਾਂ ਨੇ ਮੇਰੀ ਰੱਖਿਆ ਕੀਤੀ[96] ਹੈ । |
| ਸੰਤਹੁ ਪ੍ਰਭੁ ਮੇਰਾ ਸਦਾ[97] ਦਇਆਲਾ[98] ॥ | O saints, my Master is ever[97] merciful[98]. | ਹੇ ਸਾਧੂਓ ! ਮੈਂਡਾ ਮਾਲਕ, ਹਮੇਸ਼ਾਂ[7] ਹੀ ਮਿਹਰਬਾਨ[98] ਹੈ । |
| ਅਪਨੇ ਭਗਤ[99] ਕੀ ਗਣਤ[100] ਨ ਗਣਈ[2] ਰਾਖੈ[3] ਬਾਲ[4] [5]ਗੁਪਾਲਾ[6] ॥੧॥ਰਹਾਉ॥ | God, the World[5]-Cherisher[6], calls[2] not account[100] from his saint[99], and preserves[3] him as His child[4]. Pause. | ਜਗਤ[5] ਦਾ ਪਾਲਣਹਾਰ[6] ਵਾਹਿਗੁਰੂ ਆਪਣੇ ਸਾਧੂ[99] ਪਾਸੋਂ ਹਿਸਾਬ ਕਿਤਾਬ[100] ਨਹੀਂ ਲੈਂਦਾ[2] ਤੇ ਆਪਣੇ ਬੱਚੇ[4] ਦੀ ਤਰ੍ਹਾਂ, ਉਸ ਦੀ ਰੱਖਿਆ ਕਰਦਾ[3] ਹੈ । ਠਹਿਰਾਉ । |
| ਹਰਿ[8] ਨਾਮੁ ਰਿਦੈ[7] ਉਰਿ ਧਾਰੇ[9] ॥ ਤਿਨਿ[10] ਸਭੇ[12] ਥੋਕ[13] ਸਵਾਰੇ[14] ॥ | I have clasped[9] God's[8] Name to my heart[7] and He[10], the Lord has perfected[14] all[12] mine affairs[13]. | ਮੈਂ ਰੱਬ[8] ਦਾ ਨਾਮ ਆਪਣੇ ਦਿਲ[7] ਨਾਲ ਲਾ[9] ਲਿਆ ਹੈ ਅਤੇ ਉਸ ਸਾਹਿਬ[10] ਨੇ ਮੇਰੇ ਸਾਰੇ[12] ਕਾਰਜ[13] ਰਾਸ ਕਰ ਦਿੱਤੇ[14] ਹਨ । |
| ਗੁਰਿ ਪੂਰੈ[15] ਤੁਸਿ[16]ਦੀਆ[17]॥ ਫਿਰਿ[18] ਨਾਨਕ ਦੂਖੁ[19] ਨ | Being pleased[16], the Perfect[15] Guru, has blessed[17] me with the Name, | ਪ੍ਰਸੰਨ[16] ਹੋ ਪੂਰਨ[15] ਗੁਰਾਂ ਨੇ ਮੈਨੂੰ ਨਾਮ ਬਖ਼ਸ਼ਿਆ[17] ਹੈ; ਅਤੇ ਇਸ ਲਈ ਨਾਨਕ ਨੂੰ ਮੁੜ[18] ਕੋਈ ਕਸ਼ਟ[19] ਨਹੀਂ |

| | | |
|---|---|---|
| ਥੀਆ[20] ।।੨।।੨੧।।੮੫।। | hence, Nanak shall suffer[20] no further[18] agony[19]. | ਵਾਪਰੇਗਾ[20] । |
| ਸੋਰਠਿ ਮਹਲਾ ੫ ।। | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਹਰਿ ਮਨਿ[21] ਤਨਿ[22] ਵਸਿਆ[23] ਸੋਈ[24] ।। ਜੈ ਜੈ ਕਾਰੁ[25] ਕਰੇ ਸਭੁ ਕੋਈ[26] ।। | He[24], the Lord abides[23] in my mind[21] and body[22] and every one[26], now, applauds[26] me. | ਉਹ[24] ਸੁਆਮੀ ਮੇਰੇ ਚਿੱਤ[21] ਤੇ ਸ੍ਰੀਰ[22] ਵਿੱਚ ਵਸਦਾ[23] ਹੈ, ਇਸ ਲਈ ਹਰ ਕੋਈ[26] ਹੁਣ ਮੇਰੀ ਸ਼ਲਾਘਾ ਕਰਦਾ[25] ਹੈ । |
| ਗੁਰ ਪੂਰੇ[27] ਕੀ ਵਡਿਆਈ[28]।। ਤਾ ਕੀ[29] ਕੀਮਤਿ[30] ਕਹੀ[31] ਨ ਜਾਈ ।।੧।। | The glory[28] of the Perfect[27] Guru is such that its[29] worth[30] cannot be told[31]. | ਪੂਰਨ[27] ਗੁਰਾਂ ਦੀ ਪ੍ਰਭਤਾ[28] ਇਸ ਤਰ੍ਹਾਂ ਦੀ ਹੋ ਕੇ ਉਸ ਦਾ[29] ਮੁਲ[30] ਆਖਿਆ[31] ਨਹੀਂ ਜਾ ਸਕਦਾ । |
| ਹਉ ਕੁਰਬਾਨੁ[82] ਜਾਈ ਤੇਰੇ ਨਾਵੈ ।। | I am a sacrifice[32] unto Thy Name, O Lord. | ਮੈਂ ਤੇਰੇ ਨਾਮ ਉੱਤੋਂ ਬਲਿਹਾਰ[32] ਜਾਂਦਾ ਹਾਂ, ਹੇ ਸਾਹਿਬ ! |
| ਜਿਸ ਨੋ ਬਖਸਿ[33] ਲੈਹਿ ਮੇਰੇ ਪਿਆਰੇ[34] ਸੋ[35] ਜਸੁ[36] ਤੇਰਾ ਗਾਵੈ[37] ।।੧।।ਰਹਾਉ।। | He[35], whom Thou forgivest[33], O my Beloved[34], hymns[37] Thy praise[36]. Pause. | ਜਿਸ ਨੂੰ ਤੂੰ ਮਾਫ਼ ਕਰ ਦਿੰਦਾ[33] ਹੈਂ, ਹੇ ਮੈਂਡੇ ਪ੍ਰੀਤਮ[34] ! ਉਹ[35] ਤੇਰੀ ਮਹਿਮਾ[36] ਗਾਇਨ ਕਰਦਾ[37] ਹੈ । ਠਹਿਰਾਉ । |
| ਤੂੰ ਭਾਰੋ[38] ਸੁਆਮੀ ਮੇਰਾ ।। | Thou art my great[38] Lord. | ਤੂੰ ਮੈਂਡਾ ਵੱਡਾ[38] ਸਾਹਿਬ ਹੈਂ । |
| ਸੰਤਾਂ ਭਰਵਾਸਾ[39] ਤੇਰਾ ।। | The saints have only Thine reliance[39]. | ਸਾਧੂਆਂ ਨੂੰ ਤੇਰਾ ਹੀ ਆਸਰਾ[35] ਹੈ । |
| ਨਾਨਕ ਪ੍ਰਭ ਸਰਣਾਈ[40] ।। | Nanak has sought the Lord's refuge[40]. | ਨਾਨਕ ਨੇ ਸੁਆਮੀ ਦੀ ਸ਼ਰਣਾਗਤਿ[40] ਲਈ ਹੈ । |
| ਮੁਖਿ[41] ਨਿੰਦਕ[42] ਕੈ ਛਾਈ[43]।। ੨।।੨੨।।੮੬।। | The slanderer's[42] face[41] is besmeared with ashes[43]. | ਬਦਖੋਈ ਕਰਨ ਵਾਲੇ[42] ਦਾ ਮੂੰਹ[41] ਸੁਆਹ[43] ਨਾਲ ਮਲਿਆ ਜਾਂਦਾ ਹੈ । |
| ੬੩੦ | | |
| ਸੋਰਠਿ ਮਹਲਾ ੫ ।। | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਆਗੈ[44] ਸੁਖੁ[45] ਮੇਰੇ ਮੀਤਾ[46]।। ਪਾਛੇ[47] ਆਨਦੁ[48] ਪ੍ਰਭਿ ਕੀਤਾ[49] ।। | My friend, the Lord, hitherto[44] gave me peace[45]; hereafter[47] He has managed[49] to give me happiness[48]. | ਆਰਾਮ[45] ਅੱਗੇ[44] ਅਤੇ ਖ਼ੁਸ਼ੀ[48] ਪਿਛੇ[47] ਦਾ ਪ੍ਰਬੰਧ ਸੁਆਮੀ ਨੇ ਮੇਰੇ ਲਈ ਕੀਤਾ[49] ਹੈ, ਹੇ ਮੈਂਡੇ ਮਿੱਤਰ[46] ! |
| ਪਰਮੇਸੁਰਿ[50] ਬਣਤ[51] ਬਣਾਈ[52]।। ਫਿਰਿ[53] ਡੋਲਤ[54] ਕਤਹੂ[55] ਨਾਹੀ ।।੧।। | The Lofty Lord[50] has caused[52] such arrangements[51] that my soul wobbles[54] not any more[55], again[53]. | ਉੱਚੇ ਪ੍ਰਭੂ[50] ਨੇ ਐਸ ਤਰ੍ਹਾਂ ਬਨਾਵਟ[51] ਬਣਾਈ[52] ਹੈ ਕਿ ਮੇਰੀ ਆਤਮਾ ਕਿਧਰੇ ਮੁੜ ਕੇ[53] ਹੋਰ[55] ਡੱਕੋ-ਡੋਲੇ[54] ਨਹੀਂ ਖਾਂਦੀ । |
| ਸਾਚੇ ਸਾਹਿਬ ਸਿਉ[56] ਮਨੁ[57] ਮਾਨਿਆ[58] ।। | With[56] the True Lord my mind[57] is, now, reconciled[58]. | ਸੱਚੇ ਸੁਆਮੀ ਨਾਲ[56], ਹੁਣ ਮੇਰਾ ਮਨ[57] ਹਿਲ[58] ਗਿਆ ਹੈ । |
| ਹਰਿ ਸਰਬ[59] ਨਿਰੰਤਰਿ[60] ਜਾਨਿਆ[61] ।।੧।।ਰਹਾਉ।। | I realise[61] God within[60] all[59]. Pause. | ਮੈਂ ਵਾਹਿਗੁਰੂ ਨੂੰ ਸਾਰਿਆਂ[59] ਅੰਦਰ[60] ਅਨੁਭਵ[61] ਕਰਦਾ ਹਾਂ । ਠਹਿਰਾਉ । |
| ਸਭ ਜੀਅ[62] ਤੇਰੇ ਦਇਆਲਾ[63] ।। ਅਪਨੇ | All the beings[62] art Thine, O Merciful Master[63]. Thou cherisheth[65]. | ਸਾਰੇ ਜੀਵ[62] ਤੈਂਡੇ ਹੀ ਹਨ, ਹੇ ਮਿਹਰਬਾਨ ਮਾਲਕ[63] ! ਤੂੰ ਆਪਣੇ ਸੰਤਾਂ[64] ਦੀ ਪਾਲਣਾ- |

| | | |
|---|---|---|
| ਭਗਤ[64] ਕਰਹਿ ਪ੍ਰਤਿਪਾਲਾ[65] ॥ | Thine saints[64], O Lord. | ਪੌਸਣਾ ਕਰਦਾ[65] ਹੈਂ । |
| ਅਚਰਜੁ[66] ਤੇਰੀ ਵਡਿਆਈ[67] ॥ | Marvellous[66] is Thy grandeur[67]. | ਅਦਭੁਤ[66] ਹੈ ਤੇਰੀ ਮਹਿਮਾ[67] । |
| ਨਿਤ[68] ਨਾਨਕ ਨਾਮੁ ਧਿਆਈ[69] ॥੨॥੨੩॥੮੭॥ | Nanak remembers[69] ever[68] the Lord's Name. | ਨਾਨਕ ਸਦਾ[68] ਹੀ ਸਾਹਿਬ ਦੇ ਨਾਮ ਦਾ ਸਿਮਰਨ ਕਰਦਾ[69] ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਨਾਲਿ[70] ਨਰਾਇਣੁ[71] ਮੇਰੈ ॥ | The Pervading God[71] is with[70] me. | ਵਿਆਪਕ ਵਾਹਿਗੁਰੂ[71] ਮੇਰੇ ਅੰਗ ਸੰਗ[70] ਹੈ । |
| [72]ਜਮਦੂਤੁ[73] ਨ ਆਵੈ ਨੇਰੈ[74] ॥ | So the death's[72] courier[73] draws, not near[74] me. | ਸੋ ਮੌਤ ਦਾ[72] ਫ਼ਰੇਸ਼ਤਾ[73] ਮੇਰੇ ਲਾਗੇ[74] ਨਹੀਂ ਲਗਦਾ । |
| ਕੰਠਿ[75] ਲਾਇ[76] ਪ੍ਰਭ ਰਾਖੈ[77]॥ | Hugging[76] me to His bosom[75], the Lord preserves[77] me. | ਆਪਣੀ ਛਾਤੀ[75] ਨਾਲ ਲਾ ਕੇ[76] ਸੁਆਮੀ[76] ਮੇਰੀ ਰੱਖਿਆ ਕਰਦਾ[77] ਹੈ । |
| ਸਤਿਗੁਰ ਕੀ ਸਚੁ ਸਾਖੈ[78] ॥੧॥ | True is the True Guru's instruction[78]. | ਸੱਚੀ ਹੈ ਸਿੱਖਿਆ[78] ਸੱਚੇ ਗੁਰਾਂ ਦੀ । |
| ਗੁਰਿ ਪੂਰੈ[79] ਪੂਰੀ ਕੀਤੀ ॥ | The Perfect[79] Guru has done the perfect thing. | ਪੂਰਨ[79] ਗੁਰਾਂ ਨੇ ਪੂਰਨ ਗੱਲ ਕੀਤੀ ਹੈ । |
| ਦੁਸਮਨ[80] ਮਾਰਿ[81] ਵਿਡਾਰੇ[82] ਸਗਲੇ[82*] ਦਾਸ[83] ਕਉ[84] ਸੁਮਤਿ[85] ਦੀਤੀ[86] ॥੧॥ ਰਹਾਉ॥ | He has beaten[81] and warded off[82] all[82] mine enemies[80] and has given[86] me, his slave[83], the sublime[84] understanding[85]. Pause. | ਉਸ ਨੇ ਮੇਰੇ ਸਾਰੇ[82*] ਵੈਰੀ[80] ਕੁੱਟ ਕੇ[81] ਪਰੇ ਹਟਾ ਦਿੱਤੇ[82] ਹਨ ਅਤੇ ਮੈਨੂੰ ਆਪਣੇ ਗੋਲੇ[83] ਨੂੰ, ਸ੍ਰੇਸ਼ਟ[84] ਸਮਝ[85] ਦਿੱਤੀ[86] ਹੈ । ਠਹਿਰਾਉ । |
| ਪ੍ਰਭਿ ਸਗਲੇ ਥਾਨ[87] ਵਸਾਏ[88] ॥ | The Lord has caused all the places[87] to prosper[88]. | ਸਾਹਿਬ ਨੇ ਸਾਰੀਆਂ ਥਾਵਾਂ[87] ਆਬਾਦ[88] ਕਰ ਦਿੱਤੀਆਂ ਹਨ । |
| ਸੁਖ ਸਾਂਦਿ[89] ਫਿਰਿ[90] ਆਏ[91] ॥ | Safe and sound[89], I have returned[91] home, again[90]. | ਰਾਜ਼ੀ ਬਾਜ਼ੀ[89], ਮੈਂ ਮੁੜ ਕੇ[90] ਘਰ ਆ ਗਿਆ[91] ਹਾਂ । |
| ਨਾਨਕ ਪ੍ਰਭ ਸਰਣਾਏ[92] ॥ ਜਿਨਿ[93] ਸਗਲੇ ਰੋਗ[94] ਮਿਟਾਏ[95] ॥੨॥੨੪॥੮੮॥ | Nanak has entered the Lord's sanctuary[92], which[93] has rid[95] him of all the diseases[94]. | ਨਾਨਕ ਨੇ ਸੁਆਮੀ ਦੀ ਸ਼ਰਣ[92] ਲਈ ਹੈ, ਜਿਸ[93] ਨੇ ਉਸ ਦੀਆਂ ਸਾਰੀਆਂ ਜ਼ਹਿਮਤਾਂ[94] (ਕਸ਼ਟ) ਦੂਰ ਕਰ ਦਿੱਤੀਆਂ[95] ਹਨ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਸਰਬ[96] ਸੁਖਾ ਕਾ ਦਾਤਾ[97] ਸਤਿਗੁਰੁ ਤਾਕੀ[98] ਸਰਨੀ[99] ਪਾਈਐ[100] ॥ | The True Guru is the giver[97] of all[96] the comforts : Seek[100], thou, his[98] protection[99], O man. | ਸੱਚੇ ਗੁਰੂ ਜੀ ਸਾਰਿਆਂ[96] ਆਰਾਮਾਂ ਦੇ ਦੇਣ ਵਾਲੇ[97] ਹਨ । ਤੂੰ ਉਨ੍ਹਾਂ ਦੀ[98] ਪਨਾਹ[99] ਲੈ[100], ਹੇ ਬੰਦੇ ! |
| ਦਰਸਨੁ[2] ਭੇਟਤ[3] ਹੋਤ[4] ਅਨੰਦਾ[5] ਦੂਖੁ[6] ਗਇਆ[7] ਹਰਿ ਗਾਈਐ[8] ॥੧॥ | Seeing[3] his sight[2], bliss[5] ensues[4], pain[6] is dispelled[7], and the man hymns[8] God's praise. | ਉਨ੍ਹਾਂ ਦਾ ਦੀਦਾਰ[2] ਦੇਖਣ[3] ਦੁਆਰਾ ਖ਼ੁਸ਼ੀ[5] ਉਤਪੰਨ[4] ਹੁੰਦੀ ਹੈ, ਪੀੜ[6] ਦੂਰ ਹੋ ਜਾਂਦੀ[7] ਹੈ ਤੇ ਬੰਦਾ ਹਰੀ ਦਾ ਜੱਸ ਗਾਉਂਦਾ[8] ਹੈ । |

| | | |
|---|---|---|
| ਹਰਿ ਰਸੁ[9] ਪੀਵਹੁ[10] ਭਾਈ[12] ॥ | O brother[12], quaff[10] thou the God's elixir[9]. | ਹੇ ਵੀਰ[12] ! ਤੂੰ ਵਾਹਿਗੁਰੂ ਦੇ ਅੰਮ੍ਰਿਤ[9] ਨੂੰ ਪਾਨ ਕਰ[10] । |
| ਨਾਮੁ ਜਪਹੁ[13] ਨਾਮੋ ਆਰਾਧਹੁ[14] ਗੁਰ ਪੂਰੇ[15] ਕੀ ਸਰਨਾਈ[16] ॥ਰਹਾਉ॥ | Utter[13] thou the Name, remember[14] the Name and enter thou the Perfect[15] Guru's sanctuary[16]. Pause. | ਤੂੰ ਨਾਮ ਨੂੰ ਉਚਾਰ[13], ਨਾਮ ਦਾ ਸਿਮਰਨ ਕਰ[14] ਅਤੇ ਤੂੰ ਪੂਰਨ[15] ਗੁਰਾਂ ਦੀ ਹੀ ਪਨਾਹ[16] ਲੈ । ਠਹਿਰਾਉ । |
| ਤਿਸਹਿ[17] ਪਰਾਪਤਿ[18] ਜਿਸੁ ਧੁਰਿ[19] ਲਿਖਿਆ[20] ਸੋਈ[21] ਪੂਰਨੁ[22] ਭਾਈ[23] ॥ | He alone[17] receives[18] the Name, who is so pre[19]-destined[20]. He alone[21] becomes perfect[22], O brother[23]. | ਕੇਵਲ ਉਹੀ[17] ਨਾਮ ਨੂੰ ਪਾਉਂਦਾ[18] ਹੈ, ਜਿਸ ਦੇ ਭਾਗਾਂ ਵਿੱਚ ਮੁੱਢ[19] ਤੋਂ ਐਸੀ ਲਿਖਤਕਾਰ[20] ਹੈ । ਕੇਵਲ ਉਹੀ[21] ਮੁਕੰਮਲ[22] ਹੁੰਦਾ ਹੈ, ਹੇ ਭਰਾ[23] ! |
| ਨਾਨਕ ਕੀ ਬੇਨੰਤੀ[24] ਪ੍ਰਭ[25] ਜੀ[26] ਨਾਮਿ ਰਹਾ ਲਿਵੈ[27] ਲਾਈ[28] ॥੨॥੨੫॥੮੯॥ | O sire[26] Lord[28], Nanak's prayer[24] is that he may remain absorbed[28] in the love of Thy Name. | ਹੇ ਮਹਾਰਾਜ[26] ਮਾਲਕ[25] ! ਨਾਨਕ ਦੀ ਅਰਦਾਸ[24] ਹੈ ਕਿ ਉਹ ਤੇਰੇ ਨਾਮ ਦੀ ਪ੍ਰੀਤ[27] ਅੰਦਰ ਲੀਨ[28] ਹੋਇਆ ਰਹੇ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਕਰਨ ਕਰਾਵਨ[29] ਹਰਿ ਅੰਤਰਜਾਮੀ[30] ਜਨ[31] ਅਪੁਨੇ ਕੀ ਰਾਖੈ[32] ॥ | God, the knower of hearts[30] is the cause of causes[29]. He saves[32] the honour of His slave[31]. | ਦਿਲਾਂ ਦੀਆਂ ਜਾਨਣਹਾਰ[30] ਵਾਹਿਗੁਰੂ, ਹੇਤੂਆਂ ਦਾ ਹੇਤੂ[29] ਹੈ । ਉਹ ਆਪਣੇ ਗੋਲੇ[31] ਦੀ ਲੱਜਿਆ ਰੱਖਦਾ[32] ਹੈ । |
| ਜੈ ਜੈ ਕਾਰੁ[33] ਹੋਤੁ ਜਗ[34] ਭੀਤਰਿ[35] ਸਬਦੁ ਗੁਰੂ[36] ਰਸੁ[37] ਚਾਖੈ[38] ॥੧॥ | Then is he hailed[33] in[35] the world[34] and tastes[38] he, the Nectar[37] of the Guru's hymns[36]. | ਤਦ ਸੰਸਾਰ[34] ਅੰਦਰ[35] ਉਸ ਦੀ ਵਾਹ[33] ! ਵਾਹ ! ਹੁੰਦੀ ਹੈ ਅਤੇ ਉਹ ਗੁਰਾਂ ਦੀ ਬਾਣੀ[36] ਦੇ ਅੰਮ੍ਰਿਤ[37] ਨੂੰ ਪਾਨ ਕਰਦਾ[38] ਹੈ । |
| ਪ੍ਰਭ[39] ਜੀ[40] ਤੇਰੀ ਓਟ[41] [42]ਗੁਸਾਈ[43] ॥ | O reverend[40] Master[39], the Lord[43] of the World[42], Thou art my only support[41]. | ਹੇ ਸ੍ਰਿਸ਼ਟੀ[42] ਦੇ ਸੁਆਮੀ[43] ! ਮਾਣਨੀਜ[40] ਮਾਲਕ[39] ! ਕੇਵਲ ਤੂੰ ਹੀ ਮੇਰਾ ਆਸਰਾ[41] ਹੈਂ । |
| ਤੂ ਸਮਰਥੁ[44] ਸਰਨਿ[45] ਕਾ ਦਾਤਾ[46] ਆਠ ਪਹਰ ਤੁਮ੍ ਧਿਆਈ[47] ॥ਰਹਾਉ॥ | Thou, O Omnipotent[44] Lord, art the Giver[46] of protection[45]. Throughout the eight watches of the day, I meditate[47] on Thee. Pause. | ਤੂੰ ਹੇ ਸਰਬ-ਸ਼ਕਤੀਵਾਨ[44] ਸੁਆਮੀ ! ਪਨਾਹ[45] ਦੇਣ ਵਾਲਾ[46] ਹੈਂ । ਦਿਨ ਦੇ ਅੱਠੇ ਪਹਿਰ ਹੀ, ਮੈਂ ਤੈਂਡਾ ਸਿਮਰਨ ਕਰਦਾ[47] ਹਾਂ । ਠਹਿਰਾਉ । |
| ਜੋ ਜਨੁ[48] ਭਜਨੁ[49] ਕਰੇ ਪ੍ਰਭ ਤੇਰਾ ਤਿਸੈ[50] ਅੰਦੇਸਾ[51] ਨਾਹੀ ॥ | The man[48], who embraces Thine meditation[49], O Lord, him[50], no anxiety[51] befalls. | ਜਿਹੜਾ ਪੁਰਸ਼[48] ਤੈਂਡਾ ਸਿਮਰਨ[49] ਕਰਦਾ ਹੈ, ਹੇ ਸੁਆਮੀ ! ਉਸ[50] ਨੂੰ ਕੋਈ ਫ਼ਿਕਰ[51] ਨਹੀਂ ਵਿਆਪਦਾ । |
| ਸਤਿਗੁਰ ਚਰਨ[52] ਲਗੇ[53] ਭਉ[54] ਮਿਟਿਆ[55] ਹਰਿ ਗੁਨ[56] ਗਾਏ ਮਨ[57]ਮਾਹੀ[58] ॥੨॥ | Being attached[53] to Guru's feet[52], his fear[54] is dispelled[55], and within[58] his mind[57], he sings the Lord's praise[56]. | ਗੁਰਾਂ ਦੇ ਪੈਰਾਂ[52] ਨਾਲ ਜੁੜ ਕੇ[53], ਉਸ ਦਾ ਡਰ[54] ਦੂਰ ਹੋ ਜਾਂਦਾ[55] ਹੈ ਤੇ ਆਪਣੇ ਚਿੱਤ[57] ਵਿੱਚ ਉਹ ਸੁਆਮੀ ਦਾ ਜੱਸ[56] ਗਾਉਂਦਾ ਹੈ । |
| ਸੂਖ ਸਹਜ[59] ਆਨੰਦ[60] ਘਨੇਰੇ[61] ਸਤਿਗੁਰ ਦੀਆ ਦਿਲਾਸਾ[62] ॥ | He abides in spiritual bliss[59] and many[61] a joy[63]; the True Guru has extended him solace[62]. | ਉਹ ਆਤਮਕ ਅਨੰਦ[59] ਤੇ ਬਹੁਤੀਆਂ[61] ਖ਼ੁਸ਼ੀਆਂ[60] ਅੰਦਰ ਵਸਦਾ ਹੈ । ਉਸ ਨੂੰ ਸੱਚੇ ਗੁਰਾਂ ਨੇ ਧੀਰਜ ਤਸੱਲੀ[62] ਦਿੱਤੀ ਹੈ । |

| | | |
|---|---|---|
| ਜਿਣਿ[63] ਘਰਿ[64] ਆਏ[65] ਸੋਭਾ[66] ਸੇਤੀ[67] ਪੂਰਨ[68] ਹੋਈ ਆਸਾ[69] ॥੩॥ | Having attained victory[63], he returns[65] home[64] with[67] honour[66] and his desire[69] is fulfilled[68]. | ਫ਼ਤਹ[63] ਹਾਸਲ ਕਰਕੇ, ਉਹ ਇੱਜ਼ਤ[66] ਨਾਲ[67] ਆਪਣੇ ਘਰ[64] ਨੂੰ ਮੁੜਦਾ[65] ਹੈ ਅਤੇ ਉਸ ਦੀ ਕਾਮਨਾ[69] ਪੂਰੀ ਹੋ ਜਾਂਦੀ[68] ਹੈ। |
| ਪੂਰਾ[70] ਗੁਰੁ ਪੂਰੀ ਮਤਿ[71] ਜਾ ਕੀ[72] ਪੂਰਨ[73] ਪ੍ਰਭ ਕੇ ਕਾਮਾ[74] ॥ | Perfect[70] is the Guru, whose[72] instruction[71] is also perfect and perfect[73] are the Lord's deeds[74]. | ਪੂਰਨ[70] ਹੈ ਗੁਰੂ ਜਿਸ[72] ਦਾ ਉਪਦੇਸ਼[71] ਭੀ ਪੂਰਨ ਹੈ। ਐਨ-ਮੁਕੰਮਲ[73] ਹਨ ਸੁਆਮੀ ਦੇ ਕਰਤਬ[74]। |
| ਗੁਰ ਚਰਨੀ[75] ਲਾਗਿ[76] ਤਰਿਓ[77] ਭਵ[78] ਸਾਗਰੁ[79] ਜਪਿ[80] ਨਾਨਕ ਹਰਿ ਹਰਿ[81] ਨਾਮਾ ॥੪॥੨੬॥੯੦॥ | Repairing[76] to the Guru's feet[75], Nanak has recited[80] the Lord Master's[81] Name and has crossed[77] the terrible[78] world ocean[79]. | ਗੁਰਾਂ ਦੇ ਪੈਰੀਂ[75] ਪੈ ਕੇ[76], ਨਾਨਕ ਨੇ ਸੁਆਮੀ ਮਾਲਕ[81] ਦੇ ਨਾਮ ਦਾ ਉਚਾਰਨ ਕੀਤਾ[80] ਹੈ ਅਤੇ ਉਹ ਭਿਆਨਕ[78] ਸੰਸਾਰ ਸਮੁੰਦਰ[79] ਤੋਂ ਪਾਰ ਹੋ ਗਿਆ[77] ਹੈ। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਭਇਓ[82] ਕਿਰਪਾਲੁ[83] ਦੀਨ[84] ਦੁਖ[85] ਭੰਜਨੁ[86] ਆਪੇ[87] ਸਭ ਬਿਧਿ[88] ਥਾਟੀ[89] ॥ | God, the Destroyer[86] of the sufferings[85] of the meek[84], has become[87] merciful[83] and He has Himself[87] devised[89] all the devices[88]. | ਮਸਕੀਨਾਂ[84] ਦੇ ਦੁਖੜੇ[85] ਦੂਰ ਕਰਨਹਾਰ[86] ਵਾਹਿਗੁਰੂ ਮਿਹਰਬਾਨ[83] ਹੋ ਗਿਆ[82] ਹੈ ਅਤੇ ਉਸ ਨੇ ਆਪ[87] ਹੀ ਸਾਰੀਆਂ ਕਾਢਾਂ[88] ਕੱਢ ਲਈਆਂ[89] ਹਨ। |
| ਖਿਨ[90] ਮਹਿ[91] ਰਾਖਿ ਲੀਓ[96] ਜਨੁ[92] ਅਪੁਨਾ ਗੁਰ ਪੂਰੈ[93] ਬੇੜੀ[94] ਕਾਟੀ[95] ॥੧॥ | In[91] a trice[90], the Lord has saved[96] His servant[92] and the Perfect[93] Guru has cut off[95] his fetters[94]. | ਇਕ ਮੁਹਤ[90] ਵਿੱਚ[91] ਸਾਂਈਂ ਨੇ ਆਪਣੇ ਸੇਵਕ[92] ਨੂੰ ਬਚਾ ਲਿਆ[96] ਹੈ ਤੇ ਪੂਰਨ[93] ਗੁਰੂ ਨੇ ਉਸ ਦੀਆਂ ਜ਼ੰਜੀਰਾਂ[94] ਵੱਢ ਸੁੱਟੀਆਂ[95] ਹਨ। |
| ਮੇਰੇ ਮਨ[97] ਗੁਰ ਗੋਵਿੰਦੁ[98] ਸਦ[99] ਧਿਆਈਐ[100] ॥ | O my soul[97], ever[99] remember[100] thou, thy Guru God[98]. | ਹੇ ਮੇਰੀ ਜਿੰਦੜੀਏ[97]! ਤੂੰ ਸਦੀਵ[99] ਹੀ ਆਪਣੇ ਗੁਰੂ ਪ੍ਰਮੇਸ਼ਰ[98] ਨੂੰ ਯਾਦ ਕਰ[100]। |
| ਸਗਲ ਕਲੇਸ[2] ਮਿਟਹਿ[3] ਇਸੁ ਤਨ[4] ਤੇ[5] ਮਨ ਚਿੰਦਿਆ[6] ਫਲੁ[7] ਪਾਈਐ ॥ ਰਹਾਉ॥ | All the ills[2] shall depart[3] from[5] this body[4] of thine and thou shalt obtain the fruits[7] thy heart desires[6]. Pause. | ਸਾਰੇ ਦੁਖੜੇ[2] ਤੇਰੀ ਇਸ ਦੇਹ[4] ਤੋਂ[5] ਦੂਰ ਹੋ ਜਾਣਗੇ[3] ਅਤੇ ਤੂੰ ਆਪਣੇ ਚਿੱਤ-ਚਾਹੁੰਦੇ[6] ਫ਼ਲ[7] ਪ੍ਰਾਪਤ ਕਰ ਲਵੇਂਗਾ। ਠਹਿਰਾਉ। |
| ਜੀਅ[8] ਜੰਤ ਜਾ[14] ਕੇ ਸਭਿ[9] ਕੀਨੇ[15] ਪ੍ਰਭੁ ਊਚਾ[10] ਅਗਮ[12] ਅਪਾਰਾ[13] ॥ | Lofty[10], Inaccessible[12] and Infinite[13] is the Lord, who[14] has created[15] all[9] the living beings[8]. | ਬੁਲੰਦ[10], ਪਹੁੰਚ ਤੋਂ ਪਰੇ[12] ਅਤੇ ਬੇਅੰਤ[13] ਹੈ ਉਹ ਸਾਹਿਬ ਜਿਸ[14] ਨੇ ਸਾਰੇ[9] ਪ੍ਰਾਣ-ਧਾਰੀ ਰਚੇ[15] ਹਨ। |
| ਸਾਧਸੰਗਿ[21] ਨਾਨਕ ਨਾਮੁ ਧਿਆਇਆ[16] ਮੁਖ[17] ਊਜਲ ਭਏ[20] ਦਰਬਾਰਾ[19] ॥੨॥੨੭॥੯੧॥ | Nanak recites[16] the Name in the society of saints[21] and his face[17] shall become[20] bright[18] in the Lord's court[19]. | ਸਤਿ ਸੰਗਤ[21] ਅੰਦਰ ਨਾਨਕ ਨਾਮ ਦਾ ਉਚਾਰਨ ਕਰਦਾ[16] ਹੈ ਅਤੇ ਪ੍ਰਭੂ ਦੀ ਦਰਗਾਹ[19] ਵਿੱਚ ਉਸ ਦਾ ਚਿਹਰਾ[17] ਰੋਸ਼ਨ[18] ਹੋਵੇਗਾ[20]। |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ। |
| ਸਿਮਰਉ[22] ਅਪੁਨਾ ਸਾਂਈ[23] ॥ | I meditate[22] on my Lord[23]. | ਮੈਂ ਆਪਣੇ ਸੁਆਮੀ[23] ਦਾ ਭਜਨ ਕਰਦਾ[22] ਹਾਂ। |

| | | |
|---|---|---|
| ਦਿਨਸੁ[24] ਰੈਨਿ[25] ਸਦ[26] ਧਿਆਈ[27] ॥ | Day[24] and night[25], I ever[26] remember[27] Him. | ਦਿਹੁੰ[24] ਰਾਤ[25] ਮੈਂ ਹਮੇਸ਼ਾ[26] ਉਸ ਨੂੰ ਯਾਦ ਕਰਦਾ[27] ਹਾਂ । |
| ਹਾਥੁ[28] ਦੇਇ[29] ਜਿਨਿ[30] ਰਾਖੇ[31] ॥ ਹਰਿ ਨਾਮ ਮਹਾ[32] ਰਸੁ[33] ਚਾਖੇ[34] ॥੧॥ | I have quaffed[34] the supreme[32] Nectar[33] of the Name of the Lord, who[30], by extending[29] His hand[28] has saved[31] me. | ਮੈਂ ਸੁਆਮੀ ਦੇ ਨਾਮ ਦਾ ਪਰਮ[32] ਅੰਮ੍ਰਿਤ[33] ਪਾਨ ਕੀਤਾ[34] ਹੈ, ਜਿਸ[30] ਨੇ ਆਪਣਾ ਹੱਥ[28] ਦੇ ਕੇ[29] ਮੈਨੂੰ ਬਚਾ ਲਿਆ[31] ਹੈ । |
| ੬੩੧ | | |
| ਅਪਨੇ ਗੁਰ ਊਪਰਿ[35] ਕੁਰਬਾਨੁ[36] ॥ | I am a sacrifice[36] unto[35] my Guru. | ਮੈਂ ਆਪਣੇ ਗੁਰਾਂ ਦੇ ਉਤੋਂ[35] ਘੋਲੀ[36] ਵੰਞਦਾ ਹਾਂ । |
| ਭਏ ਕਿਰਪਾਲ[37] ਪੂਰਨ[38] ਪ੍ਰਭ ਦਾਤੇ[39] ਜੀਅ[40] ਹੋਏ[41] ਮਿਹਰਵਾਨ[42] ॥ਰਹਾਉ॥ | The Omnipresent[38], Beneficent[39] Lord is merciful[37] to me, so, the mortals[40] too have become[41] kind[42] to me. Pause. | ਸਰਬ-ਵਿਆਪਕ[38], ਦਾਤਾਰ[39] ਸੁਆਮੀ ਮੇਰੇ ਤੇ ਦਇਆਲ[37] ਹੈ, ਇਸ ਲਈ ਪ੍ਰਾਣੀ[40] ਵੀ ਮੇਰੇ ਉਤੇ ਮਹਿਆਵਾਨ[42] ਹੋ ਗਏ[41] ਹਨ । ਠਹਿਰਾਉ । |
| ਨਾਨਕ ਜਨ[43] ਸਰਨਾਈ[44] ॥ ਜਿਨਿ[45] ਪੂਰਨ[46] ਪੈਜ[47] ਰਖਾਈ[48] ॥ | Slave[43] Nanak has entered the sanctuary[44] of the Lord, who[45] has perfectly[46] saved[48] his honour[47]. | ਗੋਲੇ[43] ਨਾਨਕ ਨੇ ਸੁਆਮੀ ਦੀ ਓਟ[44] ਲਈ ਹੈ, ਜਿਸ[45] ਨੇ ਉਸ ਦੀ ਲੱਜਿਆ[47] ਪੂਰੇ ਤੌਰ ਤੇ[46] ਰੱਖ ਲਈ[48] ਹੈ । |
| ਸਗਲੇ[50] ਦੂਖ[49] ਮਿਟਾਈ[51] ॥ ਸੁਖ[52] ਭੁੰਚਹੁ[53] ਮੇਰੇ ਭਾਈ[54] ॥੨॥੨੮॥੯੨॥ | The Lord has dispelled[51] all[50] the ills[49]; so, enjoy[53], ye, the bliss[52], O my brothers[54]. | ਸੁਆਮੀ ਨੇ ਸਾਰੇ[50] ਦੁਖੜੇ[49] ਦੂਰ ਕਰ ਦਿਤੇ[51] ਹਨ, ਸੋ ਤੁਸੀਂ ਅਨੰਦ[52] ਮਾਣੋ, ਹੇ ਮੇਰੇ ਵੀਰਨੋ[54] ! |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਸੁਨਹੁ ਬਿਨੰਤੀ[55] ਠਾਕੁਰ[56] ਮੇਰੇ ਜੀਅ[57] ਜੰਤ[58] ਤੇਰੇ ਧਾਰੇ[59] ॥ | Hear, Thou, my prayer[55], O my Master[56]. The men[57] and other beings[58] are created[59] by Thee. | ਤੂੰ ਮੇਰੀ ਪ੍ਰਾਰਥਨਾ[55] ਸੁਣ, ਹੇ ਮੈਂਡੇ ਮਾਲਕ[56] ! ਪ੍ਰਾਣੀ[57] ਤੇ ਪਸ਼ੂ-ਪੰਛੀ[58] ਤੇਰੇ ਹੀ ਰਚੇ ਹੋਏ[59] ਹਨ । |
| ਰਾਖੁ ਪੈਜ[40] ਨਾਮ ਅਪੁਨੇ ਕੀ ਕਰਨ[41] ਕਰਾਵਨ[42] ਹਾਰੇ ॥੧॥ | O Lord, the Doer[41] and the Prompter[42] of actions, uphold Thou, the honour[40] of Thy Name. | ਹੇ ਕੰਮਾਂ ਦੇ ਕਰਨ[41] ਤੇ ਕਰਾਵਣ ਵਾਲੇ[42] ! ਤੂੰ ਆਪਣੇ ਨਾਮ ਦੀ ਲੱਜਿਆ[40] ਰੱਖ । |
| ਪ੍ਰਭ ਜੀਉ ਖਸਮਾਨਾ[43] ਕਰਿ ਪਿਆਰੇ[44] ॥ | O my Loved[44] Lord, make me Thine own[43]. | ਹੇ ਮੇਰੇ ਪ੍ਰੀਤਮ[44] ਪ੍ਰਭੂ ! ਮੈਨੂੰ ਆਪਣਾ ਨਿੱਜ[43] ਦਾ ਬਣਾ ਲੈ । |
| ਬੁਰੇ ਭਲੇ ਹਮ[45] ਥਾਰੇ[46] ॥ ਰਹਾਉ॥ | Whether bad or good, I[45] am Thine[46]. Pause. | ਭਾਵੇਂ ਮੰਦਾ ਜਾਂ ਚੰਗਾ, ਮੈਂ[45] ਤੇਰਾ[46] ਹੀ ਹਾਂ । ਠਹਿਰਾਉ । |
| ਸੁਣੀ ਪੁਕਾਰ[47] ਸਮਰਥ[48] ਸੁਆਮੀ ਬੰਧਨ[49] ਕਾਟਿ[50] ਸਵਾਰੇ[51] ॥ | The Omnipotent[48] Lord hearkened to my supplication[47] and cutting[50] off my fetters[49], He has adorned[51] me. | ਸਰਬ-ਸ਼ਕਤੀਵਾਨ[48] ਸਾਹਿਬ ਨੇ ਮੇਰੀ ਬੇਨਤੀ[47] ਸੁਣ ਲਈ ਅਤੇ ਮੇਰੀਆਂ ਬੇੜੀਆਂ[49] ਕੱਟ ਕੇ[50] ਮੈਨੂੰ ਹਾਰ ਸ਼ਿੰਗਾਰ ਦਿੱਤਾ[51] ਹੈ । |
| ਪਹਿਰਿ[52] ਸਿਰਪਾਉ[53] ਸੇਵਕ[54] ਜਨ[55]ਮੇਲੇ[56] ਨਾਨਕ | The Lord dressed[52] me with the robe of honour[53], blended[56] me, His | ਸੁਆਮੀ ਨੇ ਮੈਨੂੰ ਇੱਜ਼ਤ ਦਾ ਪੁਸ਼ਾਕਾ[53] ਪਹਿਨਾਇਆ[52], ਮੈਨੂੰ ਆਪਣੇ ਟਹਿਲ ਕਰਨ ਵਾਲੇ[54] ਗੋਲੇ[55] ਨੂੰ ਆਪਣੇ |

| | | |
|---|---|---|
| ਪ੍ਰਗਟ[57] ਪਹਾਰੇ[58] ॥੨॥ ੨੯॥੬੩॥ | attending[84] slave[86], with Himself, and Nanak became renowned[57] in the world[58]. | ਨਾਲ ਅਭੇਦ ਕਰ ਲਿਆ[56] ਅਤੇ ਨਾਨਕ ਸੰਸਾਰ[58] ਅੰਦਰ ਪ੍ਰਸਿੱਧ[57] ਹੋ ਗਿਆ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਜੀਅ ਜੰਤ[59] ਸਭਿ[60] ਵਸਿ[61] ਕਰਿ ਦੀਨੇ ਸੇਵਕ[62] ਸਭਿ ਦਰਬਾਰੇ[63] ॥ | The Lord has subjected[61] all[60] the sentient beings[59] to the saints, all of whom are the servants[62] of His court[63]. | ਸੁਆਮੀ ਨੇ ਸਮੂਹ[60] ਪ੍ਰਾਣ ਧਾਰੀਆਂ[59] ਨੂੰ ਸੰਤਾਂ ਦੇ ਅਧੀਨ[61] ਕਰ ਦਿੱਤਾ ਹੈ, ਜੋ ਸਾਰੇ ਹੀ ਉਸ ਦੀ ਦਰਗਾਹ[63] ਦੇ ਸੇਵਾਦਾਰ[62] ਹਨ । |
| ਅੰਗੀਕਾਰੁ[64] ਕੀਓ ਪ੍ਰਭ ਅਪੁਨੇ[65] ਭਵ[66]ਨਿਧਿ[67] ਪਾਰਿ ਉਤਾਰੇ[68] ॥੧॥ | Their[65] Lord has hugged them to His bosom[64], and ferried[68] them across[68] the terrible[66] world ocean[67]. | ਉਨ੍ਹਾਂ[65] ਦੇ ਸੁਆਮੀ ਨੇ ਉਨ੍ਹਾਂ ਨੂੰ ਆਪਣੀ ਛਾਤੀ[64] ਨਾਲ ਲਾ ਲਿਆ ਹੈ ਅਤੇ ਉਨ੍ਹਾਂ ਨੂੰ ਭਿਆਨਕ[66] ਸੰਸਾਰ ਸਮੁੰਦਰ[67] ਤੋਂ ਪਾਰ ਕਰ ਦਿੱਤਾ[68] ਹੈ । |
| ਸੰਤਨ ਕੇ ਕਾਰਜ[69] ਸਗਲ[70] ਸਵਾਰੇ[71] ॥ | The Lord harmonizes[71] all[70] the affairs[69] of His saints. | ਸੁਆਮੀ ਆਪਣੇ ਸਾਧੂਆਂ ਦੇ ਸਾਰੇ[70] ਕੰਮ-ਕਾਜ[69] ਰਾਸ ਕਰ ਦਿੰਦਾ[71] ਹੈ । |
| ਦੀਨ[72] ਦਇਆਲ[73] ਕ੍ਰਿਪਾਲ[74] ਕ੍ਰਿਪਾ[75] ਨਿਧਿ[76] ਪੂਰਨ[77] ਖਸਮ[78] ਹਮਾਰੇ[79] ॥ ਰਹਾਉ॥ | The Compassionate[73] to the poor[72], the Merciful[74], the Ocean[76] of kindness[75] and the Omnipresent Lord[77] is my[79] Master[78]. Pause. | ਗਰੀਬਾਂ[72] ਤੇ ਰਹਿਮ ਕਰਨ ਵਾਲਾ[73], ਮਿਹਰਬਾਨ[74] ਦਇਆਲਤਾ[75] ਦਾ ਸਮੁੰਦਰ[76] ਅਤੇ ਸਰਬ-ਵਿਆਪਕ ਸੁਆਮੀ[77] ਮੇਰਾ[79] ਮਾਲਕ[78] ਹੈ । ਠਹਿਰਾਉ । |
| ਆਉ[80] ਬੈਠੁ ਆਦਰੁ[81] ਸਭ ਥਾਈ[82] ਊਨ[84] ਨ ਕਤਹੂ ਬਾਤਾ[85] ॥ | Everywhere[82] am I welcomed[80] and respected[81], and I am devoid[84] of nought[85]. | ਹਰ ਜਗ੍ਹਾ[82] ਮੇਰੀ ਆਉ-ਭਗਤ[80] ਅਤੇ ਇੱਜ਼ਤ ਹੁੰਦੀ[81] ਹੈ ਅਤੇ ਮੈਨੂੰ ਕਿਸੇ ਗੱਲ ਦੀ[85] ਭੀ ਥੋੜ੍ਹ[84] ਨਹੀਂ । |
| ਭਗਤਿ[86] ਸਿਰਪਾਉ[87] ਦੀਓ[88] ਜਨ[89] ਅਪੁਨੇ[90] ਪ੍ਰਤਾਪੁ[91] ਨਾਨਕ ਪ੍ਰਭ ਜਾਤਾ[92] ॥੨॥੩੦॥੬੪॥ | The Lord blesses[88] His[90] devoted[86] slave[89] with the robe of honour[87]; O Nanak, in this way the glory[91] of the Lord becomes manifest[92]. | ਆਪਣੇ[90] ਜਾਂ-ਨਿਸਾਰ[86] ਗੋਲੇ[89] ਨੂੰ ਪ੍ਰਭੂ ਇੱਜ਼ਤ ਦੀ ਪੁਸ਼ਾਕ[87] ਪ੍ਰਦਾਨ ਕਰਦਾ[88] ਹੈ । ਇਸ ਤਰ੍ਹਾਂ ਸੁਆਮੀ ਦਾ ਤੇਜ ਪ੍ਰਤਾਪ[91] ਪ੍ਰਗਟ ਹੁੰਦਾ[92] ਹੈ, ਹੇ ਨਾਨਕ ! |
| ਸੋਰਠਿ ਮਹਲਾ ੯ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਰੇ[93] ਮਨ[94] ਰਾਮ[95] ਸਿਉ[96] ਕਰਿ[98] ਪ੍ਰੀਤਿ[97] ॥ | O[93] man[94], bear[98] thou love[97] with[96] the Lord[95]. | ਹੇ[93] ਬੰਦੇ[94] ! ਤੂੰ ਪ੍ਰਭੂ[95] ਨਾਲ[96] ਪ੍ਰੀਤ[97] ਪਾ[98] । |
| ਸ੍ਰਵਨ[99] [100]ਗੋਬਿੰਦ[2] ਗੁਨੁ[3] ਸੁਨਉ ਅਰੁ[4] ਗਾਉ[5] ਰਸਨਾ[6] ਗੀਤਿ[7] ॥੧॥ ਰਹਾਉ॥ | With thine ears[99], hear the praise[3] of the Lord[2] of the World[100] and[4] with thy tongue[6], sing[5], thou, His song[7]. Pause. | ਆਪਣਿਆਂ ਕੰਨਾਂ[99] ਨਾਲ ਸ੍ਰਿਸ਼ਟੀ[100] ਦੇ ਸੁਆਮੀ[2] ਦੀ ਕੀਰਤੀ[3] ਸ੍ਰਵਣ ਕਰ ਅਤੇ[4] ਆਪਣੀ ਜੀਭਾ[6] ਨਾਲ ਉਸ ਦੇ ਗੀਤ[7] ਆਲਾਪ[5] । ਠਹਿਰਾਉ । |
| ਕਰਿ[8] ਸਾਧਸੰਗਤਿ ਸਿਮਰੁ[9] | Join[8] the society of saints, and | ਸਤਿ ਸੰਗਤ ਨਾਲ ਜੁੜ[8] ਅਤੇ ਤੂੰ ਮਾਇਆ[10] ਦੇ |

| | | |
|---|---|---|
| [10]ਮਾਧੋ[12] ਹੋਹਿ ਪਤਿਤ[13] ਪੁਨੀਤ[14] ॥ | contemplate[9], thou, on the Lord[12] of wealth[10]; thus, from a sinner[13], thou, shalt be holy[14]. | ਸੁਆਮੀ[12] ਦਾ ਆਰਾਧਨ[9] ਕਰ । ਐਕੁਰ ਤੂੰ ਪਾਪੀ[13] ਤੋਂ ਪਵਿੱਤ੍ਰ[14] ਥੀ ਵੰਞੇਂਗਾ । |
| ਕਾਲੁ[15] ਬਿਆਲੁ[16] ਜਿਉ[17] ਪਰਿਓ ਡੋਲੈ[18] ਮੁਖੁ[19] ਪਸਾਰੇ[20] ਮੀਤ[21] ॥੧॥ | Death[15] roams about[18] like[17] a serpent[16] with wide-open[20] mouth[19], O friend[21]. | ਮੌਤ[15] ਸਰਪ[16] ਦੇ ਟੱਡੇ ਹੋਏ[20] ਮੂੰਹ[19] ਦੀ ਮਾਨੰਦ[17] ਫਿਰ ਰਹੀ[18] ਹੈ, ਹੇ ਮਿੱਤਰ[21] ! |
| ਆਜੁ[22] ਕਾਲਿ[23] ਫੁਨਿ[24] ਤੋਹਿ ਗ੍ਰਸਿ[25] ਹੈ ਸਮਝਿ[26] ਰਾਖਉ ਚੀਤਿ[27] ॥ | To-day[22] or tomorrow[23], it shall, then[24], seize[25] thee; understand[26] this in thy mind[27]. | ਅੱਜ[22] ਜਾਂ ਭਲਕੇ[23] ਓੜਕ[24] ਨੂੰ ਇਹ ਤੈਨੂੰ ਪਕੜ[25] ਲਵੇਗੀ । ਇਸ ਗੱਲ ਨੂੰ ਆਪਣੇ ਮਨ[27] ਵਿੱਚ ਸੋਚ ਸਮਝ[26] ਲੈ । |
| ਕਹੈ[28] ਨਾਨਕੁ ਰਾਮੁ[29] ਭਜਿ[30] ਲੈ ਜਾਤੁ ਅਉਸਰੁ[31] ਬੀਤ[32] ॥੨॥੧॥ | Says[28] Nanak, meditate[30] on thy Lord[29]; thy opportunity[31] is passing away[32]. | ਗੁਰੂ ਜੀ ਫੁਰਮਾਉਂਦੇ[28] ਹਨ, ਆਪਣੇ ਸਾਹਿਬ[29] ਦਾ ਸਿਮਰਨ[30] ਕਰ । ਤੇਰਾ ਮੌਕਾ[31] ਲੰਘਦਾ ਜਾ ਰਿਹਾ[32] ਹੈ । |
| ਸੋਰਠਿ ਮਹਲਾ ੯ ॥ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ । |
| ਮਨ[33] ਕੀ ਮਨ ਹੀ ਮਾਹਿ[34] ਰਹੀ[35] ॥ | The mind's[33] desire remains[35] in[34] the mind unfulfilled. | ਚਿੱਤ ਦੀ[33] ਖ਼ਾਹਿਸ਼ ਚਿੱਤ ਵਿੱਚ[34] ਹੀ ਅਸੰਪੂਰਨ ਰਹਿ ਜਾਂਦੀ[35] ਹੈ । |
| ਨਾ ਹਰਿ ਭਜੇ[36] ਨ ਤੀਰਥ[37] ਸੇਵੇ[38] ਚੋਟੀ[39] ਕਾਲਿ[40] ਗਹੀ[41] ॥੧॥ਰਹਾਉ॥ | The man neither remembers[36] God, nor performs service[38] at shrines[37], and death[40] seizes[41] him by the tuft[39]. Pause. | ਬੰਦਾ ਨਾ ਵਾਹਿਗੁਰੂ ਨੂੰ ਸਿਮਰਦਾ[36] ਹੈ, ਨਾ ਹੀ ਧਰਮ ਅਸਥਾਨਾਂ[37] ਤੇ ਜਾ ਕੇ ਸੇਵਾ ਕਰਦਾ[38] ਹੈ ਤੇ ਮੌਤ[40] ਉਸ ਨੂੰ ਬੋਦੀਓਂ[39] ਪਕੜ ਲੈਂਦੀ[41] ਹੈ । ਠਹਿਰਾਉ । |
| ਦਾਰਾ[42] ਮੀਤ[43] ਪੂਤ[44] ਰਥ[45] ਸੰਪਤਿ[46] ਧਨ[47] ਪੂਰਨ[48] ਸਭੁ[48] ਮਹੀ[50] ॥ ਅਵਰ[51] ਸਗਲ[52] ਮਿਥਿਆ[53] ਏ[54] ਜਾਨਉ[55] ਭਜਨੁ[56] ਰਾਮੁ[57] ਕੋ ਸਹੀ[58] ॥੧॥ | The wife[42], friends[43], sons[44], carriages[45], property[46], entire[48] wealth[47], the whole[49] world[50] and[51] all[52] these things, know[55] that they are false[53] and the Lord's[57] meditation[56] alone is true[58]. | ਵਹੁਟੀ[42], ਦੋਸਤ[43], ਪੁੱਤ੍ਰ[44], ਗੱਡੀਆਂ[45], ਮਾਲ ਮਿਲਖ[46] ਸਮੂਹ[48] ਦੌਲਤ[47], ਸਾਰਾ[49] ਸੰਸਾਰ[50] ਅਤੇ[51] ਸਾਰੀਆਂ[57] ਸ਼ੈਆਂ, ਜਾਣ ਲੈ[55], ਕਿ ਇਹ[54] ਕੂੜੀਆਂ[53] ਹਨ । ਕੇਵਲ ਸਾਹਿਬ ਦਾ[57] ਸਿਮਰਨ[56] ਹੀ ਸੱਚਾ[58] ਹੈ । |
| ਫਿਰਤ ਫਿਰਤ[59] ਬਹੁਤੇ[60] ਜੁਗ[61] ਹਾਰਿਓ[62] ਮਾਨਸ[63] ਦੇਹ[64] ਲਹੀ[65] ॥ | Grown weary[62] of wandering[59] about for many[66] yugas[61], the man has obtained[66] the human[63] body[64]. | ਘਣੇਰਿਆਂ[60] ਜੁਗਾਂ[61] ਅੰਦਰ ਭਟਕਦੇ[59] ਹੋਏ ਹਾਰੇ ਹੁੱਟੇ[62] ਬੰਦੇ ਨੂੰ ਮਨੁਖੀ[63] ਸਰੀਰ[64] ਪ੍ਰਾਪਤ ਹੋਇਆ[65] ਹੈ । |
| ੬੩੨ | | |
| ਨਾਨਕ ਕਹਤ[66] ਮਿਲਨ ਕੀ ਬਰੀਆ[67] ਸਿਮਰਤ[68] ਕਹਾ[69] ਨਹੀ ॥੨॥੨॥ | Says[66] Nanak, there is now a chance[67] to meet the Lord. Wny[69] rememberest[68] thou not Him, O man ? | ਗੁਰੂ ਜੀ ਆਖਦੇ[66] ਹਨ, ਹੁਣ ਮੌਕਾ[67] ਹੈ ਪ੍ਰਭੂ ਨੂੰ ਮਿਲਣ ਦਾ । ਤੂੰ ਉਸ ਨੂੰ ਕਿਉਂ[69] ਯਾਦ[68] ਨਹੀਂ ਕਰਦਾ, ਹੇ ਇਨਸਾਨ ? |
| ਸੋਰਠਿ ਮਹਲਾ ੯ ॥ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ । |
| ਮਨ[70] ਰੇ[71] ਕਉਨੁ[72] [73]ਕੁਮਤਿ[74] ਤੈ ਲੀਨੀ[75] ॥ | O[71] man[70], what[72] evil[73] understanding[74] hast thou harboured[75] ? | ਹੇ[71] ਇਨਸਾਨ[70] ਤੈਂ ਕਿਹੜੀ[72] ਭੈੜੀ[73] ਸਮਝ[74] ਧਾਰਨ[75] ਕੀਤੀ ਹੋਈ ਹੈ ? |

| | | |
|---|---|---|
| ਪਰ[76] ਦਾਰਾ[77] ਨਿੰਦਿਆ[78] ਰਸ[79] ਰਚਿਓ[80] ਰਾਮ[81] ਭਗਤਿ[82] ਨਹਿ ਕੀਨੀ ॥੧॥ ਰਹਾਉ॥ | Thou art engrossed[80] in the pleasure[79] of other[76] men's women[77] and in slander[78], and the Pervading[81] God, thou, worshippest[82] not. | ਤੂੰ ਹੋਰਨਾਂ[76] ਬੰਦਿਆਂ ਦੀਆਂ ਇਸਤਰੀਆਂ[77] ਅਤੇ ਬਦਖੋਈਆਂ[78] ਦੇ ਸੁਆਦ[79] ਵਿੱਚ ਖੱਚਤ[89] ਹੋਇਆ ਹੋਇਆ ਹੈਂ ਅਤੇ ਸਰਬ-ਵਿਆਪਕ[81] ਵਾਹਿਗੁਰੂ ਦੀ ਤੂੰ ਉਪਾਸ਼ਨਾ[82] ਨਹੀਂ ਕਰਦਾ । |
| ਮੁਕਤਿ[83] ਪੰਥੁ[84] ਜਾਨਿਓ[88] ਤੈ ਨਾਹਨਿ ਧਨ[85] ਜੋਰਨ[86] ਕਉ ਧਾਇਆ[87] ॥ | Thou knowest[88] not the way[84] to emancipation[83], but runnest about[87] to amass[86] wealth[85]. | ਤੂੰ ਕਲਿਆਣ[83] ਦੇ ਮਾਰਗ[84] ਨੂੰ ਨਹੀਂ ਜਾਣਦਾ[88], ਪ੍ਰੰਤੂ ਦੌਲਤ[85] ਇਕੱਤ੍ਰ[86] ਕਰਨ ਲਈ ਭੱਜਿਆ ਫਿਰਦਾ[87] ਹੈਂ । |
| ਅੰਤਿ[89] ਸੰਗ[90] ਕਾਹੂ ਨਹੀ ਦੀਨਾ ਬਿਰਥਾ[91] ਆਪੁ[92] ਬੰਧਾਇਆ[93] ॥੧॥ | At last[89] nothing shall keep company[90] with thee; in vain[91] hast thou entangled[93] thyself[92]. | ਅਖੀਰ[89] ਨੂੰ ਕਿਸੇ ਨੇ ਭੀ ਤੇਰਾ ਸਾਥ[90] ਨਹੀਂ ਦੇਣਾ । ਤੂੰ ਵਿਅਰਥ[91] ਹੀ ਆਪਣੇ ਆਪ[92] ਨੂੰ ਫਸਾਇਆ ਹੋਇਆ[93] ਹੈ । |
| ਨਾ ਹਰਿ ਭਜਿਓ[94] ਨ ਗੁਰ ਜਨੁ[95] ਸੇਵਿਓ[96] ਨਹ ਉਪਜਿਓ[97] ਕਛੁ ਗਿਆਨਾ[98] ॥ | Thou meditatest[94] not on God, nor servest[96] thou Guru, the Lord's slave[95], nor gnosis[98] wells up[97] in thee. | ਤੂੰ ਰੱਬ ਦਾ ਚਿੰਤਨ[94] ਨਹੀਂ ਕਰਦਾ, ਨਾ ਤੂੰ ਰੱਬ ਦੇ ਸੇਵਕ[95] ਗੁਰੂ ਦੀ ਘਾਲ ਕਮਾਉਂਦਾ[96] ਹੈਂ, ਨਾ ਹੀ ਤੇਰੇ ਅੰਦਰ ਬ੍ਰਹਮਬੋਧ[93] ਪੈਦਾ ਹੁੰਦਾ[97] ਹੈ । |
| ਘਟ[99] ਹੀ ਮਾਹਿ[100] ਨਿਰੰਜਨੁ[2] ਤੇਰੈ[3] ਤੈ ਖੋਜਤ[4] ਉਦਿਆਨਾ[5] ॥੨॥ | The Immaculate Lord[2] is within[100] thy mind[99], but thou[3] searchest[4] Him in the wilderness[6]. | ਪਵਿੱਤ੍ਰ ਪ੍ਰਭੂ[2] ਤੇਰੇ ਹਿਰਦੇ[99] ਦੇ ਅੰਦਰ[100] ਹੀ ਹੈ; ਪ੍ਰੰਤੂ, ਤੂੰ[3] ਉਸ ਨੂੰ ਬੀਆਬਾਨ[5] ਵਿੱਚ ਲਭਦਾ[4] ਫਿਰਦਾ ਹੈਂ । |
| ਬਹੁਤੁ[6] ਜਨਮ[7] ਭਰਮਤ[8] ਤੈ ਹਾਰਿਓ[9] ਅਸਥਿਰ[10] ਮਤਿ[12] ਨਹੀ ਪਾਈ[13] ॥ | Thou hast grown weary[9] of wandering[8] in good many[6] births[7], and still hast not acquired[13] abiding[10] wisdom[12]. | ਤੂੰ ਘਣੇਰੀਆਂ[6] ਜੂਨੀਆਂ[7] ਅੰਦਰ ਭਟਕਦਾ ਹੋਇਆ[8] ਹੰਭ ਗਿਆ[9] ਹੈਂ ਅਤੇ ਤੈਨੂੰ ਸਥਿਰ[10] ਬੁੱਧੀ[12] ਪ੍ਰਾਪਤ[13] ਫਿਰ ਵੀ ਨਹੀਂ ਹੋਈ । |
| ਮਾਨਸ[14] ਦੇਹ ਪਾਇ[15] ਪਦ[16] ਹਰਿ ਭਜੁ[17] ਨਾਨਕ ਬਾਤ[18] ਬਤਾਈ[19] ॥੩॥੩॥ | Having now obtained[15] the human[14] body, remember[17], thou, the God's feet[16]. Nanak gives[19] thee this advice[18]. | ਮਨੁੱਖੀ ਸਰੀਰ[14] ਨੂੰ ਪਾ ਕੇ[15], ਹੁਣ ਤੂੰ ਵਾਹਿਗੁਰੂ ਦੇ ਚਰਣਾਂ[16] ਦਾ ਚਿੰਤਨ[17] ਕਰ । ਨਾਨਕ ਤੈਨੂੰ ਇਹ ਮੱਤ[18] ਦਿੰਦਾ[19] ਹੈ । |
| ਸੋਰਠਿ ਮਹਲਾ ੯ ॥ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ । |
| ਮਨ ਰੇ ਪ੍ਰਭ ਕੀ ਸਰਨਿ[20] ਬਿਚਾਰੋ[21] ॥ | O man, think[21] thou of seeking the Lord's protection[20]. | ਹੇ ਬੰਦੇ ! ਸੁਆਮੀ ਦੀ ਪਨਾਹ[20] ਲੈਣ ਦਾ ਖਿਆਲ ਕਰ[21] । |
| ਜਿਹ ਸਿਮਰਤ[22] ਗਨਕਾ[23] ਸੀ ਉਧਰੀ[24] ਤਾ ਕੋ[25] ਜਸੁ[26] [27]ਉਰਧਾਰੋ[28] ॥੧॥ਰਹਾਉ॥ | By meditating[22] on whom, the courtesan[23] was saved[24]. His[25] praise[26] enshrine[28] thee in thy mind[27]. Pause. | ਜਿਸ ਦਾ ਚਿੰਤਨ[22] ਕਰਨ ਦੁਆਰਾ ਵੇਸਵਾ[23] ਤਰ ਗਈ[24] ਸੀ, ਉਸ ਦੀ[25] ਉਸਤਤੀ[26] ਤੂੰ ਆਪਣੇ ਹਿਰਦੇ[27] ਅੰਦਰ ਟਿਕਾ[28] । ਠਹਿਰਾਉ । |
| ਅਟਲ[29] ਭਇਓ ਧ੍ਰੂਅ ਜਾ ਕੈ[30] ਸਿਮਰਨਿ[31] ਅਰੁ[32] ਨਿਰਭੈ[33] ਪਦੁ[34] ਪਾਇਆ ॥ | Meditate thou on Him, by whose[30] meditation[81], Dhru became immortal[29] and[32] obtained the state[34] of fearlessness[33]. | ਤੂੰ ਉਸ ਦੀ ਬੰਦਗੀ ਕਰ, ਜਿਸ ਦੀ[30] ਬੰਦਗੀ[31] ਕਰਨ ਦੁਆਰਾ, ਧ੍ਰੂ ਅਹਿੱਲ[29] ਹੋ ਗਿਆ ਅਤੇ[32] ਉਸ ਨੇ ਡਰ ਰਹਿਤ[33] ਮਰਤਬਾ[34] ਪ੍ਰਾਪਤ ਕਰ ਲਿਆ । |
| ਦੁਖ[35] ਹਰਤਾ[36] ਇਹ ਬਿਧਿ[37] | My Lord is such[37] a Remover[36] of | ਮੇਰਾ ਸੁਆਮੀ ਐਸ ਤਰ੍ਹਾਂ[37] ਦੁਖੜੇ[35] ਦੂਰ ਕਰਨ ਵਾਲਾ[36] |

| | | |
|---|---|---|
| ਕੋ ਸੁਆਮੀ ਤੇ ਕਾਹੇ[38] ਬਿਸਰਾਇਆ[39] ॥੧॥ | anguish[38]; why[38] hast thou forgotten[39] Him ? | ਹੈ । ਤੂੰ ਉਸ ਨੂੰ ਕਿਉਂ[38] ਭੁਲਾ ਛੱਡਿਆ[39] ਹੈ । |
| ਜਬ[40] ਹੀ ਸਰਨਿ[41] ਗਹੀ[42] ਕਿਰਪਾ[43] ਨਿਧਿ[44] ਗਜ[45] ਗਰਹਾ[46] ਤੇ[47] ਛੂਟਾ[48] ॥ | No sooner[40], did the elephant[45] take[42] the protection[41] of the Ocean[44] of mercy[43] than he escaped[48] from[47] the crocodile[46]. | ਜਦ[40] ਹੀ ਹਾਥੀ[45] ਨੇ ਮਿਹਰਾਂ[43] ਦੇ ਸਮੁੰਦਰ[44] (ਪ੍ਰਭੂ) ਦੀ ਓਟ[41] ਲਈ[42], ਉਸੇ ਵੇਲੇ ਹੀ ਉਹ ਮਗਰ-ਮੱਛ[46] ਪਾਸੋਂ[47] ਰਿਹਾਈ[48] ਪਾ ਗਿਆ । |
| ਮਹਮਾ[49] ਨਾਮ ਕਹਾ ਲਉ[50] ਬਰਨਉ[51] ਰਾਮ[56] ਕਹਤ[52] ਬੰਧਨ[53] ਤਿਹ[54] ਤੂਟਾ[55] ॥੨॥ | How far[50] can I describe[51] the praise[49] of the Name ? Who-so-ever utters[52] the Lord's[56] Name, his[54] bonds[53] break[55]. | ਮੈਂ ਨਾਮ ਦੀ ਉਸਤਤੀ[49] ਕਿੱਥੋਂ ਤੋੜੀ[50] ਬਿਆਨ[51] ਕਰ ਸਕਦਾ ਹਾਂ ? ਜੋ ਕੋਈ ਭੀ ਸਾਂਈਂ ਦੇ[56] ਨਾਮ ਨੂੰ ਉਚਾਰਦਾ[52] ਹੈ, ਉਸ ਦੇ[54] ਜੂੜ[53] ਟੁੱਟ ਜਾਂਦੇ[55] ਹਨ । |
| ਅਜਾਮਲੁ ਪਾਪੀ[57] ਜਗੁ ਜਾਨੇ ਨਿਮਖ[58] ਮਾਹਿ[59] ਨਿਸਤਾਰਾ[60] ॥ | Ajamal, a known sinner[57] in the world, in[59] an instant[58], was redeemed[60]. | ਜਗਤ ਅੰਦਰ, ਅਜਾਮਲ ਗੁਨਹਗਾਰ[57] ਜਾਣਿਆ ਜਾਂਦਾ ਸੀ । ਇੱਕ ਮੁਹਤ[58] ਵਿੱਚ[59] ਹੀ ਉਸ ਦਾ ਪਾਰ ਉਤਾਰਾ ਹੋ ਗਿਆ[60] । |
| ਨਾਨਕ ਕਹਤ[61] ਚੇਤ[62] ਚਿੰਤਾਮਨਿ[63] ਤੈ ਭੀ ਉਤਰਹਿ ਪਾਰਾ[64] ॥੩॥੪॥ | Says[61] Nanak, remember[62], thou, the Jewel[63] which grants all wishes and thou too shalt be ferried across[64]. | ਗੁਰੂ ਜੀ ਆਖਦੇ[61] ਹਨ ਤੂੰ ਇੱਛਾ-ਪੂਰਕ[63] ਹੀਰੇ ਦਾ ਸਿਮਰਨ[62] ਕਰ ਅਤੇ ਤੇਰਾ ਭੀ ਪਾਰ ਉਤਾਰਾ ਹੋ ਜਾਵੇਗਾ[64] । |
| ਸੋਰਠਿ ਮਹਲਾ ੯ ॥ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ । |
| ਪ੍ਰਾਨੀ ਕਉਨੁ[65] ਉਪਾਉ[66] ਕਰੈ ॥ | What[65] efforts[66] should the mortal make, | ਫ਼ਾਨੀ ਬੰਦਾ ਕੀ[65] ਉਪਰਾਲੇ[66] ਕਰੇ ; |
| ਜਾ[67] ਤੇ ਭਗਤਿ[68] ਰਾਮ[69] ਕੀ ਪਾਵੈ ਜਮ[70] ਕੋ ਤ੍ਰਾਸੁ[71] ਹਰੈ[72] ॥੧॥ਰਹਾਉ॥ | By which[67] he may obtain the Lord's[69] devotional service[68], and his fear[71] of death[70] may be dispelled[72] ? Pause. | ਜਿਸ ਦੁਆਰਾ[67] ਉਸ ਨੂੰ ਸੁਆਮੀ ਦੀ[69] ਪ੍ਰੇਮ-ਮਈ ਸੇਵਾ[68] ਪ੍ਰਾਪਤ ਹੋ ਜਾਵੇ ਅਤੇ ਉਸ ਦਾ ਮੌਤ[70] ਦਾ ਡਰ[71] ਦੂਰ ਹੋ ਵੰਞੇ[72] ? ਠਹਿਰਾਉ । |
| ਕਉਨੁ[73] ਕਰਮ[74] ਬਿਦਿਆ[75] ਕਹੁ[76] ਕੈਸੀ[77] ਧਰਮੁ[78] ਕਉਨੁ ਫੁਨਿ[79] ਕਰਈ[80] ॥ | Be it known[76] what[73] deeds[74], what sort[77] of knowledge[75], and then[79] what religious ceremonies[78] should he practise[80] ? | ਦੱਸੋ[76] ਉਹ ਕਿਹੜੇ[73] ਅਮਲ[74], ਕਿਸ ਕਿਸਮ[77] ਦਾ ਇਲਮ[75] ਅਤੇ ਫੇਰ[79], ਕਿਹੜੇ ਧਾਰਮਕ ਸੰਸਕਾਰ[78] ਕਰੇ[80] ? |
| ਕਉਨੁ ਨਾਮੁ ਗੁਰ[81] ਜਾ ਕੈ ਸਿਮਰੈ[82] ਭਵ[83]ਸਾਗਰ[84] ਕਉ ਤਰਈ[85] ॥੧॥ | What is that great[81] Name, remembering[82] which, the mortal crosses[85] the dreadful[83] ocean[84] ? | ਉਹ ਕਿਹੜਾ ਵੱਡਾ[81] ਨਾਮ ਹੈ, ਜਿਸ ਨੂੰ ਆਰਾਧ ਕੇ[82] ਪ੍ਰਾਣੀ ਭਿਆਨਕ[83] ਸੰਸਾਰ-ਸਮੁੰਦਰ[84] ਤੋਂ ਪਾਰ ਹੋ ਜਾਂਦਾ[85] ਹੈ ? |
| ਕਲ[86] ਮੈ[87] ਏਕੁ ਨਾਮੁ ਕਿਰਪਾ[88] ਨਿਧਿ[89] ਜਾਹਿ ਜਪੈ[90] ਗਤਿ[91] ਪਾਵੈ ॥ | In[87] the dark age[86], there is only the Name of the Treasure[89] of mercy[88], by uttering[90] which, the man obtains salvation[91]. | ਕਾਲੇ ਜੁਗ[86] ਅੰਦਰ[87] ਕੇਵਲ ਇੱਕੋ ਹੀ ਨਾਮ, ਰਹਿਮਤ[88] ਦੇ ਖ਼ਜ਼ਾਨੇ[89] ਦਾ ਹੈ, ਜਿਸ ਦਾ ਉਚਾਰਨ[90] ਕਰਨ ਦੁਆਰਾ ਇਨਸਾਨ ਮੁਕਤੀ[91] ਪਾ ਲੈਂ ਹੈ । |
| ਅਉਰ[92] ਧਰਮ[93] ਤਾ ਕੈ[94] | No[95] other[92] religion[93] is at par[95] | ਕੋਈ ਹੋਰ[92] ਧਾਰਮਕ ਸੰਸਕਾਰ[93] ਉਸ[94] ਦੇ ਤੁਲ[95] |

| | | |
|---|---|---|
| ਸਮ[95] ਨਾਹਨਿ[96] ਇਹ ਬਿਧਿ[97] ਬੇਦੁ ਬਤਾਵੈ[98] ॥੨॥ | with that[94] and like this[97] tell[98] the Vedas. | ਨਹੀਂ[96] । ਇਸ ਤਰ੍ਹਾਂ[97] ਵੇਦ ਦੱਸਦੇ[98] ਹਨ । |
| ਸੁਖੁ[99] ਦੂਖੁ[100] ਰਹਤ[2] ਸਦਾ[3] ਨਿਰਲੇਪੀ[4] ਜਾ[5] ਕਉ ਕਹਤ[6] [7]ਗੁਸਾਈ[8] ॥ | He who[5] is called[6] the Lord[8] of universe[7], is above[2] weal[99] and woe[100] and He is ever[3] detached[4]. | ਜਿਸ[5] ਨੂੰ ਆਲਮ[7] ਦਾ ਸੁਆਮੀ[8] ਆਖਿਆ ਜਾਂਦਾ[6] ਹੈ, ਉਹ ਖ਼ੁਸ਼ੀ[99] ਤੇ ਗਮੀ[100] ਤੋਂ ਉਚੇਰਾ[2] ਹੈ ਅਤੇ ਹਮੇਸ਼ਾ[3] ਹੀ ਅਟੰਕ[4] ਹੈ । |
| ਸੋ[9] ਤੁਮ[10] ਹੀ ਮਹਿ[12] ਬਸੈ[13] ਨਿਰੰਤਰਿ[14] ਨਾਨਕ ਦਰਪਨਿ[15] ਨਿਆਈ[16] ॥੩॥੫॥ | He[9], the Lord, abides[13] within[12] thy[10] innerself[14], like[16] the reflection in a mirror[15], O Nanak. | ਉਹ[9] ਸੁਆਮੀ ਸ਼ੀਸ਼ੇ[15] ਵਿੱਚ ਦੇ ਅਕਸ ਦੀ ਮਾਨੰਦ[16] ਤੇਰੇ[10] ਅੰਤ੍ਰੀਵ[14] ਅੰਦਰ[12] ਵਸਦਾ[13] ਹੈ, ਹੇ ਨਾਨਕ ! |
| ਸੋਰਠਿ ਮਹਲਾ ੯ ॥ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ । |
| ਮਾਈ[17] ਮੈ ਕਿਹਿ[18] ਬਿਧਿ[19] ਲਖਉ[20] [21]ਗੁਸਾਈ[22] ॥ | O my mother[17], in what[18] way[19] can I see[20] the Lord[22] of the World[21] ? | ਹੇ ਮੇਰੀ ਮਾਤਾ[17] ! ਮੈਂ ਕਿਸ[18] ਤਰੀਕੇ[19] ਨਾਲ ਸ੍ਰਿਸ਼ਟੀ[21] ਦੇ ਸੁਆਮੀ[22] ਨੂੰ ਵੇਖ[20] ਸਕਦਾ ਹਾਂ ? |
| ਮਹਾ[23] ਮੋਹ[24] ਅਗਿਆਨਿ[25] ਤਿਮਰਿ[26] ਮੋ[27] ਮਨੁ ਰਹਿਓ ਉਰਝਾਈ[28] ॥੧॥ ਰਹਾਉ॥ | In[27] the darkness[26] of intense[23] worldly attachments[24] and spiritual ignorance[25], my mind remains entangled[28]. Pause. | ਪਰਮ[23] ਸੰਸਾਰੀ ਮਮਤਾ[24] ਤੇ ਰੂਹਾਨੀ ਬੇ-ਸਮਝੀ[25] ਦੇ ਅਨ੍ਹੇਰੇ[26] ਵਿੱਚ[27] ਮੇਰਾ ਮਨ ਫਸ ਰਿਹਾ[28] ਹੈ । ਠਹਿਰਾਉ । |
| ਸਗਲ ਜਨਮ[29] ਭਰਮ[30] ਹੀ ਭਰਮ[31] ਖੋਇਓ[32] ਨਹ ਅਸਥਿਰੁ[33] ਮਤਿ[34] ਪਾਈ ॥ | The whole life[29], I have lost[32], deluded[31] by doubt[30], and have not obtained the stable[33] mind[34]. | ਵਹਿਮ[30] ਅੰਦਰ ਭਟਕ[31], ਮੈਂ ਆਪਣਾ ਸਾਰਾ ਜੀਵਨ[29] ਗਵਾ ਲਿਆ[32] ਹੈ ਅਤੇ ਮੈਨੂੰ ਸਸਿਰ[33] ਬੁੱਧੀ[34] ਪ੍ਰਾਪਤ ਨਹੀਂ ਹੋਈ । |
| [35]ਬਿਖਿਆਸਕਤ[36] ਰਹਿਓ[37] ਨਿਸ[38] ਬਾਸੁਰ[39] ਨਹ ਛੂਟੀ[40] ਅਧਮਾਈ[41] ॥੧॥ | Night[38] and day[39], I remain[37] under the influence[36] of sins[35] and abandon[40] not my meanness[41]. | ਰੈਣ[38] ਦਿਹੁੰ[39] ਮੈਂ ਪਾਪਾਂ[35] ਦੇ ਪ੍ਰਭਾਵ[36] ਹੇਠ ਰਹਿੰਦਾ[37] ਹਾਂ ਅਤੇ ਆਪਣੀ ਨੀਚਤਾ[41] ਨੂੰ ਨਹੀਂ ਤਿਆਗਦਾ[40] । |
| ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ[42] ਪ੍ਰਭ ਗਾਈ[43] ॥ | I never join the society of saints, nor hymn[43] I the Lord's praise[42]. | ਮੈਂ ਕਦਾਚਿਤ ਸਤਿ-ਸੰਗਤ ਨਹੀਂ ਕਰਦਾ, ਨਾ ਹੀ ਮੈਂ ਸੁਆਮੀ ਦੀ ਮਹਿਮਾ[42] ਗਾਇਨ ਕਰਦਾ[43] ਹਾਂ । |
| ਜਨ[44] ਨਾਨਕ ਮੈ ਨਾਹਿ ਕੋਊ ਗੁਨੁ[45] ਰਾਖਿ ਲੇਹੁ ਸਰਨਾਈ[46] ॥੨॥੬॥ | Slave[44] Nanak, there is no virtue[45] in me. Keep me in Thine sanctuary[46], O Lord. | ਗੋਲੇ[44] ਨਾਨਕ, ਮੇਰੇ ਵਿੱਚ ਕੋਈ ਨੇਕੀ[45] ਨਹੀਂ । ਮੈਨੂੰ ਆਪਣੀ ਛਤਰ-ਛਾਇਆ[46] ਹੇਠ ਰਖ, ਹੇ ਸੁਆਮੀ ! |
| ਸੋਰਠਿ ਮਹਲਾ ੯ ॥ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ । |
| ਮਾਈ[47] ਮਨੁ[48] ਮੇਰੋ ਬਸਿ[49] ਨਾਹਿ ॥ | My mother[17], my mind[48] is not under my control[49]. | ਮੇਰੀ ਮਾਤਾ[47], ਮੈਂਡਾ ਮਨ[48] ਮੇਰੇ ਕਾਬੂ[49] ਵਿੱਚ ਨਹੀਂ । |
| ਨਿਸ[50] ਬਾਸੁਰ[51] ਬਿਖਿਅਨ[52] ਕਉ ਧਾਵਤ[53] ਕਿਹਿ[54] ਬਿਧਿ[55] ਰੋਕਉ[56] ਤਾਹਿ[57] ॥੧॥ ਰਹਾਉ॥ | Night[50] and day[51], it runs after[53] sins[52]. In what[54] way[55] should I restrain[56] it[57] ? Pause. | ਰਾਤ[50] ਦਿਨ[51] ਇਹ ਪਾਪਾਂ[52] ਮਗਰ ਭੱਜਿਆ ਫਿਰਦਾ[53] ਹੈ । ਮੈਂ ਇਸ ਨੂੰ[57] ਕਿਸ[54] ਤਰੀਕੇ[55] ਨਾਲ ਰੋਕ ਕੇ[56] ਰੱਖਾਂ ? ਠਹਿਰਾਉ । |

੬੩੩

| | | |
|---|---|---|
| ਬੇਦ ਪੁਰਾਨ ਸਿਮ੍ਰਿਤਿ ਕੇ ਮਤ[58] ਸੁਨਿ ਨਿਮਖ[59] ਨ ਹੀਏ[60] ਬਸਾਵੈ[61] ॥ | Hearing the teachings[58] of the Vedas, Puranas, and Simirtis, one enshrines[61] them not in the heart[60] even for an instant[59]. | ਵੇਦਾਂ, ਪੁਰਾਣਾਂ ਅਤੇ ਸਿਮਰਤੀਆਂ ਦੇ ਉਪਦੇਸ਼[58] ਨੂੰ ਸ੍ਰਵਣ ਕਰ ਬੰਦਾ, ਇਕ ਮੁਹਤ[59] ਭਰ ਲਈ ਭੀ ਉਨ੍ਹਾਂ ਨੂੰ ਆਪਣੇ ਦਿਲ[60] ਵਿੱਚ ਨਹੀਂ ਟਿਕਾਉਂਦਾ[61] । |
| ਪਰ[62] ਧਨ[63] ਪਰ ਦਾਰਾ[64] ਸਿਉ[65] ਰਚਿਓ[66] ਬਿਰਥਾ[67] ਜਨਮੁ[68] ਸਿਰਾਵੈ[69] ॥੧॥ | Engrossed[66] with[65] other's[62] wealth[63] and other's women[64], he passes[69] his life[68] in vain[67]. | ਹੋਰਨਾਂ ਦੀ[62] ਦੌਲਤ[63] ਤੇ ਹੋਰਨਾਂ ਦੀ ਇਸਤ੍ਰੀ[64] ਨਾਲ[65] ਖ਼ਚਤ ਹੋਇਆ ਹੋਇਆ[66], ਉਹ ਆਪਣਾ ਜੀਵਨ[68] ਵਿਅਰਥ[67] ਗੁਜ਼ਾਰ ਲੈਂਦਾ[69] ਹੈ । |
| ਮਦਿ[70] ਮਾਇਆ[71] ਕੈ ਭਇਓ[72] ਬਾਵਰੋ[73] ਸੂਝਤ[74] ਨਹ ਕਛੁ[75] ਗਿਆਨਾ[76] ॥ | He has gone[72] mad[73] with the wine[70] of mammon[71], and knows[74] not even a bit[75] of divine knowledge[76]. | ਉਹ ਧਨ-ਦੌਲਤ[71] ਦੀ ਸ਼ਰਾਬ[70] ਨਾਲ ਪਗਲਾ[73] ਹੋ ਗਿਆ[72] ਹੈ ਅਤੇ ਬ੍ਰਹਮ ਵੀਚਾਰ[76] ਨੂੰ ਭੋਰਾ ਭਰ[75] ਭੀ ਨਹੀਂ ਸਮਝਦਾ[74] । |
| ਘਟ[77] ਹੀ ਭੀਤਰਿ[78] ਬਸਤ[79] ਨਿਰੰਜਨੁ[80] ਤਾ ਕੋ[81] ਮਰਮੁ[82] ਨ ਜਾਨਾ[83] ॥੨॥ | Within[78] his mind[77] abides[79] the memmon-free Lord[80], but he knows[83] not His[81] secret[82]. | ਉਸ ਦੇ ਹਿਰਦੇ[77] ਅੰਦਰ[78] ਹੀ ਪਵਿੱਤ੍ਰ ਪ੍ਰਭੂ[80] ਨਿਵਾਸ ਰਖਦਾ[79] ਹੈ, ਪ੍ਰੰਤੂ, ਉਹ ਉਸ ਦੇ[81] ਭੇਤ[82] ਨੂੰ ਨਹੀਂ ਜਾਣਦਾ[83] । |
| ਜਬ[84] ਹੀ ਸਰਨਿ[85] ਸਾਧ ਕੀ ਆਇਓ [86]ਦੁਰਮਤਿ[87] ਸਗਲ ਬਿਨਾਸੀ[88] ॥ | The moment[84] I entered the saints' sanctuary[85] all my evil[86] intent[87] was dispelled[88]. | ਜਦ[84] ਮੈਂ ਸੰਤਾਂ ਦੀ ਸ਼ਰਣੀ[85] ਆ ਗਿਆ, ਤਾਂ ਮੇਰੀ ਸਾਰੀ ਖੋਟੀ[86] ਬੁਧੀ[87] ਨਾਸ ਹੋ ਗਈ[88] । |
| ਤਬ[89] ਨਾਨਕ ਚੇਤਿਓ[90] ਚਿੰਤਾਮਨਿ[91] ਕਾਟੀ[92] ਜਮ[93] ਕੀ ਫਾਸੀ[94] ॥੩॥੭॥ | O Nanak, then[89] remembered[90] I the wish-fulfilling[91] Lord and my death's[93] noose[94] was snapped[92]. | ਹੇ ਨਾਨਕ ! ਤਦ[89] ਮੈਂ ਕਾਮਨਾ ਪੂਰਨ ਕਰਨ-ਹਾਰ[91] ਸੁਆਮੀ ਦਾ ਸਿਮਰਨ ਕੀਤਾ[90] ਅਤੇ ਮੇਰੀ ਮੌਤ ਦੀ[93] ਫਾਹੀ[94] ਕੱਟੀ ਗਈ[92] । |
| ਸੋਰਠਿ ਮਹਲਾ ੯ ॥ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ । |
| ਰੇ ਨਰ ਇਹ ਸਾਚੀ[95] ਜੀਅ[96] ਧਾਰਿ[97] ॥ | O man, hold[97] this for certain[95] in thy mind[96]. | ਹੇ ਬੰਦੇ ! ਆਪਣੇ ਮਨ[96] ਅੰਦਰ ਇਸ ਨੂੰ ਸੱਚ ਜਾਣ[95] ਕੇ ਟਿਕਾ[97] ਲੈ । |
| ਸਗਲ ਜਗਤੁ[98] ਹੈ ਜੈਸੇ[99] ਸੁਪਨਾ[100] ਬਿਨਸਤ[2] ਲਗਤ ਨ ਬਾਰ[3] ॥੧॥ਰਹਾਉ॥ | As the whole world[98] is like[99] a dream[100], in its destruction[2], there shall be no delay[3]. Pause. | ਸਾਰਾ ਸੰਸਾਰ[98] ਸੁਫਨੇ[100] ਦੀ ਮਾਨੰਦ[99] ਹੈ ਅਤੇ ਇਸ ਦੇ ਨਾਸ[2] ਹੋਣ ਨੂੰ ਚਿਰ[3] ਨਹੀਂ ਲਗਣਾ । ਠਹਿਰਾਉ । |
| ਬਾਰੂ[4] ਭੀਤਿ[5] ਬਨਾਈ[6] ਰਚਿ ਪਚਿ[7] ਰਹਤ[8] ਨਹੀ ਦਿਨ ਚਾਰਿ ॥ ਤੈਸੇ[9] ਹੀ ਇਹ ਸੁਖ[10] ਮਾਇਆ[12] ਕੇ ਉਰਝਿਓ[13] ਕਹਾ[14] ਗਵਾਰ[15] ॥੧॥ | As a wall[5] of sand[4], built[6] and plastered[7] with care, lasts[8] not even for four days, likewise[9] are the pleasures[10] of mammon[12]. Why[14] art thou entangled[13] in them, O ignorant[15] man ? | ਜਿਸ ਤਰ੍ਹਾਂ ਬਣਾਈ[6] ਅਤੇ ਖਿਆਲ ਕਰਕੇ ਲਿੱਪੀ-ਪੋਚੀ[7] ਹੋਈ ਰੇਤੇ[3] ਦੀ ਕੰਧ[5] ਚਾਰ ਦਿਹਾੜੇ ਭੀ ਨਹੀਂ ਕਟਦੀ[8], ਓਸੇ ਤਰ੍ਹਾਂ[9] ਦੀਆਂ ਹਨ ਰੰਗ-ਰਲੀਆਂ[10], ਧਨ-ਦੌਲਤ[72] ਦੀਆਂ । ਤੂੰ ਉਨ੍ਹਾਂ ਵਿੱਚ ਕਿਉ[14] ਫਸਿਆਂ ਹੋਇਆ[13] ਹੈਂ, ਹੇ ਬੇਸਮਝ[15] ਬੰਦੇ ! |
| ਅਜਹੂ[16] ਸਮਝਿ[17] ਕਛੁ ਬਿਗਰਿਓ[18] ਨਾਹਿਨਿ[19] ਭਜਿ[20] ਲੇ ਨਾਮੁ[21] ਮੁਰਾਰਿ[22]॥ | This very day[16] come to thy senses[17]. No[19] harm[18] is yet done. So utter[20] thou the Name of the Lord, the Enemy[22] of pride[21]. | ਔਨ ਅੱਜ[16] ਹੀ ਹੋਸ਼ ਕਰ[17] ਲੈ । ਅਜੇ ਤਾਂਈਂ ਕੋਈ ਨੁਕਸਾਨ[18] ਨਹੀਂ[19] ਹੋਇਆ, ਇਸ ਲਈ ਤੂੰ ਹੰਕਾਰ[21] ਦੇ ਵੈਰੀ[22], ਸੁਆਮੀ, ਦੇ ਨਾਮ ਦਾ ਉਚਾਰਨ[20] ਕਰ । |

| | | |
|---|---|---|
| ਕਹੁ[29] ਨਾਨਕ ਨਿਜ[23]ਮਤੁ[24] ਸਾਧਨ[25] ਕਉ ਭਾਖਿਓ[26] ਤੋਹਿ[27] ਪੁਕਾਰਿ[28] ॥੨॥੮॥ | Says[29] Nanak, with a view to chasten[26] thy[23] soul[24], I have loudly[28] proclaimed[26] it to thee[27], O man. | ਗੁਰੂ ਜੀ ਫ਼ੁਰਮਾਉਂਦੇ[29] ਹਨ, ਤੇਰੀ[23] ਆਤਮਾ[24] ਨੂੰ ਸੁਧਾਰਨ[25] ਦੇ ਲਈ ਤੈਨੂੰ[27] ਇਹ ਉੱਚੀ ਬੋਲ ਕੇ[28] ਆਖ ਦਿੱਤਾ[26] ਹੈ, ਹੇ ਬੰਦੇ ! |
| ਸੋਰਠਿ ਮਹਲਾ ੯ ॥ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ । |
| ਇਹ ਜਗਿ[30] ਮੀਤੁ[31] ਨ ਦੇਖਿਓ[32] ਕੋਈ ॥ | I have seen[32] no friend[31] in this world[30]. | ਮੈਂ ਇਸ ਸੰਸਾਰ[30] ਵਿੱਚ ਕੋਈ ਮਿੱਤ੍ਰ[31] ਨਹੀਂ ਵੇਖਿਆ[32] । |
| ਸਗਲ[33] ਜਗਤੁ[34] ਅਪਨੈ ਸੁਖ[35] ਲਾਗਿਓ[36] ਦੁਖ[37] ਮੈ[38] ਸੰਗਿ[39] ਨ ਹੋਈ ॥੧॥ ਰਹਾਉ॥ | The whole[33] world[34] is attached[36] to its own comforts[35] and, in[38] trouble[37], none is your companion[39]. Pause. | ਸਾਰਾ[33] ਜਹਾਨ[34] ਆਪਣੇ ਨਿੱਜ ਦੀ ਖ਼ੁਸ਼ੀ[35] ਨਾਲ ਚਿਮੜਿਆ ਹੋਇਆ[36] ਹੈ । ਤਕਲੀਫ[37] ਵਿੱਚ[38] ਕਿਸੇ ਦਾ ਕੋਈ ਸਾਥੀ[39] ਨਹੀਂ ਹੁੰਦਾ । ਠਹਿਰਾਉ । |
| ਦਾਰਾ[40] ਮੀਤ[41] ਪੂਤ[42] ਸਨਬੰਧੀ[43] ਸਗਰੇ[44] ਧਨ[45] ਸਿਉ[46] ਲਾਗੇ[47] ॥ | Thy wife[40], friends[41], sons[42] and kinsmen[43] are all[44] attached[47] to[46] wealth[45]. | ਤੇਰੀ ਪਤਨੀ[40], ਦੋਸਤ[41], ਪੁੱਤ੍ਰ[42] ਅਤੇ ਰਿਸ਼ਤੇਦਾਰ[43], ਸਾਰੇ[44] ਧਨ-ਦੌਲਤ[45] ਨਾਲ[46] ਜੁੜੇ ਹੋਏ[47] ਹਨ । |
| ਜਬ ਹੀ[48] ਨਿਰਧਨ[49] ਦੇਖਿਓ ਨਰ[50] ਕਉ ਸੰਗੁ[51] ਛਾਡਿ ਸਭ ਭਾਗੇ[52] ॥੧॥ | When[48] they see the man[50] poor[49], they all forsake his company[51] and flee[52]. | ਜਦ[48] ਉਹ ਇਨਸਾਨ[50] ਨੂੰ ਗਰੀਬ[49] ਦੇਖਦੇ ਹਨ, ਉਹ ਸਾਰੇ ਉਸ ਦਾ ਸਾਥ[51] ਛੱਡ ਕੇ ਭੱਜ ਜਾਂਦੇ[52] ਹਨ । |
| ਕਹਉ[53] ਕਹਾ[54] ਜਿਆ ਮਨ ਬਉਰੇ[55]ਕਉ ਇਨਸਿਉ ਨੇਹੁ[56] ਲਗਾਇਓ[57] ॥ | What[54] should I say[53] to this demented[55] mind, which has embraced[57] affection[56] for them ? | ਮੈਂ ਇਸ ਪਗਲੇ[55] ਮਨ ਨੂੰ ਕੀ[54] ਆਖਾਂ[53], ਜਿਸ ਨੇ ਇਨ੍ਹਾਂ ਨਾਲ ਪਿਆਰ[56] ਪਾਇਆ ਹੋਇਆ[57] ਹੈ । |
| ਦੀਨਾ[58] ਨਾਥ[59] ਸਕਲ[60] ਭੈ[61] ਭੰਜਨ[62] ਜਸੁ[63]ਤਾਕੋ[64] ਬਿਸਰਾਇਓ[65] ॥੨॥ | It has forgotten[65] the praise[63] of Him[64], who is the Master[59] of the meek[58] and the Destroyer[62] of all[60] fear[61]. | ਇਸ ਨੇ ਉਸ[64] ਵਾਹਿਗੁਰੂ ਦੀ ਸਿਫਤ-ਸਨਾ[63] ਭੁਲਾ[65] ਛੱਡੀ[65] ਹੈ, ਜੋ ਮਸਕੀਨਾਂ[58] ਦਾ ਮਾਲਕ[59] ਤੇ ਸਾਰੇ[60] ਡਰਾਂ[61] ਨੂੰ ਨਾਸ ਕਰਨ ਵਾਲਾ[62] ਹੈ । |
| ਸੁਆਨ[66] ਪੂਛ[67] ਜਿਉ[68] ਭਇਓ ਨ ਸੂਧਉ[69] ਬਹੁਤੁ[70] ਜਤਨੁ[71] ਮੈ ਕੀਨਉ ॥ | As[68] a dog's[66] tail[67] straightens[69] not ever, so the mind comes not round despite good many[70] efforts[71] on my part. | ਮੈਂ ਘਣੇਰੇ[70] ਉਪਾਉ[71] ਕੀਤੇ ਹਨ, ਪ੍ਰੰਤੂ ਮੇਰਾ ਮਨ ਕੁੱਤੇ ਦੀ[66] ਪੂਛ[67] ਵਾਂਗੂੰ[68] ਵਿੰਗਾ ਹੀ ਰਹਿੰਦਾ ਹੈ ਅਤੇ ਸਿੱਧਾ[69] (ਸਾਫ) ਨਹੀਂ ਹੁੰਦਾ । |
| ਨਾਨਕ ਲਾਜ[72] ਬਿਰਦ[73] ਕੀ ਰਾਖਹੁ ਨਾਮੁ ਤੁਹਾਰਉ[74] ਲੀਨਉ[75] ॥੩॥੯॥ | Says Nanak, uphold Thou the honour[72] of Thy own creed[73], O Lord, I have uttered[75] Thine[74] Name. | ਗੁਰੂ ਜੀ ਆਖਦੇ ਹਨ, ਤੂੰ ਆਪਣੇ ਮੁਢਲੇ ਦਿਆਲੂ ਸੁਭਾ[73] ਦੀ ਲੱਜਿਆ[72] ਰੱਖ ਲੈ, ਹੇ ਸੁਆਮੀ, ਮੈਂ ਤੇਰੇ[74] ਨਾਮ ਦਾ ਉਚਾਰਨ[75] ਕੀਤਾ ਹੈ । |
| ਸੋਰਠਿ ਮਹਲਾ ੯ ॥ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ । |
| ਮਨ ਰੇ ਗਹਿਓ[76] ਨ ਗੁਰ ਉਪਦੇਸੁ[77] । | O man, thou hast not embraced[76] the Guru's teachings[77]. | ਹੇ ਬੰਦੇ ! ਤੈਂ ਗੁਰਾਂ ਦੀ ਸਿੱਖਿਆ[77] ਨੂੰ ਗ੍ਰਹਿਣ[76] ਨਹੀਂ ਕੀਤਾ । |
| ਕਹਾ[78] ਭਇਓ ਜਉ ਮੂਡ[79] | What[78] availeth thee to shave[80] thy | ਤੈਨੂੰ ਸਿਰ[79] ਮੁੰਨਾਉਣ[80] ਅਤੇ ਗੇਰੂ-ਰੰਗ[81] ਦੇ ਬਸਤ੍ਰ[82] |

ਮੁਡਾਇਓ[80] ਭਗਵਉ[81] ਕੀਨੋ[82] ਭੇਸੁ[83] ॥੧॥ਰਹਾਉ॥

head[78], and to put[82] on an ochre-dyed[81] garment[83] ? Pause.

ਪਾਉਣ[82] ਦਾ ਕੀ[78] ਲਾਭ ਹੈ ? ਠਹਿਰਾਉ ।

ਸਾਚ ਛਾਡਿ[84] ਕੈ ਝੂਠਹ[85] ਲਾਗਿਓ[86] ਜਨਮੁ[87] ਅਕਾਰਥੁ[88] ਖੋਇਓ[89] ॥

Abandoning[84] truth, thou art clung[86] to falsehood[85] and art wasting[89] away thy life[87] in vain[88].

ਸੱਚ ਨੂੰ ਤਿਆਗ[84] ਕੇ, ਤੂੰ ਕੂੜ[85] ਨਾਲ ਚਿਮੜਿਆ[86] ਹੋਇਆ ਹੈਂ ਅਤੇ ਆਪਣਾ ਜੀਵਨ[87] ਵਿਅਰਥ[88] ਗੁਆ ਰਿਹਾ[89] ਹੈਂ ।

ਕਰਿ[90] ਪਰਪੰਚ[91] ਉਦਰ[92] ਨਿਜ[93] ਪੋਖਿਓ[94] ਪਸੁ[75] ਕੀ ਨਿਆਈ[96] ਸੋਇਓ ॥੧॥

Practising[90] hypocrisy[91], thou fillest[94] thy[93] belly[92], and sleepest like[96] a beast[95].

ਪਖੰਡ[91] ਰੱਚ ਕੇ[90] ਤੂੰ ਆਪਣੇ[93] ਢਿੱਡ[92] ਨੂੰ ਭਰਦਾ[94] ਹੈਂ ਅਤੇ ਡੰਗਰ[95] ਦੀ ਮਾਨੰਦ[96] ਸੌਂਦਾ ਹੈਂ ।

ਰਾਮ[97] ਭਜਨ[98] ਕੀ ਗਤਿ[99] ਨਹੀ ਜਾਨੀ ਮਾਇਆ[100] ਹਾਥਿ[2] ਬਿਕਾਨਾ[3] ॥

Thou knowest not the way[99] to Lord's[97] meditation[99], and hast sold[3] thyself in mammon's[100] hand[2].

ਤੂੰ ਸਾਹਿਬ ਦੇ[97] ਸਿਮਰਨ[98] ਦੇ ਮਾਰਗ[99] ਨੂੰ ਨਹੀਂ ਜਾਣਦਾ ਅਤੇ ਤੂੰ ਆਪਣੇ ਆਪ ਨੂੰ ਧਨ-ਦੌਲਤ ਦੇ[100] ਹੱਥ[2] ਵੇਚ[3] ਚਿੱਤਾ ਹੈ ।

ਉਰਝਿ[4] ਰਹਿਓ ਬਿਖਿਅਨ[5] ਸੰਗਿ[9] ਬਉਰਾ[6] ਨਾਮੁ ਰਤਨੁ[7] ਬਿਸਰਾਨਾ[8] ॥੨॥

The mad man[6] remains entangled[4] with[9] the vices[5], and forgets[8] the jewel[7] of the Name.

ਪਾਗਲ ਪੁਰਸ਼[6], ਪ੍ਰਾਣਨਾਸਕ ਪਾਪਾਂ[5] ਨਾਲ[9] ਫੱਸਿਆ ਰਹਿੰਦਾ[4] ਹੈ ਤੇ ਨਾਮ ਦੇ ਜਵੇਹਰ[7] ਨੂੰ ਭੁਲਾ ਦਿੰਦਾ[8] ਹੈ ।

ਰਹਿਓ ਅਚੇਤੁ[10] ਨ ਚੇਤਿਓ[12] [13]ਗੋਬਿੰਦ[14] ਬਿਰਥਾ[15] ਅਉਧ[16] ਸਿਰਾਨੀ[17] ॥

He remains thoughtless[10], and thinks[12] not of the World[13]-Lord[14] and passes[17] his life[16] in vain[15].

ਉਹ ਗਾਫ਼ਲ[10] ਹੋਇਆ ਰਹਿੰਦਾ ਹੈ ਅਤੇ ਸ੍ਰਿਸ਼ਟੀ[13] ਦੇ ਸੁਆਮੀ[14] ਨੂੰ ਯਾਦ[12] ਨਹੀਂ ਕਰਦਾ ਅਤੇ ਆਪਣਾ ਜੀਵਨ[16] ਵਿਅਰਥ[15] ਹੀ ਗੁਜ਼ਾਰ ਲੈਂਦਾ[17] ਹੈ ।

ਕਹੁ ਨਾਨਕ ਹਰਿ ਬਿਰਦੁ[18] ਪਛਾਨਉ[19] ਭੂਲੇ[20] ਸਦਾ[21] ਪਰਾਨੀ[22] ॥੩॥੧੦॥

Says Nanak, O God, recognise[19] Thy innate nature[18] of forgiveness; ever[21] errable[20] is this mortal[22].

ਗੁਰੂ ਜੀ ਆਖਦੇ ਹਨ, ਹੇ ਵਾਹਿਗੁਰੂ ਤੂੰ ਆਪਣੇ ਮਾਫ਼ੀ ਦੇਣ ਵਾਲੇ ਕੁਦਰਤੀ[18] ਸੁਭਾਵ ਦਾ ਖ਼ਿਆਲ ਕਰ[19] । ਸਦੀਵ[21] ਹੀ ਭੁਲਣ ਵਾਲਾ[20] ਹੈ ਇਹ ਫ਼ਾਨੀ ਬੰਦਾ[22] ।

### ਸੋਰਠਿ ਮਹਲਾ ੯ ॥

### Sorath 9th Guru.

### ਸੋਰਠਿ ਨੌਵੀਂ ਪਾਤਿਸ਼ਾਹੀ ।

ਜੋ ਨਰੁ[23] ਦੁਖ[24] ਮੈ[25] ਦੁਖੁ ਨਹੀ ਮਾਨੈ[26] ॥ ਸੁਖ[27] ਸਨੇਹੁ[28] ਅਰੁ[29] ਭੈ[30] ਨਹੀ ਜਾ[31] ਕੈ ਕੰਚਨ[32] ਮਾਟੀ[33] ਮਾਨੈ[34] ॥੧॥ਰਹਾਉ॥

The man[23], who in[25] pain[24], feels[26] not pain, who[31] is affected not by pleasure[27], love[28] and[29] fear[30] and deems[34] gold[32] as dust[33] Pause.

ਜਿਹੜਾ ਪੁਰਸ਼[23] ਤਕਲੀਫ਼[24] ਵਿੱਚ[25] ਤਕਲੀਫ਼ ਨਹੀਂ ਮੰਨਦਾ[26], ਜਿਸ[31] ਤੇ ਖ਼ੁਸ਼ੀ[27], ਪਿਆਰ[28] ਤੇ[29] ਡਰ[30] ਅਸਰ ਨਹੀਂ ਕਰਦੇ, ਜੋ ਸੋਨੇ[32] ਨੂੰ ਮਿੱਟੀ[33] ਮਾਫ਼ਕ ਜਾਣਦਾ[34] ਹੈ । ਠਹਿਰਾਉ ।

ਨਹ ਨਿੰਦਿਆ[35] ਨਹ ਉਸਤਤਿ[36] ਜਾ ਕੈ ਲੋਭੁ[37] ਮੋਹੁ ਅਭਿਮਾਨਾ[39] ॥ ਹਰਖ[40] ਸੋਗ[41] ਤੇ ਰਹੈ ਨਿਆਰਉ[42] ਨਾਹਿ ਮਾਨ[43] ਅਪਮਾਨਾ[44] ॥੧॥

Who is swayed not by dispraise[35], or praise[36], and who suffers not from greed[37], worldly love[38] and pride[39], who remains unaffected[42] by joy[40] or sorrow[41] and who minds not honour[42] nor dishonour[44].

ਜੋ ਕਿਸੇ ਦੀ ਨਾ ਬਦਖ਼ੋਈ[35] ਕਰਦਾ ਹੈ, ਨਾ ਹੀ ਮਹਿਮਾ[36], ਅਤੇ ਜਿਸ ਨੂੰ ਲਾਲਚ[37], ਸੰਸਾਰੀ ਮਮਤਾ[38] ਤੇ ਹੰਕਾਰ[39] ਨਹੀਂ ਪੋਂਹਦੇ, ਜੋ ਖ਼ੁਸ਼ੀ[40] ਜਾਂ ਗ਼ਮੀ[41] ਤੋਂ ਨਿਰਲੇਪ[42] ਰਹਿੰਦਾ ਹੈ, ਅਤੇ ਜੋ ਨਾ ਇੱਜ਼ਤ[43] ਤੇ ਨਾ ਹੀ ਬੇਇੱਜ਼ਤੀ[44] ਵਲ ਧਿਆਨ ਦਿੰਦਾ ਹੈ ।

੬੩੪

| | | |
|---|---|---|
| ਆਸਾ[45] ਮਨਸਾ[46] ਸਗਲ[47] ਤਿਆਗੈ[48] ਜਗ[49] ਤੇ ਰਹੈ[50] ਨਿਰਾਸਾ[51] ॥ ਕਾਮੁ[52] ਕ੍ਰੋਧੁ[53] ਜਿਹ[54] ਪਰਸੈ[55] ਨਾਹਨਿ[56] ਤਿਹ[57] ਘਟਿ[58] ਬ੍ਰਹਮੁ[59] ਨਿਵਾਸਾ[60] ॥੨॥ | He, who renounces[48] all[47] hope[45] and yearning[46], remains[50] desire-free[51] in the world[49] and whom[54] lust[52] and wrath[53] touch[55] not[56], within his[57] mind[58] abides[60] the Lord[59]. | ਜੋ ਆਸ਼ਾ[45] ਤੇ ਅਭਿਲਾਸ਼ਾ[46], ਸਮੂਹ[47], ਨੂੰ ਛੱਡ ਦਿੰਦਾ[48] ਹੈ, ਜੋ ਸੰਸਾਰ[49] ਅੰਦਰ ਖ਼ਾਹਿਸ਼-ਰਹਿਤ[51] ਹੋ ਵਿਚਰਦਾ[50] ਹੈ ਅਤੇ ਜਿਸ ਨੂੰ[54] ਭੋਗ-ਬਿਲਾਸ[52] ਤੇ ਗੁੱਸਾ[53] ਪੋਂਹਦਾ[55] ਨਹੀਂ[56], ਉਸ ਦੇ[57] ਹਿਰਦੇ[58] ਅੰਦਰ ਪ੍ਰਭੂ[59] ਵਸਦਾ[60] ਹੈ। |
| ਗੁਰ ਕਿਰਪਾ[61] ਜਿਹ ਨਰ[62] ਕਉ ਕੀਨੀ ਤਿਹ[63] ਇਹ ਜੁਗਤਿ[64] ਪਛਾਨੀ[65] ॥ | The man[62], who is blessed with the grace[61] of the Guru, understands[65] he[63], the way[64] to this. | ਜਿਸ ਇਨਸਾਨ[62] ਉੱਤੇ ਗੁਰੂ ਜੀ ਰਹਿਮਤ[61] ਕਰਦੇ ਹਨ; ਉਹੀ[63] ਇਸ ਰਸਤੇ[64] ਨੂੰ ਸਮਝਦਾ[65] ਹੈ। |
| ਨਾਨਕ ਲੀਨ[66] ਭਇਓ [67]ਗੋਬਿੰਦ[68] ਸਿਉ[69] ਜਿਉ[70] ਪਾਨੀ ਸੰਗਿ ਪਾਨੀ ॥੩॥੧੧॥ | He, O Nanak, blends[66] with[69] the World[67] Lord[68], as[70] water mingles with water. | ਨਾਨਕ, ਐਸਾ ਇਨਸਾਨ ਸ੍ਰਿਸ਼ਟੀ[67] ਦੇ ਸੁਆਮੀ[68] ਨਾਲ[69] ਐਉਂ ਅਭੇਦ[66] ਹੋ ਜਾਂਦਾ ਹੈ, ਜਿਸ ਤਰ੍ਹਾਂ[70] ਪਾਣੀ, ਪਾਣੀ ਨਾਲ ਮਿਲ ਜਾਂਦਾ ਹੈ। |
| ਸੋਰਠਿ ਮਹਲਾ ੯ ॥ | Sorath 9th Guru. | ਸੋਰਠਿ ਨੌਵੀਂ ਪਾਤਿਸ਼ਾਹੀ। |
| ਪ੍ਰੀਤਮ[71] ਜਾਨਿ ਲੇਹੁ[72] ਮਨ[73] ਮਾਹੀ[74] ॥ | O dear friend[71], realise[72] it in[74] thy mind[73]. | ਹੇ ਪਿਆਰੇ ਮਿੱਤ੍ਰ[71]! ਆਪਣੇ ਚਿੱਤ[73] ਅੰਦਰ[74] ਇਹ ਸਮਝ[72] ਲੈ। |
| ਅਪਨੇ ਸੁਖ[75] ਸਿਉ ਹੀ ਜਗੁ[76] ਫਾਂਧਿਓ[77] ਕੋ ਕਾਹੂ ਕੋ ਨਾਹੀ ॥੧॥ਰਹਾਉ॥ | The world[76] is entangled[77] in its own comfort[75] and no body is anyone else's friend. Pause. | ਜਹਾਨ[76] ਆਪਣੀ ਖ਼ੁਸ਼ੀ[75] ਅੰਦਰ ਫਾਥਾ ਹੋਇਆ[77] ਹੈ। ਕੋਈ ਜਣਾ ਭੀ ਕਿਸੇ ਹੋਰਸ ਦਾ ਮਿੱਤ੍ਰ ਨਹੀਂ। |
| ਸੁਖ[78] ਮੈ[79] ਆਨਿ[80] ਬਹੁਤੁ[91] ਮਿਲਿ[82] ਬੈਠਤ[83] ਰਹਤ ਚਹੂ[84] ਦਿਸਿ[85] ਘੇਰੈ[86] ॥ | In[79] prosperity[78], many[81] persons come[80] and sit[83] together[82] encircling[86] thee on the four[84] sides[85]. | ਚੜ੍ਹਦੀਆਂ ਕਲਾਂ[78] ਅੰਦਰ[79] ਘਣੇਰੇ[81] ਪੁਰਸ਼ ਆਉਂਦੇ[80] ਹਨ ਅਤੇ ਚਾਰੇ[84] ਪਾਸਿਆਂ[85] ਤੋਂ ਤੈਨੂੰ ਘੇਰ ਕੇ[86] ਇਕੱਠੇ[82] ਹੋ ਬਹਿ ਜਾਂਦੇ[83] ਹਨ। |
| ਬਿਪਤਿ[87] ਪਰੀ[88] ਸਭ ਹੀ ਸੰਗੁ[89] ਛਾਡਿਤ[90] ਕੋਊ ਨ ਆਵਤ ਨੇਰੈ[91] ॥੧॥ | When adversity[87] befalls[38] thee, all abandon[90] thy company[89] and no one comes near[91] thee. | ਜਦ ਤੈਨੂੰ ਮੁਸੀਬਤ[87] ਪੈ ਜਾਂਦੀ[88] ਹੈ, ਸਾਰੇ ਤੇਰਾ ਸਾਥ[89] ਤਿਆਗ ਜਾਂਦੇ[90] ਹਨ, ਤੇ ਕੋਈ ਭੀ ਤੇਰੇ ਨੇੜੇ[91] ਨਹੀਂ ਆਉਂਦਾ। |
| ਘਰ[92] ਕੀ ਨਾਰਿ[93] ਬਹੁਤੁ[94] ਹਿਤੁ[95] ਜਾ ਸਿਉ[96] ਸਦਾ[97] ਰਹਤ ਸੰਗ[98] ਲਾਗੀ[99] ॥ ਜਬ[100] ਹੀ ਹੰਸ[2] ਤਜੀ[3] ਇਹ ਕਾਂਇਆ[4] ਪ੍ਰੇਤੁ[5] ਪ੍ਰੇਤ ਕਰਿ[6] ਭਾਗੀ[7] ॥੨॥ | The house[92]-wife[93], with whom[96] thou hast great[94] love[95] and who ever[97] remains attached[99] to[98] thee, flees away[7] crying[6] "Ghost[5]! ghost", also as soon as[100] the swan-soul[2] leaves[8] this body[4]. | ਗ੍ਰਿਹ[92] ਦੀ ਪਤਨੀ[93] ਜਿਸ[96] ਨਾਲ ਤੂੰ ਘਣਾ[94] ਪਿਆਰ[95] ਕਰਦਾ ਹੈਂ; ਤੇ ਜੋ ਹਮੇਸ਼ਾ[97] ਤੇਰੇ ਮਾਲ[98] ਜੁੜੀ[99] ਰਹਿੰਦੀ ਹੈ, ਜਦ[100] ਰਾਜਹੰਸ-ਆਤਮਾ[2] ਇਸ ਦੇਹ[4] ਨੂੰ ਛੱਡ ਜਾਂਦੀ[3] ਹੈ, ਤਾਂ ਉਹ ਵੀ "ਭੂਤ[5]! ਭੂਤ!" ਆਖਦੀ ਹੋਈ[6] ਦੌੜ ਜਾਂਦੀ[7] ਹੈ। |
| ਇਹ[8] ਬਿਧਿ[9] ਕੋ ਬਿਉਹਾਰੁ[10] ਬਨਿਓ ਹੈ ਜਾ[12] ਸਿਉ[13] ਨੇਹੁ[14] ਲਗਾਇਓ[15] ॥ | This[8] is the way[9] of the conduct[10] of those, with[13] whom[12] we bear[15] love[14]. | ਇਹ[8] ਹੈ ਤ੍ਰੀਕਾ[9] ਉਨ੍ਹਾਂ ਦੇ ਵਰਤ-ਵਰਤਾਵੇ[10] ਦਾ ਜਿਨ੍ਹਾਂ[12] ਨਾਲ[13] ਅਸੀਂ ਪਿਆਰ[14] ਕਰਦੇ[15] ਹਾਂ। |

| | | |
|---|---|---|
| ਅੰਤ[16] ਬਾਰ[17] ਨਾਨਕ ਬਿਨੁ[18] ਹਰਿ ਜੀ[19] ਕੋਊ ਕਾਮਿ[20] ਨ ਆਇਓ ॥੩॥੧੨॥੧੩੯॥ | At the last[16] moment[17], O Nanak, save[18] the sire[19] Lord, none is of any avail[20]. | ਅਖੀਰ[16] ਦੇ ਵੇਲੇ[17], ਹੇ ਨਾਨਕ ! ਮਹਾਰਾਜ[19] ਸੁਆਮੀ ਦੇ ਬਗੈਰ[18], ਕੋਈ ਭੀ ਕੰਮ[20] ਨਹੀਂ ਆਉਂਦਾ । |
| ਸੋਰਠਿ ਮਹਲਾ ੧ ਘਰੁ ੧ ਅਸਟਪਦੀਆ[21] ਚਉਤੁਕੀ | Sorath Ist Guru Ashtpadis[21] Chautukas. | ਸੋਰਠਿ ਪਹਿਲੀ ਪਾਤਿਸ਼ਾਹੀ । ਅਸ਼ਟਪਦੀਆਂ[21] ਚੌਤੁਕੇ |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ । |
| ਦੁਬਿਧਾ[22] ਨ ਪੜਉ ਹਰਿ ਬਿਨੁ[23] ਹੋਰੁ ਨ ਪੂਜਉ[24] ਮੜੈ[25] ਮਸਾਣਿ[26] ਨ ਜਾਈ[27] ॥ | I read not regarding duality[22], worship[24] not any but[23] my God and visit[27] not mausoleums or[28] crematoriums[26]. | ਮੈਂ ਦਵੈਤ-ਭਾਵ[22] ਬਾਰੇ ਨਹੀਂ ਪੜ੍ਹਦਾ ਅਤੇ ਆਪਣੇ ਰੱਬ ਦੇ ਬਾਝੋਂ[23] ਹੋਰ ਕਿਸੇ ਨੂੰ ਨਹੀਂ ਜਪਦਾ[24] ਅਤੇ ਮਕਬਰਿਆਂ[25] ਦਾ ਸ਼ਮਸ਼ਾਨ-ਭੂਮੀਆਂ[26] ਵਿੱਚ ਨਹੀਂ ਜਾਂਦਾ[27] । |
| ਤ੍ਰਿਸਨਾ[28] ਰਾਚਿ[29] ਨ ਪਰ[30] ਘਰਿ[31] ਜਾਵਾ ਤ੍ਰਿਸਨਾ ਨਾਮਿ ਬੁਝਾਈ[32] ॥ | Engrossed[29] in desire[28], I enter not strange[30] house[31]. The Name has stilled[32] my desire. | ਖ਼ਾਹਿਸ਼[28] ਅੰਦਰ ਖ਼ਚਤ[29] ਹੋ ਮੈਂ ਪਰਾਏ[30] ਗ੍ਰਿਹ[31] ਵਿੱਚ ਨਹੀਂ ਜਾਂਦਾ । ਨਾਮ ਨੇ ਮੇਰੀ ਖ਼ਾਹਿਸ਼ ਬੁਝਾ ਦਿੱਤੀ[32] ਹੈ । |
| ਘਰ[33] ਭੀਤਰਿ[34] ਘਰੁ[35] ਗੁਰੂ ਦਿਖਾਇਆ[36] ਸਹਜਿ[37] ਰਤੇ[38] ਮਨ[30] ਭਾਈ[40] ॥ | Within[34] my mind[32], the Guru has shown[36] me the Lord's abode[36] and my soul[39] is imbued[38] with equipoise[87], O brother[40]. | ਮੇਰੇ ਹਿਰਦੇ[33] ਅੰਦਰ[34] ਹੀ ਗੁਰਾਂ ਨੇ ਮੈਨੂੰ ਸਾਹਿਬ ਦਾ ਮੰਦਰ[35] ਵਿਖਾਲ ਦਿੱਤਾ[36] ਹੈ ਅਤੇ ਮੇਰੀ ਆਤਮਾ[39] ਅਡੋਲਤਾ[37] ਨਾਲ ਰੰਗੀ ਗਈ[38] ਹੈ, ਹੇ ਵੀਰ[40] ! |
| ਤੂ ਆਪੇ[41] ਦਾਨਾ[42] ਆਪੇ ਬੀਨਾ[43] ਤੂ ਦੇਵਹਿ[44] ਮਤਿ[45] ਸਾਈ[46] ॥੧॥ | Thou Thyself[41] art wise[42] and Thyself all-seeing[43] and it is only Thee, O Lord[46], who givest[44] wisdom[45]. | ਤੂੰ ਆਪ[41] ਸਿਆਣਾ[42] ਹੈਂ ਅਤੇ ਆਪ ਹੀ ਸਰਵੱਗ[43] । ਕੇਵਲ ਤੂੰ ਹੀ ਹੇ ਪ੍ਰਭੂ[46] ! ਸਿਆਣਪ[45] ਪਰਦਾਨ ਕਰਦਾ[44] ਹੈਂ । |
| ਮਨੁ[47] ਬੈਰਾਗਿ[48] ਰਤਉ[49] ਬੈਰਾਗੀ[50] ਸਬਦਿ[51] ਮਨੁ[52] ਬੇਧਿਆ[53] ਮੇਰੀ ਮਾਈ[54] ॥ | My detached[50] soul[47] is imbued[49] with dispassion[48] and the Name[51] has penetrated[53] my mind[52], O my mother[54]. | ਮੇਰੀ ਨਿਰਲੇਪ[50] ਆਤਮਾ[47] ਉਪਰਾਮਤਾ[48] ਨਾਲ ਰੰਗੀ ਗਈ[49] ਹੈ ਤੇ ਨਾਮ[51] ਨੇ ਮੇਰਾ ਹਿਰਦਾ[52] ਵਿੰਨ੍ਹ ਸੁਟਿਆ[53] ਹੈ, ਹੇ ਮੇਰੀ ਮਾਤਾ[54] । |
| ਅੰਤਰਿ[55] ਜੋਤਿ[56] ਨਿਰੰਤਰਿ[57] ਬਾਣੀ[58] ਸਾਚੇ ਸਾਹਿਬ[59] ਸਿਉ[60] ਲਿਵ[61] ਲਾਈ[62] ॥ ਰਹਾਉ॥ | He who bears[62] love[61] to[60] the True Lord[59] and continuously[57] repeats Gurbani[58], beholds His light[56] within his mind[55]. Pause. | ਜੋ ਕੋਈ ਸੱਚੇ ਸਾਹਿਬ[59] ਨਾਲ[60] ਪਿਆਰ[61] ਪਾਉਂਦਾ[62] ਹੈ, ਅਤੇ ਇਕਰਸ[57] ਗੁਰਬਾਣੀ[58] ਦਾ ਉਚਾਰਨ ਕਰਦਾ ਹੈ, ਉਹ ਆਪਣੇ ਰਿਦੇ[55] ਅੰਦਰ ਉਸ ਦੇ ਪ੍ਰਕਾਸ਼[56] ਨੂੰ ਵੇਖ ਲੈਂਦਾ ਹੈ । ਠਹਿਰਾਉ । |
| ਅਸੰਖ[63] ਬੈਰਾਗੀ[64] ਕਹਹਿ[65] ਬੈਰਾਗ[66] ਸੋ[67] ਬੈਰਾਗੀ[68] ਜਿ[69] ਖਸਮੈ[71] ਭਾਵੈ[70] ॥ | Countless[63] world-renouncers[64] talk[65] of renunciation[66], but he[67] alone, is the true renouncer[68] who[69] is pleasing[70] to the Master[71]. | ਅਣਗਿਣਤ[63] ਜਗਤ-ਤਿਆਗੀ[64] ਉਪਰਾਮਤਾ[66] ਦੀਆਂ ਗੱਲਾਂ ਕਰਦੇ[65] ਹਨ, ਪ੍ਰੰਤੂ ਕੇਵਲ ਓਹੀ[67] ਸੱਚਾ ਤਿਆਗੀ[68] ਹੈ, ਜੋ[69] ਮਾਲਕ[71] ਨੂੰ ਚੰਗਾ ਲਗਦਾ[70] ਹੈ । |
| ਹਿਰਦੈ[72] ਸਬਦਿ[73] ਸਦਾ[74] | He treasures the Name[73] in his | ਉਹ ਨਾਮ[73] ਨੂੰ ਆਪਣੇ ਰਿਦੇ[72] ਵਿੱਚ ਟਿਕਾਉਂਦਾ ਹੈ, |

| | | |
|---|---|---|
| ਭੈ[75] ਰਚਿਆ[76] ਗੁਰ ਕੀ ਕਾਰ[77] ਕਮਾਵੈ ॥ | heart[72], ever[74] remains absorbed[76] in the Lord's fear[75] and serves[77] the Guru. | ਹਮੇਸ਼ਾ[74] ਸੁਆਮੀ ਦੇ ਡਰ[75] ਅੰਦਰ ਲੀਨ ਰਹਿੰਦਾ[76] ਹੈ ਅਤੇ ਗੁਰਾਂ ਦੀ ਟਹਿਲ ਕਰਦਾ[77] ਹੈ। |
| ਏਕੋ ਚੇਤੈ[78] ਮਨੂਆ[79] ਨ ਡੋਲੈ[80] ਧਾਵਤੁ[81] ਵਰਜਿ ਰਹਾਵੈ[82] ॥ | The One Lord, he remembers[78], his mind[79] wavers[80] not and he stops and restrains[82] the mind's wanderings[81]. | ਇਕ ਸਾਂਈਂ ਨੂੰ ਹੀ ਉਹ ਯਾਦ[78] ਕਰਦਾ ਹੈ, ਉਸ ਦਾ ਮਨ[79] ਡਿੱਕ-ਡੋਲੇ[80] ਨਹੀਂ ਖਾਂਦਾ ਤੇ ਉਹ ਮਨ ਦੀਆਂ ਅਵਾਰਾਗਰਦੀਆਂ[81] ਨੂੰ ਹੋੜਦਾ ਤੇ ਰੋਕਦਾ[82] ਹੈ। |
| ਸਹਜੇ[83] ਮਾਤਾ[84] ਸਦਾ[85] ਰੰਗਿ[86] ਰਾਤਾ[87] ਸਾਚੇ[88] ਕੇ ਗੁਣ[89] ਗਾਵੈ[90] ॥੨॥ | He is inebriated[84] with the Divine pleasure[83] and is ever[85] imbued[87] with Lord's love[86] and sings[90] he the praise[89] of the True one[88]. | ਉਹ ਈਸ਼ਵਰੀ ਅਨੰਦ[83] ਨਾਲ ਮਤਵਾਲਾ[84] ਤੇ ਪ੍ਰਭੂ ਦੀ ਪ੍ਰੀਤ[86] ਨਾਲ ਸਦੀਵ[85] ਹੀ ਰੰਗਿਆ ਰਹਿੰਦਾ[87] ਅਤੇ ਸਤਿਪੁਰਖ[88] ਦਾ ਜੱਸ[89] ਗਾਇਨ ਕਰਦਾ[90] ਹੈ। |
| ਮਨੂਆ[91] ਪਉਣੁ[92] ਬਿੰਦੁ[93] [94]ਸੁਖਵਾਸੀ[95] ਨਾਮਿ ਵਸੈ[96] ਸੁਖ[97] ਭਾਈ[98] ॥ | If the man's wind-like[92] mind[91] rests[95] in peace[94], even for a trice[93], he shall abide[96] in the Name-bliss[97] O brother[98]. | ਜੇਕਰ ਬੰਦੇ ਦਾ ਹਵਾ-ਵਰਗਾ[92] ਮਨ[91] ਇੱਕ ਮੁਹਤ[93] ਭਰ ਲਈ ਭੀ ਆਰਾਮ[94] ਅੰਦਰ ਟਿਕ ਜਾਵੇ[95] ਤਾਂ ਉਹ ਨਾਮ ਦੀ ਖ਼ੁਸ਼ੀ[97] ਅੰਦਰ ਵੱਸੇਗਾ[96], ਹੇ ਵੀਰ[98]! |
| ਜਿਹਬਾ[99] ਨੇਤ੍ਰ[100] ਸੋਤ੍ਰ[2] ਸਚਿ ਰਾਤੇ[3] ਜਲਿ[4] ਬੂਝੀ[5] ਤੁਝਹਿ[6] ਬੁਝਾਈ ॥ | His tongue[99], eyes[100] and ears[2] are imbued[3] with truth. His fire[4] (of worldly passions) is extinguished[5] and Thou[6], O Lord, hast quenched it. | ਉਸ ਦੀ ਜੀਭ[99], ਅੱਖਾਂ[100] ਅਤੇ ਕੰਨ[2] ਸੱਚ ਨਾਲ ਰੰਗੇ ਜਾਂਦੇ[3] ਹਨ। ਉਸ ਦੀ ਤ੍ਰਿਸ਼ਨਾ[4] ਬੁਝ ਗਈ[5] ਹੈ। ਤੂੰ[6] ਹੀ, ਹੇ ਸੁਆਮੀ! ਇਸ ਨੂੰ ਬੁਝਾਇਆ ਹੈ। |
| ਆਸ[7] ਨਿਰਾਸ[8] ਰਹੈ ਬੈਰਾਗੀ[9] ਨਿਜ[10] ਘਰਿ[12] ਤਾੜੀ[13] ਲਾਈ[14] ॥ | In hope[7], the world-renouncer[9] remains desireless[8] and in his[10] very home[12] he assumes[14] profound trance[13]. | ਉਮੈਦ[7] ਅੰਦਰ ਸੰਸਾਰ-ਤਿਆਗੀ[9] ਇੱਛਾ-ਰਹਿਤ[8] ਰਹਿੰਦਾ ਹੈ ਤੇ ਆਪਣੇ[10] ਧਾਮ[12] ਵਿੱਚ ਹੀ ਉਹ ਅਫੁਰ ਸਮਾਧੀ[13] ਲਾਉਂਦਾ[14] ਹੈ। |
| ਭਿਖਿਆ[15] ਨਾਮਿ ਰਜੇ[16] ਸੰਤੋਖੀ[17] ਅੰਮ੍ਰਿਤੁ[18] ਸਹਜਿ[19] ਪੀਆਈ[20] ॥੩॥ | The contented person[17] remains sated[16] with the alms[15] of the Name and easily[19] quaffs[20] Lord's Nectar[18]. | ਸੰਤੁਸ਼ਟ ਪੁਰਸ਼[17] ਨਾਮ ਦੀ ਖ਼ੈਰ[15] ਨਾਲ ਧ੍ਰਾਪਿਆ[16] ਰਹਿੰਦਾ ਹੈ ਅਤੇ ਸੁਖੈਨ[19] ਹੀ ਸੁਆਮੀ ਦੇ ਸੁਧਾਰਸ[18] ਨੂੰ ਪਾਨ ਕਰਦਾ[20] ਹੈ। |
| ਦੁਬਿਧਾ[21] ਵਿਚਿ ਬੈਰਾਗੁ[22] ਨ ਹੋਵੀ ਜਬ ਲਗੁ[23] ਦੂਜੀ[24] ਰਾਈ[25] ॥ | In double-mindedness[21] and so long as[23] there is even a particle[25] of duality[24] there can be no renunciation of the world[22]. | ਦੁਚਿਤੇ-ਪਨ[21] ਅੰਦਰ ਅਤੇ ਜਦ ਤਾਂਈਂ[23] ਦਵੈਤ-ਭਾਵ[24] ਇਕ ਭੋਰਾ ਭਰ[25] ਭੀ ਹੈ, ਕੋਈ ਸੰਸਾਰ[22] ਤਿਆਗੀ ਨਹੀਂ ਹੋ ਸਕਦਾ। |
| ਸਭੁ ਜਗੁ[28] ਤੇਰਾ ਤੂ ਏਕੋ[26] ਦਾਤਾ[27] ਅਵਰੁ ਨ ਦੂਜਾ ਭਾਈ[29] ॥ | The entire world[28] is Thine O Lord, Thou alone[26] art the giver[27] and there is not any other, O brother[29]. | ਸਾਰਾ ਸੰਸਾਰ[28] ਤੇਰਾ ਹੈ, ਹੇ ਪ੍ਰਭੂ! ਕੇਵਲ[26] ਤੂੰ ਹੀ ਦਾਤਾਰ[27] ਹੈਂ। ਕੋਈ ਹੋਰ ਦੂਸਰਾ ਹੈ ਹੀ ਨਹੀਂ, ਹੇ ਭਰਾਵਾ[29]! |
| ਮਨਮੁਖਿ ਜੰਤ[30] ਦੁਖਿ[31] | The perverse person[30] ever[32] abides[33] | ਮਨਮੁਖ ਪੁਰਸ਼[30] ਹਮੇਸ਼ਾ[32] ਮੁਸੀਬਤ[31] ਵਿੱਚ ਵਸਦਾ[33] ਹੈ। |

| | | |
|---|---|---|
| ਸਦਾ[32]ਨਿਵਾਸੀ[33] ਗੁਰਮੁਖਿ[34] ਦੇ[35] ਵਡਿਆਈ[36] ॥ | in misery[31] but to the Guru-ward[34], the Lord gives[35] greatness[36]. | ਗੁਰੂ-ਅਨੁਸਾਰੀ[34] ਨੂੰ ਸੁਆਮੀ ਬਜ਼ੁਰਗੀ[36] ਬਖਸ਼ਦਾ[35] ਹੈ । |
| ਅਪਰ[37] ਅਪਾਰ[38] ਅਗੰਮ[39] ਅਗੋਚਰ[40] ਕਹਣੈ[41] ਕੀਮ[42] ਨ ਪਾਈ[43] ॥੪॥ | Infinite[37], Boundless[38], Inaccessible[39] and Inapprehensible[40] is the Lord and His worth[42] cannot be ascertained[43] by speaking[41]. | ਬੇਅੰਤ[37], ਬੇਹਦ[38], ਪਹੁੰਚ ਤੋਂ ਪਰੇ[39] ਅਤੇ ਸੋਚ ਸਮਝ ਤੋਂ ਉਚੇਰਾ[40] ਹੈ ਸੁਆਮੀ । ਆਖਣ[41] ਦੁਆਰਾ ਉਸ ਦਾ ਮੁਲ[42] ਪਾਇਆ[43] ਨਹੀਂ ਜਾ ਸਕਦਾ । |
| ਸੁੰਨ ਸਮਾਧਿ[44] ਮਹਾ[45] [46]ਪਰਮਾਰਥੁ[47] ਤੀਨਿ[48] ਭਵਣ[49] ਪਤਿ[50] ਨਾਮੰ ॥ | The Embracer of primordial trance[44], the Exceedingly[45] supreme[46] being[47] and the Lord[50] of three[48] worlds[49] art Thine Names, O Master. | ਅਫੁਰ ਤਾੜੀ[44] ਧਾਰਨ ਕਰਨ ਵਾਲਾ, ਪਰਮ[45] ਸ੍ਰੇਸ਼ਟ[46] ਵਸਤੂ[47] ਅਤੇ ਤਿੰਨਾਂ[48] ਜਹਾਨਾਂ[49] ਦਾ ਸੁਆਮੀ[50] ਤੇਰੇ ਨਾਮ ਹਨ, ਹੇ ਮਾਲਕ ! |
| ਮਸਤਕਿ[51] ਲੇਖੁ[52] ਜੀਆ[53] ਜਗਿ[54] ਜੋਨੀ[55] ਸਿਰਿ ਸਿਰਿ[56] ਲੇਖੁ[57] ਸਹਾਮੰ[58] ॥ | The creatures[53] born[55] in this world[54] have their destinies[52] recorded on their foreheads[51] and everyone[56] bears[58] what is destined[57] for him. | ਇਸ ਜਹਾਨ[54] ਵਿੱਚ ਪੈਦਾ ਹੋਏ ਹੋਏ[55] ਜੀਵਾਂ[53] ਦੇ ਮੱਥਿਆਂ[51] ਉਤੇ ਉਨ੍ਹਾਂ ਦੀ ਪ੍ਰਾਲਬਧ[52] ਲਿਖੀ ਹੋਈ ਹੈ ਅਤੇ ਹਰ ਜਣਾ[56] ਉਹ ਕੁੱਛ ਸਹਾਰਦਾ[58] ਹੈ ਜੋ ਉਸ ਲਈ ਲਿਖਿਆ ਹੋਇਆ[57] ਹੈ । |
| ੬੩੫ | | |
| ਕਰਮ[59] ਸੁਕਰਮ[60] ਕਰਾਏ ਆਪੇ[61] ਆਪੇ ਭਗਤਿ[62] ਦ੍ਰਿੜਾਮੰ[63] ॥ | The Lord Himself[61] causes man to perform evil deeds[69] and good deeds[60] and He Himself makes him steadfast[93] in His worship[62]. | ਸੁਆਮੀ ਆਪੇ[61] ਇਨਸਾਨ ਕੋਲੋਂ ਮੰਦੇ-ਅਮਲ[59] ਅਤੇ ਚੰਗੇ ਅਮਲ[60] ਕਰਵਾਉਂਦਾ ਹੈ ਅਤੇ ਆਪ ਹੀ ਉਸ ਨੂੰ ਆਪਣੀ ਉਪਾਸ਼ਨਾ[62] ਅੰਦਰ ਪੱਕਾ ਕਰਦਾ[63] ਹੈ । |
| ਮਨਿ[64] ਮੁਖਿ[65] ਜੂਠਿ[66] ਲਹੈ[67] ਭੈ[68] ਮਾਨੰ[69] ਆਪੇ[70] ਗਿਆਨੁ[71] ਅਗਾਮੰ[72] ॥੫॥ | Abiding[69] in the Lord's fear[68], the filth[66] of man's mind[64] and mouth[65] is washed off[67] and the inaccessible[72] Lord Himself[70] blesses him with gnosis[71]. | ਸਾਂਈਂ ਦੇ ਡਰ[68] ਅੰਦਰ ਵੱਸਣ ਨਾਲ[69] ਮਨੁੱਖ ਦੇ ਮਨ[64] ਅਤੇ ਮੂੰਹ[65] ਦੀ ਮੈਲ[66] ਧੋਤੀ ਜਾਂਦੀ[67] ਹੈ ਅਤੇ ਪਹੁੰਚ ਤੋਂ ਪਰੇ[72] ਪ੍ਰਭੂ ਖੁਦ[70] ਉਸ ਨੂੰ ਬ੍ਰਹਿਮ ਵੀਚਾਰ[71] ਪ੍ਰਦਾਨ ਕਰਦਾ ਹੈ । |
| ਜਿਨਿ ਚਾਖਿਆ[73] ਸੇਈ[74] ਸਾਦੁ ਜਾਣਨਿ[75] ਜਿਉ[76] ਗੁੰਗੇ[77] ਮਿਠਿਆਈ[78] ॥ | They[74] alone, who taste[73] it, know its relish[75] like[76] a dumb man[77] enjoying sweets[78]. | ਗੁੰਗੇ ਬੰਦੇ[77] ਦੇ ਮਿਠਾਈ[78] ਖਾਣ ਦੀ ਤਰ੍ਹਾਂ[76], ਕੇਵਲ ਓਹੀ[74] ਇਸ ਦੇ ਸੁਆਦ[75] ਨੂੰ ਜਾਣਦੇ ਹਨ, ਜੋ ਇਸ ਨੂੰ ਚੱਖਦੇ[73] ਹਨ । |
| ਅਕਥੈ[79] ਕਾ ਕਿਆ[80] ਕਥੀਐ ਭਾਈ[81] ਚਾਲਉ[82] ਸਦਾ[83] ਰਜਾਈ[84] ॥ | How[80] can I describe the Indescribable[79], O my brother[81]? Ever[83] abide[82] I in His will[84]. | ਨਾ-ਬਿਆਨ ਹੋ ਸਕਣ ਵਾਲੇ[79] ਨੂੰ ਮੈਂ ਕਿਸ ਤਰ੍ਹਾਂ[80] ਬਿਆਨ ਕਰ ਸਕਦਾ ਹਾਂ, ਹੇ ਵੀਰ[81] ! ਸਦੀਵ[83] ਹੀ ਮੈਂ ਉਹਦੇ ਭਾਣੇ[84] ਅਨੁਸਾਰ ਟੁਰਦਾ[82] ਹਾਂ । |
| ਗੁਰੁ ਦਾਤਾ[85] ਮੇਲੇ ਤਾ[86] ਮਤਿ[87] ਹੋਵੈ ਨਿਗੁਰੇ[88] ਮਤਿ ਨ ਕਾਈ ॥ | If the Lord makes man meet the beneficent[85] Guru, then[86] is the understanding[87] produced. The Guru-less[88] has no understanding. | ਜੇਕਰ ਸੁਆਮੀ ਦਾਤਾਰ[85] ਗੁਰਾਂ ਨਾਲ ਮਿਲਾ ਦੇਵੇ, ਤਦ[86] ਹੀ ਸੋਚ ਸਮਝ[87] ਉਤਪੰਨ ਹੁੰਦੀ ਹੈ । ਗੁਰੂ-ਵਿਹੂਣ[88] ਨੂੰ ਕੋਈ ਸੂਝ ਬੂਝ ਨਹੀਂ ਹੁੰਦੀ । |
| ਜਿਉ[89] ਚਲਾਏ ਤਿਉ[90] | As[89] the Lord causes us to act, | ਜਿਸ ਤਰ੍ਹਾਂ[89] ਸਾਨੂੰ ਸਾਹਿਬ ਚਲਾਉਂਦਾ ਹੈ, ਉਸੇ ਤਰ੍ਹਾਂ[90] |

| | | |
|---|---|---|
| ਚਾਲਹ ਭਾਈ[93] ਹੋਰ[91] ਕਿਆ[92] ਕੋ ਕਰੇ ਚਤੁਰਾਈ[94] ॥੬॥ | so[90] do we act. What[92] other[91] cleverness[94] can man adopt, O, brother[93] ? | ਹੀ ਅਸੀਂ ਚਲਦੇ ਹਾਂ। ਮਨੁੱਖ ਹੋਰ[91] ਕਿਹੜੀ[92] ਚਾਲਾਕੀ[94] ਕਰ ਸਕਦਾ ਹੈ, ਹੇ ਭਰਾਵਾ[93] ? |
| ਇਕਿ[95] ਭਰਮਿ[96] ਭੁਲਾਏ[97] ਇਕਿ ਭਗਤੀ[98] ਰਾਤੇ[99] ਤੇਰਾ ਖੇਲੁ[100] ਅਪਾਰਾ[2] ॥ | Some[95] are deluded[97] in doubt[96] and some are imbued[99] with Thy meditation[98]. Thine play[100] is incomprehensible[2]. | ਕਈ[95] ਸੰਦੇਹ[96] ਵਿੱਚ ਬਹਿਕਾਏ[97] ਹੋਏ ਹਨ ਤੇ ਕਈ ਤੇਰੀ ਬੰਦਗੀ[98] ਨਾਲ ਰੰਗੇ ਹੋਏ[99]। ਤੇਂਡੀ ਲੀਲਾ[100] ਸੋਚ ਵੀਚਾਰ ਤੋਂ ਬਾਹਰ[2] ਹੈ। |
| ਜਿਤੁ[3] ਤੁਧੁ ਲਾਏ[4] ਤੇਹਾ[5] ਫਲੁ[6] ਪਾਇਆ[7] ਤੂ ਹੁਕਮਿ ਚਲਾਵਣਹਾਰਾ[8] ॥ | As[3] Thou, O Lord, engagest[4] them, so[5] do they gather[7] the fruit[6]. Thou alone art the order-issuer[8]. | ਜਿਸ ਤਰ੍ਹਾਂ[3] ਤੂੰ ਉਨ੍ਹਾਂ ਨੂੰ ਜੋੜਦਾ[4] ਹੈਂ, ਹੇ ਸਾਂਈਂ, ਉਹੋ ਜੇਹਾ[5] ਹੀ ਫਲ[6] ਉਹ ਪ੍ਰਾਪਤ ਕਰਦੇ[7] ਹਨ। ਕੇਵਲ ਤੂੰ ਹੀ ਫੁਰਮਾਨ-ਜਾਰੀ ਕਰਨ ਵਾਲਾ[8] ਹੈਂ। |
| ਸੇਵਾ[9] ਕਰੀ ਜੇ[10] ਕਿਛੁ ਹੋਵੈ ਅਪਣਾ[12] ਜੀਉ[13] ਪਿੰਡੁ[14] ਤੁਮਾਰਾ[15] ॥ | I may perform Thy service[9], if[10] I have anything of my own[12]. My soul[13] and body[14] are Thine[15], O Lord. | ਜੇਕਰ[10] ਮੇਰਾ ਕੁੱਝ ਆਪਣਾ ਨਿੱਜ ਦਾ[12] ਹੋਵੇ, ਤਾਂ ਮੈਂ ਤੇਰੀ ਟਹਿਲ[9] ਕਮਾਵਾਂ। ਮੇਰੀ ਆਤਮਾ[13] ਤੇ ਦੇਹ[14] ਤੇਰੇ[15] ਹੀ ਹਨ, ਹੇ ਸਾਹਿਬ ! |
| ਸਤਿਗੁਰਿ ਮਿਲਿਐ ਕਿਰਪਾ[16] ਕੀਨੀ[17] ਅੰਮ੍ਰਿਤ ਨਾਮੁ[18] ਅਧਾਰਾ[19] ॥੭॥ | God shows[17] mercy[16] to him who meets with the True God and the Nectar-Name[18] becomes his support[19]. | ਵਾਹਿਗੁਰੂ ਉਸ ਉਤੇ ਰਹਿਮਤ[16] ਧਾਰਦਾ[17] ਹੈ, ਜੋ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ ਤੇ ਸੁਧਾਸਰੂਪ-ਨਾਮ[18] ਉਸ ਦਾ ਆਸਰਾ[19] ਥੀ ਵੰਞਦਾ ਹੈ। |
| [20]ਗਗਨੰਤਰਿ[21] ਵਾਸਿਆ[22] ਗੁਣ[23] ਪਰਗਾਸਿਆ[24] ਗੁਣ ਮਹਿ[25]ਗਿਆਨ[26] ਧਿਆਨੰ[27]॥ | Such a man abides[22] in[21] heaven[20] and in him become manifest[24] virtues[23], and in[25] virtues dwell the divine knowledge[26] and contemplation[27]. | ਉਹ ਬੈਕੁੰਠ[20] ਵਿੱਚ[21] ਵਸਦਾ[22] ਹੈ ਤੇ ਨੇਕੀਆਂ[23] ਉਸ ਵਿੱਚ ਪ੍ਰਗਟ ਹੋ ਜਾਂਦੀਆਂ[24] ਹਨ ਅਤੇ ਨੇਕੀਆਂ ਵਿੱਚ[25] ਹੀ ਬ੍ਰਹਿਮਬੋਧ[26] ਤੇ ਸਿਮਰਨ[27] ਨਿਵਾਸ ਰਖਦੇ ਹਨ। |
| ਨਾਮੁ ਮਨਿ ਭਾਵੈ[28] ਕਹੈ[29] ਕਹਾਵੈ ਤਤੋ ਤਤੁ[30]ਵਖਾਨੰ[31]॥ | The Name is pleasing[28] to his mind, he utters[22] and makes others utter it and speaks[31] nothing but truth[30]. | ਨਾਮ ਉਸ ਦੇ ਚਿੱਤ ਨੂੰ ਚੰਗਾ ਲਗਦਾ[28] ਹੈ, ਉਹ ਇਸ ਨੂੰ ਉਚਾਰਦਾ[29] ਤੇ ਹੋਰਨਾਂ ਪਾਸੋਂ ਉਚਾਰਨ ਕਰਵਾਉਂਦਾ ਹੈ, ਉਹ ਨਿਰੋਲ ਸੱਚ[30] ਹੀ ਬੋਲਦਾ[31] ਹੈ। |
| ਸਬਦੁ[32] ਗੁਰ ਪੀਰਾ[33] ਗਹਿਰ[34] ਗੰਭੀਰਾ[35] ਬਿਨੁ ਸਬਦੈ ਜਗ[36] ਬਉਰਾਨੰ[37] ॥ | The profound[34] and unfathomable[35] Name[32] is his Guru and the spiritual guide[33]. Without the Name the world[36] is gone mad[37]. | ਡੂੰਘਾ[34] ਤੇ ਅਥਾਹ[35] ਨਾਮ[32] ਉਸ ਦਾ ਗੁਰੂ ਅਤੇ ਰੂਹਾਨੀ ਰਹਿਬਰ[33] ਹੈ। ਨਾਮ ਦੇ ਬਗੈਰ ਦੁਨੀਆ[36] ਸ਼ੁਦਾਈ[37] ਹੋਈ ਹੋਈ ਹੈ। |
| ਪੂਰਾ[38] ਬੈਰਾਗੀ ਸਹਜਿ[39] ਸੁਭਾਗੀ[40] ਸਚੁ ਨਾਨਕ ਮਨੁ[41] ਮਾਨੰ[42] ॥੮॥੧॥ | He, whose soul[41] is pleased[42] with the True Name, O Nanak, is a perfect[38] renouncer and naturally[39] very fortunate[40]. | ਜਿਸ ਦੀ ਜਿੰਦੜੀ[41] ਸੱਚੇ ਨਾਮ ਨਾਲ ਪ੍ਰਸੰਨ[42] ਹੋਈ ਹੈ, ਹੇ ਨਾਨਕ, ਉਹ ਪੂਰਨ[38] ਬੈਰਾਗੀ ਹੈ ਤੇ ਸੁਭਾਵਕ[38] ਹੀ ਭਾਰੇ ਭਾਗਾਂ ਵਾਲਾ[40] ਹੈ। |
| ਸੋਰਠਿ ਮਹਲਾ ੧ ਤਿਤੁਕੀ ॥ | Sorath Ist Guru Tituki. | ਸੋਰਠਿ ਪਹਿਲੀ ਪਾਤਿਸ਼ਾਹੀ ਤਿਤੁਕੀ। |
| ਆਸਾ[43] ਮਨਸਾ[44] ਬੰਧਨੀ[45] ਭਾਈ[46] ਕਰਮ[47] ਧਰਮ[48] | Hope[43] and desire[44] are entanglements[45], O brother[46], and rituals[47] | ਉਮੈਦ[43] ਅਤੇ ਇੱਛਿਆ[44] ਫਾਹੇ[45] ਹਨ, ਹੇ ਵੀਰ[46] ! ਅਤੇ ਕਰਮ ਕਾਂਡ[47] ਅਤੇ (ਰਹੱਸ-ਹੀਨ) ਮਜ਼ਹਬੀ |

| | | |
|---|---|---|
| ਬੰਧਕਾਰੀ[49] ॥ | and religious ceremonies[48] are the entrappers[49]. | ਸੰਸਕਾਰ[48] ਫਾਹੇ ਪਾਉਨਹਾਰ[49] । |
| ਪਾਪਿ[50] ਪੁੰਨਿ[51] ਜਗੁ[52] ਜਾਇਆ[53] ਭਾਈ ਬਿਨਸੈ[54] ਨਾਮੁ ਵਿਸਾਰੀ[55] ॥ | As a result of bad deeds[50] and good acts[51], the mortal is born[53] in the world[52]. Forgetting[55] the Name, he is ruined[54]. O brother. | ਮਾੜੇ ਕਰਮਾਂ[50] ਅਤੇ ਚੰਗੇ ਅਮਲਾਂ[51] ਦੇ ਕਾਰਨ ਪ੍ਰਾਣੀ ਸੰਸਾਰ[52] ਅੰਦਰ ਜਨਮ ਧਾਰਦਾ[52] ਹੈ । ਨਾਮ ਨੂੰ ਭੁਲਾ[55] ਕੇ ਉਹ ਤਬਾਹ[54] ਹੋ ਜਾਂਦਾ ਹੈ, ਹੇ ਵੀਰ ! |
| ਇਹ ਮਾਇਆ[56] ਜਗਿ[57] ਮੋਹਣੀ[58] ਭਾਈ ਕਰਮ[59] ਸਭੇ ਵੇਕਾਰੀ[60] ॥੧॥ | This mammon[56] is the enticer[58] of the world[57], O brother and all the deeds[59] done in its wake are sinful[60]. | ਇਹ ਮਾਲ-ਦੌਲਤ[56] ਜਗਤ[57] ਨੂੰ ਠਗਣਹਾਰ[58] ਹੈ, ਹੇ ਵੀਰ ! ਇਸ ਦੇ ਮਗਰ ਲਗ ਕੇ ਕੀਤੇ ਹੋਏ ਸਾਰੇ ਕੰਮ[59] ਪਾਪਾਂ ਪੂਰਤ[60] ਹਨ । |
| ਸੁਣਿ ਪੰਡਿਤ ਕਰਮਾਕਾਰੀ[61]॥ | Hear me, thou, O Brahman, the ritualist[61]. | ਮੇਰੀ ਗੱਲ ਸ੍ਰਵਨ ਕਰ, ਹੇ ਕਰਮ ਕਾਂਡੀ[61] ਬ੍ਰਹਮਣ ! |
| ਜਿਤੁ[62] ਕਰਮਿ[63] ਸੁਖੁ[64] ਊਪਜੈ[65] ਭਾਈ ਸੁ ਆਤਮ[67] ਤਤੁ[66] ਬੀਚਾਰੀ[68] ॥ਰਹਾਉ॥ | The[62] religious rite[63] from which happiness[64] springs[65], O brother, that[66] is the real meditation[68] of the essence of soul[67] (Lord's Name) Pause. | ਜਿਸ[62] ਧਾਰਮਕ ਸੰਸਕਾਰ[63] ਨਾਲ ਖ਼ੁਸ਼ੀ[64] ਉਤਪੰਨ ਹੁੰਦੀ[65] ਹੈ, ਹੇ ਵੀਰ ! ਉਹ[66] ਸਿਮਰਨ[68] ਹੈ ਆਤਮਾ[67] ਦੇ ਨਿਚੋੜ ਦਾ (ਪ੍ਰਭੂ ਦੇ ਨਾਮ ਦਾ) । |
| ਸਾਸਤੁ ਬੇਦੁ ਬਕੈ[69] ਖੜੋ[70] ਭਾਈ[71] ਕਰਮ[72] ਕਰਹੁ[73] ਸੰਸਾਰੀ[74] ॥ | Thou standest[70] and recitest[69] the Shashtras and the Vedas, but thou doest[73] the deed[72] of a worldly man[74], O brother[71]. | ਤੂੰ ਖਲੋ ਕੇ[70] ਸ਼ਾਸ਼ਤਰਾਂ ਤੇ ਵੇਦਾਂ ਦਾ ਪਾਠ ਕਰਦਾ[69] ਹੈਂ; ਪ੍ਰੰਤੂ, ਆਪ ਦੁਨੀਆਦਾਰਾਂ[74] ਵਾਲੇ ਕੰਮ[72] ਕਰਦਾ[73] ਹੈਂ, ਹੇ ਭਰਾਵਾ[71] ! |
| ਪਾਖੰਡਿ[75]ਮੈਲੁ[76] ਨ ਚੂਕਈ[77] ਭਾਈ ਅੰਤਰਿ[78] ਮੈਲੁ[76] ਵਿਕਾਰੀ[79] ॥ | Within[78] thee is the filth[76] of sins[79] and this filth cannot be washed away[77] through hypocrisy[75], O brother. | ਤੇਰੇ ਅੰਦਰ[78] ਪਾਪਾਂ[79] ਦੀ ਮੈਲ[76] ਹੈ । ਇਹ ਮੈਲ ਦੰਭ[75] ਦੇ ਰਾਹੀਂ ਧੋਤੀ[77] ਨਹੀਂ ਜਾ ਸਕਦੀ, ਹੇ ਵੀਰ ! |
| ਇਨ[80] ਬਿਧਿ[81] ਡੂਬੀ[82] ਮਾਕੁਰੀ[83] ਭਾਈ ਊਂਡੀ[84] ਸਿਰ ਕੈ ਭਾਰੀ[85] ॥੨॥ | In this[80] very way[81] the spider[83] too is destroyed[82], by tumbling over[84] headlong[85], O brother. | ਏਸੇ[80] ਤਰ੍ਹਾਂ[81] ਹੀ, ਮਕੜੀ[83] ਭੀ ਸਿਰ ਪਰਨੇ[35]ਉਲਟੀ[84] ਹੋ ਤਬਾਹ ਹੋ ਜਾਂਦੀ[82] ਹੈ, ਹੇ ਵੀਰ ! |
| [86]ਦੁਰਮਤਿ[87] ਘਣੀ[88] ਵਿਗੂਤੀ[89] ਭਾਈ ਦੂਜੈ[90] ਭਾਇ[91] ਖੁਆਈ[92] ॥ | By evil[86] inclinations[87], many[88] are ruined[89], O brother, and by love[91] of another[90], they go astray[92]. | ਮੰਦੀਆਂ[86] ਰੁੱਚੀਆਂ[87] ਦੁਆਰਾ, ਬਹੁਤੇ[88] ਬਰਬਾਦ ਹੋ ਗਏ[89] ਹਨ, ਹੇ ਵੀਰ ! ਤੇ ਹੋਰਸ[90] ਦੀ ਪ੍ਰੀਤ[91] ਦੁਆਰਾ ਉਹ ਕੁਰਾਹੇ ਪੈ ਗਏ[92] ਹਨ । |
| ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ[93] ਨ ਜਾਈ[94] ॥ | Without the True Guru, the Name is not obtained, O brother and without the Name, doubt[93] departs not[94]. | ਸੱਚੇ ਗੁਰਾਂ ਦੇ ਬਾਝੋਂ ਨਾਮ ਪ੍ਰਾਪਤ ਨਹੀਂ ਹੁੰਦਾ, ਹੇ ਭਰਾਵਾ ਅਤੇ ਨਾਮ ਦੇ ਬਗ਼ੈਰ ਸੰਦੇਹ[93] ਦੂਰ ਨਹੀਂ ਹੁੰਦਾ[94] । |
| ਸਤਿਗੁਰੁ ਸੇਵੇ[95] ਤਾ[96] ਸੁਖੁ[97] ਪਾਏ ਭਾਈ ਆਵਣੁ[98] | If man serves[95] the True Guru, then[96] obtains he the peace[97] and | ਜੇਕਰ ਬੰਦਾ ਸੱਚੇ ਗੁਰਾਂ ਦੀ ਘਾਲ ਸੇਵਾ ਕਮਾਵੇ[95], ਤਦ[96] ਉਹ ਆਰਾਮ[97] ਪਾ ਲੈਂਦਾ ਹੈ ਤੇ ਉਸ ਦੇ ਆਉਣੇ[98] ਤੇ |

| | | |
|---|---|---|
| ਜਾਣੁ[99] ਰਹਾਈ[100] ॥੩॥ | his comings[98] and goings[99] come to an end[100], O brother. | ਜਾਣੇ[99] ਮੁਕ ਜਾਂਦੇ[100] ਹਨ, ਹੇ ਵੀਰ ! |
| ਸਾਚੁ ਸਹਜੁ[2] ਗੁਰ ਤੇ[3] ਊਪਜੈ[4] ਭਾਈ ਮਨੁ[5] ਨਿਰਮਲੁ[6] ਸਾਚਿ[7] ਸਮਾਈ[8] ॥ | True equipoise[2] is obtained[4] from[3] the Guru, O brother and the immaculate[6] soul[5] is absorbed[8] in the True Lord[7]. | ਸੱਚੀ ਠੰਢ-ਚੈਨ[2] ਗੁਰਾਂ ਪਾਸੋਂ[3] ਪ੍ਰਾਪਤ ਹੁੰਦੀ[4] ਹੈ, ਹੇ ਭਰਾਵਾ। ਪਵਿੱਤ੍ਰ[6] ਆਤਮਾ[5], ਸੱਚੇ ਸੁਆਮੀ[7] ਅੰਦਰ ਲੀਨ ਹੋ ਜਾਂਦੀ[8] ਹੈ। |
| ਗੁਰੁ ਸੇਵੇ[9] ਸੋ[10] ਬੂਝੈ[12] ਭਾਈ ਗੁਰ ਬਿਨੁ ਮਗੁ[13] ਨ ਪਾਈ[14] ॥ | He[10], who serves[9] the Guru, comes to know[12] the way, O brother. Without the Guru, the way[13] is not found[14]. | ਜੋ ਗੁਰਾਂ ਦੀ ਸੇਵਾ ਕਰਦਾ[9] ਹੈ, ਉਹ[10] (ਸਹੀ) ਰਸਤੇ ਨੂੰ ਜਾਣ[12] ਲੈਂਦਾ ਹੈ। ਹੇ ਵੀਰ ! ਗੁਰਾਂ ਦੇ ਬਾਝੋਂ ਰਸਤਾ[13] ਨਹੀਂ ਲੱਭਦਾ[14]। |
| ਜਿਸੁ ਅੰਤਰਿ[15] ਲੋਭੁ[16] ਕਿ[17] ਕਰਮ[18] ਕਮਾਵੈ ਭਾਈ ਕੂੜੁ[19] ਬੋਲਿ[20] ਬਿਖੁ[21] ਖਾਈ[22] ॥੪॥ | What[17] good acts[18] can he perform, who has avarice[16] in his mind[15]? He eats[22] poison[21] by telling[20] lies[19], O brother. | ਜਿਸ ਦੇ ਮਨ[15] ਵਿੱਚ ਲਾਲਚ[16] ਹੈ, ਉਹ ਕਿਹੜੇ[17] ਸ਼ੁਭ ਕੰਮ[18] ਕਰ ਸਕਦਾ ਹੈ ? ਝੂਠ[19] ਬੋਲ ਕੇ[20] ਉਹ ਜ਼ਹਿਰ[21] ਖਾਂਦਾ[22] ਹੈ, ਹੇ ਵੀਰ ! |
| ਪੰਡਿਤ ਦਹੀ ਵਿਲੋਈਐ[24] ਭਾਈ ਵਿਚਹੁ ਨਿਕਲੈ ਤਥੁ[26] ॥ | O Pandit, if thou churnest[24] curd, the butter[26] comes out of it. | ਹੇ ਪੰਡਤ ਜੇਕਰ ਤੂੰ ਦਹੀਂ ਨੂੰ ਰਿੜਕੇਂ[24], ਤਾਂ ਇਸ ਵਿਚੋਂ ਮੱਖਣ[26] ਨਿਕਲ ਆਉਂਦਾ ਹੈ। |
| ਜਲੁ[27] ਮਥੀਐ[28] ਜਲੁ ਦੇਖੀਐ[29] ਭਾਈ ਇਹੁ ਜਗੁ[30] ਏਹਾ ਵਥੁ[31] ॥ | By churning[28] water[27], thou shalt see[29] but water, O brother. This world[30] is a water like thing[31]. | ਪਾਣੀ[27] ਰਿੜਕਣ[28] ਦੁਆਰਾ ਤੂੰ ਕੇਵਲ ਪਾਣੀ ਹੀ ਵੇਖੇਂਗਾ[29], ਹੇ ਵੀਰ ! ਇਹ ਸੰਸਾਰ[30] ਪਾਣੀ ਦੀ ਤਰ੍ਹਾਂ ਦੀ ਵਸਤੂ[31] ਹੈ। |
| ਗੁਰ ਬਿਨੁ ਭਰਮਿ[32] ਵਿਗੂਚੀਐ[33] ਭਾਈ ਘਟਿ ਘਟਿ[34] ਦੇਉ[3] ਅਲਖੁ[36] ॥੫॥ | Without the Guru, the man is ruined[33] by doubt[32], O brother. The unseen[36] Lord[35] abides in every heart[34]. | ਗੁਰਾਂ ਦੇ ਬਾਝੋਂ, ਪ੍ਰਾਣੀ ਵਹਿਮ[32] ਨਾਲ ਤਬਾਹ ਹੋ ਜਾਂਦਾ[33] ਹੈ, ਹੇ ਵੀਰ ! ਅਦ੍ਰਿਸ਼ਟ[36] ਸਾਂਈ[35] ਹਰ ਦਿਲ[34] ਅੰਦਰ ਵਸਦਾ ਹੈ। |
| ਇਹੁ ਜਗੁ[37] ਤਾਗੋ[38] ਸੂਤ[39] ਕੋ ਭਾਈ ਦਹ[40] ਦਿਸ[41] ਬਾਧੋ[12] ਮਾਇ[43] ॥ | This world[37] is like the cotton[29] thread[38], which the mammon[43] has tied[42] on the ten[40] sides[41], O brother. | ਇਹ ਸੰਸਾਰ[37] ਸੂਤ੍ਰ[39] ਦੀ ਡੋਰ[38] ਦੀ ਮਾਨੰਦ ਹੈ, ਜਿਸ ਨੂੰ ਮਾਇਆ[43] ਨੇ ਦਸਾਂ[40] ਹੀ ਪਾਸਿਆਂ[41] ਤੋਂ ਬੰਨ੍ਹਿਆ ਹੋਇਆ[42] ਹੈ, ਹੇ ਵੀਰ ! |
| ਬਿਨੁ ਗੁਰ ਗਾਠਿ[44] ਨ ਛੂਟਈ[45] ਭਾਈ ਥਾਕੇ[46] ਕਰਮ[47] ਕਮਾਇ[48] ॥ | Without the Guru, the knot[44] is untied[45] not, O brother; men grow weary[46] of performing[48] rituals[47]. | ਗੁਰਾਂ ਦੇ ਬਗੈਰ ਗੰਢ[44] ਖੁਲ੍ਹਦੀ[45] ਨਹੀਂ, ਹੇ ਵੀਰ ! ਲੋਕੀਂ ਕਰਮ-ਕਾਂਡ[47] ਕਰਦੇ[48] ਕਰਦੇ ਹਾਰ ਹੁੱਟ ਗਏ[45] ਹਨ। |
| ਇਹੁ ਜਗੁ[52] ਭਰਮਿ[49] ਭੁਲਾਇਆ[50] ਭਾਈ ਕਹਣਾ[51] ਕਿਛੂ ਨ ਜਾਇ ॥੬॥ | This world[52] is led astray[50] by superstition[49], O brother. Regarding it, man can say[51] but nothing. | ਇਸ ਸੰਸਾਰ[52] ਨੂੰ ਸੰਸੇ[49] ਨੇ ਕੁਰਾਹੇ ਪਾਇਆ ਹੋਇਆ[50] ਹੈ, ਹੇ ਭਰਾਵਾ ! ਇਸ ਬਾਰੇ ਇਨਸਾਨ ਕੁਝ ਭੀ ਆਖ[51] ਨਹੀਂ ਸਕਦਾ। |

| | | |
|---|---|---|
| ਗੁਰ ਮਿਲਿਐ[53] ਭਉ[54] ਮਨਿ[55] ਵਸੈ[56] ਭਾਈ ਭੈ ਮਰਣਾ ਸਚੁ ਲੇਖੁ[57] ॥ | Meeting[53] with the Guru, the Lord's fear[54] abides[56] in the mind[55], O brother. To die in the Lord's fear is man's true destiny[57]. | ਗੁਰਾਂ ਦੇ ਨਾਲ ਮਿਲਣ[53] ਦੁਆਰਾ, ਹੇ ਵੀਰ ! ਪ੍ਰਭੂ ਦਾ ਡਰ[54] ਹਿਰਦੇ[55] ਵਿੱਚ ਵਸ ਜਾਂਦਾ[56] ਹੈ । ਪ੍ਰਭੂ ਦੇ ਡਰ ਅੰਦਰ ਮਰ ਵੰਞਣਾ, ਸੱਚੀ ਪ੍ਰਾਲਭਧ[57] ਹੈ । |
| ੬੩੬ | | |
| ਮਜਨੁ[58] ਦਾਨੁ[59] ਚੰਗਿਆਈਆ[60] ਭਾਈ ਦਰਗਹ[61] ਨਾਮੁ ਵਿਸੇਖੁ[62] ॥ | In God's court[61], the Name is superior[62] to ablutions[58], alms[59] and other good acts[60], O brother. | ਵਾਹਿਗੁਰੂ ਦੇ ਦਰਬਾਰ[61] ਅੰਦਰ ਇਸਨਾਨ[58], ਦਾਨ ਪੁੰਨ[59], ਤੇ ਹੋਰ ਨੇਕ ਕੰਮਾਂ[60]ਨਾਲੋਂ ਨਾਮ ਵਧੇਰੇ ਵਧੀਆ[62] ਹੈ, ਹੇ ਵੀਰ ! |
| ਗੁਰੁ ਅੰਕਸੁ[63] ਜਿਨਿ ਨਾਮੁ ਦ੍ਰਿੜਾਇਆ[64] ਭਾਈ ਮਨਿ[65] ਵਸਿਆ[66] ਚੂਕਾ[67]ਭੇਖੁ[68]॥੭॥ | He, who by Guru's goad[63] fixes[64] the Name within him, is freed[67] from hypocrisy[68] and God abides[66] in his mind[65]. | ਜੋ ਗੁਰਾਂ ਦੇ ਕੁੰਡੇ[63] ਦੁਆਰਾ ਨਾਮ ਨੂੰ ਆਪਣੇ ਅੰਦਰ ਪੱਕਾ ਕਰਦਾ[94] ਹੈ, ਉਸ ਦਾ ਪਾਖੰਡ[68] ਦੂਰ ਹੋ ਜਾਂਦਾ[67] ਹੈ ਅਤੇ ਵਾਹਿਗੁਰੂ ਉਸ ਦੇ ਰਿਦੇ[65] ਵਿੱਚ ਟਿਕ ਜਾਂਦਾ[66] ਹੈ, ਹੇ ਵੀਰ ! |
| ਇਹੁ ਤਨੁ[69] ਹਾਟੁ[70] ਸਰਾਫ[71] ਕੋ ਭਾਈ ਵਖਰੁ[73] ਨਾਮੁ ਅਪਾਰੁ[72] ॥ | This body[69] is the jeweller's[71] shop[70] and the unrivalled[72] Name is the stock[73] therein, O brother. | ਇਹ ਦੇਹ[69] ਜਵਾਹਰੀ ਦੀ[71] ਹੱਟੀ[70] ਹੈ, ਅਤੇ ਲਾਸਾਨੀ[72] ਨਾਮ ਦੀ ਪੂੰਜੀ[73] ਉਸ ਦੇ ਵਿੱਚ ਹੈ, ਹੇ ਭਰਾਵਾ ! |
| ਇਹੁ ਵਖਰੁ[79] ਵਾਪਾਰੀ[74] ਸੋ[78] ਦ੍ਰਿੜੈ[75] ਭਾਈ ਗੁਰ ਸਬਦਿ[76] ਕਰੇ ਵੀਚਾਰੁ[77] ॥ | The merchant[74] who deliberates[77] over the Guru's instruction[76], O brother, he[78] securely secures[75] this merchandise[79]. | ਜਿਹੜਾ ਵਣਜਾਰਾ[74] ਗੁਰਾਂ ਦੇ ਉਪਦੇਸ਼[76] ਨੂੰ ਸੋਚਦਾ ਵਿਚਰਦਾ[77] ਹੈ, ਹੇ ਭਰਾਵਾ ! ਉਹ[78] ਇਸ ਸੌਦੇ ਸੂਤ[79] ਨੂੰ ਪੱਕੀ ਤਰ੍ਹਾਂ ਪਾ ਲੈਂਦਾ[75] ਹੈ । |
| ਧਨੁ[78*] ਵਾਪਾਰੀ ਨਾਨਕਾ ਭਾਈ ਮੇਲਿ[81] ਕਰੇ[79*] ਵਾਪਾਰੁ[80] ॥੮॥੨॥ | Nanak, blessed[78*] is the trader, who on meeting[81] the Guru, engages[79*] in this trade[80]. | ਨਾਨਕ, ਮੁਬਾਰਕ[78*] ਹੈ ਉਹ ਵਣਜਾਰਾ, ਜੋ ਗੁਰਾਂ ਨੂੰ ਮਿਲ ਕੇ[81] ਇਹ ਵਣਜ[80] ਕਰਦਾ[79*] ਹੈ । |
| ਸੋਰਠਿ ਮਹਲਾ ੧ ॥ | Sorath 1st Guru. | ਸੋਰਠਿ ਪਹਿਲੀ ਪਾਤਿਸ਼ਾਹੀ । |
| ਜਿਨ੍ਹੀ ਸਤਿਗੁਰੁ ਸੇਵਿਆ[82] ਪਿਆਰੇ[83] ਤਿਨ੍ਹ[84] ਕੇ ਸਾਥ[85] ਤਰੇ[86] ॥ | They, who serve[82] the True Guru, O my dear[83], their[84] associates[85] too are saved[86], as well. | ਜੋ ਸੱਚੇ ਗੁਰਾਂ ਦੀ ਟਹਿਲ ਕਮਾਉਂਦੇ[82] ਹਨ, ਹੇ ਮੇਰੇ ਪ੍ਰੀਤਮ[83] ! ਉਨ੍ਹਾਂ ਦੇ[84] ਸੰਗੀ[85] ਭੀ ਪਾਰ ਉਤਰ[86] ਜਾਂਦੇ ਹਨ । |
| ਤਿਨਾ[87] ਠਾਕੁ[88] ਨ ਪਾਈਐ ਪਿਆਰੇ ਅੰਮ੍ਰਿਤੁ[89] ਰਸਨ[90] ਹਰੇ[91] ॥ | None obstructs[88] their[87] entry in the Lord's court, as the God's[91] Nectar[89] Name is on their tongue[90]. | ਕੋਈ ਜਣਾ ਉਨ੍ਹਾਂ ਨੂੰ[87] ਸੁਆਮੀ ਦੇ ਦਰਬਾਰ ਵਿੱਚ ਦਾਖਲ ਹੋਣੋਂ ਨਹੀਂ ਰੋਕਦਾ[88], ਕਿਉਂਜੋ ਰੱਬ[91] ਦਾ ਅੰਮ੍ਰਿਤਮਈ[89] ਨਾਮ ਉਨ੍ਹਾਂ ਦੀ ਜੀਭ[90] ਉੱਤੇ ਹੈ । |
| ਬੂਡੇ[92] ਭਾਰੇ[93] ਭੈ[94] ਬਿਨਾ[95] ਪਿਆਰੇ[98] ਤਾਰੇ[96] ਨਦਰਿ[97] ਕਰੇ ॥੧॥ | They, who are heavy[93], without[95] Lord's fear[94], are drowned[92] but by His grace[97], He ferries them across[96] O dear[98]. | ਜੋ ਸਾਂਈਂ ਦੇ ਡਰ[94] ਬਗੈਰ[95] ਬੋਝਲ[93] ਹਨ, ਉਹ ਡੁਬ ਜਾਂਦੇ[92] ਹਨ । ਆਪਣੀ ਦਇਆ[97] ਦੁਆਰਾ ਉਹ ਪ੍ਰਾਣੀ ਨੂੰ ਪਾਰ ਕਰ ਦਿੰਦਾ[96] ਹੈ, ਹੇ ਪ੍ਰੀਤਮਾ[68] ! |
| ਭੀ[99] ਤੂਹੈ ਸਾਲਾਹਣਾ[100] | My Beloved[2], I praise[100] Thee ever[99], | ਮੇਰੇ ਪ੍ਰੀਤਮਾ[2] ! ਮੈਂ ਸਦਾ[99] ਹੀ ਤੇਰੀ ਉਸਤਤੀ[100]ਕਰਦਾ |

| | | |
|---|---|---|
| ਪਿਆਰੇ[2] ਭੀ[3] ਤੇਰੀ ਸਾਲਾਹ[4] ॥ | and in every case[8] sing I Thine eulogies[4]. | ਹਾਂ ਤੇ ਹਰ ਹਾਲਤ[3] ਵਿੱਚ ਮੈਂ ਤੇਰੀ ਸਿਫਤ-ਸਾਲਾਘਾ[4] ਗਾਉਂਦਾ ਹਾਂ । |
| ਵਿਣੁ ਬੋਹਿਥ[5] ਭੈ[6] ਡੁਬੀਐ[10] ਪਿਆਰੇ ਕੰਧੀ[7] ਪਾਇ[8] ਕਹਾਹ[9] ॥੧॥ਰਹਾਉ॥ | Without the ship[5], the man is drowned[10] in the sea of fear[6], O Beloved. How[9] can he get[8] at the yonder shore[7] ? Pause. | ਜਹਾਜ਼[5] ਦੇ ਬਾਝੋਂ ਬੰਦਾ ਡਰ[6] ਦੇ ਸਮੁੰਦਰ ਵਿੱਚ ਡੁਬ ਜਾਂਦਾ[10] ਹੈ, ਹੇ ਪ੍ਰੀਤਮਾ ! ਉਹ ਕਿਸ ਤਰ੍ਹਾਂ[9] ਪਾਰਲੇ ਕੰਢੇ[7] ਨੂੰ ਪਾ ਸਕਦਾ[8] ਹੈ ? ਠਹਿਰਾਉ । |
| ਸਾਲਾਹੀ[12] ਸਾਲਾਹਣਾ[13] ਪਿਆਰੇ ਦੂਜਾ ਅਵਰੁ ਨ ਕੋਇ ॥ | I praise[12] the praise-worthy[13] Lord, O dear and there is not any other worthy of praise | ਮੈਂ ਉਪਮਾ-ਯੋਗ[13] ਸੁਆਮੀ ਦੀ ਉਪਮਾ[12] ਕਰਦਾ ਹਾਂ, ਹੇ ਪਿਆਰਿਆ । ਕੋਈ ਹੋਰ (ਐਸੀ) ਉਪਮਾ ਦੇ ਲਾਇਕ ਨਹੀਂ । |
| ਮੇਰੇ ਪ੍ਰਭ ਸਾਲਾਹਨਿ ਸੇ[14] ਭਲੇ[15] ਪਿਆਰੇ ਸਬਦਿ[16] ਰਤੇ[17] ਰੰਗੁ[18] ਹੋਇ[19] ॥ | Sublime[15] are they[14], who eulogise my Lord, O dear. They are imbuded[17] with the Name[16] and blessed[19] with the Lord's love[18]. | ਸ੍ਰੇਸ਼ਟ[15] ਹਨ ਉਹ[14], ਜਿਹੜੇ ਸੁਆਮੀ ਦੀ ਸਿਫਤ ਕਰਦੇ ਹਨ, ਹੇ ਪਿਆਰੇ ! ਉਹ ਨਾਮ[16] ਨਾਲ ਰੰਗੇ ਜਾਂਦੇ[17] ਹਨ ਅਤੇ ਉਨ੍ਹਾਂ ਨੂੰ ਪ੍ਰਭੂ ਦੀ ਪ੍ਰੀਤ[18] ਦੀ ਦਾਤ ਮਿਲਦੀ[19]ਹੈ । |
| ਤਿਸ[20] ਕੀ ਸੰਗਤਿ[21] ਜੇ[22] ਮਿਲੈ ਪਿਆਰੇ ਰਸੁ[23] ਲੈ[24] ਤਤੁ[25] ਵਿਲੋਇ[26] ॥੨॥ | If[22] I meet with their[20] society[21], O dear, I would gather[24] bliss[23] by (pondering over) or (churning[26]) the reality[25]. | ਜੇਕਰ[22] ਮੈਂ ਉਨ੍ਹਾਂ[20] ਦੇ ਮੇਲ-ਮਿਲਾਪ[21] ਨਾਲ ਮਿਲ ਜਾਵਾਂ, ਹੇ ਪਿਆਰਿਆ ! ਤਾਂ ਮੈਂ ਅਸਲੀਅਤ[25] ਨੂੰ ਵਿਚਾਰ ਜਾਂ ਰਿੜਕ[26] ਕੇ ਖ਼ੁਸ਼ੀ[23] ਨੂੰ ਪ੍ਰਾਪਤ[24] ਹੋ ਜਾਵਾਂਗਾ । |
| ਪਤਿ[27] ਪਰਵਾਨਾ[28] ਸਾਚ[29] ਕਾ ਪਿਆਰੇ ਨਾਮੁ ਸਚਾ[30] ਨੀਸਾਣੁ[31] ॥ | The gate-pass[28] to honour[27] is of Truth[29] and on it is the stamp[31] of the True Name[30], O dear. | ਇੱਜ਼ਤ-ਆਬਰੂ[27] ਦੀ ਰਾਹਦਾਰੀ[28] ਸੱਚ[29] ਦੀ ਹੈ । ਇਸ ਉੱਤੇ ਸੱਚੇ ਨਾਮ[30] ਦੀ ਮੋਹਰ[31] ਹੈ, ਹੇ ਪਿਆਰਿਆ ! |
| ਆਇਆ[32] ਲਿਖਿ[33] ਲੈ ਜਾਵਣਾ[34] ਪਿਆਰੇ ਹੁਕਮੀ[35] ਹੁਕਮੁ[36] ਪਛਾਣੁ[37] ॥ | Coming[32] into this world, one should depart[34] with such written[33] gate pass O dear. Realise[37] thou, O man, the command[36] of the Commanding[35] Lord. | ਇਸ ਸੰਸਾਰ ਵਿੱਚ ਆ ਕੇ[32], ਆਦਮੀ ਨੂੰ ਐਹੋ ਜੇਹੀ ਲਿਖਤੀ[33] ਰਾਹਦਾਰੀ ਨਾਲ ਜਾਣਾ[34] ਚਾਹੀਦਾ ਹੈ । ਤੂੰ ਆਦੇਸ਼ ਦੇਣ ਵਾਲੇ[35] ਸਾਂਈਂ ਦੇ ਆਦੇਸ਼[36] ਨੂੰ ਅਨੁਭਵ[37] ਕਰ । |
| ਗੁਰ ਬਿਨੁ ਹੁਕਮੁ ਨ ਬੂਝੀਐ[38] ਪਿਆਰੇ ਸਾਚੇ[39] ਸਾਚਾ ਤਾਣੁ[40] ॥੩॥ | Without the Guru, Lord's order is not understood[38], O dear. True is the might[40] of the True Lord[39]. | ਗੁਰਾਂ ਦੇ ਬਾਝੋਂ ਸੁਆਮੀ ਦਾ ਹੁਕਮ ਸਮਝ[38] ਨਹੀਂ ਆਉਂਦਾ, ਹੇ ਪ੍ਰੀਤਮਾ ! ਸੱਚੀ ਹੈ ਤਾਕਤ[40] ਸੱਚੇ ਸੁਆਮੀ[39] ਦੀ । |
| ਹੁਕਮੈ[41] ਅੰਦਰਿ ਨਿੰਮਿਆ[42] ਪਿਆਰੇ ਹੁਕਮੈ ਉਦਰ[43] ਮਝਾਰਿ[44] ॥ | In Lord's will[41], the mortal is conceived[42], O dear and in Lord's will, he thrives in[44] the womb[43]. | ਸਾਂਈਂ ਦੀ ਰਜ਼ਾ[41] ਦੁਆਰਾ ਪ੍ਰਾਣੀ ਨਿਪਜਦਾ[42] ਹੈ, ਹੇ ਪਿਆਰਿਆ ਅਤੇ ਸਾਂਈਂ ਦੀ ਰਜ਼ਾ ਦੁਆਰਾ, ਉਹ ਗਰਭ[43] ਵਿੱਚ[44] ਫਲਦਾ ਫੁਲਦਾ ਹੈ । |
| ਹੁਕਮੈ ਅੰਦਰਿ[45] ਜੰਮਿਆ[46] ਪਿਆਰੇ ਊਧਉ[47] ਸਿਰ ਕੈ ਭਾਰਿ[48] ॥ | In[45] Lord's will is he born[46], O dear, upturned[48] with head down-wards[47]. | ਸਾਹਿਬ ਦੀ ਰਜ਼ਾ ਵਿੱਚ[45], ਉਹ ਸਿਰ ਪਰਨੇ[48] ਮੂਧੇ ਮੂੰਹ[47] ਪੈਦਾ ਹੁੰਦਾ[46] ਹੈ, ਹੇ ਪਿਆਰਿਆ ! |
| ਗੁਰਮੁਖਿ[49] ਦਰਗਹ[50] | The Guru-ward[49] is honoured[51] in | ਗੁਰੂ-ਅਨੁਸਾਰੀ[49] ਸੁਆਮੀ ਦੇ ਦਰਬਾਰ[50] ਅੰਦਰ |

| | | |
|---|---|---|
| ਜਾਣੀਐ[51] ਪਿਆਰੇ ਚਲੈ[52] ਕਾਰਜ[53] ਸਾਰਿ[54] ॥੪॥ | the Lord's court[50] and he departs[52] after arranging[54] his affair[53] | ਸਨਮਾਨਿਆ ਜਾਂਦਾ[51] ਹੈ। ਉਹ ਆਪਣਾ ਕੰਮ[53] ਰਾਸ ਕਰ[54] ਕੇ ਚਾਲੇ ਪਾਉਂਦਾ[52] ਹੈ। |
| ਹੁਕਮੈ[58] ਅੰਦਰਿ[55] ਆਇਆ ਪਿਆਰੇ ਹੁਕਮੇ ਜਾਦੋ[56] ਜਾਇ[57] ॥ | Under[55] Lord's fiat[58], man comes into the world, and under his fiat he goes[56] to the next place[57]. | ਸੁਆਮੀ ਦੇ ਹੁਕਮ[58] ਵਿੱਚ[55], ਬੰਦਾ ਜਗ ਵਿੱਚ ਆਉਂਦਾ ਹੈ ਅਤੇ ਉਸ ਦੇ ਅਮਰ ਤਾਬੇ ਹੀ ਉਹ ਅਗਲੀ ਥਾਵੇਂ[57] ਚਲਿਆ ਜਾਂਦਾ[56] ਹੈ। |
| ਹੁਕਮੇ ਬੰਨ੍ਹਿ[58] ਚਲਾਈਐ[54] ਪਿਆਰੇ ਮਨਮੁਖਿ[60] ਲਹੈ[61] ਸਜਾਇ[62] ॥ | By Lord's will, is he bound down[58] and despatched[59], O dear. The perverse person[60] suffers[61] punishment[62]. | ਸਾਹਿਬ ਦੀ ਰਜ਼ਾ ਦੁਆਰਾ ਉਹ ਨਰੜਿਆ ਹੋਇਆ[58] ਤੋਰ ਦਿੱਤਾ ਜਾਂਦਾ[59] ਹੈ। ਪ੍ਰਤੀਕੂਲ ਪੁਰਸ਼[60] ਸਜ਼ਾ[62] ਪਾਉਂਦਾ[61] ਹੈ। |
| ਹੁਕਮੇ ਸਬਦਿ[63] ਪਛਾਣੀਐ[64] ਪਿਆਰੇ ਦਰਗਹ[65] ਪੈਧਾ[66] ਜਾਇ[67] ॥੫॥ | By Lord's will the Name[63] is realised[64], O dear, and man goes[67] to His court[65] adorned in the robe of honour[66]. | ਸਾਂਈਂ ਦੀ ਰਜ਼ਾ ਰਾਹੀਂ ਨਾਮ[63] ਅਨੁਭਵ ਕੀਤਾ ਜਾਂਦਾ[64] ਹੈ, ਹੇ ਪਿਆਰਿਆ! ਅਤੇ ਬੰਦਾ ਇੱਜ਼ਤ ਦੀ ਪੁਸ਼ਾਕ ਪਾ ਕੇ[66] ਉਸ ਦੇ ਦਰਬਾਰ[65] ਨੂੰ ਜਾਂਦਾ[67] ਹੈ। |
| ਹੁਕਮੇ ਗਣਤ[68] ਗਣਾਈਐ[69] ਪਿਆਰੇ ਹੁਕਮੇ ਹਉਮੈ[70] ਦੋਇ[71] ॥ | In His will, one enters into[69] accounts[68], O dear, and in His will, he is infested with ego[73] and duality[71]. | ਉਸ ਦੀ ਰਜ਼ਾ ਅੰਦਰ ਬੰਦਾ ਲੇਖਾ-ਪੱਤਾ[68] ਕਰਦਾ[69] ਹੈ, ਹੇ ਪ੍ਰੀਤਮਾ! ਅਤੇ ਉਸ ਦੀ ਰਜ਼ਾ ਅੰਦਰ ਉਹ ਹੰਕਾਰ[70] ਤੇ ਦਵੈਤ-ਭਾਵ[71] ਨਾਲ ਦੁਖੀ ਹੁੰਦਾ ਹੈ। |
| ਹੁਕਮੇ ਭਵੈ[73] ਭਵਾਈਐ[74] ਪਿਆਰੇ ਅਵਗਣਿ[75] ਮੁਠੀ[76] ਰੋਇ[77] ॥ | Goaded[74] by Lord's will, the mortal wanders about[73] and beguiled[76] by demerits[5], he bewails[77], O dear. | ਰੱਬ ਦੀ ਰਜ਼ਾ ਦਾ ਧੱਕਿਆ ਹੋਇਆ[74] ਪ੍ਰਾਣੀ ਭਟਕਦਾ[73] ਫਿਰਦਾ ਹੈ ਅਤੇ ਬਦੀਆਂ[75] ਦਾ ਠੱਗਿਆ ਹੋਇਆ[76] ਉਹ ਵਿਰਲਾਪ ਕਰਦਾ[77] ਹੈ, ਹੇ ਪਿਆਰੇ! |
| ਹੁਕਮੁ ਸਿਞਾਪੈ[78] ਸਾਹ[79] ਕਾ ਪਿਆਰੇ ਸਚੁ ਮਿਲੈ[80] ਵਡਿਆਈ[81] ਹੋਇ[82] ॥੬॥ | If man realises[78] the wealthy Lord's[79] will, he is blessed[80] with truth, and receives[82] honour[81], O dear. | ਜੇਕਰ ਇਨਸਾਨ ਸ਼ਾਹੂਕਾਰ[79] ਸੁਆਮੀ[79] ਦੀ ਰਜ਼ਾ ਨੂੰ ਅਨੁਭਵ ਕਰ ਲਵੇ[78] ਤਾਂ ਉਸ ਨੂੰ ਸੱਚ ਦੀ ਦਾਤ ਮਿਲਦੀ[80] ਹੈ ਅਤੇ ਉਹ ਇੱਜ਼ਤ ਆਬਰੂ[81] ਪਾਉਂਦਾ[82] ਹੈ, ਹੇ ਪ੍ਰੀਤਮਾ! |
| ਆਖਣਿ[83] ਅਉਖਾ[84] ਆਖੀਐ[85] ਪਿਆਰੇ ਕਿਉ[86] ਸੁਣੀਐ[87] ਸਚੁ ਨਾਉ[88] ॥ | Difficult[84] it is to utter[83] the Name. How[86] can we, then, utter[88] and hear[87] the True Name[88] ? | ਕਠਨ[84] ਹੈ ਨਾਮ ਦਾ ਉਚਾਰਨ[83] ਕਰਨਾ, ਫਿਰ ਆਪਾਂ ਕਿਸ ਤਰ੍ਹਾਂ[86] ਸੱਚੇ ਨਾਮ[88] ਨੂੰ ਉਚਾਰਨ[85] ਤੇ ਸ੍ਰਵਣ[87] ਕਰ ਸਕਦੇ ਹਾਂ ? |
| ਜਿਨੀ ਸੋ[89] ਸਾਲਾਹਿਆ[90] ਪਿਆਰੇ ਹਉ[93] ਤਿਨ੍[94] ਬਲਿਹਾਰੈ[92] ਜਾਉ ॥ | They who praise[90] that[89] Lord, O dear, unto them[91] I[93] am a sacrifice[92]. | ਜੋ ਉਸ[89] ਪ੍ਰਭੂ ਦੀ ਪ੍ਰਭਤਾ[90] ਕਰਦੇ ਹਨ, ਹੇ ਪ੍ਰੀਤਮਾ! ਉਨ੍ਹਾਂ[91] ਉੱਤੋਂ ਮੈਂ[93] ਘੋਲੀ ਵੰਞਦਾ[92] ਹਾਂ। |
| ਨਾਉ ਮਿਲੈ[93] ਸੰਤੋਖੀਆਂ[94] ਪਿਆਰੇ ਨਦਰੀ[95] ਮੇਲਿ[96] ਮਿਲਾਉ[97] ॥੭॥ | Obtaining[93] the Lord's Name I am satiated[94], O dear, and by God's grace[95], I am united[97] in His union[96]. | ਸੁਆਮੀ ਦੇ ਨਾਮ ਨੂੰ ਪ੍ਰਾਪਤ[93] ਕਰਕੇ ਮੈਂ ਤ੍ਰਿਪਤ[94] ਹੋ ਗਿਆ ਹਾਂ, ਹੇ ਪ੍ਰੀਤਮਾ! ਅਤੇ ਹਰੀ ਦੀ ਦਇਆ[95] ਦੁਆਰਾ ਮੈਂ ਉਸ ਦੇ ਮਿਲਾਪ[96] ਅੰਦਰ ਮਿਲ ਗਿਆ[97] ਹਾਂ। |
| ਕਾਇਆ[98] ਕਾਗਦੁ[99] ਜੇ[100] ਥੀਐ[2] ਪਿਆਰੇ ਮਨੁ[3] ਮਸਵਾਣੀ[4] ਧਾਰਿ[5] ॥ | My dear, if[100] my body[98] becomes[2] the paper[99] and my mind[3] I deem[5] as an inkpot[4], and if my | ਮੇਰੇ ਪਿਆਰਿਆ! ਜੇਕਰ[100] ਮੇਰੀ ਦੇਹ[98] ਕਾਗ਼ਜ਼[99] ਬਣ ਜਾਵੇ[2] ਅਤੇ ਮੈਂ ਆਪਣੇ ਮਨੂਏ[3] ਨੂੰ ਦਵਾਤ[4] ਮਨ ਲਵਾਂ[5] ਅਤੇ ਜੇਕਰ ਮੇਰੀ ਜੀਭਾ[6] ਕਲਮ[7] ਹੋ ਜਾਵੇ, ਤਦ ਮੈਂ |

| | | |
|---|---|---|
| ਲਲਤਾ[6] ਲੇਖਣਿ[7] ਸਚ[8] ਕੀ ਪਿਆਰੇ ਹਰਿ ਗੁਣ[9] ਲਿਖਹੁ[10] ਵੀਚਾਰਿ[12] ॥ | tongue[6] be the pen[7], then I would thoughtfully[12] write[10] the excellences[9] of the True[8] God. | ਸੋਚ ਵਿਚਾਰ ਕੇ[12] ਸੱਚੇ[8] ਵਾਹਿਗੁਰੂ ਦੀਆਂ ਸਿਫਤਾਂ[9] ਲਿਖਾਂਗਾ[10] । |
| ਧਨੁ[13] ਲੇਖਾਰੀ[14] ਨਾਨਕਾ ਪਿਆਰੇ ਸਾਚੁ[15] ਲਿਖੈ[16] [17]ਉਰਿਧਾਰਿ[18] ॥੮॥੩॥ | Blessed[13] is the scribe[14], O Nanak, who inscribes[16] and enshrines[18] the True Name[15] in his mind[17]. | ਮੁਬਾਰਕ[13] ਹੈ ਉਹ ਲਿਖਣ ਵਾਲਾ[14], ਹੇ ਨਾਨਕ ! ਜੋ ਸੱਚੇ ਨਾਮ[15] ਨੂੰ ਆਪਣੇ ਰਿਦੇ[17] ਵਿੱਚ ਉਕਰਦਾ[16] ਤੇ ਟਿਕਾਉਂਦਾ[18] ਹੈ । |
| ਸੋਰਠਿ ਮਹਲਾ ੧ ਪਹਿਲਾ ਦੁਤੁਕੀ ॥ | Sorath 1st Guru Dutuki. | ਸੋਰਠਿ ਪਹਿਲੀ ਪਾਤਿਸ਼ਾਹੀ ਦੁਤੁਕੀ । |
| ਤੂ [19]ਗੁਣਦਾਤੌ[20] ਨਿਰਮਲੋ[21] ਭਾਈ[22] ਨਿਰਮਲੁ ਨਾ ਮਨੁ[23] ਹੋਇ[24] ॥ | My immaculate[21] Lord, Thou art the Giver[20] of virtues[19], but my soul[23] becomes[24] not immaculate, O brother[22]. | ਮੇਰੇ ਪਵਿੱਤ੍ਰ[21] ਪ੍ਰਭੂ, ਤੂੰ ਨੇਕੀਆਂ[19] ਦੇਣ ਵਾਲਾ[20] ਹੈਂ, ਪਰ ਮੇਰੀ ਆਤਮਾ[23] ਪਵਿੱਤ੍ਰ ਨਹੀਂ ਹੁੰਦੀ[24], ਹੇ ਵੀਰ[22] ! |
| ਹਮ[25]ਅਪਰਾਧੀ[26] ਨਿਰਗੁਣੇ[27] ਭਾਈ ਤੁਝ ਹੀ ਤੇ[28] ਗੁਣੁ ਸੋਇ[29] ॥੧॥ | I[25] am a sinner[26] and meritless[27] and from[28] Thee alone can those[29] merits be obtained, O Lord. | ਮੈਂ[25] ਗੁਣ-ਵਿਹੂਣ[27] ਪਾਪੀ[26] ਹਾਂ । ਕੇਵਲ ਤੇਰੇ ਪਾਸੋਂ[28] ਹੀ ਉਹ[29] ਨੇਕੀਆਂ ਪ੍ਰਾਪਤ ਹੋ ਸਕਦੀਆਂ ਹਨ, ਹੇ ਪ੍ਰਭੂ ! |
| ੬੩੭ | | |
| ਮੇਰੇ ਪ੍ਰੀਤਮਾ[30] ਤੂ ਕਰਤਾ[31] ਕਰਿ[32] ਵੇਖੁ[33] ॥ | My Beloved[30] Creator[31], having created[32] Thine creation, Thou beholdest[33] it. | ਮੇਂਡੇ ਪਿਆਰੇ[30] ਸਿਰਜਣਹਾਰ[31] ਆਪਣੀ ਰਚਨਾ ਨੂੰ ਰਚ ਕੇ[32] ਤੂੰ ਇਸ ਨੂੰ ਵੇਖਦਾ[33] ਹੈਂ । |
| ਹਉ[34] ਪਾਪੀ[35] ਪਾਖੰਡੀਆ[36] ਭਾਈ ਮਨਿ[37] ਤਨਿ[38] ਨਾਮ ਵਿਸੇਖੁ[39] ॥ਰਹਾਉ॥ | I[34] am a sinner[35] and an hypocrite[36]. Instal within my mind[37] and body[38] Thine sublime[39] Name, O Lord. Pause. | ਮੈਂ[34] ਅਪਰਾਧੀ[35] ਤੇ ਦੰਭੀ[36] ਹਾਂ । ਮੇਰੀ ਆਤਮਾ[37] ਤੇ ਦੇਹ[38] ਅੰਦਰ ਤੂੰ ਆਪਣਾ ਸ੍ਰੇਸ਼ਟ[39] ਨਾਮ ਅਸਥਾਪਨ ਕਰ ਦੇ । ਠਹਿਰਾਉ । |
| ਬਿਖੁ[40] ਮਾਇਆ[41] ਚਿਤੁ[42] ਮੋਹਿਆ[43] ਭਾਈ ਚਤੁਰਾਈ[44] ਪਤਿ[45] ਖੋਇ[46] ॥ | The poisonous[40] mammon[41] has bewitched[43] the man's mind[42], and through cleverness[44] he loses[46] his honour[45], O brother. | ਜ਼ਹਿਰੀਲੀ[40] ਧਨ-ਦੌਲਤ ਨੇ ਇਨਸਾਨ ਦੇ ਮਨ[42] ਨੂੰ ਮੋਹ[43] ਲਿਆ[43] ਹੈ ਅਤੇ ਚਾਲਾਕੀ[44] ਰਾਹੀਂ ਉਹ ਆਪਣੀ ਇੱਜ਼ਤ[45] ਗੁਆ ਲੈਂਦਾ[46] ਹੈ, ਹੇ ਵੀਰ ! |
| ਚਿਤ ਮਹਿ[47] ਠਾਕੁਰੁ ਸਚਿ[48] ਵਸੈ[49] ਭਾਈ ਜੇ[50] ਗੁਰ ਗਿਆਨੁ[51] ਸਮੋਇ[52] ॥੨॥ | If[50] Guru-given Divine knowledge[51] permeates[52] man's heart, the True Lord[48] abides[49] in[47] his mind, O brother. | ਜੇਕਰ[50] ਗੁਰਾਂ ਦੀ ਦਿੱਤੀ ਹੋਈ ਬ੍ਰਹਮ ਵੀਚਾਰ[51] ਬੰਦੇ ਦੇ ਦਿਲ ਅੰਦਰ ਰਮ ਜਾਵੇ[52], ਤਾਂ ਸੱਚਾ ਸੁਆਮੀ[48] ਉਸ ਦੇ ਮਨ ਵਿੱਚ[47] ਟਿਕ ਜਾਂਦਾ[49] ਹੈ, ਹੇ ਵੀਰ ! |
| ਰੂੜੌ[53] ਰੂੜੌ ਆਖੀਐ[54] ਭਾਈ ਰੂੜੌ[55] ਲਾਲ[56] ਚਲੂਲੁ[57] ॥ | Beauteous[53], beauteous is said[54] to be the Lord. He is beautiful[55] like the red[56] poppy-flower[57]. | ਸੁੰਦਰ[53], ਸੁੰਦਰ ਕਿਹਾ ਜਾਂਦਾ[54] ਹੈ ਸੁਆਮੀ । ਸੂਹੇ[56] ਪੋਸਤ ਦੇ ਫੁਲ[57] ਵਰਗਾ ਉਹ ਸੁਨੱਖਾ[55] ਹੈ । |
| ਜੇ[58] ਮਨੁ[59] ਹਰਿ ਸਿਉ[60] ਬੈਰਾਗੀਐ[61] ਭਾਈ ਦਰਿ[62] | If[58] man[59] bears love[61] to[60] God, O brother, he is accounted as true[64] | ਜੇਕਰ[58] ਬੰਦਾ[59] ਰੱਬ ਨਾਲ[60] ਪ੍ਰੇਮ[61] ਪਾ ਲਵੇ, ਹੇ ਵੀਰ ; ਤਦ ਉਹ ਉਸ ਦੇ ਦਰਬਾਰ[62] ਅਤੇ ਮੰਦਰ[63] ਵਿੱਚ ਸੱਚਾ[64] |

| | | |
|---|---|---|
| ਘਰਿ[63] ਸਾਚੁ[64] ਅਭੂਲੁ[65] ॥ ੩॥ | and infallible[66] in His court[62] and mansion[63]. | ਅਤੇ ਭੁਲ-ਰਹਿਤ[65] ਗਿਣਿਆ ਜਾਂਦਾ ਹੈ। |
| ਪਾਤਾਲੀ[66] ਆਕਾਸਿ[67] ਤੂ ਭਾਈ ਘਰਿ ਘਰਿ[68] ਤੂ ਗੁਣ[69] ਗਿਆਨੁ[70] ॥ | Thou, O Lord, art pervading the under-world[66] and sky[67] and amongst all the hearts[68] art Thine merits[69] and wisdom[70]. | ਤੂੰ ਹੇ ਸੁਆਮੀ ! ਪਾਤਾਲ[66] ਤੇ ਅਸਮਾਨ[67] ਵਿੱਚ ਰਮਿਆ ਹੋਇਆ ਹੈਂ। ਸਾਰਿਆਂ ਦਿਲਾਂ[98] ਅੰਦਰ ਤੇਰੀਆਂ ਖ਼ੂਬੀਆਂ[69] ਤੇ ਗਿਆਤ[70] ਹੈ। |
| ਗੁਰ ਮਿਲਿਐ ਸੁਖੁ[74] ਪਾਇਆ ਭਾਈ ਚੂਕਾ[71] ਮਨਹੁ[72] ਗੁਮਾਨੁ[73] ॥੪॥ | Meeting with the Guru, the man is blessed with peace[74], and pride[73] is dispelled[71] from his mind[72]. | ਗੁਰਾਂ ਨਾਲ ਮਿਲ ਕੇ ਬੰਦਾ ਆਰਾਮ[74] ਪਾ ਲੈਂਦਾ ਹੈ ਅਤੇ ਉਸ ਦੇ ਚਿੱਤ[72] ਤੋਂ ਹੰਕਾਰ[73] ਦੂਰ ਹੋ ਜਾਂਦਾ[71] ਹੈ। |
| ਜਲਿ[76] ਮਲਿ[77] ਕਾਇਆ[78] ਮਾਜੀਐ[79] ਭਾਈ[80]ਭੀ ਮੈਲਾ[81] ਤਨੁ[82] ਹੋਇ ॥ | Rubbing[77] with water[76], the body[78] is cleaned[79], but the body[82] again[80] gathers dirt[81]. | ਪਾਣੀ[76] ਨਾਲ ਮਲ ਕੇ[77] ਦੇਹ[78] ਸਾਫ਼ ਕੀਤੀ[79] ਜਾਂਦੀ ਹੈ; ਪ੍ਰੰਤੂ, ਦੇਹ[82] ਮੁੜ ਕੇ[80] ਗੰਦੀ ਹੋ ਜਾਂਦੀ ਹੈ। |
| ਗਿਆਨਿ[83] [84]ਮਹਾ ਰਸਿ[85] ਨਾਈਐ[86] ਭਾਈ ਮਨੁ[87] ਤਨੁ[88]ਨਿਰਮਲੁ[89]ਹੋਇ॥੫॥ | Bathing[86] with the great[84] elixir[85] of gnosis[83] the soul[87] and body[88] are rendered pure[89]. | ਬ੍ਰਹਮ ਗਿਆਨ[53] ਦੇ .ਵਿਸ਼ਾਲ[84] ਅੰਮ੍ਰਿਤ[85] ਨਾਲ ਇਸ਼ਨਾਨ[86] ਕਰਨ ਦੁਆਰਾ ਆਤਮਾ[87] ਤੇ ਦੇਹ[88] ਪਵਿੱਤ੍ਰ[89] ਹੋ ਜਾਂਦੇ ਹਨ। |
| ਦੇਵੀ[90] ਦੇਵਾ[91] ਪੂਜੀਐ[92] ਭਾਈ ਕਿਆ[93] ਮਾਗਉ[94] ਕਿਆ ਦੇਹਿ[95] ॥ | Why worship[92] goddesses[90] and gods[91] O brother; what[93] can one ask[94] from them and what can they give[95] him ? | ਦੇਵੀਆਂ[90] ਤੇ ਦੇਵਤਿਆਂ[91] ਦੀ ਪੂਜਾ ਕਰ ਕੇ[92], ਹੇ ਭਰਾਵਾ ! ਬੰਦਾ ਉਨ੍ਹਾਂ ਪਾਸੋਂ ਕੀ[93] ਮੰਗ[94] ਸਕਦਾ ਹੈ ਅਤੇ ਉਹ ਉਸ ਨੂੰ ਕੀ ਦੇ ਸਕਦੇ[95] ਹਨ ? |
| ਪਾਹਣੁ[96]ਨੀਰਿ[97] ਪਖਾਲੀਐ[98] ਭਾਈ ਜਲ[99] ਮਹਿ[100] ਬੂਡਹਿ[2] ਤੇਹਿ[3] ॥੬॥ | The stone[96] gods are washed[98] with water[97], O brother, but they[3] themselves sink[2] in[100] water[99]. | ਪੱਥਰ[96] ਦੇ ਦੇਵਤਿਆਂ ਦਾ ਪਾਣੀ[97] ਨਾਲ ਇਸ਼ਨਾਨ[98] ਕਰਾਇਆ ਜਾਂਦਾ ਹੈ, ਹੇ ਵੀਰ ! ਪਰ ਉਹ[3] ਖ਼ੁਦ ਪਾਣੀ[99] ਵਿੱਚ[100] ਡੁੱਬ ਜਾਂਦੇ[2] ਹਨ। |
| ਗੁਰ ਬਿਨੁ[4] ਅਲਖੁ[5] ਨ ਲਖੀਐ[6] ਭਾਈ ਜਗੁ[7] ਬੂਡੈ[8] ਪਤਿ[9] ਖੋਇ[10] ॥ | Without[4] the Guru, the unseen Lord[5] is not seen[6] and the world[7] is drowned[8], shorn[10] of its honour[9]. | ਗੁਰਾਂ ਦੇ ਬਾਝੋਂ[4] ਅਦ੍ਰਿਸ਼ਟ ਸੁਆਮੀ[5] ਦੇਖਿਆ[6] ਨਹੀਂ ਜਾ ਸਕਦਾ ਅਤੇ ਆਪਣੀ ਇੱਜ਼ਤ[9] ਗੁਆ ਕੇ[10] ਸੰਸਾਰ[7] ਡੁੱਬ ਜਾਂਦਾ[8] ਹੈ। |
| ਮੇਰੇ ਠਾਕੁਰ[12] ਹਾਥਿ[13] ਵਡਾਈਆ[14] ਭਾਈ ਜੈ ਭਾਵੈ[15] ਤੈ ਦੇਇ[16] ॥੭॥ | The greatness[14] is in the hand[13] of my Lord[12], O brother. He gives it to him[16] alone, whom He likes[15]. | ਇਜ਼ਤ ਆਬਰੂ[14] ਮੇਰੇ ਸਾਹਿਬ[12] ਦੇ ਹੱਥ[13] ਵਿੱਚ ਹਨ, ਹੇ ਵੀਰ ! ਜਿਸ ਨੂੰ ਉਹ ਚਾਹੁੰਦਾ[15] ਹੈ, ਕੇਵਲ ਉਸ ਨੂੰ[16] ਹੀ ਉਹ ਦਿੰਦਾ ਹੈ। |
| ਬਈਅਰਿ[17] ਬੋਲੈ[18] ਮੀਠੁਲੀ[19] ਭਾਈ ਸਾਚੁ ਕਹੈ[20] ਪਿਰ[21] ਭਾਇ[22] ॥ | The bride[17], who talks[18] sweetly[19] and tells[20] the truth, becomes pleasing[22] to her groom[21], O brother. | ਜੋ ਪਤਨੀ[17] ਮਿੱਠਾ[19] ਬੋਲਦੀ[18] ਹੈ ਅਤੇ ਸੱਚ ਆਖਦੀ[20] ਹੈ, ਉਹ ਆਪਣੇ ਪਤੀ[21] ਨੂੰ ਚੰਗੀ[22] ਲੱਗਣ ਲੱਗ ਜਾਂਦੀ ਹੈ, ਹੇ ਭਰਾਵਾ ! |
| ਬਿਰਹੈ[23] ਬੇਧੀ[24] ਸਚਿ ਵਸੀ[25] ਭਾਈ ਅਧਿਕ[26] ਰਹੀ ਹਰਿ ਨਾਇ[27] ॥੮॥ | Pierced[24] through with her Lord's love[23], she abides[25] in truth and remains deeply[26] imbued with God's Name[27]. | ਆਪਣੇ ਸੁਆਮੀ ਦੇ ਸਨੇਹ[23] ਨਾਲ ਵਿੰਨ੍ਹੀ ਹੋਈ[24] ਉਹ ਸੱਚ ਅੰਦਰ ਵੱਸਦੀ[25] ਹੈ ਤੇ ਰੱਬ ਦੇ ਨਾਮ[27] ਨਾਲ ਗੂਹੜੀ[26] ਰੰਗੀ ਰਹਿੰਦੀ ਹੈ। |

| | | |
|---|---|---|
| ਸਭੁ[28] ਕੋ ਆਖੈ[29] ਆਪਣਾ[30] ਭਾਈ ਗੁਰ ਤੇ[33] ਬੂਝੈ[31] ਸੁਜਾਨੁ[32] ॥ | Every one[28] calls[29] God his own[30], O brother, but it is through the Guru[33] that the Omniscient Lord[32] is known[31]. | ਹਰ ਜਣਾ[28] ਵਾਹਿਗੁਰੂ ਨੂੰ ਆਪਣਾ ਨਿੱਜ ਦਾ[30] ਕਹਿੰਦਾ[29] ਹੈ, ਹੇ ਵੀਰ ! ਪ੍ਰਭੂ ਗੁਰਾਂ ਦੇ ਰਾਹੀਂ[33] ਹੀ ਸਰਬੱਗ ਸੁਆਮੀ[32] ਜਾਣਿਆ ਜਾਂਦਾ[31] ਹੈ । |
| ਜੋ[37] ਬੀਧੇ[32] ਸੇ[33] ਊਬਰੇ[34] ਭਾਈ ਸਬਦੁ[35] ਸਚਾ ਨੀਸਾਨੁ[36] ॥੯॥ | They[33], who[37] are pierced through[32] with their Lord's love, are saved[34] and they are stamped[36] with the True Name[35]. | ਜਿਹੜੇ[37] ਆਪਣੇ ਪ੍ਰਭੂ ਦੀ ਪ੍ਰੀਤ ਨਾਲ ਵਿੰਨ੍ਹੇ ਗਏ[32]* ਹਨ, ਉਹ[33]* ਤਰ ਜਾਂਦੇ[34] ਹਨ ਅਤੇ ਉਨ੍ਹਾਂ ਉੱਤੇ ਸੱਚੇ ਨਾਮ[35] ਦੀ ਮੋਹਰ ਲੱਗ ਜਾਂਦੀ[36] ਹੈ । |
| ਈਧਨੁ[38] ਅਧਿਕ[39] ਸਕੇਲੀਐ[40] ਭਾਈ ਪਾਵਕੁ[41] ਰੰਚਕ[42] ਪਾਇ[43] ॥ ਖਿਨੁ ਪਲੁ[44] ਨਾਮੁ ਰਿਦੈ[45] ਵਸੈ[46] ਭਾਈ ਨਾਨਕ ਮਿਲਣੁ[47] ਸੁਭਾਇ[48] ॥੧੦॥੪॥ | As an amassed[40] heap[39] of fire-wood[38] is burnt off by applying[43] a little[42] fire[41], O brother, likewise the Name burns off the sins, even if it abides[46] for a moment and trice[44] in the mind[45]. Then the mortal easily[48] meets[47] with the Lord. | ਜਿਸ ਤਰ੍ਹਾਂ ਬਾਲਣ[38] ਦਾ ਇਕੱਤ੍ਰ ਕੀਤਾ[40] ਢੇਰ[39], ਭੋਰਾ[42] ਭਰ ਅੱਗ[41] ਲਾਉਣ ਨਾਲ[43] ਸੜ ਜਾਂਦਾ ਹੈ, ਹੇ ਵੀਰ ! ਏਸੇ ਤਰ੍ਹਾਂ ਹੀ ਨਾਮ ਪਾਪਾ ਨੂੰ ਸਾੜ ਸੁੱਟਦਾ ਹੈ, ਭਾਵੇਂ ਇਹ ਇੱਕ ਮੁਹਤ ਅਤੇ ਛਿਨ[44] ਲਈ ਹੀ ਮਨ[45] ਵਿੱਚ ਟਿੱਕ ਜਾਵੇ[46], (ਫੇਰ) ਪ੍ਰਾਣੀ ਸੁਖੈਨ[48] ਹੀ ਸਾਹਿਬ ਨਾਲ ਮਿਲ ਜਾਂਦਾ[47] ਹੈ । |
| ਸੋਰਠਿ ਮਹਲਾ ੩ ਘਰੁ ੧ ਤਿਤੁਕੀ | Sorath 3rd Guru Tituki. | ਸੋਰਠਿ ਤੀਜੀ ਪਾਤਿਸ਼ਾਹੀ ਤਿਤੁਕੀ । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਭਗਤਾ[49] ਦੀ ਸਦਾ[50] ਤੂ ਰਖਦਾ[51] ਹਰਿ ਜੀਉ[52] ਧੁਰਿ[53] ਤੂ ਰਖਦਾ ਆਇਆ ॥ | Thou, O dear[52] Lord, ever[50] preserve[51] the dignity of Thine saints[49] and from the very beginning[53]. | ਤੂੰ ਹੇ ਮਹਾਰਾਜ[52] ਸੁਆਮੀ ! ਹਮੇਸ਼ਾ[50] ਹੀ ਆਪਣੇ ਸੰਤਾਂ[49] ਦੀ ਮਾਨਮਹੱਤਾ ਕਾਇਮ ਰੱਖੀ[51] ਹੈ ਅਤੇ ਐਨ ਆਰੰਭ[53] ਤੋਂ ਉਨ੍ਹਾਂ ਦੀ ਇੱਜ਼ਤ ਬਰਕਰਾਰ ਰਖਦਾ ਆਇਆ ਹੈਂ । |
| ਪ੍ਰਹਿਲਾਦ ਜਨ[54] ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ[55] ॥ | Thou hast been safeguarding their honour; Thou, O reverend God, rescued Prahlad, Thy slave[54] and utterly annihilated[55] Harnakhsh. | ਤੂੰ ਹੇ ਪੂਜਨੀਕ ਵਾਹਿਗੁਰੂ ! ਆਪਣੇ ਗੋਲੇ[54] ਪ੍ਰਹਿਲਾਦ ਨੂੰ ਬਚਾ ਲਿਆ ਅਤੇ ਹਰਨਾਖ਼ਸ ਨੂੰ ਬਿਲਕੁਲ ਮਲੀਆਮੇਟ ਕਰ ਦਿੱਤਾ[55] । |
| ਗੁਰਮੁਖਾ[56] ਨੋ ਪਰਤੀਤਿ[57] ਹੈ ਹਰਿ ਜੀਉ ਮਨਮੁਖ[58] ਭਰਮਿ[59] ਭੁਲਾਇਆ[60] ॥੧॥ | The Guru-wards[56] have faith[57] in Thee, but the apostates[58] go astray[60] in doubt[59], O beloved Lord. | ਗੁਰੂ-ਅਨੁਸਾਰੀਆਂ[56] ਦਾ ਤੇਰੇ ਵਿੱਚ ਭਰੋਸਾ[57] ਹੈ; ਪ੍ਰਭੂ, ਅਧਰਮੀ[58] ਸੰਦੇਹ ਅੰਦਰ ਗੁਮਰਾਹ[60] ਹਨ । |
| ਹਰਿ ਜੀ ਏਹ ਤੇਰੀ ਵਡਿਆਈ[61] ॥ | O Venerable God, this is Thine glory[61]. | ਹੇ ਮਾਣਨਜ ਵਾਹਿਗੁਰੂ ! ਇਹ ਤੇਰੀ ਬਜ਼ੁਰਗੀ[61] ਹੈ । |
| ਭਗਤਾ[64] ਕੀ ਪੈਜ[62] ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ[63] ॥ਰਹਾਉ॥ | Thou savest the honour[62] of Thine devotees[64]. Thine devotees seek Thy refuge[63], O Lord. Pause. | ਤੂੰ ਆਪਣੇ ਸ਼ਰਧਾਲੂਆਂ[64] ਦੀ ਇੱਜ਼ਤ-ਆਬਰੂ[62] ਰਖਦਾ ਹੈਂ । ਤੇਰੇ ਸ਼ਰਧਾਲੂ ਤੇਰੀ ਓਟ[63] ਦੀ ਯਾਚਨਾ ਕਰਦੇ ਹਨ, ਹੇ ਪ੍ਰਭੂ ! ਠਹਿਰਾਉ । |

| | | |
|---|---|---|
| ਭਗਤਾ[70] ਨੋ ਜਮੁ[65] ਜੋਹਿ[66] ਨ ਸਾਕੈ ਕਾਲੁ[67] ਨ ਨੇੜੈ[68] ਜਾਈ[69] ॥ | God's slave[70], the Death's courier[65] dare not touch[66], nor can death[67] draw[69] near[68] them. | ਰੱਬ ਦੇ ਗੋਲਿਆਂ[70] ਨੂੰ ਮੌਤ ਦਾ ਦੂਤ[65] ਛੂਹ[66] ਨਹੀਂ ਸਕਦਾ, ਨਾ ਹੀ ਮੌਤ[67] ਉਨ੍ਹਾਂ ਦੇ ਲਾਗੇ[68] ਲਗਦੀ[69] ਹੈ। |
| ਕੇਵਲ[70*] ਰਾਮ[71] ਨਾਮੁ ਮਨਿ[72] ਵਸਿਆ[73] ਨਾਮੇ ਹੀ ਮੁਕਤਿ[74] ਪਾਈ[75] ॥ | The Lord's[71] Name alone[70*] dwells[73] within their mind[72] and only through the Name, obtain[75] they, the salvation[74]. | ਸਿਰਫ਼[70*] ਸੁਆਮੀ ਦਾ[71] ਨਾਮ ਉਨ੍ਹਾਂ ਦੇ ਹਿਰਦੇ[72] ਅੰਦਰ ਨਿਵਾਸ ਰਖਦਾ[73] ਹੈ ਅਤੇ ਨਾਮ ਦੇ ਰਾਹੀਂ ਹੀ ਉਹ ਕਲਿਆਣ[74] ਨੂੰ ਪ੍ਰਾਪਤ[75] ਹੁੰਦੇ ਹਨ। |
| ਰਿਧਿ[76] ਸਿਧਿ[77] ਸਭ[78] ਭਗਤਾ ਚਰਣੀ[79] ਲਾਗੀ[80] ਗੁਰ ਕੈ ਸਹਜਿ[81] ਸੁਭਾਈ[82] ॥੨॥ | Wealth[76] and super-natural[77] powers, all[78] fall[80] at the saints' feet[79], as they are blessed with equipoise[81] and sublime faith[82] by the Guru. | ਧਨ-ਸੰਪਦਾ[76] ਅਤੇ ਕਰਾਮਾਤੀ[77] ਸ਼ਕਤੀਆਂ ਸਮੂਹ[78] ਸੰਤਾਂ ਦੇ ਪੈਰੀਂ[79] ਪੈਂਦੀਆਂ[80] ਹਨ, ਕਿਉਂਕਿ ਉਨ੍ਹਾਂ ਨੂੰ ਗੁਰਾਂ ਨੇ ਅਡੋਲਤਾ[81] ਤੇ ਸ੍ਰੇਸ਼ਟ ਸ਼ਰਧਾ[82] ਪ੍ਰਦਾਨ ਕੀਤੀ ਹੋਈ ਹੈ। |
| ਮਨਮੁਖਾ[83] ਨੋ ਪਰਤੀਤਿ[84] ਨ ਆਵੀ ਅੰਤਰਿ[85] ਲੋਭ[86] ਸੁਆਉ[87] ॥ | The perverse[83] have no faith[84] in the Guru. Within[85] them there is greed[86] and self-interest[87], | ਪ੍ਰਤੀਕੂਲਾਂ[83] ਦਾ ਗੁਰਾਂ ਵਿੱਚ ਭਰੋਸਾ[84] ਨਹੀਂ। ਉਨ੍ਹਾਂ ਦੇ ਅੰਦਰ[85] ਲਾਲਚ[86] ਤੇ ਸਵੈ-ਮਨੋਰਥ[87] ਹੈ। |
| ਗੁਰਮੁਖਿ[88] ਹਿਰਦੈ[89] ਸਬਦੁ[90] ਨ ਭੇਦਿਓ[91] ਹਰਿ ਨਾਮਿ ਨ ਲਾਗਾ[92] ਭਾਉ[93] ॥ | They realise[91] not the Name[90] in their mind[89], through the Guru[88], nor do they enshrine[92] affection[93] for the God's Name, | ਗੁਰਾਂ ਦੇ ਰਾਹੀਂ[88] ਉਹ ਨਾਮ[90] ਨੂੰ ਆਪਣੇ ਚਿੱਤ[89] ਵਿੱਚ ਅਨੁਭਵ[91] ਨਹੀਂ ਕਰਦੇ, ਨਾ ਹੀ ਉਹ ਵਾਹਿਗੁਰੂ ਦੇ ਨਾਮ ਨਾਲ ਪ੍ਰੀਤ[93] ਪਾਉਂਦੇ[92] ਹਨ। |
| ੬੩੮ | | |
| ਕੂੜੁ[94] ਕਪਟੁ[95] ਪਾਜੁ[96] ਲਹਿ[97] ਜਾਸੀ ਮਨਮੁਖ[98] ਫੀਕਾ[99] ਅਲਾਉ[100] ॥੩॥ | The gilt[96] of falsehood[94] and hypocrisy[95] shall fade away[97]. An apostate[98] ever talks[100] dryly[99]. | ਝੂਠ[94] ਅਤੇ ਪਖੰਡ[95] ਦਾ ਮੁਲੰਮਾ[96] ਉੱਤਰ[97] ਜਾਊਗਾ। ਅਧਰਮੀ[98] ਸਦਾ ਹੀ ਰੁੱਖਾ[99] ਬੋਲਦਾ[100] ਹੈ। |
| ਭਗਤਾ ਵਿਚਿ ਆਪਿ[2] ਵਰਤਦਾ[3] ਪ੍ਰਭ[4] ਜੀ ਭਗਤੀ ਹੂ ਤੂ ਜਾਤਾ[5] ॥ | Thou Thyself[2] workest[3] through Thine saints, O dear[4] Lord and through Thine devotees Thou art known[5]. | ਤੂੰ ਆਪੇ[2] ਹੀ ਆਪਣੇ ਸਾਧੂਆਂ ਰਾਹੀਂ ਕੰਮ ਕਰਦਾ[3] ਹੈਂ, ਹੇ ਮਹਾਰਾਜ[4] ਸੁਆਮੀ! ਤੇ ਆਪਣੇ ਸ਼ਰਧਾਵਾਨਾਂ ਰਾਹੀਂ ਤੂੰ ਜਾਣਿਆ ਜਾਂਦਾ[5] ਹੈਂ। |
| ਮਾਇਆ[6] ਮੋਹ[7] ਸਭ[8] ਲੋਕ[9] ਹੈ ਤੇਰੀ ਤੂ ਏਕੋ[10] ਪੁਰਖੁ[12] ਬਿਧਾਤਾ[13] ॥ | All[8] the mortals[9] engrossed in the love[7] of wealth[6], are Thine and Thou alone[10] art Creator[13] Lord[12]. | ਮਾਲ ਧਨ[6] ਦੀ ਪ੍ਰੀਤ[7] ਵਿੱਚ ਖੱਚਤ ਹੋਏ ਹੋਏ ਪ੍ਰਾਣੀ[9] ਸਾਰੇ[8] ਤੇਂਡੇ ਹੀ ਹਨ ਕੇਵਲ[10] ਤੂੰ ਹੀ ਉਨ੍ਹਾਂ ਦਾ ਸਿਰਜਣਹਾਰ[13] ਸੁਆਮੀ[12] ਹੈਂ। |
| ਹਉਮੈ[14] ਮਾਰਿ[15] ਮਨਸਾ[16] ਮਨਹਿ[17] ਸਮਾਣੀ[18] ਗੁਰ ਕੈ ਸਬਦਿ[19] ਪਛਾਤਾ[20] ॥੪॥ | Stilling[15] my egotism[14] and nipping[18] the desire[16] in the very mind[17], I have realised[20] the Lord through the Guru's instruction[19]. | ਆਪਣੀ ਸਵੈ-ਹੰਗਤਾ[14] ਨੂੰ ਮੇਟ[15] ਤੇ ਖ਼ਾਹਿਸ਼[16] ਨੂੰ ਮਨ[17] ਵਿੱਚ ਹੀ ਮਾਰ ਕੇ[18] ਮੈਂ ਗੁਰਾਂ ਦੇ ਉਪਦੇਸ਼[19] ਰਾਹੀਂ ਪ੍ਰਭੂ ਨੂੰ ਅਨੁਭਵ ਕਰ ਲਿਆ[20] ਹੈ। |
| ਅਚਿੰਤ[21] ਕੰਮ[22] ਕਰਹਿ[23] ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ[24] ॥ | The Lord automatically[21] accomplishes[23] the tasks[22] of those, to whom the Name of God is dear[24]. | ਸਾਹਿਬ ਸੁਤੇ ਸਿੱਧ[21] ਹੀ ਉਨ੍ਹਾਂ ਦੇ ਕਾਰਜ[22] ਕਰਦਾ[23] ਹੈ ਜਿਨ੍ਹਾਂ ਨੂੰ ਵਾਹਿਗੁਰੂ ਦਾ ਨਾਮ ਮਿੱਠੜਾ[24] ਲਗਦਾ ਹੈ। |

| | | |
|---|---|---|
| ਗੁਰ ਪਰਸਾਦਿ[25] ਸਦਾ[26] ਮਨਿ ਵਸਿਆ[27] ਸਭਿ ਕਾਜ[28] ਸਵਾਰਣਹਾਰਾ[29] ॥ | By Guru's grace[25], He, who arranges[29] all the affairs[28], ever[26] abides[27] within their mind. | ਗੁਰਾਂ ਦੀ ਦਇਆ[25] ਦੁਆਰਾ ਸਾਰੇ ਕੰਮ[28] ਰਾਸ ਕਰਨ ਵਾਲਾ[29] ਹਮੇਸ਼ਾ[26] ਉਨ੍ਹਾਂ ਦੇ ਚਿੱਤ ਵਿੱਚ ਵੱਸਦਾ[27] ਹੈ । |
| ਓਨਾ ਕੀ ਰੀਸ[30] ਕਰੇ ਸੁ[31] ਵਿਗੁਚੈ[32] ਜਿਨ ਹਰਿ ਪ੍ਰਭੁ[33] ਹੈ ਰਖਵਾਰਾ[34] ॥੫॥ | Who-so-ever rivals[30] those, who have the Lord God[33] as their saviour[34], he[31] is destroyed[32]. | ਜੋ ਕੋਈ ਭੀ ਉਨ੍ਹਾਂ ਦੀ ਬਰਾਬਰੀ ਕਰਦਾ[30] ਹੈ, ਜਿਨ੍ਹਾਂ ਦਾ ਰਾਖਾ[34] ਸੁਆਮੀ ਵਾਹਿਗੁਰੂ[33] ਹੈ, ਉਹ[31] ਤਬਾਹ ਹੋ ਜਾਂਦਾ[32] ਹੈ । |
| ਬਿਨੁ ਸਤਿਗੁਰ ਸੇਵੇ[35] ਕਿਨੈ ਨ ਪਾਇਆ ਮਨਮੁਖਿ[36] ਭਉਕਿ[37] ਮੁਏ[38] ਬਿਲਲਾਈ[39] ॥ | Without serving[35] the True Guru, no one has ever attained the Lord. The egocentrics[36] die[38] yelping[37] and wailing[39]. | ਸੱਚੇ ਗੁਰਾਂ ਦੀ ਘਾਲ[35] ਕਮਾਏ ਬਗੈਰ ਕਦੇ ਕਿਸੇ ਨੂੰ ਪ੍ਰਭੂ ਪ੍ਰਾਪਤ ਨਹੀਂ ਹੋਇਆ । ਆਪ ਹੁਦਰੇ[36] ਭੌਂਕਦੇ[37] ਤੇ ਵਿਰਲਾਪ[39] ਕਰਦੇ ਮਰ ਗਏ[38] ਹਨ । |
| ਆਵਹਿ[40] ਜਾਵਹਿ[41] ਠਉਰ[42] ਨ ਪਾਵਹਿ ਦੁਖ ਮਹਿ[43] ਦੁਖਿ ਸਮਾਈ[44] ॥ | They come[40] and go[41] and find no place[42] of rest and in utter pain[43], they perish[44]. | ਉਹ ਆਉਂਦੇ[40] ਤੇ ਜਾਂਦੇ[41] ਹਨ ਅਤੇ ਕੋਈ ਸੁਖ ਦੀ ਥਾਂ[42] ਨਹੀਂ ਪਾਉਂਦੇ । ਉਹ ਮਹਾਨ ਕਸ਼ਟ[43] ਵਿੱਚ ਗਰਕ ਹੋ ਜਾਂਦੇ[44] ਹਨ । |
| ਗੁਰਮੁਖਿ[45] ਹੋਵੈ[52] ਸੁ[46] ਅੰਮ੍ਰਿਤੁ[47] ਪੀਵੈ[48] ਸਹਜੇ[49] ਸਾਚਿ[50] ਸਮਾਈ[51] ॥੬॥ | He[46], who turns[52] Guru-ward[45], drinks[48] the Nectar[47] and is easily[49] absorbed[51] in the True Name[50] | ਜੋ ਗੁਰੂ-ਅਨੁਸਾਰੀ[45] ਹੋ ਜਾਂਦਾ[52] ਹੈ, ਉਹ[46] ਅੰਮ੍ਰਿਤ[47] ਪਾਨ ਕਰਦਾ[48] ਹੈ ਅਤੇ ਸੁਖੈਨ[49] ਹੀ ਸੱਚੇ ਨਾਮ[50] ਵਿੱਚ ਲੀਨ ਹੋ ਜਾਂਦਾ[51] ਹੈ । |
| ਬਿਨੁ[53] ਸਤਿਗੁਰ ਸੇਵੇ[54] ਜਨਮੁ[55] ਨ ਛੋਡੈ[56] ਜੇ[57] ਅਨੇਕ[58] ਕਰਮ[59] ਕਰੈ[61] ਅਧਿਕਾਈ[60] ॥ | Without[53] the True Guru's service[54], birth[55] and death leave[56] not man, though[57] he may perform[61] very[60] many[58] rituals[59]. | ਸੱਚੇ ਗੁਰਾਂ ਦੀ ਸੇਵਾ ਟਹਿਲ[54] ਦੇ ਬਾਝੋਂ[53] ਬੰਦੇ ਨੂੰ ਜੰਮਣ[55] ਤੇ ਮਰਨ ਛੱਡਦੇ[56] ਨਹੀਂ, ਭਾਵੇਂ[57] ਉਹ ਕਿਤਨੇ ਪ੍ਰਕਾਰ[58] ਦੇ ਵੱਧ ਤੋਂ ਵੱਧ[60] ਕਰਮ-ਕਾਂਡ[59] ਪਿਆ ਕਰੇ[61] । |
| ਵੇਦ ਪੜਹਿ[62] ਤੈ[63] ਵਾਦ[64] ਵਖਾਣਹਿ[65] ਬਿਨੁ ਹਰਿ ਪਤਿ[66] ਗਵਾਈ[67] ॥ | He who reads[62] the Vedas and[63] indulges[65] in controversies[64], loses[67] his honour[66] without God. | ਜੋ ਵੇਦਾਂ ਨੂੰ ਵਾਚਦਾ[62] ਹੈ ਅਤੇ[63] ਬਹਿਸ-ਮੁਬਾਹਸੇ[64] ਕਰਦਾ[65] ਹੈ ਉਹ ਰੱਬ ਤੋਂ ਬਗੈਰ ਆਪਣੀ ਇੱਜ਼ਤ[66]-ਆਬਰੂ ਗੁਆ ਲੈਂਦਾ[67] ਹੈ । |
| ਸਚਾ ਸਤਿਗੁਰੁ ਸਾਚੀ ਜਿਸੁ[68] ਬਾਣੀ[69] ਭਜਿ[70] ਛੂਟਹਿ[71] ਗੁਰ ਸਰਣਾਈ[72] ॥੭॥ | True is the Satguru, whose[68] word[69] is True. Repairing[70] to the Guru's refuge[72] one is emancipated[71]. | ਸੱਚੇ ਹਨ ਸਤਿਗੁਰੂ, ਜਿਨ੍ਹਾਂ ਦੀ[68] ਕਲਾਮ[69] ਸੱਚੀ ਹੈ । ਗੁਰਾਂ ਦੀ ਸ਼ਰਣਾਗਤ[72] ਸੰਭਾਲਨ[70] ਦੁਆਰਾ ਬੰਦਾ ਬੰਦ-ਖਲਾਸ ਹੋ ਜਾਂਦਾ[71] ਹੈ । |
| ਜਿਨ ਹਰਿ ਮਨਿ[73] ਵਸਿਆ[74] ਸੇ[75] ਦਰਿ[76] ਸਾਚੇ[77] ਦਰਿ ਸਾਚੈ[78] ਸਚਿਆਰਾ[79] ॥ | They[75], within whose mind[73] God abides[74], are exonerated[77] in the Lord's court[76]; they are, acclaimed as True[78] in the True court[78]. | ਜਿਨ੍ਹਾਂ ਦੇ ਹਿਰਦੇ[73] ਅੰਦਰ ਵਾਹਿਗੁਰੂ ਵਸਦਾ[74] ਹੈ, ਉਹ[75] ਸਾਹਿਬ ਦੇ ਦਰਬਾਰ[76] ਵਿੱਚ ਸੁਰਖ਼ਰੂ[77] ਹਨ । ਸੱਚੇ ਦਰਬਾਰ[78] ਅੰਦਰ ਉਹ ਸੱਚੇ[79] ਕਰਾਰ ਦਿੱਤੇ ਜਾਂਦੇ ਹਨ । |
| ਓਨਾ ਦੀ ਸੋਭਾ[80] ਜੁਗਿ ਜੁਗਿ[81] ਹੋਈ ਕੋਇ ਨ ਮੇਟਣਹਾਰਾ[82] ॥ | Their praise[80] resounds all the ages through[81] and none can undo[82] it. | ਉਨ੍ਹਾਂ ਦੀ ਮਹਿਮਾ[80] ਸਾਰਿਆਂ ਯੁਗਾਂ ਅੰਦਰ[81] ਗੂੰਜਦੀ ਹੈ । ਕੋਈ ਭੀ ਇਸ ਨੂੰ ਮੇਸ[82] ਨਹੀਂ ਸਕਦਾ । |
| ਨਾਨਕ ਤਿਨ[83] ਕੈ ਸਦ[84] ਬਲਿਹਾਰੈ[85] ਜਿਨ ਹਰਿ | Nanak is ever[84] a sacrifice[85] unto those[83], who keep the Lord | ਨਾਨਕ ਹਮੇਸ਼ਾ[84] ਹੀ ਉਨ੍ਹਾਂ[83] ਤੋਂ ਕੁਰਬਾਨ[85] ਜਾਂਦਾ ਹੈ, ਜੋ ਪ੍ਰਭੂ ਨੂੰ ਆਪਣੇ ਹਿਰਦੇ[86] ਅੰਦਰ |

| | | |
|---|---|---|
| ਰਾਖਿਆ [86]ਉਰਿਧਾਰਾ[87] ॥ ੮॥੧॥ | enshrined[87] in their mind[86]. | ਟਿਕਾਈ ਰਖਦੇ[87] ਹਨ । |
| ਸੋਰਠਿ ਮਹਲਾ ੩ ਦੁਤੁਕੀ ॥ | Sorath 3rd Guru Dotuki. | ਸੋਰਠਿ ਤੀਜੀ ਪਾਤਿਸ਼ਾਹੀ ਦੁਤੁਕੀ । |
| ਨਿਰਗੁਣਿਆ[88] ਨੋ ਆਪੇ[89] ਬਖਸਿ[90] ਲਏ ਭਾਈ ਸਤਿਗੁਰ ਕੀ[91] ਸੇਵਾ ਲਾਇ[92] ॥ | Engaging[92] them to the True Guru's service[91], the Lord Himself[89] forgives[90] the meritless ones[88]. | ਉਨ੍ਹਾਂ ਨੂੰ ਸੱਚੇ ਗੁਰਾਂ ਦੀ ਚਾਕਰੀ[91] ਵਿੱਚ ਲਾ ਕੇ[92], ਸੁਆਮੀ ਆਪ[89] ਹੀ ਗੁਣ-ਵਿਹੂਣਾ[88] ਨੂੰ ਮਾਫ਼ ਕਰ ਦਿੰਦਾ[90] ਹੈ । |
| ਸਤਿਗੁਰ ਕੀ ਸੇਵਾ[94] ਊਤਮ[93] ਹੈ ਭਾਈ ਰਾਮ[95] ਨਾਮਿ ਚਿਤੁ[96] ਲਾਇ[97] ॥੧॥ | Sublime[93] is the True Guru's service[94], since it attaches[97] one's mind[96] to the Lord's Name[95]. | ਸ੍ਰੇਸ਼ਟ[93] ਹੈ ਸੱਚੇ ਗੁਰਾਂ ਦੀ ਟਹਿਲ-ਸੇਵਾ[94], ਕਿਉਂ ਜੋ ਇਹ ਬੰਦੇ ਦੇ ਮਨ[96] ਨੂੰ ਪ੍ਰਭੂ ਦੇ ਨਾਮ[95] ਨਾਲ ਜੋੜ ਦਿੰਦੀ[97] ਹੈ । |
| ਹਰਿ ਜੀਉ[98] ਆਪੇ[99] ਬਖਸਿ[100] ਮਿਲਾਇ ॥ | The dear[98] Lord Himself[99] forgiveth[100] and uniteth the mortal with Himself. | ਮਹਾਰਾਜ[98] ਸੁਆਮੀ ਖ਼ੁਦ[99] ਬੰਦੇ ਨੂੰ ਮਾਫ਼[100] ਕਰ ਕੇ ਆਪਣੇ ਨਾਲ ਮਿਲਾ ਲੈਂਦਾ ਹੈ । |
| ਗੁਣਹੀਣ[2] ਹਮ[3] ਅਪਰਾਧੀ[4] ਭਾਈ ਪੂਰੈ[5] ਸਤਿਗੁਰਿ ਲਏ ਰਲਾਇ[6] ॥ ਰਹਾਉ॥ | I[3] am a virtueless[2] sinner[4], O brother. The Perfect[5] True Guru has united[6] me with his congregation. Pause. | ਮੈਂ[3] ਨੇਕੀ-ਵਿਹੂਣ[2] ਪਾਪੀ[4] ਹਾਂ । ਪੂਰਨ[5] ਸੱਚੇ ਗੁਰਾਂ ਨੇ ਮੈਨੂੰ ਆਪਣੀ ਸੰਗਤ ਨਾਲ ਮਿਲਾ ਲਿਆ[6] ਹੈ, ਹੇ ਵੀਰ ! ਠਹਿਰਾਉ । |
| ਕਉਣ ਕਉਣ[7] ਅਪਰਾਧੀ[8] ਬਖਸਿਅਨੁ[9] ਪਿਆਰੇ[10] ਸਾਚੈ ਸਬਦਿ[12] ਵੀਚਾਰਿ[13] ॥ | Good many[7] sinners[8] have been pardoned[9] by meditating on[13] the True Name[12], O dear[10]. | ਸੱਚੇ ਨਾਮ[12] ਦਾ ਸਿਮਰਨ[13] ਕਰਨ ਦੁਆਰਾ ਅਨੇਕਾਂ[7] ਹੀ ਪਾਪੀ[8] ਮਾਫ਼ ਕਰ ਦਿੱਤੇ[9] ਗਏ ਹਨ, ਹੇ ਪ੍ਰੀਤਮਾ[10] ! |
| [14]ਭਉਜਲੁ[15] ਪਾਰਿ ਉਤਾਰਿਅਨੁ[16]ਭਾਈ ਸਤਿਗੁਰ ਬੇੜੈ[17] ਚਾੜਿ[18] ॥੨॥ | Embarking[18] them on the True Guru's ship[17], the Lord ferried[16] them across the dreadful[14] world ocean[15]. | ਸੱਚੇ ਗੁਰਾਂ ਦੇ ਜਹਾਜ਼[17] ਤੇ ਚਾੜ੍ਹ ਕੇ[18] ਸੁਆਮੀ ਨੇ ਉਨ੍ਹਾਂ ਨੂੰ ਡਰਾਉਣੇ[14] ਸੰਸਾਰ ਸਮੁੰਦਰ[15] ਤੋਂ ਪਾਰ ਕਰ ਦਿੱਤਾ[16] ਹੈ । |
| ਮਨੂਰੈ[19] ਤੇ[20] ਕੰਚਨ[21] ਭਏ[22] ਭਾਈ ਗੁਰੁ ਪਾਰਸੁ[23] ਮੇਲਿ[24] ਮਿਲਾਇ[25] ॥ | From[20] rusted iron[19] I have been transformed[22] into gold[21], by uniting[25] in the union[24] of Guru, the philosopher's stone[23], O brother. | ਗੁਰੂ ਰੂਪ ਅਮੋਲਕ ਕਸਵੱਟੀ[23] ਦੇ ਮਿਲਾਪ[24] ਅੰਦਰ ਮਿਲਣ ਦੁਆਰਾ[25] ਮੈਂ ਜੰਗਾਲੇ ਹੋਏ ਲੋਹੇ[19] ਤੋਂ[20] ਸੋਨਾ[21] ਬਣ ਗਿਆ[22] ਹਾਂ, ਹੇ ਵੀਰ ! |
| ਆਪੁ[26] ਛੋਡਿ[27] ਨਾਉ ਮਨਿ[28] ਵਸਿਆ[29] ਭਾਈ ਜੋਤੀ[30] ਜੋਤਿ[31] ਮਿਲਾਇ[32] ॥੩॥ | Stilling[27] self-conceit[26], the Name has taken abode[29] in my mind[28], and my light[31] has merged[32] in the Supreme Light[30]. | ਸਵੈ-ਹੰਗਤਾ[26] ਛੱਡਣ ਦੁਆਰਾ[27] ਨਾਮ ਮੇਰੇ ਰਿਦੇ[28] ਵਿੱਚ ਟਿੱਕ ਗਿਆ[29] ਹੈ ਅਤੇ ਮੇਰਾ ਨੂਰ[31] ਪਰਮ ਨੂਰ[30] ਵਿੱਚ ਮਿਲ ਗਿਆ[32] ਹੈ । |
| ਹਉ ਵਾਰੀ[33] ਹਉ ਵਾਰਣੈ ਭਾਈ[35] ਸਤਿਗੁਰ ਕਉ ਸਦ[34] ਬਲਿਹਾਰੈ ਜਾਉ ॥ | I am a sacrifice[33], I am a sacrifice, I am ever[34] a sacrifice unto my True Guru, O brother[35]. | ਮੈਂ ਬਲਿਹਾਰਨੇ[33] ਹਾਂ, ਮੈਂ ਬਲਿਹਾਰਨੇ ਹਾਂ, ਮੈਂ ਸਦੀਵ[34] ਹੀ ਬਲਿਹਾਰਨੇ ਹਾਂ, ਆਪਣੇ ਸੱਚੇ ਗੁਰਾਂ ਦੇ ਉਤੋਂ, ਹੇ ਵੀਰ[35] ! |

| | | |
|---|---|---|
| ਨਾਮੁ ਨਿਧਾਨੁ[36] ਜਿਨਿ ਦਿਤਾ ਭਾਈ ਗੁਰਮਤਿ[37] ਸਹਜਿ[38] ਸਮਾਉ[39] ॥੪॥ | I am absorbed[39] in celestial bliss[38], through the teaching[37] of the Guru, who has given me the Name treasure[36]. | ਗੁਰਾਂ ਦੇ ਉਪਦੇਸ਼[37] ਰਾਹੀਂ, ਜਿਨ੍ਹਾਂ ਨੇ ਮੈਨੂੰ ਨਾਮ ਦਾ ਖ਼ਜ਼ਾਨਾ[36] ਦਿੱਤਾ ਹੈ, ਮੈਂ ਬੈਕੁੰਠੀ ਆਨੰਦ[38] ਅੰਦਰ ਲੀਨ ਹੋ ਗਿਆ[39] ਹਾਂ। |
| ਗੁਰ ਬਿਨੁ ਸਹਜੁ[40] ਨ ਊਪਜੈ[41] ਭਾਈ ਪੂਛਹੁ[42] ਗਿਆਨੀਆ[43] ਜਾਇ[44] ॥ | Without the Guru, equanimity[40] is produced[41] not. Go[44] and consult[42] the theologians[43]. | ਗੁਰਾਂ ਦੇ ਬਾਝੋਂ ਬ੍ਰਹਿਮ ਵੀਚਾਰ[40] ਉਤਪੰਨ[41] ਨਹੀਂ ਹੁੰਦੀ। ਜਾ ਕੇ[44] ਬ੍ਰਹਿਮ ਬੇਤਿਆਂ[43] ਪਾਸੋਂ ਪਤਾ[42] ਕਰ ਲੈ। |
| ਸਤਿਗੁਰ ਕੀ ਸੇਵਾ[45] ਸਦਾ[46] ਕਰਿ ਭਾਈ ਵਿਚਹੁ[47] ਆਪੁ[48] ਗਵਾਇ[49] ॥੫॥ | Eradicating[49] selfhood[48] from within[47] O brother, ever[46] perform thou the True Guru's service[45]. | ਆਪਣੇ ਆਪੇ[48] ਨੂੰ ਅੰਦਰੋਂ[43] ਨਵਿਰਤ ਕਰ ਕੇ[49], ਹੇ ਵੀਰ ! ਤੂੰ ਹਮੇਸ਼ਾ[46] ਹੀ ਸੱਚੇ ਗੁਰਾਂ ਦੀ ਚਾਕਰੀ[45] ਕਮਾ। |
| ਗੁਰਮਤੀ[50] ਭਉ[51] ਊਪਜੈ[52] ਭਾਈ ਭਉ ਕਰਣੀ[53] ਸਚੁ[54] ਸਾਰੁ[55] ॥ | By Guru's instruction[50], God's fear[51] is produced[52] and true[54] and sublime[55] are the deeds[53] done under God's fear. | ਗੁਰਾਂ ਦੇ ਉਪਦੇਸ਼[50] ਦੁਆਰਾ ਰੱਬ ਦਾ ਡਰ[51] ਪੈਦਾ ਹੁੰਦਾ[52] ਹੈ। ਸੱਚੇ[54] ਤੇ ਸ੍ਰੇਸ਼ਟ[55] ਹਨ ਉਹ ਕਰਮ[53] ਜੋ ਰੱਬ ਦੇ ਡਰ ਹੇਠਾਂ ਕੀਤੇ ਜਾਂਦੇ ਹਨ। |
| ਪ੍ਰੇਮ[56] ਪਦਾਰਥੁ[57] ਪਾਈਐ[58] ਭਾਈ ਸਚੁ ਨਾਮੁ[59] ਆਧਾਰੁ[60] ॥੬॥ | Then is one blessed[58] with the wealth[57] of Lord's Love[56] and the mainstay[60] of the True Name[59]. | ਤਦ ਬੰਦੇ ਨੂੰ ਪ੍ਰਭੂ ਦੀ ਪ੍ਰੀਤ[56] ਦੀ ਦੌਲਤ[57] ਅਤੇ ਸੱਚੇ ਨਾਮ[59] ਦਾ ਆਸਰਾ[60] ਪ੍ਰਾਪਤ[58] ਹੋ ਜਾਂਦੇ ਹਨ। |
| ਜੋ ਸਤਿਗੁਰੁ ਸੇਵਹਿ[61] ਆਪਣਾ ਭਾਈ ਤਿਨ[62] ਕੈ ਹਉ[63] ਲਾਗਉ[64] ਪਾਇ[65] ॥ | They, who serve[61] their True Guru, I[63] fall[64] at their[62] feet[65], O brother. | ਜਿਹੜੇ ਆਪਣੇ ਸੱਚੇ ਗੁਰੂ ਦੀ ਘਾਲ ਕਮਾਉਂਦੇ[61] ਹਨ ਮੈਂ[63] ਉਨ੍ਹਾਂ[62] ਦੇ ਪੈਰੀਂ[65] ਪੈਂਦਾ[64] ਹਾਂ, ਹੇ ਭਰਾਵਾ ! |
| ਜਨਮੁ[66] ਸਵਾਰੀ[67] ਆਪਣਾ ਭਾਈ ਕੁਲੁ[68] ਭੀ ਲਈ ਬਖਸਾਇ[69] ॥੭॥ | I have adorned[67] my human birth[66] and procured pardon[69] for my progeny[68] as well. | ਮੈਂ ਆਪਣੇ ਮਨੁਖਾ ਜਨਮ[66] ਨੂੰ ਸਫਲਾ ਕਰ ਲਿਆ[67] ਹੈ ਅਤੇ ਆਪਣੇ ਵੰਸ[68] ਲਈ ਭੀ ਮਾਫ਼ੀ[69] ਪ੍ਰਾਪਤ ਕਰ ਲਈ ਹੈ। |
| ਸਚੁ ਬਾਣੀ[70] ਸਚੁ ਸਬਦੁ[71] ਹੈ ਭਾਈ ਗੁਰ ਕਿਰਪਾ[72] ਤੇ ਹੋਇ[73] ॥ | The true hymns of the Guru[70] and the True Name[71], O brother, are obtained[73] by Guru's grace[72]. | ਸੱਚੀ ਗੁਰਬਾਣੀ[70] ਅਤੇ ਸੱਚਾ ਨਾਮ[71], ਹੇ ਭਰਾਵਾ ! ਗੁਰਾਂ ਦੀ ਦਇਆ ਦੁਆਰਾ[72] ਪ੍ਰਾਪਤ ਹੁੰਦੇ[73] ਹਨ। |
| ੬੩੯ | | |
| ਨਾਨਕ ਨਾਮੁ ਹਰਿ ਮਨਿ[74] ਵਸੈ[75] ਭਾਈ ਤਿਸੁ[76] ਬਿਘਨੁ[77] ਨ ਲਾਗੈ[78] ਕੋਇ ॥੮॥੨॥ | O Nanak, no obstacle[77] befalls[78] him[76] within whose mind[74] the Lord's Name abides[75]. | ਹੇ ਨਾਨਕ, ਉਸ[76] ਨੂੰ ਕੋਈ ਔਕੜ[77] ਪੇਸ਼ ਨਹੀਂ ਆਉਂਦੀ[78] ਜਿਸ ਦੇ ਹਿਰਦੇ[74] ਵਿੱਚ ਪ੍ਰਭੂ ਦਾ ਨਾਮ ਵਸਦਾ[75] ਹੈ। |
| ਸੋਰਠਿ ਮਹਲਾ ੩ ॥ | Sorath 3rd Guru. | ਸੋਰਠਿ ਤੀਜੀ ਪਾਤਿਸ਼ਾਹੀ। |
| ਹਰਿ ਜੀਉ[79] ਸਬਦੇ[80] ਜਾਪਦਾ[81] ਭਾਈ ਪੂਰੈ[82] | The dear[79] Lord is known[81] through the instruction[80] of the Guru, who | ਮਹਾਰਾਜ[79] ਸੁਆਮੀ ਗੁਰਾਂ ਦੇ ਉਪਦੇਸ਼[80] ਰਾਹੀਂ ਜਾਣਿਆ ਜਾਂਦਾ[81] ਹੈ ਜੋ ਪੂਰਨ[82] ਪ੍ਰਾਲਬਧ[83] |

| | | |
|---|---|---|
| ਭਾਗਿ[83] ਮਿਲਾਇ[84] ॥ | is met[84] by the perfect[82] destiny[83]. | ਦੁਆਰਾ ਮਿਲਦੇ[84] ਹਨ । |
| ਸਦਾ[85] ਸੁਖੁ[86] ਸੋਹਾਗਣੀ[87] ਭਾਈ ਅਨਦਿਨੁ[88] ਰਤੀਆ[89] ਰੰਗੁ[90] ਲਾਇ[91] ॥੧॥ | The happy brides[87] ever[85] abide in peace[86], O brother. They bear[91] love[90] to their Lord and night and day[88] remain imbued[89] therewith. | ਸੁਹਾਗਣਾਂ[87] ਸਦੀਵ[85] ਹੀ ਆਰਾਮ[36] ਵਿੱਚ ਵਸਦੀਆਂ ਹਨ, ਹੇ ਵੀਰ ! ਉਹ ਆਪਣੇ ਸੁਆਮੀ ਨੂੰ ਪਿਆਰ[90] ਕਰਦੀਆਂ[91] ਹਨ ਤੇ ਰੈਣ ਦਿਹੁੰ[88] ਉਸ ਨਾਲ ਰੰਗੀਆਂ ਰਹਿੰਦੀਆਂ[89] ਹਨ । |
| ਹਰਿ ਜੀ[92] ਤੂ ਆਪੇ[93] ਰੰਗੁ[94] ਚੜਾਇ[95] ॥ | O good[92] God, Thou Thyself[93] givest the tinge[95] of Thy love[94]. | ਹੇ ਪੂਜਯ[92] ਪ੍ਰਭੂ ! ਤੂੰ ਖ਼ੁਦ[93] ਹੀ ਆਪਣੀ ਪ੍ਰੀਤ[94] ਨਾਲ ਰੰਗਦਾ[95] ਹੈਂ । |
| ਗਾਵਹੁ[96] ਗਾਵਹੁ ਰੰਗਿ[97] ਰਾਤਿਹੋ[97]* ਭਾਈ ਹਰਿ ਸੇਤੀ[98] ਰੰਗੁ[99] ਲਾਇ[100] ॥ ਰਹਾਉ॥ | Bear[100] thou love[99] with[98] God, O brother ahd being so imbued[97]* with love[97], continually sing[96] thou His praise. Pause. | ਤੂੰ ਰੱਬ ਨਾਲ[98] ਪਿਆਰ[99] ਪਾ[100], ਹੇ ਭਰਾਵਾ ! ਅਤੇ ਇੰਝ ਪਿਆਰ[97] ਨਾਲ ਰੰਗੀਜ[97]*, ਤੂੰ ਉਸ ਦੀ ਮਹਿਮਾ ਇਕਰਸ ਗਾਇਨ[96] ਕਰ । ਠਹਿਰਾਉ । |
| ਗੁਰ ਕੀ ਕਾਰ[2] ਕਮਾਵਣੀ[3] ਭਾਈ ਆਪੁ[4] ਛੋਡਿ[5] ਚਿਤੁ[6] ਲਾਇ[7] ॥ | Abondon[5] thy self-conceit[4] and fix[7] thy attention[6] on the performance[3] of Guru's service[2], O brother. | ਆਪਣੀ ਸਵੈ-ਹੰਗਤਾ[4], ਛੱਡ[5] ਦੇ ਅਤੇ ਆਪਣੀ ਬਿਰਤੀ[6] ਗੁਰਾਂ ਦੀ ਚਾਕਰੀ[2] ਕਮਾਉਣ[3] ਅੰਦਰ ਜੋੜ[7], ਹੇ ਵੀਰ ! |
| ਸਦਾ[8] ਸਹਜੁ[9] ਫਿਰਿ[10] ਦੁਖੁ[12] ਨ ਲਗਈ[13] ਭਾਈ ਹਰਿ ਆਪਿ[14] ਵਸੈ[15] ਮਨਿ[16] ਆਇ[17] ॥੨॥ | Thus shalt thou ever[8] abide in peace[9], O brother, sorrow[12] shall visit[13] thee not again[10] and God Himself[14] shall come[17] and dwell[15] within thy mind[16]. | ਇਸ ਤਰ੍ਹਾਂ ਤੂੰ ਹਮੇਸ਼ਾ[8] ਆਰਾਮ[9] ਵਿੱਚ ਵੱਸੇਂਗਾ, ਹੇ ਭਰਾਵਾ ਤੈਨੂੰ ਮੁੜ ਕੇ[10] ਕਸ਼ਟ[12] ਨਹੀਂ ਵਾਪਰੇਗਾ[13] ਅਤੇ ਵਾਹਿਗੁਰੂ ਖ਼ੁਦ[14] ਆ ਕੇ[17] ਤੇਰੇ ਹਿਰਦੇ[16] ਵਿੱਚ ਟਿਕ ਜਾਵੇਗਾ[15] । |
| ਪਿਰ[18] ਕਾ ਹੁਕਮੁ[19] ਨ ਜਾਣਈ[20] ਭਾਈ ਸਾ[21] ਕੁਲਖਣੀ[22] ਕੁਨਾਰਿ[23] ॥ | She[21], who realises[20] not the will[19] of her Beloved[18] is an ill-mannered[22] and bad bride[23]. | ਜੋ ਆਪਣੇ ਪ੍ਰੀਤਮ[18] ਦੀ ਰਜ਼ਾ[19] ਨੂੰ ਅਨੁਭਵ[20] ਨਹੀਂ ਕਰਦੀ ਉਹ[21] ਖੋਟੇ ਲੱਛਣਾਂ ਵਾਲੀ[22] ਤੇ ਮੰਦੀ ਪਤਨੀ[23] ਹੈ । |
| ਮਨਹਠਿ[24] ਕਾਰਿ[25] ਕਮਾਵਣੀ[26] ਭਾਈ ਵਿਣੁ[27] ਨਾਵੈ ਕੂੜਿਆਰਿ[28] ॥੩॥ | Through her mind's obstinacy[24], she does[26] the deeds[25] and bereft[27] of the Name, she is false[28], O brother. | ਆਪਣੇ ਮਨ ਦੀ ਜ਼ਿੱਦ[24] ਰਾਹੀਂ ਉਹ ਕੰਮ[25] ਕਰਦੀ[26] ਹੈ ਅਤੇ ਨਾਮ ਤੋਂ ਸੱਖਣੀ[27] ਝੂਠੀ[28] ਹੈ, ਹੇ ਭਰਾਵਾ ! |
| ਸੇ[29] ਗਾਵਹਿ ਜਿਨ ਮਸਤਕਿ[30] ਭਾਗੁ[31] ਹੈ ਭਾਈ ਭਾਇ[32] ਸਚੈ[33] ਬੈਰਾਗੁ[34] ॥ | They[29] alone sing the Lord's praise, O brother, on whose brow[30] good luck[31] is recorded. Through the True Lord's[33] love[32] they become detached[34]. | ਕੇਵਲ ਓਹੀ[29] ਮਾਲਕ ਦੀ ਮਹਿਮਾ ਗਾਇਨ ਕਰਦੇ ਹਨ, ਹੇ ਵੀਰ, ਜਿਨ੍ਹਾਂ ਦੇ ਮੱਥੇ[30] ਉਤੇ ਚੰਗੀ ਕਿਸਮਤ[31] ਲਿਖੀ ਹੋਈ ਹੈ । ਸੱਚੇ ਸੁਆਮੀ ਦੇ[33] ਪ੍ਰੇਮ[32] ਰਾਹੀਂ ਉਹ ਨਿਰਲੇਪ[34] ਥੀ ਵੰਞਦੇ ਹਨ । |
| ਅਨਦਿਨੁ[35] ਰਾਤੇ[36] ਗੁਣ[37] ਰਵਹਿ[38] ਭਾਈ ਨਿਰਭਉ[39] ਗੁਰ ਲਿਵ[40] ਲਾਗੁ[41] ॥੪॥ | Cultivating[41] love[40] for the fearless[39] Guru and imbued[36] therewith, night and day[35], they utter[38] the Lord's praise[37], O brother. | ਨਿਡਰ[39] ਗੁਰਾਂ ਨਾਲ ਪਿਰਹੜੀ[40] ਪਾ ਕੇ[41] ਅਤੇ ਉਸ ਨਾਲ ਰੰਗੀਜ[36], ਉਹ ਰਾਤ ਦਿਨ[35] ਪ੍ਰਭੂ ਦਾ ਜੱਸ[37] ਉਚਾਰਨ ਕਰਦੇ[38] ਹਨ, ਹੇ ਵੀਰ ! |
| ਸਭਨਾ[42] ਮਾਰਿ ਜੀਵਾਲਦਾ[43] ਭਾਈ ਸੋ[44] ਸੇਵਹੁ[45] ਦਿਨੁ ਰਾਤਿ ॥ | Day and night serve[45] Him[44], O brother, who destroys and revives[43] all[42]. | ਦਿਨ ਰਾਤ ਉਸ ਦੀ[44] ਸੇਵਾ ਕਰ[45], ਹੇ ਭਰਾ ! ਜੋ ਸਾਰਿਆਂ[42] ਨੂੰ ਮਾਰਦਾ ਤੇ ਸੁਰਜੀਤ ਕਰਦਾ[43] ਹੈ । |

| | | |
|---|---|---|
| ਸੋ ਕਿਉ ਮਨਹੁ ਵਿਸਾਰੀਐ[46] ਭਾਈ ਜਿਸ ਦੀ ਵਡੀ[47] ਹੈ ਦਾਤਿ[48] ॥੫॥ | Within our mind, why should we forget[46] Him, O brother, whose gift[48] is so great[47] ? | ਆਪਣੇ ਚਿੱਤ ਵਿਚੋਂ ਅਸੀਂ ਉਸ ਨੂੰ ਕਿਉਂ ਭੁਲਾਈਏ[46], ਹੇ ਵੀਰ ! ਜਿਸ ਦੀ ਬਖ਼ਸ਼ੀਸ਼[48] ਐਡੀ ਵਿਸ਼ਾਲ[47] ਹੈ ? |
| ਮਨਮੁਖਿ[49] ਮੈਲੀ[50] ਡੁੰਮਣੀ[51] ਭਾਈ ਦਰਗਹ[52] ਨਾਹੀ ਥਾਉ[53] ॥ | The way-ward[49] bride is filthy[50] and double-minded[51], O brother,. and in the Lord's court[52], she finds no place of rest[53]. | ਆਪ-ਹੁਦਰੀ[49] ਪਤਨੀ ਪਲੀਤ[50] ਤੇ ਦੁਚਿੱਤੀ[51] ਹੈ। ਸਾਹਿਬ ਦੇ ਦਰਬਾਰ[52] ਵਿੱਚ ਉਸ ਨੂੰ ਕੋਈ ਸੁਖ ਦਾ ਟਿਕਾਣਾ[53] ਨਹੀਂ ਮਿਲਦਾ। |
| ਗੁਰਮੁਖਿ[54] ਹੋਵੈ[60] ਤ[55] ਗੁਣ[56] ਰਵੈ[57] ਭਾਈ ਮਿਲਿ ਪ੍ਰੀਤਮ ਸਾਚਿ[58] ਸਮਾਉ[59] ॥੬॥ | If she turns[60] Guru-wards[54], then[55], utters[57] she the Lord's praise[56] and meeting her True Beloved[58], merges[59] in Him, O brother. | ਜੇਕਰ ਉਹ ਗੁਰੂ-ਅਨੁਸਾਰੀ[54] ਥੀ ਵੰਞੇ[60], ਤਦ[55] ਹੀ ਉਹ ਸੁਆਮੀ ਦਾ ਜੱਸ[56] ਉਚਾਰਨ ਕਰਦੀ[57] ਹੈ ਅਤੇ ਆਪਣੇ ਸੱਚੇ ਦਿਲਬਰ[58] ਨੂੰ ਮਿਲ ਕੇ ਉਸ ਵਿੱਚ ਲੀਨ ਹੋ ਜਾਂਦੀ[59] ਹੈ, ਹੇ ਵੀਰ ! |
| ਏਤੁ ਜਨਮਿ[61] ਹਰਿ ਨ ਚੇਤਿਓ[62] ਭਾਈ ਕਿਆ[63] ਮੁਹੁ[64] ਦੇਸੀ[65] ਜਾਇ[66] ॥ | In this life[61], she meditates[62] not on the Lord, O brother. What[63] face[64] shall she show[65] going[66] hereafter ? | ਇਸ ਜੀਵਣ[61] ਵਿੱਚ ਉਹ ਸੁਆਮੀ ਦਾ ਸਿਮਰਨ[62] ਨਹੀਂ ਕਰਦੀ, ਹੇ ਵੀਰ ! ਅੱਗੇ ਜਾ ਕੇ[66] ਉਹ ਕਿਹੜਾ[63] ਮੂੰਹ[64] ਦਿਖਾਊਗੀ[65] ? |
| ਕਿੜੀ[67] ਪਵੰਦੀ[71] ਮੁਹਾਇਓਨੁ[68] ਭਾਈ ਬਿਖਿਆ[69] ਨੋ ਲੋਭਾਇ[70] ॥੭॥ | Inspite of the warning-calls[67] being sounded[71], she is plundered[68], O brother, and craves[70] only for sins[69]. | ਨਸੀਹਤ ਦੇ ਹੋਕਰੇ[67] ਪੈਣ[71] ਦੇ ਬਾਵਜੂਦ ਉਹ ਲੁੱਟੀ ਪੁੱਟੀ ਗਈ[68] ਹੈ, ਹੇ ਵੀਰ ! ਅਤੇ ਕੇਵਲ ਪਾਪਾਂ[69] ਨੂੰ ਹੀ ਲੋਚਦੀ[70] ਹੈ। |
| ਨਾਮੁ ਸਮਾਲਹਿ[71] ਸੁਖਿ[72] ਵਸਹਿ[73] ਭਾਈ ਸਦਾ[74] ਸੁਖੁ[77] ਸਾਂਤਿ[75] ਸਰੀਰ[76] ॥ | They, who remember[71] the Name, abide[73] in peace[72], and ever[74] joyful[77] and calm[75] remains their body[76]. | ਜੋ ਨਾਮ ਨੂੰ ਸਿਮਰਦੇ[71]* ਹਨ, ਉਹ ਆਰਾਮ[72] ਅੰਦਰ ਵਸਦੇ[73] ਹਨ ਅਤੇ ਹਮੇਸ਼ਾ[74] ਅਨੰਦ-ਮਈ[77] ਤੇ ਸੀਤਲ[75] ਰਹਿੰਦੀ ਹੈ ਉਨ੍ਹਾਂ ਦੀ ਦੇਹ[76]। |
| ਨਾਨਕ ਨਾਮੁ ਸਮਾਲਿ[78] ਤੂ ਭਾਈ ਅਪਰੰਪਰ[79] ਗੁਣੀ[80] ਗਹੀਰ[81] ॥੮॥੩॥ | Nanak, utter[78] thou the Name of the Limitless[79], Meritorious[80] and Unfathomable[81] Lord, O brother. | ਨਾਨਕ, ਤੂੰ ਹੱਦਬੰਨਾ ਰਹਿਤ[79], ਗੁਣਵਾਨ[80] ਅਤੇ ਅਥਾਹ[81] ਸੁਆਮੀ ਦੇ ਨਾਮ ਦਾ ਉਚਾਰਨ[78] ਕਰ, ਹੇ ਵੀਰ ! |
| ਸੋਰਠਿ ਮਹਲਾ ੫ ਘਰੁ ੧ ਅਸਟਪਦੀਆ | Sorath 5th Guru Ashtpadis. | ਸੋਰਠਿ ਪੰਜਵੀਂ ਪਾਤਿਸ਼ਾਹੀ ਅਸ਼ਟਪਦੀਆਂ। |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਸਭੁ ਜਗੁ[82] ਜਿਨਹਿ ਉਪਾਇਆ[83] ਭਾਈ ਕਰਣ[84] ਕਾਰਣ[85] ਸਮਰਥੁ[86] ॥ | He, who has created[93] the entire world[82], O brother, is Omnipotent[86] to do[84] all the deeds[86]. | ਜਿਸ ਨੇ ਸਾਰਾ ਸੰਸਾਰ[82] ਰੱਚਿਆ[83] ਹੈ, ਹੇ ਵੀਰ ! ਉਹ ਸਾਰੇ ਕੰਮ[85] ਕਰਨ[84] ਨੂੰ ਸਰਬ-ਸ਼ਕਤੀਵਾਨ[86] ਹੈ। |
| ਜੀਉ[87] ਪਿੰਡੁ[88] ਜਿਨਿ[89] ਸਾਜਿਆ[90] ਭਾਈ ਦੇ ਕਰਿ[91] ਅਪਣੀ ਵਥੁ[92] ॥ | He is the Lord who[89] has fashioned[90] the soul[87] and body[88] by using[91] His power[92]. | ਉਹ ਐਸਾ ਸੁਆਮੀ ਹੈ, ਜਿਸ[89] ਨੇ ਆਪਣੀ ਸੱਤਿਆ[92] ਵਰਤ ਕੇ[91] ਆਤਮਾ[87] ਤੇ ਦੇਹ[88] ਨੂੰ ਘੜਿਆ[90] ਹੈ। |
| ਕਿਨਿ[93] ਕਹੀਐ[94] ਕਿਉ[95] | How[93] is He to be described[94] and | ਉਸ ਨੂੰ ਕਿਸ ਤਰ੍ਹਾਂ[93] ਵਰਨਣ ਕਰੀਏ[94], ਤੇ ਕਿਸ ਤਰ੍ਹਾਂ[95] |

| | | |
|---|---|---|
| ਦੇਖੀਐ[95] ਭਾਈ[96] ਕਰਤਾ[97] ਏਕੁ[98] ਅਕਥੁ[99] ॥ | how[95] to be seen[95] ? The Creator[97] is unique[98] and indescribable[99], O brother[96]. | ਵੇਖੀਏ[95*] ? ਅਦੁੱਤੀ[98] ਸਿਰਜਣਹਾਰ[97] ਅਕਹਿ[99] ਅਤੇ ਅਦ੍ਰਿਸ਼ਟ ਹੈ, ਹੇ ਭਰਾਵਾ[96] ! |
| ਗੁਰੁ ਗੋਵਿੰਦੁ[100] ਸਲਾਹੀਐ[2] ਭਾਈ ਜਿਸ[3] ਤੇ ਜਾਪੈ[4] ਤਥੁ[5] ॥੧॥ | Praise[2] thou thy Guru-God[100], O brother, from whom[3] thou shalt know[4] the quintessence[5]. | ਤੂੰ ਆਪਣੇ ਗੁਰੂ-ਪ੍ਰਮੇਸ਼ਰ[100] ਦੀ ਸਿਫ਼ਤ ਕਰ[2], ਹੇ ਵੀਰ ! ਜਿਨ੍ਹਾਂ[3] ਪਾਸੋਂ ਤੈਨੂੰ ਸਾਰ-ਤੱਤ[5] ਦੀ ਗਿਆਤ[4] ਹੋ ਜਾਵੇਗੀ । |
| ਮੇਰੇ ਮਨ[6] ਜਪੀਐ[7] ਹਰਿ ਭਗਵੰਤਾ[8] ॥ | O my soul[6], remember[7] thou thy fortunate Lord[8]. | ਹੇ ਮੇਰੀ ਜਿੰਦੇ[6] ! ਤੂੰ ਆਪਣੇ ਭਾਗਾਂ ਵਾਲੇ ਸਾਂਈ[8] ਨੂੰ ਸਿਮਰ[7] । |
| ਨਾਮ ਦਾਨੁ[9] ਦੇਇ[10] ਜਨ[12] ਅਪਨੇ ਦੂਖ[13] ਦਰਦ[14] ਕਾ ਹੰਤਾ[15] ॥ਰਹਾਉ॥ | The Lord, Destroyer[15] of sorrow[13] and suffering[14], blesses His slave[12] with the benefication[9] of the Name. Pause. | ਦੁਖੜੇ[13] ਤੇ ਪੀੜ[14] ਨੂੰ ਨਾਸ ਕਰਨ ਵਾਲਾ[15] ਸੁਆਮੀ, ਆਪਣੇ ਗੋਲੇ[12] ਨੂੰ ਨਾਮ ਦੀ ਦਾਤ[9] ਦਿੰਦਾ[10] ਹੈ । ਠਹਿਰਾਉ । |
| ਜਾ[16] ਕੈ ਘਰਿ[17] ਸਭੁ ਕਿਛੁ[18] ਹੈ ਭਾਈ ਨਉ ਨਿਧਿ[19] ਭਰੇ[20] ਭੰਡਾਰ[21] ॥ | In whose[16] 'Home'[17] every thing[18] is there, and whose store-houses[21] are brimful[20] with nine treasures[19]; | ਜਿਸ ਦੇ[16] 'ਧਾਮ[17]' ਵਿੱਚ ਸਾਰੀਆਂ ਵਸਤੂਆਂ[18] ਹਨ ਅਤੇ ਜਿਸ ਦੇ ਤੋਸ਼ੇਖਾਨੇ[21] ਨੌ ਖ਼ਜ਼ਾਨਿਆਂ[19] ਨਾਲ ਪਰੀਪੂਰਨ ਹਨ ; |
| ਤਿਸ[22] ਕੀ ਕੀਮਤਿ[23] ਨਾ ਪਵੈ ਭਾਈ ਊਚਾ[24] ਅਗਮ[25] ਅਪਾਰ[26] ॥ | His[22] worth[23] cannot be ascertained, O brother and He is lofty[24], unapproachable[25] and Infinite[26]. | ਉਸ ਦਾ[22] ਮੁੱਲ[23] ਪਾਇਆ ਨਹੀਂ ਜਾ ਸਕਦਾ, ਹੇ ਭਰਾਵਾ ! ਉਹ ਬੁਲੰਦ[24], ਪਹੁੰਚ ਤੋਂ ਪਰੇ[25] ਅਤੇ ਬੇਅੰਤ[26] ਹੈ । |
| ਜੀਅ[27] ਜੰਤ[28]ਪ੍ਰਤਿਪਾਲਦਾ[29] ਭਾਈ ਨਿਤ ਨਿਤ[30] ਕਰਦਾ ਸਾਰ[31] ॥ | He cherishes[29] the human beings[27] and other creatures[28], and day-in and day[30] out, takes care[31] of them, O brother. | ਉਹ ਇਨਸਾਨਾਂ[27] ਅਤੇ ਹੋਰ ਜੀਵਾਂ[28] ਦੀ ਪਾਲਣਾ-ਪੋਸਣਾ ਕਰਦਾ[29] ਹੈ ਤੇ ਨਿਤਾਪ੍ਰਤੀ[30] ਉਨ੍ਹਾਂ ਦੀ ਸੰਭਾਲ[31] ਕਰਦਾ ਹੈ, ਹੇ ਵੀਰ ! |
| ਸਤਿਗੁਰੁ ਪੂਰਾ[32] ਭੇਟੀਐ[33] ਭਾਈ ਸਬਦਿ[34] ਮਿਲਾਵਣਹਾਰ[35] ॥੨॥ | Meet[33] thou, the Perfect[32] True Guru, O brother, who by his instruction[24], shall unite[35] thee with the Lord. | ਤੂੰ ਪੂਰਨ[32], ਸੱਚੇ ਗੁਰਾਂ ਨੂੰ ਮਿਲ[33], ਹੇ ਭਰਾਵਾ ! ਜੋ ਆਪਣੇ ਉਪਦੇਸ਼[34] ਦੁਆਰਾ ਤੈਨੂੰ ਪ੍ਰਭੂ ਨਾਲ ਜੋੜ[35] ਦੇਣਗੇ । |
| ਸਚੇ[36] ਚਰਣ[37] ਸਰੇਵੀਅਹਿ[38] ਭਾਈ ਭ੍ਰਮੁ[39] ਭਉ[40] ਹੋਵੈ ਨਾਸੁ[41] ॥ | By adoring[38] the True Lord's[36] feet[37], O brother, doubt[39] and dread[40] are dispelled[41]. | ਸੱਚੇ ਸਾਹਿਬ ਦੇ[36] ਪੈਰ[37] ਪੂਜਣ[38] ਦੁਆਰਾ ਹੇ ਭਰਾ ! ਸੰਦੇਹ[39] ਅਤੇ ਡਰ[40] ਦੂਰ ਹੋ ਜਾਂਦੇ[41] ਹਨ । |
| ਮਿਲਿ[42] ਸੰਤ ਸਭਾ[43] ਮਨੁ[44] ਮਾਂਜੀਐ[45] ਭਾਈ ਹਰਿ ਕੈ ਨਾਮਿ ਨਿਵਾਸੁ[46] ॥ | Joining[42] the society of saints[43], cleanse[45] thy soul[44], O brother, and then, thou shalt abide[46] in the Lord's Name. | ਸਤਿ ਸੰਗਤ[43] ਨਾਲ ਜੁੜ ਕੇ[42] ਆਪਣੀ ਆਤਮਾ[44] ਨੂੰ ਸਾਫ਼ ਸੁਥਰੀ ਕਰ[45], ਹੇ ਵੀਰ ! ਤਦ ਤੂੰ ਸਾਂਈਂ ਦੇ ਨਾਮ ਵਿੱਚ ਵੱਸੇਂਗਾ[46] । |
| ੬੪੦ | | |
| ਮਿਟੈ[47] ਅੰਧੇਰਾ[48] | The darkness[48] of ignorance[49] shall | ਤੇਰਾ ਬੇਸਮਝੀ[49] ਦਾ ਅਨ੍ਹੇਰਾ[48] ਦੂਰ ਹੋ ਜਾਵੇਗਾ[47] ਅਤੇ |

| | | |
|---|---|---|
| ਅਗਿਆਨਤਾ[49] ਭਾਈ ਕਮਲ[50] ਹੋਵੈ ਪਰਗਾਸੁ[51] ॥ | be dispelled[47] and thy heart-lotus[50] shall bloom[51], O brother. | ਤੇਰਾ ਦਿਲ-ਕੰਵਲ[50] ਖਿੜ ਵੰਞੇਗਾ[51], ਹੇ ਭਰਾਵਾ ! |
| ਗੁਰ ਬਚਨੀ[52] ਸੁਖੁ[53] ਊਪਜੈ[54] ਭਾਈ ਸਭਿ ਫਲ[55] ਸਤਿਗੁਰ ਪਾਸਿ[56] ॥੩॥ | By Guru's word[52], well up[54] all the comforts[53]; all the fruits[55] are with[56] the True Guru, O brother. | ਗੁਰਾਂ ਦੇ ਸ਼ਬਦ ਦੁਆਰਾ[52] ਸਾਰੇ ਆਰਾਮ[53] ਉਤਪੰਨ[54] ਹੁੰਦੇ ਹਨ। ਸਾਰੇ ਫਲ[55] ਸੱਚੇ ਗੁਰਾਂ ਦੇ ਕੋਲ[56] ਹਨ ਹੇ ਭਰਾਵਾ ! |
| ਮੇਰਾ[57] ਤੇਰਾ[58] ਛੋਡੀਐ[59] ਭਾਈ ਹੋਈਐ ਸਭ ਕੀ ਧੂਰਿ[60] ॥ | Give up[59] thy mine[57] and thine[58] and be thou the dust[60] of the feet of all, O brother. | ਤੂੰ ਆਪਣੀ ਮੈਂਡੀ[57] ਤੇ ਤੈਂਡੀ[58] ਤਿਆਗ ਦੇ[59] ਅਤੇ ਸਾਰਿਆਂ ਦੇ ਪੈਰਾਂ ਦੀ ਧੂੜ[60] ਹੋ ਜਾ, ਹੇ ਵੀਰ ! |
| ਘਟਿ ਘਟਿ[61] ਬ੍ਰਹਮੁ[62] ਪਸਾਰਿਆ[63] ਭਾਈ ਪੇਖੈ[64] ਸੁਣੈ[65] ਹਜੂਰਿ[66] ॥ | Among all the hearts[61] the Lord[62] is contained[63] and He sees[64] and hears[65] as if just close at hand[66]. | ਸਾਰਿਆਂ ਦਿਲਾਂ ਅੰਦਰ[61] ਸੁਆਮੀ[62] ਰਮਿਆ ਹੋਇਆ[63] ਹੈ। ਉਹ ਐਨ ਲਾਗੇ[66] ਹੀ ਵੇਖਦਾ[64] ਤੇ ਸੁਣਦਾ[65] ਹੈ। |
| ਜਿਤੁ ਦਿਨਿ[67] ਵਿਸਰੈ[68] ਪਾਰਬ੍ਰਹਮੁ[69] ਭਾਈ ਤਿਤੁ ਦਿਨਿ[70] ਮਰੀਐ ਝੂਰਿ[71] ॥ | The day[67] one forgets[68] the supreme Lord[69], O brother, that day[70] one ought to die of repentance[71] | ਜਿਸ ਦਿਨ[67] ਬੰਦਾ ਸ਼੍ਰੋਮਣੀ ਸਾਹਿਬ[69] ਨੂੰ ਭੁਲ ਜਾਂਦਾ[68] ਹੈ, ਹੇ ਵੀਰ ਉਸ ਦਿਨ[70] ਉਸ ਨੂੰ ਅਫ਼ਸੋਸ[71] ਨਾਲ ਮਰ ਜਾਣਾ ਚਾਹੀਦਾ ਹੈ। |
| ਕਰਨ[72] ਕਰਾਵਨ[73] ਸਮਰਥੋ[74] ਭਾਈ ਸਰਬ[75] ਕਲਾ[76] ਭਰਪੂਰਿ[77] ॥੪॥ | The Lord is Omnipotent[74] to do[72] and to have done[73] everything; He is possessed[77] of all[75] the powers[76]. O brother. | ਸੁਆਮੀ ਸਾਰੇ ਕਾਰਜ ਕਰਨ[72] ਤੇ ਕਰਾਉਣ[73] ਨੂੰ ਸਰਬ-ਸ਼ਕਤੀਵਾਨ[74] ਹੈ। ਪਰੀਪੂਰਨ[77] ਹੈ ਉਹ ਸਾਰੀਆਂ[75] ਸ਼ਕਤੀਆਂ[76] ਨਾਲ, ਹੇ ਵੀਰ ! |
| ਪ੍ਰੇਮ[78] ਪਦਾਰਥੁ[79] ਨਾਮੁ ਹੈ ਭਾਈ ਮਾਇਆ[80] ਮੋਹ[81] ਬਿਨਾਸੁ[82] ॥ | The Lord's love[78] and Name is the wealth[79], through which man's attachment[81] with mammon[80] is dispelled[82]. | ਪ੍ਰਭੂ ਦਾ ਪਿਆਰ[78] ਅਤੇ ਨਾਮ ਉਹ ਦੌਲਤ[79] ਹੈ, ਜਿਸ ਦੇ ਰਾਹੀਂ ਮੋਹਣੀ[80] ਦੀ ਲਗਨ[81] ਦੂਰ ਹੋ ਜਾਂਦੀ[82] ਹੈ। |
| ਤਿਸੁ[83] ਭਾਵੈ[84] ਤਾ[85] ਮੇਲਿ ਲਏ ਭਾਈ ਹਿਰਦੈ[86] ਨਾਮ ਨਿਵਾਸੁ[87] ॥ | If[83] He so wills[84], then[85] unites He the man with Himself, and the Name abides[87] within his mind[86], O brother. | ਜੇਕਰ[83] ਉਹ ਐਕੁਰ ਚਾਹੇ[84], ਤਦ[85] ਉਹ ਬੰਦੇ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ਤੇ ਨਾਮ ਉਸ ਦੇ ਮਨ[86] ਵਿੱਚ ਟਿੱਕ ਜਾਂਦਾ[87] ਹੈ, ਹੇ ਵੀਰ ! |
| ਗੁਰਮੁਖਿ[88] ਕਮਲੁ[89] ਪ੍ਰਗਾਸੀਐ[90] ਭਾਈ ਰਿਦੈ[91] ਹੋਵੈ ਪਰਗਾਸੁ[92] ॥ | Through the Guru[88], the heart-lotus[89] flowers[90] and the Lord's light illumines[92] the mind[91], O brother. | ਗੁਰਾਂ ਦੇ ਰਾਹੀਂ[88], ਦਿਲ-ਕੰਵਲ[89] ਪ੍ਰਫੁੱਲਤ ਹੋ ਜਾਂਦਾ[90] ਹੈ ਅਤੇ ਪ੍ਰਭੂ ਦਾ ਪ੍ਰਕਾਸ਼ ਮਨ[91] ਨੂੰ ਰੋਸ਼ਨ ਕਰ ਦਿੰਦਾ[92] ਹੈ, ਹੇ ਵੀਰ ! |
| ਪ੍ਰਗਟੁ[93] ਭਇਆ[94] ਪਰਤਾਪੁ[95] ਪ੍ਰਭ ਭਾਈ ਮਉਲਿਆ[96] ਧਰਤਿ[97] ਅਕਾਸੁ[98] ॥੫॥ | The Lord's glory[95] has become[94] manifest[93] and the earth[97] and sky[98] have blossomed[96], O brother. | ਸੁਆਮੀ ਦਾ ਤੇਜ ਪ੍ਰਤਾਪ[95] ਪ੍ਰਤੱਖ[93] ਹੋ ਗਿਆ[94] ਹੈ ਅਤੇ ਜ਼ਮੀਨ[97] ਤੇ ਅਸਮਾਨ[98] ਪ੍ਰਫੁੱਲਤ ਹੋ ਗਏ[96] ਹਨ, ਹੇ ਵੀਰ ! |
| ਗੁਰਿ ਪੂਰੈ[99] ਸੰਤੋਖਿਆ[100] ਭਾਈ [2]ਅਹਿਨਿਸਿ[3] | The Perfect[99] Guru has blessed me with contentment[100] and day[2] and | ਪੂਰਨ[99] ਗੁਰਾਂ ਨੇ ਮੈਨੂੰ ਸਰਬ-ਸੰਤੋਖ[100] ਬਖ਼ਸ਼ਿਆ ਹੈ ਅਤੇ ਹੁਣ ਦਿਨ[2] ਤੇ ਰਾਤ[3] ਮੈਂ ਪ੍ਰਭੂ ਦੀ ਪ੍ਰੀਤ[5] ਨਾਲ ਜੁੜਿਆ[4] |

| | | |
|---|---|---|
| ਲਾਗਾ[4] ਭਾਉ[5] ॥ | night[3], I remain attached[4] with Lord's love[5]. | ਰਹਿੰਦਾ ਹਾਂ । |
| ਰਸਨਾ[6] ਰਾਮੁ[7] ਰਵੈ[9] ਸਦਾ[8] ਭਾਈ ਸਾਚਾ ਸਾਦੁ[10] ਸੁਆਉ[12] ॥ | My tongue[6] ever[8] utters[9] the Lord's Name[7], O brother, and this alone is the true relish[10] and object[12] of human life. | ਮੇਰੀ ਜੀਭ[6] ਸਦੀਵ[8] ਹੀ ਸੁਆਮੀ ਦੇ ਨਾਮ[7] ਨੂੰ ਉਚਾਰਦੀ[9] ਹੈ । ਕੇਵਲ ਇਹ ਹੀ ਮਨੁਖੀ-ਜੀਵਨ ਦਾ ਸੱਚਾ ਸੁਆਦ[10] ਤੇ ਮਨੋਰਥ[12] ਹੈ । |
| ਕਰਨੀ[13] ਸੁਣਿ ਸੁਣਿ[14] ਜੀਵਿਆ[15] ਭਾਈ ਨਿਹਚਲੁ[16] ਪਾਇਆ ਥਾਉ ॥ | I live[15] continually hearing[14] with mine ears[13], the Lord's Name, O brother, and I have attained a permanent seat[16]. | ਆਪਣੇ ਕੰਨਾਂ[13] ਨਾਲ ਮੈਂ ਸੁਆਮੀ ਦਾ ਨਾਮ ਇੱਕ ਰਸ ਸੁਣ ਕੇ[14] ਜੀਊਂਦਾ[15] ਹਾਂ ਅਤੇ ਮੈਂ ਅਟੱਲ ਆਸਣ[16] ਪ੍ਰਾਪਤ ਕਰ ਲਿਆ ਹੈ । |
| ਜਿਸੁ ਪਰਤੀਤਿ[17] ਨ ਆਵਈ ਭਾਈ ਸੋ[18] ਜੀਅੜਾ[19] ਜਲਿ[20] ਜਾਉ ॥੬॥ | The soul[19], which reposes not faith[17] in the Lord, may God, that[18] soul be burnt down[20]. | ਜਿਹੜੀ ਆਤਮਾ[19] ਪ੍ਰਭੂ ਵਿੱਚ ਭਰੋਸਾ[17] ਨਹੀਂ ਧਾਰਦੀ, ਰੱਬ ਕਰੇ, ਉਹ[18] ਸੜ ਬਲ ਜਾਵੇ[20] । |
| ਬਹੁ[21] ਗੁਣ[22] ਮੇਰੇ ਸਾਹਿਬੈ ਭਾਈ ਹਉ ਤਿਸ[23] ਕੈ ਬਲਿ ਜਾਉ[24] ॥ | Myriads[21] of virtues[22] are in my Lord, O brother and unto Him[23], I am a sacrifice[24]. | ਘਣੇਰੀਆਂ[21] ਹੀ ਨੇਕੀਆਂ[22] ਹਨ, ਮੈਂਡੇ ਸੁਆਮੀ ਅੰਦਰ, ਹੇ ਵੀਰ ! ਉਸ[23] ਉਤੋਂ ਮੈਂ ਕੁਰਬਾਨ ਵੰਞਦਾ[24] ਹਾਂ । |
| ਓਹੁ ਨਿਰਗੁਣੀਆਰੇ[25] ਪਾਲਦਾ[26] ਭਾਈ ਦੇਇ ਨਿਥਾਵੇ[27] ਥਾਉ[28] ॥ | He nurtures[26] even the meritless[25] ones, O brother and gives shelter[28] to the shelterless[27]. | ਉਹ ਗੁਣ-ਵਿਹੂਣਾਂ[25] ਦੀ ਭੀ ਪਾਲਣਾ-ਪੋਸਣਾ ਕਰਦਾ[26] ਹੈ, ਹੇ ਵੀਰ ! ਅਤੇ ਬੇਪਨਾਹਾਂ[27] ਨੂੰ ਪਨਾਹ[28] ਦਿੰਦਾ ਹੈ । |
| ਰਿਜਕੁ[29] ਸੰਬਾਹੇ[30] ਸਾਸਿ ਸਾਸਿ[31] ਭਾਈ ਗੂੜਾ[32] ਜਾ ਕਾ[33] ਨਾਉ ॥ | He, whose[33] Name is everlasting[32], extends[30] sustenance[29] to us at every breath[31]. | ਜਿਸ ਦਾ[33] ਨਾਮ ਅਗਾਧ[32] ਹੈ, ਉਹ ਸਾਨੂੰ ਹਰ ਸੁਆਸ[31] ਨਾਲ ਰੋਜ਼ੀ[29] ਪੁਚਾਉਂਦਾ[30] ਹੈ । |
| ਜਿਸੁ ਗੁਰੁ ਸਾਚਾ ਭੇਟੀਐ[34] ਭਾਈ ਪੂਰਾ[35] ਤਿਸੁ[36] ਕਰਮਾਉ[37] ॥੭॥ | He, who meets[34] with the True Guru, O brother, perfect[35] in his[36] destiny[37]. | ਜੋ ਸੱਚੇ ਗੁਰਾਂ ਨੂੰ ਮਿਲ ਪੈਂਦਾ[34] ਹੈ, ਹੇ ਵੀਰ ! ਪੂਰਨ[35] ਹੈ ਉਸ ਦੀ[36] ਪ੍ਰਾਲਬਧ[37] । |
| ਤਿਸੁ ਬਿਨੁ ਘੜੀ[38] ਨ ਜੀਵੀਐ ਭਾਈ ਸਰਬ[39] ਕਲਾ[40] ਭਰਪੂਰਿ[41] ॥ | I live not, even for a moment[38] without Him, who is brimful[41] with all[39] the powers[40], O brother. | ਮੈਂ ਇੱਕ ਮੁਹਤ ਭਰ ਭੀ[38] ਉਸ ਦੇ ਬਗ਼ੈਰ ਨਹੀਂ ਜੀਊਂਦਾ ਜੋ ਸਾਰੀਆਂ[39] ਸ਼ਕਤੀਆਂ ਨਾਲ ਪਰੀਪੂਰਨ[41] ਹੈ, ਹੇ ਵੀਰ ! |
| ਸਾਸਿ[42] ਗਿਰਾਸਿ[43] ਨ ਵਿਸਰੈ[44] ਭਾਈ ਪੇਖਉ[45] ਸਦਾ[46] ਹਜੂਰਿ[47] ॥ | With no breath[42] and morsel[43] of mine, I forget[44] Him, O brother and I ever[46] see[45] the Lord just present[47]. | ਮੈਂ ਆਪਣੇ ਕਿਸੇ ਸੁਆਸ[42] ਤੇ ਬੁਰਕੀ[43] ਨਾਲ ਉਸ ਨੂੰ ਨਹੀਂ ਭੁਲਦਾ[44] ਹੇ ਭਰਾਵਾ ! ਮੈਂ ਹਮੇਸ਼ਾ[46] ਹੀ ਸੁਆਮੀ ਨੂੰ ਐਨ ਪ੍ਰਤੱਖ[47] ਵੇਖਦਾ[45] ਹਾਂ । |
| ਸਾਧੂ ਸੰਗਿ ਮਿਲਾਇਆ[48] ਭਾਈ ਸਰਬ[49] ਰਹਿਆ ਭਰਪੂਰਿ[50] ॥ | The saints' society has made me meet[48] Him, who is fully-pervading[50] everywhere[49], O brother. | ਸਤਿਸੰਗਤ ਨੇ ਮੈਨੂੰ ਉਸ ਨਾਲ ਮਿਲਾ ਦਿੱਤਾ[48] ਹੈ ਜੋ ਹਰ ਥਾਂ[49] ਪੂਰੀ ਤਰ੍ਹਾਂ ਵਿਆਪਕ[50] ਹੋ ਰਿਹਾ ਹੈ, ਹੇ ਵੀਰ ! |
| ਜਿਨਾ[56] ਪ੍ਰੀਤਿ[51] ਨ ਲਗੀਆ[52] ਭਾਈ ਸੇ[53] ਨਿਤ ਨਿਤ[54] ਮਰਦੇ ਝੂਰਿ[55] ॥੮॥ | They[53], who[56] imbibe[52] not love[51] for their Lord, ever[54] and ever continue repenting[55], O brother. | ਜੋ[56] ਆਪਣੇ ਪ੍ਰਭੂ ਨਾਲ ਪਿਰਹੜੀ[51] ਨਹੀਂ ਪਾਉਂਦੇ[52], ਉਹ[53] ਸਦੀਵ, ਸਦੀਵ[54] ਹੀ ਝੂਰਦੇ ਰਹਿੰਦੇ ਹਨ, ਹੇ ਵੀਰ ! |

| | | |
|---|---|---|
| ਅੰਚਲਿ[56] ਲਾਇ[57] ਤਰਾਇਆ[58] ਭਾਈ[59] ਭਉ ਜਲੁ[60] ਦੁਖੁ[61] ਸੰਸਾਰੁ[62] ॥ | Attaching to[57] His skirt[56], the Lord has ferried[58] me across the world[62] ocean[60] of fear[59] and pain[61]. | ਆਪਣੇ ਪੱਲੇ[56]* ਨਾਲ ਜੋੜ ਕੇ[57] ਸੁਆਮੀ ਨੇ ਮੈਨੂੰ ਡਰ[59] ਤੇ ਪੀੜ[61] ਦੇ ਜਗਤ[62] ਸਮੁੰਦਰ[60] ਤੋਂ ਪਾਰ ਕਰ ਦਿੱਤਾ[58] ਹੈ । |
| ਕਰਿ ਕਿਰਪਾ[63] ਨਦਰਿ[64] ਨਿਹਾਲਿਆ[65] ਭਾਈ ਕੀਤੋਨੁ ਅੰਗੁ[66] ਅਪਾਰੁ[67] ॥ | By His gracious[63] glance[64] He has made me happy[65] and He shall stand by[66] me to the infinite end[67]. | ਆਪਣੀ ਦਇਆ[63] ਦ੍ਰਿਸ਼ਟੀ[64] ਦੁਆਰਾ ਉਸ ਨੇ ਮੈਨੂੰ ਅਨੰਦ[65] ਕਰ ਦਿੱਤਾ ਹੈ ਅਤੇ ਅਤਿਅੰਤ[67] ਅਖੀਰ ਤਾਂਈ ਉਹ ਮੇਰਾ ਪੱਖ ਪੂਰੇਗਾ[66] । |
| ਮਨੁ[68] ਤਨੁ[69] ਸੀਤਲੁ[70] ਹੋਇਆ ਭਾਈ ਭੋਜਨੁ[71] ਨਾਮ ਅਧਾਰੁ[72] ॥ | My soul[68] and body[69] are calmed down[70] and they are sustained[72] by the fare[71] of the Name. | ਮੇਰੀ ਆਤਮਾ[68] ਤੇ ਦੇਹ[69] ਸ਼ਾਂਤ ਹੋ ਗਏ[70] ਹਨ ਅਤੇ ਉਨ੍ਹਾਂ ਨੂੰ ਨਾਮ ਦੀ ਖ਼ੁਰਾਕ[71] ਦਾ ਆਸਰਾ[72] ਹੈ । |
| ਨਾਨਕ ਤਿਸੁ[73] ਸਰਣਾਗਤੀ[74] ਭਾਈ ਜਿ ਕਿਲਬਿਖ[75] ਕਾਟਣਹਾਰੁ[76] ॥੪॥੧॥ | Nanak has entered the sanctuary[74] of Him[73], O brother, who is the Destroyer[76] of sins[75]. | ਨਾਨਕ ਨੇ ਉਸ ਦੀ[73] ਪਨਾਹ[74] ਲਈ ਹੈ, ਹੇ ਵੀਰ ! ਜੋ ਪਾਪਾਂ[75] ਦੇ ਨਾਸ ਕਰਨ ਵਾਲਾ[76] ਹੈ । |
| ਸੋਰਠਿ ਮਹਲਾ ੫ ॥ | Sorath 5th Guru. | ਸੋਰਠਿ ਪੰਜਵੀਂ ਪਾਤਿਸ਼ਾਹੀ । |
| ਮਾਤ[77] ਗਰਭ[78] ਦੁਖ[79] ਸਾਗਰੋ[80] ਪਿਆਰੇ ਤਹ[81] ਅਪਣਾ ਨਾਮੁ ਜਪਾਇਆ[82]॥ | The mother's[77] womb[78] is an ocean[80] of pains[79], O dear; there[81] too, the Lord causes His Name to be repeated[82]. | ਮਾਂ ਦਾ[77] ਪੇਟ[78] ਜੋ ਰੰਜ-ਗਮ[79] ਦਾ ਸਮੁੰਦਰ[80] ਹੈ, ਹੇ ਪਿਆਰਿਆ ! ਉਥੇ[81] ਵੀ ਸੁਆਮੀ ਆਪਣੇ ਨਾਮ ਦਾ ਸਿਮਰਨ ਕਰਵਾਉਂਦਾ[82] ਹੈ । |
| ਬਾਹਰਿ ਕਾਢਿ[83] ਬਿਖੁ[84] ਪਸਰੀਆ[85] ਪਿਆਰੇ ਮਾਇਆ[86] ਮੋਹੁ[87] ਵਧਾਇਆ[88] ॥ | Emerging[83] out, his evil passions[84] develop[85], O beloved, and his love[87] for worldly valuables[86] increases[88]. | ਬਾਹਰ ਨਿਕਲ ਕੇ[83] ਉਸ ਦੇ ਮੰਦੇ ਵੇਗ[84] ਪ੍ਰਫੁੱਲਤ[85] ਹੋ ਜਾਂਦੇ ਹਨ, ਹੇ ਪ੍ਰੀਤਮ ! ਅਤੇ ਉਸ ਦੀ ਸੰਸਾਰੀ ਪਦਾਰਥਾਂ[86] ਦੀ ਮਮਤਾ[87] ਵਧੇਰੀ ਹੋ ਜਾਂਦੀ[88] ਹੈ । |
| ਜਿਸ ਨੋ ਕੀਤੋ ਕਰਮੁ[89] ਆਪਿ[90] ਪਿਆਰੇ[94] ਤਿਸੁ[93] ਪੂਰਾ[91]ਗੁਰੂ ਮਿਲਾਇਆ[92] ॥ | He, to whom thou Thyself[90] hast shown favour[89], him[93], thou hast caused to meet[92] the Perfect Guru[91], O my Beloved[94]. | ਜਿਸ ਉੱਤੇ ਤੂੰ ਖ਼ੁਦ[90] ਮਿਹਰ[89] ਕੀਤੀ ਹੈ, ਉਸ ਨੂੰ[93] ਤੂੰ ਪੂਰਨ ਗੁਰਾਂ[91] ਨਾਲ ਮਿਲਾ ਦਿੱਤਾ[92] ਹੈ, ਹੇ ਮੇਰੇ ਪ੍ਰੀਤਮ[94] ! |
| ਸੁ[95]ਆਰਾਧੇ[96]ਸਾਸਿ ਸਾਸਿ[97] ਪਿਆਰੇ ਰਾਮ ਨਾਮ[98]ਲਿਵ[99] ਲਾਇਆ[100] ॥੧॥ | He[95] then remembers[96] his God at every breath[97] and comes to enshrine[100] love[99] for the Lord's Name[98]. | ਉਹ[95], ਤਦ, ਹਰ ਸੁਆਸ[97] ਨਾਲ ਆਪਣੇ ਵਾਹਿਗੁਰੂ ਨੂੰ ਸਿਮਰਦਾ[96] ਹੈ ਅਤੇ ਪ੍ਰਭੂ ਦੇ ਨਾਮ[98] ਨਾਲ ਉਸ ਦਾ ਪ੍ਰੇਮ[99] ਪੈ ਜਾਂਦਾ[100] ਹੈ । |
| ਮਨਿ[2] ਤਨਿ[3] ਤੇਰੀ ਟੇਕ[4] ਹੈ ਪਿਆਰੇ[5] ਮਨਿ ਤਨਿ ਤੇਰੀ ਟੇਕ ॥ | O Beloved[5], Thou art the mainstay[4] of my soul[2] and body[3], Thou art the mainstay of my soul and body. | ਹੇ ਪ੍ਰੀਤਮ[5] ! ਤੂੰ ਮੇਰੀ ਜਿੰਦੜੀ[2] ਅਤੇ ਦੇਹ[3]ਦਾ ਆਸਰਾ[4] ਹੈਂ । ਤੂੰ ਮੇਰੀ ਜਿੰਦੜੀ ਅਤੇ ਦੇਹ ਦਾ ਆਸਰਾ ਹੈਂ । |
| ਤੁਧੁ ਬਿਨੁ[6] ਅਵਰੁ[7] ਨ ਕਰਨਹਾਰੁ[8] ਪਿਆਰੇ ਅੰਤਰ ਜਾਮੀ[9] ਏਕ[10] ॥ਰਹਾਉ॥ | Without[6] Thee, there is not another[7] Creator[8] and Thou alone[10] art the knower of hearts[9]. Pause. | ਤੇਰੇ ਬਗੈਰ[6] ਹੋਰ ਕੋਈ[7] ਸਿਰਜਣਹਾਰ[8] ਨਹੀਂ । ਕੇਵਲ ਤੂੰ[10] ਹੀ ਦਿਲਾਂ ਦੀਆਂ ਜਾਨਣਹਾਰ[9] ਹੈਂ । ਠਹਿਰਾਉ । |
| ਕੋਟਿ[12] ਜਨਮ[13] ਭ੍ਰਮਿ[14] | The mortal comes into the world, | ਕ੍ਰੋੜਾਂ[12] ਹੀ ਜਨਮਾਂ[13] ਅੰਦਰ ਭਟਕ[14] ਅਤੇ ਅਨੇਕਾਂ[15] |

| | | |
|---|---|---|
| ਆਇਆ ਪਿਆਰੇ ਅਨਿਕ[15] ਜੋਨਿ[16] ਦੁਖੁ[17] ਪਾਇ[18] ॥ | O my Beloved, after wandering[14] in myriads[12] of births[13] and suffering[18] pain[17] in various[15] existences[16]. | ਜੂਨੀਆਂ[16] ਵਿੱਚ ਕਸ਼ਟ[17] ਉਠਾ ਕੇ[18], ਹੇ ਪ੍ਰੀਤਮਾ ! ਪ੍ਰਾਣੀ ਸੰਸਾਰ ਅੰਦਰ ਆਉਂਦਾ ਹੈ। |
| ਸਾਚਾ ਸਾਹਿਬੁ ਵਿਸਰਿਆ[19] ਪਿਆਰੇ[23] ਬਹੁਤੀ[20] ਮਿਲੈ[21] ਸਜਾਇ[22] ॥ | He forgets[19] the True Lord, O dear[23] and so suffers[21] heavy[20] punishment[22]. | ਉਹ ਸੱਚੇ ਸੁਆਮੀ ਨੂੰ ਭੁਲਾ ਦਿੰਦਾ[19] ਹੈ, ਹੇ ਪਿਆਰਿਆ[23] ! ਅਤੇ ਇਸ ਲਈ ਘਣੇਰੀ[20] ਸਜ਼ਾ[22] ਭੁਗਤਦਾ[21] ਹੈ। |
| ਜਿਨ[24] ਭੇਟੈ[25] ਪੂਰਾ[26] ਸਤਿਗੁਰੂ ਪਿਆਰੇ ਸੇ[27] ਲਾਗੇ[28] ਸਾਚੈ ਨਾਇ[29] ॥ | They[27], who[24] meet[25] with the Perfect[26] True Guru, O dear, are attached[28] to the True Name[29]. | ਜੋ[24] ਪੂਰਨ[26] ਸੱਚੇ ਗੁਰਾਂ ਨਾਲ ਮਿਲ ਪੈਂਦੇ[25] ਹਨ, ਹੇ ਪ੍ਰੀਤਮ ! ਉਹ[27] ਸੱਚੇ ਨਾਮ[29] ਨਾਲ ਜੁੜ ਜਾਂਦੇ[28] ਹਨ। |
| ੬੪੧ | | |
| ਤਿਨਾ ਪਿਛੈ[30] ਛੁਟੀਐ[31] ਪਿਆਰੇ ਜੋ ਸਾਚੀ[32] ਸਰਣਾਇ[33] ॥੨॥ | We are saved[31] by following[30] those, who seek the protection[33] of the True Lord[32]. | ਅਸੀਂ ਉਨ੍ਹਾਂ ਦੇ ਮਗਰ ਲਗ ਕੇ[30] ਬਚ ਜਾਂਦੇ[31] ਹਾਂ ਜੋ ਸੱਚੇ ਸਾਹਿਬ[32] ਦੀ ਪਨਾਹ[33] ਲੈਂਦੇ ਹਨ। |
| ਮਿਠਾ ਕਰਿ ਕੈ[34] ਖਾਇਆ ਪਿਆਰੇ ਤਿਨਿ[35] ਤਨਿ[36] ਕੀਤਾ[37] ਰੋਗੁ[38] ॥ | Deeming[34] sweet, what the man eats, O dear, that[35] makes[37] the body[36] ill[38]. | ਮਿੱਠਾ ਸਮਝ ਕੇ[34], ਜਿਹੜਾ ਕੁਛ, ਇਨਸਾਨ ਖਾਂਦਾ ਹੈ, ਹੇ ਪ੍ਰੀਤਮ ! ਉਹ[35] ਸਰੀਰ[36] ਵਿਚ ਬੀਮਾਰੀ[38] ਪੈਦਾ ਕਰ ਦਿੰਦਾ[37] ਹੈ। |
| ਕਉੜਾ[39] ਹੋਇ ਪਤਿਸਟਿਆ[40] ਪਿਆਰੇ ਤਿਸ[41] ਤੇ ਉਪਜਿਆ[42] ਸੋਗੁ[43] ॥ | It turns out[40] to be bitter[39], O dear and from it[41] results[42] sadness[43]. | ਇਹ ਕੌੜਾ[39] ਹੋ ਕੇ ਨਿਕਲਦਾ[40] ਹੈ, ਹੇ ਪ੍ਰੀਤਮਾ ! ਅਤੇ ਇਸ ਤੋਂ[41] ਗ਼ਮ[43] ਰੰਜ ਪੈਦਾ ਹੁੰਦਾ[42] ਹੈ। |
| ਭੋਗੁ[44] ਭੁੰਚਾਇ[45] ਭੁਲਾਇਅਨੁ[46] ਪਿਆਰੇ ਉਤਰੈ[47] ਨਹੀ ਵਿਜੋਗੁ[48] ॥ | Causing man to enjoy[45] revelments[44], the Lord has strayed[46] him, and his separation[48] from the Lord ends[47] not, O dear. | ਰੰਗ-ਰਲੀਆਂ[44] ਮਾਨਣ[45] ਵਿੱਚ ਲਾ ਕੇ ਸੁਆਮੀ ਨੇ ਬੰਦੇ ਨੂੰ ਗੁਮਰਾਹ ਕਰ ਦਿੱਤਾ[46] ਹੈ, ਇਸ ਲਈ ਉਸ ਦਾ ਸੁਆਮੀ ਨਾਲੋਂ ਵਿਛੋੜਾ[48] ਮੁਕਦਾ[47] ਨਹੀਂ, ਹੇ ਪਿਆਰਿਆ ! |
| ਜੋ ਗੁਰ[49] ਮੇਲਿ[50] ਉਧਾਰਿਆ[51] ਪਿਆਰੇ ਤਿਨ[52] ਧੁਰੇ[53] ਪਇਆ[55] ਸੰਜੋਗੁ[54] ॥੩॥ | Being introduced[50] to the Guru, they who[49] are saved[51], O dear, their[52] lot[54] was so writ[55] by the Lord[53]. | ਗੁਰਾਂ ਨਾਲ ਮਿਲ ਕੇ[50] ਜਿਨ੍ਹਾਂ[49] ਦਾ ਪਾਰ ਉਤਾਰਾ ਕੀਤਾ ਗਿਆ[51] ਹੈ, ਹੇ ਪ੍ਰੀਤਮ ! ਉਨ੍ਹਾਂ ਦੀ[52] ਪ੍ਰਾਲਬਧ[54] ਪ੍ਰਭੂ[53] ਨੇ ਐਸੀ ਲਿਖੀ[55] ਹੋਈ ਸੀ। |
| ਮਾਇਆ[56] ਲਾਲਚਿ[57] ਅਟਿਆ[58] ਪਿਆਰੇ ਚਿਤਿ[59] ਨ ਆਵਹਿ[60] ਮੂਲਿ[61] ॥ | Man is full[58] of longing for[57] wealth[56] and the Lord enters[60] not his mind[59] ever[61]. | ਆਦਮੀ ਧਨ-ਦੌਲਤ[56] ਦੀ ਚਾਹ[57] ਨਾਲ ਭਰਿਆ ਹੋਇਆ[58] ਹੈ। ਪ੍ਰਭੂ ਕਦੇ[61] ਭੀ ਉਸ ਦੇ ਅੰਤਰ ਆਤਮੇ[59] ਪ੍ਰਵੇਸ਼[60] ਨਹੀਂ ਕਰਦਾ। |
| ਜਿਨ ਤੂ ਵਿਸਰਹਿ[62] ਪਾਰਬ੍ਰਹਮ[63] ਸੁਆਮੀ[64] ਸੇ ਤਨ[66] ਹੋਏ ਧੂੜਿ[67] ॥ | They, who forget[62] Thee, O supreme Lord[63] Master[64], their[65] bodies[66] become dust[67]. | ਜੋ ਤੈਨੂੰ ਭੁਲਾ ਦਿੰਦੇ[62] ਹਨ, ਹੇ ਪਰਮ ਪ੍ਰਭੂ[63] ਮਾਲਕ[64], ਉਨ੍ਹਾਂ ਦੇ[65] ਸਰੀਰ[66] ਮਿੱਟੀ[67] ਹੋ ਜਾਂਦੇ ਹਨ। |
| ਬਿਲਲਾਟ[68] ਕਰਹਿ ਬਹੁਤੇਰਿਆ[69] ਪਿਆਰੇ ਉਤਰੈ[70] ਨਾਹੀ ਸੂਲੁ[71] ॥ | They cry and shriek[68] piteously[69], O Beloved, but their anguish[71] ceases[70] not. | ਉਹ ਘਣੇਰੇ[69] ਚੀਕ ਚਿਹਾੜੇ[68] ਪਾਉਂਦੇ ਹਨ, ਹੇ ਪ੍ਰੀਤਮ ! ਪ੍ਰੰਤੂ ਉਨ੍ਹਾਂ ਦੀ ਪੀੜਾ[71] ਨਵਿਰਤ[70] ਨਹੀਂ ਹੁੰਦੀ। |

| | | |
|---|---|---|
| ਜੋ ਗੁਰ ਮੇਲਿ ਸਵਾਰਿਆ[72] ਪਿਆਰੇ[73] ਤਿਨ[74] ਕਾ ਰਹਿਆ[75] ਮੂਲੁ[76] ॥੪॥ | Causing to meet the Guru, they, whom thou regeneratest[72], O my Beloved[73], their[74] capital[76] remains in-tact[75]. | ਗੁਰਾਂ ਨਾਲ ਮਿਲਾ ਕੇ ਜਿਨ੍ਹਾਂ ਨੂੰ ਤੂੰ ਈਸ਼ਵਰ ਪਰਾਇਣ ਕਰਦਾ[72] ਹੈਂ, ਹੇ ਪ੍ਰੀਤਮਾ[73] ! ਉਨ੍ਹਾਂ[74] ਦੀ ਅਸਲ ਰਾਸ[76] ਬਰਕਰਾਰ ਰਹਿ[75] ਜਾਂਦੀ ਹੈ । |
| ਸਾਕਤ[77] ਸੰਗੁ[78] ਨ ਕੀਜਈ ਪਿਆਰੇ ਜੇ ਕਾ[79] ਪਾਰਿ ਵਸਾਇ[80] ॥ | As far as[79] it is in thy power[80], O dear, associate[78] thou not with the mammon-worshipper[77]. | ਜਿਥੋਂ ਤੋੜੀ[79] ਤੇਰਾ ਵਸ[80] ਲਗੇ, ਹੇ ਪਿਆਰਿਆ ! ਤੂੰ ਮਾਇਆ ਦੇ ਉਪਾਸ਼ਕ[77] ਨਾਲ ਮੇਲ ਮਿਲਾਪ[78] ਨਾ ਕਰ । |
| ਜਿਸੁ[81] ਮਿਲਿਐ ਹਰਿ ਵਿਸਰੈ[82] ਪਿਆਰੇ ਸੁ[83] ਮੁਹਿ[84] ਕਾਲੈ[85] ਉਠਿ[86] ਜਾਇ[87] ॥ | Meeting with whom[31], God is forgotten[87], O dear, he[88] arises[86] and departs[87] with a black[83] face[84]. | ਜੀਹਦੇ[81] ਨਾਲ ਮਿਲ ਕੇ ਵਾਹਿਗੁਰੂ ਭੁੱਲ ਜਾਂਦਾ[82] ਹੈ, ਹੇ ਪ੍ਰੀਤਮ । ਉਹ[83] ਕਾਲੇ[85] ਚਿਹਰੇ[84] ਨਾਲ ਖੜਾ[86] ਹੋ ਟੁਰ ਜਾਂਦਾ[87] ਹੈ । |
| ਮਨਮੁਖਿ[88] ਢੋਈ[89] ਨਹ ਮਿਲੈ ਪਿਆਰੇ ਦਰਗਹ[90] ਮਿਲੈ ਸਜਾਇ[91] ॥ | The perverse[88] get no refuge[89], O dear, and are punished[91] in the Lord's court[90]. | ਪ੍ਰਤੀਕੂਲਾ[88] ਨੂੰ ਪਨਾਹ[89] ਨਹੀਂ ਮਿਲਦੀ,ਹੇ ਪਿਆਰਿਆ ! ਅਤੇ ਸੁਆਮੀ ਦੇ ਦਰਬਾਰ[90] ਵਿੱਚ ਉਨ੍ਹਾਂ ਨੂੰ ਸਜ਼ਾ[91] ਮਿਲਦੀ ਹੈ । |
| ਜੋ ਗੁਰ ਮੇਲਿ ਸਵਾਰਿਆ[92] ਪਿਆਰੇ ਤਿਨਾ[93] ਪੂਰੀ ਪਾਇ[94] ॥੫॥ | They, who, meeting with the Guru, reform[92] themselves, their[93] affairs are adjusted[94]. | ਜਿਹੜੇ ਗੁਰਾਂ ਨਾਲ ਮਿਲ ਕੇ ਆਪਣੇ ਆਪ ਨੂੰ ਸੁਧਾਰ ਲੈਂਦੇ[92] ਹਨ; ਉਨ੍ਹਾਂ[93] ਦੇ ਕਾਰਜ ਰਾਸ ਹੋ ਜਾਂਦੇ[94] ਹਨ । |
| ਸੰਜਮ[95] ਸਹਸ[96]ਸਿਆਣਪਾ[97] ਪਿਆਰੇ ਇਕ ਨ ਚਲੀ ਨਾਲਿ[98] ॥ | Man may practise thousands[96] of self-mortifications[98] and clevernesses[97], O dear, but not even one avails[98] him | ਆਦਮੀ ਹਜ਼ਾਰਾਂ[96] ਹੀ ਅਕਲਮੰਦੀਆਂ[95] ਤੇ ਚਾਲਾਕੀਆਂ[97] ਪਿਆ ਕਰੇ, ਹੇ ਪਿਆਰਿਆ ! ਪ੍ਰੰਤੂ, ਇੱਕ ਭੀ ਉਸ ਦੇ ਕੰਮ[98] ਨਹੀਂ ਆਉਂਦੀ । |
| ਜੋ ਬੇਮੁਖ[99] [100]ਗੋਬਿੰਦ[2] ਤੇ ਪਿਆਰੇ ਤਿਨ[6] ਕੁਲਿ[3] ਲਾਗੈ[4] ਗਾਲਿ[5] ॥ | They, who are the disbelievers[99] in the World[100]-Lord[2], their[6] family[3] is branded[4] with stigma[5]. | ਜਿਹੜੇ ਸ੍ਰਿਸ਼ਟੀ[100] ਦੇ ਸੁਆਮੀ[2] ਉੱਤੇ ਭਰੋਸਾ ਧਾਰਨ ਵਾਲੇ[99] ਨਹੀਂ ਹੁੰਦੇ, ਉਨ੍ਹਾਂ[6] ਦੀ ਵੰਸ਼[3] ਨੂੰ ਕਲੰਕ[5] ਲਗਦਾ[4] ਹੈ । |
| ਹੋਦੀ[8] ਵਸਤੁ[7] ਨ ਜਾਤੀਆ[9] ਪਿਆਰੇ ਕੂੜੁ[10] ਨ ਚਲੀ[12] ਨਾਲਿ ॥ | The thing[7] that is[8] (ever valid), the man knows[9] not, O dear Falsehood[10] shall avail[12] him not. | ਜਿਹੜੀ ਸਦੀਵੀ ਅਸਲ ਚੀਜ਼[7] ਹੈ[8] ਉਸ ਨੂੰ ਬੰਦਾ ਜਾਣਦਾ[9] ਨਹੀਂ, ਹੇ ਪ੍ਰੀਤਮਾ ! ਝੂਠ[10] ਉਸ ਦੇ ਕਿਸੇ ਕੰਮ[12] ਨਹੀਂ ਆਉਣਾ । |
| ਸਤਿਗੁਰੁ ਜਿਨਾ ਮਿਲਾਇਓਨੁ[13] ਪਿਆਰੇ[14] ਸਾਚਾ ਨਾਮੁ ਸਮਾਲਿ[15] ॥੬॥ | They, whom the Beloved[14] introduces[13] to the True Guru, remember[15] the True Name. | ਜਿਨ੍ਹਾਂ ਨੂੰ ਪ੍ਰੀਤਮ[14] ਸੱਚੇ ਗੁਰਾਂ ਨਾਲ ਮਿਲਾਉਂਦਾ[13] ਹੈ, ਉਹ ਸੱਚੇ ਨਾਮ ਦਾ ਸਿਮਰਨ ਕਰਦੇ[15] ਹਨ । |
| ਸਤੁ[16] ਸੰਤੋਖੁ[17] ਗਿਆਨੁ[18] ਧਿਆਨੁ[19] ਪਿਆਰੇ ਜਿਸ ਨੋ ਨਦਰਿ[20] ਕਰੇ[21] ॥ | He, on whom the Lord casts[21] His merciful glance[20], is blessed with truth[16], contentment[17], gnosis[18] and contemplation[19]. | ਜਿਸ ਉੱਤੇ ਸਾਹਿਬ ਆਪਣੀ ਮਿਹਰ ਦੀ ਨਜ਼ਰ[20] ਧਾਰਦਾ[21] ਹੈ, ਉਸ ਨੂੰ ਸੱਚ[16], ਸੰਤੁਸ਼ਟਤਾ[17], ਬ੍ਰਹਿਮ-ਵੀਚਾਰ[18] ਅਤੇ ਬੰਦਗੀ[19] ਦੀ ਦਾਤ ਪ੍ਰਾਪਤ ਹੁੰਦੀ ਹੈ । |
| ਅਨਦਿਨੁ[22] ਕੀਰਤਨੁ[23] | Night and day[22] he sings[23] and | ਰਾਤ ਦਿਨ[22] ਉਹ ਪ੍ਰੀਤਮ[26] ਪ੍ਰਭੂ ਦੀ ਪ੍ਰਭਤਾ[24] |

| | | |
|---|---|---|
| ਗੁਣ[24] ਰਵੈ[25] ਪਿਆਰੇ[26] ਅੰਮ੍ਰਿਤਿ[27] ਪੂਰ ਭਰੇ[28] ॥ | utters[25] the praise[24] of the Beloved Lord[26], and his mind is fully-filled[28] with the Nectar-Name[27]. | (ਵਡਿਆਈ) ਗਾਉਂਦਾ[23] ਤੇ ਉਚਾਰਦਾ[25] ਹੈ ਅਤੇ ਉਸ ਦਾ ਹਿਰਦਾ ਅੰਮ੍ਰਿਤ ਸਰੂਪ[27] ਨਾਮ ਨਾਲ ਲਬਾਲਬ ਭਰ ਜਾਂਦਾ[28] ਹੈ । |
| ਦੂਖ[29] ਸਾਗਰੁ[30] ਤਿਨ[31] ਲੰਘਿਆ[32] ਪਿਆਰੇ [33]ਭਵਜਲੁ[34] ਪਾਰਿ ਪਰੇ[35] ॥ | He[31] crosses[32] the sea[30] of grief[29] and swims across[35] the dreadful[33] world ocean[34]. | ਉਹ[31] ਗਮ[29] ਰੰਜ ਦੇ ਸਿੰਧ[30] ਤੋਂ ਪਾਰ ਹੋ ਜਾਂਦਾ[32] ਹੈ ਅਤੇ ਭਿਆਨਕ[33] ਸੰਸਾਰ ਸਮੁੰਦਰ[34] ਤੋਂ ਪਾਰ ਉੱਤਰ ਜਾਂਦਾ[35] ਹੈ । |
| ਜਿਸੁ ਭਾਵੈ[36] ਤਿਸੁ[37] ਮੇਲਿ ਲੈਹਿ[42] ਪਿਆਰੇ[38] ਸੇਈ[39] ਸਦਾ[40] ਖਰੇ[41] ॥੭॥ | He, whom Thou likest[36], O Beloved[38], him[37], Thou unitest[42] with Thee and he alone[39] is ever[40] true[41]. | ਜੋ ਤੈਨੂੰ ਚੰਗਾ ਲਗਦਾ[36] ਹੈ, ਹੇ ਪ੍ਰੀਤਮ ! ਉਸ ਨੂੰ[37] ਤੂੰ ਆਪਣੇ ਨਾਲ ਮਿਲਾ ਲੈਂਦਾ[42] ਹੈਂ । ਕੇਵਲ ਓਹੀ[39] ਸਦੀਵ[40] ਲਈ ਸੱਚਾ[41] ਹੈ । |
| ਸੰਮ੍ਰਥ[42]*ਪੁਰਖੁ[43]ਦਇਆਲ[44] ਦੇਉ[45] ਪਿਆਰੇ ਭਗਤਾ[46] ਤਿਸ[47] ਕਾ ਤਾਣੁ[48] ॥ | The Bright[45] Lord[43] is Omnipotent[42]* and compassionate[44] and His devotees[46] have His[47] support[48] alone. | ਪ੍ਰਕਾਸ਼ਵਾਨ[45] ਪ੍ਰਭੂ[43] ਸਰਬ-ਸ਼ਕਤੀਵਾਨ[42]* ਅਤੇ ਕ੍ਰਿਪਾਲੂ[46] ਹੈ । ਉਸ ਦੇ ਸ਼ਰਧਾਵਾਨਾਂ[46] ਨੂੰ ਕੇਵਲ ਉਸੇ[47] ਦਾ ਹੀ ਆਸਰਾ[48] ਹੈ । |
| ਤਿਸੁ[49] ਸਰਣਾਈ[50] ਢਹਿ[51] ਪਏ ਪਿਆਰੇ ਜਿ[52] ਅੰਤਰਜਾਮੀ[53] ਜਾਣੁ[54] ॥ | I have surrendered[51] to the refuge[50] of Him[49], O dear, who[52] is wise[54] and the knower of hearts[53]. | ਮੈਂ ਉਸ[49] ਦੀ ਪਨਾਹ[50] ਹੇਠਾਂ ਡਿੱਗ ਪਿਆ[51] ਹਾਂ, ਹੇ ਪਿਆਰਿਆ ! ਜੋ[52] ਸਿਆਣਾ[54] ਅਤੇ ਦਿਲਾਂ ਦੀਆਂ ਜਾਨਣਹਾਰ[53] ਹੈ । |
| ਹਲਤੁ[55]ਪਲਤੁ[56]ਸਵਾਰਿਆ[57] ਪਿਆਰੇ[58] ਮਸਤਕਿ[59] ਸਚੁ ਨੀਸਾਣੁ[60] ॥ | My Beloved[58] has attuned[57] me in this world[55] as well as the next[56], and He has affixed His true seal[60] on my forehead[59]. | ਮੇਰੇ ਪ੍ਰੀਤਮ[58] ਨੇ ਮੇਰਾ ਇਹ ਲੋਕ[55] ਤੇ ਪ੍ਰਲੋਕ[56] ਸੁਧਾਰ ਦਿੱਤਾ[57] ਹੈ ਅਤੇ ਮੇਰੇ ਮੱਥੇ[59]ਉਤੇ ਆਪਣੀ ਸੱਚੀ ਮੋਹਰ[60] ਲਾ ਦਿੱਤੀ ਹੈ । |
| ਸੋ[61] ਪ੍ਰਭੁ ਕਦੇ[62] ਨ ਵੀਸਰੈ[63] ਪਿਆਰੇ ਨਾਨਕ ਸਦ[64] ਕੁਰਬਾਣੁ[65] ॥੮॥੨॥ | That[62] Lord, I forget[63] not ever[62], O dear. Unto Him, Nanak is ever[64] a sacrifice[65]. | ਉਸ[61] ਸਾਹਿਬ ਨੂੰ ਮੈਂ ਕਦਾਚਿੱਤ[62] ਨਹੀਂ ਭੁਲਾਉਂਦਾ[63]। ਉਸ ਉਤੋਂ ਨਾਨਕ ਸਦੀਵ[64] ਹੀ ਘੋਲੀ[65] ਵੰਞਦਾ ਹੈ । |
| ਸੋਰਠਿ ਮਹਲਾ ੫ ਘਰੁ ੨ ਅਸਟਪਦੀਆ | Sorath 5th Guru Ashtpadis. | ਸੋਰਠਿ ਪੰਜਵੀਂ ਪਾਤਿਸ਼ਾਹੀ ਅਸਪਦੀਆਂ । |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, is He obtained | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ । |
| ਪਾਠੁ[67] ਪੜਿਓ[68] ਅਰੁ[69] ਬੇਦੁ[70]ਬੀਚਾਰਿਓ[71]ਨਿਵਲਿ[72] ਭੁਅੰਗਮ[73] ਸਾਧੇ[74] ॥ | The man reads[68] holy texts[67] and[69] studies[71] the Vedas[70]. He practises[74] inner-washing[72] and breath control[73]. | ਇਨਸਾਨ ਧਾਰਮਕ ਪੁਸਤਕਾਂ[67] ਵਾਚਦਾ[68] ਤੇ[69] ਵੇਦਾਂ[70] ਨੂੰ ਘੋਖਦਾ[71] ਹੈ । ਉਹ ਅੰਦਰ ਧੋਣ[72] ਅਤੇ ਸੁਆਸ ਰੋਕਣ[73] ਦਾ ਅਭਿਆਸ ਕਰਦਾ[74] ਹੈ । |
| ਪੰਚ[75] ਜਨਾ[76] ਸਿਉ ਸੰਗੁ[77] ਨ ਛੁਟਕਿਓ[78] ਅਧਿਕ[79] ਅਹੰਬੁਧਿ[80] ਬਾਧੇ[81] ॥੧॥ | But he escapes[78] not from the company[77] of the five[75] evil passions[76] and is all the more[79] tied to haughty disposition[80]. | ਪ੍ਰੰਤੂ ਉਹ ਪੰਜਾਂ[75] ਮੰਦੇ ਵਿਸ਼ੇ-ਵੇਗਾਂ[76] ਦੀ ਸੰਗਤ[77] ਤੋਂ ਖਲਾਸੀ[78] ਨਹੀਂ ਪਾਉਂਦਾ ਅਤੇ ਹੰਕਾਰੀ ਮਤ[80] ਨਾਲ ਸਗੋਂ ਵਧੇਰੇ[79] ਬੱਝ[81] ਜਾਂਦਾ ਹੈ । |
| ਪਿਆਰੇ[87] ਇਨ[82] ਬਿਧਿ[83] | My dear[87], by these[82] methods[83], the | ਮੇਰੇ ਪ੍ਰੀਤਮਾ[87] ! ਇਨ੍ਹਾਂ[22] ਤਰੀਕਿਆਂ[83] ਦੁਆਰਾ ਸੁਆਮੀ |

| | | |
|---|---|---|
| ਮਿਲਣੁ ਨ ਜਾਈ ਮੈ ਕੀਏ[84] ਕਰਮ[85] ਅਨੇਕਾ[86] ॥ | Lord is met not, and I have performed[84] many[86] such rituals[28]. | ਨਹੀਂ ਮਿਲਦਾ, ਕਿਉਂਕਿ ਮੈਂ ਐਹੋ ਜੇਹੇ ਘਣੇਰੇ[86] ਕਰਮ-ਕਾਂਡ[85] ਕੀਤੇ[84] ਹਨ । |
| ਹਾਰਿ[87] ਪਰਿਓ[88] ਸੁਆਮੀ[89] ਕੈ ਦੁਆਰੈ[90] ਦੀਜੈ[91] ਬੁਧਿ[92] ਬਿਬੇਕਾ[93] ॥ਰਹਾਉ॥ | I have dropped[88] down weary[87] at the Lord's[89] door[90] and pray for the grant[91] of discerning[93] intellect[92]. Pause. | ਮੈਂ ਥਕ ਟੁਟ[87] ਕੇ ਪ੍ਰਭੂ[89] ਦੇ ਦਰ[90] ਤੇ ਢਹਿ ਪਿਆ[88] ਹਾਂ ਅਤੇ ਵਿਚਾਰ ਵਾਲੀ[93] ਅਕਲ[92] ਦੀ ਦਾਤ[91] ਲਈ ਬੇਨਤੀ ਕਰਦਾ ਹਾਂ । ਠਹਿਰਾਉ । |
| ੬੪੨ | | |
| ਮੋਨਿ[94] ਭਇਓ [100]ਕਰਪਾਤੀ[95] ਰਹਿਓ ਨਗਨ[96] ਫਿਰਿਓ[97] [98]ਬਨਮਾਹੀ[99]॥ ਤਟ[2] ਤੀਰਥ[3] ਸਭ ਧਰਤੀ[4] ਭ੍ਰਮਿਓ[5] ਦੁਬਿਧਾ[6] ਛੁਟਕੈ[7] ਨਾਹੀ ॥੨॥ | Man may remain mum[94], make his hands[100] the leaf-plate[95] and wander[97] naked[96] in[99] the forest[98]. He may visit[5] river banks[2], shrines[3] and the whole earth[4], but duality[6] leaves[7] him not. | ਇਨਸਾਨ ਚੁਪ[94] ਰਹੇ, ਆਪਣੇ ਹੱਥਾਂ[100] ਦੀ ਪੱਤਲ[95] ਬਣਾਵੇ ਅਤੇ ਨੰਗ-ਧੜੰਗਾ[96] ਜੰਗਲ[98] ਵਿੱਚ[99] ਭਟਕਦਾ[97] ਰਹੇ ਅਤੇ ਉਹ ਦਰਿਆਵਾਂ ਦੇ ਕਿਨਾਰਿਆਂ[2], ਧਰਮ ਅਸਥਾਨਾਂ[3] ਤੇ ਸਾਰੀ ਜ਼ਮੀਨ[4] ਤੇ ਰਟਣ ਕਰਦਾ[4] ਫਿਰੇ, ਪਰ ਦਵੈਤ-ਭਾਵ[6] ਉਸ ਦਾ ਖਹਿੜਾ ਨਹੀਂ ਛਡਦੀ[7] । |
| ਮਨ[8] ਕਾਮਨਾ[9] ਤੀਰਥ[10] ਜਾਇ[12] ਬਸਿਓ[13] ਸਿਰਿ[14] ਕਰਵਤ[15] ਧਰਾਏ[16] ॥ ਮਨ[22] ਕੀ ਮੈਲੁ[17] ਨ ਉਤਰੈ[18] ਇਹ ਬਿਧਿ[19] ਜੇ[20] ਲਖ ਜਤਨ[21] ਕਰਾਏ ॥੩॥ | With his mind's[8] desire[9] he may go[12] and abide[13] at a place of pilgrimage[10] and place[16] his head[14] under the saw[15] but his soul's[22] impurity[17] departs[18] not thus[19], even though[20] he may make lakhs of efforts[21]. | ਆਪਣੇ ਚਿੱਤ[8] ਦੀ ਚਾਹਨਾ[9] ਨਾਲ ਉਹ ਯਾਤ੍ਰਾ ਅਸਥਾਨ[10] ਤੇ ਜਾ[12] ਵਸੇ[13] ਅਤੇ ਆਪਣੇ ਸਿਰ[14] ਨੂੰ ਆਰੇ[15] ਹੇਠਾਂ ਦੇਵੇ[16], ਪ੍ਰੰਤੂ ਇਸ ਤਰ੍ਹਾਂ[19] ਉਸ ਦੀ ਆਤਮਾ[22] ਦੀ ਮਲੀਣਤਾ[17] ਦੂਰ[18] ਨਹੀਂ ਹੁੰਦੀ, ਭਾਵੇਂ[20] ਉਹ ਲੱਖੂਖਾਂ ਹੀ ਉਪਰਾਲੇ[21] ਪਿਆ ਕਰੇ । |
| ਕਨਿਕ[23] ਕਾਮਿਨੀ[24] ਹੈਵਰ[25] ਗੈਵਰ[26] ਬਹੁ[27] ਬਿਧਿ[28] ਦਾਨੁ[29] ਦਾਤਾਰਾ[30] ॥ | He may be a man of bounty[30] and give gifts[29] of many[27] sorts[28], like gold[23], women[24], horses[25] and elephants[26]; | ਉਹ ਦਾਨੀ ਜਨ[30] ਹੋ ਅਨੇਕਾਂ[27] ਕਿਸਮਾਂ[28] ਦੀਆਂ ਦਾਤਾਂ[29] ਦੇਵੇ, ਜਿਸ ਤਰ੍ਹਾਂ ਸੋਨਾ[23], ਇਸਤ੍ਰੀਆਂ[24], ਘੋੜੇ[25] ਅਤੇ ਹਾਥੀ[26] ; |
| ਅੰਨ[31] ਬਸਤ੍ਰ[32] ਭੂਮਿ[33] ਬਹੁ[34] ਅਰਪੇ[35] ਨਹ ਮਿਲੀਐ[36] ਹਰਿ ਦੁਆਰਾ[37] ॥੪॥ | He may offer[35] corn[31], clothes[32] and lands[33] in abundance[34], but he arrives[36] not at the Lord's door[37]. | ਉਹ ਅਨਾਜ[31], ਕਪੜੇ[32] ਅਤੇ ਘਣੇਰੀ[34] ਜ਼ਮੀਨ[33] ਖ਼ੈਰਾਤ[35] ਕਰੇ; ਪ੍ਰੰਤੂ, ਉਹ ਪ੍ਰਭੂ ਦੇ ਬੂਹੇ[37] ਉੱਤੇ ਨਹੀਂ ਪੁਜਦਾ[36] । |
| ਪੂਜਾ[38] ਅਰਚਾ[39] ਬੰਦਨ ਡੰਡਉਤ[40] ਖਟੁ[41] ਕਰਮਾ[42] ਰਤੁ[43] ਰਹਤਾ[44] ॥ | He may remain attached[44], in love[43], to worship[38], adoration[39], prostrate salutation[40] and six[41] rites[42]. | ਬੇਸ਼ਕ ਉਹ ਉਪਾਸ਼ਨਾ[38], ਆਰਾਧਨ[39], ਲੰਮੇ ਪੈ ਨਿਮਸ਼ਕਾਰ[40] ਤੇ ਛਿਆਂ[41] ਸੰਸਕਾਰਾਂ[42] ਵਿੱਚ ਪ੍ਰੇਮ[43] ਨਾਲ ਜੁੜਿਆ[44] ਰਹੇ , |
| ਹਉ ਹਉ[45] ਕਰਤ[46] ਬੰਧਨ[47] ਮਹਿ[48] ਪਰਿਆ[49] ਨਹ ਮਿਲੀਐ ਇਹ ਜੁਗਤਾ[50]॥੫॥ | He takes[46] pride, nay, excessive[45] pride and falls[49] into entanglements[47]. By these means[50], he can meet not God. | ਪ੍ਰੰਤੂ, ਉਹ ਘਣਾ ਹੰਕਾਰ[45] ਕਰਦਾ[46] ਹੈ ਅਤੇ ਫ਼ਾਹੀਆਂ[47] ਵਿੱਚ[48] ਫਸਦਾ[49] ਹੈ । ਇਨ੍ਹਾਂ ਤਰੀਕਿਆਂ[50] ਨਾਲ ਉਹ ਵਾਹਿਗੁਰੂ ਨੂੰ ਮਿਲ ਨਹੀਂ ਸਕਦਾ । |
| ਜੋਗ[51] ਸਿਧ[52] ਆਸਣ[53] ਚਉਰਾਸੀਹ[54] ਏ[55] ਭੀ | The knowledge of the Yoga modes of union[51] with the Lord and of the | ਸਾਈਂ ਦੇ ਮਿਲਾਪ[51] ਦੀ ਵਿਦਿਆ ਅਤੇ ਕਰਾਮਾਤੀ ਬੰਦਿਆਂ[52] ਦੇ ਚੁਰਾਸੀ[54] ਬੈਠਣ ਦੇ ਢੰਗ[53], ਇਨ੍ਹਾਂ[55] ਨੂੰ |

| | | |
|---|---|---|
| ਕਰਿ ਕਰਿ ਰਹਿਆ[57] ॥ | eighty four[54] sitting postures[53] of the men of miracles[52]; He grows weary[57] practising[56] these[55] as well. | ਕਰਦਾ ਹੋਇਆ[56] ਭੀ ਉਹ ਹਾਰ ਹੁੱਟ[57] ਜਾਂਦਾ ਹੈ । |
| ਵਡੀ[58] ਆਰਜਾ[59] ਫਿਰਿ ਫਿਰਿ[60] ਜਨਮੈ[62] ਹਰਿ ਸਿਉ[65] ਸੰਗੁ[63] ਨ ਗਹਿਆ[64] ॥੬॥ | He may attain long[58] life[59], but without obtaining[64] association[63] with[65] God, he is born[62] again and again[60]. | ਉਹ ਲੰਮੀ[58] ਉਮਰ[59] ਪਾ ਲਵੇ, ਪ੍ਰੰਤੂ ਹਰੀ ਨਾਲ[65] ਸੰਗਤ[63] ਪ੍ਰਾਪਤ[64] ਕੀਤੇ ਬਗ਼ੈਰ ਉਹ ਮੁੜ ਮੁੜ[60] ਕੇ ਜਨਮ ਧਾਰਦਾ[62] ਹੈ । |
| ਰਾਜ[66] ਲੀਲਾ[67] ਰਾਜਨ[68] ਕੀ ਰਚਨਾ[69] ਕਰਿਆ[70] ਹੁਕਮੁ[71] ਅਫਾਰਾ[72] ॥ | He may enjoy royal[66] sports[67], indulge in the Kingly[68] ostentations[69], and issue[70] unchangeable[72] orders[71]; | ਉਹ ਸ਼ਾਹਾਨਾ[66] ਚੋਜ[67] ਕਰੇ, ਰਾਜਿਆਂ[68]ਵਾਲੇ ਅਡੰਬਰਾਂ[69] ਰਚੇ ਤੇ ਨਾ-ਬਦਲਨ[72] ਵਾਲੇ ਹਉਮੈ-ਭਰਪੂਰ ਫੁਰਮਾਨ[71] ਜਾਰੀ ਕਰੇ[70] । |
| ਸੇਜ[73] ਸੋਹਨੀ[74] ਚੰਦਨੁ[75] ਚੋਆ[76] ਨਰਕ[77] ਘੋਰ[78] ਕਾ ਦੁਆਰਾ[79] ॥੭॥ | He may have beauteous[74] couches[73] perfumed with the sandal[75] aloe-wood[76] scent. Such things lead him to the door[79] of terrible[78] hell[77] | ਉਸ ਦੇ ਕੋਲ ਚੰਨਣ[75] ਅਗਰ ਦੀ ਲੱਕੜ[76] ਦੇ ਅਤਰ ਨਾਲ ਸੁਗੰਧਤ ਕੀਤੇ ਹੋਏ ਸੁੰਦਰ[74] ਪਲੰਘ[73] ਹੋਣ । ਐਹੋ ਜੇਹੀਆਂ ਚੀਜ਼ਾਂ ਉਸ ਨੂੰ ਭਿਆਨਕ[78] ਦੋਜ਼ਕ[77] ਦੇ ਬੂਹੇ[79] ਤੇ ਲੈ ਜਾਂਦੀਆਂ ਹਨ । |
| ਹਰਿ ਕੀਰਤਿ[80] ਸਾਧਸੰਗਤਿ ਹੈ ਸਿਰਿ[81] ਕਰਮਨ[82] ਕੈ ਕਰਮਾ ॥ | Singing of God's praise[80] in the saints' society is the highest[81] of all the deeds[82]. | ਸਤਿਸੰਗਤ ਅੰਦਰ ਵਾਹਿਗੁਰੂ ਦੀ ਮਹਿਮਾ[80] ਗਾਇਨ ਕਰਨੀ ਸਾਰਿਆਂ ਕੰਮਾਂ[82] ਦਾ ਸ਼੍ਰੋਮਣੀ[81] ਕੰਮ ਹੈ । |
| ਕਹੁ ਨਾਨਕ ਤਿਸੁ[83] ਭਇਓ ਪਰਾਪਤਿ[84] ਜਿਸੁ ਪੁਰਬ[85] ਲਿਖੇ[86] ਕਾ ਲਹਨਾ[87] ॥੮॥ | Says Nanak, he[83] alone obtains[84] it, who is pre[85]-destined[86] to receive[87] it. | ਗੁਰੂ ਜੀ ਫ਼ੁਰਮਾਉਂਦੇ ਹਨ, ਕੇਵਲ ਓਹੀ[83] ਇਸ ਨੂੰ ਪਾਉਂਦਾ[84] ਹੈ ਜਿਸ ਦੇ ਲਈ ਇਸ ਦਾ ਮਿਲਣਾ[87] ਮੁੱਢ[85] ਤੋਂ ਲਿਖਿਆ[86] ਹੋਇਆ ਹੈ । |
| ਤੇਰੋ ਸੇਵਕੁ[87]* ਇਹ[88] ਰੰਗਿ[89] ਮਾਤਾ[90] ॥ | Thy slave[87]*, O Lord, is inebriated[90] with this[88] love[89] of Thine. | ਤੇਰਾ ਗੋਲਾ[87]*, ਹੇ ਸਾਂਈਂ ! ਤੇਰੀ ਇਸ[88] ਪ੍ਰੀਤ[89] ਵਿੱਚ ਮਤਵਾਲਾ ਹੋਇਆ[90] ਹੈ । |
| ਭਇਓ[91] ਕ੍ਰਿਪਾਲੁ[92] ਦੀਨ[93] ਦੁਖ ਭੰਜਨੁ[94] ਹਰਿ ਹਰਿ[95] ਕੀਰਤਨਿ[96] ਇਹੁ ਮਨੁ[97] ਰਾਤਾ[98] ॥ ਰਹਾਉ ਦੂਜਾ ॥ ੧॥੩॥ | The Destroyer of the anguish[94] of the meek[93] has become[91] merciful[92] unto me and this soul[97] of mine is imbued[98] with the Lord God's[95] praise[96]. Pause. | ਮਸਕੀਨਾਂ[93] ਦੇ ਕਸ਼ਟ ਨਾਸ ਕਰਨ ਵਾਲਾ[94] ਮੇਰੇ ਉੱਤੇ ਮਿਹਰਬਾਨ[92] ਹੋ ਗਿਆ[91] ਹੈ ਅਤੇ ਮੇਰੀ ਇਹ ਆਤਮਾ[97] ਸੁਆਮੀ ਵਾਹਿਗੁਰੂ ਦੀ ਕੀਰਤੀ[96] ਨਾਲ ਰੰਗੀ ਗਈ[98] ਹੈ । ਠਹਿਰਾਉ । |
| ਰਾਗੁ ਸੋਰਠਿ ਵਾਰ[99] ਮਹਲੇ ੪ ਕੀ | Sorath Measure Eulogy[99] 4th Guru. | ਰਾਗੁ ਸੋਰਠਿ ਜੱਸਮਈ[99] ਕਾਵ੍ਯ ਚੋਥੀ ਪਾਤਿਸ਼ਾਹੀ । |
| ੧ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, is He attained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਸਲੋਕੁ ਮ: ੧ ॥ | Slok Ist Guru. | ਸਲੋਕ ਪਹਿਲੀ ਪਾਤਿਸ਼ਾਹੀ । |
| ਸੋਰਠਿ ਸਦਾ[100] ਸੁਹਾਵਣੀ[2] | Ever[100] beautiful[2] is the Sorath | ਸਦੀਵੀ[100] ਸੁੰਦਰ[2] ਹੈ ਸੋਰਠਿ ਰਾਗਣੀ, ਜੇਕਰ ਇਸ ਦੇ |

| | | |
|---|---|---|
| ਜੇ[3] ਸਚਾ[4] ਮਨਿ[5] ਹੋਇ[6] ॥ | measure, if[3] through it the True Lord[4] abides[6] in the bride's mind[5]. | ਰਾਹੀਂ ਸੱਚਾ ਸੁਆਮੀ[4] ਪਤਨੀ ਦੇ ਚਿੱਤ ਵਿੱਚ ਟਿਕ[6] ਜਾਵੇ । |
| ਦੰਦੀ[7] ਮੈਲੁ[8] ਨ ਕਤੁ[9] ਮਨਿ ਜੀਭੈ[10] ਸਚਾ[12] ਸੋਇ[13] ॥ | Her teeth[7] are without filth[8] and her mind is split[9] not and on her tongue[10] is His[13] True Name[12]. | ਉਸ ਦੇ ਦੰਦ[7] ਗੰਦਗੀ[8] ਦੇ ਬਿਨਾ ਹਨ ਤੇ ਉਸ ਦਾ ਚਿੱਤ ਵੰਡਿਆ[9] ਹੋਇਆ ਨਹੀਂ, ਅਤੇ ਉਸ ਦੀ ਜੀਭ[10] ਉਤੇ ਉਸ (ਪ੍ਰਭੂ-ਪਤੀ) ਦਾ[13] ਸੱਚਾ[12] ਨਾਮ ਹੈ । |
| ਸਸੁਰੈ[14] ਪੇਈਐ[15] ਭੈ[16] ਵਸੀ[17] ਸਤਿਗੁਰੁ ਸੇਵਿ[18] ਨਿਸੰਗ[19] ॥ | Both here[15] and here-after[14] she abides[17] in the Lord's fear[16] and serves[18] the True Guru without hesitation[19]. | ਲੋਕ[15] ਤੇ ਪ੍ਰਲੋਕ[14] ਦੋਨਾਂ ਵਿੱਚ ਉਹ ਪ੍ਰਭੂ ਦੇ ਡਰ[16] ਵਿੱਚ ਵਸਦੀ[17] ਹੈ ਅਤੇ ਨਿੱਡਰ[19] ਹੋ ਸੱਚੇ ਗੁਰਾਂ ਦੀ ਘਾਲ ਕਮਾਉਂਦੀ[18] ਹੈ । |
| ਪਰਹਰਿ[20] ਕਪੜੁ[21] ਜੇ[22] ਪਿਰ[23] ਮਿਲੈ ਖੁਸੀ[24] ਰਾਵੈ ਪਿਰੁ ਸੰਗਿ[25] ॥ | Foregoing[20] worldly adornments[21], when[22] she meets her Groom[23], then makes she merry[24] with[25] her Groom. | ਸੰਸਾਰੀ ਸ਼ਿੰਗਾਰ[21] ਤਿਆਗ ਕੇ[20] ਜਦ[22] ਉਹ ਆਪਣੇ ਪਤੀ[23] ਨੂੰ ਮਿਲ ਪੈਂਦੀ ਹੈ, ਤਾਂ ਉਹ ਆਪਣੇ ਪਤੀ ਨਾਲ[25] ਅਨੰਦ ਮਾਣਦੀ[24] ਹੈ । |
| ਸਦਾ[26] ਸੀਗਾਰੀ[27] ਨਾਉ ਮਨਿ ਕਦੇ ਨ ਮੈਲੁ[28] ਪਤੰਗੁ[29] ॥ | With the Name in her mind she ever[26] remains decorated[27] and never[29] has she even an iota of filth[28]. | ਆਪਣੇ ਹਿਰਦੇ ਅੰਦਰ ਨਾਮ ਨਾਲ ਉਹ ਹਮੇਸ਼ਾ[26] ਸਜੀ-ਧਜੀ[27] ਰਹਿੰਦੀ ਹੈ ਅਤੇ ਉਸ ਵਿਚ ਕਦਾਚਿੱਤ[29], ਭੋਰਾ ਭਰ ਭੀ, ਗੰਦ[28] ਨਹੀਂ ਹੁੰਦਾ । |
| ਦੇਵਰ[30] ਜੇਠ[31] ਮੁਏ[32] ਦੁਖਿ[33] ਸਸੂ[34] ਕਾ ਡਰੁ[35] ਕਿਸੁ[36] ॥ | Her husband's younger[30] and elder[31] brothers (vices) have miserably[33] perished[32]. Who[36] fears[35] the mother-in-law[34] (mammon) now ? | ਉਸ ਦੇ ਖਾਵੰਦ ਦੇ ਛੋਟੇ[30] ਤੇ ਵੱਡੇ[31] ਭਰਾ ਦੁਖੀ[33] ਹੋ ਮਰ ਮੁਕ ਗਏ[32] ਹਨ । ਹੁਣ ਸੱਸ[34] (ਮਾਇਆ) ਤੋਂ ਕੌਣ[36] ਡਰਦਾ[35] ਹੈ । |
| ਜੇ[37] ਪਿਰ[38] ਭਾਵੈ[44] ਨਾਨਕਾ ਕਰਮ[40] ਮਣੀ[41] ਸਭੁ[42] ਸਚੁ ॥੧॥ | If[37] she becomes pleasing[44] to her spouse[38], she is embellished with jewel-like[41] destiny[40] and abiding[42] Truth, O Nanak. | ਜੇਕਰ[37] ਉਹ ਆਪਣੇ ਪਿਆਰੇ[38] ਪਤੀ ਦੇ ਮਨ ਪੜ[44] ਜਾਵੇ ਤਦ ਉਹ ਜਵੇਹਰ[41] ਵਰਗੀ ਪ੍ਰਾਲਬਧ[40] ਅਤੇ ਸਮੂਹ[42] ਸੱਚ ਨਾਲ ਸ਼ਸੋਭਤ ਹੋ ਜਾਂਦੀ ਹੈ, ਹੇ ਨਾਨਕ ! |
| ਮ: ੪ ॥ | 4th Guru. | ਚੌਥੀ ਪਾਤਿਸ਼ਾਹੀ । |
| ਸੋਰਠਿ ਤਾਮਿ[39] ਸੁਹਾਵਣੀ[43] ਜਾ[45] ਹਰਿ ਨਾਮੁ ਢੰਢੋਲੇ[46] ॥ | Then alone[39] is the Sorath measure beauteous[43], when[45], through it, the bride seeks[46] the Lord's Name. | ਕੇਵਲ[39] ਤਦ ਹੀ ਸੋਰਠਿ ਰਾਗਣੀ ਸੁੰਦਰ[43] ਹੈ, ਜਦ[45] ਇਸ ਦੇ ਰਾਹੀਂ ਪਤਨੀ ਪ੍ਰਭੂ ਦੇ ਨਾਮ ਨੂੰ ਢੂੰਡਦੀ[46] ਹੈ । |
| ਗੁਰ ਪੁਰਖੁ[47] ਮਨਾਵੈ[48] ਆਪਣਾ ਗੁਰਮਤੀ[49] ਹਰਿ ਹਰਿ[50] ਬੋਲੇ[51] ॥ | Pleases[48] she, her Guru-God[47] and, through the Guru's instruction[49], utters[51] she, the Lord's Name[50]. | ਉਹ ਆਪਣੇ ਗੁਰੂ-ਪ੍ਰਮੇਸ਼ਰ[47] ਨੂੰ ਪ੍ਰਸੰਨ[48] ਕਰਦੀ ਹੈ ਅਤੇ ਗੁਰਾਂ ਦੇ ਉਪਦੇਸ਼[49] ਰਾਹੀਂ ਸੁਆਮੀ ਦੇ ਨਾਮ[59] ਨੂੰ ਉਚਾਰਦੀ[51] ਹੈ । |
| ਹਰਿ ਪ੍ਰੇਮਿ[52] ਕਸਾਈ[53] ਦਿਨਸੁ[54] ਰਾਤਿ ਹਰਿ ਰਤੀ[55] ਹਰਿ ਰੰਗਿ[56] ਚੋਲੇ[57] ॥ | Day and night[54] she remains attracted[53] by God's love[52] and her body cloak[57] is imbued[55] with the Lord God's affection[56]. | ਦਿਨ ਰਾਤ[54] ਉਹ ਵਾਹਿਗੁਰੂ ਦੀ ਪ੍ਰੀਤ[52] ਨਾਲ ਖਿੱਚੀ[53] ਰਹਿੰਦੀ ਹੈ ਅਤੇ ਉਸ ਦੀ ਦੇਹ ਦਾ ਚੋਗਾ[57] ਸੁਆਮੀ ਵਾਹਿਗੁਰੂ ਦੇ ਪ੍ਰੇਮ[56] ਨਾਲ ਰੰਗਿਆ ਜਾਂਦਾ[55] ਹੈ । |
| ਹਰਿ ਜੈਸਾ[58] ਪੁਰਖੁ[59] ਨ | God like[58] Lord[59], is found[60] not; I | ਵਾਹਿਗੁਰੂ ਵਰਗਾ[58], ਸੁਆਮੀ[59] ਨਹੀਂ ਮਿਲਦਾ[60] । ਮੈਂ |

| | | |
|---|---|---|
| ਲਭਦੀ[60] ਸਭੁ[61] ਦੇਖਿਆ[62] ਜਗਤੁ[63] ਮੈ ਟੋਲੇ[64] ॥ | have seen[62] and searched[64] the whole[61] world[63] through. | ਸਾਰਾ[61] ਸੰਸਾਰ[63] ਵੇਖ[62] ਭਾਲ ਲਿਆ[64] ਹੈ । |
| ਗੁਰਿ[65] ਸਤਿਗੁਰਿ ਨਾਮੁ ਦ੍ਰਿੜਾਇਆ[66] ਮਨੁ[67] ਅਨਤ[67*] ਨ ਕਾਹੂ[69] ਡੋਲੇ[68]॥ | The great[65] True Guru has implanted[66] the Name in me and my soul[67] wabbles[68] not anywhere[69] else[67*]. | ਵੱਡੇ[65] ਸੱਚੇ ਗੁਰਾਂ ਨੇ ਮੇਰੇ ਅੰਦਰ ਨਾਮ ਪੱਕਾ ਕਰ ਦਿੱਤਾ[66] ਹੈ ਅਤੇ ਮੇਰੀ ਜਿੰਦੜੀ[67] ਹੋਰਸ[67*] ਕਿਧਰੇ[69] ਡਿੱਕੋ-ਡੋਲੇ[68] ਨਹੀਂ ਖਾਂਦੀ । |
| ਜਨੁ[70] ਨਾਨਕੁ ਹਰਿ ਕਾ ਦਾਸੁ[71] ਹੈ ਗੁਰ[72] ਸਤਿਗੁਰ ਕੇ ਗੋਲ[73] ਗੋਲੇ[74] ॥੨॥ | Serf[70] Nanak is the servant[71] of God and the slave[74] of the slaves[73] of the great[72] True Guru. | ਨਫ਼ਰ[70] ਨਾਨਕ ਵਾਹਿਗੁਰੂ ਦਾ ਸੇਵਕ[71] ਅਤੇ ਵਿਸ਼ਾਲ[72] ਸੱਚੇ ਗੁਰਾਂ ਦੇ ਗੁਮਾਸ਼ਤਿਆਂ[73] ਦਾ ਗੁਮਾਸ਼ਤਾ[73] ਹੈ । |
| ਪਉੜੀ ॥ | Pauri. | ਪਉੜੀ । |
| ਤੂ ਆਪੇ[75] ਸਿਸਟਿ[76]ਕਰਤਾ[77] ਸਿਰਜਣਹਾਰਿਆ[78] ॥ | Thou Thyself[75], O Lord, art the Designer[77] and the Creator[78] of the world[76]. | ਤੂੰ ਖ਼ੁਦ[75] ਹੀ, ਹੇ ਸਾਹਿਬ ! ਸੰਸਾਰ[76] ਦਾ ਘੜਣਹਾਰ[77] ਅਤੇ ਰਚਣ ਵਾਲਾ[78] ਹੈਂ । |
| ਤੁਧੁ ਆਪੇ ਖੇਲੁ[79] ਰਚਾਇ[80] ਤੁਧੁ ਆਪਿ ਸਵਾਰਿਆ[81] ॥ | Thou Thyself hast arranged[80] the play[79] and Thou Thyself has attuned[31] it. | ਤੂੰ ਖ਼ੁਦ ਹੀ ਤਮਾਸ਼ਾ[79] ਬਣਾਇਆ[80] ਹੈ ਅਤੇ ਤੂੰ ਖ਼ੁਦ ਹੀ ਇਸ ਨੂੰ ਸੁਰਤਾਲ[81] ਵਿੱਚ ਬੰਨ੍ਹਿਆ ਹੈ । |
| ਦਾਤਾ[82] ਕਰਤਾ[83] ਆਪਿ ਆਪਿ ਭੋਗਣਹਾਰਿਆ[84] ॥ | Thyself Thou art the Beneficent[82] Creator[83] and Thyself, the Enjoyer[84]. | ਆਪੇ ਹੀ ਤੂੰ ਦਾਤਾਰ[82], ਸਿਰਜਣਹਾਰ[83] ਹੈਂ ਅਤੇ ਆਪੇ ਹੀ ਆਨੰਦ ਮਾਨਣ ਵਾਲਾ[84] । |
| ਸਭੁ[85] ਤੇਰਾ ਸਬਦੁ[86] ਵਰਤੈ[87] ਉਪਾਵਣਹਾਰਿਆ[88] ॥ | Thy writ[86] runs[87] everywhere[85], O my Creator[88]. | ਤੇਰਾ ਹੁਕਮ[86] ਹਰ ਥਾਂ[85] ਚਲਦਾ ਹੈ[87], ਹੇ ਮੇਰੇ ਸਿਰਜਣਹਾਰ[88] ! |
| ਹਉ ਗੁਰਮੁਖਿ[89] ਸਦਾ[90] ਸਲਾਹੀ[91] ਗੁਰ ਕਉ[92] ਵਾਰਿਆ[93] ॥੧॥ | By Guru's grace[89], I ever[90] praise[91] the Lord and unto[92] the Guru, I am a sacrifice[93]. | ਗੁਰਾਂ ਦੀ ਦਇਆ ਦੁਆਰਾ[89] ਮੈਂ ਸਦੀਵ[90] ਹੀ ਸੁਆਮੀ ਦੀ ਸਿਫ਼ਤ[91] ਕਰਦਾ ਹਾਂ । ਗੁਰਾਂ ਉੱਤੋਂ[92] ਮੈਂ ਕੁਰਬਾਨ[93] ਵੰਞਦਾ ਹਾਂ । |
| ੬੪੩ | | |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਹਉਮੈ[94] ਜਲਤੇ[95] ਜਲਿ[96] ਮੁਏ[97] ਭ੍ਰਮਿ[98] ਆਏ[99] ਦੂਜੈ ਭਾਇ[100] ॥ | Aflame[95] in ego[94], the mortal is burnt[96] to death[97] and, straying[98] in duality[100], he, at last comes[99] to the Guru. | ਹੰਕਾਰ[94] ਅੰਦਰ ਬਲਦਾ ਹੋਇਆ[95] ਪ੍ਰਾਣੀ ਸੜ ਕੇ[96] ਮਰ ਜਾਂਦਾ[97] ਹੈ ਦਵੈਤ-ਭਾਵ[100] ਅੰਦਰ ਭਟਕਦਾ[98] ਅਖੀਰ ਨੂੰ ਉਹ ਗੁਰਾਂ ਕੋਲ ਆਉਂਦਾ[99] ਹੈ । |
| ਪੂਰੈ[2] ਸਤਿਗੁਰਿ ਰਾਖਿ[3] ਲੀਏ ਆਪਣੈ ਪੰਨੈ[4] ਪਾਇ[5] ॥ | The perfect[2] True Guru saves[3] him, by debiting[5] his debt to his own account[4]. | ਪੂਰਨ[2] ਗੁਰੂ ਜੀ ਉਸ ਦੇ ਕਰਜ਼ੇ ਨੂੰ ਆਪਣੇ ਲੇਖੇ[4] ਵਿੱਚ ਮੁਜਰਾ ਦੇ ਕੇ[5], ਉਸ ਦਾ ਪਾਰ ਉਤਾਰਾ ਕਰ ਦਿੰਦੇ[3] ਹਨ । |
| ਇਹੁ ਜਗੁ[6] ਜਲਤਾ[7] ਨਦਰੀ[8] ਆਇਆ ਗੁਰ ਕੈ ਸਬਦਿ[9] ਸੁਭਾਇ[10] ॥ | Through the sublime[10] hymns of the Guru[9], this world[6] is seen[8] aflame[7]. | ਸ੍ਰੇਸ਼ਟ[10] ਗੁਰਬਾਣੀ[9] ਰਾਹੀਂ ਇਹ ਸੰਸਾਰ[6] ਸੜਦਾ ਹੋਇਆ[7] ਦਿੱਸ ਆਉਂਦਾ[8] ਹੈ । |
| ਸਬਦਿ ਰਤੇ[12] ਸੇ[13] ਸੀਤਲ[14] | They[13], who are tinctured[12] with | ਜੋ ਗੁਰਾਂ ਦੀ ਬਾਣੀ ਨਾਲ ਰੰਗੀਜੇ[12] ਹਨ, ਉਹ[13] ਠੰਢੇ |

| | | |
|---|---|---|
| ਭਏ ਨਾਨਕ ਸਚੁ ਕਮਾਇ[15] ॥੧॥ | Gurbani, are pecified[14], O Nanak and practise[15] ever the truth. | ਸ਼ਾਂਤ ਹੋ ਜਾਂਦੇ[14] ਹਨ, ਹੇ ਨਾਨਕ ! ਤੇ ਸਦਾ ਸੱਚ ਦੀ ਕਮਾਈ ਕਰਦੇ[15] ਹਨ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਸਫਲਿਓ[16] ਸਤਿਗੁਰੁ ਸੇਵਿਆ[17] ਧੰਨੁ[18] ਜਨਮੁ[19] ਪਰਵਾਣੁ[20] ॥ | Fruitful[16] is the service[17] of the True Guru and blessed[18] and acceptable[20] becomes the life[19] of his servant. | ਫਲਦਾਇਕ[16] ਹੈ ਸੱਚੇ ਗੁਰਾਂ ਦੀ ਸੇਵਾ[17] । ਮੁਬਾਰਕ[18] ਤੇ ਪ੍ਰਮਾਣੀਕ[20] ਥੀ ਵੰਞਦਾ ਹੈ ਉਨ੍ਹਾਂ ਦੇ ਸੇਵਕ ਦਾ ਜੀਵਨ[19] । |
| ਜਿਨਾ ਸਤਿਗੁਰੁ ਜੀਵਦਿਆ[21] ਮੁਇਆ[22] ਨ ਵਿਸਰੈ[23] ਸੇਈ[24] ਪੁਰਖ[25] ਸੁਜਾਣ[26] ॥ | Sagacious[26] are the[24] persons[25], who forget[23] not the True Guru both in life[21] and death[22]. | ਸਿਆਣੇ[26] ਹਨ ਉਹ[24] ਪੁਰਸ਼[25] ਜੋ ਜੀਉਂਦੇ[21] ਅਤੇ ਮੋਏ[22] ਦੋਹਾਂ ਵਿੱਚ ਸੱਚੇ ਗੁਰਾਂ ਨੂੰ ਨਹੀਂ ਭੁਲਾਉਂਦੇ[23] । |
| ਕੁਲੁ[27] ਉਧਾਰੇ[28] ਆਪਣਾ ਸੋ[29] ਜਨੁ[30] ਹੋਵੈ ਪਰਵਾਣੁ[31] ॥ | Those[29] persons[30] save[28] their progeny[37] and are approved[31] by the Lord. | ਉਹ[29] ਪੁਰਸ਼[30] ਆਪਣੀ ਵੰਸ[27] ਨੂੰ ਤਾਰ ਲੈਂਦੇ[28] ਹਨ ਅਤੇ ਪ੍ਰਭੂ ਉਨ੍ਹਾਂ ਨੂੰ ਕਬੂਲ ਕਰ ਲੈਂਦਾ[31] ਹੈ । |
| ਗੁਰਮੁਖਿ[32] ਮੁਏ[33] ਜੀਵਦੇ[34] ਪਰਵਾਣੁ[35] ਹਹਿ[36] ਮਨਮੁਖ[37] ਜਨਮਿ[38] ਮਰਾਹਿ[39] ॥ | The Guru-wards[32] are[36] approved[35] in life[34] as in death[33] and the way-ward[37] continue coming[38] and going[39]. | ਗੁਰੂ-ਸਮਰਪਣ[32] ਜ਼ਿੰਦਗੀ[34] ਤੇ ਮੌਤ[33] ਵਿੱਚ ਪ੍ਰਮਾਣੀਕ[35] ਹਨ[36] । ਆਪ-ਹੁਦਰੇ[37] ਆਉਂਦੇ[38] ਤੇ ਜਾਂਦੇ[39] ਰਹਿੰਦੇ ਹਨ । |
| ਨਾਨਕ ਮੁਏ[40] ਨ ਆਖੀਅਹਿ[41] ਜਿ ਗੁਰ ਕੈ ਸਬਦਿ[42] ਸਮਾਹਿ[43] ॥੨॥ | Nanak, they are not said[41] to have died[40], who are absorbed[41] in the Guru's hymns[42]. | ਨਾਨਕ ਉਹ ਮਰੇ ਹੋਏ[40] ਨਹੀਂ ਆਖੇ ਜਾਂਦੇ[41] ਜੋ ਗੁਰਾਂ ਦੀ ਬਾਣੀ[42] ਅੰਦਰ ਲੀਨ ਹੁੰਦੇ[43] ਹਨ । |
| ਪਉੜੀ ॥ | Pauri. | ਪਉੜੀ । |
| ਹਰਿ ਪੁਰਖੁ[44] ਨਿਰੰਜਨੁ[45] ਸੇਵਿ[47] ਹਰਿ ਨਾਮੁ ਧਿਆਈਐ[46] ॥ | Serve[47] thou thy mighty[44] immaculate[45] Lord and meditate[46] thou on the Lord's Name. | ਤੂੰ ਆਪਣੇ ਬਲਵਾਨ[44] ਪਵਿੱਤ੍ਰ[45] ਵਾਹਿਗੁਰੂ ਦੀ ਸੇਵਾ[47] ਕਰ ਅਤੇ ਤੂੰ ਸੁਆਮੀ ਦੇ ਨਾਮ ਦਾ ਸਿਮਰਨ[46] ਕਰ । |
| ਸਤਸੰਗਤਿ[48] ਸਾਧੂ[49] ਲਗਿ[50] ਹਰਿ ਨਾਮਿ ਸਮਾਈਐ[51] ॥ | Associating[50] with the saints'[49] congregation[48], merge[51] thou, in the Master's Name. | ਸੰਤ[49]-ਸਮਾਗਮ[48] ਨਾਲ ਜੁੜ ਕੇ[50], ਤੂੰ ਮਾਲਕ ਦੇ ਨਾਮ ਦਾ ਆਰਧਨ[51] ਕਰ । |
| ਹਰਿ ਤੇਰੀ ਵਡੀ[52] ਕਾਰ[53] ਮੈ ਮੂਰਖ[54] ਲਾਈਐ[55] ॥ | O Lord, grand[52] is Thy service[53]: Engage[55] me, the foolish[54] one, in it. | ਹੇ ਸੁਆਮੀ ! ਵਿਸ਼ਾਲ[52] ਹੈ ਤੇਰੀ ਸੇਵਾ[53], ਮੈਂ ਬੇਵਕੂਫ਼[54] ਨੂੰ ਇਸ ਨਾਲ ਜੋੜ[55] । |
| ਹਉ ਗੋਲਾ[56] ਲਾਲਾ[57] ਤੁਧੁ ਮੈ ਹੁਕਮੁ ਫੁਰਮਾਈਐ[58] ॥ | I am a slave[56] and servant[57] of Thine. Command[58] me, as it pleaseth Thee. | ਮੈਂ ਤੇਰਾ ਗ਼ੁਲਾਮ[56] ਤੇ ਸੇਵਕ[57] ਹਾਂ । ਜਿਸ ਤਰ੍ਹਾਂ ਤੈਨੂੰ ਚੰਗਾ ਲਗਦਾ ਹੈ ਮੈਨੂੰ ਆਗਿਆ[58] ਕਰ । |
| ਹਉ ਗੁਰਮੁਖਿ[59] ਕਾਰ ਕਮਾਵਾ[60] ਜਿ[61] ਗੁਰਿ ਸਮਝਾਈਐ[62] ॥੨॥ | By Guru's grace[59], I shall serve[60] Thee, as[61] the Guru instructs[62] me. | ਗੁਰਾਂ ਦੀ ਦਇਆ ਦੁਆਰਾ[59], ਜਿਸ ਤਰ੍ਹਾਂ[61] ਗੁਰੂ ਜੀ ਮੈਨੂੰ ਸਿਖਮਤ ਦਿੰਦੇ[62] ਹਨ, ਮੈਂ ਤੇਰੀ ਨੌਕਰੀ[60] ਬਜਾਵਾਂਗਾ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਪੂਰਬਿ[63] ਲਿਖਿਆ[64] | According to the past[63] writ[64], | ਪਿਛਲੀ[63] ਲਿਖਤਾਕਾਰ[64] ਅਨੁਸਾਰ, ਜਿਹੜੀ[66] ਕਰਤਾਰ[67] |

| | | |
|---|---|---|
| ਕਮਾਵਣਾ[65] ਜਿ[66] ਕਰਤੈ[67] ਆਪਿ[68] ਲਿਖਿਆਸੁ[69] ॥ | which[66] the Creator[67] Himself[68] wrote[69], must man act[65]. | ਨੇ ਖ਼ੁਦ[68] ਲਿਖੀ[69] ਹੈ, ਬੰਦੇ ਨੂੰ ਕੰਮ ਕਰਨਾ ਪੈਂਦਾ[65] ਹੈ । |
| ਮੋਹ[70] ਠਗਉਲੀ[71] ਪਾਈਅਨੁ[72] ਵਿਸਰਿਆ[73] [74]ਗੁਣਤਾਸੁ[75] ॥ ਮਤੁ[76] ਜਾਣਹੁ[77] ਜਗੁ[78] ਜੀਵਦਾ[79] ਦੂਜੈ ਭਾਇ[80] ਮੁਇਆਸੁ[81] ॥ | The worldly love[70] has thrown[72] its net of deception[71] over him and he has forgotten[73] the Treasure[75] of virtue[74]. Deem[77] him not[76] alive[79] in this world[78]. He is dead[81] through love of duality[80]. | ਸੰਸਾਰੀ ਮਮਤਾ[70] ਨੇ ਉਸ ਉਤੇ ਆਪਣਾ ਠੱਗੀ[71] ਦਾ ਜਾਲ ਪਾਇਆ ਹੋਇਆ[72] ਹੈ ਤੇ ਉਸ ਨੇ ਗੁਣਾਂ[74] ਦੇ ਖ਼ਜ਼ਾਨੇ[75] ਹਰੀ ਨੂੰ ਭੁਲਾ ਦਿੱਤਾ[73] ਹੈ । ਉਸ ਨੂੰ ਇਸ ਜਗਤ[78] ਅੰਦਰ ਜੀਉਂਦਾ[79] ਖਿਆਲ[77] ਨਾ[76] ਕਰ, ਦਵੈਤ-ਭਾਵ[80] ਦੇ ਰਾਹੀਂ ਉਹ ਮਰ ਮੁਕ ਚੁੱਕਾ[81] ਹੈ । |
| ਜਿਨੀ ਗੁਰਮੁਖਿ[82] ਨਾਮੁ ਨ ਚੇਤਿਓ[83] ਸੇ[84] ਬਹਣਿ[85] ਨ ਮਿਲਨੀ ਪਾਸਿ[86] ॥ | They[84], who meditate[83] not on the Name, by Guru's grace[82], are not permitted to sit[85] near[86] the Lord. | ਜੋ ਗੁਰਾਂ ਦੀ ਦਇਆ ਦੁਆਰਾ[82] ਨਾਮ ਦਾ ਆਰਾਧਨ[83] ਨਹੀਂ ਕਰਦੇ, ਉਨ੍ਹਾਂ[84] ਨੂੰ ਪ੍ਰਭੂ ਦੇ ਕੋਲ[86] ਬੈਠਣਾ[85] ਨਹੀਂ ਮਿਲਦਾ । |
| ਦੁਖੁ[87] ਲਾਗਾ[88] ਬਹੁ ਅਤਿ ਘਣਾ[89] ਪੁਤੁ[90] ਕਲਤੁ[91] ਨ ਸਾਥਿ[92] ਕੋਈ ਜਾਸਿ[93] ॥ | They suffer[88] extremely excessive[89] misery[87] and none of their sons[90] and wives[91] goes[93] with[92] them. | ਉਹ ਅਤਿਅੰਤ ਹੀ ਘਣੇਰੀ[89] ਤਕਲੀਫ਼[87] ਉਠਾਉਂਦੇ[88] ਹਨ ਅਤੇ ਉਨ੍ਹਾਂ ਦੇ ਪੁੱਤ੍ਰਾਂ[90] ਤੇ ਪਤਨੀਆਂ[91] ਵਿਚੋਂ ਕੋਈ ਭੀ ਉਨ੍ਹਾਂ ਦਾ ਸਾਥ[92] ਨਹੀਂ ਦਿੰਦਾ[93] । |
| ਲੋਕਾ[94] ਵਿਚਿ ਮੁਹੁ[95] ਕਾਲਾ[96] ਹੋਆ ਅੰਦਰਿ ਉਭੇ[97] ਸਾਸ[98] ॥ | Their face[95] is blackened[96] among men[94] and they heave in heavy[97] breath[98] | ਲੋਗਾਂ[94] ਅੰਦਰ ਉਨ੍ਹਾਂ ਦਾ ਚਿਹਰਾ[95] ਕਾਲਾ ਕੀਤਾ[96] ਜਾਂਦਾ ਹੈ ਅਤੇ ਉਹ ਔਖੇ[97] ਸਾਹ[98] ਅੰਦਰ ਖਿੱਚਦੇ ਹਨ । |
| ਮਨਮੁਖਾ[99] ਨੋ ਕੋ ਨ ਵਿਸਹੀ[100] ਚੁਕਿ[2] ਗਇਆ ਵੇਸਾਸੁ[3] ॥ | In the egocentrics[99], no one places reliance[100]. Trust[3] in them is lost[2]. | ਆਪ ਹੁਦਰਿਆਂ[99] ਵਿੱਚ ਕੋਈ ਭੀ ਭਰੋਸਾ[10] ਨਹੀਂ ਧਾਰਦਾ । ਉਨ੍ਹਾਂ ਦਾ ਇਤਬਾਰ[3] ਚੁੱਕਿਆ ਗਿਆ[2] ਹੈ । |
| ਨਾਨਕ ਗੁਰਮੁਖਾ[4] ਨੋ ਸੁਖੁ[5] ਅਗਲਾ[6] ਜਿਨਾ ਅੰਤਰਿ[7] ਨਾਮ ਨਿਵਾਸੁ[8] ॥੧॥ | Nanak, the Guru-wards[4], within whose mind[7] abides[8] the Name, enjoy great[6] peace[5]. | ਨਾਨਕ, ਗੁਰੂ-ਸਮਰਪਣ[4], ਜਿਨ੍ਹਾਂ ਦੇ ਅੰਤਰ-ਆਤਮੇ[7] ਨਾਮ ਵਸਦਾ ਹੈ[8], ਘਣਾ[6] ਆਰਾਮ[5] ਭੋਗਦੇ ਹਨ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਸੇ[9] ਸੈਣ[10] ਸੇ ਸਜਣਾ[12] ਜਿ ਗੁਰਮੁਖਿ[13] ਮਿਲਹਿ[14] ਸੁਭਾਇ[15] ॥ | They[9] are the relatives[10] and they, the friends[12], who are resigned to Guru's will[13] and meet[14] me with love[15]. | ਓਹੀ[9] ਸਨਬੰਧੀ[10] ਹਨ ਅਤੇ ਓਹੀ ਹੀ ਮਿੱਤ੍ਰ[12], ਜੋ ਗੁਰੂ-ਅਨੁਸਾਰੀ[13] ਹਨ ਅਤੇ ਮੈਨੂੰ ਪ੍ਰੇਮ[15] ਨਾਲ ਮਿਲਦੇ[14] ਹਨ । |
| ਸਤਿਗੁਰ ਕਾ ਭਾਣਾ[16] ਅਨਦਿਨੁ[17] ਕਰਹਿ[18] ਸੇ[19] ਸਚਿ[20] ਰਹੇ ਸਮਾਇ[21] ॥ | Night and day[17], they[19] act[18] according to True Guru's will[16] and they remain aborbed[21] in the True Name[20]. | ਰੈਣ ਦਿਹੁੰ[17] ਉਹ[19] ਸੱਚੇ ਗੁਰਾਂ ਦੀ ਰਜ਼ਾ[16] ਅਨੁਸਾਰ ਕਾਰ ਕਰਦੇ[18] ਹਨ ਅਤੇ ਸੱਚੇ ਨਾਮ[20] ਵਿੱਚ ਲੀਨ ਰਹਿੰਦੇ[21] ਹਨ । |
| ਦੂਜੈ[22] ਭਾਇ[23] ਲਗੇ[24] ਸਜਣ ਨ ਆਖੀਅਹਿ[25] ਜਿ[26] ਅਭਿਮਾਨੁ[27] ਕਰਹਿ ਵੇਕਾਰ[28] ॥ | They, who[26] practise ego[27] and evil[28] and are attached[24] to another[22] in love[23], are not called[25] friends. | ਜੋ[26] ਹੰਕਾਰ[27] ਤੇ ਪਾਪ[28] ਕਰਦੇ ਹਨ ਅਤੇ ਪਿਆਰ[23] ਵਿੱਚ ਕਿਸੇ ਹੋਰਸ ਨਾਲ[22] ਜੁੜੇ[24] ਹਨ, ਉਹ ਮਿੱਤ੍ਰ ਨਹੀਂ ਕਹੇ ਜਾਂਦੇ[25] । |

| | | |
|---|---|---|
| ਮਨਮੁਖ[29] ਆਪ ਸੁਆਰਥੀ[30] ਕਾਰਜੁ[31] ਨ ਸਕਹਿ ਸਵਾਰਿ[32] ॥ | The way-wards[29] are selfish[30]; they cannot adjust[32] others' affairs[31]. | ਆਪ-ਹੁਦਰੇ[29] ਖ਼ੁਦਗਰਜ਼[30] ਹਨ । ਉਹ ਹੋਰਨਾਂ ਦੇ ਕੰਮ ਕਾਜ[31] ਸੁਆਰ[32] ਨਹੀਂ ਸਕਦੇ । |
| ਨਾਨਕ ਪੂਰਬਿ[33] ਲਿਖਿਆ[34] ਕਮਾਵਣਾ[35] ਕੋਇ ਨ ਮੇਟਣਹਾਰੁ[36] ॥੨॥ | Nanak, they act[35] in accordance with what is pre[33]-destined[34] for them; none can erase[36] it. | ਨਾਨਕ, ਉਹ ਉਹੀ ਕੁਛ ਕਰਦੇ[35] ਹਨ, ਜੋ ਉਨ੍ਹਾਂ ਲਈ ਧੁਰ[33] ਤੋਂ ਲਿਖਿਆ[34] ਹੋਇਆ ਹੈ । ਕੋਈ ਭੀ ਉਸ ਨੂੰ ਮੇਸ[36] ਨਹੀਂ ਸਕਦਾ । |
| ਪਉੜੀ ॥ | Pauri. | ਪਉੜੀ । |
| ਤੁਧੁ ਆਪੇ[37] ਜਗਤੁ[38] ਉਪਾਇ ਕੈ[39] ਆਪਿ[40] ਖੇਲੁ[41] ਰਚਾਇਆ[42] ॥ | Having created[39] the world[38] Thyself[40], Thou Thyself[37] has arranged[42] the play[41]. | ਖ਼ੁਦ[40] ਸੰਸਾਰ[38] ਨੂੰ ਪੈਦਾ ਕਰ ਕੇ[39], ਤੂੰ ਖ਼ੁਦ[37] ਹੀ ਖੇਡ[41] ਬਣਾਈ[42] ਹੈ । |
| ਤ੍ਰੈ[43] ਗੁਣ[44] ਆਪਿ ਸਿਰਜਿਆ[45] ਮਾਇਆ[46] ਮੋਹੁ[47] ਵਧਾਇਆ[48] ॥ | Thou Thyself hast created[45] the three[43] modes[44], and increased[48] man's love[47] for riches[46]. | ਤੂੰ ਆਪੇ ਹੀ ਤਿੰਨ[43] ਗੁਣ[44] ਰਚੇ[45] ਹਨ ਅਤੇ ਬੰਦੇ ਦੀ ਧਨ-ਦੌਲਤ[46] ਨਾਲ ਮੁਹੱਬਤ[47] ਵਧਾਈ ਕੀਤੀ[48] ਹੈ । |
| ਵਿਚਿ ਹਉਮੈ[49] ਲੇਖਾ[50] ਮੰਗੀਐ[51] ਫਿਰਿ[52] ਆਵੈ ਜਾਇਆ ॥ | Man is called[51] to account[50] for the deeds done in pride[49] and then[52] he continues coming and going. | ਹੰਕਾਰ[49] ਅੰਦਰ ਕੀਤੇ ਹੋਏ ਕੰਮਾਂ ਲਈ ਬੰਦੇ ਪਾਸੋਂ ਹਿਸਾਬ ਕਿਤਾਬ[50] ਲਿਆ ਜਾਂਦਾ[51] ਹੈ ਤੇ ਤਦ[52] ਹੀ ਉਹ ਆਉਂਦਾ ਤੇ ਜਾਂਦਾ ਰਹਿੰਦਾ ਹੈ । |
| ਜਿਨਾ ਹਰਿ ਆਪਿ[53] ਕ੍ਰਿਪਾ[54] ਕਰੇ[55] ਸੇ[56] ਗੁਰਿ ਸਮਝਾਇਆ[57] ॥ | They, whom God Himself[53] blesses[55] with His grace[54], them[56], the Guru instructs[57]. | ਜਿਨ੍ਹਾਂ ਉਤੇ ਵਾਹਿਗੁਰੂ ਖ਼ੁਦ[53] ਆਪਣੀ ਰਹਿਮਤ[54] ਕਰਦਾ[55] ਹੈ, ਉਨ੍ਹਾਂ ਨੂੰ[56] ਗੁਰੂ ਜੀ ਸਿਖਮਤ ਦਿੰਦੇ[57] ਹਨ । |
| ਬਲਿਹਾਰੀ[58] ਗੁਰ ਆਪਣੇ ਸਦਾ[59] ਸਦਾ ਘੁਮਾਇਆ[60] ॥੩॥ | I am dedicated[58] unto my Guru and am ever[59], ever a sacrifice[60] unto him. | ਮੈਂ ਆਪਣੇ ਗੁਰਾਂ ਉਤੋਂ ਸਦਕੇ ਜਾਂਦਾ[58] ਹਾਂ ਅਤੇ ਸਦੀਵ[59] ਸਦੀਵ ਹੀ ਉਨ੍ਹਾਂ ਉਤੋਂ ਕੁਰਬਾਨ[60] ਹਾਂ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਮਾਇਆ[61] ਮਮਤਾ[62] ਮੋਹਣੀ[63] ਜਿਨਿ ਵਿਣੁ ਦੰਤਾ[64] ਜਗੁ[65] ਖਾਇਆ ॥ | Bewitching[63] is the love[62] of wealth[61], which without teeth[64], has eaten up the world[65]. | ਮੋਹ ਲੈਣ ਵਾਲੀ[63] ਹੈ ਧਨ-ਦੌਲਤ[61] ਦੀ ਪ੍ਰੀਤ[62], ਜਿਸ ਨੇ ਦੰਦਾਂ[64] ਦੇ ਬਗੈਰ ਸੰਸਾਰ[65] ਨੂੰ ਖਾ ਲਿਆ ਹੈ । |
| ਮਨਮੁਖ[66] ਖਾਧੇ[67] ਗੁਰਮੁਖਿ[68] ਉਬਰੇ[69] ਜਿਨੀ ਸਚਿ ਨਾਮਿ ਚਿਤੁ[70] ਲਾਇਆ[71] ॥ | The apostates[66] are eaten away[67], but the Guru-wards[68], who fix[71] their mind[70] on the True Name, are saved[69]. | ਆਪ-ਹੁਦਰੇ[66] ਖਾਧੇ ਪੀਤੇ ਜਾਂਦੇ[67] ਹਨ, ਪ੍ਰੰਤੂ ਗੁਰੂ ਅਨੁਸਾਰੀ[68], ਜੋ ਸਤਿਨਾਮ ਨਾਲ ਆਪਣਾ ਮਨ[70] ਜੋੜਦੇ[71] ਹਨ, ਬਚ ਜਾਂਦੇ[69] ਹਨ । |
| ੬੪੪ | | |
| ਬਿਨੁ ਨਾਵੈ ਜਗੁ[71] ਕਮਲਾ[72] ਫਿਰੈ[73] ਗੁਰਮੁਖਿ[74] ਨਦਰੀ[75] ਆਇਆ ॥ | Without the Name, the world[71] wanders about[73] madly[72]. Through the Guru[74] I have seen[75] this. | ਨਾਮ ਦੇ ਬਾਝੋਂ ਦੁਨੀਆ[71]* ਪਗਲੀ[72] ਹੋਈ ਭਟਕ ਰਹੀ[73] ਹੈ । ਗੁਰਾਂ ਦੇ ਰਾਹੀਂ[74] ਮੈਂ ਇਹ ਕੁਛ ਵੇਖ ਲਿਆ[75] ਹੈ । |

| | | |
|---|---|---|
| ਧੰਧਾ[76] ਕਰਤਿਆ[77] ਨਿਹਫਲੁ[78] ਜਨਮੁ[79] ਗਵਾਇਆ[80] ਸੁਖਦਾਤਾ[81] ਮਨਿ[82] ਨ ਵਸਾਇਆ[83] ॥ | Doing[77] worldly affairs[76], the man wastes[80] his life[79] in vain[78] and enshrines[83] not the Bliss-giving[81] Lord in the mind[82]. | ਸੰਸਾਰੀ ਕਾਰ ਵਿਹਾਰ[76] ਕਰਦਾ ਹੋਇਆ[77] ਇਨਸਾਨ ਆਪਣਾ ਜੀਵਨ[79] ਵਿਅਰਥ[78] ਗੁਆ ਲੈਂਦਾ[80] ਹੈ ਅਤੇ ਖ਼ੁਸ਼ੀ ਦੇਣਹਾਰ[81] ਸੁਆਮੀ ਨੂੰ ਆਪਣੇ ਚਿੱਤ[82] ਵਿੱਚ ਨਹੀਂ ਟਿਕਾਉਂਦਾ[83] । |
| ਨਾਨਕ ਨਾਮੁ ਤਿਨਾ[84] ਕਉ ਮਿਲਿਆ[85] ਜਿਨ ਕਉ ਧੁਰਿ[86]ਲਿਖਿ ਪਾਇਆ[87]॥੧॥ | Nanak, they[84] alone obtain[85] the Name in whose destiny it is so writ[87] by the Lord, from the beginning[86]. | ਨਾਨਕ, ਕੇਵਲ ਓਹੀ[84] ਨਾਮ ਨੂੰ ਪ੍ਰਾਪਤ ਕਰਦੇ[85] ਹਨ ਜਿਨ੍ਹਾਂ ਦੇ ਭਾਗਾਂ ਵਿੱਚ ਇਸ ਤਰ੍ਹਾਂ ਪ੍ਰਭੂ ਨੇ ਮੁੱਢ ਤੋਂ[86] ਲਿਖਿਆ ਹੋਇਆ[87] ਹੈ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਘਰ[88] ਹੀ ਮਹਿ ਅੰਮ੍ਰਿਤੁ[89] ਭਰਪੂਰੁ[90] ਹੈ ਮਨਮੁਖਾ[91] ਸਾਦੁ[92] ਨ ਪਾਇਆ ॥ | The mind[88] is brimful[90] with Nectar[89], but the perverse[91] know not its relish[92], | ਮਨ[88] ਸੁਧਾਰਸ[89] ਨਾਲ ਪਰੀਪੂਰਨ[90] ਹੈ, ਪ੍ਰੰਤੂ ਮਨਮੁਖ[91] ਇਸ ਦੇ ਸੁਆਦ[92] ਨੂੰ ਨਹੀਂ ਜਾਣਦੇ । |
| ਜਿਉ[93] ਕਸਤੂਰੀ[94] ਮਿਰਗੁ[95] ਨ ਜਾਣੈ[96] ਭ੍ਰਮਦਾ[97] ਭਰਮਿ[99] ਭੁਲਾਇਆ[100] ॥ | Just as[93] the deer[95] knows[96] not its own musk[94] and wanders[97] about guiled[100] by doubt[99], | ਜਿਸ ਤਰ੍ਹਾਂ[93] ਹਰਣ[95] ਆਪਣੇ ਅੰਦਰਲੇ ਨਾਫ਼ੇ[94] ਨੂੰ ਨਹੀਂ ਸਮਝਦਾ[96] ਅਤੇ ਵਹਿਮ[99] ਦਾ ਗੁਮਰਾਹ ਕੀਤਾ ਹੋਇਆ[100] ਭਟਕਦਾ[97] ਹੈ । |
| ਅੰਮ੍ਰਿਤੁ[2] ਤਜਿ[3] ਬਿਖੁ[4] ਸੰਗ੍ਰਹੈ[5] ਕਰਤੈ[6] ਆਪਿ[8] ਖੁਆਇਆ[8] ॥ | So an apostate abandons[3] ambrosia[2] and amasses[6] poison[4]. The Creator[6] Himself[7] has infatuated[8] him. | ਅਧਰਮੀ ਆਬਿ-ਹਿਯਾਤ[2] ਨੂੰ ਛੱਡ ਦਿੰਦਾ[3] ਹੈ ਅਤੇ ਜ਼ਹਿਰ[4] ਨੂੰ ਇਕੱਤਰ ਕਰਦਾ[5] ਹੈ । ਕਰਤਾਰ[6] ਨੇ ਖ਼ੁਦ[7] ਉਸ ਦੀ ਮੱਤ ਮਾਰ ਦਿੱਤੀ[8] ਹੈ । |
| ਗੁਰਮੁਖਿ[9] ਵਿਰਲੇ[10] ਸੋਝੀ[12] ਪਈ[13] ਤਿਨਾ[14] ਅੰਦਰਿ[15] ਬ੍ਰਹਮੁ[16] ਦਿਖਾਇਆ[17] ॥ | A few[10] pious persons[9] obtain[13] understanding[12] and, within[15] them[14], they see[17] the Supreme Lord[16]. | ਕਈ ਟਾਂਵੇ ਟੱਲੇ[10] ਪਵਿੱਤ੍ਰ ਪੁਰਸ਼ਾਂ[9] ਨੂੰ ਸਮਝ[12] ਆ ਜਾਂਦੀ[13] ਹੈ ਅਤੇ ਉਹ[14] ਆਪਣੇ ਅੰਤ੍ਰੀਵ[15] ਹੀ ਸ਼੍ਰੋਮਣੀ[16] ਸਾਹਿਬ ਨੂੰ ਵੇਖ ਲੈਂਦੇ[17] ਹਨ । |
| ਤਨੁ[18] ਮਨੁ[19] ਸੀਤਲੁ[20] ਹੋਇਆ ਰਸਨਾ[21] ਹਰਿ ਸਾਦੁ[22] ਆਇਆ[23] ॥ | Their body[18] and mind[19] are pacified[20] and their tongue[21] enjoys[24] the God's relish[22]. | ਉਨ੍ਹਾਂ ਦੀ ਦੇਹ[18] ਤੇ ਆਤਮਾ[19] ਸ਼ਾਂਤ ਹੋ ਜਾਂਦੇ[20] ਹਨ ਅਤੇ ਉਨ੍ਹਾਂ ਦੀ ਜੀਭ[21] ਵਾਹਿਗੁਰੂ ਦੇ ਸੁਆਦ[22] ਨੂੰ ਮਾਣਦੀ[23] ਹੈ । |
| ਸਬਦੇ[24] ਹੀ ਨਾਉ ਊਪਜੈ[25] ਸਬਦੇ ਮੇਲਿ[26] ਮਿਲਾਇਆ[27] ॥ | By Guru's instruction[24], the Name wells up[25] in the mind and by Guru's instruction, the mortal is united[27] in the Lord's union[26]. | ਗੁਰਾਂ ਦੇ ਉਪਦੇਸ਼[24] ਦੁਆਰਾ ਨਾਮ ਹਿਰਦੇ ਅੰਦਰ ਉਤਪੰਨ ਹੁੰਦਾ[25] ਹੈ ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਹੀ ਪ੍ਰਾਣੀ ਮਾਲਕ ਦੇ ਮਿਲਾਪ[26] ਵਿੱਚ ਮਿਲ ਜਾਂਦਾ[27] ਹੈ । |
| ਬਿਨੁ ਸਬਦੈ[28] ਸਭੁ ਜਗੁ[33] ਬਉਰਾਨਾ[29] ਬਿਰਥਾ[30] ਜਨਮੁ[31] ਗਵਾਇਆ[32] ॥ | Without the Name[28], the entire world[33] is insane[29] and loses[32] its life[31] in vain[30]. | ਨਾਮ[28] ਦੇ ਬਗੈਰ ਸਾਰੀ ਦੁਨੀਆ[33] ਪਾਗਲ[29] ਹੋਈ ਹੋਈ ਹੈ ਅਤੇ ਆਪਣਾ ਜੀਵਨ[31] ਨਿਸਫਲ[30] ਗੁਆ ਲੈਂਦੀ[32] ਹੈ । |
| ਅੰਮ੍ਰਿਤੁ ਏਕੋ[34] ਸਬਦੁ[35] ਹੈ ਨਾਨਕ ਗੁਰਮੁਖਿ[36] ਪਾਇਆ[37] ॥੨॥ | Nanak, the Name[35] alone[34] is the Nectar and, through the Guru[36], is it obtained[37]. | ਨਾਨਕ, ਕੇਵਲ[34] ਨਾਮ[35] ਹੀ ਇੱਕੋ ਇੱਕ ਆਬਿ-ਹਿਯਾਤ ਹੈ ਅਤੇ ਗੁਰਾਂ ਦੇ ਰਾਹੀਂ[36] ਇਹ ਪ੍ਰਾਪਤ ਹੁੰਦਾ[37] ਹੈ । |
| ਪਉੜੀ ॥ | Pauri. | ਪਉੜੀ । |
| ਜੋ[38] ਹਰਿ ਪੁਰਖੁ[39] ਅਗੰਮੁ[40] | He[38], the God Lord[39] is beyond | ਉਹ[38] ਵਾਹਿਗੁਰੂ ਸੁਆਮੀ[39] ਪਹੁੰਚ ਤੋਂ ਪਰੇ[40] ਹੈ । ਦੱਸੋ[41], |

| | | |
|---|---|---|
| ਹੈ ਕਹੁ[41] ਕਿਤੁ ਬਿਧਿ[42] ਪਾਈਐ[43] ॥ | reach[40]. Tell[41] me, how[42] can one attain[43] to Him ? | ਬੰਦਾ ਕਿਸ ਤਰ੍ਹਾਂ[42] ਉਸ ਨੂੰ ਪਾ ਸਕਦਾ[43] ਹੈ ? |
| ਤਿਸੁ[44] ਰੂਪੁ[45] ਨ ਰੇਖ[46] ਅਦ੍ਰਿਸਟੁ[47] ਕਹੁ[48] ਜਨ[49] ਕਿਉ[50] ਧਿਆਈਐ[51] ॥ | He[44] has neither form[45] nor sign[46] and is invisible[47]. Tell[48] me then, O saints[49], how[50] is He to be remembered[51] ? | ਉਸ ਦਾ[44] ਨਾ ਸਰੂਪ[45] ਹੈ, ਨਾ ਹੀ ਚਿੰਨ੍ਹ[46] ਅਤੇ ਉਹ ਅਡਿੱਠ[47] ਹੈ ਤਾਂ ਮੈਨੂੰ ਦੱਸੋ[48], ਹੇ ਸਾਧੂਓ[49] ! ਉਸ ਦਾ ਕਿਸ ਤਰ੍ਹਾਂ[50] ਆਰਾਧਨ ਕਰੀਏ[51] ? |
| ਨਿਰੰਕਾਰੁ[52] ਨਿਰੰਜਨੁ[53] ਹਰਿ[54] ਅਗਮੁ[55] ਕਿਆ[56] ਕਹਿ[57] ਗੁਣ[58] ਗਾਈਐ[59] ॥ | He is the Formless[52], mammon-free[53] and Unapproachable[55] Lord[54]. What[56] excellences[58] of His should one narrate[57] and sing[59] ? | ਉਹ ਸਰੂਪ-ਰਹਿਤ[52], ਪਵਿੱਤ੍ਰ[53] ਅਤੇ ਪਹੁੰਚ ਤੋਂ ਪਰੇ[55] ਪ੍ਰਭੂ[54] ਹੈ । ਉਸ ਦੀਆਂ ਕਿਹੜੀਆਂ[56] ਕਿਹੜੀਆਂ ਖੂਬੀਆਂ[58] ਦਾ ਇਨਸਾਨ ਵਰਣਨ[57] ਤੇ ਗਾਇਨ[59] ਕਰੇ ? |
| ਜਿਸੁ[60] ਆਪਿ[61] ਬੁਝਾਏ[63] ਆਪਿ[62] ਸੁ[64] ਹਰਿ ਮਾਰਗਿ[65] ਪਾਈਐ[66] ॥ | Whom[60] the Lord Himself[61], of Himself[62], instructs[63], He[64] alone treads[66] on God's path[65]. | ਜਿਸ ਨੂੰ[60] ਪ੍ਰਭੂ, ਖ਼ੁਦ[61] ਬਖ਼ੁਦ[62] ਹੀ ਦਰਸਾਉਂਦਾ[63] ਹੈ; ਕੇਵਲ ਓਹੀ[64] ਵਾਹਿਗੁਰੂ ਦੇ ਰਸਤੇ[65] ਤੇ ਟੁਰਦਾ[66] ਹੈ । |
| ਗੁਰਿ ਪੂਰੈ[67] ਵੇਖਾਲਿਆ[68] ਗੁਰ ਸੇਵਾ[69] ਪਾਈਐ ॥੪॥ | The Perfect[67] Guru has shown[68] the Lord to me and, through Guru's service[69], is He obtained. | ਪੂਰਨ[67] ਗੁਰਾਂ ਨੇ ਮੈਨੂੰ ਪ੍ਰਭੂ ਵਿਖਾਲ ਦਿੱਤਾ[68] ਹੈ । ਗੁਰਾਂ ਦੀ ਘਾਲ[69] ਕਮਾਉਣ ਰਾਹੀਂ ਉਹ ਪਾਇਆ ਜਾਂਦਾ ਹੈ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਜਿਉ[70] ਤਨੁ[71] ਕੋਲੂ[72] ਪੀੜੀਐ[73] ਰਤੁ[74] ਨ ਭੋਰੀ[75] ਡੇਹਿ[76] ॥ | As[70] if my body[71] has been crushed[73] in an oil-press[72] without yielding[76] even a drop[75] of blood[74], | ਜਿਸ ਤਰ੍ਹਾਂ[70] ਕਿ ਮੇਰਾ ਸ੍ਰੀਰ[71] ਤੇਲ ਕੱਢਣ ਵਾਲੇ ਜੰਤ੍ਰ[72] ਵਿੱਚ ਪੀੜਿਆ ਗਿਆ[73] ਹੁੰਦਾ ਹੈ, ਇਸ ਵਿਚੋਂ ਲਹੂ[24] ਦਾ ਇੱਕ ਤੁਪਕਾ[75] ਭੀ ਨਹੀਂ ਨਿਕਲਦਾ[76] । |
| ਜੀਉ[77] ਵੰਞੈ ਚਉ ਖੰਨੀਐ[78] ਸਚੇ[79] ਸੰਦੜੈ[80] ਨੇਹਿ[81] ॥ | And my soul[77], I quarter[73] for the sake[80] of the love[81] of my True Lord[79], | ਆਪਣੀ ਜਿੰਦੜੀ[77] ਮੈਂ ਆਪਣੇ ਸੱਚੇ ਸੁਆਮੀ[79] ਦੀ ਪ੍ਰੀਤ[81] ਖ਼ਾਤਰ[80] ਚਾਰ ਟੋਟੇ[78] ਕਰਦਾ ਹਾਂ । |
| ਨਾਨਕ ਮੇਲੁ[82] ਨ ਚੁਕਈ[83] ਰਾਤੀ[84] ਅਤੈ[85] ਡੇਹ[86] ॥੧॥ | Thus, shall my union[82] with the Lord cease[83] not night[84] and[85] day[86] O Nanak. | ਇਸ ਤਰ੍ਹਾਂ ਮੇਰਾ ਸਾਂਈਂ ਨਾਲ ਮਿਲਾਪ[82] ਰੈਣ[84] ਅਤੇ[85] ਦਿਹੁੰ[86] ਬੰਦ[83] ਨਹੀਂ ਹੋਵੇਗਾ, ਹੇ ਨਾਨਕ ! |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਸਜਣੁ[87] ਮੈਡਾ[88] ਰੰਗੁਲਾ[88] ਰੰਗੁ[90] ਲਾਏ[91] ਮਨੁ[92] ਲੇਇ[93] ॥ | My[88] friend[87] is joyful and imparts[91] His affection[90] and enamours[93] my soul[92]. | ਮੇਰਾ[88] ਮਿੱਤ੍ਰ[87] ਖ਼ੁਸ਼ਬਾਸ਼[89] ਹੈ । ਉਹ ਆਪਣੀ ਪ੍ਰੀਤ[90] ਪ੍ਰਦਾਨ ਕਰਦਾ[91] ਹੈ ਅਤੇ ਮੇਰੀ ਜਿੰਦੜੀ[92] ਨੂੰ ਮੋਹ ਲੈਂਦਾ[93] ਹੈ । |
| ਜਿਉ[94] ਮਾਜੀਠੈ[95] ਕਪੜੇ[96] ਰੰਗੇ[97] ਭੀ [98]ਪਾਹੇਹਿ[99] ॥ | As[94] by applying[99] a base[98], the clothes[96] are dyed[97] with madder[95]. | ਜਿਸ ਤਰ੍ਹਾਂ[94] ਕਿ ਲਾਗ[98] ਲਾ ਕੇ[99], ਮਜੀਠ[95] ਨਾਲ ਕਪੜੇ[96] ਰੰਗੇ ਜਾਂਦੇ[97] ਹਨ । |
| ਨਾਨਕ ਰੰਗੁ ਨ ਉਤਰੈ[100] ਬਿਆ[2] ਨ ਲਗੈ[3] ਕੇਹ[4] ॥੨॥ | Nanak, this colour departs[100] not and any[4] other[2] colour cannot be given[3] to my soul. | ਨਾਨਕ, ਇਹ ਰੰਗ ਲਹਿੰਦਾ[100] ਨਹੀਂ, ਅਤੇ ਕੋਈ[4] ਹੋਰ[2] ਰੰਗ ਮੇਰੀ ਜਿੰਦੜੀ ਨੂੰ ਨਹੀਂ ਚੜ੍ਹਦਾ[3] । |
| ਪਉੜੀ ॥ | Pauri. | ਪਉੜੀ । |

| | | |
|---|---|---|
| ਹਰਿ ਆਪਿ ਵਰਤੈ[5] ਆਪਿ ਹਰਿ ਆਪਿ[6] ਬੁਲਾਇਦਾ[7] ॥ | The Lord by Himself pervades[5] all, and God Himself[6] makes man utter[7] His Name. | ਸੁਆਮੀ ਖ਼ੁਦ-ਬ-ਖ਼ੁਦ ਹੀ ਸਾਰਿਆਂ ਅੰਦਰ ਵਿਆਪਕ[5] ਹੈ ਤੇ ਹਰੀ ਖ਼ੁਦ[6] ਹੀ ਬੰਦੇ ਪਾਸੋਂ ਆਪਣੇ ਨਾਮ ਦਾ ਉਚਾਰਨ ਕਰਵਾਉਂਦਾ[7] ਹੈ । |
| ਹਰਿ ਆਪੇ ਸ੍ਰਿਸਟਿ[8] ਸਵਾਰਿ[9] ਸਿਰਿ[10] ਧੰਧੈ[12] ਲਾਇਦਾ[13] ॥ | Himself creating[9] the creation[8], the Lord engages[13] every one[10] in the task[12]. | ਆਪ ਹੀ ਰਚਨਾ[8] ਨੂੰ ਰਚ ਕੇ[9] ਸੁਆਮੀ ਹਰ ਜਣੇ[10] ਨੂੰ ਕੰਮ ਕਾਜ[12] ਲਾਉਂਦਾ[13] ਹੈ । |
| ਇਕਨਾ[14] ਭਗਤੀ[15] ਲਾਇ[16] ਇਕਿ ਆਪਿ ਖੁਆਇਦਾ ॥ | Some[14] He engages[16] in His devotional service[15] and some He Himself strays. | ਕਈਆਂ ਨੂੰ[14] ਉਹ ਆਪਣੀ ਪ੍ਰੇਮਮਈ ਸੇਵਾ[15] ਵਿੱਚ ਜੋੜ ਦਿੰਦਾ[16] ਹੈ ਤੇ ਕਈਆਂ ਨੂੰ ਉਹ ਖ਼ੁਦ ਕੁਰਾਹੇ ਪਾਉਂਦਾ ਹੈ । |
| ਇਕਨਾ ਮਾਰਗਿ ਪਾਇ ਇਕਿ ਉਝੜਿ[17] ਪਾਇਦਾ[18] ॥ | Some He puts on the right path and some He goads[11] into wilderness[17]. | ਕਈਆਂ ਨੂੰ ਉਹ ਠੀਕ ਰਾਹੇ ਪਾਉਂਦਾ ਹੈ ਅਤੇ ਕਈਆਂ ਨੂੰ ਉਹ ਬੀਆਬਾਨ ਅੰਦਰ ਧੱਕ[17] ਦਿੰਦਾ[18] ਹੈ । |
| ਜਨੁ[19] ਨਾਨਕੁ ਨਾਮੁ ਧਿਆਏ[20] ਗੁਰਮੁਖਿ[23] ਗੁਣ[21] ਗਾਇਦਾ[22] ॥੫॥ | Through the Guru[23], slave[19] Nanak meditates[20] on the Name and sings[22] God's praise[21]. | ਗੁਰਾਂ ਦੇ ਰਾਹੀਂ[23], ਗੋਲਾ[19] ਨਾਨਕ ਨਾਮ ਦਾ ਸਿਮਰਨ[20] ਕਰਦਾ ਅਤੇ ਵਾਹਿਗੁਰੂ ਦਾ ਜੱਸ[21] ਗਾਉਂਦਾ[22] ਹੈ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਸਤਿਗੁਰ ਕੀ ਸੇਵਾ[23*] ਸਫਲੁ[24] ਹੈ ਜੇ[25] ਕੋ[29] ਕਰੇ[26] ਚਿਤੁ[27] ਲਾਇ[28] ॥ | Fruitful[24] is the True Guru's service[23*], if[25] any[29] one performs[26] it by engaging[28] his mind[27] in it. | ਫਲਦਾਇਕ[24] ਹੈ ਸੱਚੇ ਗੁਰਾਂ ਦੀ ਘਾਲ[23*], ਜੇਕਰ[25] ਕੋਈ ਜਣਾ[29] ਆਪਣਾ ਮੰਨ[27] ਲਾ ਕੇ[28] ਇਸ ਨੂੰ ਕਮਾਵੇ[26] । |
| ਮਨਿ[30] ਚਿੰਦਿਆ[31] ਫਲੁ[32] ਪਾਵਣਾ ਹਉਮੈ[33] ਵਿਚਹੁ[34] ਜਾਇ[35] ॥ | Heart[30]-desired[31] boons[32] are attained and ego[33] departs[35] from within[34]. | ਚਿੱਤ[30]-ਚਾਹੁੰਦੀਆਂ[31] ਮੁਰਾਦਾਂ[32] ਪ੍ਰਾਪਤ ਹੋ ਜਾਂਦੀਆਂ ਹਨ ਅਤੇ ਹੰਕਾਰ[33] ਅੰਦਰੋਂ[34] ਦੂਰ ਹੋ ਜਾਂਦਾ[35] ਹੈ । |
| ਬੰਧਨ[36] ਤੋੜੈ[37] ਮੁਕਤਿ[38] ਹੋਇ ਸਚੇ[39] ਰਹੈ ਸਮਾਇ[40] ॥ | Such a person breaks[37] his bonds[36], is emancipated[38] and remains absorbed[40] in the True Lord[39]. | ਐਸਾ ਪੁਰਸ਼ ਆਪਣੇ ਜੂੜ[36] ਕੱਟ ਸੁੱਟਦਾ[37] ਹੈ, ਮੋਖਸ਼[38] ਹੋ ਜਾਂਦਾ ਹੈ ਤੇ ਸੱਚੇ ਸਾਂਈਂ[39] ਅੰਦਰ ਲੀਨ ਰਹਿੰਦਾ[40] ਹੈ । |
| ਇਸੁ ਜਗ[41] ਮਹਿ[42] ਨਾਮੁ ਅਲਭੁ[43] ਹੈ ਗੁਰਮੁਖਿ[44] ਵਸੈ[45] ਮਨਿ ਆਇ[46] ॥ | The Name in[42] this world[41] is difficult to obtain[43] but through the Guru[44], it comes[46] to abide[45] in man's mind. | ਇਸ ਸੰਸਾਰ[41] ਅੰਦਰ[42] ਮੁਸ਼ਕਿਲ ਨਾਲ ਹੱਥ ਲਗਣ ਵਾਲਾ[43] ਹੈ ਨਾਮ । ਗੁਰਾਂ ਦੇ ਰਾਹੀਂ[44] ਇਹ ਚਿੱਤ ਵਿੱਚ ਆ ਕੇ[46] ਟਿੱਕ ਜਾਂਦਾ[45] ਹੈ । |
| ਨਾਨਕ ਜੋ ਗੁਰੁ ਸੇਵਹਿ[47] ਆਪਣਾ ਹਉ[48] ਤਿਨ[49] ਬਲਿਹਾਰੈ[50] ਜਾਉ ॥੧॥ | Nanak, he who serves[47] his Guru, unto him[49], I[48] am a sacrifice[50]. | ਨਾਨਕ ਜਿਹੜਾ ਆਪਣੇ ਗੁਰੂ ਦੀ ਟਹਿਲ ਕਮਾਉਂਦਾ[47] ਹੈ, ਉਸ ਉੱਤੋਂ[49] ਮੈਂ[48] ਕੁਰਬਾਨ ਜਾਂਦਾ[50] ਹਾਂ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਮਨਮੁਖ[51] ਮੰਨੁ[52] ਅਜਿਤੁ[53] ਹੈ ਦੂਜੈ[54] ਲਗੈ ਜਾਇ[55] ॥ | The mind[52] of an apostate[51] is adamant[53] and is attached[55] to another[54]. | ਅਧਰਮੀ[51] ਦਾ ਮਨੂਆ[52] ਹੋੜਿਆ[53] ਜਾਣ ਵਾਲਾ[53] ਨਹੀਂ, ਉਹ ਹੋਰਸ (ਮਾਇਆ) ਨਾਲ[54] ਜੁੜਿਆ ਹੋਇਆ[55] ਹੈ । |
| ਤਿਸ[56] ਨੋ ਸੁਖੁ[57] ਸੁਪਨੈ[58] | He[56] obtains not peace[57] even in | ਉਸ[56] ਨੂੰ ਸੁਫਨੇ[58] ਵਿੱਚ ਭੀ ਆਰਾਮ[57] ਨਹੀਂ ਮਿਲਦਾ |

| | | |
|---|---|---|
| ਨਹੀ ਦੁਖੇ ਦੁਖਿ[59] ਵਿਹਾਇ[60] ॥ | dream[58] and passes[60] his life in extreme misery[59]. | ਅਤੇ ਉਹ ਆਪਣਾ ਜੀਵਨ ਡਾਢੇ ਕਸ਼ਟ[59] ਅੰਦਰ ਗੁਜ਼ਾਰਦਾ[60] ਹੈ । |
| ਘਰਿ ਘਰਿ[61] ਪੜਿ ਪੜਿ[62] ਪੰਡਿਤ ਥਕੇ[63] ਸਿਧ[64] ਸਮਾਧਿ[65] ਲਗਾਇ[66] ॥ | The Pandits grow weary[63] of reading and reciting[62] from door to door[61] and the adepts[64] of going[66] into trance[65] | ਪੰਡਿਤ ਬੂਹੇ ਬੂਹੇ[61] ਉੱਤੇ ਪੜ੍ਹਦੇ ਤੇ ਵਾਚਦੇ[62] ਹੋਏ ਅਤੇ ਪੂਰਨ ਪੁਰਸ਼[64] ਤਾੜੀਆਂ[65] ਲਾ ਕੇ[66] ਹਾਰ ਹੰਭ ਗਏ[63] ਹਨ । |
| ਇਹੁ ਮਨੁ ਵਸਿ[67] ਨ ਆਵਈ ਥਕੇ[70] ਕਰਮ[68] ਕਮਾਇ[69] ॥ | The mortals are tired[70] of performing[69] religious rites[68], but their mind comes not under control[67]. | ਪ੍ਰਾਣੀ ਧਾਰਮਕ ਸੰਸਕਾਰ[68] ਕਰਦੇ[69] ਥੱਕ ਟੁੱਟ ਗਏ[70] ਹਨ, ਪ੍ਰੰਤੂ ਉਨ੍ਹਾਂ ਦਾ ਇਹ ਮਨ ਕਾਬੂ[67] ਵਿੱਚ ਨਹੀਂ ਆਉਂਦਾ । |
| ਭੇਖਧਾਰੀ[70]* ਭੇਖ[71] ਕਰਿ[72] ਥਕੇ ਅਠਿਸਠਿ[73] ਤੀਰਥ[74] ਨਾਇ[75] ॥ | The pseudo-saints[70] grow weary of wearing[72] false dresses[71] and bathing[75] at sixty eight[73] shrines[74]. | ਭੇਖੀ[70]* ਧਾਰਮਕ ਬਸਤ੍ਰ[71] ਪਹਿਨ[72] ਅਤੇ ਅਠਾਹਟ[73] ਧਰਮ ਅਸਥਾਨਾਂ[74] ਤੇ ਇਸ਼ਨਾਨ ਕਰਕੇ[75] ਹੰਭ ਗਏ ਹਨ । |
| ਮਨ ਕੀ ਸਾਰ[76] ਨ ਜਾਣਨੀ[77] ਹਉਮੈ[78] ਭਰਮਿ[79] ਭੁਲਾਇ[80] ॥ | They know[77] not the state[76] of their mind and are misled[80] by pride[78] and doubt[79]. | ਉਹ ਆਪਣੇ ਮਨ ਦੀ ਅਵਸਥਾ[76] ਨੂੰ ਨਹੀਂ ਸਮਝਦੇ[77] ਅਤੇ ਉਨ੍ਹਾਂ ਨੂੰ ਹੰਗਤਾ[78] ਤੇ ਸੰਦੇਹ[79] ਨੇ ਗੁਮਰਾਹ[80] ਕੀਤਾ ਹੋਇਆ ਹੈ । |
| ੬੪੫ | | |
| ਗੁਰ ਪਰਸਾਦੀ[81] ਭਉ[82] ਪਇਆ[83] ਵਡਭਾਗਿ[84] ਵਸਿਆ[85] ਮਨਿ ਆਇ[86] ॥ | By Guru's grace[81] God's fear[82] is obtained[83] and by great good fortune[84] God comes[86] and abides[85] in the mind. | ਗੁਰਾਂ ਦੀ ਦਇਆ ਦੁਆਰਾ[81] ਰੱਬ ਦਾ ਡਰ[82] ਪ੍ਰਾਪਤ ਹੁੰਦਾ[83] ਅਤੇ ਪਰਮ ਚੰਗੇ ਭਾਗਾਂ[84] ਦੁਆਰਾ ਰੱਬ ਆ ਕੇ[86] ਚਿੱਤ ਵਿੱਚ ਟਿੱਕ ਜਾਂਦਾ[85] ਹੈ । |
| ਭੈ ਪਇਐ ਮਨੁ ਵਸਿ[87] ਹੋਆ ਹਉਮੈ[88] ਸਬਦਿ[89] ਜਲਾਇ[90] ॥ | When the Lord's fear is obtained, the mind is restrained[87] and, through the Name[89], ego[88] is burnt down[90]. | ਜਦ ਸਾਂਈਂ ਦਾ ਡਰ ਪ੍ਰਾਪਤ ਹੋ ਜਾਂਦਾ ਹੈ, ਤਾਂ ਮਨ ਕਾਬੂ ਆ ਜਾਂਦਾ[87] ਹੈ ਅਤੇ ਨਾਮ[89] ਦੇ ਰਾਹੀਂ ਹੰਗਤਾ[88] ਸੜ ਬਲ ਜਾਂਦੀ[90] ਹੈ । |
| ਸਚਿ[91] ਰਤੇ[92] ਸੇ[93] ਨਿਰਮਲੇ[94] ਜੋਤੀ[95] ਜੋਤਿ[96] ਮਿਲਾਇ[97] ॥ | Pure[94] are they[93], who are imbued[92] with the True Name[91] and their light[96] merges[97] in the supreme light[95]. | ਪਵਿੱਤਰ[94] ਹਨ ਉਹ[93] ਜੋ ਸੱਚੇ ਨਾਮ[91] ਨਾਲ ਰੰਗੀਜੇ[92] ਹਨ । ਉਨ੍ਹਾਂ ਦਾ ਨੂਰ[96] ਪਰਮ ਨੂਰ[95] ਵਿੱਚ ਮਿਲ ਜਾਂਦ[97] ਹੈ । |
| ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ[98] ਸਮਾਇ[99] ॥੨॥ | Meeting the True Guru, the mortal obtains the Name and is absorbed[99] in bliss[98]. | ਸੱਚੇ ਗੁਰਾਂ ਨੂੰ ਮਿਲ ਕੇ ਪ੍ਰਾਣੀ ਨੂੰ ਨਾਮ ਪ੍ਰਾਪਤ ਹੋ ਜਾਂਦਾ ਹੈ ਅਤੇ ਉਹ ਸੁਖ[93] ਅੰਦਰ ਲੀਨ ਹੋ ਜਾਂਦਾ[99] ਹੈ । |
| ਪਉੜੀ ॥ | Pauri. | ਪਉੜੀ । |
| ਏਹ ਭੂਪਤਿ[100] ਰਾਣੇ[2] ਰੰਗ[3] ਦਿਨ ਚਾਰਿ ਸੁਹਾਵਣਾ[4] ॥ | These revelments[3] of the monarchs[100] and Kings[2] look pleasing[4] for four days. | ਪਾਤਿਸ਼ਾਹਾਂ[100] ਅਤੇ ਰਾਜਿਆਂ[2] ਦੀਆਂ ਇਹ ਰੰਗ ਰਲੀਆਂ[3] ਚਾਰ ਦਿਹਾੜਿਆਂ ਲਈ ਸੁੰਦਰ[4] ਜਾਪਦੀਆਂ ਹਨ । |
| ਏਹੁ ਮਾਇਆ[5] ਰੰਗੁ[10] ਕਸੁੰਭ[6] ਖਿਨ[7] ਮਹਿ[8] ਲਹਿ ਜਾਵਣਾ[9] ॥ | These enjoyments of wealth[5] are like the colour[10] of saf-flower[6], which wears off[9] in[8] a moment[7]. | ਧਨ-ਦੌਲਤ[5] ਦੀਆਂ ਇਹ ਬਹਾਰਾਂ ਕਸੁੰਭੇ ਦੇ ਫੁਲ[6] ਦੇ ਰੰਗ[10] ਵਰਗੀਆਂ ਹਨ ਜੋ ਇਕ ਮੁਹਤ[7] ਵਿੱਚ[8] ਉੱਡਪੁੱਡ ਜਾਂਦਾ[9] ਹੈ । |
| ਚਲਦਿਆ[12] ਨਾਲਿ[17] ਨ | The wealth goes[13] not with[17] the | ਮਾਇਆ ਚਲਦਿਆਂ ਆਦਮੀ ਦੇ ਨਾਲ[17] ਨਹੀਂ ਜਾਂਦੀ[13] |

| | | |
|---|---|---|
| ਚਲੈ[13] ਸਿਰਿ[14] ਪਾਪ[15] ਲੈ ਜਾਵਣਾ[16] ॥ | man, when he departs[12]. He carries[16] the load of sins[15] on his head[14]. | ਉਹ ਗੁਨਾਹਾਂ[15] ਦਾ ਭਾਰ ਆਪਣੇ ਸਿਰ[14] ਉੱਤੇ ਚੁੱਕ ਲੈ ਜਾਂਦਾ[16] ਹੈ । |
| ਜਾਂ[18] ਪਕੜਿ[19] ਚਲਾਇਆ[20] ਕਾਲਿ[21] ਤਾਂ[22] ਖਰਾ[23] ਡਰਾਵਣਾ[24] ॥ | When[18] death[21] seizes[19] and drives[20] him on, then[22] extremely[23] dreadful[24] he looks | ਜਦ[18] ਮੌਤ[21] ਉਸ ਨੂੰ ਫੜ ਕੇ[19] ਅਗੇ ਨੂੰ ਧੱਕਦੀ[20] ਹੈ ਤਦ[22] ਉਹ ਬਹੁਤਾ[23] ਹੀ ਭਿਆਨਕ[24] ਜਾਪਦਾ ਹੈ । |
| ਓਹ ਵੇਲਾ[25] ਹਥਿ[26] ਨ ਆਵੈ ਫਿਰਿ[27] ਪਛੁਤਾਵਣਾ[28] ॥੬॥ | That time[25], when he could meditate on God, returns not to man's hand[26] again and he ultimately[27] regrets[28]. | ਉਹ ਵਕਤ[25], ਮੁੜ ਕੇ ਉਸ ਦੇ ਹੱਥ[26] ਨਹੀਂ ਆਉਂਦਾ ਅਤੇ ਉਹ ਆਖ਼ਿਰ[27] ਨੂੰ ਅਫਸੋਸ ਕਰਦਾ[28] ਹੈ । |
| ਸਲੋਕੁ ਮ: ੩ ॥ | Slok 3rd Guru | ਸਲੋਕ ਤੀਜੀ ਪਾਤਿਸ਼ਾਹੀ । |
| ਸਤਿਗੁਰ ਤੇ ਜੋ ਮੁਹ[29] ਫਿਰੇ[30] ਸੇ[31] ਬਧੇ[32] ਦੁਖ[33] ਸਹਾਹਿ[34] ॥ | They[31], who turn[30] their face[29] away from the True Guru, suffer[34] sorrow[33] tied down[32]. | ਜਿਹੜੇ ਸੱਚੇ ਗੁਰਾਂ ਵਲੋਂ ਮੂੰਹ[29] ਮੋੜਦੇ[30] ਹਨ, ਉਹ[31] ਨਰੜੇ[32] ਹੋਏ ਕਸ਼ਟ[33] ਉਠਾਉਂਦੇ[34] ਹਨ । |
| ਫਿਰਿ ਫਿਰਿ[35] ਮਿਲਣੁ[36] ਨ ਪਾਇਨੀ[40] ਜੰਮਹਿ[37] ਤੈ[38] ਮਰਿ ਜਾਹਿ[39] ॥ | Over and over[35] they come[37] and[38] go[39] and cannot[40] meet[36] with their Lord. | ਮੁੜ ਮੁੜ ਕੇ[35] ਉਹ ਜੰਮਦੇ[37] ਤੇ[38] ਮਰਦੇ[39] ਹਨ, ਅਤੇ ਆਪਣੇ ਸੁਆਮੀ ਨਾਲ ਨਹੀਂ ਮਿਲ[36] ਸਕਦੇ[40] । |
| ਸਹਸਾ[41] ਰੋਗੁ[42] ਨ ਛੋਡਈ[43] ਦੁਖ[44] ਹੀ ਮਹਿ[45] ਦੁਖ ਪਾਹਿ[46] ॥ | Their disease[42] of doubt[41] departs[43] not and, in[45] pain[44], they obtain[46] more pain. | ਉਨ੍ਹਾਂ ਦੀ ਸੰਦੇਹ[41] (ਸੰਸੇ) ਦੀ ਬੀਮਾਰੀ[42] ਦੂਰ ਨਹੀਂ ਹੁੰਦੀ[43] ਅਤੇ ਪੀੜ[44] ਅੰਦਰ[45] ਉਹ ਹੋਰ ਪੀੜ ਪਾਉਂਦੇ[46] ਹਨ । |
| ਨਾਨਕ ਨਦਰੀ[47] ਬਖਸਿ ਲੇਹਿ[48] ਸਬਦੇ[49] ਮੇਲਿ[50] ਮਿਲਾਹਿ[51] ॥੧॥ | Nanak, if the Merciful Master[47] forgives[48] the man, then He unites[51] him in the Name's[49] union[50]. | ਨਾਨਕ, ਜੇਕਰ ਮਿਹਰਬਾਨ ਮਾਲਕ[47] ਬੰਦੇ ਨੂੰ ਮਾਫ਼ ਕਰ ਦੇਵੇ[48] ਤਦ ਉਹ ਉਸ ਨੂੰ ਨਾਮ ਦੇ[49] ਮਿਲਾਪ[50] ਵਿੱਚ ਮਿਲਾ ਦਿੰਦਾ[51] ਹੈ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਜੋ ਸਤਿਗੁਰ ਤੇ ਮੁਹ ਫਿਰੇ[52] ਤਿਨਾ[53] ਠਉਰ[54] ਨ ਠਾਉ[55] ॥ | They[53], who turn their back[52] upon the True Guru, find no place[54] or room of refuge[55]. | ਜਿਹੜੇ ਸੱਚੇ ਗੁਰਾਂ ਨੂੰ ਪਿੱਠ ਦਿੰਦੇ[52] ਹਨ, ਉਨ੍ਹਾਂ[53] ਨੂੰ ਪਨਾਹ ਦੀ ਕੋਈ ਥਾਂ[54] ਜਾਂ ਜਗ੍ਹਾ[55] ਨਹੀਂ ਮਿਲਦੀ । |
| ਜਿਉ[56] ਛੁਟੜਿ[57] ਘਰਿ[58] ਘਰਿ ਫਿਰੈ[59] ਦੁਹਚਾਰਣਿ[60] ਬਦਨਾਉ[61] ॥ | They wander[59] from door to door[58] like[56] a divorced woman[57] of bad character[60] and evil repute[61]. | ਉਹ ਬਦਚਲਣ[60] ਤੇ ਮੰਦੀ ਸ਼ੁਹਰਤ ਵਾਲੀ[61] ਛੱਡੀ ਹੋਈ ਤੀਵੀਂ[57] ਦੀ ਤਰ੍ਹਾਂ[56] ਦੁਆਰੇ ਦੁਆਰੇ[58] ਭਟਕਦੇ[59] ਫਿਰਦੇ ਹਨ । |
| ਨਾਨਕ ਗੁਰਮੁਖਿ[62] ਬਖਸੀਅਹਿ[63] ਸੇ[64] ਸਤਿਗੁਰ ਮੇਲਿ[65] ਮਿਲਾਉ[66] ॥੨॥ | Nanak, the pious persons[62], who are granted pardon[63], they[64] associate[66] with the True Guru's society[65]. | ਨਾਨਕ, ਪਵਿੱਤ੍ਰ ਪੁਰਸ਼[62] ਜਿਨ੍ਹਾਂ ਨੂੰ ਮਾਫ਼ੀ ਮਿਲ ਜਾਂਦੀ[63] ਹੈ, ਉਹ[64] ਸੱਚੇ ਗੁਰਾਂ ਦੀ ਸੰਗਤ[65] ਨਾਲ ਜੁੜਦੇ[66] ਹਨ । |
| ਪਉੜੀ ॥ | Pauri. | ਪਉੜੀ ॥ |
| ਜੋ ਸੇਵਹਿ[67] ਸਤਿ[68] [69]ਮੁਰਾਰਿ[70] ਸੇ[71] [72]ਭਵਜਲ[73] ਤਰਿ[74] ਗਇਆ ॥ | They[71], who serve[67] the True Lord[68], the slayer[70] of Mur[69] demon, swim[74] across the terrible[72] ocean[73]. | ਜਿਹੜੇ ਮੁਰ[69] ਰਾਖ਼ਸ਼ ਨੂੰ ਮਾਰਨ ਵਾਲੇ[70] ਸੱਚੇ ਸੁਆਮੀ[68] (ਪ੍ਰਭੂ) ਦੀ ਸੇਵਾ ਕਰਦੇ[67] ਹਨ, ਉਹ[71] ਭਿਆਨਕ[72] ਸਮੁੰਦਰ[73] ਤੋਂ ਪਾਰ ਹੋ ਜਾਂਦੇ[74] ਹਨ । |

| | | |
|---|---|---|
| ਜੋ ਬੋਲਹਿ[75] ਹਰਿ ਹਰਿ[76] ਨਾਉ ਤਿਨ[77] ਜਮੁ[78] ਛਡਿ ਗਇਆ[79] ॥ | They, who repeat[75] the Lord God's Name[76], them[77], the death's courier[78] passes by[79]. | ਜਿਹੜੇ ਸੁਆਮੀ ਵਾਹਿਗੁਰੂ ਦੇ ਨਾਮ[76] ਦਾ ਉਚਾਰਨ[75] ਕਰਦੇ ਹਨ, ਮੌਤ ਦਾ ਦੂਤ[78] ਉਨ੍ਹਾਂ[77] ਤੋਂ ਪਰੇ ਹੱਟ ਜਾਂਦਾ[79] ਹੈ। |
| ਸੇ[80] ਦਰਗਹ[81] ਪੈਧੇ[82] ਜਾਹਿ[83] ਜਿਨਾ[85] ਹਰਿ ਜਪਿ ਲਇਆ ॥ ਹਰਿ ਸੇਵਹਿ[86] ਸੇਈ[87] ਪੁਰਖ[88] ਜਿਨਾ ਹਰਿ ਤੁਧੁ ਮਇਆ[89] ॥ | They[80], who[85] meditate[84] on God, go[83] to His Court[81] wearing the robe of honour[82]. Those[87] persons[88] alone serve[86] Thee, O God, on whom is Thine grace[89]. | ਜੋ[85] ਵਾਹਿਗੁਰੂ ਦਾ ਆਰਾਧਨ ਕਰਦੇ[84] ਹਨ, ਉਹ[30] ਇੱਜ਼ਤ ਆਬਰੂ ਦੀ ਪੁਸ਼ਾਕ[82] ਪਾ ਕੇ ਉਸ ਦੇ ਦਰਬਾਰ[81] ਨੂੰ ਜਾਂਦੇ[83] ਹਨ। ਕੇਵਲ ਓਹੀ[87] ਪੁਰਸ਼[88] ਤੇਰੀ ਘਾਲ ਕਮਾਉਂਦੇ[85] ਹਨ, ਹੇ ਵਾਹਿਗੁਰੂ, ਜਿਨ੍ਹਾਂ ਉਤੇ ਤੇਰੀ ਰਹਿਮਤ[89] ਹੈ। |
| ਗੁਣ[90] ਗਾਵਾ[91] ਪਿਆਰੇ[92] ਨਿਤ[93] ਗੁਰਮੁਖਿ[94] ਭ੍ਰਮੁ[95] ਭਉ[96] ਗਇਆ[97] ॥੭॥ | My Beloved[92], I ever[93] sing[91] Thy praise[90]. Through the Guru[94], my doubt[95] and dread[96] are dispelled[97]. | ਮੇਰੇ ਪ੍ਰੀਤਮਾ[92] ! ਮੈਂ ਸਦੀਵ[93]ਹੀ ਤੇਰਾ ਜੱਸ[90]ਗਾਉਂਦਾ[91] ਹਾਂ। ਗੁਰਾਂ ਦੇ ਰਾਹੀਂ[94] ਮੇਰਾ ਸੰਦੇਹ[95] ਤੇ ਡਰ[96] ਦੂਰ ਹੋ ਗਏ[97] ਹਨ। |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਥਾਲੈ[98] ਵਿਚਿ[99] ਤੈ[100] ਵਸਤੂ[2] ਪਈਓ[3] ਹਰਿ ਭੋਜਨੁ[4] ਅੰਮ੍ਰਿਤੁ[5] ਸਾਰੁ[6] ॥ | In[99] the slaver[98] three[100] things[2] (truth, contenment and reflection) are put[3] and this is the sublime[6] ambrosial[5] food[4] of the Lord. | ਥਾਲ[98] ਅੰਦਰ[99] ਤਿੰਨ[100] ਚੀਜ਼ਾਂ[2]; ਸਤਿ, ਸੰਤੋਖ ਅਤੇ ਸਿਮਰਨ ਪਾਈਆਂ ਹੋਈਆਂ[3] ਹਨ। ਇਹ ਸੁਆਮੀ ਦਾ ਸ੍ਰੇਸ਼ਟ[6] ਅੰਮ੍ਰਿਤ[5] ਖਾਣਾ[4] ਹੈ ; |
| ਜਿਤੁ[7] ਖਾਧੈ[8] ਮਨੁ[9] ਤ੍ਰਿਪਤੀਐ[10] ਪਾਈਐ ਮੋਖ[12] ਦੁਆਰੁ[13] ॥ | By eating[8] which[7] the soul[9] is satiated[10] and door[13] of salvation[12] is attained. | ਜਿਸ[7] ਨੂੰ ਖਾਣ[8] ਦੁਆਰਾ ਆਤਮਾ[9] ਰੱਜ ਜਾਂਦੀ[10] ਹੈ ਅਤੇ ਮੁਕਤੀ[12] ਦਾ ਦਰਵਾਜ਼ਾ[13] ਪ੍ਰਾਪਤ ਹੋ ਜਾਂਦਾ ਹੈ। |
| ਇਹੁ ਭੋਜਨੁ[17] ਅਲਭੁ[14] ਹੈ ਸੰਤਹੁ ਲਭੈ[15] ਗੁਰ ਵੀਚਾਰਿ[16] ॥ | This fare[17] is rarely obtained[14], O saints; it is obtained[15] by reflecting over[16] Guru's hymns. | ਇਹ ਖਾਣਾ[17] ਬੜੀ ਮੁਸ਼ਕਲ ਨਾਲ ਹੱਥ ਲਗਦਾ[14] ਹੈ, ਹੇ ਸੰਤੋ ! ਗੁਰਬਾਣੀ ਨੂੰ ਸੋਚਣ ਸਮਝਣ ਦੁਆਰਾ[16] ਇਹ ਪਾਇਆ ਜਾਂਦਾ[15] ਹੈ। |
| ਏਹ ਮੁਦਾਵਣੀ[18] ਕਿਉ ਵਿਚਹੁ ਕਢੀਐ[19] ਸਦਾ[20] ਰਖੀਐ [21]ਉਰਿ ਧਾਰਿ[22] ॥ | Why should we drive out[19] from our mind this riddle[18] of the Lord's Name ? We should, ever[20] clasp[22] it to our heart[21]. | ਪ੍ਰਭੂ ਦੇ ਨਾਮ ਦੀ ਇਸ ਬੁਝਾਰਤ[18] ਨੂੰ ਆਪਾਂ ਆਪਣੇ ਹਿਰਦਿਉਂ ਕਿਉਂ ਬਾਹਰ ਕਰੀਏ[19] ? ਆਪਾਂ ਨੂੰ ਹਮੇਸ਼ਾ[20] ਇਸ ਨੂੰ ਆਪਣੇ ਦਿਲ[21] ਵਿੱਚ ਰਖਣਾ[22] ਚਾਹੀਦਾ ਹੈ। |
| ਏਹ ਮੁਦਾਵਣੀ[23] ਸਤਿਗੁਰੂ ਪਾਈ[24] ਗੁਰਸਿਖਾ ਲਧੀ[25] ਭਾਲਿ[26] ॥ | The Satguru has set[24] this problem[23]. Its solution the sikhs of the Guru have found[25] after a search[26]. | ਇਹ ਮਸਲਾ[23] ਸਤਿਗੁਰਾਂ ਨੇ ਪਾਇਆ[24] ਹੈ। ਇਸ ਦਾ ਹੱਲ ਗੁਰੂ ਦੇ ਸਿੱਖਾਂ ਨੇ ਖੋਜ ਭਾਲ[26] ਮਗਰੋਂ ਲੱਭ ਲਿਆ[25] ਹੈ। |
| ਨਾਨਕ ਜਿਸੁ ਬੁਝਾਏ[27] ਸੁ[28] ਬੁਝਸੀ[29] ਹਰਿ ਪਾਇਆ ਗੁਰਮੁਖਿ[30] ਘਾਲਿ[31] ॥੧॥ | Nanak, he[28] whom Guru instructs[27], understands[29] this riddle. Through arduous service[31] the holy[30] obtain God. | ਨਾਨਕ, ਜਿਸ ਨੂੰ ਗੁਰੂ ਜੀ ਦਰਸਾਉਂਦੇ[27] ਹਨ, ਓਹੀ[29] ਇਸ ਬੁਝਾਰਤ ਨੂੰ ਸਮਝਦਾ[29] ਹੈ। ਕਰੜੀ ਸੇਵਾ[31] ਰਾਹੀਂ ਪਵਿੱਤਰ ਪੁਰਸ਼ ਵਾਹਿਗੁਰੂ ਨੂੰ ਪਾ ਲੈਂਦੇ ਹਨ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਜੋ ਧੁਰਿ[32] ਮੇਲੇ[33] ਸੇ[34] ਮਿਲਿ | They[34] whom the Primal Lord[32] | ਜਿਨ੍ਹਾਂ ਨੂੰ ਆਦੀ ਪ੍ਰਭੂ[32] ਮਿਲਾਉਂਦਾ[33] ਹੈ, ਉਹ[34] ਉਸ |

| | | |
|---|---|---|
| ਰਹੇ ਸਤਿਗੁਰ ਸਿਉ[37] ਚਿਤੁ[35] ਲਾਇ[36] ॥ | unites[33], remain united with Him. They fix[36] their mind[35] on[37] the True Guru. | ਨਾਲ ਮਿਲੇ ਰਹਿੰਦੇ ਹਨ। ਉਹ ਆਪਣੇ ਮਨ[35] ਨੂੰ ਸੱਚੇ ਗੁਰਾਂ ਨਾਲ[37] ਜੋੜਦੇ[36] ਹਨ। |
| ਆਪਿ[38] ਵਿਛੋੜੇਨੁ[39] ਸੇ ਵਿਛੁੜੇ ਦੂਜੈ[40] ਭਾਇ[41] ਖੁਆਇ[42] ॥ | They, whom the Lord Himself[38] separates[39] remain separated from Him, and they are ruined[42] through another's[40] love[41]. | ਜਿਨ੍ਹਾਂ ਨੂੰ ਸਾਂਈਂ ਖ਼ੁਦ[38] ਵਿਛੋੜਦਾ[39] ਹੈ, ਉਹ ਉਸ ਨਾਲੋਂ ਵਿਛੜੇ ਰਹਿੰਦੇ ਹਨ। ਦਵੈਤ[40]-ਭਾਵ[41] ਦੇ ਰਾਹੀਂ ਉਹ ਬਰਬਾਦ[42] ਹੋ ਜਾਂਦੇ ਹਨ। |
| ਨਾਨਕ ਵਿਣੁ[43] ਕਰਮਾ[44] ਕਿਆ ਪਾਈਐ ਪੂਰਬਿ[45] ਲਿਖਿਆ[46] ਕਮਾਇ[47] ॥੨॥ | Nanak, what can be obtained without[43] God's grace[44]? The mortal earns[47], what is pre[45]-destined[46] for him. | ਨਾਨਕ, ਹਰੀ ਦੀ ਮਿਹਰ[44] ਬਾਝੋਂ[43] ਕੀ ਪ੍ਰਾਪਤ ਹੋ ਸਕਦਾ ਹੈ? ਪ੍ਰਾਣੀ ਉਹੀ ਕੁੱਛ ਕਮਾਉਂਦਾ[47] ਹੈ, ਜੋ ਉਸ ਲਈ ਮੁੱਢ[45] ਤੋਂ ਲਿਖਿਆ[46] ਹੋਇਆ ਹੈ। |
| ਪਉੜੀ ॥ | Pauri. | ਪਉੜੀ। |
| ਬਹਿ[48] ਸਖੀਆ[49] ਜਸੁ[50] ਗਾਵਹਿ ਗਾਵਣਹਾਰੀਆ[51] ॥ | Sitting[48] together, the singing[51] mates[49] chant the Lord's praise[50]. | ਇਕੱਠੀਆਂ ਬੈਠ ਕੇ[48] ਗਾਉਣ ਵਾਲੀਆਂ[51] ਸਹੇਲੀਆਂ[49] (ਗੁਰਮੁਖ ਲੋਕ) ਪ੍ਰਭੂ ਦੀ ਕੀਰਤੀ[50] ਗਾਉਂਦੀਆਂ[51] ਹਨ। |
| ਹਰਿ ਨਾਮੁ ਸਲਾਹਿਹੁ[56] ਨਿਤ[53] ਹਰਿ ਕਉ ਬਲਿਹਾਰੀਆ[54] ॥ | They ever[53] praise[52] the God's Name and are a sacrifice[54] unto God. | ਉਹ ਸਦਾ[53] ਵਾਹਿਗੁਰੂ ਦੀ ਸਿਫ਼ਤ ਕਰਦੀਆਂ[52] ਹਨ ਅਤੇ ਵਾਹਿਗੁਰੂ ਉੱਤੋਂ ਕੁਰਬਾਨ[54] ਜਾਂਦੀਆਂ ਹਨ। |
| ਜਿਨੀ ਸੁਣਿ[55] ਮੰਨਿਆ[56] ਹਰਿ ਨਾਉ ਤਿਨਾ[57] ਹਉ[58] ਵਾਰੀਆ[59] ॥ | They, who hear[55] and believe[56] in the Lord's Name, unto them[57], I[58] am a sacrifice[59] | ਜੋ ਸੁਆਮੀ ਦੇ ਨਾਮ ਨੂੰ ਸੁਣਦੇ[55] ਅਤੇ ਉਸ ਵਿੱਚ ਭਰੋਸਾ ਧਾਰਦੇ[56] ਹਨ, ਉਨ੍ਹਾਂ ਤੋਂ[57] ਮੈਂ[58] ਬਲਿਹਾਰਨੇ ਵੰਞਦਾ[59] ਹਾਂ। |
| ਗੁਰਮੁਖੀਆ[60] ਹਰਿ ਮੇਲੁ[61] ਮਿਲਾਵਣਹਾਰੀਆ[62] ॥ | O God, make me meet[61] with the pious mates[60], who are competent to unite[62] me with Thee, | ਹੇ ਵਾਹਿਗੁਰੂ! ਮੈਨੂੰ ਪਵਿੱਤਰ ਸਹੇਲੀਆਂ[60] ਨਾਲ ਮਿਲਾ ਦੇ[61], ਜੋ ਮੈਨੂੰ ਤੇਰੇ ਨਾਲ ਮਿਲਾਉਣ ਲਈ ਸਮਰਥ[62] ਹਨ। |
| ਹਉ ਬਲਿ[63] ਜਾਵਾ ਦਿਨੁ ਰਾਤਿ[64] ਗੁਰ ਦੇਖਣਹਾਰੀਆ[65] ॥੮॥ | Day and night[64] I am dedicated[63] unto those, who behold[65] their Guru. | ਦਿਨ੍ਹੁ ਰੈਣ[64] ਮੈਂ ਉਨ੍ਹਾਂ ਉੱਤੋਂ ਸਦਕੇ[63] ਜਾਂਦੀ ਹਾਂ, ਜੋ ਆਪਣੇ ਗੁਰਦੇਵ ਜੀ ਨੂੰ ਵੇਖਦੀਆਂ[65] ਹਨ। |
| ੬੪੬ | | |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਵਿਣੁ ਨਾਵੈ ਸਭਿ ਭਰਮਦੇ[66] ਨਿਤ[67] ਜਗਿ[68] ਤੋਟਾ[69] ਸੈਸਾਰਿ[70] ॥ | Without the Name, all, ever[67] wander[66] about in the universe[68] and they suffer loss[69] in the world[70]. | ਨਾਮ ਦੇ ਬਗੈਰ ਸਾਰੇ ਸਦੀਵ[67] ਹੀ ਦੁਨੀਆਂ[68] ਅੰਦਰ ਭਟਕਦੇ[66] ਹਨ। ਉਹ ਜਹਾਨ[70] ਵਿੱਚ ਨੁਕਸਾਨ[69] ਉਠਾਉਂਦੇ ਹਨ। |
| ਮਨਮੁਖਿ[71] ਕਰਮ[72] ਕਮਾਵਣੇ[73] ਹਉਮੈ[74] ਅੰਧੁ[75] ਗੁਬਾਰੁ[76] ॥ | The way-ward[71] persons do[73] the deeds[72] in the pitch[75] darkness[76] of egotism[74]. | ਆਪ ਹੁਦਰੇ[71] ਪੁਰਸ਼ ਹੰਕਾਰ[74] ਦੇ ਗੂੜ੍ਹੇ[75] ਅਨ੍ਹੇਰੇ[76] ਵਿੱਚ ਕੰਮ[72] ਕਰਦੇ[73] ਹਨ। |
| ਗੁਰਮੁਖਿ[77] ਅੰਮ੍ਰਿਤੁ[78] | The Guru-wards[77] drink[79] Nectar[78], | ਗੁਰੂ-ਅਨੁਸਾਰੀ[77], ਨਾਮ[80] ਦਾ ਆਰਾਧਨ[81] ਕਰਨ |

| | | |
|---|---|---|
| ਪੀਵਣਾ[79] ਨਾਨਕ ਸਬਦੁ[80] ਵੀਚਾਰਿ[81] ॥੧॥ | by reflecting over[81] the Name[80], O Nanak. | ਦੁਆਰਾ ਅੰਮ੍ਰਿਤ[78] ਪਾਨ ਕਰਦੇ[79] ਹਨ, ਹੇ ਨਾਨਕ ! |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਸਹਜੇ[82] ਜਾਗੈ[83] ਸਹਜੇ ਸੋਵੈ[84] ॥ ਗੁਰਮੁਖਿ[85] ਅਨਦਿਨੁ[86] ਉਸਤਤਿ[87] ਹੋਵੈ ॥ | The pious person[85] wakes[83] in peace[82] and in peace he sleeps[84]. Night and day[86] he praises[87] his Lord. | ਪਵਿੱਤ੍ਰ ਪੁਰਸ਼[85] ਆਰਾਮ[82] ਅੰਦਰ ਜਾਗਦਾ[83] ਹੈ ਅਤੇ ਆਰਾਮ ਅੰਦਰ ਹੀ ਸੌਂਦਾ[84] ਹੈ । ਰੈਣ ਦਿਹੁੰ[86] ਉਹ ਆਪਣੇ ਸੁਆਮੀ ਦੀ ਸਿਫ਼ਤ ਕਰਦਾ[87] ਹੈ । |
| ਮਨਮੁਖ[88] ਭਰਮੈ ਸਹਸਾ[90] ਹੋਵੈ[91] ॥ | Engrossed[91] in doubt[90], the self-willed[88] wanders[89] about. | ਸੰਦੇਹ[90] ਅੰਦਰ ਖੱਚਤ ਹੋਇਆ[91] ਹੋਇਆ ਮਨਮੱਤੀਆ[88] ਭਟਕਦਾ ਫਿਰਦਾ[89] ਹੈ । |
| ਅੰਤਰਿ[92] ਚਿੰਤਾ[93] ਨੀਦ[94] ਨ ਸੋਵੈ[95] ॥ | Within[92] him is anxiety[93] and he sleeps[95] not a peaceful sleep[94]. | ਉਸ ਦੇ ਅੰਦਰ[92] ਫ਼ਿਕਰ ਚਿੰਤਾ[93] ਹੈ ਅਤੇ ਉਹ ਆਰਾਮ ਦੀ ਨੀਂਦੇ[94] ਨਹੀਂ ਸੌਂਦਾ[95] । |
| ਗਿਆਨੀ[96] ਜਾਗਹਿ ਸਵਹਿ[98] ਸੁਭਾਇ[97] ॥ | The theologians[96] wake and sleep[98] in peace[97]. | ਬ੍ਰਹਮ ਬੇਤੇ[96] ਸ਼ਾਂਤੀ[97] ਅੰਦਰ ਜਾਗਦੇ ਤੇ ਸੌਂਦੇ[98] ਹਨ । |
| ਨਾਨਕ ਨਾਮਿ ਰਤਿਆ[99] ਬਲਿ[100] ਜਾਉ ॥੨॥ | Nanak is a sacrifice[100] unto those, who are imbued[99] with God. | ਨਾਨਕ, ਉਨ੍ਹਾਂ ਉੱਤੋਂ ਕੁਰਬਾਨ[100] ਜਾਂਦਾ ਹੈ, ਜੋ ਨਾਮ ਨਾਲ ਰੰਗੀਜੇ[99] ਹਨ । |
| ਪਉੜੀ ॥ | Pauri. | ਪਉੜੀ । |
| ਸੋ[2] ਹਰਿ ਨਾਮੁ ਧਿਆਵਹਿ[3] ਜੋ ਹਰਿ ਰਤਿਆ[4] ॥ | They[2] alone remember[3] the God's Name, who are imbued[4] with God. | ਕੇਵਲ ਓਹੀ[2] ਰੱਬ ਦੇ ਨਾਮ ਦਾ ਸਿਮਰਨ ਕਰਦੇ[3] ਹਨ, ਜੋ ਵਾਹਿਗੁਰੂ ਦੇ ਨਾਲ ਰੰਗੇ ਹੋਏ[4] ਹਨ । |
| ਹਰਿ ਇਕੁ ਧਿਆਵਹਿ[6] ਇਕੁ[5] ਇਕੋ[7] ਹਰਿ ਸਤਿਆ[8] ॥ | They meditate[6] on One God. The One[5] Lord alone[7] is true[8]. | ਉਹ ਇੱਕ ਵਾਹਿਗੁਰੂ ਦਾ ਹੀ ਚਿੰਤਨ ਕਰਦੇ[6] ਹਨ । ਕੇਵਲ[7] ਇੱਕ[5] ਸੁਆਮੀ ਹੀ ਸੱਚਾ[8] ਹੈ । |
| ਹਰਿ ਇਕੋ ਵਰਤੈ[9] ਇਕੁ ਇਕੋ ਉਤਪਤਿਆ[10] ॥ | God alone is pervading[9] all. From the One Lord alone is all the creation[10]. | ਕੇਵਲ ਇੱਕੋ ਵਾਹਿਗੁਰੂ ਹੀ ਸਾਰੇ ਵਿਆਪਕ ਹੋ ਰਿਹਾ[9] ਹੈ । ਕੇਵਲ ਇਕ ਸਾਹਿਬ ਤੋਂ ਹੀ ਸਾਰੀ ਰਚਨਾ[10] ਹੈ । |
| ਜੋ ਹਰਿ ਨਾਮੁ ਧਿਆਵਹਿ[12] ਤਿਨ[13] ਡਰੁ[14] ਸਟਿ ਘਤਿਆ[15] ॥ | They[13], who ponder[12] over the Lord's Name, cast away[15] fear[14] altogether. | ਜੋ ਸੁਆਮੀ ਦੇ ਨਾਮ ਦਾ ਭਜਨ ਕਰਦੇ[12] ਹਨ, ਉਹ[13] ਸਮੂਹ ਭੈ[14] ਨੂੰ ਪਰੇ ਚਲਾ ਮਾਰਦੇ[15] ਹਨ । |
| ਗੁਰਮਤੀ[16] ਦੇਵੈ[17] ਆਪਿ[18] ਗੁਰਮੁਖਿ[19] ਹਰਿ ਜਪਿਆ[20] ॥੯॥ | The Lord Himself[18] blesses[17] man with the Guru's instruction[16] and, through the Guru[19], meditates[20] he, on the Lord. | ਸਾਹਿਬ ਖ਼ੁਦ[18] ਬੰਦੇ ਨੂੰ ਗੁਰਾਂ ਦੇ ਉਪਦੇਸ਼[16] ਦੀ ਦਾਤ ਦਿੰਦਾ[17] ਹੈ । ਗੁਰਾਂ ਦੇ ਰਾਹੀਂ[19] ਹੀ ਉਹ ਸਾਹਿਬ ਦਾ ਸਿਮਰਨ ਕਰਦਾ[20] ਹੈ । |
| ਸਲੋਕ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸਾਹੀ । |
| ਅੰਤਰਿ[21] ਗਿਆਨੁ[22] ਨ ਆਇਓ[23] ਜਿਤੁ[24] ਕਿਛੁ[25] ਸੋਝੀ[26] ਪਾਇ[27] ॥ | Divine knowledge[22], from which[24] substantial[26] understanding[26] is obtained[27], enters[23] not man's mind[21]. | ਬ੍ਰਹਮ ਵੀਚਾਰ[22] ਜਿਸ[24] ਤੋਂ ਸਹੀ[25] ਸਮਝ[26] ਪ੍ਰਾਪਤ ਹੋਣੀ[27] ਹੈ, ਇਨਸਾਨ ਦੇ ਮਨ[21] ਵਿੱਚ ਪ੍ਰਵੇਸ਼[23] ਹੀ ਨਹੀਂ ਕਰਦੀ । |
| ਵਿਣੁ[28] ਡਿਠਾ[29] ਕਿਆ[30] | Without[28] perception[29], how[30] can he | ਬੋਧ[29] ਦੇ ਬਾਝੋਂ[28] ਉਹ ਹਰੀ ਦਾ ਜੱਸ[31] ਕਿਸ ਤਰ੍ਹਾਂ[30] |

| | | |
|---|---|---|
| ਸਾਲਾਹੀਐ[31] ਅੰਧਾ[32] ਅੰਧੁ[33] ਕਮਾਇ[34] ॥ | sing God's praise[31]? A blind man[32] ever does[34] blind things[33]. | ਗਾਇਨ ਕਰ ਸਕਦਾ ਹੈ? ਅੰਨ੍ਹਾ ਇਨਸਾਨ[32] ਹਮੇਸ਼ਾ ਅੰਨ੍ਹੇ ਕੰਮ[33] ਕਰਦਾ[34] ਹੈ। |
| ਨਾਨਕ ਸਬਦੁ[35] ਪਛਾਣੀਐ[36] ਨਾਮੁ ਵਸੈ[37] ਮਨਿ[38] ਆਇ[39] ॥੧॥ | Nanak, when the mortal realises[36] the Lord[35], the Name comes[39] to abide[37] in his mind[38]. | ਨਾਨਕ, ਜਦ ਪ੍ਰਾਣੀ ਪ੍ਰਭੂ[35] ਨੂੰ ਅਨੁਭਵ ਕਰ ਲੈਂਦਾ[36] ਹੈ, (ਤਾਂ) ਨਾਮ ਆ ਕੇ[39] ਉਸ ਦੇ ਚਿੱਤ[38] ਵਿੱਚ ਟਿੱਕ ਜਾਂਦਾ[37] ਹੈ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਇਕਾ[40] ਬਾਣੀ[41] ਇਕੁ[42] ਗੁਰੁ ਇਕੋ ਸਬਦੁ[43] ਵੀਚਾਰਿ[44] ॥ | There is but one[40] Divine sermon[41], uttered by the only[42] Guru; there is One Name[43] to reflect[44] upon | ਅਦੁੱਤੀ[42] ਗੁਰਾਂ ਦਾ ਉਚਾਰਨ ਕੀਤਾ ਹੋਇਆ ਇੱਕੋ[40] ਹੀ ਈਸ਼ਵਰੀ ਕਥਨ[41] ਹੈ ਅਤੇ ਸਿਮਰਨ[44] ਲਈ ਇੱਕੋ ਹੀ ਨਾਮ[43] ਹੈ। |
| ਸਚਾ ਸਉਦਾ[45] ਹਟੁ[46] ਸਚੁ ਰਤਨੀ[47] ਭਰੇ[48] ਭੰਡਾਰ[49] ॥ | True is the merchandise[45], true the shop[46] and true the garners[49] filled[48] with jewels[47]. | ਸੱਚਾ ਹੈ ਸੌਦਾ ਸੂਤ[45], ਸੱਚੀ ਦੁਕਾਨ[46] ਅਤੇ ਸੱਚਾ ਹੀ ਜਵਾਹਿਰਾਤਾਂ[47] ਦਾ ਭਰਿਆ ਹੋਇਆ[48] ਮਾਲ ਗੁਦਾਮ[49]। |
| ਗੁਰ ਕਿਰਪਾ[50] ਤੇ ਪਾਈਅਨਿ[51] ਜੇ[52] ਦੇਵੈ[53] ਦੇਵਣਹਾਰੁ[54] ॥ | If[52] the Beneficent Lord[54] bestows[53], then alone are they obtained[51] by the Guru's grace[50]. | ਜੇਕਰ[52] ਦਾਤਾਰ ਪ੍ਰਭੂ[54] ਪ੍ਰਦਾਨ ਕਰੇ[53], ਤਾਂ ਹੀ ਉਹ ਗੁਰਾਂ ਦੀ ਦਇਆ[50] ਦੁਆਰਾ ਪ੍ਰਾਪਤ ਹੁੰਦੇ[51] ਹਨ। |
| ਸਚਾ ਸਉਦਾ[55] ਲਾਭੁ[56] ਸਦਾ[57] ਖਟਿਆ[58] ਨਾਮੁ ਅਪਾਰੁ[59] ॥ | Dealing in this true merchandise[55], the man ever[57] earns[58] the profit[56] of the unique[59] Name. | ਇਸ ਸੱਚੇ ਸੁਦਾਗਰੀ[55] ਦੇ ਮਾਲ ਦਾ ਵਣਜ ਕਰ ਕੇ ਆਦਮੀ ਹਮੇਸ਼ਾ[57] ਲਾਸਾਨੀ[59] ਨਾਮ ਦਾ ਨਫ਼ਾ[56] ਕਮਾਉਂਦਾ[58] ਹੈ। |
| ਵਿਖੁ[60] ਵਿਚਿ[61] ਅੰਮ੍ਰਿਤੁ[62] ਪ੍ਰਗਟਿਆ[63] ਕਰਮਿ[64] ਪੀਆਵਣਹਾਰੁ[65] ॥੨॥ | In[61] this very world of poison[60], the Name-Nectar[62] becomes manifest[63] and by the Lord's grace[64] alone is it quaffed[65]. | ਇਸ ਜ਼ਹਿਰ[60] ਦੇ ਜਗਤ ਅੰਦਰ[61] ਹੀ ਨਾਮ ਅੰਮ੍ਰਿਤ[62] ਪ੍ਰਤੱਖ[63] ਹੋ ਜਾਂਦਾ ਹੈ। ਕੇਵਲ ਪ੍ਰਭੂ ਦੀ ਮਿਹਰ[64] ਦੁਆਰਾ ਹੀ ਇਹ ਪਾਨ ਕੀਤਾ (ਪੀਤਾ) ਜਾਂਦਾ[65] ਹੈ। |
| ਨਾਨਕ ਸਚੁ[66] ਸਲਾਹੀਐ[67] ਧੰਨੁ[68] ਸਵਾਰਣਹਾਰੁ[69] ॥੨॥ | Nanak, praise[67] thou the True Lord[66]. Blessed[68] is He, the Embellisher[68] of the mortals. | ਨਾਨਕ, ਤੂੰ ਸੱਚੇ ਸੁਆਮੀ[66] ਦੀ ਸਿਫ਼ਤ[67] ਕਰ। ਧੰਨ[68] ਹੈ ਉਹ, ਪ੍ਰਾਣੀਆਂ ਨੂੰ ਸੁਸ਼ੋਭਤ ਕਰਨ ਵਾਲਾ[69]। |
| ਪਉੜੀ ॥ | Pauri. | ਪਉੜੀ। |
| ਜਿਨਾ ਅੰਦਰਿ[70] ਕੂੜੁ[71] ਵਰਤੈ[72] ਸਚੁ ਨ ਭਾਵਈ[73] ॥ | They, within[70] whom is pervading[72] falsehood[71], love[73] not the truth. | ਜਿਨ੍ਹਾਂ ਦੇ ਅੰਦਰ[70] ਝੂਠ[71] ਵਿਆਪ ਰਿਹਾ[72] ਹੈ, ਉਹ ਸੱਚ ਨੂੰ ਪਿਆਰ[73] ਨਹੀਂ ਕਰਦੇ। |
| ਜੇ[74] ਕੋ[75] ਬੋਲੈ[78] ਸਚੁ ਕੂੜਾ[76] ਜਲਿ ਜਾਵਈ[77] ॥ | If[74] some one[75] tells[78] the truth, the false[76] one is burnt[77]. | ਜੇਕਰ[74] ਕੋਈ ਜਣਾ[75] ਸੱਚ ਕਹੇ[78], ਤਾਂ ਝੂਠਾ[76] ਆਦਮੀ ਸੜ ਬਲ[77] ਜਾਂਦਾ ਹੈ। |
| ਕੂੜਿਆਰੀ[79] ਰਜੈ[80] ਕੂੜਿ ਜਿਉ[81] ਵਿਸਟਾ[82] ਕਾਗੁ[83] ਖਾਵਈ[84] ॥ | As[81] the crow[83] eats[84] up ordure[82], so is the false one[79] satiated[80] with falsehood. | ਜਿਸ ਤਰ੍ਹਾਂ[81] ਕਾਂ[83] ਗੰਦਗੀ[82] ਖਾਂਦਾ[84] ਹੈ, ਏਸ ਤਰ੍ਹਾਂ ਹੀ ਝੂਠਾ ਆਦਮੀ[79] ਝੂਠ ਨਾਲ ਤ੍ਰਿਪਤ[80] ਹੁੰਦਾ ਹੈ। |
| ਜਿਸੁ ਹਰਿ ਹੋਇ ਕ੍ਰਿਪਾਲੁ[85] ਸੋ[86] ਨਾਮੁ ਧਿਆਵਈ[87] ॥ | He[86], to whom the Lord becomes merciful[85], meditates[87] on the Name. | ਜਿਸ ਉੱਤੇ ਮਾਲਕ ਮਿਹਰਬਾਨ[85] ਹੁੰਦਾ ਹੈ, ਉਹ[86] ਨਾਮ ਦਾ ਸਿਮਰਨ ਕਰਦਾ[87] ਹੈ। |

| | | |
|---|---|---|
| ਹਰਿ ਗੁਰਮੁਖਿ[88] ਨਾਮੁ ਅਰਾਧਿ[89] ਕੂੜੁ[90] ਪਾਪੁ[91] ਲਹਿ ਜਾਵਈ[92] ॥੧੦॥ | Through the Guru[88], remember[89] thou the Lord's Name, and thou shalt be rid of[92] falsehood[90] and sin[91]. | ਗੁਰਾਂ ਦੇ ਰਾਹੀਂ[88] ਤੂੰ ਸਾਹਿਬ ਦੇ ਨਾਮ ਦਾ ਭਜਨ ਕਰ[89]; ਤੂੰ ਝੂਠ[90] ਤੇ ਗੁਨਾਹ[91] ਤੋਂ ਖ਼ਲਾਸੀ ਪਾ ਜਾਵੇਂਗਾ[92]। |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਸੇਖਾ [93]ਚਉਚਕਿਆ[94] [96]ਚਉਵਾਇਆ[95] ਏਹੁ ਮਨੁ[97] ਇਕਤੁ[98] ਘਰਿ[99] ਆਣਿ[100] ॥ | Thou, O Sheikh, who art wandering in four[93] directions[94], and art flown by four[96] winds[95], bring[100] this mind[97] of thine into the Lord's One[98] Mansion[99]. | ਹੇ ਚਾਰੀਂ[93] ਪਾਸੀਂ[94] ਭਟਕਣ ਵਾਲੇ! ਤੇ ਚਾਰਾਂ[96] ਹੀ ਹਵਾਵਾਂ[95] ਦੇ ਉਡਾਏ ਹੋਏ, ਸ਼ੇਖ! ਤੂੰ ਆਪਣੇ ਇਸ ਮਨੂਏ[97] ਨੂੰ ਸੁਆਮੀ ਦੇ 'ਇਕ[98] ਮੰਦਰ[99]' (ਹਰੀ ਨਾਮ) ਅੰਦਰ ਲਿਆ[100]। |
| ਏਹੜ ਤੇਹੜ[2] ਛਡਿ[3] ਤੂ ਗੁਰ ਕਾ ਸਬਦੁ[4] ਪਛਾਣੁ[5] ॥ | Abandon[3] thou thine crooked ways[2] and realise[5] the Guru's instruction[4]. | ਤੂੰ ਆਪਣੀਆਂ ਟੇਢੀਆਂ ਚਾਲਾਂ[2] ਨੂੰ ਤਿਆਗ[3] ਦੇ ਅਤੇ ਗੁਰਾਂ ਦੇ ਉਪਦੇਸ਼[4] ਨੂੰ ਅਨੁਭਵ ਕਰ[5]। |
| ਸਤਿਗੁਰ ਅਗੈ[6] ਢਹਿ ਪਉ[7] ਸਭੁ[8] ਕਿਛੁ ਜਾਣੈ[9] ਜਾਣੁ[10] ॥ | Prostrate[7] thyself before[6] the True Guru. He, the Omniscient[10] Satguru knows[9] everything[8]. | ਤੂੰ ਸੱਚੇ ਗੁਰਾਂ ਦੇ ਮੂਹਰੇ[6] ਢਹਿ ਪਉ[7]। ਉਹ ਸਰਵੱਗ[10] ਗੁਰੂ ਜੀ ਸਭ ਕੁਝ[8] ਜਾਣਦੇ[9] ਹਨ। |
| ਆਸਾ[12] ਮਨਸਾ[13] ਜਲਾਇ[14] ਤੂ ਹੋਇ ਰਹੁ[15] ਮਿਹਮਾਣੁ[16] ॥ | Burn[14] thou thine hopes[12] and desires[13] and remain[15] as a guest[16] in this world. | ਤੂੰ ਆਪਣੀਆਂ ਉਮੈਦਾਂ[12] ਤੇ ਖ਼ਾਹਿਸ਼ਾਂ[13] ਨੂੰ ਸਾੜ ਸੁੱਟ[14] ਤੇ ਇਸ ਸੰਸਾਰ ਅੰਦਰ ਪ੍ਰਾਹੁਣੇ[16] ਵਾਂਗੂ ਹੋ ਕੇ ਰਹੁ[15]। |
| ਸਤਿਗੁਰ ਕੈ ਭਾਣੈ[17] ਭੀ[18] ਚਲਹਿ[19] ਤਾ[20] ਦਰਗਹ[21] ਪਾਵਹਿ ਮਾਣੁ[22] ॥ | Even now[18], if thou walkest[19] according to the True Guru's will[17], then[20], shalt thou obtain honour[22] in the Lord's court[21]. | ਹੁਣ[18] ਭੀ ਜੇਕਰ ਤੂੰ ਸੱਚੇ ਗੁਰਾਂ ਦੀ ਰਜ਼ਾ[17] ਅਨੁਸਾਰ ਟੁਰੇਂ[19], ਤਦ[20] ਤੂੰ ਪ੍ਰਭੂ ਦੇ ਦਰਬਾਰ[21] ਵਿੱਚ ਇੱਜ਼ਤ ਆਬਰੂ[22] ਪਾ ਲਵੇਂਗਾ। |
| ਨਾਨਕ ਜਿ[23] ਨਾਮੁ ਨ ਚੇਤਨੀ[24] ਤਿਨ[25] ਧਿਗੁ[26] ਪੈਨਣੁ[27] ਧਿਗੁ ਖਾਣੁ[28] ॥੧॥ | Nanak, they, who[33] contemplate[24] not on the Name, accursed[26] is their[25] dress[27] and accursed their food[28]. | ਨਾਨਕ, ਜੋ[23] ਨਾਮ ਦਾ ਸਿਮਰਨ[24] ਨਹੀਂ ਕਰਦੇ, ਫਿਟਕਾਰ[26] ਹੈ ਉਨ੍ਹਾਂ ਦੇ[25] ਪੁਸ਼ਾਕ[27] ਤੇ ਖਾਣੇ[28] ਨੂੰ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਹਰਿ ਗੁਣ[29] ਤੋਟਿ ਨ ਆਵਈ[30] ਕੀਮਤਿ[31] ਕਹਣੁ[32] ਨ ਜਾਇ ॥ | Infinite[30] are God's merits[29]. His worth[31] cannot be described[32]. | ਬੇਅੰਤ[30] ਹਨ ਵਾਹਿਗੁਰੂ ਦੀਆਂ ਖ਼ੂਬੀਆਂ[29]। ਉਸ ਦਾ ਮੁੱਲ[31] ਬਿਆਨੋਂ[32] ਬਾਹਰ ਹੈ। |
| ਨਾਨਕ ਗੁਰਮੁਖਿ[33] ਹਰਿ ਗੁਣ[34] ਰਵਹਿ[35] ਗੁਣ ਮਹਿ[36] ਰਹੈ ਸਮਾਇ[37] ॥੨॥ | Nanak, the Guru-wards[33] utter[35] the Lord's praise[34] and in[36] the Lord's praise they remain absorbed[37]. | ਨਾਨਕ ਗੁਰੂ-ਅਨੁਸਾਰੀ[33] ਪ੍ਰਭੂ ਦੀ ਕੀਰਤੀ[34] ਉਚਾਰਨ[35] ਕਰਦੇ ਹਨ ਅਤੇ ਪ੍ਰਭੂ ਦੀ ਕੀਰਤੀ ਵਿੱਚ[36] ਹੀ ਉਹ ਲੀਨ ਰਹਿੰਦੇ[37] ਹਨ। |
| ਪਉੜੀ ॥ | Pauri. | ਪਉੜੀ। |
| ਹਰਿ ਚੋਲੀ[38] ਦੇਹ[39] ਸਵਾਰੀ[40] ਕਢਿ[41] ਪੈਧੀ[42] ਭਗਤਿ[43] ਕਰਿ ॥ | God has adorned[40] the body[39] jacket[38]. Embroidering[41] it with the Lord's meditation[43], wear[42] it I. | ਵਾਹਿਗੁਰੂ ਨੇ ਸਰੀਰ[39] ਦੀ ਅੰਗ੍ਰਖੀ[38] ਸ਼ਸ਼ੋਭਤ[40] ਕੀਤੀ ਹੈ। ਸੁਆਮੀ ਦੇ ਸਿਮਰਨ[43] ਨਾਲ ਇਸ ਦੀ ਗੁਲਕਾਰੀ[41] ਕਰਕੇ ਮੈਂ ਇਸ ਨੂੰ ਪਹਿਰਦਾ[42] ਹਾਂ। |
| ਹਰਿ[44] ਪਾਟੁ[45] ਲਗਾ[46] | The silk[46] of the Lord's Name[44] is | ਰੱਬ ਦੇ ਨਾਮ[44] ਦਾ ਬਹੁਤ ਸਾਰਾ[47] ਰੇਸ਼ਮ[45] ਉਸ ਉੱਤੇ |

ਅਧਿਕਾਈ[47] ਬਹੁ[48] ਬਹੁ[49] ਬਿਧਿ[50] ਭਾਤਿ[51] ਕਰਿ ॥

set[46] thereon in plenty[47], in multiple[48] manners[50] and in various[49] ways[51].

ਅਨੇਕਾਂ[48] ਢੰਗਾਂ[50] ਅਤੇ ਅਨੇਕਾਂ[49] ਤਰੀਕਿਆਂ[51] ਨਾਲ ਲੱਗਾ ਹੋਇਆ[46] ।

ਕੋਈ[52] ਬੂਝੈ[53] ਬੂਝਣਹਾਰਾ[54] ਅੰਤਰਿ[55] ਬਿਬੇਕੁ ਕਰਿ[56] ॥

Rare[52] is the man of understanding[54] who understands[53] this mystery by deeply deliberating[56] in his mind[55].

ਕੋਈ ਵਿਰਲਾ[52] ਹੀ ਸਮਝਦਾਰ ਇਨਸਾਨ[54] ਹੈ, ਜੋ ਆਪਣੇ ਮਨ[55] ਵਿੱਚ ਨਿਰਣਾਇਕ ਵੀਚਾਰ ਕਰਨ ਦੁਆਰਾ[56] ਇਸ ਭੇਤ ਨੂੰ ਸਮਝਦਾ[53] ਹੈ ।

ਸੋ[57] ਬੂਝੈ ਏਹੁ[61] ਬਿਬੇਕੁ[58] ਜਿਸੁ ਬੁਝਾਏ[59] ਆਪਿ ਹਰਿ[60] ॥

He[57] alone understands this[61] deliberation[58] whom the Lord Himself[60] causes to understand[59]

ਕੇਵਲ ਓਹ ਹੀ[57] ਇਸ[61] ਬਿਬੇਕ ਵੀਚਾਰ[58] (ਨਿਰਮਲ ਬੁੱਧ) ਨੂੰ ਸਮਝਦਾ ਹੈ, ਜਿਸ ਨੂੰ ਸੁਆਮੀ ਖ਼ੁਦ[60] ਸਮਝਾਉਂਦਾ[59] ਹੈ ।

ਜਨੁ[61]* ਨਾਨਕੁ ਕਹੈ[62] ਵਿਚਾਰਾ[63] ਗੁਰਮੁਖਿ[64] ਹਰਿ ਸਤਿ ਹਰਿ[65] ॥੧੧॥

Says[62] poor[63] slave[61]* Nanak, the Guru-wards[64] deem God to be the ever True[65] Lord.

ਗਰੀਬ[63] ਗੋਲਾ[61]* ਨਾਨਕ ਆਖਦਾ[62] ਹੈ, ਗੁਰੂ-ਅਨੁਸਾਰੀ[64], ਸੁਆਮੀ ਵਾਹਿਗੁਰੂ ਨੂੰ ਸਦਾ ਸੱਚਾ[65] ਜਾਣਦੇ ਹਨ ।

੬੪੭

ਸਲੋਕੁ ਮ: ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਪਰਥਾਇ[66] ਸਾਖੀ[67] ਮਹਾਪੁਰਖ[68] ਬੋਲਦੇ[69] ਸਾਝੀ[70] ਸਗਲ[71] ਜਹਾਨੈ[72] ॥

Great men[68] utter[69] instruction[67] apropos some spiritual motive[66], but the whole[71] world[72] becomes a partner[70] therein.

ਵੱਡੇ ਪੁਰਸ਼[68] ਕਿਸੇ ਆਤਮਿਕ ਮਨੋਰਥ[66] ਦੇ ਸੰਬੰਧ ਵਿੱਚ ਸਿੱਖਿਆ[67] ਉਚਾਰਨ ਕਰਦੇ[69] ਹਨ, ਪ੍ਰੰਤੂ ਸਾਰਾ[71] ਜਹਾਨ[72] ਉਸ ਵਿੱਚ ਭਾਈਵਾਲ[70] ਹੋ ਜਾਂਦਾ ਹੈ ।

ਗੁਰਮੁਖਿ[73] ਹੋਇ[74] ਸੁ[75] ਭਉ[76] ਕਰੇ[77] ਆਪਣਾ[78] ਆਪੁ ਪਛਾਣੈ[79] ॥

He[75], who turns[74] Guru-ward[73] imbibes[77] Lord's fear[76] and recognises[79] his ownself[78].

ਜੋ ਗੁਰੂ-ਅਨੁਸਾਰੀ[73] ਹੋ ਜਾਂਦਾ[74] ਹੈ, ਉਹ[75] ਸਾਈਂ ਦਾ ਡਰ[76] ਮੰਨਦਾ[77] ਹੈ ਅਤੇ ਆਪਣੇ ਆਪ[78] ਨੂੰ ਸਿਞਾਣ ਲੈਂਦਾ[79] ਹੈ ।

ਗੁਰ ਪਰਸਾਦੀ[80] ਜੀਵਤੁ[81] ਮਰੈ ਤਾ[82] ਮਨ ਹੀ ਤੇ ਮਨੁ[83] ਮਾਨੈ[84] ॥

If by Guru's grace[80], man remains dead in life[81], then[82] his mind[83] becomes content[84] from the mind itself

ਜੇਕਰ ਗੁਰਾਂ ਦੀ ਦਇਆ ਦੁਆਰਾ[80] ਬੰਦਾ ਜੀਉਂਦੇ[81] ਜੀ ਮਰਿਆ ਰਹੇ, ਤਦ[82] ਉਸ ਦੇ ਮਨ[83] ਦੀ ਮਨ ਤੋਂ ਹੀ ਨਿਸ਼ਾ ਹੋ ਜਾਂਦੀ[34] ਹੈ ।

ਜਿਨ ਕਉ ਮਨ[90] ਕੀ ਪਰਤੀਤਿ[85] ਨਾਹੀ ਨਾਨਕ ਸੇ[86] ਕਿਆ[87] ਕਥਹਿ[88] ਗਿਆਨੈ[89] ॥੧॥

Nanak, how[87] can they[86], who have no faith[85] in their mind[90], expound[88] divine knowledge[89] ?

ਨਾਨਕ, ਜਿਨ੍ਹਾਂ ਦੇ ਚਿੱਤ[90] ਅੰਦਰ ਭਰੋਸਾ[85] ਨਹੀਂ, ਉਹ[86] ਕਿਸ ਤਰ੍ਹਾਂ[37] ਰੱਬੀ ਵੀਚਾਰ[89] ਦੀ ਵਿਆਖਿਆ[88] ਕਰ ਸਕਦੇ ਹਨ ?

ਮ: ੩ ॥

3rd Guru.

ਤੀਜੀ ਪਾਤਿਸ਼ਾਹੀ ।

ਗੁਰਮੁਖਿ[91] ਚਿਤੁ[92] ਨ ਲਾਇਓ[93] ਅੰਤਿ[94] ਦੁਖੁ[95] ਪਹੁਤਾ ਆਇ[96] ॥

They, who fix[93] not their mind[92] on God, through the Guru[91], are overtaken[96] by grief[95] in the end[94].

ਜੋ ਗੁਰਾਂ ਦੇ ਰਾਹੀਂ[91] ਆਪਣੇ ਮਨ[92] ਨੂੰ ਵਾਹਿਗੁਰੂ ਨਾਲ ਨਹੀਂ ਜੋੜਦੇ[93], ਉਨ੍ਹਾਂ ਨੂੰ ਅਖੀਰ[94] ਵਿੱਚ ਰੰਜ ਗਮ[95] ਆ ਵਾਪਰਦਾ[96] ਹੈ ।

ਅੰਦਰਹੁ ਬਾਹਰਹੁ ਅੰਧਿਆਂ[97] ਸੁਧਿ[98] ਨ ਕਾਈ[99] ਪਾਇ[100] ॥

From within and without, they are blind[97] and attain[100] not any[99] understanding[98].

ਅੰਦਰਹੁ ਬਾਹਰਹੁ ਉਹ ਅੰਨ੍ਹੇ[97] ਹਨ ਅਤੇ ਉਨ੍ਹਾਂ ਨੂੰ ਕੋਈ[99] ਸਮਝ[98] ਨਹੀਂ ਪੈਂਦੀ[100] ।

| | | |
|---|---|---|
| ਪੰਡਿਤ ਤਿਨ[2] ਕੀ ਬਰਕਤੀ[3] ਸਭੁ ਜਗਤੁ[4] ਖਾਇ[5] ਜੋ ਰਤੇ[6] ਹਰਿ ਨਾਇ ॥ | O Pandit, the whole world[4] is fed[5] for the sake[3] of those[2], who are imbued[6] with the God's Name. | ਹੇ ਪੰਡਤ ! ਸਾਰਾ ਜਗ[4] ਉਨ੍ਹਾਂ[2] ਦੀ ਬਦੌਲਤ[3] ਛਕਦਾ ਛਕਾਉਂਦਾ[5] ਹੈ, ਜਿਹੜੇ ਵਾਹਿਗੁਰੂ ਦੇ ਨਾਮ ਨਾਲ ਰੰਗੀਜੇ[6] ਹਨ । |
| ਜਿਨ ਗੁਰ ਕੈ ਸਬਦਿ[7] ਸਲਾਹਿਆ[8] ਹਰਿ ਸਿਉ[9] ਰਹੇ ਸਮਾਇ[10] ॥ | They, who praise[8] the Lord, by Guru's instruction[7], remain blended[10] with[9] the Lord. | ਜੋ ਗੁਰਾਂ ਦੇ ਉਪਦੇਸ਼[7] ਦੁਆਰਾ ਸੁਆਮੀ ਦੀ ਸਿਫ਼ਤ ਕਰਦੇ[8] ਹਨ, ਉਹ ਸੁਆਮੀ ਨਾਲ[9] ਅਭੇਦ[10] ਹੋਏ ਰਹਿੰਦੇ ਹਨ । |
| ਪੰਡਿਤ ਦੂਜੈ ਭਾਇ[12] ਬਰਕਤਿ[13] ਨ ਹੋਵਈ[14] ਨਾ ਧਨੁ[15] ਪਲੈ ਪਾਇ[16] ॥ | O Pandit, through duality[12], satisfaction[13] is not possible[14], nor is the Lord's wealth[15] obtained[16]. | ਹੇ ਪੰਡਤ ! ਦਵੈਤ-ਭਾਵ[12] ਦੇ ਰਾਹੀਂ ਲਹਿਰ ਬਹਿਰ[13] ਉਤਪੰਨ[14] ਨਹੀਂ ਹੁੰਦੀ, ਨਾ ਹੀ ਸਾਹਿਬ ਦੀ ਦੌਲਤ[15] ਪ੍ਰਾਪਤ ਹੁੰਦੀ[16] ਹੈ । |
| ਪੜਿ ਥਕੇ[17] ਸੰਤੋਖੁ[18] ਨ ਆਇਓ ਅਨਦਿਨੁ[19] ਜਲਤ[20] ਵਿਹਾਇ[21] ॥ | Though grown weary[17] of reading, men obtain not contentment[18] and pass[21] their life burning[20] night and day[19]. | ਭਾਵੇਂ ਪੜ੍ਹ ਪੜ੍ਹ ਕੇ ਬੰਦੇ ਹਾਰ[17] ਗਏ ਹਨ, ਪਰ ਉਨ੍ਹਾਂ ਨੂੰ ਰੱਜ[18] ਨਹੀਂ ਆਉਂਦਾ ਅਤੇ ਉਹ ਆਪਣਾ ਜੀਵਨ, ਰਾਤ ਦਿਨ[19] ਸੜਦੇ ਕੁੜਦੇ[20] ਬਿਤਾਉਂਦੇ[21] ਹਨ । |
| ਕੂਕ[22] ਪੂਕਾਰ[23] ਨ ਚੁਕਈ[24] ਨਾ ਸੰਸਾ[25] ਵਿਚਹੁ[26] ਜਾਇ[27] ॥ | Their cries[22] and complaints[23] end[24] not, nor departs[27] the doubt[25] from within[26] them. | ਉਨ੍ਹਾਂ ਦੇ ਚੀਕ ਚਿਹਾੜੇ[22] ਤੇ ਸ਼ਿਕਾਇਤਾਂ[23] ਮੁਕਦੀਆਂ[24] ਨਹੀਂ, ਨਾ ਹੀ ਸ਼ੱਕੀ ਸੁਭਾ[25] ਉਨ੍ਹਾਂ ਦੇ ਅੰਦਰੋਂ[26] ਦੂਰ ਹੁੰਦਾ[27] ਹੈ । |
| ਨਾਨਕ ਨਾਮ ਵਿਹੂਣਿਆ[28] ਮੁਹਿ[29] ਕਾਲੈ[30] ਉਠਿ[31] ਜਾਇ[32] ॥੨॥ | Nanak, without[28] the Name, they arise[31] and depart[32] with blackened[30] face[29]. | ਨਾਨਕ ਨਾਮ ਦੇ ਬਿਨਾਂ[28] ਉਹ ਕਾਲੇ[30] ਚਿਹਰੇ[29] ਨਾਲ ਉੱਠ ਕੇ[31] ਟੁਰ ਜਾਂਦੇ[32] ਹਨ । |
| ਪਉੜੀ ॥ | Pauri. | ਪਉੜੀ । |
| ਹਰਿ ਸਜਣ[33] ਮੇਲਿ[35] ਪਿਆਰੇ[34] ਮਿਲਿ ਪੰਥੁ[36] ਦਸਾਈ[37] ॥ | My Beloved[34], make me meet[35] the Guru, the friend[33] of God. Meeting with him I shall inquire[37] from him the way[36] to Thee. | ਮੇਰੇ ਪ੍ਰੀਤਮਾ[34] ! ਮੈਨੂੰ ਵਾਹਿਗੁਰੂ ਦੇ ਮਿੱਤ੍ਰ[33], ਗੁਰਾਂ ਨੂੰ, ਮਿਲਾ[35] ਦੇ । ਉਨ੍ਹਾਂ ਨਾਲ ਮਿਲ ਕੇ, ਮੈਂ ਉਨ੍ਹਾਂ ਪਾਸੋਂ ਤੇਰਾ ਰਸਤਾ[36] ਪੁਛਾਂਗਾ[37] । |
| ਜੋ ਹਰਿ ਦਸੇ[38] ਮਿਤੁ[39] ਤਿਸੁ[40] ਹਉ[41] ਬਲਿ ਜਾਈ[42] ॥ | The friend[39], who shows[38] me the God's path, unto him[40] I[41] am a sacrifice[42]. | ਜਿਹੜਾ ਮਿੱਤ੍ਰ[39] ਮੈਨੂੰ ਹਰੀ ਦਾ ਮਾਰਗ ਵਿਖਾਲਦਾ[38] ਹੈ, ਉਸ[40] ਉਤੋਂ ਮੈਂ[41] ਕੁਰਬਾਨ ਜਾਂਦਾ[42] ਹਾਂ । |
| ਗੁਣ[47] ਸਾਝੀ[43] ਤਿਨ[44] ਸਿਉ[45] ਕਰੀ ਹਰਿ ਨਾਮੁ ਧਿਆਈ[46] ॥ | With[45] him[44], I shall share[43] his virtues[47] and contemplate over[46] the Lord's Name. | ਉਸ ਦੇ[44] ਨਾਲ[45] ਮੈਂ ਉਸ ਦੀਆਂ ਨੇਕੀਆਂ[47] ਦਾ ਭਾਈਵਾਲ[43] ਹੋ ਜਾਵਾਂਗਾ, ਅਤੇ ਸਾਂਈਂ ਦੇ ਨਾਮ ਦਾ ਸਿਮਰਨ[46] ਕਰਾਂਗਾ । |
| ਹਰਿ ਸੇਵੀ ਪਿਆਰਾ[48] ਨਿਤ[49] ਸੇਵਿ ਹਰਿ ਸੁਖੁ[50] ਪਾਈ ॥ | Ever[49] serve I, my dear[48] God and by serving God, I obtain peace[50]. | ਸਦਾ[49] ਹੀ ਮੈਂ ਆਪਣੇ ਪ੍ਰੀਤਮ[48] ਹਰੀ ਦੀ ਸੇਵਾ ਕਰਦਾ ਹਾਂ । ਹਰੀ ਦੀ ਸੇਵਾ ਕਰਨ ਦੁਆਰਾ ਮੈਂ ਸੁਖ[50] ਪਾਉਂਦਾ ਹਾਂ । |
| ਬਲਿਹਾਰੀ[51] ਸਤਿਗੁਰ | I am devoted[51] unto the[52] True | ਮੈਂ ਉਨ੍ਹਾਂ[52] ਸੱਚੇ ਗੁਰਾਂ ਉਤੋਂ ਸਦਕੇ ਜਾਂਦਾ[51] ਹਾਂ ਜਿਨ੍ਹਾਂ |

| | | |
|---|---|---|
| ਤਿਸੁ[52] ਜਿਨਿ ਸੋਝੀ[53] ਪਾਈ[54] ॥੧੨॥ | Guru, who has infused[54] understanding[53] within me. | ਨੇ ਮੇਰੇ ਅੰਦਰ ਸੋਚ ਸਮਝ[53] ਪਾਈ[54] ਹੈ । |
| ਸਲੋਕੁ ਮ: ੩ ॥ | Slok 3rd Guru | ਸਲੋਕ ਤੀਜੀ ਪਾਤਿਸ਼ਾਹੀ । |
| ਪੰਡਿਤ ਮੈਲੁ[55] ਨ ਚੁਕਈ[56] ਜੇ[57] ਵੇਦ ਪੜੈ[58] ਜੁਗ[59] ਚਾਰਿ ॥ | Even though[57] thou readest[58] the Vedas for four ages[59], thou shalt not be freed[56] of the filth[55], O Pandit. | ਭਾਵੇਂ[57] ਤੂੰ ਚਾਰੇ ਹੀ ਯੁੱਗ[59] ਵੇਦਾਂ ਨੂੰ ਵਾਚਦਾ[58] ਰਹੇਂ, ਤੇਰੀ ਮਲੀਣਤਾ[55] ਦੂਰ[56] ਨਹੀਂ ਹੋਣੀ, ਹੇ ਪੰਡਤ ! |
| ਤ੍ਰੈ[60] ਗੁਣ[61] ਮਾਇਆ[62] ਮੂਲੁ[63] ਹੈ ਵਿਚਿ ਹਉਮੈ[64] ਨਾਮੁ ਵਿਸਾਰਿ[66] ॥ | The three[60] modes[61] are the roots[63] of worldly[62] attachments. In ego[64], the mortal forgets[66] the Name. | ਤਿੰਨੇ[60] ਅਵਸਥਾਵਾਂ[61] ਦੁਨਿਆਦਾਰੀ[62] ਦੀ ਜੜ੍ਹ[63] ਹਨ । ਹੰਕਾਰ[64] ਅੰਦਰ ਪ੍ਰਾਣੀ ਨਾਮ ਨੂੰ ਭੁਲਾ ਦਿੰਦਾ[66] ਹੈ । |
| ਪੰਡਿਤ ਭੂਲੇ[67] ਦੂਜੈ[68] ਲਾਗੇ[69] ਮਾਇਆ[70] ਕੈ ਵਾਪਾਰਿ[71] ॥ | The Pandits are deluded[67], being attached[69] to another[68] and they deal[71] in worldy goods[70]. | ਹੋਰਸ[68] ਨਾਲ ਜੁੜ ਜਾਣ[69] ਦੇ ਕਾਰਨ ਪੰਡਤ ਘੁੱਸੇ ਹੋਏ[67] ਹਨ । ਉਹ ਸੰਸਾਰੀ ਪਦਾਰਥਾਂ[70] ਦਾ ਵਣਜ ਕਰਦੇ[71] ਹਨ । |
| ਅੰਤਰਿ[72] ਤ੍ਰਿਸਨਾ[73] ਭੁਖ[74] ਹੈ ਮੂਰਖ[75] ਭੁਖਿਆ[76] ਮੁਏ[77] ਗਵਾਰ[78] ॥ | Within[72] them are desires[73] and cravings[74] and they, the ignorant[78] fools[75], are straved[76] to death[77]. | ਉਨ੍ਹਾਂ ਦੇ ਅੰਦਰ[72] ਖ਼ਾਹਿਸ਼[73] ਤੇ ਲਾਲਸਾ[74] ਹਨ । ਉਹ ਬੇਸਮਝ[78] ਮੂੜ੍ਹ[75], ਭੁੱਖੇ[76] ਮਰ ਜਾਂਦੇ[77] ਹਨ । |
| ਸਤਿਗੁਰਿ ਸੇਵਿਐ[79] ਸੁਖੁ[80] ਪਾਇਆ ਸਚੈ ਸਬਦਿ[81] ਵੀਚਾਰਿ[82] ॥ | By serving[79] the True Guru and remembering[82] the True Name[81], I have obtained peace[80]. | ਸੱਚੇ ਗੁਰਾਂ ਦੀ ਘਾਲ ਕਮਾਉਣ[79] ਤੇ ਸੱਚੇ ਨਾਮ[81] ਦਾ ਸਿਮਰਣ ਕਰਨ[82] ਦੁਆਰਾ ਮੈਂ ਸੁਖ[80] ਪਾ ਲਿਆ ਹੈ । |
| ਅੰਦਰਹੁ[83] ਤ੍ਰਿਸਨਾ[85] ਭੁਖ[86] ਗਈ[84] ਸਚੈ ਨਾਇ[87] ਪਿਆਰਿ[88] ॥ | By enshrining affection[88] for the True Name[87], desires[85] and cravings[86] have departed[84] from within[83] me. | ਸੱਚੇ ਨਾਮ[87] ਨਾਲ ਪਿਰਹੜੀ[88] ਪਾਉਣ ਦੁਆਰਾ, ਮੇਰੇ ਅੰਦਰੋਂ[83] ਖ਼ਾਹਿਸ਼[85] ਤੇ ਲਾਲਸਾ[86] ਦੂਰ ਹੋ ਗਈਆਂ[84] ਹਨ । |
| ਨਾਨਕ ਨਾਮਿ ਰਤੇ[89] ਸਹਜੇ[90] ਰਜੇ[91] ਜਿਨਾ[92] ਹਰਿ ਰਖਿਆ[93] ਉਰਿਧਾਰਿ[94] ॥੧॥ | Nanak, they who are imbued[89] with the Name and who[92] keep the Lord clasped[94] to their heart[93] are automatically[90] satiated[91]. | ਨਾਨਕ, ਜੋ ਨਾਮ ਨਾਲ ਰੰਗੇ[89] ਹਨ ਅਤੇ ਜੋ[92] ਪ੍ਰਭੂ ਨੂੰ ਆਪਣੇ ਦਿਲ[93] ਨਾਲ ਲਾਈ ਰਖਦੇ[94] ਹਨ ਉਹ ਕੁਦਰਤੀ ਤੌਰ ਉੱਤੇ[90] ਸੰਤੁਸ਼ਟ[91] ਹੋ ਜਾਂਦੇ ਹਨ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਮਨਮੁਖ[94] ਹਰਿ ਨਾਮੁ ਨ ਸੇਵਿਆ[95] ਦੁਖੁ[96] ਲਗਾ[97] ਬਹੁਤਾ[98] ਆਇ ॥ | The way-ward person[94] serves[95] not God's Name, so immense[98] anguish[96] overtakes[97] him. | ਆਪ-ਹੁਦਰਾ ਪੁਰਸ਼[94] ਰੱਬ ਦੇ ਨਾਮ ਦੀ ਘਾਲ ਨਹੀਂ ਕਮਾਉਂਦਾ[95], ਇਸ ਲਈ ਉਸ ਨੂੰ ਡਾਢੀ[98] ਪੀੜਾ[96] ਆ ਪਕੜਦੀ[97] ਹੈ । |
| ਅੰਤਰਿ[99] ਅਗਿਆਨੁ[100] ਅੰਧੇਰੁ[2] ਹੈ ਸੁਧਿ[3] ਨ ਕਾਈ ਪਾਇ[4] ॥ | Within[99] him is the darkness[2] of spiritual ignorance[100] and he acquires[4] not understanding[3]. | ਉਸ ਦੇ ਅੰਦਰ[99] ਆਤਮਕ ਬੇਸਮਝੀ[100] ਦਾ ਅਨ੍ਹੇਰਾ[2] ਹੈ ਅਤੇ ਉਸ ਨੂੰ ਕੋਈ ਸਮਝ[3] ਨਹੀਂ ਪੈਂਦੀ[4] । |
| ਮਨਹਠਿ[5] ਸਹਜਿ[6] ਨ ਬੀਜਿਓ[7] ਭੁਖਾ[8] ਕਿ[12] | Through his mind's obstinacy[5] he sows[7] not the seed of the Lord's | ਆਪਣੇ ਮਨ ਦੀ ਜ਼ਿਦ[5] ਰਾਹੀਂ ਉਹ ਸੁਆਮੀ ਦੇ ਨਾਮ[6] ਦਾ ਬੀਜ ਨਹੀਂ ਬੀਜਦਾ[7] । ਉਹ ਭੁੱਖ ਲੱਗਣ ਸਮੇਂ |

| | | |
|---|---|---|
| ਅਗੈ[9] ਖਾਇ[10] ॥ | Name[6], When hungry[8], what[12] shall he eat[10] hereafter[9] ? | ਐਦੂੰ ਮਗਰੋਂ[9] ਕੀ[12] ਖਾਊਗਾ[10] ? |
| ਨਾਮੁ ਨਿਧਾਨੁ[13] ਵਿਸਾਰਿਆ[14] ਦੂਜੈ[15] ਲਗਾ ਜਾਇ[16] ॥ | He has forgotten[14] the Name treasures[13], being attached[16] with another[15]. | ਉਸ ਨੇ ਹੋਰਸ[15] ਨਾਲ ਜੁੜਿਆ[16] ਹੋਇਆ ਨਾਮ ਦੇ ਖ਼ਜ਼ਾਨੇ[13] ਨੂੰ ਭੁਲਾ ਦਿੱਤਾ[14] ਹੈ। |
| ਨਾਨਕ ਗੁਰਮੁਖਿ[17] ਮਿਲਹਿ[18] ਵਡਿਆਈਆ[19] ਜੇ[20] ਆਪੇ[21] ਮੇਲਿ[22] ਮਿਲਾਇ[23] ॥੨॥ | Nanak, the Guru-wards[17] obtain[18] honour[19], when[20] the Lord Himself[21] unites[23] them in His union[22]. | ਨਾਨਕ, ਗੁਰੂ-ਅਨੁਸਾਰੀ[17] ਨੂੰ ਜਦ[20] ਸੁਆਮੀ ਖ਼ੁਦ[21] ਆਪਣੇ ਮਿਲਾਪ[22] ਵਿੱਚ ਮਿਲਾ ਲੈਂਦਾ[23] ਹੈ, ਤਾਂ ਉਹ ਮਾਨ ਇੱਜ਼ਤ[19] ਪਾ ਲੈਂਦਾ[18] ਹੈ। |
| ਪਉੜੀ ॥ | Pauri. | ਪਉੜੀ। |
| ਹਰਿ ਰਸਨਾ[24] ਹਰਿ ਜਸੁ[25] ਗਾਵੈ[26] ਖਰੀ[27] ਸੁਹਾਵਣੀ[28]॥ | Very[27] beauteous[28] is the tongue[24], which sings[26] the Lord God's praise[25]. | ਬਹੁਤੀ[27] ਹੀ ਸੁਹਣੀ[28] ਹੈ ਉਹ ਜੀਭ[24], ਜਿਹੜੀ ਸੁਆਮੀ ਵਾਹਿਗੁਰੂ ਦੀ ਉਸਤਤੀ[25] ਗਾਇਨ ਕਰਦੀ[26] ਹੈ। |
| ਜੋ ਮਨਿ[24] ਤਨਿ[30] ਮੁਖਿ[31] ਹਰਿ[32] ਬੋਲੈ[33] ਸਾ[34] ਹਰਿ ਭਾਵਣੀ[35] ॥ | The woman, who with her mind[29], body[30] and mouth[31] utters[33] God's Name[32], she[34] is pleasing[35] to the Lord. | ਇਸਤਰੀ, ਜੋ ਆਪਣੇ ਚਿੱਤ[29], ਸਰੀਰ[30] ਤੇ ਮੂੰਹ[31] ਨਾਲ ਰੱਬ ਦੇ ਨਾਮ[32] ਨੂੰ ਉਚਾਰਦੀ[33] ਹੈ, ਉਹ[34] ਸਾਂਈਂ ਨੂੰ ਚੰਗੀ ਲਗਦੀ[35] ਹੈ। |
| ਜੋ ਗੁਰਮੁਖਿ[36] ਚਖੈ[37] ਸਾਦੁ[38] ਸਾ[39] ਤ੍ਰਿਪਤਾਵਣੀ[40] ॥ | She[39], who, by Guru's grace[36], tastes[37] Lord's relish[38], is satiated[40]. | ਜਿਹੜੀ ਗੁਰਾਂ ਦੀ ਦਇਆ ਦੁਆਰਾ[36] ਸੁਆਮੀ ਦੇ ਸੁਆਦ[38] ਨੂੰ ਮਾਣਦੀ[37] ਹੈ, ਉਹ[39] ਰੱਜ ਜਾਂਦੀ[40] ਹੈ। |
| ਗੁਣ[41] ਗਾਵੈ[42] ਪਿਆਰੇ[43] ਨਿਤ[44] ਗੁਣ[45] ਗਾਇ[46] ਗੁਣੀ[47] ਸਮਝਾਵਣੀ[48] ॥ | Reforming[48] herself, she chants[46] the virtues[45] of the virtuous Lord[47] and ever[44] sings[42] the praise[41] of her Beloved[43]. | ਆਪਣੇ ਆਪ ਨੂੰ ਸੁਧਾਰ ਕੇ[48] ਉਹ ਨੇਕੀ-ਨਿਪੁੰਨ ਪ੍ਰਭੂ[47] ਦੀਆਂ ਨੇਕੀਆਂ[45] ਨੂੰ ਆਲਾਪਦੀ[46] ਅਤੇ ਸਦਾ[44] ਹੀ ਆਪਣੇ ਪ੍ਰੀਤਮ[43] ਦਾ ਜੱਸ[41] ਗਾਇਨ ਕਰਦੀ[42] ਹੈ। |
| ਜਿਸੁ ਹੋਵੈ ਆਪਿ[49] ਦਇਆਲੁ[50] ਸਾ[51] ਸਤਿਗੁਰੂ ਗੁਰੂ[52] ਬੁਲਾਵਣੀ[53] ॥੧੩॥ | She[51], unto whom the Lord Himself[49] becomes merciful[50], utters[53] the hymns of the great[52] True Guru. | ਜਿਸ ਉੱਤੇ ਮਾਲਕ ਖ਼ੁਦ[49] ਮਿਹਰਬਾਨ[50] ਹੋ ਜਾਂਦਾ ਹੈ, ਉਹ[51] ਵੱਡੇ[52] ਸੱਚੇ ਗੁਰਾਂ ਦੀ ਬਾਣੀ ਦਾ ਉਚਾਰਨ ਕਰਦੀ[53] ਹੈ। |
| ਸਲੋਕੁ ਮਃ ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਹਸਤੀ[54] ਸਿਰਿ[55] ਜਿਉ[56] ਅੰਕਸੁ[57] ਹੈ ਅਹਰਣ[58] ਜਿਉ ਸਿਰੁ[59] ਦੇਇ[60] ॥ | As[56] the elephant[54] offers his head[55] to the goad[57] and as the anvil[58] offers[60] itself[59] to the hammer, | ਜਿਸ ਤਰ੍ਹਾਂ[56] ਹਾਥੀ[54] ਕੁੰਡੇ[57] ਹੇਠ ਸਿਰ[55] ਦਿੰਦਾ ਹੈ ਤੇ ਜਿਸ ਤਰ੍ਹਾਂ ਅਹਿਰਣ[58] ਹਥੌੜੇ ਮੂਹਰੇ ਆਪਣੇ ਆਪ[59] ਨੂੰ ਭੇਟ ਕਰ ਦਿੰਦੀ[60] ਹੈ ; |
| ਮਨੁ[61] ਤਨੁ[62] ਆਗੈ[63] ਰਾਖਿ[64] ਕੈ ਊਭੀ[65] ਸੇਵ[66] ਕਰੇਇ ॥ | So place[64], thou, thy soul[61] and body[62], before[63] the Guru and ever stand[65] and serve[66] him. | ਏਸੇ ਤਰ੍ਹਾਂ ਤੂੰ ਆਪਣੀ ਆਤਮਾ[61] ਤੇ ਦੇਹ[62] ਗੁਰਾਂ ਮੂਹਰੇ[63] ਧਰ[64] ਦੇ, ਅਤੇ ਸਦਾ ਖੜਾ ਹੋ[65] ਉਨ੍ਹਾਂ ਦੀ ਚਾਕਰੀ ਕਮਾ[66]। |
| ੬੪੮ | | |
| ਇਉ ਗੁਰਮੁਖਿ[67] ਆਪੁ[68] ਨਿਵਾਰੀਐ[69] ਸਭੁ ਰਾਜੁ[70] ਸ੍ਰਿਸਟਿ[71] ਕਾ ਲੇਇ[72] ॥ | In this way, having effaced[69] his ego[68], the Guru-ward[67] assumes[72] the sovereignty[70] of the whole world[71]. | ਇਸ ਤਰੀਕੇ ਨਾਲ ਆਪਣੀ ਸਵੈ-ਹੰਗਤਾ[68] ਨੂੰ ਮੇਸ ਕੇ[69] ਗੁਰੂ-ਅਨੁਸਾਰੀ[67] ਸਾਰੇ ਸੰਸਾਰ[71] ਦੀ ਪਾਤਿਸ਼ਾਹੀ[70] ਪ੍ਰਾਪਤ ਕਰ ਲੈਂਦਾ[72] ਹੈ। |

| | | |
|---|---|---|
| ਨਾਨਕ ਗੁਰਮੁਖਿ[73] ਬੁਝੀਐ[74] ਜਾ[75] ਆਪੇ[76] , ਨਦਰਿ[77] ਕਰੇਇ[78] ॥੧॥ | Nanak, when[75] the Lord casts[78] His[76] gracious glance[77], then alone, man understands[74] this, through the Guru[73]. | ਨਾਨਕ, ਜਦ[75] ਸੁਆਮੀ ਆਪਣੀ[76] ਮਿਹਰ ਦੀ ਨਜ਼ਰ[77] ਧਾਰਦਾ[78] ਹੈ, ਕੇਵਲ ਤਦ ਹੀ ਬੰਦਾ ਗੁਰਾਂ ਦੇ ਰਾਹੀਂ[73] ਇਸ (ਭੇਤ) ਨੂੰ ਸਮਝਦਾ[74] ਹੈ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਜਿਨ ਗੁਰਮੁਖਿ[79] ਨਾਮੁ ਧਿਆਇਆ[80] ਆਏ[81] ਤੇ[82] ਪਰਵਾਣੁ[83] ॥ | They, who, through the Guru[79], meditate[80] on the Name, their[82] advent[81] into the world becomes acceptable[83]. | ਜੋ ਗੁਰਾਂ ਦੇ ਰਾਹੀਂ[79], ਨਾਮ ਦਾ ਆਰਾਧਨ ਕਰਦੇ[80] ਹਨ, ਉਨ੍ਹਾਂ ਦਾ[82] ਇਸ ਜੱਗ ਵਿੱਚ ਆਉਣਾ[81] ਕਬੂਲ ਪੈ ਜਾਂਦਾ[83] ਹੈ। |
| ਨਾਨਕ ਕੁਲ[84] ਉਧਾਰਹਿ[85] ਆਪਣਾ ਦਰਗਹ[86] ਪਾਵਹਿ ਮਾਣੁ[87] ॥੨॥ | Nanak, they save[85] their progeny[84] and obtain honour[87] in the Lord's court. | ਨਾਨਕ, ਉਹ ਆਪਣੀਆਂ ਪੀੜ੍ਹੀਆਂ[84] ਨੂੰ ਬਚਾ ਲੈਂਦੇ[85] ਹਨ ਅਤੇ ਸਾਂਈਂ ਦੇ ਦਰਬਾਰ[86] ਵਿੱਚ ਇੱਜ਼ਤ[87] ਪਾਉਂਦੇ ਹਨ। |
| ਪਉੜੀ ॥ | Pauri. | ਪਉੜੀ। |
| ਗੁਰਮੁਖਿ[88] ਸਖੀਆ[89] ਸਿਖ ਗੁਰੂ ਮੇਲਾਈਆ[90] ॥ | The pious[88] sikh mates[89], the Guru unites[90] with the Lord. | ਪਵਿੱਤ੍ਰ[88] ਸਿੱਖ ਸਹੇਲੀਆਂ[89] ਨੂੰ, ਗੁਰੂ ਜੀ ਸੁਆਮੀ ਨਾਲ ਮਿਲਾ ਦਿੰਦੇ ਹਨ। |
| ਇਕਿ[91] ਸੇਵਕ[92] ਗੁਰ ਪਾਸਿ[93] ਇਕਿ ਗੁਰਿ ਕਾਰੈ[94] ਲਾਈਆ[95] ॥ | Some[91] servants[92] the Guru keeps in his presence[93] and some others the Guru engages[95] in his service[94]. | ਕਈਆਂ[91] ਦਾਸਾਂ[92] ਨੂੰ ਗੁਰੂ ਜੀ ਆਪਣੀ ਹਜ਼ੂਰੀ[93] ਵਿੱਚ ਰੱਖਦੇ ਹਨ ਅਤੇ ਕਈਆਂ ਨੂੰ ਗੁਰੂ ਜੀ ਆਪਣੀ ਸੇਵਾ[94] ਵਿੱਚ ਜੋੜਦੇ[95] ਹਨ। |
| ਜਿਨਾ ਗੁਰ ਪਿਆਰਾ[96] ਮਨਿ[97] ਚਿਤਿ[98] ਤਿਨਾ[99] ਭਾਉ[100] ਗੁਰੂ ਦੇਵਾਈਆ[2] ॥ | They, who cherish the beloved[96] Guru in their mind[97] and heart[98], them[99], the Guru blesses[2] with the Lord's love[100]. | ਜੋ ਆਪਣੇ ਹਿਰਦੇ[97] ਤੇ ਦਿਲ[98] ਵਿੱਚ ਪ੍ਰੀਤਮ[96] ਗੁਰਾਂ ਨੂੰ ਅਸਥਾਪਨ ਕਰਦੇ ਹਨ, ਉਨ੍ਹਾਂ ਨੂੰ[99] ਗੁਰੂ ਜੀ ਪ੍ਰਭੂ ਦੀ ਪ੍ਰੀਤ[100] ਪ੍ਰਦਾਨ ਕਰਦੇ[2] ਹਨ। |
| ਗੁਰ ਸਿਖਾ ਇਕੋ[3] ਪਿਆਰੁ[4] ਗੁਰ ਮਿਤਾ[5] ਪੁਤਾ[6] ਭਾਈਆ[7] ॥ | The Guru equally[3] loves[4] all the Gursikhs, like his friends[5], sons[6] and brothers[7]. | ਗੁਰੂ ਜੀ ਸਾਰੇ ਗੁਰ-ਸਿੱਖਾਂ ਨੂੰ ਆਪਣੇ ਮਿੱਤ੍ਰਾਂ[5], ਪੁੱਤਰਾਂ[6] ਅਤੇ ਵੀਰਾਂ[7] ਦੀ ਮਾਨੰਦ ਇਕ ਜੈਸੀ[3] ਮੁਹੱਬਤ ਕਰਦੇ[4] ਹਨ। |
| ਗੁਰੁ[8] ਸਤਿਗੁਰੁ ਬੋਲਹੁ[9] ਸਭਿ[10] ਗੁਰੁ ਆਖਿ[12] ਗੁਰੂ[14] ਜੀਵਾਈਆ[13] ॥੧੪॥ | Utter[9] ye all[10], the great[8] True Guru's Name. By uttering[12] the great Guru's[14] Name, the man is re-animated[13]. | ਤੁਸੀਂ ਸਾਰੇ[10] ਵਿਸ਼ਾਲ[8] ਸੱਚੇ ਗੁਰਾਂ ਦੇ ਨਾਮ ਦਾ ਉਚਾਰਨ[9] ਕਰੋ। ਵਿਸ਼ਾਲ ਗੁਰਾਂ[14] ਨੂੰ ਅਰਾਧਨ ਦੁਆਰਾ[12] ਇਨਸਾਨ ਮੁੜ ਸੁਰਜੀਤ ਹੋ ਜਾਂਦਾ[13] ਹੈ। |
| ਸਲੋਕ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਨਾਨਕ ਨਾਮੁ ਨ ਚੇਤਨੀ[14] ਅਗਿਆਨੀ[15] ਅੰਧੁਲੇ[16] ਅਵਰੇ[17] ਕਰਮ[18] ਕਮਾਹਿ[19] ॥ | Nanak, the unwise[15], blind[16] ones, contemplate[14] not on the Name, and engage themselves[19] in other[17] deeds[18]. | ਨਾਨਕ, ਬੇਸਮਝ[15], ਅੰਨ੍ਹੇ[16] ਇਨਸਾਨ ਨਾਮ ਦਾ ਆਰਾਧਨ[14] ਨਹੀਂ ਕਰਦੇ ਅਤੇ ਹੋਰ[17] ਕੰਮ ਕਾਜ[18] ਕਰਦੇ[19] ਹਨ। |
| ਜਮ[20] ਦਰਿ[21] ਬਧੇ[22] ਮਾਰੀਅਹਿ[23] ਫਿਰਿ[24] ਵਿਸਟਾ[25] ਮਾਹਿ[26] ਪਚਾਹਿ ॥੧॥ | Bound[22] at the death's courier's[20] door[21] they are punished[23] and ultimately[24] they rot[27] in[26] ordure[25]. | ਮੌਤ ਦੇ ਦੂਤ ਦੇ[20] ਬੂਹੇ[21] ਤੇ ਬੰਨ੍ਹੇ ਹੋਏ[22]. ਉਹ ਸਜ਼ਾ ਪਾਉਂਦੇ[23] ਹਨ ਅਤੇ ਅੰਤ ਨੂੰ[24] ਉਹ ਗੰਦਗੀ[25] ਅੰਦਰ[26] ਗਲ ਸੜ ਜਾਂਦੇ[27] ਹਨ। |

| | | |
|---|---|---|
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਨਾਨਕ ਸਤਿਗੁਰੁ ਸੇਵਹਿ[28] ਆਪਣਾ ਸੇ[29] ਜਨ[30] ਸਚੇ ਪਰਵਾਣੁ[31] ॥ | Nanak, true and approved[31] are the[29] persons[30], who serve[28] their True Guru. | ਨਾਨਕ, ਸੱਚੇ ਤੇ ਪ੍ਰਮਾਣੀਕ[31] ਹਨ ਉਹ[29] ਪੁਰਸ਼[30], ਜੋ ਆਪਣੇ ਸੱਚੇ ਗੁਰਾਂ ਦੀ ਘਾਲ ਕਮਾਉਂਦੇ[28] ਹਨ । |
| ਹਰਿ ਕੈ ਨਾਇ[32] ਸਮਾਇ[33] ਰਹੇ ਚੂਕਾ[34] ਆਵਣੁ[35] ਜਾਣੁ[36] ॥੨॥ | In the God's Name[32], they remain absorbed[33] and their comings[35] and goings[36] cease[34]. | ਵਾਹਿਗੁਰੂ ਦੇ ਨਾਮ[32] ਵਿੱਚ ਉਹ ਲੀਨ ਹੋਏ ਰਹਿੰਦੇ[35] ਹਨ ਅਤੇ ਉਨ੍ਹਾਂ ਦੇ ਜਨਮ[35] ਤੇ ਮਰਨ[36] ਮੁੱਕ ਜਾਂਦੇ[34] ਹਨ । |
| ਪਉੜੀ ॥ | Pauri. | ਪਉੜੀ । |
| ਧਨੁ[37] ਸੰਪੈ[38] ਮਾਇਆ[39] ਸੰਚੀਐ[40] ਅੰਤੇ[41] ਦੁਖਦਾਈ[42] ॥ | The amassing[40] of wealth[37], property[38] and riches[39] becomes distressful[42] in the end[41]. | ਦੌਲਤ[37], ਜਾਇਦਾਦ[38] ਅਤੇ ਮਾਲ-ਮਿਲਖ[39] ਦਾ ਇਕੱਤ੍ਰ[40] ਕਰਨਾ ਅਖੀਰ[41] ਨੂੰ ਤਕਲੀਫ-ਦਿਹ[42] ਹੋ ਜਾਂਦਾ ਹੈ । |
| ਘਰ[43] ਮੰਦਰ[44] ਮਹਲ[45] ਸਵਾਰੀਅਹਿ[46] ਕਿਛੁ ਸਾਥਿ[47] ਨ ਜਾਈ[48] ॥ | The bedecked[46] homes[43], mansions[44] and palaces[45], none of them goes[48] with[47] the man. | ਸ਼ਿੰਗਾਰੇ ਹੋਏ[46] ਮਕਾਨ[43], ਰਾਜਭਵਨ[44] ਅਤੇ ਮਹਿਲ-ਮਾੜੀਆਂ[45] ਇਨ੍ਹਾਂ ਵਿਚੋਂ ਕੋਈ ਭੀ ਇਨਸਾਨ ਦੇ ਨਾਲ[47] ਨਹੀਂ ਜਾਂਦਾ[48] । |
| ਹਰ ਰੰਗੀ[49] ਤੁਰੇ[50] ਨਿਤ[51] ਪਾਲੀਅਹਿ[52] ਕਿਤੈ[53] ਕਾਮਿ[54] ਨ ਆਈ ॥ | The mortal ever[51] nurses[52] steeds[50] of various colours[49], but they are of no avail[54] whatsoever[53]. | ਪ੍ਰਾਣੀ, ਸਦਾ[51], ਅਨੇਕਾਂ ਰੰਗਤਾਂ[49] ਦੇ ਘੋੜੇ[50] ਹੀ ਪਾਲਦਾ[52] ਹੈ, ਪ੍ਰੰਤੂ ਉਹ ਕਿਸੇ[53] ਕੰਮ[54] ਭੀ ਨਹੀਂ ਆਉਂਦੇ । |
| ਜਨ[55] ਲਾਵਹੁ[56] ਚਿਤੁ[57] ਹਰਿ ਨਾਮ ਸਿਉ[60] ਅੰਤਿ[58] ਹੋਇ ਸਖਾਈ[59] ॥ | O man[55], attach[56] thou thy mind[57] with[60] God's Name and in the end[58] it shall be thy succour[59]. | ਹੇ ਬੰਦੇ[55] ! ਤੂੰ ਆਪਣਾ ਮਨ[57] ਰੱਬ ਦੇ ਨਾਮ ਨਾਲ[60] ਜੋੜ[56] ਅਤੇ ਅਖੀਰ ਨੂੰ[58] ਇਹ ਤੇਰਾ ਸਹਾਇਕ[59] ਹੋਵੇਗਾ । |
| ਜਨ[61] ਨਾਨਕ ਨਾਮੁ ਧਿਆਇਆ[62] ਗੁਰਮੁਖਿ[63] ਸੁਖੁ[64] ਪਾਈ[65] ॥੧੫॥ | By Guru's grace[63], slave[61] Nanak has remembered[62] the Name and he is blessed[65] with peace[64]. | ਗੁਰਾਂ ਦੀ ਮਿਹਰ ਸਦਕਾ[63], ਗੋਲੇ[61] ਨਾਨਕ ਨੇ ਨਾਮ ਦਾ ਸਿਮਰਨ ਕੀਤਾ[62] ਹੈ ਅਤੇ ਉਸ ਨੂੰ ਆਰਾਮ[64] ਪ੍ਰਾਪਤ[65] ਹੋ ਗਿਆ ਹੈ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਬਿਨੁ[66] ਕਰਮੈ[67] ਨਾਉ ਨ ਪਾਈਐ[68] ਪੂਰੈ[69] ਕਰਮਿ[70] ਪਾਇਆ ਜਾਇ[71] ॥ | Without[66] God's grace[67], the Name is not obtained[68]; it can[71] be obtained only through perfect[69] destiny[70]. | ਵਾਹਿਗੁਰੂ ਦੀ ਰਹਿਮਤ[67] ਦੇ ਬਾਝੋਂ[66] ਨਾਮ ਪ੍ਰਾਪਤ[68] ਨਹੀਂ ਹੁੰਦਾ । ਕੇਵਲ ਪੂਰਨ[69] ਪ੍ਰਾਲਭਧ[70] ਰਾਹੀਂ ਹੀ ਇਹ ਪ੍ਰਾਪਤ ਹੋ ਸਕਦਾ[71] ਹੈ । |
| ਨਾਨਕ ਨਦਰਿ[72] ਕਰੇ[73] ਜੇ[74] ਆਪਣੀ ਤਾ[75] ਗੁਰਮਤਿ[76] ਮੇਲਿ[77] ਮਿਲਾਇ[78] ॥੧॥ | Nanak, if[74] the Lord casts[73] His gracious glance[72] then[75], by Guru's instruction[76], the mortal unites[78] in His union[77]. | ਨਾਨਕ, ਜੇਕਰ[74] ਸੁਆਮੀ ਆਪਣੀ ਮਿਹਰ ਦੀ ਨਿਗ੍ਹਾ[72] ਧਾਰੇ[73], ਤਦ[75] ਪ੍ਰਾਣੀ, ਗੁਰਾਂ ਦੇ ਉਪਦੇਸ਼[76] ਦੁਆਰਾ ਉਸ ਦੇ ਮਿਲਾਪ[77] ਵਿੱਚ ਮਿਲ ਜਾਂਦਾ[78] ਹੈ । |
| ਮ: ੧ ॥ | Ist Guru. | ਪਹਿਲੀ ਪਾਤਿਸ਼ਾਹੀ । |
| ਇਕ[79] ਦਝਹਿ[80] ਇਕ ਦਬੀਅਹਿ[81] ਇਕਨਾ ਕੁਤੇ[82] ਖਾਹਿ[83] ॥ | Some[79] are cremated[80], some buried[81] and some the dogs[82] eat[83]. | ਕਈ[79] ਸਾੜੇ ਜਾਂਦੇ[80] ਹਨ, ਕਈ ਦੱਬੇ ਜਾਂਦੇ[81] ਹਨ ਅਤੇ ਕਈਆਂ ਨੂੰ ਕੂਕਰ[82] ਖਾਦੇ[83] ਹਨ । |

| | | |
|---|---|---|
| ਇਕਿ ਪਾਣੀ[84] ਵਿਚਿ[85] ਉਸਟੀਅਹਿ[86] ਇਕਿ ਭੀ ਫਿਰਿ[87] ਹਸਣਿ[88]ਪਾਹਿ[89] ॥ | Some are thrown[86] into[85] water[84] and some, again[87], are cast into[89] tower of silence[88]. | ਕਈ ਜਲ[84] ਵਿੱਚ ਪਰਵਾਹ ਕੀਤੇ ਜਾਂਦੇ[86] ਹਨ ਅਤੇ ਮੁੜ[87] ਕਈਆਂ ਨੂੰ ਸੁੰਨਸਾਨ ਵਲਗਣ[88] ਵਿੱਚ ਸੁੱਟਿਆ ਜਾਂਦਾ[89] ਹੈ । |
| ਨਾਨਕ ਏਵ ਨ[90] ਜਾਪਈ[91] ਕਿਥੈ ਜਾਇ[92] ਸਮਾਹਿ[93] ॥੨॥ | Nanak, this much[90] is not known[91] as to where do they go[92] and disappear[93]? | ਨਾਨਕ, ਇਹ ਕੁੱਝ[90] ਪਤਾ[91] ਨਹੀਂ ਲਗਦਾ ਕਿ ਉਹ ਕਿੱਥੇ ਜਾ ਕੇ[92] ਅਲੋਪ ਹੋ ਜਾਂਦੇ[93] ਹਨ । |
| ਪਉੜੀ ॥ | Pauri. | ਪਉੜੀ । |
| ਤਿਨ[94] ਕਾ ਖਾਧਾ[95] ਪੈਧਾ[96] ਮਾਇਆ[97] ਸਭੁ[98] ਪਵਿਤੁ[99] ਹੈ ਜੋ ਨਾਮਿ ਹਰਿ ਰਾਤੇ[100] ॥ | Pure[99] are all[98] the food[95], dress[96] and wealth[97] of those[94], who are imbued[100] with the God's Name. | ਪਵਿੱਤਰ[99] ਹੈ ਉਨ੍ਹਾਂ ਦਾ ਸਮੂਹ[98] ਖਾਣਾ[95], ਪਹਿਨਣਾ[96]ਤੇ ਦੌਲਤ[97] ਜੋ ਵਾਹਿਗੁਰੂ ਦੇ ਨਾਮ ਨਾਲ ਰੰਗੇ ਹੋਏ[100] ਹਨ । |
| ਤਿਨ[2] ਕੇ ਘਰ[3] ਮੰਦਰ[4] ਮਹਲ[5] ਸਰਾਈ[6] ਸਭਿ[7] ਪਵਿਤੁ[8] ਹਹਿ[9] ਜਿਨੀ[10] ਗੁਰਮੁਖਿ[12] ਸੇਵਕ[13] ਸਿਖ[14] ਅਭਿਆਗਤ[15] ਜਾਇ[16] ਵਰਸਾਤੇ[17] ॥ | Sacred[8] are[9] all[7] the homes[3], mansions[4], seraglios[5] and caravan-sarys[6] of those[2], wherein[10] the pious persons[12], God's slaves[13], Guru's sikhs[14] and the world-renouncers[15] go[16] and take rest[17]. | ਪਵਿੱਤਰ[8] ਹਨ[9] ਸਾਰੇ[7] ਧਾਮ[3], ਰਾਜ-ਭਵਨ[4], ਮਹਿਲ ਮਾੜੀਆਂ[5] ਅਤੇ ਸਰਾਵਾਂ[6] ਉਨ੍ਹਾਂ ਦੀਆਂ[2], ਜਿਨ੍ਹਾਂ ਵਿੱਚ[10] ਪਵਿੱਤਰ ਪੁਰਸ਼[12], ਵਾਹਿਗੁਰੂ ਦੇ ਗੋਲੇ[13], ਗੁਰੂ ਦੇ ਸਿਖ[14] ਅਤੇ ਜਗਤ-ਤਿਆਗੀ[15] ਜਾ ਕੇ[16] ਵਿਸਰਾਮ ਕਰਦੇ ਹਨ[17] । |
| ਤਿਨ ਕੇ ਤੁਰੇ[18] ਜੀਨ[19] ਖੁਰਗੀਰ[20] ਸਭਿ ਪਵਿਤੁ ਹਹਿ ਜਿਨੀ ਗੁਰਮੁਖਿ[21] ਸਿਖ ਸਾਧ[22] ਸੰਤ[23] ਚੜਿ[24] ਜਾਤੇ[25] ॥ | Sacred are all the horses[18], saddles[19] and horse-cloths[20] of those, mounting[24] whereon the Guru-wards[21], the sikhs of the Guru, the true persons[22] and the saints[23] go[25] their way. | ਪਵਿੱਤਰ ਹਨ ਉਨ੍ਹਾਂ ਦੇ ਸਮੂਹ ਘੋੜੇ[18], ਕਾਠੀਆਂ[19] ਅਤੇ ਤਾਹਰੂ[20] ਉਨ੍ਹਾਂ ਦੇ, ਜਿਨ੍ਹਾਂ ਉੱਤੇ ਸਵਾਰ[24] ਹੋ, ਗੁਰੂ-ਅਨੁਸਾਰੀ[21], ਗੁਰੂ ਦੇ ਸਿੱਖ, ਸੱਚੇ ਪੁਰਸ਼[22] ਅਤੇ ਭਗਤ[23] ਆਪਣੇ ਮਾਰਗ ਜਾਂਦੇ[25] ਹਨ । |
| ਤਿਨ ਕੇ ਕਰਮ[26] ਧਰਮ[27] ਕਾਰਜ[28] ਸਭਿ ਪਵਿਤੁ ਹਹਿ ਜੋ ਬੋਲਹਿ[29] ਹਰਿ ਹਰਿ[30] ਰਾਮ ਨਾਮੁ ਹਰਿ ਸਾਤੇ[31] ॥ | Pure are all the rites[26], faiths[27] and deeds[28] of those, who utter[29] Lord God[30], and the Name of the True[31] Lord God. | ਪਾਵਨ ਹਨ ਸਾਰੇ ਸੰਸਕਾਰ[26], ਈਮਾਨ[27]ਅਤੇ ਕੰਮ ਕਾਜ[28] ਉਨ੍ਹਾਂ ਦੇ ਜੋ ਸੁਆਮੀ ਵਾਹਿਗੁਰੂ[30] ਅਤੇ ਸੱਚੇ[31] ਸੁਆਮੀ ਵਾਹਿਗੁਰੂ ਦੇ ਨਾਮ ਨੂੰ ਉਚਾਰਦੇ[29] ਹਨ । |
| ਜਿਨ ਕੈ ਪੋਤੈ[31*] ਪੁੰਨੁ[32] ਹੈ ਸੇ[36] ਗੁਰਮੁਖਿ[33] ਸਿਖ ਗੁਰੂ ਪਹਿ[34] ਜਾਤੇ[35] ॥੧੬॥ | The pious[33] Gur-sikhs who have piety[32] in their treasure[31*], they[36] alone repair[35] to[34] the Guru. | ਪਵਿੱਤ੍ਰ[33] ਗੁਰਸਿੱਖ, ਜਿਨ੍ਹਾਂ ਦੇ ਖ਼ਜ਼ਾਨੇ[31*]ਵਿੱਚ ਪਵਿੱਤ੍ਰਤਾ[32] ਹੈ, ਉਹ[36] ਹੀ ਗੁਰਾਂ ਕੋਲ[34] ਜਾਂਦੇ[35] ਹਨ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਨਾਨਕ ਨਾਵਹੁ[37] ਘੁਥਿਆ[38] ਹਲਤੁ[29] ਪਲਤੁ[40] ਸਭੁ[41] ਜਾਇ[42] ॥ | Nanak, forsaking[38] the Name[37], man loses[42] all[41], this world[39] and the world beyond[40]. | ਨਾਨਕ, ਨਾਮ[37] ਨੂੰ ਤਿਆਗ[38] ਕੇ, ਇਨਸਾਨ, ਆਪਣੇ ਇਸ ਲੋਕ[39] ਅਤੇ ਪ੍ਰਲੋਕ[40] ਸਭ ਨੂੰ ਗੁਆ ਲੈਂਦਾ[42] ਹੈ । |
| ਜਪੁ[43] ਤਪੁ[44] ਸੰਜਮੁ[45] ਸਭੁ ਹਿਰਿ[46] ਲਇਆ ਮੁਠੀ[47] ਦੂਜੈ[48] ਭਾਇ[49] ॥ | His worship[43], penance[44] and self-discipline are all wasted[46] and he is beguiled[47] by another's[48] love[49]. | ਉਸ ਦੀ ਉਪਾਸ਼ਨਾ[43], ਤਪੱਸਿਆ[44] ਅਤੇ ਸਵੈ-ਜ਼ਬਤ[45] ਸਾਰੇ ਵੇਅਰਥ ਜਾਂਦੇ[46] ਹਨ । ਉਸ ਨੂੰ ਹੋਰਸ ਦੀ[48]ਪ੍ਰੀਤ[49] ਨੇ ਠੱਗ ਲਿਆ[47] ਹੈ । |

ਜਮ[50] ਦਰਿ[51] ਬਧੇ[52] ਮਾਰੀਅਹਿ[53] ਬਹੁਤੀ[54] ਮਿਲੈ[55] ਸਜਾਇ[56] ॥੧॥

Bound[52] at the death-curier's[50] door[51] he is beaten[53] and is awarded[55] great[54] punishment[56].

ਮੌਤ ਦੇ ਦੂਤ[50] ਦੇ ਬੂਹੇ[51] ਤੇ ਬੱਝਾ ਹੋਇਆ[52] ਉਹ ਕੁੱਟਿਆ ਫਾਟਿਆ[53] ਜਾਂਦਾ ਹੈ ਤੇ ਘਣੇਰੀ[54] ਸਜ਼ਾ[56] ਪਾਉਂਦਾ[55] ਹੈ ।

**੬੪੯**

ਮ: ੩ ॥

3rd Guru.

ਤੀਜੀ ਪਾਤਿਸ਼ਾਹੀ ।

ਸੰਤਾ ਨਾਲਿ ਵੈਰੁ[57] ਕਮਾਵਦੇ[58] ਦੁਸਟਾ[59] ਨਾਲਿ[60] ਮੋਹੁ[61] ਪਿਆਰੁ[62] ॥

The slanderers bear[58] enmity[57] to the saints and cultivate love[61] and affection[62] with[60] the sinners[59].

ਦੂਸ਼ਨ ਲਾਉਣ ਵਾਲੇ ਸਾਧੂਆਂ ਨਾਲ ਦੁਸ਼ਮਨੀ[57] ਕਰਦੇ[58] ਹਨ ਅਤੇ ਪਾਂਬਰਾਂ[59] ਦੇ ਨਾਲ[60] ਨੇਹੁੰ[61] ਤੇ ਪ੍ਰੀਤ[62] ਪਾਉਂਦੇ ਹਨ ;

ਅਗੈ[63] ਪਿਛੈ[64] ਸੁਖੁ[65] ਨਹੀ ਮਰਿ[66] ਜੰਮਹਿ[67] ਵਾਰੋ ਵਾਰ[68] ॥

Here[64] and hereafter[64], they attain not peace[65] and come[67] and go[66] again and again[68].

ਏਥੇ[64] ਤੇ ਏਦੂੰ ਮਗਰੋਂ[64], ਉਨ੍ਹਾਂ ਨੂੰ, ਆਰਾਮ[65] ਨਹੀਂ ਮਿਲਦਾ । ਉਹ ਮੁੜ ਮੁੜ ਕੇ[68] ਜੰਮਦੇ[67] ਤੇ ਮਰਦੇ[66] ਰਹਿੰਦੇ ਹਨ ।

ਤ੍ਰਿਸਨਾ[69] ਕਦੇ ਨ ਬੁਝਈ[70] ਦੁਬਿਧਾ[71] ਹੋਇ ਖੁਆਰੁ[72] ॥

Their desire[69] is never stilled[70] and they are ruined[72] by duality[71].

ਉਨ੍ਹਾਂ ਦੀ ਖ਼ਾਹਿਸ਼[69] ਕਦਾਚਿੱਤ ਨਹੀਂ ਬੁਝਦੀ[70] ਅਤੇ ਦਵੈਤ-ਭਾਵ[71] ਨੇ ਉਨ੍ਹਾਂ ਨੂੰ ਤਬਾਹ ਕਰ ਦਿੱਤਾ[72] ਹੈ ।

ਮੁਹ[73] ਕਾਲੇ[74] ਤਿਨਾ[75] ਨਿੰਦਕਾ[76] ਤਿਤੁ[77] ਸਚੈ ਦਰਬਾਰਿ[78] ॥

The faces[73] of those[75] slanderers[76] are blackened[74] in that[77] true court[78] of the Lord.

ਉਨ੍ਹਾਂ[75] ਦੂਸ਼ਨ ਲਾਉਣ ਵਾਲਿਆਂ[76] ਦੇ ਚਿਹਰੇ[73] ਸਾਹਿਬ ਦੀ ਉਸ[77] ਸੱਚੀ ਦਰਗਾਹ[78] ਵਿੱਚ ਕਾਲੇ ਕੀਤੇ ਜਾਂਦੇ[74] ਹਨ ।

ਨਾਨਕ ਨਾਮਿ ਵਿਹੂਣਿਆ[79] ਨਾ ਉਰਵਾਰਿ[80] ਨ ਪਾਰਿ[81] ॥੨॥

Nanak, without[79] the Name, the mortal finds refuge neither at this shore[80] nor at the yonder one[81].

ਨਾਨਕ, ਨਾਮ ਦੇ ਬਿਨਾ[79] ਪ੍ਰਾਣੀ ਨੂੰ ਨਾ ਇਸ ਕਿਨਾਰੇ[80] (ਲੋਕ ਵਿੱਚ) ਨਾ ਹੀ ਪਰਲੇ[81] ਕਿਨਾਰੇ (ਪ੍ਰਲੋਕ ਵਿੱਚ) ਪਨਾਹ ਮਿਲਦੀ ਹੈ ।

ਪਉੜੀ ॥

Pauri.

ਪਉੜੀ ।

ਜੋ ਹਰਿ ਨਾਮੁ ਧਿਆਇਦੇ[82] ਸੇ[83] ਹਰਿ ਹਰਿ ਨਾਮਿ ਰਤੇ[84] ਮਨ[85] ਮਾਹੀ[86] ॥

They, who meditate[82] on the Lord's name, in[86] their mind[85], they[83] are imbued[84] with the Lord God's Name.

ਜਿਹੜੇ, ਸੁਆਮੀ ਦੇ ਨਾਮ ਦਾ ਸਿਮਰਨ[82] ਕਰਦੇ ਹਨ ਉਹ[83] ਆਪਣੇ ਹਿਰਦੇ[85] ਅੰਦਰ[86] ਸੁਆਮੀ ਵਾਹਿਗੁਰੂ ਦੇ ਨਾਮ ਨਾਲ ਰੰਗੇ ਹੋਏ[84] ਹਨ ।

ਜਿਨਾ ਮਨਿ[87] ਚਿਤਿ[88] ਇਕੁ[89] ਅਰਾਧਿਆ[90] ਤਿਨਾ[91] ਇਕਸ ਬਿਨੁ[92] ਦੂਜਾ[93] ਕੋ ਨਾਹੀ ॥

Whosoever in their heart[87] and mind[88], dwell[90] on the One Lord[89], without[92] the One Lord, they[91] recognise not another[93].

ਜੋ, ਆਪਣੇ ਦਿਲ[87] ਤੇ ਰਿਦੇ[88] ਅੰਦਰ ਇਕ ਸਾਹਿਬ[89] ਨੂੰ ਸਿਮਰਦੇ[90] ਹਨ; ਉਹ[91] ਇਕ ਸਾਹਿਬ ਦੇ ਬਗ਼ੈਰ[92] ਹੋਰਸ[93] ਨੂੰ ਨਹੀਂ ਪਛਾਣਦੇ ।

ਸੇਈ[94] ਪੁਰਖ[95] ਹਰਿ ਸੇਵਦੇ[96] ਜਿਨ ਧੁਰਿ[97] ਮਸਤਕਿ[98] ਲੇਖੁ[99] ਲਿਖਾਹੀ[100] ॥

Those[94] persons[95] alone serve[96] the Lord, on whose forehead[98] such a writ[99] is written[100] by the Lord[97].

ਕੇਵਲ ਓਹੀ[94] ਪੁਰਸ਼[95] ਸੁਆਮੀ ਦੀ ਸੇਵਾ ਕਮਾਉਂਦੇ[96] ਹਨ, ਜਿਨ੍ਹਾਂ ਦੇ ਮੱਥੇ[98] ਉੱਤੇ ਐਸੀ ਲਿਖਤਾਕਾਰ[98] ਸੁਆਮੀ[97] ਨੇ ਲਿਖੀ ਹੋਈ[100] ਹੈ ।

ਹਰਿ ਕੇ ਗੁਣ[2] ਨਿਤ[3] ਗਾਵਦੇ[6] ਹਰਿ ਗੁਣ[5] ਗਾਇ[6] ਗੁਣੀ[7] ਸਮਝਾਹੀ[8] ॥

They chant[4] ever[3] the God's glories[2], and, singing[6] the praise[5] of the meritorious[7] Lord, instruct[8] their mind.

ਉਹ ਸਦਾ[3] ਹਰੀ ਦੀਆਂ ਵਡਿਆਈਆਂ[2] ਆਲਾਪਦੇ[4] ਹਨ ਤੇ ਗੁਣਵਾਨ[7] ਪ੍ਰਭੂ ਦੀ ਮਹਿਮਾ[5] ਗਾਇਨ ਕਰ[6] ਆਪਣੇ ਮਨ ਨੂੰ ਸਮਝਾਉਂਦੇ[8] ਹਨ ।

ਵਡਿਆਈ[9] ਵਡੀ[10]

Great[10] is the greatness[9] of the pious

ਮਹਾਨ[10] ਹੈ ਮਹਾਨਤਾ[9] ਪਵਿੱਤਰ ਪੁਰਸ਼ਾਂ[12] ਦੀ । ਪੂਰਨ[13]

ਗੁਰਮੁਖਾ[12] ਗੁਰ ਪੂਰੈ[13] ਹਰਿ ਨਾਮਿ ਸਮਾਹੀ[14] ॥੧੭॥

persons[12] who, through the Perfect[13] Guru, remain absorbed[14] in the Lord's Name.

ਗੁਰਾਂ ਦੇ ਰਾਹੀਂ ਉਹ ਰੱਬ ਦੇ ਨਾਮ ਵਿੱਚ ਲੀਨ[14] ਰਹਿੰਦੇ ਹਨ।

ਸਲੋਕੁ ਮ: ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ।

ਸਤਿਗੁਰ ਕੀ ਸੇਵਾ[14] ਗਾਖੜੀ[15] ਸਿਰੁ[16] ਦੀਜੈ[17] ਆਪੁ[18] ਗਵਾਇ[19] ॥

Hard[15] is the service[14] of the True Guru, as the devotee has to surrender[17] his head[16] and efface[19] his ownself[18].

ਔਖੀ[15] ਹੈ ਸੱਚੇ ਗੁਰਾਂ ਦੀ ਚਾਕਰੀ[14]*, ਬੰਦੇ ਨੂੰ ਆਪਣਾ ਸੀਸ[16] ਸੌਂਪਣਾ[17] ਅਤੇ ਆਪਣਾ ਆਪ[18] ਮੇਟਣਾ[19] ਪੈਂਦਾ ਹੈ।

ਸਬਦਿ[20] ਮਰਹਿ ਫਿਰਿ[21] ਨ ਮਰਹਿ ਤਾ[22] ਸੇਵਾ[23] ਪਵੈ ਸਭ[24] ਥਾਇ[25] ॥

If he dies by Guru's instruction[20], he dies not again[21] and then[22] his entire[24] service[23] becomes acceptable[25].

ਜੇਕਰ ਉਹ ਗੁਰਾਂ ਦੇ ਉਪਦੇਸ਼[20] ਦੁਆਰਾ (ਜੀਵਤ ਭਾਵਤੋਂ) ਮਰ ਜਾਵੇ, ਉਹ ਮੁੜ[21] ਨਹੀਂ ਮਰਦਾ ਅਤੇ ਤਦ[22] ਉਸ ਦੀ ਸਮੂਹ[24] ਘਾਲ[23] ਕਬੂਲ ਪੈ ਜਾਂਦੀ[25] ਹੈ।

ਪਾਰਸ[26] ਪਰਸਿਐ[27] ਪਾਰਸੁ ਹੋਵੈ[28] ਸਚਿ[29] ਰਹੈ ਲਿਵ[30] ਲਾਇ[31] ॥

Touching[27] the philosopher's stone[26], he is transformed[28] into philosopher's stone and remains attached[31] in love[30] with the True Lord[29].

ਪਾਰਸ[26] ਨਾਲ ਲਗ ਕੇ[27] ਉਹ ਪਾਰਸ ਥੀ ਵੰਞਦਾ[28] ਹੈ ਅਤੇ ਸੱਚੇ ਸੁਆਮੀ[29] ਨਾਲ ਪਿਆਰ[30] ਅੰਦਰ ਜੁੜਿਆ ਰਹਿੰਦਾ[31] ਹੈ।

ਜਿਸੁ ਪੂਰਬਿ[32] ਹੋਵੈ ਲਿਖਿਆ[33] ਤਿਸੁ[34] ਸਤਿਗੁਰੁ ਮਿਲੈ[34]* ਪ੍ਰਭੁ[35] ਆਇ[36] ॥

He, who is so pre[32]-destined[33], him[34], the Lord-incarnate[35], True Guru, comes[36] to meet[34]*.

ਜਿਸ ਲਈ ਧੁਰੋਂ ਹੀ[32] ਇਸ ਤਰ੍ਹਾਂ ਲਿਖਿਆ ਹੋਇਆ[33] ਹੈ, ਉਸ[34] ਨੂੰ ਸੁਆਮੀ-ਸਰੂਪ[35] ਸੱਚੇ ਗੁਰੂ ਆ ਕੇ[36] ਮਿਲ ਪੈਂਦੇ[31]* ਹਨ।

ਨਾਨਕ ਗਣਤੈ[37] ਸੇਵਕੁ[38] ਨਾ ਮਿਲੈ ਜਿਸੁ ਬਖਸੇ[39] ਸੋ[40] ਪਵੈ ਥਾਇ[41] ॥੧॥

Nanak, by reckoning[37] the slave[38] meets not with his Lord. He[40], whom the Lord forgives[39], becomes acceptable[41].

ਨਾਨਕ, ਲੇਖੇ-ਪੱਤੇ[37] ਦੁਆਰਾ, ਗੁਮਾਸ਼ਤਾ[38] ਆਪਣੇ ਸੁਆਮੀ ਨਾਲ ਨਹੀਂ ਮਿਲ ਸਕਦਾ। ਜਿਸ ਨੂੰ ਸੁਆਮੀ ਬਖਸ਼ਦਾ[39] ਹੈ, ਉਹ[40] ਕਬੂਲ ਪੈ ਜਾਂਦਾ[41] ਹੈ।

ਮ: ੩ ॥

3rd Guru.

ਤੀਜੀ ਪਾਤਿਸ਼ਾਹੀ।

ਮਹਲੁ[42] ਕੁਮਹਲੁ[43] ਨ ਜਾਣਨੀ[44] ਮੂਰਖ[45] ਅਪਣੈ ਸੁਆਇ[46] ॥

Strayed by their self-interest[46], the fools[45] distinguish[44] not good[42] from bad[43].

ਆਪਣੇ ਸਵੈ-ਮਨੋਰਥ[46] ਦੇ ਕੁਰਾਹੇ ਪਾਏ ਹੋਏ ਮੂੜ੍ਹ[45], ਚੰਗੇ[42] ਤੇ ਮੰਦੇ[43] ਦੀ ਪਛਾਣ[44] ਨਹੀਂ ਕਰਦੇ।

ਸਬਦੁ[47] ਚੀਨਹਿ[48] ਤਾ[49] ਮਹਲੁ[50] ਲਹਹਿ[51] ਜੋਤੀ[52] ਜੋਤਿ ਸਮਾਇ[54] ॥

If they contemplate[48] on the Name[47], then[49] obtain[51] they, the Lord's presence[50] and their light[53] merges[54] into the Supreme Light[52].

ਜੇਕਰ ਉਹ ਨਾਮ[47] ਦਾ ਚਿੰਤਨ ਕਰਨ[48], ਤਦ[49] ਉਹ ਪ੍ਰਭੂ ਦੀ ਹਜ਼ੂਰੀ[50] ਨੂੰ ਪ੍ਰਾਪਤ[51] ਹੋ ਜਾਂਦੇ ਹਨ ਤੇ ਉਨ੍ਹਾਂ ਦਾ ਨੂਰ[53], ਪਰਮ ਨੂਰ[52] ਵਿੱਚ ਲੀਨ ਹੋ ਜਾਂਦਾ[54] ਹੈ।

ਸਦਾ[55] ਸਚੇ[56] ਕਾ ਭਉ[57] ਮਨਿ[58] ਵਸੈ[59] ਤਾ[60] ਸਭਾ[61] ਸੋਝੀ[62] ਪਾਇ[63] ॥

When the True Lord's[56] fear[57] is ever[55] enshrined[59] in their mind[58], it is then[60] that they attain[63] all[61] the understanding[62].

ਜਦ ਸੱਚੇ ਸੁਆਮੀ[56] ਦਾ ਡਰ[57] ਹਮੇਸ਼ਾ ਲਈ ਉਨ੍ਹਾਂ ਦੇ ਅੰਤਰਿ ਆਤਮੇ[58] ਟਿੱਕ ਜਾਂਦਾ[59] ਹੈ ਤਦ[60] ਹੀ ਉਹ ਸਮੂਹ[61] ਸਮਝ[62] ਨੂੰ ਪ੍ਰਾਪਤ ਹੁੰਦੇ[63] ਹਨ।

ਸਤਿਗੁਰੁ ਆਪਣੈ ਘਰਿ[64]

The True Guru abides[65] in their

ਸੱਚੇ ਗੁਰੂ ਉਨ੍ਹਾਂ ਦੇ ਆਪਣੇ (ਹਿਰਦੇ) ਗ੍ਰਿਹ[64] ਵਿੱਚ ਹੀ

| | | |
|---|---|---|
| ਵਰਤਦਾ[65] ਆਪੇ[66] ਲਇ ਮਿਲਾਇ[67] ॥ | very home[64], and he himself[66] blends[67] them with their Lord. | ਨਿਵਾਸ ਰੱਖਦੇ[65] ਹਨ ਅਤੇ ਆਪ[66] ਹੀ ਉਨ੍ਹਾਂ ਨੂੰ, ਉਨ੍ਹਾਂ ਦੇ ਸਾਂਈਂ ਨਾਲ, ਮਿਲਾ ਦੇਂਦੇ[67] ਹਨ । |
| ਨਾਨਕ ਸਤਿਗੁਰਿ ਮਿਲਿਐ ਸਭ[68] ਪੂਰੀ[69] ਪਈ ਜਿਸ ਨੋ ਕਿਰਪਾ[70] ਕਰੇ[71] ਰਜਾਇ[72] ॥੨॥ | Nanak, he, to whom the Lord shows[71] His mercy[70] and benevolence[72], meets with the True Guru and all[68] his desires are fulfilled[69]. | ਨਾਨਕ, ਜਿਸ ਉੱਤੇ ਦਾ ਸੁਆਮੀ[72] ਮਿਹਰ[70] ਅਤੇ ਬਖਸ਼ਸ਼[72] ਧਾਰਦਾ[71] ਹੈ, ਉਹ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ ਅਤੇ ਉਸ ਦੇ ਸਾਰੇ[88] ਕੰਮ ਰਾਸ ਹੋ ਜਾਂਦੇ[69] ਹਨ । |
| ਪਉੜੀ ॥ | Pauri. | ਪਉੜੀ । |
| ਧੰਨੁ[73] ਧਨੁ ਭਾਗ[74] ਤਿਨਾ[76] ਭਗਤ ਜਨਾ[77] ਜੋ ਹਰਿ ਨਾਮਾ ਹਰਿ ਮੁਖਿ[78] ਕਹਤਿਆ[79] ॥ | Blest[73] ! blest is the destiny[74] of those[75] saintly[76] persons[77], who, with their mouth[78], utter[79] God, and the God's Name. | ਮੁਬਾਰਕ[73] ! ਮੁਬਾਰਕ ! ਹੈ ਪ੍ਰਾਲਭਬ[74] ਉਨ੍ਹਾਂ[75] ਨੇਕ[76] ਪੁਰਸ਼ਾਂ[77] ਦੀ, ਜੋ ਆਪਣੇ ਮੂੰਹ[78] ਨਾਲ ਵਾਹਿਗੁਰੂ ਅਤੇ ਵਾਹਿਗੁਰੂ ਦੇ ਨਾਮ ਨੂੰ ਉਚਾਰਦੇ[79] ਹਨ । |
| ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ[80] ਸ੍ਰਵਣੀ[81] ਸੁਣਤਿਆ ॥ | Blesssed ! blessed is the destiny of the holy men, who, with their ears[81], hear God's praise[80]. | ਮੁਬਾਰਕ ! ਮੁਬਾਰਕ ਹੈ ਪ੍ਰਾਲਭਧ ਉਨ੍ਹਾਂ ਨੇਕ ਬੰਦਿਆਂ ਦੀ ਜੋ ਆਪਣੇ ਕੰਨਾ[81] ਨਾਲ ਵਾਹਿਗੁਰੂ ਦੀ ਮਹਿਮਾ[80] ਸੁਣਦੇ ਹਨ । |
| ਧਨੁ ਧਨੁ ਭਾਗ ਤਿਨਾ ਸਾਧ ਜਨਾ[82] ਹਰਿ ਕੀਰਤਨੁ[83] ਗਾਇ[86] ਗੁਣੀ ਜਨ[84] ਬਣਤਿਆ[85] ॥ | Blessed ! blessed ! is the destiny of the good people[82], who, by singing[86] God's praise[83], become[86] virtuous persons[84]. | ਮੁਬਾਰਕ ! ਮੁਬਾਰਕ ! ਹੈ ਕਿਸਮਤ ਉਨ੍ਹਾਂ ਸੁਭ ਲੋਕਾਂ[82] ਦੀ ਜੋ ਵਾਹਿਗੁਰੂ ਦਾ ਜੱਸ ਗਾਇਨ ਕਰਨ ਦੁਆਰਾ[86] ਨੇਕ ਪੁਰਸ਼[84] ਥੀ ਵੰਞਦੇ[85] ਹਨ । |
| ਧਨੁ ਧਨੁ ਭਾਗ ਤਿਨਾ ਗੁਰਮੁਖਾ[87] ਜੋ ਗੁਰਸਿਖ[88] ਲੈ[89] ਮਨੁ ਜਿਣਤਿਆ[90] ॥ | Auspicious ! auspicious is the fortune of the pious persons[87], who, acting[89] on Guru's instruction[88], conquer[90] their mind. | ਸੁਲੱਖਣੀ ! ਸੁਲੱਖਣੀ ! ਹੈ ਕਿਸਮਤ ਉਨ੍ਹਾਂ ਪਵਿੱਤਰ ਪੁਰਸ਼ਾਂ[87] ਦੀ, ਜੋ ਗੁਰਾਂ ਦੇ ਉਪਦੇਸ਼[88] ਤੇ ਅਮਲ ਕਰਕੇ[89] ਮਨ ਨੂੰ ਜਿੱਤ ਲੈਂਦੇ[90] ਹਨ । |
| ਸਭਦੂ[91] ਵਡੇ[92] ਭਾਗ ਗੁਰ ਸਿਖਾ ਕੇ ਜੋ ਗੁਰ ਚਰਣੀ[92]* ਸਿਖ ਪੜਤਿਆ[93] ॥੧੮॥ | The highest[92] of all[91] is the fortune of the Sikhs of the Guru. These Gursikhs fall[93] at the Guru's feet[92]*. | ਸਾਰਿਆਂ[91] ਨਾਲੋਂ ਉੱਚੀ[92] ਹੈ ਕਿਸਮਤ ਗੁਰੂ ਦੇ ਸਿੱਖਾਂ ਦੀ, ਜਿਹੜੇ ਗੁਰ-ਸਿੱਖ, ਗੁਰਾਂ ਦੇ ਪੈਰੀਂ[92]* ਪੈਂਦੇ[93] ਹਨ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਬ੍ਰਹਮੁ[94] ਬਿੰਦੈ[95] ਤਿਸ[96] ਦਾ ਬ੍ਰਹਮਤੁ[97] ਰਹੈ[98] ਏਕ ਸਬਦਿ[99] ਲਿਵ[100] ਲਾਇ[2] ॥ | He[96], who knows[95] the Lord[94] and fixes[2] his attention[100] on the one Name[99], keeps intact[98] his Brahmanhood[97]. | ਜੋ ਪ੍ਰਭੂ[94] ਨੂੰ ਜਾਣਦਾ[95] ਹੈ ਅਤੇ ਇੱਕ ਨਾਮ[98] ਨਾਲ[99] ਆਪਣੀ ਬਿਰਤੀ[100] ਜੋੜਦਾ[2] ਹੈ, ਉਸ[96] ਦਾ ਬ੍ਰਹਮਣ-ਪੁਣਾ[97] ਕਾਇਮ ਰਹਿੰਦਾ[98] ਹੈ । |
| ਨਵ[3] ਨਿਧੀ[4] ਅਠਾਰਹ ਸਿਧੀ[5] ਪਿਛੈ[6] ਲਗੀਆ ਫਿਰਹਿ[7] ਜੋ ਹਰਿ ਹਿਰਦੈ[8] ਸਦਾ[9] ਵਸਾਇ[10] ॥ | The nine[3] treasures[4] and eighteen miraculous powers[5] go[7] after[6] him, who ever[9] keeps enshrined[10] the Lord within his mind[8]. | ਨੌ[3]-ਖਜਾਨੇ[4] ਅਤੇ ਅਠਾਰਾਂ ਕਰਾਮਾਤੀ-ਸ਼ਕਤੀਆਂ[5] ਉਸ ਦੇ ਮਗਰ[6] ਲੱਗੀਆਂ ਫਿਰਦੀਆਂ[7] ਹਨ ਜੋ ਸੁਆਮੀ ਨੂੰ ਸਦੀਵ[9] ਹੀ ਆਪਣੇ ਮਨ[8] ਵਿੱਚ ਟਿਕਾਈ ਰਖਦਾ[10] ਹੈ । |
| ਬਿਨੁ[12] ਸਤਿਗੁਰ ਨਾਉ ਨ | Without[12] the True Guru, the | ਸੱਚੇ ਗੁਰਾਂ ਦੇ ਬਾਝੋਂ[12] ਨਾਮ ਪ੍ਰਾਪਤ ਨਹੀਂ ਹੁੰਦਾ । ਤੂੰ |

| | | |
|---|---|---|
| ਪਾਈਐ ਬੂਝਹੁ[13] ਕਰਿ ਵੀਚਾਰੁ[14] ॥ | Name is obtained not; understand[13] and reflect[14] thou over it. | ਇਸ ਨੂੰ ਸਮਝ[13] ਅਤੇ ਵਿਚਾਰ[14] । |
| ਨਾਨਕ ਪੂਰੈ[15] ਭਾਗਿ[16] ਸਤਿਗੁਰੁ ਮਿਲੈ ਸੁਖੁ[17] ਪਾਏ ਜੁਗ ਚਾਰਿ[18] ॥੧॥ | Nanak, through perfect[15] destiny[16], man meets the True Guru and gathers peace[17], the four ages[18] through. | ਨਾਨਕ, ਪੂਰਨ[15] ਨਸੀਬਾਂ[16] ਰਾਹੀਂ ਬੰਦਾ ਸੱਚੇ ਗੁਰਾਂ ਨੂੰ ਮਿਲਦਾ ਹੈ ਅਤੇ ਚਾਰਾਂ ਹੀ ਯੁੱਗਾਂ[18] ਅੰਦਰ ਆਰਾਮ[17] ਪਾਉਂਦਾ ਹੈ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਕਿਆ[19] ਗਭਰੂ[20] ਕਿਆ ਬਿਰਧਿ[21] ਹੈ ਮਨਮੁਖ[22] ਤ੍ਰਿਸਨਾ[23] ਭੁਖ[24] ਨ ਜਾਇ[25] ॥ | Whether[19] young[20] or whether old[21], the thirst[23] and hunger[24] of the way-ward[22] person depart[25] not. | ਭਾਵੇਂ[19] ਜੁਆਨ[20] ਹੋਵੇ ਭਾਵੇਂ ਬੁਢਾ[21], ਆਪ-ਹੁਦਰੇ[22] ਪੁਰਸ਼ ਦੀ ਤ੍ਰਿਸ਼ਨਾ[23] ਤੇ ਭੁੱਖ[24] ਮਿਟਦੀਆਂ[25] ਨਹੀਂ । |
| ਗੁਰਮੁਖਿ[26] ਸਬਦੇ[27] ਰਤਿਆ[28] ਸੀਤਲੁ[29] ਹੋਏ ਆਪੁ[30] ਗਵਾਇ[31] ॥ | The Guru-wards[26] are imbued[28] with the Name[27] and are pacified[29], losing[31] their self-conceit[30]. | ਗੁਰੂ-ਅਨੁਸਾਰੀ[26] ਨਾਮ[27] ਨਾਲ ਰੰਗੇ ਹੋਏ[28] ਹਨ ਅਤੇ ਆਪਣੀ ਸਵੈ-ਹੰਗਤਾ[30] ਨੂੰ ਗੁਆ ਕੇ[31] ਸ਼ਾਂਤ ਥੀ ਗਏ[29] ਹਨ । |
| ਅੰਦਰੁ[32] ਤ੍ਰਿਪਤਿ[33] ਸੰਤੋਖਿਆ[34] ਫਿਰਿ[34*] ਭੁਖ[35] ਨ ਲਗੈ[36] ਆਇ ॥ | Their mind[32] is sated[33] and satiated[34] and they feel[36] not hungry[35] again[34*]. | ਉਨ੍ਹਾਂ ਦਾ ਮਨ[32] ਰੱਜ[33] ਅਤੇ ਧ੍ਰਾਪ ਜਾਂਦਾ[34] ਹੈ ਅਤੇ ਉਨ੍ਹਾਂ ਨੂੰ ਮੁੜ ਕੇ[34*] ਭੁੱਖ[35] ਨਹੀਂ ਲਗਦੀ[36] । |
| ੬੫੦ | | |
| ਨਾਨਕ ਜਿ[37] ਗੁਰਮੁਖਿ[38] ਕਰਹਿ ਸੋ[39] ਪਰਵਾਣੁ[40] ਹੈ ਜੋ[41] ਨਾਮਿ ਰਹੇ ਲਿਵ[42] ਲਾਇ[43] ॥ | Nanak, whatever[37] the Guru-wards[38], who[41] remain absorbed[43] in the Name's love[42], do, that[39], becomes acceptable[40]. | ਨਾਨਕ, ਜਿਹੜਾ ਕੁੱਝ[37], ਗੁਰੂ-ਸਮਰਪਣ[38] ਨਾਮ ਦੀ ਪ੍ਰੀਤ[42] ਅੰਦਰ ਲੀਨ ਰਹਿੰਦੇ[43] ਕਰਦੇ ਹਨ, ਉਹ[39] ਕਬੂਲ[40] ਪੈ ਜਾਂਦਾ ਹੈ । |
| ਪਉੜੀ ॥ | Pauri. | ਪਉੜੀ । |
| ਹਉ[45] ਬਲਿਹਾਰੀ[44] ਤਿੰਨ[46] ਕੰਉ[49] ਜੋ[47] ਗੁਰਮੁਖਿ[48] ਸਿਖਾ ॥ | I[45] am a sacrifice[44] unto[49] those[46], who[47] are the God-conscious[48] sikhs of the Guru. | ਮੈਂ[45] ਉਨ੍ਹਾਂ[46] ਉੱਤੋਂ[49] ਕੁਰਬਾਨ[44] ਵੰਞਦਾ ਹਾਂ ਜਿਹੜੇ[47] ਰੱਬ ਨੂੰ ਜਾਨਣ ਵਾਲੇ[48] ਗੁਰਸਿੱਖ ਹਨ । |
| ਜੋ ਹਰਿ ਨਾਮੁ ਧਿਆਇਦੇ[50] ਤਿਨ[51] ਦਰਸਨੁ[52] ਪਿਖਾ[53] ॥ | I see[53] the sight[52] of those[51], who meditate[50] on the Lord's Name. | ਮੈਂ ਉਨ੍ਹਾਂ[51] ਦਾ ਦੀਦਾਰ[52] ਵੇਖਦਾ[53] ਹਾਂ, ਜਿਹੜੇ ਸਾਈਂ ਦੇ ਨਾਮ ਦਾ ਸਿਮਰਨ ਕਰਦੇ[50] ਹਨ । |
| ਸੁਣਿ[54] ਕੀਰਤਨੁ[55] ਹਰਿ ਗੁਣ[56] ਰਵਾ[57] ਹਰਿ ਜਸੁ[58] ਮਨਿ[59] ਲਿਖਾ[60] ॥ | Hearing[54] Lord's praise[55], I utter[57] His virtues[56] and inscribe[60] God's glory[58] in my mind[59]. | ਸੁਆਮੀ ਦੀ ਉਸਤਤੀ[55] ਸ੍ਰਵਣ ਕਰਕੇ[54], ਮੈਂ ਉਸ ਦੀਆਂ ਵਡਿਆਈਆਂ[56] ਨੂੰ ਉਚਾਰਦਾ[57] ਹਾਂ ਅਤੇ ਵਾਹਿਗੁਰੂ ਦੀ ਕੀਰਤੀ[58] ਨੂੰ ਆਪਣੇ ਹਿਰਦੇ[59] ਅੰਦਰ ਉਕਰਦਾ[60] ਹਾਂ । |
| ਹਰਿ ਨਾਮੁ ਸਲਾਹੀ[61] ਰੰਗ[65] ਸਿਉ[62] ਸਭਿ ਕਿਲਵਿਖ[63] ਕ੍ਰਿਖਾ[64] ॥ | I praise[61] the Lord's Name with[62] love[65] and up-root[64] all my sins[63]. | ਮੈਂ ਪਿਆਰ[65] ਨਾਲ[62] ਪ੍ਰਭੂ ਦੇ ਨਾਮ ਦੀ ਪ੍ਰਸੰਸਾ ਕਰਦਾ[61] ਹਾਂ ਅਤੇ ਆਪਣੇ ਸਾਰੇ ਪਾਪਾਂ[63] ਨੂੰ ਜੜੋਂ ਪੁੱਟਦਾ[64] ਹਾਂ । |
| ਧਨੁ[66] ਧੰਨੁ ਸੁਹਾਵਾ[67] ਸੋ[68] ਸਰੀਰੁ[69] ਥਾਨੁ[70] ਹੈ | Blest[66], blest and beauteous[67] is the[68] body[69] and place[10], whereon[71] my | ਸੁਲੱਖਣੀ[66], ਸੁਲੱਖਣੀ ਅਤੇ ਸੁਹਣੀ[67] ਹੈ ਉਹ[68] ਦੇਹ[69] ਤੇ ਥਾਂ[70] ਜਿਸ ਉਤੇ[71] ਮੇਰਾ ਗੁਰੂ ਆਪਣਾ ਪੈਰ[73] |

| | | |
|---|---|---|
| ਜਿਥੈ[71] ਮੇਰਾ ਗੁਰੁ ਧਰੇ[72] ਵਿਖਾ[73] ॥੧੯॥ | Guru plants[72] his foot[73]. | ਟੇਕਦਾ[72] ਹੈ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਗੁਰ ਬਿਨੁ[74] ਗਿਆਨੁ[75] ਨ ਹੋਵਈ ਨਾ ਸੁਖੁ[76] ਵਸੈ[77] ਮਨਿ[78] ਆਇ[79] ॥ | Without[74] the Guru, gnosis[75] is not obtained, nor peace[76] comes[79] and abides[77] in the mind[78]. | ਗੁਰਾਂ ਦੇ ਬਾਝੋਂ[74] ਬ੍ਰਹਮ-ਬੋਧ[75] ਪ੍ਰਾਪਤ ਨਹੀਂ ਹੁੰਦਾ, ਨਾ ਹੀ ਠੰਢ-ਚੈਨ[76] ਆ ਕੇ[79] ਅੰਤਰ ਆਤਮੇ[78] ਟਿਕਦੀ[77] ਹੈ । |
| ਨਾਨਕ ਨਾਮ ਵਿਹੂਣੇ[80] ਮਨਮੁਖੀ[81] ਜਾਸਨਿ[82] ਜਨਮੁ[83] ਗਵਾਇ[84] ॥੧॥ | Nanak, without[80] the Name, the self-willed[81] shall depart[82] after wasting[84] their life[83]. | ਨਾਨਕ, ਨਾਮ ਦੇ ਬਗੈਰ[80], ਮਨ-ਮੱਤੀਏ[81] ਆਪਣਾ ਜੀਵਨ ਗੁਆ ਕੇ[84] ਟੁਰ ਜਾਣਗੇ[82] । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਸਿਧ[85] ਸਾਧਿਕ[86] ਨਾਵੈ ਨੋ ਸਭਿ ਖੋਜਦੇ[87] ਥਕਿ[88] ਰਹੇ ਲਿਵ[89] ਲਾਇ[90] ॥ | All the adepts[85] and strivers[86] seek[87] to attain the Name and grow weary[88] of fixing[90] their attention[89]. | ਸਮੂਹ ਪੂਰਨ ਪੁਰਸ਼[85] ਤੇ ਅਭਿਆਸੀ[86], ਨਾਮ ਦੀ ਪ੍ਰਾਪਤੀ ਦੀ ਖੋਜ ਕਰਦੇ[87] ਤੇ ਆਪਣੀ ਬਿਰਤੀ[89] ਜੋੜ ਜੋੜ[90] ਹੰਭ ਗਏ[88] ਹਨ । |
| ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ[91] ਮਿਲੈ ਮਿਲਾਇ[92] ॥ | Without the True Guru, none attains the Name. It is only through the Guru[91], that the Name is received[92]. | ਸੱਚੇ ਗੁਰਾਂ ਦੇ ਬਾਝੋਂ ਕੋਈ ਭੀ ਨਾਮ ਨੂੰ ਹਾਸਲ ਨਹੀਂ ਕਰਦੇ । ਕੇਵਲ ਗੁਰਾਂ ਦੇ ਰਾਹੀਂ[91] ਹੀ ਨਾਮ ਪ੍ਰਾਪਤ ਹੁੰਦਾ[92] ਹੈ । |
| ਬਿਨੁ ਨਾਵੈ ਪੈਨਣੁ[93] ਖਾਣੁ[94] ਸਭੁ ਬਾਦਿ[95] ਹੈ ਧਿਗੁ[96] ਸਿਧੀ[97] ਧਿਗੁ ਕਰਮਾਤਿ[98] ॥ | Without the Name, in vain[95] are all the robes[93] and dishes[94] and accursed[96] is the saintliness[97] and accursed the supernatural-power[98]. | ਨਾਮ ਦੇ ਬਗੈਰ ਬੇਫਾਇਦਾ[95] ਹਨ ਸਮੂਹ ਪੁਸ਼ਾਕੇ[93] ਤੇ ਖਾਣੇ[94] ਅਤੇ ਲਾਹਨਤ-ਯੋਗ[96] ਹੈ ਕਾਮਯਾਬੀ[87] ਅਤੇ ਲਾਹਨਤ-ਯੋਗ ਕਰਾਮਾਤੀ ਸ਼ਕਤੀ[98] । |
| ਸਾ[99] ਸਿਧਿ ਸਾ ਕਰਮਾਤਿ ਹੈ ਅਚਿੰਤੁ[100] ਕਰੇ[2] ਜਿਸੁ[3] ਦਾਤਿ[4] ॥ | That[99] alone is the saintliness and that the occult-power, which[3] the Unanxious[100] Lord gives[2] as His gift[4]. | ਓਹੀ[99] ਪੂਰਨਤਾ ਹੈ ਅਤੇ ਉਹ ਹੀ ਗੈਬੀ ਤਾਕਤ, ਜੋ[3] ਚਿੰਤਾ-ਰਹਿਤ[100] ਸੁਆਮੀ ਆਪਣੀ ਬਖਸ਼ੀਸ਼[4] ਵਜੋਂ ਦਿੰਦਾ[2] ਹੈ । |
| ਨਾਨਕ ਗੁਰਮੁਖਿ[5] ਹਰਿਨਾਮੁ ਮਨਿ[6] ਵਸੈ[7] ਏਹਾ[8] ਸਿਧਿ ਏਹਾ ਕਰਾਮਾਤਿ ॥੨॥ | Nanak, through the Guru[5], the Lord's Name abides[7] in the mind[6]. This[8] alone is the miraculous might and this the extra-psychic power. | ਨਾਨਕ, ਗੁਰਾਂ ਦੇ ਰਾਹੀਂ[5] ਪ੍ਰਭੂ ਦਾ ਨਾਮ ਅੰਤਰ ਆਤਮੇ[6] ਟਿੱਕ ਜਾਂਦਾ[7] ਹੈ । ਕੇਵਲ ਏਹੀ[8] ਕਰਾਮਾਤੀ-ਸ਼ਕਤੀ ਅਤੇ ਏਹੀ ਅਦਭੁਤ ਸੱਤਿਆ ਹੈ । |
| ਪਉੜੀ ॥ | Pauri. | ਪਉੜੀ । |
| ਹਮ[9] ਢਾਢੀ[10] ਹਰਿ ਪ੍ਰਭ ਖਸਮ[12] ਕੇ ਨਿਤ[13] ਗਾਵਹ[14] ਹਰਿ ਗੁਣ[15] ਛੰਤਾ[16] ॥ | I[9] am the minstrel[10] of God, my Lord Master[12], and I daily[13] sing[14] the songs[16] of God's praise[15]. | ਮੈਂ[9], ਆਪਣੇ ਸੁਆਮੀ ਮਾਲਕ[12] ਵਾਹਿਗੁਰੂ ਦਾ ਭੱਟ[10] ਹਾਂ, ਤੇ ਨਿਤਾਪ੍ਰਤੀ[13] ਵਾਹਿਗੁਰੂ ਦੇ ਜੱਸ[15] ਦੇ ਗੀਤ[16] ਆਲਾਪਦਾ[14] ਹਾਂ । |
| ਹਰਿ ਕੀਰਤਨੁ[17] ਕਰਹ[18] ਹਰਿ ਜਸੁ[19] ਸੁਣਹ[20] ਤਿਸੁ[21] ਕਵਲਾ[22] ਕੰਤਾ[23] ॥ | I sing[18] God's praise[17] and hear[20] the excellences[19] of that[21] God, the Lord[23] of wealth[22]. | ਮੈਂ ਵਾਹਿਗੁਰੂ ਦੀ ਕੀਰਤੀ[17] ਗਾਉਂਦਾ[18] ਹਾਂ ਅਤੇ ਮਾਇਆ[22] ਦੇ ਸੁਆਮੀ[23] ਵਾਹਿਗੁਰੂ ਦੇ ਗੁਣ[19] ਸ੍ਰਵਣ ਕਰਦਾ[20] ਹਾਂ । |
| ਹਰਿ ਦਾਤਾ[24] ਸਭੁ ਜਗਤੁ[25] | The Lord alone is the Donor[24] and | ਕੇਵਲ ਸੁਆਮੀ ਹੀ ਦਾਤਾਰ[24] ਹੈ ਅਤੇ ਸਾਰਾ ਸੰਸਾਰ[25] |

| | | |
|---|---|---|
| ਭਿਖਾਰੀਆ[26] ਮੰਗਤ[27] ਜਨ[28] ਜੰਤਾ[29] ॥ | the whole world[28] is but a mumper[26]. The mortals[28] and other beings[29] are His beggars[27]. | ਨਿਰਾ ਮੰਗਤਾ[26] ਹੀ ਹੈ। ਪ੍ਰਾਣੀ [28] ਤੇ ਹੋਰ ਜੀਵ[29] ਉਸ ਦੇ ਜਾਚਕ[27] ਹਨ। |
| ਹਰਿ ਦੇਵਹੁ[30] ਦਾਨੁ[31] ਦਇਆਲ ਹੋਇ[32] ਵਿਚਿ[33] ਪਾਥਰ[34] ਕ੍ਰਿਮ[35] ਜੰਤਾ[36] ॥ | My God, Thou mercifully[32] givest[30] gifts[31] even to the worms[35] and insects[36] in[33] the stones[34]. | ਮੇਰੇ ਵਾਹਿਗੁਰੂ, ਤੂੰ ਮਿਹਰਬਾਨ ਹੋ[32], ਪੱਥਰ[34] ਅੰਦਰ[33] ਦੇ ਕੀੜਿਆਂ[35] ਤੇ ਮਕੌੜਿਆਂ[36] ਨੂੰ ਭੀ ਦਾਤਾਂ[31] ਦਿੰਦਾ[30] ਹੈਂ। |
| ਜਨ[37] ਨਾਨਕ ਨਾਮੁ ਧਿਆਇਆ[38] ਗੁਰਮੁਖਿ[39] ਧਨਵੰਤਾ[40] ॥੨੦॥ | Deliberating over[38] the Name, through the Guru[39], slave[37] Nanak has become wealthy[40]. | ਗੁਰਾਂ ਦੇ ਰਾਹੀਂ[39] ਨਾਮ ਦਾ ਆਰਾਧਨ ਕਰਕੇ[38] ਗੋਲਾ[37] ਨਾਨਕ ਧਨਾਢ[40] ਹੋ ਗਿਆ ਹੈ। |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਪੜਣਾ[41] ਗੁੜਣਾ[42] ਸੰਸਾਰ[43] ਕੀ ਕਾਰ[44] ਹੈ ਅੰਦਰਿ ਤ੍ਰਿਸਨਾ[45] ਵਿਕਾਰੁ[46] ॥ | Reading[41] and reflecting[42] are worldly[43] affairs[44], if there are avarice[45] and sin[46] within. | ਵਾਚਣ[41] ਤੇ ਵਿਚਾਰਣਾ[42] ਜਗਤ[43] ਦੇ ਧੰਦੇ[44] ਹਨ, ਜੇਕਰ ਅੰਦਰ ਲਾਲਚ[45] ਤੇ ਪਾਪ[46] ਹਨ। |
| ਹਉਮੈ[47] ਵਿਚਿ ਸਭਿ ਪੜਿ[48] ਥਕੇ[49] ਦੂਜੈ[50] ਭਾਇ[51] ਖੁਆਰੁ[52] ॥ | Reading[48] through egotism[47], all are grown weary[49] and are ruined[52] by the love[51] of another[50]. | ਹੰਕਾਰ[47] ਵਿੱਚ ਵਾਚਣ[48] ਰਾਹੀਂ ਸਾਰੇ ਹੰਭ ਗਏ[49] ਹਨ ਅਤੇ ਦੂਜੇ ਭਾਵ[50] ਦੀ ਪ੍ਰੀਤ[51] ਦੁਆਰਾ ਬਰਬਾਦ ਹੋ ਗਏ[52] ਹਨ। |
| ਸੋ[53] ਪੜਿਆ ਸੋ ਪੰਡਿਤੁ ਬੀਨਾ[54] ਗੁਰ ਸਬਦਿ[55] ਕਰੇ ਵੀਚਾਰੁ[56] ॥ | He[53] alone is literate and he alone a wise[54] Pandit, who ponders over[56] Guru's hymns[55]. | ਓਹੀ[53] ਵਿਦਵਾਨ ਹੈ ਤੇ ਓਹੀ ਸਿਆਣਾ[54] ਪੰਡਤ, ਜੋ ਗੁਰਾਂ ਦੀ ਬਾਣੀ[55] ਨੂੰ ਸੋਚਦਾ ਸਮਝਦਾ[59] ਹੈ। |
| ਅੰਦਰੁ[57] ਖੋਜੈ[58] ਤਤੁ[59] ਲਹੈ[60] ਪਾਏ ਮੋਖ[61] ਦੁਆਰੁ[62] ॥ | He searches[58] his mind[57], finds[60] the quintessence[59] and obtains the door[62] of salvation[61]. | ਉਹ ਆਪਣੇ ਮਨ[57] ਨੂੰ ਖੋਜਦਾ ਭਾਲਦਾ[58] ਹੈ, ਸਾਰ ਵਸਤੂ[59] ਨੂੰ ਪਾ ਲੈਂਦਾ[60] ਹੈ ਤੇ ਮੁਕਤੀ[61] ਦੇ ਦਰਵਾਜ਼ੇ[62] ਨੂੰ ਪ੍ਰਾਪਤ ਹੋ ਜਾਂਦਾ ਹੈ। |
| ਗੁਣ[63] ਨਿਧਾਨੁ[64] ਹਰਿ ਪਾਇਆ ਸਹਜਿ[65] ਕਰੇ ਵੀਚਾਰੁ[66] ॥ | He attains the Lord, the Treasure[64] of virtues[63] and tranquilly[65] meditates[66] on Him. | ਉਹ ਨੇਕੀ[63] ਦੇ ਖ਼ਜ਼ਾਨੇ[64] ਪ੍ਰਭੂ ਨੂੰ ਪਾ ਲੈਂਦਾ ਹੈ ਅਤੇ ਸ਼ਾਂਤੀ ਨਾਲ[65] ਉਸ ਦਾ ਸਿਮਰਨ ਕਰਦਾ[66] ਹੈ। |
| ਧੰਨੁ[67] ਵਾਪਾਰੀ[68] ਨਾਨਕਾ ਜਿਸੁ ਗੁਰਮੁਖਿ[69] ਨਾਮੁ ਅਧਾਰੁ[70] ॥੧॥ | Blessed[67] is the trader[68], O Nanak, who, through the Guru[69], obtains the Lord's Name as his support[70]. | ਮੁਬਾਰਕ[67] ਹੈ ਉਹ ਵਣਜਾਰਾ[68], ਹੇ ਨਾਨਕ! ਜੋ ਗੁਰਾਂ ਦੇ ਰਾਹੀਂ[69], ਸੁਆਮੀ ਦੇ ਨਾਮ ਨੂੰ ਆਪਣੇ ਆਸਰੇ[70] ਵਜੋਂ ਪ੍ਰਾਪਤ ਕਰਦਾ ਹੈ। |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ। |
| ਵਿਣੁ ਮਨੁ ਮਾਰੇ[71] ਕੋਇ ਨ ਸਿਝਈ[72] ਵੇਖਹੁ[73] ਕੋ[74] ਲਿਵ ਲਾਇ[75] ॥ | Without subduing[71] his mind no man attains success[72]. Let any one[74] see[73] it through deep deliberation[75]. | ਆਪਣੇ ਮਨ ਨੂੰ ਵੱਸ ਕੀਤੇ[71] ਬਗ਼ੈਰ ਕਿਸੇ ਬੰਦੇ ਨੂੰ ਭੀ ਕਾਮਯਾਬੀ[72] ਹਾਸਲ ਨਹੀਂ ਹੁੰਦੀ। ਕੋਈ ਜਣਾ[74] ਡੂੰਘੀ ਵੀਚਾਰ ਰਾਹੀਂ[75] ਇਸ ਨੂੰ ਦੇਖ[73] ਲਵੇ। |
| ਭੇਖਧਾਰੀ[76] ਤੀਰਥੀ[77] ਭਵਿ[78] ਥਕੇ[79] ਨਾ ਏਹੁ ਮਨੁ ਮਾਰਿਆ[80] ਜਾਇ ॥ | The Pseudo-saints[76] grow weary[79] of roaming[78] at the holy places[77], but this mind is subdued[80] not. | ਸੰਪ੍ਰਦਾਈ[76] ਧਾਰਮਕ ਅਸਥਾਨਾਂ[77] ਉਤੇ ਰਟਨ ਕਰਦੇ[78] ਹਾਰ ਗਏ[79] ਹਨ, ਪਰ ਇਹ ਮਨੂਆ ਕਾਬੂ[80] ਨਹੀਂ ਆਉਂਦਾ। |

| | | |
|---|---|---|
| ਗੁਰਮੁਖਿ[81] ਏਹੁ ਮਨੁ ਜੀਵਤੁ[85] ਮਰੈ ਸਚਿ[82] ਰਹੈ ਲਿਵ[83] ਲਾਇ[84] ॥ | Through the Guru[81], this mind is overcome in man's life[85] and he remains absorbed[84] in the True Lord's[82] love[83]. | ਗੁਰਾਂ ਦੇ ਰਾਹੀਂ[81] ਇਹ ਮਨੂਆ ਜੀਊਂਦਿਆਂ[85] ਹੀ ਬੰਦੇ ਦੇ ਵੱਸ ਵਿੱਚ ਆ ਜਾਂਦਾ ਹੈ ਤੇ ਫਿਰ ਉਹ ਸੱਚੇ ਸਾਂਈ[82] ਦੀ ਪ੍ਰੀਤ[83] ਵਿੱਚ ਲੀਨ ਰਹਿੰਦਾ[84] ਹੈ । |
| ਨਾਨਕ ਇਸੁ ਮਨ ਕੀ ਮਲੁ[86] ਇਉ[87] ਉਤਰੈ[88] ਹਉਮੈ[89] ਸਬਦਿ[90] ਜਲਾਇ[91] ॥੨॥ | Nanak, in this wy[87], the filth[86] of the mind is removed[88]; the Name[90] burns off[91] the ego[89]. | ਨਾਨਕ, ਇਸ ਤਰ੍ਹਾਂ[87] ਏਸ ਮਨ ਦੀ ਮੈਲ[86] ਲਹਿ ਜਾਂਦੀ[88] ਹੈ : ਨਾਮ[90] ਹੰਕਾਰ[89] ਨੂੰ ਸਾੜ[91] ਸੁਟਦਾ ਹੈ । |
| ਪਉੜੀ ॥ | Pauri. | ਪਉੜੀ । |
| ਹਰਿ ਹਰਿ[92] ਸੰਤ ਮਿਲਹੁ ਮੇਰੇ ਭਾਈ[93] ਹਰਿ ਨਾਮੁ ਦ੍ਰਿੜਾਵਹੁ[94] ਇਕ ਕਿਨਕਾ[95] ॥ | Meet me, O Lord God's[92] saints, my brothers[93], and implant[94] in me even a particle[95] of the Lord's Name. | ਮੈਨੂੰ ਮਿਲੋ, ਹੇ ਸੁਆਮੀ ਵਾਹਿਗੁਰੂ[92] ਦੇ ਸਾਧੂਓ ! ਮੇਰੇ ਭਰਾਓ[93] ! ਅਤੇ ਮੇਰੇ ਅੰਦਰ ਇੱਕ ਭੋਰਾ ਭਰ[95] ਹੀ ਸੁਆਮੀ ਦਾ ਨਾਮ ਪੱਕਾ ਕਰੋ[94] । |
| ਹਰਿ ਹਰਿ[96] ਸੀਗਾਰੁ[97] ਬਨਾਵਹੁ[98] ਹਰਿ ਜਨ[99] ਹਰਿ[100] ਕਾਪੜੁ[2] ਪਹਿਰਹੁ[3] ਖਿਮ[4] ਕਾ ॥ | O God's slaves[99], bedeck[98] me with the decoration[97] of God's Name[96] and make me wear[3] the Divine[100] dress[2] of forgiveness[4]. | ਹੇ ਰੱਬ ਦੇ ਗੋਲਿਓ[99] ! ਮੈਨੂੰ ਹਰੀ ਨਾਮ[96] ਦੇ ਹਾਰ-ਸ਼ਿੰਗਾਰ[97] ਨਾਲ ਸਜਾਓ[98] ! ਤੇ ਮੈਨੂੰ ਮੁਆਫ਼ੀ[4] ਦੀ ਰੱਬੀ[100] ਪੁਸ਼ਾਕ[2] ਪਵਾਓ[3] । |
| ਐਸਾ[5] ਸੀਗਾਰੁ[6] ਮੇਰੇ ਪ੍ਰਭ ਭਾਵੈ[7] ਹਰਿ ਲਾਗੈ ਪਿਆਰਾ[8] ਪ੍ਰਿਮ[9] ਕਾ ॥ | Such[5] a decoration[6] is pleasing[7] to my Lord. The embellishment of love[9] is dear[8] to God. | ਐਹੋ ਜੇਹਾ[5] ਹਾਰ-ਸਿੰਗਾਰ[6] ਮਰੇ ਸਾਹਿਬ ਨੂੰ ਚੰਗਾ ਲਗਦਾ[7] ਹੈ । ਪ੍ਰੀਤ[9] ਦੀ ਸਜਾਵਟ ਵਾਹਿਗੁਰੂ ਨੂੰ ਪਿਆਰੀ[8] ਹੈ । |
| ਹਰਿ ਹਰਿ[10] ਨਾਮੁ ਬੋਲਹੁ[12] ਦਿਨੁ ਰਾਤੀ ਸਭਿ ਕਿਲਬਿਖ[13] ਕਾਟੈ[14] ਇਕ ਪਲਕਾ[15] ॥ | The Lord Master's[10] Name, I utter[12] day and night and, in an instant[15], it effaces[14] all the sins[13]. | ਸੁਆਮੀ ਮਾਲਕ[10] ਦਾ ਨਾਮ ਮੈਂ ਦਿਨ ਰਾਤ ਉਚਾਰਨ ਕਰਦਾ[12] ਹਾਂ, ਤੇ ਉਹ ਅੱਖ ਦੇ ਇੱਕ ਫ਼ੋਰੇ[15] ਵਿੱਚ ਸਾਰੇ ਪਾਪਾਂ[13] ਨੂੰ ਮੇਸ ਦਿੰਦਾ[14] ਹੈ । |
| ਹਰਿ ਹਰਿ ਦਇਆਲੁ[16] ਹੋਵੈ ਜਿਸੁ ਉਪਰਿ[17] ਸੋ[18] ਗੁਰਮੁਖਿ[19] ਹਰਿ ਜਪਿ[20] ਜਿਣਕਾ[21] ॥ ੨੧॥ | He[18], unto[17] whom the Lord God becomes merciful[16], wins[21] his life game, through the Guru[19], by meditating[20] on the Lord's Name. | ਜਿਸ ਉਤੇ[17] ਸੁਆਮੀ ਵਾਹਿਗੁਰੂ ਮਿਹਰਬਾਨ[16] ਹੋ ਜਾਂਦਾ ਹੈ, ਉਹ[18] ਗੁਰਾਂ ਦੇ ਰਾਹੀਂ[19] ਸੁਆਮੀ ਦੇ ਨਾਮ ਦਾ ਸਿਮਰਨ ਕਰ ਕੇ[20] ਆਪਣੀ ਜੀਵਨ ਖੇਡ ਨੂੰ ਜਿੱਤ ਲੈਂਦਾ[21] ਹੈ । |
| ੬੫੧ | | |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਜਨਮ ਜਨਮ[22] ਕੀ ਇਸੁ ਮਨ[23] ਕਉ ਮਲੁ[24] ਲਾਗੀ ਕਾਲਾ[25] ਹੋਆ ਸਿਆਹੁ[26] ॥ | The scum[24] of so many births[22] is attached to this soul[23] and it has become pitch[26] black[25]. | ਘਣੇਰਿਆਂ ਜਨਮਾ[22] ਦੀ ਗਿਲਾਜ਼ਤ[24] ਇਸ ਆਤਮਾ[23] ਨੂੰ ਲੱਗੀ ਹੋਈ ਹੈ ਅਤੇ ਇਹ ਲੁਕ[26] ਵਰਗੀ ਕਾਲੀ[25] ਹੋ ਗਈ ਹੈ । |
| ਖੰਨਲੀ[27] ਧੋਤੀ[28] ਉਜਲੀ[29] ਨ ਹੋਵਈ ਜੇ[30] ਸਉ[31] ਧੋਵਣਿ ਪਾਹੁ[32] ॥ | The oilman's rag[27] turns not white[29] by washing[28], even though[30] it be washed[32] a hundred times[31]. | ਤੇਲੀ ਦੀ ਲੀਰ[27] ਧੋਣ[28] ਨਾਲ ਚਿੱਟੀ[29] ਨਹੀਂ ਹੁੰਦੀ ਭਾਵੇਂ[30] ਇਸ ਨੂੰ ਸੈਂਕੜੇ ਵਾਰੀ[31] ਭੀ ਕਿਉਂ ਨਾ ਧੋਤਾ ਜਾਵੇ[32] । |
| ਗੁਰ ਪਰਸਾਦੀ[33] ਜੀਵਤੁ[34] | By Guru's grace[33], man remains | ਗੁਰਾਂ ਦੀ ਮਿਹਰ ਸਦਕਾ[33], ਬੰਦਾ ਜੀਉਂਦੇ ਜੀ[34] ਮਰਿਆ[35] |

| | | |
|---|---|---|
| ਮਰੈ[35] ਉਲਟੀ[36] ਹੋਵੈ ਮਤਿ[37] ਬਦਲਾਹੁ[38] ॥ | dead[35] in life[34] and his nature[37] is altered[38] and turned away[36] from the world. | ਰਹਿੰਦਾ ਹੈ, ਉਸ ਦਾ ਸੁਭਾਅ[37] ਬਦਲ ਜਾਂਦਾ[38] ਹੈ ਅਤੇ ਉਹ ਜਗ ਵਲੋਂ ਮੁੜ ਪੈਂਦਾ[36] ਹੈ । |
| ਨਾਨਕ ਮੈਲੁ[39] ਨ ਲਗਈ[40] ਨਾ ਫਿਰਿ[41] ਜੋਨੀ[42] ਪਾਹੁ[43]॥੧॥ | Nanak, no impurity[39] attaches[40] to him then and he falls[43] not into the womb[42] again[41]. | ਨਾਨਕ, ਤਦ ਉਸ ਨੂੰ ਕਿਸੇ ਪ੍ਰਕਾਰ ਦੀ ਮੈਲ[30] ਨਹੀਂ ਚਿਮੜਦੀ[40] ਅਤੇ ਉਹ ਮੁੜ ਕੇ[41] ਗਰਭ[42] ਵਿੱਚ ਨਹੀਂ ਪੈਂਦਾ[43] । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਚਹੁ ਜੁਗੀ ਕਲਿ[44] ਕਾਲੀ[45] ਕਾਂਢੀ[46] ਇਕ ਉਤਮ[47] ਪਦਵੀ[48] ਇਸੁ ਜੁਗ ਮਾਹਿ[49] ॥ | Of the four ages, 'Kal-age[44]' is called[46] the darkest[45], but the sublime[47] status[48] is attained in[49] this very age. | ਚੌਹਾਂ ਯੁਗਾਂ ਵਿਚੋਂ ਕਲਜੁਗ[44] ਸਭ ਤੋਂ ਕਾਲਾ[45] ਆਖਿਆ ਜਾਂਦਾ[46] ਹੈ; ਪ੍ਰੰਤੂ, ਇੱਕ ਸ੍ਰੇਸ਼ਟ[47] ਮਰਤਬਾ[48] ਏਸੇ ਯੁਗ ਵਿੱਚ[49] ਹੀ ਪਾਇਆ ਜਾਂਦਾ ਹੈ । |
| ਗੁਰਮੁਖਿ[51] ਹਰਿ ਕੀਰਤਿ[52] ਫਲੁ[53] ਪਾਈਐ[54] ਜਿਨ ਕਉ ਹਰਿ ਲਿਖਿ ਪਾਹਿ[55] ॥ | One, who is so destined[55] by God, he, by Guru's grace[51], obtains[54] the fruit[53] of the Lord's praise[52] in this age. | ਜਿਸ ਦੀ ਰੱਬ ਵਲੋਂ ਐਸੀ ਲਿਖਤਾਕਾਰ[55] ਹੈ, ਉਹ ਗੁਰਾਂ ਦੀ ਮਿਹਰ ਸਦਕਾ[51] ਇਸ ਯੁੱਗ ਅੰਦਰ ਸੁਆਮੀ ਦੀ ਸਿਫ਼ਤ ਸ਼ਲਾਘਾ[52] ਦੇ ਫਲ[53] ਨੂੰ ਪ੍ਰਾਪਤ ਕਰਦਾ[54] ਹੈ । |
| ਨਾਨਕ ਗੁਰ ਪਰਸਾਦੀ[56] ਅਨਦਿਨੁ[57] ਭਗਤਿ[58] ਹਰਿ ਉਚਰਹਿ[59] ਹਰਿ ਭਗਤੀ[60] ਮਾਹਿ[61] ਸਮਾਹਿ[62] ॥੨॥ | Nanak, by Guru's grace[56], night and day[57], he utters[59] the Lord's praise[58] and remains absorbed[62] in[61] the Lord's worship[60]. | ਨਾਨਕ, ਗੁਰਾਂ ਦੀ ਦਇਆ ਦੁਆਰਾ[56] ਰੈਣ ਦਿਹੁੰ[57], ਉਹ ਸੁਆਮੀ ਦੀ ਮਹਿਮਾ[58] ਉਚਾਰਨ ਕਰਦਾ[59] ਹੈ ਅਤੇ ਸੁਆਮੀ ਦੀ ਪ੍ਰੇਮਮਈ ਸੇਵਾ[64] ਵਿੱਚ[61] ਲੀਨ ਰਹਿੰਦਾ[62] ਹੈ । |
| ਪਉੜੀ ॥ | Pauri. | ਪਉੜੀ । |
| ਹਰਿ ਹਰਿ[63] ਮੇਲਿ[64] ਸਾਧ ਜਨ[65] ਸੰਗਤਿ[66] ਮੁਖਿ[67] ਬੋਲੀ[68] ਹਰਿ ਹਰਿ ਭਲੀ[69] ਬਾਣਿ[70] ॥ | O Lord God[63], unite[64] me with the society[66] of the pious persons[65], so that, with my mouth[67], I may utter[68] the Lord's God's sublime[69] word[70]. | ਹੇ ਸੁਆਮੀ ਵਾਹਿਗੁਰੂ[63] ! ਮੈਨੂੰ ਪਵਿੱਤ੍ਰ ਪੁਰਸ਼ਾਂ[65] ਦੀ ਸਭਾ[66] ਅੰਦਰ ਜੋੜ[64] ਦੇ, ਤਾਂ ਜੋ ਮੈਂ ਆਪਣੇ ਮੂੰਹ[67] ਨਾਲ ਸੁਆਮੀ ਵਾਹਿਗੁਰੂ ਦੀ ਸ੍ਰੇਸ਼ਟ[69] ਬਾਣੀ[70] ਦਾ ਉਚਾਰਨ[68] ਕਰਾਂ । |
| ਹਰਿ ਗੁਣ[71] ਗਾਵਾ[72] ਹਰਿ[73] ਨਿਤ[74] ਚਵਾ[75] ਗੁਰਮਤੀ[76] ਹਰਿ ਰੰਗੁ[77] ਸਦਾ[78] ਮਾਣਿ[79] ॥ | I ever[74] sing[72] God's praise[71] and utter[75] God's[73] Name and, by Guru's instruction[76], ever[78] do I enjoy[79] the Lord's love[77]. | ਮੈਂ ਹਮੇਸ਼ਾ[74] ਵਾਹਿਗੁਰੂ ਦੀ ਕੀਰਤੀ[71] ਗਾਉਂਦਾ[72] ਤੇ ਵਾਹਿਗੁਰੂ[73] ਦੇ ਨਾਮ ਨੂੰ ਉਚਾਰਦਾ[75] ਹਾਂ, ਅਤੇ ਗੁਰਾਂ ਦੇ ਉਪਦੇਸ਼[76] ਦੁਆਰਾ ਹਮੇਸ਼ਾ[78] ਪ੍ਰਭੂ ਦੀ ਪ੍ਰੀਤ[77] ਦਾ ਅਨੰਦ ਲੈਂਦਾ[79] ਹਾਂ । |
| ਹਰਿ ਜਪਿ ਜਪਿ[80] ਅਉਖਧ[81] ਖਾਧਿਆ[82] ਸਭਿ ਰੋਗ[83] ਗਵਾਤੇ[84] ਦੁਖਾ[85] ਘਾਣਿ[86] ॥ | By taking[82] the cure-all[81] of the Lord's continuous meditation[80] I am rid of[84] all the diseases[83] and multitudes[86] of pains[85]. | ਸੁਆਮੀ ਦੇ ਇਕਰਸ ਸਿਮਰਨ[80] ਦੀ ਦਵਾਈ[81] ਖਾਣ[82] ਨਾਲ ਮੈਂ ਸਾਰੀਆਂ ਬੀਮਾਰੀਆਂ[83] ਤੇ ਪੀੜਾਂ[85] ਦੇ ਸਮਦਾਵਾਂ[86] ਤੋਂ ਖ਼ਲਾਸੀ ਪਾ ਗਿਆ[84] ਹਾਂ । |
| ਜਿਨਾ ਸਾਸਿ[87] ਗਿਰਾਸਿ[88] ਨ ਵਿਸਰੈ[89] ਸੇ[91] ਹਰਿ ਜਨ[92] | Even while breathing[87] and eating[88] they, who forget[89] not the Lord, deem[93] | ਜੋ ਸਾਹ ਲੈਂਦਿਆਂ[87] ਤੇ ਖਾਂਦਿਆਂ[88] ਵੀ, ਪ੍ਰਭੂ ਨੂੰ ਨਹੀਂ ਭੁਲਾਉਂਦੇ[89], ਉਨ੍ਹਾਂ ਨੂੰ[91] ਵਾਹਿਗੁਰੂ ਦੇ ਮੁਕੰਮਲ[93] ਤੇ |

| | | |
|---|---|---|
| ਪੂਰੈ[93] ਸਹੀ[94] ਜਾਣਿ[95] ॥ | them, to be the perfectly[93] true[94] slaves[92] of God. | ਸਚੇ[94] ਗੋਲੇ[92] ਸਮਝ[95] । |
| ਜੋ ਗੁਰਮੁਖਿ[96] ਹਰਿ ਆਰਾਧਦੇ[97] ਤਿਨ[98] ਚੂਕੀ[99] ਜਮ[100] ਕੀ ਜਗਤ[2] ਕਾਣਿ[3] ॥੨੨॥ | They, who, through the Guru[96], meditate[97] on the Lord, their[98] subservience[3] of the death's courier[100] and the world[2], comes to an end[99]. | ਜਿਹੜੇ ਗੁਰਾਂ ਦੇ ਰਾਹੀਂ[96] ਸੁਆਮੀ ਦਾ ਸਿਮਰਨ ਕਰਦੇ[97] ਹਨ, ਉਨ੍ਹਾਂ ਦੀ[98] ਮੌਤ ਦੇ ਦੂਤ[150] ਤੇ ਜਹਾਨ[2] ਦੀ ਮੁਛੰਦਗੀ[3] ਮੁਕ ਜਾਂਦੀ[99] ਹੈ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਰੇ[4] ਜਨ[5] ਉਥਾਰੈ[6] ਦਬਿਓਹੁ[7] ਸੁਤਿਆ ਗਈ ਵਿਹਾਇ[8] ॥ | O[4] man[5], oppressed[7] by a night mare[6], thy life hath passed away[8] in sleep. | ਹੇ[4] ਬੰਦੇ[5] ! ਭਿਆਨਕ ਸੁਪਨੇ[6] ਦੇ ਦਬਾਅ[7] ਹੇਠਾ ਤੇਰਾ ਜੀਵਨ ਸੁੱਤਿਆਂ ਪਿਆਂ ਹੀ ਬਤੀਤ[8] ਹੋ ਗਿਆ ਹੈ । |
| ਸਤਿਗੁਰ ਕਾ ਸਬਦੁ[9] ਸੁਣਿ ਨ ਜਾਗਿਓ[14] ਅੰਤਰਿ[10] ਨ ਉਪਜਿਓ[12] ਚਾਉ[13] ॥ | Thou awakenest[14] not on hearing the True Guru's instruction[9] and in thy mind[10] enthusiasm[13] arises[12] not. | ਤੂੰ ਸੱਚੇ ਗੁਰਾਂ ਦਾ ਉਪਦੇਸ਼[9] ਸ੍ਰਵਣ ਕਰ ਕੇ ਜਾਗਦਾ[14] ਨਹੀਂ ਤੇ ਨਾ ਹੀ ਤੇਰੇ ਮਨ[10] ਵਿੱਚ ਉਮੰਗ[13] ਪੈਦਾ[12] ਹੁੰਦੀ ਹੈ । |
| ਸਰੀਰੁ[15] ਜਲਉ[16] ਗੁਣ[17] ਬਾਹਰਾ[18] ਜੋ ਗੁਰ ਕਾਰ[19] ਨ ਕਮਾਇ[20] ॥ | May the body[15] which has no[18] virtue[17] and performs[20] not the Guru's service[19], be burnt[16]. | ਰੱਬ ਕਰੇ, ਓਹ ਦੇਹ[15] ਜਿਹੜੀ ਨੇਕੀ[17] ਵਿਹੂਣ[18] ਹੈ ਅਤੇ ਗੁਰਾਂ ਦੀ ਘਾਲ[19] ਨਹੀਂ ਕਮਾਉਂਦੀ[20], ਸੜ ਬਲ ਜਾਵੇ[16] । |
| ਜਗਤੁ[21] ਜਲੰਦਾ[22] ਡਿਠੁ[23] ਮੈ ਹਉਮੈ[24] ਦੂਜੈ[25] ਭਾਇ[26] ॥ | I have seen[23] the world[21] burning[22] with pride[24] and the love[26] of another[25]. | ਮੈਂ ਸੰਸਾਰ[21] ਨੂੰ ਹੰਕਾਰ[24] ਅਤੇ ਹੋਰਸ[25] ਦੇ ਪਿਆਰ[26] ਨਾਲ ਸੜਦਾ ਬਲਦਾ[22] ਵੇਖਿਆ[23] ਹੈ । |
| ਨਾਨਕ ਗੁਰ ਸਰਣਾਈ[27] ਉਬਰੇ[31] ਸਚੁ ਮਨਿ[28] ਸਬਦਿ[29] ਧਿਆਇ[30] ॥੧॥ | Nanak, they, who seek the Guru's protection[27] and meditate[30] on the True Name[29] in their mind[28], are saved[31]. | ਨਾਨਕ, ਜੋ ਗੁਰਾਂ ਦੀ ਪਨਾਹ[27] ਲੈਂਦੇ ਹਨ ਅਤੇ ਆਪਣੇ ਚਿੱਤ[28] ਵਿੱਚ, ਸੱਚੇ ਨਾਮ[29] ਦਾ ਸਿਮਰਨ ਕਰਦੇ[30] ਹਨ, ਉਹ ਬਚ ਜਾਂਦੇ[31] ਹਨ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਸਬਦਿ[32] ਰਤੇ[33] ਹਉਮੈ[34] ਗਈ[35] ਸੋਭਾਵੰਤੀ[36] ਨਾਰਿ[37] ॥ | Imbued[33] with the Name[32], the bride[37] is rid of[35] egotism[34] and becomes illustrious[36]. | ਨਾਮ[32] ਨਾਲ ਰੰਗੀਜਣ[33] ਦੁਆਰਾ ਪਤਨੀ[37] ਦਾ ਹੰਕਾਰ[34] ਦੂਰ ਹੋ ਜਾਂਦਾ[35] ਹੈ ਤੇ ਉਹ ਕੀਰਤੀਮਾਨ[36] ਥੀ ਵੰਞਦੀ ਹੈ । |
| ਪਿਰ[38] ਕੈ ਭਾਣੈ[39] ਸਦਾ[40] ਚਲੈ[41] ਤਾ[42] ਬਨਿਆ[43] ਸੀਗਾਰੁ[44] ॥ | If she ever[40] walks[41] in her spouse's[38] will[39], then[42] alone, befit[43] her, the decorations[44]. | ਜੇਕਰ ਉਹ ਹਮੇਸ਼ਾ[40] ਆਪਣੇ ਕੰਤ ਦੀ[38] ਰਜ਼ਾ[39] ਅੰਦਰ ਟੁਰੇ[41], ਕੇਵਲ ਤਦ[42] ਹੀ ਉਸ ਨੂੰ ਹਾਰ-ਸ਼ਿੰਗਾਰ[44] ਫਬਦੇ[43] ਹਨ । |
| ਸੇਜ[45] ਸੁਹਾਵੀ[46] ਸਦਾ[47] ਪਿਰੁ[48] ਰਾਵੈ[49] ਹਰਿ ਵਰੁ[50] ਪਾਇਆ[51] ਨਾਰਿ[52] ॥ | Beauteous[46] becomes the bride's[52] couch[45], she obtains[51] God as her Groom[50] and she ever[47] enjoys[49] Him, her spouse[48]. | ਸੁੰਦਰ[46] ਹੋ ਜਾਂਦਾ ਹੈ ਪਤਨੀ[52] ਦਾ ਪਲੰਘ[45], ਉਹ ਹਰੀ ਨੂੰ ਆਪਣੇ ਲਾੜ੍ਹੇ[50] ਵਜੋਂ ਪ੍ਰਾਪਤ ਕਰ ਲੈਂਦੀ[51] ਹੈ ਤੇ ਉਹ ਹਮੇਸ਼ਾ[47] ਹੀ ਆਪਣੇ ਉਸ ਕੰਤ[48] ਨੂੰ ਮਾਣਦੀ[49] ਹੈ । |
| ਨਾ ਹਰਿ ਮਰੈ ਨ ਕਦੇ[53] ਦੁਖੁ[54] | God dies not, nor does she ever[53] | ਹਰੀ ਮਰਦਾ ਨਹੀਂ, ਨਾ ਹੀ ਉਸ ਨੂੰ ਕਦਾਚਿੱਤ[53] ਕਲੇਸ਼[54] |

| | | |
|---|---|---|
| ਲਾਗੈ[55] ਸਦਾ[56] ਸੁਹਾਗਣਿ[57] ਨਾਰਿ ॥ | suffer[55] affliction[54], and for aye[56], she remains the happy bride[57]. | ਵਾਪਰਦਾ[55] ਹੈ ਤੇ ਹਮੇਸ਼ਾ[56] ਲਈ ਉਹ ਪ੍ਰਸੰਨ ਪਤਨੀ[57] ਬਣੀ ਰਹਿੰਦੀ ਹੈ । |
| ਨਾਨਕ ਹਰਿ ਪ੍ਰਭ ਮੇਲਿ[58] ਲਈ ਗੁਰ ਕੈ ਹੇਤਿ[59] ਪਿਆਰਿ[60] ॥੨॥ | Nanak, the Lord God unites[58] her with Himself, for she enshrines love[59] and affection[60] for the Guru. | ਨਾਨਕ, ਸੁਆਮੀ ਵਾਹਿਗੁਰੂ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ[58] ਹੈ ਕਿਉਂਕਿ ਉਹ ਗੁਰਾਂ ਨੂੰ ਪ੍ਰੇਮ[59] ਪ੍ਰੀਤ[60] ਕਰਦੀ ਹੈ । |
| ਪਉੜੀ ॥ | Pauri. | ਪਉੜੀ । |
| ਜਿਨਾ ਗੁਰੁ[61] ਗੋਪਿਆ[62] ਆਪਣਾ ਤੇ[63] ਨਰ[64] ਬੁਰਿਆਰੀ[65] ॥ | Evil[65] are the[63] persons[64], who conceal[62] their religious preceptor[61]. | ਬੁਰੇ[65] ਹਨ ਉਹ[63] ਪੁਰਸ਼[64] ਜੋ ਆਪਣੇ ਧਾਰਮਕ ਆਗੂ[61] (ਗੁਰੂ) ਨੂੰ ਲਕੋਂਦੇ[62] ਹਨ । |
| ਹਰਿ ਜੀਉ[66] ਤਿਨ ਕਾ ਦਰਸਨੁ[67] ਨਾ ਕਰਹੁ ਪਾਪਿਸਟ[68] ਹਤਿਆਰੀ[69] ॥ | O dear[66] Lord, let me not see their sight[67], for they are the great sinners[68] and murderers[69]. | ਹੇ ਮਹਾਰਾਜ[66] ਸੁਆਮੀ ! ਮੈਨੂੰ ਉਨ੍ਹਾਂ ਦਾ ਦੀਦਾਰ[67] ਨ ਹੋਵੇ, ਕਿਉਂਕਿ ਉਹ ਵੱਡੇ ਪਾਪੀ[68] ਤੇ ਕਾਤਲ[69] ਹਨ । |
| ਓਹਿ ਘਰਿ ਘਰਿ ਫਿਰਹਿ[70] ਕੁਸੁਧ[71] ਮਨਿ[72] ਜਿਉ[73] ਧਰਕਟ[74] ਨਾਰੀ[75] ॥ | Like[73] a wicked[74] woman[75], they go[70] from house to house with an impure[71] mind[72]. | ਬਦਚਲਣ[74] ਤ੍ਰੀਮਤ[75] ਦੀ ਤਰ੍ਹਾਂ[73] ਉਹ ਅਪਵਿੱਤ੍ਰ[71] ਚਿੱਤ[72] ਨਾਲ ਘਰ ਘਰ ਭੌਂਦੇ ਫਿਰਦੇ[70] ਹਨ । |
| ਵਡਭਾਗੀ[76] ਸੰਗਤਿ[77] ਮਿਲੇ[78] ਗੁਰਮੁਖਿ[79] ਸਵਾਰੀ[80] ॥ | By the greatest good fortune[76] they meet[78] the saints' society[77] and are regenerated[80], through the Guru[79]. | ਪਰਮ ਚੰਗੇ ਕਰਮਾਂ ਦੁਆਰਾ[76] ਉਹ ਸਤਿ-ਸੰਗਤ[77] ਨਾਲ ਜੁੜਦੇ[78] ਹਨ ਅਤੇ ਗੁਰਾਂ ਦੇ ਰਾਹੀਂ[79] ਪ੍ਰਭੂ ਪਰਾਇਣ ਹੋ ਜਾਂਦੇ[80] ਹਨ । |
| ਹਰਿ ਮੇਲਹੁ ਸਤਿਗੁਰ ਦਇਆ[81] ਕਰਿ ਗੁਰ ਕਉ[82] ਬਲਿਹਾਰੀ[83] ॥੨੩॥ | O Lord, bless me with Thy mercy[81] and unite me with the True Guru, so that I may be a sacrifice[83] unto[82] the Guru. | ਹੇ ਸੁਆਮੀ, ਆਪਣੀ ਕਿਰਪਾ[81] ਦੁਆਰਾ ਮੈਨੂੰ ਸੱਚੇ ਗੁਰਾਂ ਨਾਲ ਮਿਲਾ ਦੇ, ਤਾਂ ਜੋ ਮੈਂ ਗੁਰਾਂ ਉਤੋਂ[82] ਕੁਰਬਾਨ[83] ਹੋ ਵੰਞਾਂ । |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ । |
| ਗੁਰ ਸੇਵਾ[84] ਤੇ[85] ਸੁਖੁ[86] ਊਪਜੈ[87] ਫਿਰਿ[88] ਦੁਖੁ[89] ਨ ਲਗੈ[90] ਆਇ ॥ | From[85] the Guru's service[84] wells[87] up peace[86] and then[88] one is not afflicted[90] with pain[89]. | ਗੁਰਾਂ ਦੀ ਘਾਲ[84] ਤੋਂ[85] ਠੰਢ ਚੈਨ[86] ਉਤਪੰਨ ਹੁੰਦੀ[87] ਹੈ, ਅਤੇ ਤਦ[88] ਪ੍ਰਾਣੀ ਨੂੰ ਪੀੜ[89] ਨਹੀਂ ਵਾਪਰਦੀ[90] । |
| ਜੰਮਣੁ[91] ਮਰਣਾ[92] ਮਿਟਿ[93] ਗਇਆ ਕਾਲੈ[94] ਕਾ ਕਿਛੁ ਨ ਬਸਾਇ[95] ॥ | His[93] comings[91] and goings[92] come to an end[94] and death then has no power[95] to obliterate him. | ਉਸ ਦੇ ਆਉਣੇ[91] ਤੇ ਜਾਣੇ[92], ਮੁਕ ਜਾਂਦੇ[93] ਹਨ ਅਤੇ ਮੌਤ[94] ਦੀ ਸਤਿਆ[95] ਨਹੀਂ ਕਿ ਉਸ ਨੂੰ ਨਾਸ ਕਰ ਦੇਵੇ । |
| ਹਰਿ ਸੇਤੀ[96] ਮਨੁ[97] ਰਵਿ ਰਹਿਆ[98] ਸਚੈ[99] ਰਹਿਆ ਸਮਾਇ[100] ॥ | His soul[97] abides[98] with[96] the Lord and ultimately it remains merged[100] in the True Being[99]. | ਉਸ ਦੀ ਆਤਮਾ[97] ਸੁਆਮੀ ਨਾਲ[96] ਵਸਦੀ[98] ਹੈ, ਤੇ ਅਖੀਰ ਨੂੰ ਸਤਿਪੁਰਖ[99] ਵਿੱਚ ਲੀਨ ਹੋਈ ਰਹਿੰਦੀ[100] ਹੈ । |
| ਨਾਨਕ ਹਉ[2] ਬਲਿਹਾਰੀ[3] ਤਿੰਨ[4] ਕਉ ਜੋ ਚਲਨਿ[5] ਸਤਿਗੁਰ ਭਾਇ[6] ॥੧॥ | Nanak, I[2] am a sacrifice[3] unto[4] those who walk[5] in the True Guru's will[6]. | ਨਾਨਕ, ਮੈਂ[2] ਉਨ੍ਹਾਂ[4] ਉੱਤੋਂ ਘੋਲੀ ਵੰਞਦਾ[3] ਹਾਂ ਜਿਹੜੇ ਸੱਚੇ ਗੁਰਾਂ ਦੀ ਰਜ਼ਾ[6] ਅੰਦਰ ਟੁਰਦੇ[5] ਹਨ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |

| | | |
|---|---|---|
| ਬਿਨੁ ਸਬਦੈ[7] ਸੁਧੁ[8] ਨ ਹੋਵਈ ਜੇ[9] ਅਨੇਕ[10] ਕਰੈ ਸੀਗਾਰ[12] ॥ | Without the Name[7], the bride becomes not pure[8], even though[9] she may make many[10] decorations[12]. | ਨਾਮ[7] ਦੇ ਬਾਝੋਂ ਪਤਨੀ ਪਵਿੱਤਰ[8] ਨਹੀਂ ਹੁੰਦੀ, ਭਾਵੇਂ[9] ਉਹ ਕਿੰਨੇ[10] ਹਾਰ-ਸ਼ਿੰਗਾਰ[12] ਕਰ ਲਵੇ । |
| ਪਿਰ[13] ਕੀ ਸਾਰ[14] ਨ ਜਾਣਈ ਦੂਜੈ[15] ਭਾਇ[16] ਪਿਆਰੁ[17] ॥ | She knows not the worth[14] of her spouse[13] and is attached[17] to another's[15] love[16]. | ਉਹ ਆਪਣੇ ਪਤੀ[13] ਦੀ ਕਦਰ[14] ਨੂੰ ਨਹੀਂ ਪਛਾਣਦੀ ਅਤੇ ਹੋਰਸ ਦੀ[15] ਪ੍ਰੀਤ[16] ਨਾਲ ਜੁੜੀ ਹੋਈ[17] ਹੈ । |
| ੬੫੨ | | |
| ਸਾ[18] ਕੁਸੁਧ[19] ਸਾ ਕੁਲਖਣੀ[20] ਨਾਨਕ ਨਾਰੀ ਵਿਚਿ ਕੁਨਾਰਿ[21] ॥੨॥ | Nanak, she[18] is impure[19], she is of ill-conduct[20] and, amongst women, an evil woman[21]. | ਨਾਨਕ, ਉਹ[18] ਅਪਵਿੱਤ੍ਰ[19] ਹੈ, ਉਹ ਬਦਚਲਣ[20] ਅਤੇ ਇਸਤਰੀਆਂ ਵਿਚੋਂ ਮੰਦੀ ਇਸਤਰੀ[21] ਹੈ । |
| ਪਉੜੀ ॥ | Pauri. | ਪਉੜੀ । |
| ਹਰਿ ਹਰਿ[22] ਅਪਣੀ ਦਇਆ[23] ਕਰਿ[24] ਹਰਿ[25] ਬੋਲੀ[26] ਬੈਣੀ[27] ॥ | Bless[24] me with Thine mercy[23], O Lord Master[22] so that I may recite[26] only the Divine[28] word[24]. | ਮੇਰੇ ਸੁਆਮੀ ਮਾਲਕ[22], ਮੇਰੇ ਉਤੇ ਆਪਣੀ ਮਿਹਰ[23] ਕਰ[24] ਤਾਂ ਜੋ ਮੈਂ ਕੇਵਲ ਈਸ਼ਵਰੀ[25] ਸ਼ਬਦ[27] ਦਾ ਉਚਾਰਨ ਕਰਦਾ[26] ਰਹਾਂ । |
| ਹਰਿ ਨਾਮੁ ਧਿਆਈ[28] ਹਰਿ ਉਚਰਾ[29] ਹਰਿ ਲਾਹਾ[30] ਲੈਣੀ[31] ॥ | And to remember[28] God's Name, utter[29] only God and obtain[31] God as my profit[30]. | ਮੈਂ ਹਰੀ ਦੇ ਨਾਮ ਨੂੰ ਸਿਮਰਦਾ[28] ਹਾਂ, ਹਰੀ ਨੂੰ ਹੀ ਉਚਾਰਦਾ[29] ਹਾਂ ਅਤੇ ਹਰੀ ਨੂੰ ਆਪਣੇ ਮੁਨਾਫ਼ੇ[30] ਵਜੋਂ ਪਾਉਂਦਾ[31] ਹਾਂ । |
| ਜੋ ਜਪਦੇ[32] ਹਰਿ ਹਰਿ[33] ਦਿਨਸੁ ਰਾਤਿ[34] ਤਿਨ[35] ਹਉ[36] ਕੁਰਬੈਣੀ[37] ॥ | They, who, day and night[34], utter[32] God's Name[33], unto them[35] I[36] am a sacrifice[37]. | ਜਿਹੜੇ ਦਿਨ ਰਾਤ[34] ਰੱਬ ਦੇ ਨਾਮ[33] ਦਾ ਸਿਮਰਨ[32] ਕਰਦੇ ਹਨ ਉਨ੍ਹਾਂ[35] ਉਤੋਂ ਮੈਂ[36] ਘੋਲੀ ਵੰਞਦਾ[37] ਹਾਂ । |
| ਜਿਨਾ ਸਤਿਗੁਰੁ ਮੇਰਾ ਪਿਆਰਾ[38] ਅਰਾਧਿਆ[39] ਤਿਨ[40] ਜਨ[41] ਦੇਖਾ[43] ਨੈਣੀ[42] ॥ | They, who contemplate[39] on my beloved[38] True Guru, those[40] persons[41], may I see[43] with mine eyes[42]. | ਜੋ ਮੇਰੇ ਪ੍ਰੀਤਮ[38] ਸੱਚੇ ਗੁਰਾਂ ਦਾ ਚਿੰਤਨ[39] ਕਰਦੇ ਹਨ, ਉਨ੍ਹਾਂ[40] ਪੁਰਸ਼ਾਂ[41] ਨੂੰ ਮੈਂ ਆਪਣੇ ਨੇਤਰਾਂ[42] ਨਾਲ ਵੇਖਣ[43] ਨੂੰ ਲੋਚਦਾ ਹਾਂ । |
| ਹਉ ਵਾਰਿਆ[44] ਅਪਣੇ ਗੁਰੂ ਕਉ ਜਿਨਿ ਮੇਰਾ ਹਰਿ ਸਜਣੁ[45] ਮੇਲਿਆ[46] ਸੈਣੀ[47] ॥੨੪॥ | I am a sacrifice unto my Guru, who has united[46] me with God, my Friend[45] and kindered[47]. | ਮੈਂ ਆਪਣੇ ਗੁਰਾਂ ਉਤੋਂ ਸਦਕੇ ਜਾਂਦਾ[44] ਹਾਂ, ਜਿਨ੍ਹਾਂ ਨੇ ਮੇਰੇ ਮਿੱਤ੍ਰ[45] ਤੇ ਸਨਬੰਧੀ[47], ਵਾਹਿਗੁਰੂ ਨਾਲ ਮੈਨੂੰ ਮਿਲਾ ਦਿੱਤਾ[46] ਹੈ । |
| ਸਲੋਕੁ ਮ: ੪ ॥ | Slok 4th Guru. | ਸਲੋਕ ਚੌਥੀ ਪਾਤਿਸ਼ਾਹੀ । |
| ਹਰਿ ਦਾਸਨ[48] ਸਿਉ ਪ੍ਰੀਤਿ[49] ਹੈ ਹਰਿ ਦਾਸਨ ਕੋ ਮਿਤੁ[50] ॥ | God bears love[49] to his servants[48] and of His servants God is the Friend[50]. | ਵਾਹਿਗੁਰੂ ਆਪਣੇ ਸੇਵਕਾਂ[48] ਨੂੰ ਪਿਆਰ[49] ਕਰਦਾ ਹੈ । ਆਪਣੇ ਸੇਵਕਾਂ ਦਾ ਵਾਹਿਗੁਰੂ ਮਿੱਤ੍ਰ[50] ਹੈ । |
| ਹਰਿ ਦਾਸਨ ਕੈ ਵਸਿ[51] ਹੈ ਜਿਉ[52] ਜੰਤੀ[53] ਕੈ ਵਸਿ ਜੰਤੁ[54] ॥ | God is in the power[51] of His attendants, as[52] the musical instrument[54] is in the power of player[53]. | ਟਹਿਲੂਆਂ ਦੇ ਆਪਣੇ ਵਾਹਿਗੁਰੂ ਐਉਂ ਇਖਤਿਆਰ[51] ਵਿੱਚ ਹੈ ਜਿਸ ਤਰ੍ਹਾਂ[52] ਸੰਗੀਤਕ ਸਾਜ਼[54], ਵਜਾਉਣ ਵਾਲੇ[53] ਦੇ ਵਸ ਹੁੰਦਾ ਹੈ । |

| | | |
|---|---|---|
| ਹਰਿ ਕੇ ਦਾਸ ਹਰਿ ਧਿਆਇਦੇ[55] ਕਰਿ ਪ੍ਰੀਤਮ[56] ਸਿਉ ਨੇਹੁ[57] ॥ | God's slaves meditate[55] on God and bear love[57] to their Beloved[56]. | ਰੱਬ ਦੇ ਗੋਲੇ ਰੱਬ ਨੂੰ ਆਰਾਧਦੇ[55] ਅਤੇ ਆਪਣੇ ਪਿਆਰੇ[56] ਨਾਲ ਮੁਹੱਬਤ[57] ਕਰਦੇ ਹਨ । |
| ਕਿਰਪਾ ਕਰਿ[58] ਕੈ ਸੁਨਹੁ[59] ਪ੍ਰਭ ਸਭ ਜਗ[60] ਮਹਿ ਵਰਸੈ[61] ਮੇਹੁ[62] ॥ | Mercifully[58] hear[59] me, O Lord, and let the rain[62] of Thine mercy fall[61] the whole world over[60]. | ਮਿਹਰ ਧਾਰ[58] ਕੇ ਮੈਨੂੰ ਸ੍ਰਵਣ ਕਰ[59], ਹੇ ਸੁਆਮੀ ! ਅਤੇ ਆਪਣੀ ਰਹਿਮਤ ਦਾ ਮੀਂਹ[62] ਸਾਰੇ ਜਗਤ[60] ਉੱਤੇ ਵਰ੍ਹਾਓ[61] । |
| ਜੋ[63] ਹਰਿ ਦਾਸਨ ਕੀ ਉਸਤਤਿ[64] ਹੈ ਸਾ[65] ਹਰਿ ਕੀ ਵਡਿਆਈ[66] ॥ | Whatever[63] the praise[64] of the Lord's slave is, that[65] is, in fact, the Lord's praise[66]. | ਜਿਹੜੀ[63] ਪ੍ਰਭੂ ਦੇ ਗੋਲੇ ਦੀ ਕੀਰਤੀ[64] ਹੈ, ਉਹ[65] ਪ੍ਰਭੂ ਦੀ ਹੀ ਉਸਤਤਿ[66] ਹੈ । |
| ਹਰਿ ਆਪਣੀ ਵਡਿਆਈ[67] ਭਾਵਦੀ[68] ਜਨ ਕਾ ਜੈਕਾਰੁ[69] ਕਰਾਈ ॥ | God loves[68] His own praise[67] and hence causes His slave to be acclaimed[69]. | ਵਾਹਿਗੁਰੂ ਨੂੰ ਆਪਣੀ ਉਸਤਤੀ[67] ਪਿਆਰੀ ਲਗਦੀ[68] ਹੈ ਅਤੇ ਉਹ ਆਪਣੇ ਗੋਲੇ ਦੀ ਵਾਹ ਵਾਹ ਕਰਵਾਉਂਦਾ[69] ਹੈ । |
| ਸੋ[70] ਹਰਿ ਜਨੁ ਨਾਮੁ ਧਿਆਇਦਾ[71] ਹਰਿ ਹਰਿ ਜਨੁ[72] ਇਕ ਸਮਾਨਿ[73] ॥ | That[70] slave of God meditates[71] on the Name; God and the God's slave[72] are altogether alike[73]. | ਉਹ[70] ਵਾਹਿਗੁਰੂ ਦਾ ਗੋਲਾ ਨਾਮ ਦਾ ਸਿਮਰਨ[71] ਕਰਦਾ ਹੈ । ਵਾਹਿਗੁਰੂ ਤੇ ਵਾਹਿਗੁਰੂ ਦਾ ਗੋਲਾ[72] ਐਨ ਇੱਕ ਜੈਸੇ[73] ਹਨ । |
| ਜਨੁ[74] ਨਾਨਕੁ ਹਰਿ ਕਾ ਦਾਸੁ[75] ਹੈ ਹਰਿ[78] ਪੈਜ[77] ਰਖਹੁ[79] ਭਗਵਾਨ[76] ॥੧॥ | Serf[74] Nanak is the servant[75] of God. O Fortunate Lord[76] God[78], uphold[79] Thou his honour[77]. | ਨਫ਼ਰ[74] ਨਾਨਕ ਵਾਹਿਗੁਰੂ ਦਾ ਸੇਵਕ[75] ਹੈ । ਹੇ ਭਾਗਾਂ ਵਾਲੇ[76] ਸੁਆਮੀ ਵਾਹਿਗੁਰੂ[78] ! ਤੂੰ ਉਸ ਦੀ ਲੱਜਿਆ[77] ਰੱਖ[79] । |
| ਮਃ ੪ ॥ | 4th Guru. | ਚੌਥੀ ਪਾਤਿਸ਼ਾਹੀ । |
| ਨਾਨਕ ਪ੍ਰੀਤਿ[80] ਲਾਈ[81] ਤਿਨਿ[82] ਸਾਚੈ[83] ਤਿਸੁ ਬਿਨੁ ਰਹਣੁ ਨ ਜਾਈ ॥ | Nanak bears[81] love[80] to the[82] True Lord[83], and without Him, he can survive not. | ਨਾਨਕ ਉਸ[82] ਸੱਚੇ ਸੁਆਮੀ[83] ਨੂੰ ਪਿਆਰ[80] ਕਰਦਾ[81] ਹੈ ਅਤੇ ਉਸ ਦੇ ਬਗੈਰ ਉਹ ਰਹਿ ਨਹੀਂ ਸਕਦਾ । |
| ਸਤਿਗੁਰੁ ਮਿਲੈ ਤ[84] ਪੂਰਾ[85] ਪਾਈਐ ਹਰਿ ਰਸਿ[86] ਰਸਨ[87] ਰਸਾਈ[88] ॥੨॥ | When the True Guru is met with, then[84] is the Perfect[85] Guru obtained and the tongue[87] enjoys[88] the Lord's elixir[86]. | ਜਦ ਸੱਚੇ ਗੁਰੂ ਜੀ ਮਿਲ ਪੈਂਦੇ ਹਨ ਤਦ[84] ਪੂਰਨ[85] ਪ੍ਰਭੂ ਪ੍ਰਾਪਤ ਹੁੰਦਾ ਹੈ, ਅਤੇ ਜੀਭ[87] ਸੁਆਮੀ ਦੇ ਅੰਮ੍ਰਿਤ[86] ਨੂੰ ਮਾਣਦੀ[88] ਹੈ । |
| ਪਉੜੀ ॥ | Pauri[36] | ਪਉੜੀ । |
| ਰੈਣਿ[89] ਦਿਨਸੁ[90] ਪਰਭਾਤਿ[91] ਤੂਹੈ ਹੀ ਗਾਵਣਾ[92] ॥ | Night[89], day[90] and morn[91], I sing[92] Thine praise, O Lord. | ਰਾਤੀਂ[89] ਦਿਨੇ[90] ਅਤੇ ਸਵੇਰੇ[91] ਮੈਂ ਤੇਰਾ ਜੱਸ ਆਲਾਪਦਾ[92] ਹਾਂ, ਹੇ ਪ੍ਰਭੂ ! |
| ਜੀਅ[93] ਜੰਤ[94] ਸਰਬਤ[95] ਨਾਉ ਤੇਰਾ ਧਿਆਵਣਾ[96] ॥ | All[95] the men[93] and other creatures[94] remember[96] but Thy Name. | ਸਾਰੇ[95] ਬੰਦੇ[93] ਅਤੇ ਹੋਰ ਜੀਵ[94] ਤੇਰੇ ਨਾਮ ਦਾ ਹੀ ਆਰਾਧਨ ਕਰਦੇ[96] ਹਨ । |
| ਤੂ ਦਾਤਾ[97] ਦਾਤਾਰੁ[98] ਤੇਰਾ ਦਿਤਾ ਖਾਵਣਾ ॥ | Thou alone art the Giver[97] and Donor[98], and we eat what Thou givest us. | ਕੇਵਲ ਤੂੰ ਹੀ ਸਖੀ[97] ਅਤੇ ਦੇਣ ਵਾਲਾ[98] ਹੈਂ ਅਤੇ ਜ ਕੁੱਛ ਦਿੰਦਾ ਹੈਂ, ਓਹੀ ਅਸੀਂ ਖਾਂਦੇ ਹਾਂ । |
| ਭਗਤ ਜਨਾ[99] ਕੈ ਸੰਗਿ[100] ਪਾਪ[2] ਗਵਾਵਣਾ[3] ॥ | In the society[100] of the pious persons[99], all the sins[2] are eradicated[3]. | ਪਵਿੱਤ੍ਰ ਪੁਰਸ਼ਾਂ[99] ਦੀ ਸੰਗਤ[100] ਅੰਦਰ ਸਾਰੇ ਗੁਨਾਹ[2] ਨਸ਼ਟ ਹੋ ਜਾਂਦੇ[3] ਹਨ । |

| | | |
|---|---|---|
| ਜਨ[4] ਨਾਨਕ ਸਦ[5] ਬਲਿਹਾਰੈ[6] ਬਲਿ ਬਲਿ ਜਾਵਣਾ ॥੨੫॥ | Slave[4] Nanak, is ever[5] a sacrifice[6], sacrifice, sacrifice unto Thee, O Lord. | ਗੋਲਾ[4] ਨਾਨਕ ਤੇਰੇ ਉਤੋਂ ਹਮੇਸ਼ਾਂ[5] ਕੁਰਬਾਨ[6], ਕੁਰਬਾਨ, ਕੁਰਬਾਨ ਵੰਞਦਾ ਹੈ, ਹੇ ਸੁਆਮੀ ! |
| ਸਲੋਕੁ ਮ: ੪ ॥ | Slok 4th Guru. | ਸਲੋਕ ਚੌਥੀ ਪਾਤਿਸ਼ਾਹੀ । |
| ਅੰਤਰਿ[7] ਅਗਿਆਨੁ[8] ਭਈ[13] ਮਤਿ[9] ਮਧਿਮ[10] ਸਤਿਗੁਰ ਕੀ ਪਰਤੀਤਿ[12] ਨਾਹੀ ॥ | He, within[7] whom is spiritual ignorance[8] and who puts not faith[12] in the True Guru, his understanding[9] is rendered[13] dim[10]. | ਜਿਸ ਦੇ ਅੰਦਰ[7] ਆਤਮਕ ਅਨ੍ਹੇਰਾ[8] ਹੈ, ਅਤੇ ਜੋ ਸੱਚੇ ਗੁਰਾਂ ਉਤੇ ਭਰੋਸਾ[12] ਨਹੀਂ ਧਾਰਦਾ, ਉਸ ਦੀ ਬੁਧੀ[9] ਮੰਦ[10] ਪੈ ਜਾਂਦੀ[13] ਹੈ । |
| ਅੰਦਰਿ ਕਪਟੁ[14] ਸਭੁ ਕਪਟੋ ਕਰਿ ਜਾਣੈ[15] ਕਪਟੇ ਖਪਹਿ ਖਪਾਹੀ[16] ॥ | He, within whom is deceit[14], deems[15] all deceitful and through this deception, he is utterly ruined[16]. | ਜਿਸ ਦੇ ਅੰਦਰ ਛਲ ਫਰੇਬ[14] ਹੈ, ਉਹ ਸਾਰਿਆਂ ਨੂੰ ਛਲੀਏ ਸਮਝਦਾ[15] ਹੈ, ਅਤੇ ਇਸ ਛਲ-ਫਰੇਬ ਰਾਹੀਂ ਉਹ ਬਿਲਕੁਲ ਤਬਾਹ ਹੋ ਜਾਂਦਾ[16] ਹੈ । |
| ਸਤਿਗੁਰ ਕਾ ਭਾਣਾ[17] ਚਿਤਿ[18] ਨ ਆਵੈ[19] ਆਪਣੈ[21] ਸੁਆਇ[20] ਫਿਰਾਹੀ[22] ॥ | The True Guru's will[17] enters[19] not his mind[18] and he wanders[22] about for his own[21] interests[20]. | ਸੱਚੇ ਗੁਰਾਂ ਦੀ ਰਜ਼ਾ[17] ਉਸ ਦੇ ਮਨ[18] ਵਿੱਚ ਪ੍ਰਵੇਸ਼[19] ਨਹੀਂ ਕਰਦੀ ਤੇ ਉਹ ਆਪਣੇ ਨਿੱਜ ਦੇ[21] ਮਨੋਰਥ[20] ਲਈ ਭਟਕਦਾ ਫਿਰਦਾ[22] ਹੈ । |
| ਕਿਰਪਾ[23] ਕਰੇ[28] ਜੇ[24] ਆਪਣੀ ਤਾ[25] ਨਾਨਕ ਸਬਦਿ[26] ਸਮਾਹੀ[27] ॥੧॥ | If[24] the Lord bestows[28] His mercy[23], then[25] is Nanak absorbed[27] in His Name[26]. | ਜੇਕਰ[24] ਸੁਆਮੀ ਆਪਣੀ ਰਹਿਮਤ[23] ਧਾਰੇ[28], ਤਦ[25] ਹੀ ਨਾਨਕ ਉਸ ਦੇ ਨਾਮ[26] ਅੰਦਰ ਲੀਨ ਹੁੰਦਾ[27] ਹੈ । |
| ਮ: ੪ ॥ | 4th Guru. | ਚੌਥੀ ਪਾਤਿਸ਼ਾਹੀ । |
| ਮਨਮੁਖ[29] ਮਾਇਆ[30] ਮੋਹਿ[31] ਵਿਆਪੇ[32] ਦੂਜੈ[33] ਭਾਇ[34] ਮਨੂਆ[35] ਥਿਰੁ[36] ਨਾਹਿ ॥ | The way-ward[29] are engrossed[32] in the love[31] of wealth[30]; because of another's[33] love[34] their mind[35] becomes not steady[36]. | ਆਪ-ਹੁਦਰੇ[29] ਦੌਲਤ[30] ਦੀ ਪ੍ਰੀਤ[31] ਵਿੱਚ ਖੱਚਤ ਹੋਏ ਹੋਏ[32] ਹਨ । ਹੋਰਸ[33] ਦੀ ਪ੍ਰੀਤ[34] ਦੇ ਕਾਰਨ ਉਨ੍ਹਾਂ ਦਾ ਮਨ[35] ਅਸਥਿਰ[36] ਨਹੀਂ ਰਹਿੰਦਾ । |
| ਅਨਦਿਨੁ[37] ਜਲਤ[38] ਰਹਹਿ ਦਿਨੁ ਰਾਤੀ[39] ਹਉਮੈ[40] ਖਪਹਿ ਖਪਾਹਿ[41] ॥ | Day and night[39], they ever[37] continue burning[38] and by egotism[40] they are utterly ruined[41]. | ਦਿਹੁੰ ਰੈਣ[39], ਉਹ ਸਦਾ[39] ਸੜਦੇ ਰਹਿੰਦੇ[38] ਹਨ ਅਤੇ ਹੰਕਾਰ[40] ਦੁਆਰਾ ਬਿਲਕੁਲ ਤਬਾਹ ਹੋ ਗਏ[41] ਹਨ । |
| ਅੰਤਰਿ[42] ਲੋਭੁ[43] ਮਹਾ[44] ਗੁਬਾਰਾ[45] ਤਿਨ ਕੈ[46] ਨਿਕਟਿ[47] ਨਾ ਕੋਈ ਜਾਹਿ ॥ | In their mind[42] is the pitch darkness[45] of avarice[43] and none[44] draws near[47] them[46]. | ਉਨ੍ਹਾਂ ਦੇ ਮਨ[42] ਵਿੱਚ ਲੋਭ[43] ਦਾ ਅਨ੍ਹੇਰਾ[45]-ਘੁੱਪ[44] ਹੈ । ਕੋਈ ਭੀ ਉਨ੍ਹਾਂ[46] ਦੇ ਲਾਗੇ[47] ਨਹੀਂ ਲਗਦਾ । |
| ਓਇ ਆਪਿ[48] ਦੁਖੀ[49] ਸੁਖੁ ਕਬਹੂ[50] ਨ ਪਾਵਹਿ ਜਨਮਿ[51] ਮਰਹਿ[52] ਮਰਿ ਜਾਹਿ[53] ॥ | They themselves[48] are miserable[49] and obtain not peace ever[50]. They die[53] and continue coming[51] and going[52]. | ਉਹ ਖ਼ੁਦ[48] ਗ਼ਮ-ਮਾਰੇ[49] ਹਨ ਅਤੇ ਕਦਾਚਿੱਤ[50] ਸੁਖ ਨਹੀਂ ਪਾਉਂਦੇ । ਉਹ ਮਰ ਜਾਂਦੇ[53] ਹਨ ਅਤੇ ਜੰਮਦੇ[51] ਤੇ ਮਰਦੇ[52] ਰਹਿੰਦੇ ਹਨ । |
| ਨਾਨਕ ਬਖਸਿ[54] ਲਏ ਪ੍ਰਭੁ ਸਾਚਾ[55] ਜਿ[56] ਗੁਰ ਚਰਨੀ[57] ਚਿਤੁ[58] ਲਾਹਿ[59] ॥੨॥ | Nanak, the True Lord[55] forgives[54], those, who[56] attach[59] their mind[58] to Guru's feet[57]. | ਨਾਨਕ, ਸੱਚਾ ਸੁਆਮੀ[55] ਉਨ੍ਹਾਂ ਨੂੰ ਮਾਫ਼ ਕਰ ਦਿੰਦਾ[54] ਹੈ, ਜਿਹੜੇ[56] ਆਪਣੇ ਮਨ[58] ਨੂੰ ਗੁਰਾਂ ਦੇ ਚਰਣਾਂ[57] ਨਾਲ ਜੋੜਦੇ[59] ਹਨ । |
| ਪਉੜੀ ॥ | Pauri. | ਪਉੜੀ । |

| | | |
|---|---|---|
| ਸੰਤ ਭਗਤ[61] ਪਰਵਾਣੁ[62] ਜੋ[63] ਪ੍ਰਭਿ ਭਾਇਆ[64] ॥ | That saint and devotee[61] becomes acceptable[62] to the Lord whom[63] He loves[64]. | ਉਹ ਸਾਧੂ ਤੇ ਸ਼ਰਧਾਲੂ[61] ਕਬੂਲ ਪੈ ਜਾਂਦਾ[62] ਹੈ ਜਿਸ ਨੂੰ[63] ਸੁਆਮੀ ਪਿਆਰ ਕਰਦਾ[64] ਹੈ। |
| ਸੇਈ[60] ਬਿਚਖਣ[65] ਜੰਤ[66] ਜਿਨੀ ਹਰਿ ਧਿਆਇਆ[67] ॥ | Wise[65] are the[60] persons[66], who meditate[67] on their Lord. | ਸਿਆਣੇ[65] ਹਨ ਉਹ[60] ਪੁਰਸ਼[66] ਜੋ ਆਪਣੇ ਸੁਆਮੀ ਦਾ ਸਿਮਰਨ ਕਰਦੇ[67] ਹਨ। |
| ਅੰਮ੍ਰਿਤੁ[68] ਨਾਮੁ ਨਿਧਾਨੁ[69] ਭੋਜਨੁ[70] ਖਾਇਆ[71] ॥ | They partake[71] of the food[70] of the Nectar-Name[68], the treasure[69] of all the virtues. | ਉਹ ਸੁਧਾ ਸਰੂਪ ਨਾਮ[68] ਦਾ ਖਾਣਾ[70] ਖਾਂਦੇ[71] ਹਨ, ਜੋ ਸਾਰੀਆਂ ਨੇਕੀਆਂ ਦਾ ਖ਼ਜ਼ਾਨਾ[69] ਹੈ। |
| ਸੰਤ ਜਨਾ[72] ਕੀ ਧੂਰਿ[73] ਮਸਤਕਿ[74] ਲਾਇਆ[75] ॥ | The dust[73] of the pious persons'[72] feet, tbey apply[75] to their forehead[74]. | ਪਵਿੱਤ੍ਰ ਪੁਰਸ਼ਾਂ[72] ਦੇ ਪੈਰਾਂ ਦੀ ਧੂੜ[73] ਉਹ ਆਪਣੇ ਮਥੇ[74] ਨੂੰ ਲਾਉਂਦੇ[75] ਹਨ। |
| ਨਾਨਕ ਭਏ[76] ਪੁਨੀਤ[77] ਹਰਿ ਤੀਰਥਿ[78] ਨਾਇਆ[79] ॥੨੬॥ | Nanak, bathing[79] at the Lord's shrine[78], they are rendered[76] immaculate[77]. | ਨਾਨਕ ਪ੍ਰਭੂ ਦੇ ਧਰਮ ਅਸਥਾਨ[78] ਤੇ ਨ੍ਹਾ ਕੇ[79] ਉਹ ਪਵਿੱਤਰ[77] ਥੀ ਵੰਞਦੇ[76] ਹਨ। |
| ੬੫੩ | | |
| ਸਲੋਕੁ ਮ: ੪ ॥ | Slok 4th Guru. | ਸਲੋਕ ਚੌਥੀ ਪਾਤਿਸ਼ਾਹੀ। |
| ਗੁਰਮੁਖਿ[80] ਅੰਤਰਿ[81] ਸਾਂਤਿ[82] ਹੈ ਮਨਿ[83] ਤਨਿ[84] ਨਾਮਿ ਸਮਾਇ[85] ॥ | In the mind[81] of the Guru-ward[80] prevails[82] peace and his soul[83] and body[84] are absorbed[85] in the Lord's Name. | ਗੁਰੂ-ਸਮਰਪਨ[80] ਦੇ ਮਨ[81] ਅੰਦਰ ਠੰਢ-ਚੈਨ[82] ਹੈ। ਉਸ ਦੀ ਆਤਮਾ[83] ਤੇ ਦੇਹ[84] ਸਾਹਿਬ ਦੇ ਨਾਮ ਵਿੱਚ ਲੀਨ[85] ਹਨ। |
| ਨਾਮੋ ਚਿਤਵੈ[86] ਨਾਮੁ ਪੜੈ[87] ਨਾਮਿ ਰਹੈ ਲਿਵ[88] ਲਾਇ[89] ॥ | He contemplates[86] on the Name, persues[87] the Name and with the Name, he remains attached[89] in love[88]. | ਉਹ ਨਾਮ ਨੂੰ ਸਿਮਰਦਾ[86] ਹੈ, ਨਾਮ ਨੂੰ ਹੀ ਵਾਚਦਾ[87] ਹੈ ਅਤੇ ਨਾਮ ਦੇ ਨਾਲ ਹੀ ਉਹ ਪਿਆਰ[88] ਅੰਦਰ ਜੁੜਿਆ ਰਹਿੰਦਾ[89] ਹੈ। |
| ਨਾਮੁ ਪਦਾਰਥੁ[90] ਪਾਇਆ ਚਿੰਤਾ[91] ਗਈ ਬਿਲਾਇ[92] ॥ | He obtains the treasure[90] of the Name and his anxiety[21] is all despelled[92]. | ਉਹ ਨਾਮ ਦੀ ਦੌਲਤ[90] ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਉਸ ਦਾ ਸਾਰਾ ਫ਼ਿਕਰ[91] ਦੂਰ ਹੋ ਜਾਂਦਾ[92] ਹੈ। |
| ਸਤਿਗੁਰਿ ਮਿਲਿਐ ਨਾਮੁ ਊਪਜੈ[93] ਤਿਸਨਾ[94] ਭੁਖ[95] ਸਭ ਜਾਇ[96] ॥ | Meeting with the True Guru, the Name wells up[93] and his thirst[94] and hunger[95] are all removed[96]. | ਸੱਚੇ ਗੁਰਾਂ ਨਾਲ ਮਿਲਣ ਤੇ ਨਾਮ ਉਤਪੰਨ ਹੁੰਦਾ[93] ਹੈ। ਉਸ ਦੀ ਤ੍ਰੇਹ ਤੇ ਖੁਦਿਆ[95] ਸਭ ਨਵਿਰਤ ਹੋ ਜਾਂਦੀਆਂ[96] ਹਨ। |
| ਨਾਨਕ ਨਾਮੇ ਰਤਿਆ[97] ਨਾਮੋ ਪਲੈ[98] ਪਾਇ[99] ॥੧॥ | Nanak, imbued[97] with the Name, he gathers[99] only the Name in his skirt[98]. | ਨਾਨਕ, ਨਾਮ ਨਾਲ ਰੰਗੀਜਣ ਦੁਆਰਾ[97], ਉਹ ਨਾਮ ਨੂੰ ਹੀ ਆਪਣੀ ਝੋਲੀ[98] ਵਿੱਚ ਪ੍ਰਾਪਤ ਕਰਦਾ[90] ਹੈ। |
| ਮ: ੪ ॥ | 4th Guru. | ਚੌਥੀ ਪਾਤਿਸ਼ਾਹੀ। |
| ਸਤਿਗੁਰ ਪੁਰਖਿ[100] ਜਿ[2] ਮਾਰਿਆ[3] ਭ੍ਰਮਿ ਭ੍ਰਮਿਆ[4] ਘਰੁ[5] ਛੋਡਿ ਗਇਆ[6] ॥ | He, who[2] is cursed[3] by the Omnipotent[100] True Guru, leaves[6] his home[5] and ever wanders about[4]. | ਜੋ[2] ਸਰਬ-ਸ਼ਕਤੀਵਾਨ[100] ਸੱਚੇ ਗੁਰਾਂ ਦਾ ਫਿਟਕਾਰਿਆ ਹੋਇਆ[3] ਹੈ ਉਹ ਆਪਣਾ ਝੁੱਗਾ[5] ਤਿਆਗ[6] ਕੇ ਸਦਾ ਹੀ ਭਟਕਦਾ ਫਿਰਦਾ[4] ਹੈ। |
| ਓਸੁ ਪਿਛੈ ਵਜੈ ਫਕੜੀ[7] ਮੁਹੁ[8] ਕਾਲਾ[9] ਆਗੈ[10] ਭਇਆ ॥ | He is followed by hootings[7] and his face[8] is blackened[9] in the world-beyond[10]. | ਉਸ ਦੇ ਮਗਰ ਤੁਹਿ ਤੁਹਿ[7] ਹੁੰਦੀ ਹੈ ਅਤੇ ਉਸ ਦਾ ਚਿਹਰਾ[8] ਪ੍ਰਲੋਕ[10] ਵਿੱਚ ਕਾਲਾ ਕੀਤਾ ਜਾਂਦਾ[9] ਹੈ। |

| | | |
|---|---|---|
| ਓਸੁ ਅਰਲੁ ਬਰਲੁ[12] ਮੁਹਹੁ[13] ਨਿਕਲੈ[14] ਨਿਤ ਝਗੂ[15] ਸੁਟਦਾ[16] ਮੁਆ[17] ॥ | Incoherent words[12] issue forth[14] from his mouth[13] and he dies[17] spluttering[16] forth spume[15]. | ਉਲਟ ਪੁਲਟ ਗੱਲਾਂ[12] ਉਸ ਦੇ ਮੂੰਹੋਂ[13] ਨਿਕਲਦੀਆਂ ਹਨ ਅਤੇ ਉਹ ਲਾਲਾਂ[15] ਸੁਟਦਾ ਹੋਇਆ[16] ਮਰ ਜਾਂਦਾ[17] ਹੈ । |
| ਕਿਆ[18] ਹੋਵੈ ਕਿਸੈ[19] ਹੀ ਦੈ ਕੀਤੈ[20] ਜਾਂ[21] ਧੁਰਿ[22] ਕਿਰਤੁ[23] ਉਸ ਦਾ ਏਹੋ ਜੇਹਾ[24] ਪਇਆ[25] ॥ | What[18] can be done by any body's[19] doing[20], when[21] he is so[24] destined[25] by God[22] for his past deeds[23] ? | ਕਿਸੇ ਜਣੇ[19] ਦੇ ਕਰਨ[20] ਨਾਲ ਕੀ[18] ਹੋ ਸਕਦਾ ਹੈ, ਜਦ[21] ਕਿ ਉਸ ਦੇ ਪੂਰਬਲੇ ਕਰਮਾਂ[23]ਕਾਰਨ, ਵਾਹਿਗੁਰੂ[22] ਨੇ ਉਸ ਲਈ ਐਹੋ ਜੇਹਾ[24] ਲਿਖ ਛੱਡਿਆ[25] ਹੈ । |
| ਜਿਥੈ[26] ਓਹੁ ਜਾਇ ਤਿਥੈ[27] ਓਹੁ ਝੂਠਾ[28] ਕੂੜੁ[29] ਬੋਲੇ[30] ਕਿਸੈ ਨ ਭਾਵੈ[31] ॥ | Wherever[26] he goes, there[27] he is proved a liar[28] and his telling[30] of falsehood[29] pleases[31] none. | ਜਿੱਥੇ ਕਿਤੇ[26] ਭੀ ਉਹ ਜਾਂਦਾ ਹੈ, ਉੱਥੇ[27] ਉਹ ਕੂੜਾ[28] ਸਾਬਤ ਹੋ ਜਾਂਦਾ ਹੈ । ਉਸ ਦਾ ਝੂਠ[29] ਬਕਣਾ[30] ਕਿਸੇ ਨੂੰ ਭੀ ਚੰਗਾ ਨਹੀਂ ਲਗਦਾ[31] । |
| ਵੇਖਹੁ[32] ਭਾਈ[33] ਵਡਿਆਈ[34] ਹਰਿ[35] ਸੰਤਹੁ[36] ਸੁਆਮੀ[37] ਅਪੁਨੇ ਕੀ ਜੈਸਾ[40] ਕੋਈ ਕਰੈ ਤੈਸਾ[38] ਕੋਈ ਪਾਵੈ[39] ॥ | O brethren[33] and saints[36], see[32] this greatness[34] of God[35], our Lord[37], As[40] an one does, so[38] receives[39] he. | ਹੇ ਭਰਾਉ[33] ਅਤੇ ਸਾਧੂਉ[36] ! ਆਪਣੇ ਸਾਹਿਬ[37], ਵਾਹਿਗੁਰੂ[35]ਦੀ ਇਹ ਵਿਸ਼ਾਲਤਾ[34] ਦੇਖੋ[32] । ਜੇਹੋ ਜੇਹਾ[40] ਬੰਦਾ ਕਰਦਾ ਹੈ, ਉਹੋ ਜੇਹਾ[38] (ਫਲ) ਹੀ ਉਹ ਪਾਉਂਦਾ[39] ਹੈ । |
| ਏਹੁ ਬ੍ਰਹਮ[41] ਬੀਚਾਰੁ[42] ਹੋਵੈ ਦਰਿ[43] ਸਾਚੈ ਅਗੋ[44] ਦੇ ਜਨੁ[45] ਨਾਨਕੁ ਆਖਿ[46] ਸੁਣਾਵੈ[47] ॥੨॥ | This shall be the Lord's[41] consideration[42] in His true court[43] Slave[45] Nanak fore[44]-tells[46] and proclaims[47] this. | ਪ੍ਰਭੂ[41] ਦੇ ਸੱਚੇ ਦਰਬਾਰ[43] ਵਿੱਚ ਇਹ ਫ਼ੈਸਲਾ[42] ਹੋਵੇਗਾ । ਗੋਲਾ[45] ਨਾਨਕ ਇਸ ਨੂੰ ਅਗੇਤਰਾ[44] ਹੀ ਕਹਿ ਕੇ[46] ਸੁਣਾਉਂਦਾ[47] ਹੈ । |
| ਪਉੜੀ ॥ | Pauri. | ਪਉੜੀ । |
| ਗੁਰਿ ਸਚੈ ਬਧਾ[48] ਥੇਹੁ[49] ਰਖਵਾਲੇ[50] ਗੁਰਿ ਦਿਤੇ[51] ॥ | The True Guru has established[48] the village[49] and he, the Guru, has appointed[51] the guards[50] as well. | ਸੱਚੇ ਗੁਰਾਂ ਨੇ ਪਿੰਡ[49] ਦੀ ਮੋੜ੍ਹੀ ਗੱਡੀ[48] ਹੈ ਅਤੇ ਉਨ੍ਹਾਂ ਗੁਰਾਂ ਨੇ ਹੀ ਰਾਖੇ[50] ਮੁਕੱਰਰ ਕੀਤੇ[51] ਹਨ । |
| ਪੂਰਨ[52] ਹੋਈ ਆਸ[53] ਗੁਰ ਚਰਣੀ[54] ਮਨ[55] ਰਤੇ[56]॥ | My hope[53] is fulfilled[52] and my mind[55] is imbued[56] with the love of the Guru's feet[54]. | ਮੇਰੀ ਉਮੈਦ[53] ਪੂਰੀ ਹੋ ਗਈ[52] ਹੈ ਅਤੇ ਮੇਰਾ ਚਿੱਤ[55] ਗੁਰਾਂ ਦੇ ਪੈਰਾਂ[54] ਦੇ ਪ੍ਰੇਮ ਨਾਲ ਰੰਗਿਆ ਗਿਆ[56] ਹੈ । |
| ਗੁਰਿ ਕ੍ਰਿਪਾਲਿ[57] ਬੇਅੰਤਿ[58] ਅਵਗੁਣ[59] ਸਭਿ ਹਤੇ[60] ॥ | Infinitely[58] merciful[57] is my Guru, who has effaced[60] all my sins[59]. | ਬੇਹੱਦ[58] ਹੀ ਮਿਹਰਬਾਨ[57] ਹਨ ਮੇਰੇ ਗੁਰਦੇਵ, ਜਿਨ੍ਹਾਂ ਨੇ ਮੇਰੇ ਸਾਰੇ ਪਾਪ[59] ਨਾਸ ਕਰ ਦਿੱਤੇ[60] ਹਨ । |
| ਗੁਰਿ ਅਪਣੀ ਕਿਰਪਾ[61] ਧਾਰਿ[62] ਅਪਣੇ[63] ਕਰਿ ਲਿਤੇ[64] ॥ | Showering[62] his benediction[61], the Guru has made[64] me his own[63]. | ਆਪਣੀ ਰਹਿਮਤ[61] ਨਿਛਾਵਰ ਕਰ ਕੇ[62], ਗੁਰਾਂ ਨੇ ਮੈਨੂੰ ਆਪਣਾ ਨਿਜ[63] ਦਾ ਬਣਾ ਲਿਆ[64] ਹੈ । |
| ਨਾਨਕ ਸਦ[65] ਬਲਿਹਾਰ[66] ਜਿਸੁ ਗੁਰ ਕੇ ਗੁਣ[67] ਇਤੇ[68] ॥੨੭॥ | Nanak is ever[65] a sacrifice[66] unto the Guru, who is possessed of so many[68] merits[67]. | ਨਾਨਕ ਗੁਰਾਂ ਉਤੋਂ ਸਦੀਵ[65] ਹੀ ਸਦਕੇ ਜਾਂਦਾ[66] ਹੈ, ਜਿਨ੍ਹਾਂ ਵਿੱਚ ਐਨੀਆਂ[68] ਚੰਗਿਆਈਆਂ[67] ਹਨ । |
| ਸਲੋਕੁ ਮ: ੧ ॥ | Slok 1st Guru. | ਸਲੋਕ ਪਹਿਲੀ ਪਾਤਿਸ਼ਾਹੀ । |
| ਤਾਕੀ[69] ਰਜਾਇ[70] ਲੇਖਿਆ[71] | Under His[69] command[70], we receive[72] | ਉਸ[69] ਦੇ ਹੁਕਮ[70] ਤਾਬੇ ਜਿਹੜਾ ਕੁੱਛ ਸਾਡੇ ਲਈ |

| | | |
|---|---|---|
| ਪਾਇ[72] ਅਬ[73] ਕਿਆ[74] ਕੀਜੈ ਪਾਂਡੇ ॥ ਹੁਕਮੁ[75] ਹੋਆ ਹਾਸਲੁ[76] ਤਦੇ[77] ਹੋਇ ਨਿਬੜਿਆ[78] ਹੰਢਹਿ[80] ਜੀਅ[79] ਕਮਾਂਦੇ[81] ॥ ੧॥ | what is destined[71] for us. What[74] can we do now[73], O Pandit ? When the Lord's command[75] is received[76], then[77] is decided[78] everything, and men[79] move[80] and act[81] accordingly. | ਲਿਖਿਆ ਹੋਇਆ[71] ਹੈ, ਉਹ ਅਸੀਂ ਲੈਂਦੇ[72]ਹਾਂ। ਹੁਣ[73] ਅਸੀਂ ਕੀ[74] ਕਰ ਸਕਦੇ ਹਾਂ, ਹੇ ਪੰਡਤ ? ਜਦ ਪ੍ਰਭੂ ਦਾ ਫ਼ੁਰਮਾਨ[75] ਆ ਜਾਂਦਾ[76] ਹੈ, ਤਾਂ[77] ਹਰ ਸ਼ੈ ਦਾ ਫ਼ੈਸਲਾ ਹੋ ਜਾਂਦਾ[78] ਹੈ, ਅਤੇ ਇਨਸਾਨ[79] ਉਸ ਦੇ ਅਨੁਸਾਰ ਟੁਰਦੇ[80] ਤੇ ਕੰਮ ਕਰਦੇ[81] ਹਨ। |
| ਮ: ੨ ॥ | 2nd Guru. | ਦੂਜੀ ਪਾਤਿਸ਼ਾਹੀ। |
| ਨਕਿ ਨਥ[82] ਖਸਮ[83] ਹਥ[84] ਕਿਰਤੁ[85] ਧਕੇ[86] ਦੇ ॥ | The nose-string[82] is in the Master's[83] hands[84] and man's own acts[85] drive[86] him on. | ਨੱਕ ਦੀ ਨਕੇਲ[82] ਮਾਲਕ[83] ਦੇ ਹੱਥ[84] ਵਿੱਚ ਹੈ ਅਤੇ ਆਦਮੀ ਦੇ ਅਮਲ[85] ਉਸ ਨੂੰ ਧਕੇਲਦੇ[86] ਹਨ। |
| ਜਹਾ[87] ਦਾਣੇ[88] ਤਹਾਂ[89] ਖਾਣੇ[90] ਨਾਨਕਾ ਸਚੁ[91] ਹੇ[92] ॥੨॥ | Whithersoever[87] is man's feed[88], thither[89] he goes to eat[90] it. O Nanak, this alone is[92] the only truth[91]. | ਜਿੱਥੇ ਕਿਤੇ[87] ਭੀ ਬੰਦੇ ਦੀ ਰੋਜ਼ੀ[78] ਹੈ, ਓਥੇ[89] ਹੀ ਉਹ ਇਸ ਨੂੰ ਖਾਣ[90] ਲਈ ਜਾਂਦਾ ਹੈ। ਹੇ ਨਾਨਕ ! ਕੇਵਲ ਏਹੀ ਨਿਰੋਲ ਸੱਚ[91] ਹੈ[92]। |
| ਪਉੜੀ ॥ | Pauri. | ਪਉੜੀ। |
| ਸਭੇ ਗਲਾ[93] ਆਪਿ[94] ਥਾਟਿ[95] ਬਹਾਲੀਓਨੁ[96] ॥ | The Lord Himself[94] puts[96] everything[93] in its proper place[95]. | ਸੁਆਮੀ ਖ਼ੁਦ[94] ਹਰ ਵਸਤੂ[93] ਨੂੰ ਇਸ ਦੇ ਮੁਨਾਸਬ ਟਿਕਾਣੇ[95] ਤੇ ਰੱਖਦਾ[96] ਹੈ। |
| ਆਪੇ[97] ਰਚਨੁ[98] ਰਚਾਇ[99] ਆਪੇ ਹੀ ਘਾਲਿਓਨੁ[100] ॥ | Himself[97] creating[99] the creation[98], the Lord Himself destroys[100] it. | ਖ਼ੁਦ[97] ਉਤਪਤੀ[98] ਨੂੰ ਉਤਪੰਨ[99] ਕਰ ਕੇ, ਸਾਹਿਬ ਆਪ ਹੀ ਇਸ ਨੂੰ ਨਾਸ ਕਰ ਦਿੰਦਾ[100] ਹੈ। |
| ਆਪੇ ਜੰਤ[2] ਉਪਾਇ[3] ਆਪਿ ਪ੍ਰਤਿਪਾਲਿਓਨੁ[4] ॥ | Fashioning[3] the creatures[2] Himself, He Himself nourishes[4] them. | ਖ਼ੁਦ ਜੀਵਾਂ[2] ਨੂੰ ਸਾਜ ਕੇ[3], ਉਹ ਖ਼ੁਦ ਹੀ ਉਨ੍ਹਾਂ ਦਾ ਪਾਲਣਾ ਪੋਸਣਾ ਕਰਦਾ[4] ਹੈ। |
| ਦਾਸ[5] ਰਖੇ ਕੰਠਿ[6] ਲਾਇ ਨਦਰਿ[7] ਨਿਹਾਲਿਓਨੁ[8] ॥ | His attendents[5] He hugs to His bosom[6] and makes them happy[8] with his gracious glance[7]. | ਆਪਣੇ ਸੇਵਕਾਂ[5] ਨੂੰ ਉਹ ਆਪਣੀ ਛਾਤੀ[6]ਨਾਲ ਲਾਉਂਦਾ ਹੈ ਅਤੇ ਆਪਣੀ ਮਿਹਰ ਦੀ ਨਿਗ੍ਹਾ[7] ਨਾਲ ਉਨ੍ਹਾਂ ਨੂੰ ਨਿਹਾਲ[8] ਕਰ ਦਿੰਦਾ ਹੈ। |
| ਨਾਨਕ ਭਗਤਾ[9] ਸਦਾ[10] ਅਨੰਦੁ[12] ਭਾਉ[13] ਦੂਜਾ[14] ਜਾਲਿਓਨੁ[15] ॥੨੮॥ | Nanak, His saints[9] are ever[10] in bliss[12] and the love[13] of another[14]. they consign to fire[15]. | ਨਾਨਕ, ਉਸ ਦੇ ਸਾਧੂ[9] ਹਮੇਸ਼ਾ[10] ਖ਼ੁਸ਼ੀ[12] ਅੰਦਰ ਵਸਦੇ ਹਨ। ਹੋਰਸ[14] ਦੀ ਪ੍ਰੀਤ[13] ਨੂੰ ਉਹ ਸਾੜ ਸੁਟਦੇ[15] ਹਨ। |
| ਸਲੋਕੁ ਮ: ੩ ॥ | Slok 3rd Guru. | ਸਲੋਕ ਤੀਜੀ ਪਾਤਿਸ਼ਾਹੀ। |
| ਏ[16] ਮਨ[17] ਹਰਿ ਜੀ[18] ਧਿਆਇ[19] ਤੂ ਇਕ ਮਨਿ[20] ਇਕ ਚਿਤਿ[21] ਭਾਇ[22] ॥ | O[16] my soul[17], lovingly[22] remember[19] Thou, the Beloved Lord[10] single-mindedly[20] and with rapt attention[21]. | ਹੇ[16] ਮੇਰੀ ਜਿੰਦੜੀਏ[17] ! ਤੂੰ ਇਕਾਗਰ[20] ਚਿੱਤ ਤੇ ਅਫੁਰ ਲੀਨਤਾ[21] ਦੁਆਰਾ ਪੂਜਯ ਪ੍ਰਭੂ[18] ਦਾ ਪਿਆਰ[22] ਨਾਲ ਸਿਮਰਨ ਕਰ[19]। |
| ਹਰਿ ਕੀਆ ਸਦਾ[23] ਸਦਾ[24] ਵਡਿਆਈਆ[25] ਦੇਇ[26] ਨ ਪਛੋਤਾਇ[27] ॥ | Imperishable[23] and everlasting[24] are the God's glories[25] and He regrets[27] not what He gives[26]. | ਅਬਿਨਾਸੀ[23] ਤੇ ਸਦੀਵੀ ਸਥਿਰ[24] ਹਨ ਵਾਹਿਗੁਰੂ ਦੀਆਂ ਬਜ਼ੁਰਗੀਆਂ[25]। ਉਹ ਦੇ ਕੇ[26] ਪਸਚਾਤਾਪ[27] ਨਹੀਂ ਕਰਦਾ। |
| ਹਉ ਹਰਿ ਕੈ ਸਦ[28] | I am ever[28] a sacrifice[29] unto God, | ਮੈਂ ਹਮੇਸ਼ਾ[28] ਵਾਹਿਗੁਰੂ ਉਤੋਂ ਕੁਰਬਾਨ[29] ਜਾਂਦਾ ਹਾਂ ਜਿਸ |

| | | |
|---|---|---|
| ਬਲਿਹਾਰਣੈ[29] ਜਿਤੁ ਸੇਵਿਐ[30] ਸੁਖੁ[31] ਪਾਇ ॥ | serving[30] whom peace[31] is attained | ਦੀ ਟਹਿਲ ਕਮਾਉਣ[30] ਨਾਲ ਆਰਾਮ[31] ਪ੍ਰਾਪਤ ਹੁੰਦਾ ਹੈ । |
| ਨਾਨਕ ਗੁਰਮੁਖਿ[32] ਮਿਲਿ[33] ਰਹੈ ਹਉਮੈ[34] ਸਬਦਿ[35] ਜਲਾਇ[36] ॥੧॥ | Nanak, burning[36] his ego[34] with the Name[35], the Guru-ward[32] remains merged[33] in the Lord. | ਨਾਨਕ, ਨਾਮ[35] ਨਾਲ ਆਪਣੀ ਹੰਗਤਾ[34] ਨੂੰ ਸਾੜ ਕੇ[36] ਗੁਰੂ ਅਨੁਸਾਰੀ[32] ਸੁਆਮੀ ਅੰਦਰ ਲੀਨ ਰਹਿੰਦਾ[33] ਹੈ । |
| ਮ: ੩ ॥ | 3rd Guru. | ਤੀਜੀ ਪਾਤਿਸ਼ਾਹੀ । |
| ਆਪੇ[40] ਸੇਵਾ[37] ਲਾਇਅਨੁ[38] ਆਪੇ ਬਖਸ[39] ਕਰੇਇ ॥ | The Lord Himself[40] engages[38] men in His service[37] and Himself rewards[39] them | ਸਾਈਂ ਆਪ[40] ਬੰਦਿਆਂ ਨੂੰ ਆਪਣੀ ਟਹਿਲੇ[37] ਲਾਉਂਦਾ[38] ਹੈ ਅਤੇ ਆਪ ਹੀ ਉਨ੍ਹਾਂ ਨੂੰ ਬਖਸ਼ਿਸ਼ ਕਰਦਾ[39] ਹੈ । |
| ਸਭਨਾ[41] ਕਾ ਮਾ[42] ਪਿਉ[43] ਆਪਿ ਹੈ ਆਪੇ ਸਾਰ ਕਰੇਇ[43*] ॥ | He Himself is the father[43] and mother[42] of all[41] and Himself He, takes care[43*] of them. | ਉਹ ਖ਼ੁਦ ਸਾਰਿਆਂ[41] ਦਾ ਪਿਤਾ[43] ਤੇ ਮਾਤਾ[42] ਹੈ ਅਤੇ ਖ਼ੁਦ ਹੀ ਉਨ੍ਹਾਂ ਦੀ ਸੰਭਾਲ ਕਰਦਾ[43*] ਹੈ । |
| ਨਾਨਕ ਨਾਮੁ ਧਿਆਇਨਿ[44] ਤਿਨ[45] ਨਿਜ[46] ਘਰਿ[47] ਵਾਸੁ[48] ਹੈ ਜੁਗੁ ਜੁਗੁ[49] ਸੋਭਾ[50] ਹੋਇ ॥੨॥ | Nanak, they[45] who ponder over[44] the Name, dwell[48] in their own[46] home[47] and are honoured[50] all the ages through[49]. | ਨਾਨਕ, ਜੋ ਨਾਮ ਦਾ ਆਰਾਧਨ ਕਰਦੇ[44] ਹਨ ਉਹ[45] ਆਪਣੇ ਨਿਜ[46] ਦੇ ਧਾਮ[47] (ਆਪੇ) ਵਿੱਚ ਨਿਵਾਸ[48] ਪਾਉਂਦੇ ਹਨ ਅਤੇ ਸਾਰਿਆਂ[44] ਯੁਗਾਂ ਅੰਦਰ ਉਨ੍ਹਾਂ ਦੀ ਇੱਜ਼ਤ ਹੁੰਦੀ[50] ਹੈ । |
| ਪਉੜੀ ॥ | Pauri. | ਪਉੜੀ । |
| ਤੂ ਕਰਣ[51] ਕਾਰਣ[52] ਸਮਰਥੁ[53] ਹਹਿ[54] ਕਰਤੇ[55] ਮੈ ਤੁਝ ਬਿਨੁ[56] ਅਵਰੁ[57] ਨ ਕੋਈ ॥ | Thou, O Creator[55] art[54] Omnipotent[53] to do[51] all the deeds[52] and without[56] Thee, I lean on none else[57]. | ਤੂੰ ਹੇ ਕਰਤਾਰ[55] ਸਾਰੇ ਕੰਮ[52] ਕਰਨ[51] ਨੂੰ ਸਰਬ-ਸ਼ਕਤੀਵਾਨ[53] ਹੈਂ[54] । ਤੇਰੇ ਬਗੈਰ[56] ਮੈਨੂੰ ਹੋਰ ਕਿਸੇ ਦਾ[57] ਆਸਰਾ ਨਹੀਂ । |
| ਤੁਧੁ ਆਪੇ ਸਿਸਟਿ[58] ਸਿਰਜੀਆ[59] ਆਪੇ ਫੁਨਿ[60] ਗੋਈ[61] ॥ | Thou Thyself created[59] the world[58] and Thyself shalt, ultimately[60], destroy[61] it. | ਤੂੰ ਆਪ ਜਗਤ[58] ਰਚਿਆ[59] ਹੈ ਅਤੇ ਆਪ ਹੀ ਆਖ਼ਰ-ਕਾਰ[60] ਇਸ ਨੂੰ ਨਾਸ ਕਰ ਦੇਵੇਂਗਾ[61] । |
| ਸਭੁ[62] ਇਕੋ[63] ਸਬਦੁ[64] ਵਰਤਦਾ[66] ਜੋ[67] ਕਰੇ[70] ਸੁ[68] ਹੋਈ[69] ॥ | Thy command[64] alone[63] prevails[66] everywhere[62] and whatever[67] Thou doest[70], that[68] alone comes to pass[69]. | ਕੇਵਲ[63] ਤੇਰਾ ਹੁਕਮ[64] ਹੀ ਸਾਰੇ[62] ਪ੍ਰਚੱਲਤ[60] ਹੋ ਰਿਹਾ ਹੈ । ਜਿਹੜਾ ਕੁੱਛ[67] ਤੂੰ ਕਰਦਾ[70] ਹੈਂ, ਓਹੀ[68] ਹੁੰਦਾ[69] ਹੈ । |
| ਵਡਿਆਈ[71] ਗੁਰਮੁਖਿ[72] ਦੇਇ[73] ਪ੍ਰਭੁ ਹਰਿ ਪਾਵੈ ਸੋਈ[74] ॥ | Through the Guru[72], the Lord blesses[73] man wiih glory[71] and then obtains he[74], the Lord. | ਗੁਰਾਂ ਦੇ ਰਾਹੀਂ[72], ਪ੍ਰਭੂ ਬੰਦੇ ਨੂੰ ਪ੍ਰਭਤਾ[71] ਪਰਦਾਨ ਕਰਦਾ[73] ਹੈ, ਅਤੇ ਤਦ ਉਹ[74] ਪ੍ਰਭੂ ਨੂੰ ਪਾ ਲੈਂਦਾ ਹੈ । |
| ਗੁਰਮੁਖਿ[75] ਨਾਨਕ ਆਰਾਧਿਆ[77] ਸਭਿ[76] ਆਖਹੁ[78] ਧੰਨੁ[79] ਧੰਨੁ ਧੰਨੁ ਗੁਰੁ ਸੋਈ[80] ॥੨੯॥੧॥ਸੁਧੁ | By Guru's grace[75], Nanak meditates[77] on the Lord. Let all[76] repeat[78] "Blessed[79], blessed, blessed is he[80], the Guru." | ਗੁਰਾਂ ਦੀ ਦਇਆ ਦੁਆਰਾ[75], ਨਾਨਕ ਸੁਆਮੀ ਦਾ ਸਿਮਰਨ ਕਰਦਾ[77] ਹੈ । ਸਾਰੇ[76] ਜਣੇ ਕਹੋ[78] "ਮੁਬਾਰਕ[79] ਮੁਬਾਰਕ ! ਮੁਬਾਰਕ ਹਨ ਉਹ[80] ਗੁਰੂ ਮਹਾਰਾਜ ।" |

| | | |
|---|---|---|
| ਰਾਗੁ ਸੋਰਠਿ<br>ਬਾਣੀ ਭਗਤ[81] ਕਬੀਰ ਜੀ[82]<br>ਕੀ ਘਰੁ ੧ | Rag Sorath.<br>The hymns of saint[81] Sire[82] Kabir.<br>Ghar I. | ਰਾਗੁ ਸੋਰਠਿ ।<br>ਬਾਣੀ ਸੰਤ[81] ਕਬੀਰ ਜੀ<br>ਘਰੁ ੧ |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਬੁਤ[83] ਪੂਜਿ[84] ਪੂਜਿ ਹਿੰਦੂ ਮੂਏ[85] ਤੁਰਕ[86] ਮੂਏ ਸਿਰੁ[87] ਨਾਈ[88] ॥ | The Hindus die[85] worshipping[84] and worshipping the idols[83] and the Musalmans[86] die bowing[88] their heads[87]. | ਪੱਥਰ ਦੀਆਂ ਮੂਰਤੀਆਂ[83] ਦੀ ਉਪਾਸ਼ਨਾ[84] ਕਰਦੇ ਕਰਦੇ ਹਿੰਦੂ ਮਰ ਗਏ[85] ਹਨ ਅਤੇ ਮੁਸਲਮਾਨ[86] (ਸਿਰ) ਨਿਵਾਉਂਦੇ[88] ਮਰ ਗਏ ਹਨ । |
| ਓਇ[89] ਲੇ ਜਾਰੇ[90] ਓਇ ਲੇ ਗਾਡੇ[91] ਤੇਰੀ ਗਤਿ[92] ਦੁਹੂ[93] ਨ ਪਾਈ[94] ॥੧॥ | The[89] former burn[90] the dead and the latter bury[91] them. Neither of the two[93] finds[94] Thy real state[92], O Lord. | ਉਹ[89] (ਹਿੰਦੂ) ਮੁਰਦੇ ਨੂੰ ਸਾੜਦੇ[90] ਹਨ ਅਤੇ ਮੁਸਲਮਾਨ ਉਸ ਨੂੰ ਦਬਦੇ[91] ਹਨ । ਦੋਨਾਂ[93] ਵਿਚੋਂ ਕਿਸੇ ਨੂੰ ਭੀ ਤੇਰੀ ਅਸਲ ਅਵਸਥਾ[92] ਦਾ ਪਤਾ[94] ਨਹੀਂ ਲਗਦਾ, ਹੇ ਪ੍ਰਭੂ ! |
| ਮਨ[95] ਰੇ[96] ਸੰਸਾਰੁ[97] ਅੰਧ[98] ਗਹੇਰਾ[99] ॥ | O[96] my soul[95], the world[97] is a blind[98] deep pit[99]. | ਹੇ[96] ਮੇਰੀ ਜਿੰਦੜੀਏ[95] ! ਜਗਤ[97] ਇਕ ਅੰਨ੍ਹਾ[98] ਡੂੰਘਾ ਖਾਤਾ[99] ਹੈ । |
| ਚਹੁ ਦਿਸ[100] ਪਸਰਿਓ[2] ਹੈ ਜਮ[3] ਜੇਵਰਾ[4] ॥੧॥ ਰਹਾਉ ॥ | On all the four sides[100] the death's[3] net[4] is thrown[2] Pause | ਚੌਹੀਂ ਪਾਸੀਂ[100] ਮੌਤ[3] ਦਾ ਜਾਲ[4] ਫੈਲਿਆ[2] ਹੋਇਆ ਹੈ । ਠਹਿਰਾਉ । |
| ਕਬਿਤ[5] ਪੜੇ ਪੜਿ[6] ਕਬਿਤਾ[7] ਮੂਏ ਕਪੜ[8] ਕੇਦਾਰੈ ਜਾਈ[9] ॥ | The poets[7] die repeatedly reciting[6] poems[5] and the ascetics in tatters[8], repairing[9] to Kidar Nath. | ਕਵੀਸ਼ਰ[7] ਕਵਿਤਾਵਾਂ[5] ਪੜ੍ਹ ਪੜ੍ਹ[6] ਕੇ ਮਰ ਗਏ ਹਨ ਅਤੇ ਗੋਦੜੀ ਵਾਲੇ ਫ਼ਕੀਰ[8] ਕਿਦਾਰ ਨਾਥ ਜਾ ਜਾ[9] ਕੇ । |
| ਜਟਾ[10] ਧਾਰਿ ਧਾਰਿ[12] ਜੋਗੀ[15] ਮੂਏ ਤੇਰੀ ਗਤਿ ਇਨਹਿ[13] ਨ ਪਾਈ[14] ॥੨॥ | The mystics[15] die raising and wearing[12] the matted hair[10], but these[13] know[14] not Thy state, O Lord. | ਯੋਗੀ[15] ਵਾਲਾਂ ਦੀਆਂ ਲਿਟਾਂ[10] ਬਣਾਉਂਦੇ ਤੇ ਰਖਦੇ[12] ਮਰ ਗਏ ਹਨ ਪ੍ਰੰਤੂ ਇਨ੍ਹਾਂ[13] ਨੂੰ ਤੇਰੀ ਦਸ਼ਾ ਦੀ ਗਿਆਤ[14] ਨਹੀਂ, ਹੇ ਸਾਹਿਬ ! |
| ਦਰਬੁ[16] ਸੰਚਿ ਸੰਚਿ[17] ਰਾਜੇ ਮੂਏ ਗਡਿ[18] ਲੇ ਕੰਚਨ[19] ਭਾਰੀ[20] ॥ | The kings die hoarding and amassing[17] wealth[16] and burying[18] heavy masses[20] of gold[19]. | ਪਾਤਿਸ਼ਾਹ ਦੌਲਤ[16] ਨੂੰ ਜਮ੍ਹਾਂ ਅਤੇ ਇਕੱਤਰ ਕਰਦੇ[17] ਅਤੇ ਸੋਨੇ[19] ਦੇ ਭਾਰਾਂ[20] ਨੂੰ ਦਬਦੇ[18] ਮਰ ਗਏ ਹਨ । |
| ਬੇਦ ਪੜੇ ਪੜਿ[21] ਪੰਡਿਤ ਮੂਏ ਰੂਪੁ[22] ਦੇਖਿ ਦੇਖਿ[23] ਨਾਰੀ[24] ॥੩॥ | The Pandits die reading and reciting[21] the Vedas and the women[24] by seeing and beholding[23] their beauty[22]. | ਪੰਡਤ ਵੇਦਾਂ ਨੂੰ ਪੜ੍ਹਦੇ ਤੇ ਵਾਚਦੇ[21] ਮਰ ਖੱਪ ਗਏ ਹਨ ਅਤੇ ਇਸਤਰੀਆਂ[24] ਆਪਣੀ ਸੁੰਦਰਤਾ[22] ਵੇਖਦੀਆਂ ਵੇਖਦੀਆਂ[23] ਮਰ ਮੁੱਕ ਗਈਆਂ ਹਨ । |
| ਰਾਮ[25] ਨਾਮ ਬਿਨੁ[26] ਸਭੈ ਬਿਗੂਤੇ[27] ਦੇਖਹੁ[28] ਨਿਰਖਿ[29] ਸਰੀਰਾ[30] ॥ | Without[26] the Lord's[25] Name, all are ruined[27]; see[28] and ascertain[29] this, O man[30]. | ਸੁਆਮੀ[25] ਦੇ ਨਾਮ ਬਗ਼ੈਰ[26] ਸਾਰੇ ਤਬਾਹ ਹੋ ਗਏ[27] ਹਨ । ਇਸ ਨੂੰ ਵੇਖ ਕੇ[28] ਨਿਰਣਜ[29] ਕਰ ਲੈ, ਹੇ ਬੰਦੇ[30] ! |
| ਹਰਿ ਕੇ ਨਾਮ ਬਿਨੁ ਕਿਨਿ[31] ਗਤਿ[32] ਪਾਈ ਕਹਿ[33] ਉਪਦੇਸੁ[34] ਕਬੀਰਾ ॥੪॥੧॥ | Without the Name of God, who[31] has ever obtained salvation[32]? Utters[33] Kabir this instruction[34]. | ਵਾਹਿਗੁਰੂ ਦੇ ਨਾਮ ਬਾਝੋਂ ਕਿਸ[31] ਨੂੰ ਮੁਕਤੀ[32] ਪ੍ਰਾਪਤ ਹੋਈ ਹੈ ? ਕਬੀਰ ਇਹ ਸਿਖਮਤ[34] ਉਚਾਰਨ ਕਰਦਾ[33] ਹੈ । |

| | | |
|---|---|---|
| ਜਬ[35] ਜਰੀਐ[36] ਤਬ[37] ਹੋਇ ਭਸਮ[38] ਤਨੁ[39] ਰਹੈ[40] ਕਿਰਮ[41] ਦਲ[42] ਖਾਈ[43] ॥ | When[35] the body[39] is burnt[36], it becomes ashes[38] then[37]. If it remains[40], an army[42] of worms[41] eats[43] it up. | ਜਦ[35] ਸਰੀਰ[39] ਸੜ ਜਾਂਦਾ[36] ਹੈ, ਤਾਂ[37] ਇਹ ਸੁਆਹ[38] ਹੋ ਜਾਂਦਾ ਹੈ। ਜੇਕਰ ਇਹ ਰਹਿ ਜਾਵੇ[40] (ਦਫਨਾਈ ਜਾਵੇ) ਤਾਂ ਕੀੜਿਆਂ[41] ਦੀ ਫੌਜ[42] ਇਸ ਨੂੰ ਖਾ ਜਾਂਦੀ[43] ਹੈ। |
| ਕਾਚੀ[44] ਗਾਗਰਿ[45] ਨੀਰੁ[46] ਪਰਤੁ[47] ਹੈ ਇਆ[48] ਤਨ[49] ਕੀ ਇਹੈ[50] ਬਡਾਈ[51] ॥੧॥ | An unbaked[44] earthen pitcher[45] breaks, when water[46] is put[47] into it; Such[50] is the worth[51] of this[48] body[49]. | ਜਿਵੇਂ ਮਿੱਟੀ ਦਾ ਕੱਚਾ[44] ਘੜਾ[45] ਪਾਣੀ[46] ਪਾਇਆ[47] ਟੁੱਟ ਜਾਂਦਾ ਹੈ; ਤੇਹੋ ਜੇਹੀ ਵਿਸ਼ਾਲਤਾ[51] ਹੈ, ਇਸ[48] ਸਰੀਰ[49] ਦੀ। |
| ਕਾਹੇ[52] ਭਈਆ[53] ਫਿਰਤੌ[54] ਫੂਲਿਆ[55] ਫੂਲਿਆ ॥ | Why[52] O brother[53], goest[54] about thou, puffed up and in pride[55]? | ਤੂੰ ਕਿਉਂ[52] ਹੇ ਭਰਾ[53]! ਆਕੜਿਆ ਤੇ ਫੂੰਕਾਰੇ ਮਾਰਦਾ[55] ਫਿਰਦਾ[54] ਹੈਂ? |
| ਜਬ[56] ਦਸ[57] ਮਾਸ[58] ਉਰਧ[59] ਮੁਖ[60] ਰਹਤਾ ਸੋ[61] ਦਿਨੁ ਕੈਸੇ[62] ਭੂਲਿਆ[63] ॥੧॥ ਰਹਾਉ॥ | How[62] hast thou forgotten[63] the[61] days, when[56] thou didst remain hanging with thy face[60] downward[59], for ten[57] months[58]? Pause. | ਤੂੰ ਉਹ[61] ਦਿਹਾੜੇ ਕਿਸ ਤਰ੍ਹਾਂ[62] ਭੁੱਲ ਗਿਆ[63] ਹੈਂ ਜਦ[56] ਤੂੰ ਦਸ[57] ਮਹੀਨੇ[58] ਮੂਧੇ[59] ਮੂੰਹ[60] ਲਟਕਿਆ ਹੋਇਆ ਸੈਂ? ਠਹਿਰਾਉ। |
| ਜਿਉ[64] ਮਧੁ[65] ਮਾਖੀ[66] ਤਿਉ[67] ਸਠੋਰਿ[68] ਰਸੁ[69] ਜੋਰਿ ਜੋਰਿ[70] ਧਨੁ[71] ਕੀਆ ॥ | As[64] the bee[66] collects honey[65], so[67] does the fool[68] amass and gather[70] wealth[71] with zest[69]. | ਜਿਸ ਤਰ੍ਹਾਂ[64] ਮੱਖੀ[66] ਮਾਖਿਓ[65] ਇਕੱਠਾ ਕਰਦੀ ਹੈ, ਏਸੇ ਤਰ੍ਹਾਂ[67] ਹੀ ਮੂਰਖ[68] ਸੁਆਦ[69] ਨਾਲ ਦੌਲਤ[71] ਜਮ੍ਹਾਂ ਤੇ ਇਕੱਤਰ ਕਰਦਾ[70] ਹੈ। |
| ਮਰਤੀ[72] ਬਾਰ[73] ਲੇਹੁ ਲੇਹੁ[74] ਕਰੀਐ[75] ਭੂਤੁ[76] ਰਹਨ[78] ਕਿਉ[77] ਦੀਆ ॥੨॥ | At the time[73] of death[72], all yell[75] "Take him[74], take him away. Why[77] allow a ghost[76] to remain[78]?" | ਮਰਨ[72] ਦੇ ਵੇਲੇ[73] ਸਾਰੇ ਪੁਕਾਰਦੇ[75] ਹਨ "ਲੈ ਜਾਓ[74], ਲੈ ਜਾਓ ਉਸ ਨੂੰ। ਪ੍ਰੇਤ[76] ਨੂੰ ਕਿਉਂ[77] ਰੱਖਿਆ ਹੋਇਆ[78] ਹੈ?" |
| ਦੇਹੁਰੀ[79] ਲਉ[80] ਬਰੀ[81] ਨਾਰਿ[82] ਸੰਗਿ[83] ਭਈ ਆਗੈ[84] ਸਜਨ[85] ਸੁਹੇਲਾ[86] ॥ | His wedded[81] wife[82] accompanies[83] him to[80] the thresh-hold[79] and onwards[84] his good[86] friends[85] | ਉਸ ਦੀ ਵਿਆਹੁਲੀ[81] ਵਹੁਟੀ[82] ਦੇਹਲੀ[79] ਤਾਈਂ[80] ਉਸ ਦੇ ਨਾਲ ਜਾਂਦੀ[83] ਹੈ ਅਤੇ ਅਗੇਰੇ[84] ਉਸ ਦੇ ਚੰਗੇ[86] ਮਿੱਤਰ[85]। |
| ਮਰਘਟ[87] ਲਉ ਸਭੁ ਲੋਗੁ[88] ਕੁਟੰਬੁ[89] ਭਇਓ ਆਗੈ[90] ਹੰਸੁ[91] ਅਕੇਲਾ[92] ॥੩॥ | All the people[88] and kindreds[89] go as far as the cremation ground[87] and thereafter[90] the swan-soul[91] departs all alone[92]. | ਸਾਰੇ ਲੋਕੀ[88] ਤੇ ਸਨਬੰਧੀ[89] ਸ਼ਮਸ਼ਾਨ ਭੂਮੀ[87] ਤੋੜੀ ਨਾਲ ਜਾਂਦੇ ਹਨ ਤੇ ਉਸ ਦੇ ਮਗਰੋਂ[90] ਰਾਜ ਹੰਸ (ਆਤਮਾ[91]) ਕੱਲਮਕੱਲੀ[92] ਜਾਂਦੀ ਹੈ। |
| ਕਹਤੁ[93] ਕਬੀਰ ਸੁਨਹੁ[94] ਰੇ[95] ਪ੍ਰਾਨੀ[96] ਪਰੇ[97] ਕਾਲ[98] ਗ੍ਰਸ[99] ਕੂਆ[100] ॥ | Says[93] Kabir, hear[94], O[95] mortal[96], thou art seized[99] by death[98] and hast fallen[97] into the blind well[100]. | ਕਬੀਰ ਜੀ ਆਖਦੇ[93] ਹਨ, ਧਿਆਨ ਨਾਲ ਸੁਣ[94], ਹੇ[95] ਫ਼ਾਨੀ ਬੰਦੇ[96]! ਤੈਨੂੰ ਮੌਤ[98] ਨੇ ਪਕੜਿਆ ਹੋਇਆ[99] ਹੈ ਤੇ ਤੂੰ ਅੰਨ੍ਹੇ ਖੂਹ[100] ਵਿੱਚ ਡਿਗ ਪਿਆ[97] ਹੈਂ। |
| ਝੂਠੀ[2] ਮਾਇਆ[3] ਆਪੁ[4] ਬੰਧਾਇਆ[5] ਜਿਉ[6] ਨਲਨੀ[7] ਭ੍ਰਮਿ[8] ਸੂਆ[9] ॥੪॥੨॥ | Thou hast entangled[5] thyself[4] with the false[2] wealth[3], like[6] the parrot[9] misled[8] into the reed-trap[7]. | ਤੋਤੇ[9] ਦੇ ਗੁਮਰਾਹ[8] ਹੋ, ਕੁੜਿਕੀ[7] ਵਿੱਚ ਫਸਣ ਦੀ ਤਰ੍ਹਾਂ[6] ਤੂੰ ਆਪਣੇ ਆਪ[4] ਨੂੰ ਕੂੜੀ[2] ਧਨ-ਦੌਲਤ[3] ਨਾਲ ਫਸਾ ਲਿਆ[5] ਹੈ। |
| ਬੇਦ ਪੁਰਾਨ ਸਭੈ[10] ਮਤ[12] ਸੁਨਿ[13] ਕੈ ਕਰੀ ਕਰਮ[14] ਕੀ ਆਸਾ[15] ॥ | Hearing[13] all[10] the teachings[12] of the Vedas and the Purans, I too desired[15] to perform religious rites[14]. | ਵੇਦਾਂ ਤੇ ਪੁਰਾਨਾਂ ਦੇ ਸਮੂਹ[10] ਉਪਦੇਸ਼[12] ਸ੍ਰਵਣ ਕਰ[13], ਮੈਨੂੰ ਭੀ ਧਾਰਮਕ ਸੰਸਕਾਰ[14] ਕਰਨ ਦੀ ਖ਼ਾਹਿਸ਼[15] ਪੈਦਾ ਹੋ ਗਈ। |

| | | |
|---|---|---|
| ਕਾਲ[16] ਗ੍ਰਸਤ[17] ਸਭ ਲੋਗ[18] ਸਿਆਨੇ[19] ਉਠਿ ਪੰਡਿਤ[20] ਪੈ ਚਲੇ[21] ਨਿਰਾਸਾ[22] ॥੧॥ | But seeing all the wise[19] men[18] seized[17] by death[16], I arose[20] and came away[21] from the Pandits, rid of[22] this desire. | ਪਰ ਸਾਰੇ ਦਾਨੇ[19] ਬੰਦਿਆਂ[18] ਨੂੰ ਮੌਤ[16] ਦੇ ਪਕੜੇ ਹੋਏ[17] ਵੇਖ ਕੇ, ਮੈਂ ਇਸ ਖ਼ਾਹਿਸ਼ ਨੂੰ ਛੱਡ ਕੇ[22], ਖੜ੍ਹਾ ਹੋ[20] ਪੰਡਤਾਂ ਕੋਲੋਂ ਆ ਗਿਆ[21] ਹਾਂ । |
| ਮਨ[23] ਰੇ[24] ਸਰਿਓ[28] ਨ ਏਕੈ[25] ਕਾਜਾ[26] ॥ ਭਜਿਓ[27] ਨ ਰਘੁਪਤਿ[28*] ਰਾਜਾ[29]॥੧॥ ਰਹਾਉ॥ | O[24] my soul[23], thy only[25] task[26] thou hast not accomplished[28]. Thou hast not contemplated[27] on Lord[28*], the King[29]. Pause. | ਹੇ[24] ਮੇਰੀ ਜਿੰਦੇ[23] ! ਤੈਂ ਆਪਣਾ ਵਾਹਿਦ[25] ਕਾਰਜ[26] ਸਿਰੇ ਨਹੀਂ ਚਾੜ੍ਹਿਆ[28] । ਤੂੰ ਪਾਤਿਸ਼ਾਹ[29] ਪ੍ਰਮੇਸ਼ਰ[28*] ਦਾ ਭਜਨ ਨਹੀਂ ਕੀਤਾ[27] । ਠਹਿਰਾਉ । |
| [30]ਬਨਖੰਡ[31] ਜਾਇ[32] ਜੋਗੁ ਤਪੁ[33] ਕੀਨੋ[34] ਕੰਦ[35] ਮੂਲੁ[36] ਚੁਨਿ[37] ਖਾਇਆ[38] ॥ | Going[32] to the forest[30] regions[31], the men practise[34] yoga and penance[33] and live[38] on the picked[37] up fruits[36] and roots[36]. | ਜੰਗਲਾਂ[30] ਦੇ ਖਿਤਿਆਂ[31] ਵਿੱਚ ਜਾ ਕੇ[32], ਬੰਦੇ ਯੋਗ ਤੇ ਤਪੱਸਿਆ[33] ਸਾਧਦੇ[34] ਹਨ ਅਤੇ ਫਲ[35] ਤੇ ਜੜ੍ਹਾਂ[36] ਚੁਗ[37] ਕੇ ਖਾਂਦੇ[38] ਹਨ । |
| ਨਾਦੀ[39] ਬੇਦੀ[40] ਸਬਦੀ[41] ਮੋਨੀ[42] ਜਮ[43] ਕੇ ਪਟੈ[44] ਲਿਖਾਇਆ[45] ॥੨॥ | The pipers[39], the reciters of the Vedas[40], the men of one word[41], the silence lovers[42] are all enrolled[45] in death's[43] register[44]. | ਬੰਸਰੀ ਵਾਲੇ[39], ਵੇਦ ਵਾਚਣ ਵਾਲੇ[40], ਇਕ ਸ਼ਬਦੀਏ[41] ਅਤੇ ਚੁੱਪ ਕਰੀਤੇ[42] ਮੌਤ[43] ਦੇ ਰਜਿਸਟਰ[44]ਵਿੱਚ ਦਰਜ[45] ਹਨ । |
| ਭਗਤਿ[46] ਨਾਦਰੀ[47] ਰਿਦੈ[48] ਨ ਆਈ[49] ਕਾਛਿ ਕੂਛਿ[50] ਤਨੁ[51] ਦੀਨਾ[52] ॥ | Narad like[47] loving service[46], enters[49] not into man's mind[48] and pampering and adorning[50] his body[51], the man gives[52] it to death. | ਨਾਰਦ ਵਰਗੀ[47] ਪ੍ਰੇਮ-ਮਈ ਸੇਵਾ[46] ਬੰਦੇ ਦੇ ਮਨ[48] ਵਿੱਚ ਪ੍ਰਵੇਸ਼ ਨਹੀਂ ਕਰਦੀ[49] ਅਤੇ ਆਪਣੀ ਦੇਹ[51] ਨੂੰ ਬਣਾ ਸੰਵਾਰ ਕੇ[50] ਬੰਦਾ ਇਸ ਨੂੰ ਮੌਤ ਦੇ ਹਵਾਲੇ ਕਰ ਦਿੰਦਾ[52] ਹੈ । |
| ਰਾਗ[53] ਰਾਗਨੀ[54] ਡਿੰਭ[55] ਹੋਇ ਬੈਠਾ[56] ਉਨਿ[57] ਹਰਿ ਪਹਿ[58] ਕਿਆ[59] ਲੀਨਾ[60] ॥੩॥ | He sits[56] as[56] an hypocrite[55] professing Lord's love[63] and affection[64]; but what[59] can he[57] obtain[60] from[58] God ? | ਉਹ ਪ੍ਰਭੂ ਦਾ ਪਿਆਰ[53] ਤੇ ਪ੍ਰੀਤ[54] ਧਾਰਨ ਕਰਨ ਵਾਲਾ ਪਾਖੰਡੀ[55] ਬਣ ਕੇ[55] ਬਹਿੰਦਾ[56] ਹੈ; ਪ੍ਰੰਤੂ ਉਹ[57] ਵਾਹਿਗੁਰੂ ਪਾਸੋਂ[58] ਕੀ[59] ਲੈ[60] ਸਕਦਾ ਹੈ ? |
| ਪਰਿਓ[61] ਕਾਲੁ[62] ਸਭੈ ਜਗ[63] ਊਪਰ[64] ਮਾਹਿ[65] ਲਿਖੇ[66] ਭ੍ਰਮ[67] ਗਿਆਨੀ[68] ॥ | Death[62] has fallen[61] on[64] the whole world[63]. The sceptical[67] theologians[68] are also recorded[66] in[65] its register. | ਮੌਤ[62] ਸਾਰੇ ਸੰਸਾਰ[63] ਉਤੇ[64] ਛਾਈ ਹੋਈ[61] ਹੈ । ਵਹਿਮੀ[67] ਵਿਚਾਰਵਾਨ[68] ਭੀ ਉਸ ਦੇ ਰਜਿਸਟਰ ਵਿੱਚ[65] ਲਿਖੇ ਹੋਏ[66] ਹਨ । |
| ਕਹੁ[69] ਕਬੀਰ ਜਨ[70] ਭਏ[71] ਖਾਲਸੇ[72] ਪ੍ਰੇਮ[73] ਭਗਤਿ[74] ਜਿਹ[75] ਜਾਨੀ[76] ॥੪॥੩॥ ਘਰੁ ੨ ॥ | Says[69] Kabir, the persons[73], who[75] imbibe[76] God's love[73] and devotion[74], become[71] pure[72]. | ਕਬੀਰ ਜੀ ਆਖਦੇ[69] ਹਨ, ਜਿਹੜੇ[75] ਪੁਰਸ਼[70] ਰੱਬ ਦੇ ਪਿਆਰ[73] ਤੇ ਅਨੁਰਾਗ[74] ਨੂੰ ਗ੍ਰਹਣ ਕਰ ਲੈਂਦੇ[76] ਹਨ, ਉਹ ਪਵਿੱਤਰ[72] ਹੋ ਜਾਂਦੇ[71] ਹਨ । |
| ੬੫੫ | | |
| ਦੁਇ ਦੁਇ[77] ਲੋਚਨ[78] ਪੇਖਾ[79] ॥ ਹਉ ਹਰਿ ਬਿਨੁ[80] ਅਉਰੁ[81] ਨ ਦੇਖਾ ॥ | With both[77] and both eyes[78] of mine, I look[79] around, but I see not any[81]but[80] God. | ਆਪਣੀਆਂ ਦੋਹਾਂ[77],ਦੋਹਾਂ ਅੱਖਾਂ[78] ਨਾਲ ਮੈਂ ਵੇਖਦਾ[79] ਹਾਂ ਪ੍ਰੰਤੂ ਵਾਹਿਗੁਰੂ ਦੇ ਬਾਝੋਂ[80] ਮੈਨੂੰ ਹੋਰ ਕੋਈ[81] ਨਹੀਂ ਦਿਸਦਾ । |

| | | |
|---|---|---|
| ਨੈਨ[82] ਰਹੇ ਰੰਗੁ ਲਾਈ[83] ॥ ਅਬ[84] [84]ਬੇਗਲ[86] ਕਹਨੁ[87] ਨ ਜਾਈ[88] ॥੧॥ | My eyes[82] lovingly[83] gaze on Him. Now[84], no other[86] subject[86] can[88] be mentioned[87]. | ਮੇਰੇ ਨੇਤ੍ਰ[82] ਪਿਆਰ ਨਾਲ[83] ਉਸ ਪ੍ਰਭੂ ਨੂੰ ਵੇਖਦੇ ਹਨ । ਹੁਣ[84] ਹੋਰ ਕਿਸੇ[85] ਵਿਸ਼ੇ[86] ਦਾ ਵਰਣਨ[87] ਨਹੀਂ ਕੀਤਾ[88] ਜਾ ਸਕਦਾ । |
| ਹਮਰਾ[89] ਭਰਮੁ[90] ਗਇਆ[91] ਭਉ[92] ਭਾਗਾ[93] ॥ ਜਬ[94] ਰਾਮ[95] ਨਾਮ ਚਿਤੁ[96] ਲਾਗਾ[97] ॥੧॥ਰਹਾਉ॥ | Now, when[94] my mind[96] is attached[97] with the Lord's Name[95], my[89] doubt[90] has been removed[91] and my fear[92] has fled[93] away. Pause. | ਹੁਣ ਜਦ[94] ਕਿ ਮੇਰਾ ਮਨ[96] ਸੁਆਮੀ ਦੇ ਨਾਮ[95] ਨਾਲ ਜੁੜ ਗਿਆ[96] ਹੈ, ਮੇਰਾ[89] ਸੰਸਾ[90] ਦੂਰ ਹੋ ਗਿਆ[91] ਹੈ ਤੇ ਮੇਰਾ ਡਰ[92] ਦੌੜ ਗਿਆ[93] ਹੈ । ਠਹਿਰਾਉ । |
| ਬਾਜੀਗਰ[98] ਡੰਕ[99] ਬਜਾਈ[100] ॥ ਸਭ ਖਲਕ[2] ਤਮਾਸੇ[3] ਆਈ ॥ | When the magician[98] beats[100] his tembourine[99], the whole public[2] turn up to see the play[3] | ਜਦ ਮਦਾਰੀ[98] ਆਪਣੀ ਡੁਗਡੁਗੀ[99] ਵਜਾਉਂਦਾ[100] ਹੈ, ਸਾਰੇ ਲੋਕ[2] ਖੇਡ[3] ਵੇਖਣ ਲਈ ਆ ਜਾਂਦੇ ਹਨ । |
| ਬਾਜੀਗਰ ਸ੍ਵਾਂਗੁ[4] ਸਕੇਲਾ[5] ॥ ਅਪਨੇ ਰੰਗ[6] ਰਵੈ[7] ਅਕੇਲਾ[8] ॥੨॥ | When the magician winds up[5] his play[4], then his revelments[6], he enjoys[7] all alore[8]. | ਜਦ ਮਦਾਰੀ ਆਪਣੀ ਖੇਡ[4] ਨੂੰ ਸਮੇਟ ਲੈਂਦਾ[5] ਹੈ, ਤਦ ਉਹ ਆਪਣੀਆਂ ਮੌਜ ਬਹਾਰਾਂ[6] ਕੱਲਮਕੱਲਾ[8] ਹੀ ਮਾਣਦਾ[7] ਹੈ । |
| ਕਥਨੀ[9] ਕਹਿ[10] ਭਰਮੁ[12] ਨ ਜਾਈ[13] ॥ | By uttering[10] sermons[9], the doubt[12] is dispelled[13] not. | ਧਰਮ ਭਾਸ਼ਨ[9] ਉਚਾਰਨ[10] ਦੁਆਰਾ ਸੰਦੇਹ[12] ਦੂਰ ਨਹੀਂ ਹੁੰਦਾ[13] । |
| ਸਭ[16] ਕਥਿ ਕਥਿ[14] ਰਹੀ[15] ਲੁਕਾਈ[17] ॥ | Through telling and describing[14], the whole[16] public[17] has grown weary[15]. | ਆਖਣ ਤੇ ਉਚਾਰਨ[14] ਰਾਹੀਂ ਸਾਰੀ[16] ਖਲਕਤ[17] ਹਾਰ ਹੁੱਟ ਗਈ[15] ਹੈ । |
| ਜਾ ਕਉ[18] ਗੁਰਮੁਖਿ[19]ਆਪਿ[20] ਬੁਝਾਈ[21] ॥ ਤਾ ਕੇ[22]ਹਿਰਦੈ[23] ਰਹਿਆ ਸਮਾਈ[24] ॥੩॥ | He, to whom[18] the Lord reveals[21] Himself[20], through the Guru[19], in his[22] mind[23], He remains permeated[24]. | ਜਿਸ[18] ਨੂੰ ਗੁਰਾਂ ਦੇ ਰਾਹੀਂ[19], ਸੁਆਮੀ ਆਪਣੇ ਆਪ[20]ਨੂੰ ਦਰਸਾਉਂਦਾ[21] ਹੈ; ਉਸ ਦੇ[22] ਮਨ[23] ਅੰਦਰ ਉਹ ਰਮਿਆ[24] ਰਹਿੰਦਾ ਹੈ । |
| ਗੁਰ ਕਿੰਚਤ[25] ਕਿਰਪਾ[26] ਕੀਨੀ ॥ ਸਭੁ ਤਨੁ[27] ਮਨੁ[28] ਦੇਹ[29] ਹਰਿ ਲੀਨੀ[30] ॥ | When the Guru shows even a little[25] kindness[26], the body[27], soul[28] and person[29] are all absorbed[30] in God | ਜਦ ਗੁਰੂ ਜੀ ਭੋਰਾ ਕੁ ਭਰ[25] ਹੀ ਮਿਹਰਬਾਨੀ[26] ਕਰਦੇ ਹਨ, ਤਾਂ ਜਿਸਮ[27], ਆਤਮਾ[28] ਤੇ ਸਰੀਰ[29] ਸਮੂਹ ਹਰੀ ਵਿੱਚ ਸਮਾ ਜਾਂਦੇ[30] ਹਨ । |
| ਕਹਿ ਕਬੀਰ ਰੰਗਿ[31] ਰਾਤਾ[32] ॥ ਮਿਲਿਓ ਜਗ[33] ਜੀਵਨ[34] ਦਾਤਾ[35] ॥੪॥੪॥ | Says Kabir, I am imbued[32] with the Lord's love[31]. And I have met with the Beneficent[35] God, the life[34] of the world[33]. | ਕਬੀਰ ਜੀ ਫੁਰਮਾਉਂਦੇ ਹਨ, ਮੈਂ ਪ੍ਰਭੂ ਦੀ ਪ੍ਰੀਤ[31] ਨਾਲ ਰੰਗਿਆ ਗਿਆ[32] ਹਾਂ ਅਤੇ ਮੈਂ ਜਗਤ[33] ਦੀ ਜਿੰਦਜਾਨ[34] ਦਾਤਾਰ[35] ਵਾਹਿਗੁਰੂ ਨੂੰ ਮਿਲ ਪਿਆ ਹਾਂ । |
| ਜਾ ਕੇ[36] ਨਿਗਮ[37] ਦੂਧ[38] ਕੇ ਠਾਟਾ[39] ॥ ਸਮੁੰਦੁ[40] ਬਿਲੋਵਨ[44] ਕਉ[41] ਮਾਟਾ[42] ॥ ਤਾ ਕੀ[45] ਹੋਹੁ[46] ਬਿਲੋਵਨਹਾਰੀ[47] ॥ ਕਿਉ[48] ਮੇਟੈ ਗੋ[49] ਛਾਛਿ[50] ਤੁਹਾਰੀ ॥੧॥ | He, in whose[36] 'Home' the sacred books[37] are the milk[38] products[39] and mind-ocean[40] is the vessel[42] to[41] churn[44], be[46] thou the milk-churner[47] of that[45] Lord. Why[48] shall the Lord refuse[49] thee butter milk[50] then. | ਉਹ ਜਿਸ[36] ਦੇ 'ਘਰ' ਵਿੱਚ ਧਾਰਮਕ ਪੁਸਤਕਾਂ[37] ਦੁੱਧ[38] ਦਾ ਸਮਿਆਨ[39] ਹਨ ਤੇ ਮਨ ਸਮੁੰਦਰ[40] ਰਿੜਕਣ[44] ਲਈ[41] ਭਾਂਡਾ[42]ਹੈ; ਤੂੰ ਉਸ[45] ਸਾਹਿਬ ਦੀ ਦੁੱਧ ਰਿੜਕਣ ਵਾਲੀ[47] ਬਣ ਜਾ[46] । ਉਹ ਸਾਹਿਬ ਤੈਨੂੰ ਲੱਸੀ[50] ਦੇਣੋ ਕਾਹਨੂੰ[48] ਨਾਂਹ ਕਰੂਗਾ[49] । |

| | | |
|---|---|---|
| ਚੇਰੀ[51] ਤੂ ਰਾਮੁ[52]ਨ ਕਰਸਿ[53] ਭਤਾਰਾ[54] ॥ [55]ਜਗਜੀਵਨ[56] ਪ੍ਰਾਨ[57] ਅਧਾਰਾ[58] ॥੧॥ ਰਹਾਉ॥ | O hand-maiden[51], why makest[53] thou not God[52] thy Spouse[54] ? He is the Life[56] of the World[55] and the support[58] of the soul[57]. | ਹੇ ਗੋਲੀਏ[51] ! ਤੂੰ ਵਾਹਿਗੁਰੂ[52] ਨੂੰ ਆਪਣਾ ਕੰਤ[54] ਕਿਉਂ ਨਹੀਂ ਬਣਾਉਂਦੀ[53] ? ਉਹ ਜਗਤ[55] ਦੀ ਜਿੰਦ-ਜਾਨ[56] ਤੇ ਜਿੰਦੜੀ[57] ਦਾ ਆਸਰਾ[58] ਹੈ । |
| ਤੇਰੇ ਗਲਹਿ[59] ਤਉਕੁ[60] ਪਗ[61] ਬੇਰੀ[62] ॥ ਤੂ ਘਰ ਘਰ[63] ਰਮਈਐ[64] ਫੇਰੀ[65] ॥ | On thy neck[59] is the collar[60] and on thy feet[61] the fetters[62]. The Omnipresent Lord[64] has sent thee wandering[65] from house to house[63]. | ਤੇਰੀ ਗਰਦਨ[59] ਦੁਆਲੇ ਪਟਾ[60] ਹੈ ਤੇ ਪੈਰੀਂ[61] ਬੇੜੀਆਂ[62] । ਸਰਬ-ਵਿਆਪਕ ਸੁਆਮੀ[64] ਨੇ ਤੈਨੂੰ ਗ੍ਰਿਹ ਗ੍ਰਿਹ[63] ਤੇ ਭਟਕਾਇਆ[75] ਹੈ । |
| ਤੂ ਅਜਹੁ[66] ਨ ਚੇਤਸਿ[67] ਚੇਰੀ[68] ॥ ਤੂ ਜਮਿ[69] ਬਪੁਰੀ[70] ਹੈ ਹੇਰੀ[71] ॥੨॥ | Even now[66], thou rememberest[67] not the Lord, O maid[68]. Thou, O wretched[70] maid, art spied by[71] death[69]. | ਹੁਣ ਭੀ[66] ਤੂੰ ਆਪਣੇ ਸਾਹਿਬ ਨੂੰ ਨਹੀਂ ਸਿਮਰਦੀ[67], ਹੇ ਬਾਂਦੀਏ[68] ! ਤੈਨੂੰ, ਹੇ ਨਿਕਰਮਣ[70] ! ਮੌਤ[69] ਤਕ ਰਹੀ[71] ਹੈ । |
| ਪ੍ਰਭ ਕਰਨ[72] ਕਰਾਵਨ[73] ਹਾਰੀ ॥ ਕਿਆ[74] ਚੇਰੀ ਹਾਥ[75] ਬਿਚਾਰੀ[76] ॥ | The Lord is the Doer[72] and the Prompter[73] What[74] lies in the hand[75] of the poor[76] hand-maiden ? | ਸੁਆਮੀ ਹੀ ਕਰਨ ਵਾਲਾ[72] ਤੇ ਕਰਾਉਣ ਵਾਲਾ[73] ਹੈ । ਗਰੀਬਣੀ[76] ਟਹਿਲਣ ਦੇ ਹੱਥ[75] ਵਿੱਚ ਕੀ[74] ਹੈ ? |
| ਸੋਈ[77] ਸੋਈ ਜਾਗੀ[78] ॥ ਜਿਤੁ[79] ਲਾਈ[80] ਤਿਤੁ[81] ਲਾਗੀ[82] ॥੩॥ | She[77], yea she alone wakes[78] whom the Lord awakens. To whatever[79] the Lord attaches[80] her, to that[81] she is attached[82]. | ਓਹੀ[77] ਕੇਵਲ ਓਹੀ ਜਾਗਦੀ[78] ਹੈ, ਜਿਸ ਨੂੰ ਸੁਆਮੀ ਜਗਾਉਂਦਾ ਹੈ । ਜਿਸ ਨਾਲ[79] ਸਾਂਈਂ ਉਸ ਨੂੰ ਜੋੜਦਾ[80] ਹੈ, ਉਸੇ[81] ਨਾਲ ਉਹ ਜੁੜ[82] ਜਾਂਦੀ ਹੈ । |
| ਚੇਰੀ ਤੈ[83] ਸੁਮਤਿ[84] ਕਹਾਂ[85] ਤੇ ਪਾਈ[86] ॥ ਜਾ[87] ਤੇ ਭ੍ਰਮੁ[88] ਕੀ ਲੀਕ[89] ਮਿਟਾਈ[90] ॥ | O maid, where from[85] hast thou[83] attained[86] that wisdom[84], wherewith[87], thou hast erased[90] the line[89] of doubt[88] ? | ਹੇ ਬਾਂਦੀਏ ! ਤੈਂ ਉਹ[83] ਸਿਆਣਪ[84] ਕਿਥੋਂ[85] ਪ੍ਰਾਪਤ ਕੀਤੀ[86] ਹੈ ? ਜਿਸ ਦੇ ਨਾਲ[87] ਤੂੰ ਸੰਦੇਹ[88] ਦੀ ਲਕੀਰ[89] ਮੇਸ[90] ਛੱਡੀ ਹੈ । |
| ਸੁ[91] ਰਸੁ[92] ਕਬੀਰੈ ਜਾਨਿਆ[93] ॥ ਮੇਰੋ ਗੁਰ ਪ੍ਰਸਾਦਿ[94]ਮਨੁ[95] ਮਾਨਿਆ[96]॥੪॥੫॥ | That[91] elixir[92], has Kabir quaffed[93], and his soul[95] is reconciled[96] to the Lord, by Guru's grace[94]. | ਕਬੀਰ ਨੇ ਉਹ[91] ਅੰਮ੍ਰਿਤ[92] ਪਾਨ ਕੀਤਾ[93] ਹੈ ਅਤੇ ਗੁਰਾਂ ਦੀ ਦਇਆ ਦੁਆਰਾ[94], ਹੁਣ ਉਸ ਦੀ ਆਤਮਾ[95] ਪ੍ਰਭੂ ਨਾਲ ਹਿਲ ਗਈ[96] ਹੈ । |
| ਜਿਹ[97] ਬਾਝੁ[98] ਨ ਜੀਆ[99] ਜਾਈ ॥ ਜਉ[100] ਮਿਲੈ ਤ[2] ਘਾਲ[3] ਅਘਾਈ[4] ॥ | When[100] God, without[98] whom[97], man can live[99] not, is attained, then[2] is his service[3] fulfilled[4]. | ਜਦ[100] ਹਰੀ ਜਿਸ ਦੇ[97] ਬਿਨਾ[98] ਬੰਦਾ ਜੀਊ[99] ਨਹੀਂ ਸਕਦਾ, ਮਿਲ ਪੈਂਦਾ ਹੈ, ਤਦ[2] ਉਸ ਦੀ ਸੇਵਾ[3] ਸਫ਼ਲ ਹੋ ਜਾਂਦੀ[4] ਹੈ । |
| ਸਦਾ[5] ਜੀਵਨੁ[6] ਭਲੋ[7] ਕਹਾਂਹੀ[8] ॥ ਮੂਏ[9] ਬਿਨੁ[10] ਜੀਵਨੁ[12] ਨਾਹੀ ॥ | Men call[8] it a good[7] thing to live[6] for ever[5]. But without[10] dying[9] unto onself true life[12] is not there. | ਹਮੇਸ਼ਾਂ[5] ਲਈ ਜੀਊਂਦੇ ਰਹਿਣ[6] ਨੂੰ ਲੋਕ ਚੰਗੀ ਗੱਲ[7] ਆਖਦੇ[8] ਹਨ । ਪ੍ਰੰਤੂ ਆਪਣੇ ਆਪੇ ਤੋਂ ਮਰੇ[9] ਬਗ਼ੈਰ[10] ਇਹ ਜ਼ਿੰਦਗੀ[12] ਪ੍ਰਾਪਤ ਨਹੀਂ ਹੁੰਦੀ । |
| ਅਬ[13] ਕਿਆ[14] ਕਥੀਐ[15] ਗਿਆਨੁ ਬੀਚਾਰਾ[16] ॥ ਨਿਜ | Now[13], what[14] sort of gnosis[16] should I expound[15]? As I look on[17], the | ਹੁਣ[13] ਮੈਂ ਕਿਸ[14] ਕਿਸਮ ਦੇ ਬ੍ਰਹਮ-ਬੋਧ[16] ਦੀ ਵਿਆਖਿਆ[15] ਕਰਾਂ ? ਮੇਰੇ ਵੇਖਦਿਆਂ[12] ਹੀ ਸੰਸਾਰੀ |

| | | |
|---|---|---|
| ਨਿਰਖਤ[17]ਗਤ[18]ਬਿਉਹਾਰਾ[19] ॥੧॥ਰਹਾਉ॥ | worldly things[19] are passing away[18]. Pause. | ਚੀਜ਼ਾਂ[19] ਬਿਨਸ ਰਹੀਆਂ[18] ਹਨ । ਠਹਿਰਾਉ । |
| ਘਸਿ[20] ਕੁੰਕਮ[21] ਚੰਦਨੁ[22] ਗਾਰਿਆ[23] ॥ ਬਿਨੁ ਨੈਨਹੁ[24] ਜਗਤੁ[25] ਨਿਹਾਰਿਆ[26] ॥ | Saffron[21] is grounded[20] and mixed[23] with sandal[22] and without the eyes[24] the world[25] is seen[26]. | ਕੇਸਰ[21] ਨੂੰ ਰਗੜ[20] ਕੇ ਚੰਨਣ ਨਾਲ ਮਿਲਾਇਆ ਜਾਦਾ[26] ਹੈ । ਨੇਤ੍ਰਾਂ[24] ਦੇ ਬਾਝੋਂ ਸੰਸਾਰ[25] ਵੇਖ ਲਿਆ ਜਾਂਦਾ[26] ਹੈ । |
| ਪੂਤਿ[27] ਪਿਤਾ[28] ਇਕੁ ਜਾਇਆ[29] ॥ ਬਿਨੁ ਠਾਹਰ[30] ਨਗਰੁ[31] ਬਸਾਇਆ[32] ॥੨॥ | The son[27] has given birth[29] to the father[28]. Without a site[30], the city[31] is established[32]. | ਪੁੱਤਰ[27] ਨੇ ਪਿਓ[28] ਨੂੰ ਜਨਮ[29] ਦਿੱਤਾ ਹੈ । ਟਿਕਾਣੇ[30] ਬਗੈਰ ਸ਼ਹਿਰ[31] ਵਸਾਇਆ ਜਾਂਦਾ[32] ਹੈ । |
| ਜਾਚਕ ਜਨ[33] ਦਾਤਾ[34] ਪਾਇਆ[35] ॥ ਸੋ[36] ਦੀਆ[37] ਨ ਜਾਈ[39] ਖਾਇਆ[38] ॥ | A beggar[33] has found[35] the Giver[34]. He has given[37] me so much[36], that I cannot eat[38] it. | ਮੰਗਤੇ[33] ਨੇ ਦਾਤਾਰ[34] ਨੂੰ ਪਾ ਲਿਆ[35] ਹੈ । ਉਸ ਨੇ ਮੈਨੂੰ ਐਨਾ[36] ਦਿੱਤਾ[37] ਹੈ ਕਿ ਮੈਂ ਇਸ ਨੂੰ ਖਾ[38] ਨਹੀਂ ਸਕਦਾ[39] । |
| ਛੋਡਿਆ[40]ਜਾਇ ਨ ਮੂਕਾ[41] ॥ ਅਉਰਨ[42] ਪਹਿ[43] ਜਾਨਾ[44] ਚੂਕਾ[45] ॥੩॥ | I cannot forsake[40] eating it and yet it exhausts[41] not. My going[44] to[43] others[42] for begging has ended[45]. | ਮੈਂ ਇਸ ਨੂੰ ਖਾਣੋਂ ਹੱਟ ਨਹੀਂ ਸਕਦਾ[40] ਅਤੇ ਇਹ ਮੁਕਦਾ[41] ਹੀ ਨਹੀਂ । ਮੇਰਾ ਹੋਰਨਾਂ[42] ਕੋਲ[43] ਮੰਗਣ ਜਾਣਾ[44] ਖ਼ਤਮ[45] ਹੋ ਗਿਆ ਹੈ । |
| ਜੋ ਜੀਵਨ[46] ਮਰਨਾ[47] ਜਾਨੈ ॥ ਸੋ[48] ਪੰਚ[49] ਸੈਲ[50] ਸੁਖ[51] ਮਾਨੈ[52] ॥ | He, who knows how to die[47](unto self) in life[46], that[48] elite[49], enjoys[52] mountain[50] of bliss[51]. | ਜਿਹੜਾ ਜ਼ਿੰਦਗੀ[46] ਵਿੱਚ ਮੌਤ[47] ਕਬੂਲ ਕਰਨਾ ਜਾਣਦਾ ਹੈ, ਉਹ[48] ਮੁਖੀ[49] ਜਨ ਪਹਾੜ[50] ਜਿੰਨੀ ਖੁਸ਼ੀ[51] ਭੋਗਦਾ[52] ਹੈ । |
| ਕਬੀਰੈ ਸੋ[53] ਧਨੁ[54] ਪਾਇਆ ਹਰਿ ਭੇਟਤ[55] ਆਪੁ[56] ਮਿਟਾਇਆ[57] ॥੪॥੬॥ | Kabir has obtained that[53] wealth[54], and, meeting[55] with God, has effaced[57] his self-conceit[56]. | ਕਬੀਰ ਨੇ ਉਹ[53] ਦੌਲਤ[54] ਪ੍ਰਾਪਤ ਕਰ ਲਈ ਹੈ ਅਤੇ ਵਾਹਿਗੁਰੂ ਨੂੰ ਮਿਲ ਕੇ[55] ਉਸ ਨੇ ਆਪਣੀ ਸਵੈ-ਹੰਗਤਾ[56] ਮੇਸ ਛੱਡੀ[57] ਹੈ । |
| ਕਿਆ[58] ਪੜੀਐ[59] ਕਿਆ ਗੁਨੀਐ[60] ॥ ਕਿਆ ਬੇਦ ਪੁਰਾਨਾਂ ਸੁਨੀਐ[61] ॥ | What[58] avails it to read[59], what to reflect[60] and what to hear[61] the Vedas and Puranas ? | ਪੜ੍ਹਨ[59] ਦਾ ਕੀ[58] ਲਾਭ ਹੈ, ਵਿਚਾਰਨ[60] ਦਾ ਕੀ ਅਤੇ ਵੇਦਾਂ ਤੇ ਪੁਰਾਣਾਂ ਨੂੰ ਸੁਣਨ[61] ਦਾ ਕੀ ? |
| ਪੜੇ ਸੁਨੇ ਕਿਆ ਹੋਈ ॥ ਜਉ[62] ਸਹਜ[63] ਨ ਮਿਲਿਓ[65] ਸੋਈ[64] ॥੧॥ | What avails reading and listening, if divine knowledge[63] is not gained[64] therewith[64]. | ਵਾਚਣ ਤੇ ਸ੍ਰਵਣ ਕਰਨ ਦਾ ਕੀ ਫ਼ਾਇਦਾ ਹੈ ਜੇਕਰ[62] ਉਸ ਦੇ[64] ਨਾਲ ਗਿਆਨ[63] ਪ੍ਰਾਪਤ ਨਹੀਂ ਹੁੰਦਾ[65] । |
| ਹਰਿ ਕਾ ਨਾਮੁ ਨ ਜਪਸਿ[66] ਗਵਾਰਾ[67] ॥ ਕਿਆ[68] ਸੋਚਹਿ[69] ਬਾਰੰ ਬਾਰਾ[70] ॥੧॥ ਰਹਾਉ॥ | The ignorant man[67] utters[66] not the Lord's Name. Then, what[68] is it that he deliberates[69] upon over and over again[70]. Pause. | ਬੇਸਮਝ ਬੰਦਾ[67] ਸਾਂਈਂ ਦੇ ਨਾਮ ਦਾ ਉਚਾਰਨ[66] ਨਹੀਂ ਕਰਦਾ । ਫਿਰ ਉਹ ਕਿਹੜੀ[69] ਸ਼ੈ ਹੈ ਜਿਸ ਦਾ ਉਹ, ਮੁੜ ਮੁੜ ਕੇ[70] ਧਿਆਨ ਧਾਰਦਾ[69] ਹੈ ? ਠਹਿਰਾਉ । |
| ਅੰਧਿਆਰੇ[71] ਦੀਪਕੁ[72] ਚਹੀਐ[73] ॥ ਇਕ ਬਸਤੁ[74] ਅਗੋਚਰ[75] ਲਹੀਐ[76] ॥ | In darkness[71], a lamp[72] is required[73] to find[76] the one incomprehensible[75] thing[74]. | ਅਨ੍ਹੇਰੇ[71] ਵਿੱਚ ਇਕ ਅਗਾਧ[75] ਸ਼ੈ[74] ਲੱਭਣ[76] ਲਈ ਇਕ ਦੀਵਾ[71] ਚਾਹੀਦਾ[73] ਹੈ । |

| | | |
|---|---|---|
| ਬਸਤੁ ਅਗੋਚਰ ਪਾਈ[77] ॥ ਘਟਿ[78] ਦੀਪਕੁ[79] ਰਹਿਆ ਸਮਾਈ[80] ॥੨॥ | I have found[77] the incomprehensible thing, as within my mind[78] the lamp[79] of gnosis is aflame[80]. | ਮੈਂ ਅਗਾਧ ਚੀਜ਼ ਨੂੰ ਲੱਭ[77] ਲਿਆ ਹੈ ਕਿਉਂਕਿ ਮੇਰੇ ਹਿਰਦੇ[78] ਅੰਦਰ ਬ੍ਰਹਮ-ਗਿਆਨ ਦਾ ਦੀਵਾ[79] ਜਗਮਗਾ ਰਿਹਾ ਹੈ। |
| ੬੫੬ | | |
| ਕਹਿ ਕਬੀਰ ਅਬ[81] ਜਾਨਿਆ[82]॥ ਜਬ[83] ਜਾਨਿਆ ਤਉ[84] ਮਨੁ ਮਾਨਿਆ[85] | Says Kabir, now[81] I know[82] the Lord; when[83] I know[82] Him, then[84] is my mind pleased[85]. | ਕਬੀਰ ਜੀ ਆਖਦੇ ਹਨ, ਮੈਂ ਹੁਣ[81] ਸੁਆਮੀ ਨੂੰ ਜਾਣਦਾ[82] ਹਾਂ। ਜਦ[83] ਮੈਂ ਉਸ ਨੂੰ ਜਾਣ ਲੈਂਦਾ ਹਾਂ, ਤਾਂ[84] ਮੇਰਾ ਚਿੱਤ ਖੁਸ਼ ਹੋ ਜਾਂਦਾ[85] ਹੈ। |
| ਮਨ ਮਾਨੇ ਲੋਗੁ[86] ਨ ਪਤੀਜੈ[87] ॥ ਨ ਪਤੀਜੈ ਤਉ[88] ਕਿਆ[89] ਕੀਜੈ[90]॥੩॥੭॥ | My mind is pleased, but people[86] believe[87] it not; If they believe not what[89] can I, then[88] do[90] ? | ਮੇਰਾ ਚਿੱਤ ਖੁਸ਼ ਹੋ ਗਿਆ ਹੈ, ਪ੍ਰੰਤੂ ਲੋਕ[86] ਇਸ ਤੇ ਇਤਬਾਰ[87] ਨਹੀਂ ਕਰਦੇ। ਜੇਕਰ ਉਹ ਇਤਬਰ ਨਹੀਂ ਕਰਦੇ ਤਾਂ[88] ਮੈਂ ਕੀ[89] ਕਰ[90] ਸਕਦਾ ਹਾਂ ? |
| ਹਿਦੈ[91] ਕਪਟੁ[92] ਮੁਖ[93] ਗਿਆਨੀ[94] ॥ | In thy mind[91] is deception[92] and in thy mouth[93], the divine gospel[94]. | ਤੇਰੇ ਮਨ[91] ਵਿੱਚ ਛਲ-ਫਰੇਬ[92] ਹੈ ਅਤੇ ਤੇਰੇ ਮੂੰਹ[93] ਵਿੱਚ ਬ੍ਰਹਮ-ਉਪਦੇਸ਼[94]। |
| ਝੂਠੇ[95] ਕਹਾ[96] ਬਿਲੋਵਸਿ[97] ਪਾਨੀ ॥੧॥ | O false man[95], why[96] churnest[97] thou water ? | ਹੇ ਕੂੜੇ ਬੰਦੇ[95] ! ਤੂੰ ਕਿਉਂ[96] ਪਾਣੀ ਰਿੜਕਦਾ[97] ਹੈਂ ? |
| ਕਾਂਇਆ[98] ਮਾਂਜਸਿ[99] ਕਉਨ[100] ਗੁਨਾਂ[2] ॥ ਜਉ[3] ਘਟ[4] ਭੀਤਰਿ[5] ਹੈ ਮਲਨਾਂ[6] ॥੧॥ਰਹਾਉ॥ | Of what[100] avail[2] is it to wash[99] the body[98], when[3] there is filth[6] in the mind[4] ? Pause. | ਸਰੀਰ[98] ਨੂੰ ਧੋਣ[99] ਦਾ ਕੀ[100] ਲਾਭ[2] ਹੈ ? ਜਦ[3] ਕਿ ਹਿਰਦੇ[4] ਅੰਦਰ[5] ਮੈਲ[6] ਹੈ। ਠਹਿਰਾਉ। |
| ਲਉਕੀ[7] ਅਠਸਠਿ[8] ਤੀਰਥ[9] ਨ੍ਹਾਈ[10] ਕਉਰਾਪਨੁ[12] ਤਊ[13] ਨ ਜਾਈ[14] ॥੨॥ | The gourd[7] may bathe[10] at the sixtyeight[8] shrines[9], even then[13] its bitterness[12] is not removed[14]. | ਤੂੰਬੀ[7] ਅਠਾਹਟ[8] ਧਰਮ ਅਸਥਾਨਾਂ[9] ਤੇ ਨ੍ਹਾ ਲਵੇ[10], ਤਾਂ ਭੀ[13] ਇਸ ਦੀ ਕੁੜੱਤਣ[12] ਦੂਰ ਨਹੀਂ ਹੁੰਦੀ[14]। |
| ਕਹਿ ਕਬੀਰ ਬੀਚਾਰੀ[15] ॥ ਭਵ[16] ਸਾਗਰੁ[17] ਤਾਰਿ[18] [19]ਮੁਰਾਰੀ[20] ॥੩॥੮॥ | Says Kabir after careful deliberation[15], cause me to cross[18] the terrible[16] world ocean[17], O Lord, the Enemy[20] of ego[19]. | ਡੂੰਘੀ ਸੋਚ ਵੀਚਾਰ[15] ਮਗਰੋਂ ਕਬੀਰ ਜੀ ਆਖਦੇ ਹਨ ਮੈਨੂੰ ਡਰਾਉਣੇ[16] ਸੰਸਾਰ ਸਮੁੰਦਰ[17] ਤੋਂ ਪਾਰ ਕਰ ਦੇ[18], ਹੇ ਹੰਕਾਰ[19] ਦੇ ਵੈਰੀ[20] ਪ੍ਰਭੂ ! |
| ਸੋਰਠਿ | Sorath. | ਸੋਰਠਿ। |
| ੧ਓ ਸਤਿਗੁਰ ਪ੍ਰਸਾਦਿ ॥ | There is but One God. By True guru's grace, is He attained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਬਹੁ[21] ਪਰਪੰਚ[22] ਕਰਿ ਪਰ[23] ਧਨੁ[24] ਲਿਆਵੈ ॥ | Practising great[21] deceit[22], the man acquires other's[23] wealth[24]. | ਬਹੁਤੀ[21] ਠੱਗੀਠੋਰੀ[22] ਕਰ ਕੇ, ਇਨਸਾਨ ਹੋਰਨਾਂ[23] ਦੀ ਦੌਲਤ[24] ਲਿਆਉਂਦਾ ਹੈ। |
| ਸੁਤ[25] ਦਾਰਾ[26] ਪਹਿ[27] ਆਨਿ[28] ਲੁਟਾਵੈ[29] ॥੧॥ | Coming[28] home, he squanders it on his sons[25] and wife[26]. | ਘਰ ਆ ਕੇ[28] ਉਹ ਇਸ ਨੂੰ ਆਪਣੇ ਪੁੱਤਰਾਂ[25]ਤੇ ਵਹੁਟੀ[26] ਕੋਲ[27] ਲੁਟਾ[29] ਦਿੰਦਾ ਹੈ। |

| | | |
|---|---|---|
| ਮਨ[30] ਮੇਰੇ ਭੂਲੇ[31] ਕਪਟੁ[32] ਨ ਕੀਜੈ[33]॥ਅੰਤਿ[34]ਨਿਬੇਰਾ[35] ਤੇਰੇ ਜੀਅ[36] ਪਹਿ ਲੀਜੈ[37] ॥ ੧॥ਰਹਾਉ॥ | O my mind[30], practise[33] not guile[32] even by mistake[31]. In the end[34], it is thy own soul[36] that shall have to render[37] an account[35]. Pause. | ਹੇ ਮੇਰੀ ਜਿੰਦੇ[30] ! ਭੁੱਲ ਕੇ[31] ਭੀ ਛਲ ਫਰੇਬ[32] ਨਾ ਕਮਾ[33] । ਅਖ਼ੀਰ[34] ਨੂੰ ਤੇਰੀ ਆਤਮਾ[36] ਨੂੰ ਹੀ ਹਿਸਾਬ-ਕਿਤਾਬ[35] ਦੇਣਾ ਪੈਣਾ[37] ਹੈ । ਠਹਿਰਾਉ । |
| ਛਿਨੁ ਛਿਨੁ[38] ਤਨੁ[39] ਛੀਜੈ[40] ਜਰਾ[41] ਜਨਾਵੈ[42] ॥ | Every moment[38] the body[39] is w aring off[40] and the old age[41] is having the upper hand[42]. | ਹਰ ਮੁਹਤ[38] ਸਰੀਰ[39] ਖੁਰਦਾ[40] ਜਾ ਰਿਹਾ ਹੈ ਅਤੇ ਬੁਢੇਪਾ[41] ਗ਼ਲਬਾ[42] ਪਾਈ ਜਾ ਰਿਹਾ ਹੈ । |
| ਤਬ[43] ਤੇਰੀ ਓਕ[44] ਕੋਈ ਪਾਨੀਓ[45] ਨ ਪਾਵੈ[46] ॥੨॥ | Then[43] no one shall pour[46] water[45] into the cup[44] of thy hands | ਤਦ[43] ਕਿਸੇ ਨੇ ਤੇਰੀ ਬੁਕ[44] ਵਿੱਚ ਪਾਣੀ[45] ਭੀ ਨਹੀਂ ਪਾਉਣਾ[46] । |
| ਕਹਤੁ[47] ਕਬੀਰੁ ਕੋਈ ਨਹੀ ਤੇਰਾ[48] ॥ | Says[47] Kabir, no one belongs to thee[48]. | ਕਬੀਰ ਜੀ ਆਖਦੇ[47] ਹਨ, ਕੋਈ ਭੀ ਤੈਂਡਾ[48] ਨਹੀਂ । |
| ਹਿਰਦੈ[49] ਰਾਮੁ[50] ਕੀ[52] ਨ ਜਪਹਿ[51] ਸਵੇਰਾ[53] ॥੩॥੯॥ | Why[52] thou utterest[51] not the Lord's Name[50] in thy mind[49] betimes[53] ? | ਤੂੰ ਕਿਉਂ[52] ਵੇਲੇ ਸਿਰ[53] ਸੁਆਮੀ ਦੇ ਨਾਮ ਦਾ ਆਪਣੇ ਰਿਦੇ[49] ਵਿਚ ਉਚਾਰਨ[51] ਨਹੀਂ ਕਰਦਾ ? |
| ਸੰਤਹੁ ਮਨ ਪਵਨੈ[54] ਸੁਖੁ[55] ਬਨਿਆ[56] ॥ | O saints, my wind-like[54] mind has now acquired[56] rest[55]. | ਹੇ ਸਾਧੂਓ ! ਮੇਰੇ ਹਵਾ-ਵਰਗੇ[54]ਮਨੂਏ ਨੂੰ ਹੁਣ ਆਰਾਮ[55] ਆ ਗਿਆ[59] ਹੈ । |
| ਕਿਛੁ[57] ਜੋਗੁ[58] ਪਰਾਪਤਿ[59] ਗਨਿਆ[60] ॥ਰਹਾਉ॥ | I reckon[60] that I have learnt[59] the science of union[58] with God, to some extent[57]. Pause | ਮੈਂ ਅੰਦਾਜ਼ਾ[60] ਲਾਉਂਦਾ ਹਾਂ ਕਿ ਮੈਂ ਕਿਸੇ[57] ਹਦ ਤਕ ਵਾਹਿਗੁਰੂ ਦੇ ਮਿਲਾਪ ਦੀ ਵਿਦਿਆ[58] ਜਾਣ[59] ਲਈ ਹੈ । ਠਹਿਰਾਉ । |
| ਗੁਰਿ ਦਿਖਲਾਈ[61] ਮੋਰੀ[62] ॥ ਜਿਤੁ[63] ਮਿਰਗ[64] ਪੜਤ[65] ਹੈ ਚੋਰੀ[66] ॥ | The Guru has shown[61] me the hole[62], throught[63] which the deer[64] stealthily[66] enters[65]. | ਗੁਰਾਂ ਨੇ ਮੈਨੂੰ ਉਹ ਗਲੀ[62] ਵਿਖਾਲ ਦਿੱਤੀ[61] ਹੈ, ਜਿਸ ਦੇ[63] ਰਾਹੀਂ (ਵਿਕਾਰ ਰੂਪੀ) ਹਰਨ[64] ਚੋਰੀਓਂ[66]ਅੰਦਰ[65] ਵੜਦੇ ਹਨ । |
| ਮੂੰਦਿ[67] ਲੀਏ ਦਰਵਾਜੇ[68] ॥ ਬਾਜੀਅਲੇ[69] ਅਨਹਦ ਬਾਜੇ[70] ॥੧॥ | I have closed[67] the doors[68] The celestial music[70] rings[69] within me. | ਮੈਂ ਬੂਹੇ[68] ਬੰਦ[67] ਕਰ ਲਏ ਹਨ । ਮੇਰੇ ਅੰਦਰ ਸੁਤੇ ਸਿੱਧ ਕੀਰਤਨ[70] ਹੁੰਦਾ[69] ਹੈ । |
| ਕੁੰਭੁ[71] ਕਮਲੁ[72] ਜਲਿ[73] ਭਰਿਆ[74] ॥ | The pitcher[71] of my heart-lotus[72] is filled[74] with the water[73] of vice. | ਮੇਰੇ ਦਿਲ-ਕੰਵਲ[72] ਦਾ ਘੜਾ[71] ਪਾਪ ਦੇ ਪਾਣੀ[73] ਨਾਲ ਭਰਪੂਰ ਹੋਇਆ[74] ਹੈ । |
| ਜਲੁ ਮੇਟਿਆ[75] ਊਭਾ[76] ਕਰਿਆ ॥ | I have spilled[75] the water and turned it upright[76]. | ਮੈਂ ਪਾਣੀ ਡੋਲ੍ਹ ਦਿੱਤਾ[75] ਹੈ ਅਤੇ ਇਸ ਨੂੰ ਸਿੱਧਾ[76] ਕਰ ਦਿੱਤਾ ਹੈ । |
| ਕਹੁ ਕਬੀਰ ਜਨ[77] ਜਾਨਿਆ[78] ॥ | Says Kabir, I, the Lord's slave[77], have known[78] this. | ਕਬੀਰ ਜੀ ਆਖਦੇ ਹਨ, ਮੈਂ ਸਾਂਈਂ ਦੇ ਗੋਲੇ[77] ਨੇ ਇਸ ਨੂੰ ਜਾਣ ਲਿਆ[78] ਹੈ । |
| ਜਉ[79] ਜਾਨਿਆ ਤਉ[80] ਮਨੁ ਮਾਨਿਆ[81] ॥੨॥੧੦॥ | Now when[79] I have known this, then[80] is my mind propitiated[81]. | ਹੁਣ ਜਦ[79] ਮੈਂ ਇਸ ਨੂੰ ਜਾਣ ਲਿਆ ਹੈ, ਤਦ[80] ਮੇਰਾ ਚਿੱਤ ਸੰਤੁਸ਼ਟ ਹੋ ਗਿਆ[81] ਹੈ । |
| ਰਾਗੁ ਸੋਰਠਿ ॥ | Sorath Measure. | ਰਾਗੁ ਸੋਰਠਿ । |
| ਭੂਖੇ[82] ਭਗਤਿ[83] ਨ ਕੀਜੈ[84] ॥ | I, a hungry man[82], can perform[84] Thy | ਮੈਂ ਭੁੱਖਾ[82] ਇਨਸਾਨ ਤੇਰੀ ਘਾਲ[83] ਕਮਾ[84]ਨਹੀਂ ਸਕਦਾ । |

| | | |
|---|---|---|
| ਯਹ[85] ਮਾਲਾ[86] ਅਪਨੀ ਲੀਜੈ[87] ॥ | service[83] not. Take back[87] this[85] rosary[86] of Thine, O Lord. | ਇਹ[85] ਆਪਣੀ ਸਿਮਰਨੀ[86] ਵਾਪਸ ਲੈ ਲੈ[88], ਹੇ ਸੁਆਮੀ ! |
| ਹਉ[88] ਮਾਂਗਉ[89] ਸੰਤਨ ਰੇਨਾ[90] ॥ ਮੈ ਨਾਹੀ ਕਿਸੀ ਕਾ ਦੇਨਾ[91] ॥੧॥ | I[88] ask for[89] the dust of saints' feet; I owe[91] not any one, anything. | ਮੈਂ[88] ਸਾਧੂਆਂ ਦੇ ਪੈਰਾਂ ਦੀ ਧੂੜ[90] ਦੀ ਯਾਚਨਾ ਕਰਦਾ[89] ਹਾਂ । ਮੈਂ ਕਿਸੇ ਦਾ ਕੁਛ ਦੇਣਾ[91] ਨਹੀਂ । |
| [92]ਮਾਧੋ[93] ਕੈਸੀ[94] ਬਨੈ[95] ਤੁਮ[97] ਸੰਗੇ[96] ॥ ਆਪਿ[98] ਨ ਦੇਹੁ ਤ ਲੇਵਉ[99] ਮੰਗੇ[100] ॥ ਰਹਾਉ॥ | O Lord[93] of wealth[92], how[94] can I pull[95] on with[96] Thee[97] ? If Thou givest me not Thyself[98], then shall I acquire[99] it by begging[100] of thee. Pause. | ਹੇ ਮਾਇਆ[92] ਦੇ ਸੁਆਮੀ[93] ! ਮੇਰੀ ਤੇਰੇ[97] ਨਾਲ[96] ਕਿਸ ਤਰ੍ਹਾਂ[94] ਨਿਭ[95] ਸਕਦੀ ਹੈ ? ਜੇਕਰ ਤੂੰ ਆਪਣੇ ਆਪ[98] ਮੈਨੂੰ ਨਹੀਂ ਦਿੰਦਾ, ਤਦ ਤੇਰੇ ਅਗੇ ਬੇਨਤੀ[100] ਕਰਕੇ ਹਾਸਲ[99] ਕਰ ਲਵਾਂਗਾ । ਠਹਿਰਾਉ । |
| ਦੁਇ[2] ਸੇਰ ਮਾਂਗਉ[3] ਚੂਨਾ[4] ॥ ਪਾਉ[5] ਘੀਉ[6] ਸੰਗਿ[7] ਲੂਨਾ[8] ॥ | I ask for[3] two[2] seers of flour[4], with[7] a quarter seer[5] of clarified butter[6] and salt[8]. | ਮੈਂ ਦੋ ਸੇਰ ਆਟਾ[4], ਇਕ ਪਾ[5] ਘਿਉ[6] ਸਮੇਤ[7] ਨੂਣ[8] ਦੇ ਮੰਗਦਾ[3] ਹਾਂ । |
| ਅਧ ਸੇਰੁ ਮਾਂਗਉ ਦਾਲੇ[9] ॥ ਮੋ ਕਉ[9] ਦੋਨਉ[13] ਵਖਤ[10] ਜਿਵਾਲੇ[12] ॥੨॥ | I beg for half a seer of pulse[9], which shall feed[12] me[9*] two[13] times[10] a day. | ਮੈਂ ਅੱਧ ਸੇਰ ਦਾਲ[9] ਦੀ ਯਾਚਨਾ ਕਰਦਾ ਹਾਂ ਅਤੇ ਇਸ ਨੂੰ ਮੈਂ[9*] ਦੋਨਾਂ[13] ਵੇਲਿਆਂ[10] ਵਿੱਚ ਖਾ ਲਵਾਂਗਾ[12]। |
| ਖਾਟ[14] ਮਾਂਗਉ[15] ਚਉਪਾਈ[16] ॥ ਸਿਰਹਾਨਾ[17] ਅਵਰ[18] ਤੁਲਾਈ[19] ॥ | I ask for a cot[14], with four[15] legs[16] as also, a pillow[17] and[18] a mattress[19]. | ਮੈਂ ਚਾਰ[15] ਪੈਰਾਂ[16] ਵਾਲਾ ਮੰਜਾ[14], ਇੱਕ ਸਿਰਾਣਾ[17] ਅਤੇ[18] ਇੱਕ ਤੁਲਾਈ[19] ਮੰਗਦਾ ਹਾਂ । |
| ਊਪਰ[20] ਕਉ ਮਾਂਗਉ ਖੀਂਧਾ[21] ॥ | I beg for a quilt[21] to cover[20] me. | ਮੈਂ ਆਪਣੇ ਉੱਪਰ[20] ਲਈ ਇੱਕ ਰਜਾਈ[21] ਮੰਗਦਾ ਹਾਂ । |
| ਤੇਰੀ ਭਗਤਿ[22] ਕਰੈ[23] ਜਨੁ[24] ਥੀਂਧਾ[25] ॥੩॥ | Then, Thy slave[24] shall perform[23] Thy devotional serve[22] with love[25]. | ਤਦ ਤੇਰਾ ਇਹ ਗੋਲਾ[24], ਪਿਆਰ[25] ਨਾਲ ਤੇਰੀ ਪ੍ਰੇਮ-ਮਈ ਸੇਵਾ[22] ਕਰੇਗਾ[23] । |
| ਮੈ ਨਾਹੀ ਕੀਤਾ ਲਬੋ[26] ॥ ਇਕੁ[27] ਨਾਉ ਤੇਰਾ ਮੈ ਫਬੋ[28] ॥ | I have harboured no avarice[26]. Thy Name alone[27] becomes[28] me. | ਮੈਂ ਕੋਈ ਲਾਲਚ ਨਹੀਂ ਕੀਤਾ[26] । ਕੇਵਲ[27] ਤੇਰਾ ਨਾਮ ਹੀ ਮੈਨੂੰ ਸਜਦਾ[28] ਹੈ । |
| ਕਹਿ ਕਬੀਰ ਮਨੁ ਮਾਨਿਆ[29] ॥ ਮਨੁ[32] ਮਾਨਿਆ ਤਉ[30] ਹਰਿ ਜਾਨਿਆ[31] ॥ ੪॥੧੧॥ | Says Kabir, my mind is Thus pleased[29]; When my soul[32] is pleased, then[30] recognize[31] I, the Lord. | ਕਬੀਰ ਜੀ ਆਖਦੇ ਹਨ, ਮੇਰਾ ਚਿੱਤ ਪ੍ਰਸੰਨ ਹੋ ਗਿਆ[29] ਹੈ । ਜਦ ਮੇਰੀ ਆਤਮਾ[32] ਇਸ ਤਰ੍ਹਾਂ ਪ੍ਰਸੰਨ ਹੋ ਜਾਂਦੀ ਹੈ, ਤਦ[30] ਹੀ ਮੈਂ ਪ੍ਰਭੂ ਨੂੰ ਪਛਾਣਦਾ[31] ਹਾਂ । |
| ਰਾਗੁ ਸੋਰਠਿ<br>ਬਾਣੀ ਭਗਤ[33] ਨਾਮਦੇ ਜੀ[34] ਕੀ ਘਰੁ ੨ | Sorath Measure.<br>Hymns of Sire[34] Saint[33] Namdev ji. | ਰਾਗੁ ਸੋਰਠਿ ।<br>ਬਾਣੀ ਮਹਾਰਾਜ[34] ਸੰਤ[33] ਨਾਮ ਦੇਵ ਜੀ । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪ੍ਰਾਪਤ ਹੁੰਦਾ ਹੈ । |

| | | |
|---|---|---|
| ਜਬ[35] ਦੇਖਾ[36] ਤਬ[37] ਗਾਵਾ[38] ॥ | When[35] I see[36] my Lord, then[37] sing[38] I His praise | ਜਦ[35] ਮੈਂ ਸੁਆਮੀ ਨੂੰ ਵੇਖਦਾ[36] ਹਾਂ, ਤਦ[37] ਮੈਂ ਉਸ ਦੀ ਮਹਿਮਾ ਗਾਇਨ[38] ਕਰਦਾ ਹਾਂ । |
| ਤਉ[39] ਜਨ[40] ਧੀਰਜੁ[41] ਪਾਵਾ[42] ॥੧॥ | It is then[39], that I, His slave[40], obtain[42] forbearance[41]. | ਤਾਂ[39] ਹੀ ਮੈਂ, ਉਸ ਦਾ ਗੋਲਾ[40], ਸਬਰ-ਸਿਦਕ[41] ਨੂੰ ਪਾਉਂਦਾ[42] ਹਾਂ । |
| ੬੫੭ | | |
| ਨਾਦਿ[43] ਸਮਾਇਲੋ[44] ਰੇ ਸਤਿਗੁਰੁ ਭੇਟਿਲੇ[45] ਦੇਵਾ[46] ॥ ੧॥ਰਹਾਉ॥ | Meeting[45] with the Bright[46] True Guru, I have merged[44] in the world-incarnate[43] Lord Pause. | ਪ੍ਰਕਾਸ਼ਵਾਨ[46] ਸੱਚੇ ਗੁਰਾਂ ਨਾਲ ਮਿਲ ਕੇ[45] ਮੈਂ ਸਬਦ-ਸਰੂਪ ਸੁਆਮੀ ਅੰਦਰ ਲੀਨ ਹੋ ਗਿਆ[44] ਹਾਂ । ਠਹਿਰਾਉ । |
| ਜਹ[47] ਝਿਲਿ ਮਿਲਿ ਕਾਰੁ[48] ਦਿਸੰਤਾ[49] ॥ ਤਹ[50] ਅਨਹਦ ਸਬਦ[51] ਬਜੰਤਾ[52] ॥ | Where[47] the dazzling light[48] is seen[49], there[50] plays[52] the celestial strain[51]. | ਜਿੱਥੇ[47] ਚੁੰਧਿਆਉਣ ਵਾਲਾ ਚਾਨਣ[48] ਦਿਸਦਾ[49] ਹੈ, ਉਥੇ[50] ਈਸ਼ਵਰੀ-ਕੀਰਤਨ[51] ਹੁੰਦਾ[52] ਹੈ । |
| ਜੋਤੀ[53] ਜੋਤਿ[54] ਸਮਾਨੀ[55] ॥ ਮੈ ਗੁਰ ਪਰਸਾਦੀ[56] ਜਾਨੀ[57] ॥੨॥ | The light[54] of the Luminous Lord[53] is pervading[55] there. By Guru's grace[56] I have known[57] it. | ਪ੍ਰਕਾਸ਼ਵਾਨ[53] ਪ੍ਰਭੂ ਦੀ ਰੋਸ਼ਨੀ[54] ਉੱਥੇ ਵਿਆਪਕ ਹੋ ਰਹੀ[55] ਹੈ । ਗੁਰਾਂ ਦੀ ਦਇਆ ਦੁਆਰਾ[56], ਮੈਂ ਇਸ ਨੂੰ ਜਾਣ ਲਿਆ[57] ਹੈ । |
| ਰਤਨ[58] ਕਮਲ[59] ਕੋਠਰੀ[60] ॥ | In the heart-lotus[59] chamber[60] are the jewels[58]. | ਦਿਲ ਕੰਵਲ[59] ਦੀ ਕੋਠੜੀ[60] ਵਿੱਚ ਜਵਾਹਿਰਾਤ[58] ਹਨ । |
| ਚਮਕਾਰ[61] ਬੀਜੁਲ[62] ਤਹੀ[63] ॥ | There[63] they glitter[61] like lightning[62]. | ਉਥੇ[63] ਉਹ ਬਿਜਲੀ[62] ਦੀ ਤਰ੍ਹਾਂ ਲਿਸ਼ਕਦੇ[61] ਹਨ ਪ੍ਰਭੂ |
| ਨੇਰੈ[64] ਨਾਹੀ ਦੂਰਿ[65] ॥ | The Lord is near[64], not distant[65]. | ਨੇੜੇ[64] ਹੈ, ਦੁਰੇਡੇ[65] ਨਹੀਂ । |
| ਨਿਜ[66] ਆਤਮੈ[67] ਰਹਿਆ ਭਰਪੂਰਿ[68] ॥੩॥ | He completely permeates[68] my[66] mind[67]. | ਉਹ ਮੇਰੇ[66] ਹਿਰਦੇ[67] ਨੂੰ ਪਰੀਪੂਰਨ ਕਰ ਰਿਹਾ[68] ਹੈ । |
| ਜਹ[69] ਅਨਹਤ[70] ਸੂਰ[71] ਉਜ੍ਯਾਰਾ[72] ॥ ਤਹ[73] ਦੀਪਕ[74] ਜਲੈ[75] ਛੰਛਾਰਾ[76] ॥ | Where[69] there is the light[72] of the undying[70] sun[71], there[73], the burning[75] lamps[74] of the sun and the moon appear insignificant[76]. | ਜਿੱਥੇ[69] ਨਾ ਨਾਸ਼ ਹੋਣ ਵਾਲੇ[70] ਸੂਰਜ[71] ਦਾ ਚਾਨਣ[72] ਹੈ । ਉੱਥੇ[73] ਜਲਦੇ ਹੋਏ[75] ਸੂਰਜ ਤੇ ਚੰਦ ਦੇ ਦੀਵੇ[74] ਤੁੱਛ[76] ਪ੍ਰਤੀਤ ਹੁੰਦੇ ਹਨ । |
| ਗੁਰ ਪਰਸਾਦੀ[77] ਜਾਨਿਆ[78] ॥ ਜਨੁ[79] ਨਾਮਾ ਸਹਜ[80] ਸਮਾਨਿਆ[81] ॥੪॥੧॥ | By Guru's grace[77], I have known[71] this. Slave[79] Nama is absorbed[81] in his Lord[80]. | ਗੁਰਾਂ ਦੀ ਰਹਿਮਤ ਸਦਕਾ[76] ਮੈਂ ਇਹ ਕੁਛ ਜਾਣ ਲਿਆ[78] ਹੈ । ਗੋਲਾ[79] ਨਾਮਦੇਵ ਆਪਣੇ ਪ੍ਰਭੂ[80] ਅੰਦਰ ਲੀਨ ਹੋ ਗਿਆ[81] ਹੈ । |
| ਘਰੁ ੪ ਸੋਰਠਿ ॥ | Sorath | ਸੋਰਠਿ । |
| ਪਾੜ[82] ਪੜੋਸਣਿ[83] ਪੂਛਿ ਲੇ ਨਾਮਾ ਕਾ ਪਹਿ[84] ਛਾਨਿ[85] ਛਵਾਈ[86] ਹੋ ॥ | A near[82] female neighbour[83] asks Nama : "By whom[84] hast thou got the cottage[85] built[86]" ? | ਪਾਸ[82] ਦੀ ਗੁਆਂਢਣ[83] ਨਾਮੇ ਤੋਂ ਪੁਛਦੀ ਹੈ, "ਤੂੰ ਕੀਹਦੇ[84] ਕੋਲੋਂ ਆਪਣੀ ਛੱਪਰੀ[85] ਬਣਵਾਈ[86] ਹੈ ? |
| ਤੋ ਪਹਿ[87] ਦੁਗਣੀ[88] ਮਜੂਰੀ[89] ਦੈਹਉ[90] ਮੋ ਕਉ[91] ਬੇਢੀ[92] ਦੇਹੁ ਬਤਾਈ[93] ਹੋ ॥੧॥ | I shall pay[90] him twice[88] the wages[89]; thou, doest[87], "tell[93] me[91] thy carpenter[92] ?" | ਮੈਂ ਉਸ ਨੂੰ ਤੇਰੇ ਨਾਲੋਂ ਦੁੱਗਣੀ[88] ਮਿਹਨਤ[89] ਦੇਵਾਗੀ[90], ਤੂੰ ਮੈਨੂੰ[91] (ਉਹ) ਤਰਖਾਣ[92] ਦਸ[93] ਦੇ ?" |

ਰੀ[94] ਬਾਈ[95] ਬੇਢੀ ਦੇਨੁ[96] ਨ ਜਾਈ[97] ॥

O[94] Sister[95], the carpenter cannot[97] be given[96] to thee.

ਹੇ[94] ਭੈਣ[95] ! (ਉਸ) ਤ੍ਰਖਾਣ ਤੈਨੂੰ ਦਿੱਤਾ[96] ਨਹੀਂ ਜਾ ਸਕਦਾ[97] ।

ਦੇਖੁ ਬੇਢੀ ਰਹਿਓ ਸਮਾਈ[98] ॥

Lo, my carpenter is pervading[98] everywhere.

ਵੇਖ ! ਮੇਰਾ ਤ੍ਰਖਾਣ ਹਰ ਥਾਂ ਵਿਆਪਕ ਹੋ ਰਿਹਾ[98] ਹੈ ।

ਹਮਾਰੈ[99] ਬੇਢੀ ਪ੍ਰਾਨ[100] ਅਧਾਰਾ[2] ॥੧॥ਰਹਾਉ॥

My[99] carpenter is the support[2] of my soul[100]. Pause.

ਮੇਰਾ[99] ਤਰਖਾਣ ਮੇਰੀ ਜਿੰਦੜੀ[100] ਦਾ ਆਸਰਾ[2] ਹੈ । ਠਹਿਰਾਉ ।

ਬੇਢੀ ਪ੍ਰੀਤਿ[3] ਮਜੂਰੀ[7] ਮਾਂਗੈ[6] ਜਉ[4] ਕੋਊ[5] ਛਾਨਿ ਛਵਾਵੈ ਹੋ ॥

If[4] anyone[5] wants the hut to be made, the carpenter demands[6] the wages[7] of love[3].

ਜੇਕਰ[4] ਕੋਈ ਜਣਾ[5] ਛਪਰੀ ਬੰਨ੍ਹਵਾਉਣਾ ਚਾਹੇ, ਤਾਂ ਤਰਖਾਣ ਪਿਆਰ[3] ਦੀ ਉਜਰਤ[7] ਮੰਗਦਾ[6] ਹੈ ।

ਲੋਗ[8] ਕੁਟੰਬ[9] ਸਭਹੁ ਤੇ ਤੋਰੈ[10] ਤਉ[12] ਆਪਨ[13] ਬੇਢੀ ਆਵੈ ਹੋ ॥੨॥

When man breaks[10] with all the people[8] and kindreds[9], then[12] the carpenter comes of His own accord[13].

ਜਦ ਆਦਮੀ ਸਾਰੇ ਲੋਕਾਂ[8] ਤੇ ਸਨਬੰਧੀਆਂ[9] ਨਾਲੋਂ ਤੋੜ ਲੈਂਦਾ[10] ਹੈ, ਤਾਂ[12] ਤਰਖਾਣ ਖੁਦ-ਬ-ਖੁਦ[13] ਹੀ ਆ ਜਾਂਦਾ ਹੈ ।

ਐਸੋ[14] ਬੇਢੀ ਬਰਨਿ[15] ਨ ਸਾਕਉ ਸਭ ਅੰਤਰ[16] ਸਭ ਠਾਂਈ[17] ਹੋ ॥

I can describe[15] not such[14] a carpenter who is contained in[16] everything and every place[17].

ਐਹੋ ਜੇਹੇ[14] ਤ੍ਰਖਾਣ ਨੂੰ ਮੈਂ ਬਿਆਨ[15] ਨਹੀਂ ਕਰ ਸਕਦਾ । ਉਹ ਸਾਰੀਆਂ ਵਸਤੂਆਂ ਤੇ ਸਾਰੀਆਂ ਥਾਵਾਂ[17] ਦੇ ਅੰਦਰ[16] ਸਮਾ ਰਿਹਾ ਹੈ ।

ਗੂੰਗੈ[18] ਮਹਾ[19] ਅੰਮ੍ਰਿਤ[20] ਰਸੁ[21] ਚਾਖਿਆ[22] ਪੂਛੇ[23] ਕਹਨੁ[24] ਨ ਜਾਈ ਹੋ ॥੩॥

A dumb man[18] tastes[22] the flavour of great[19] elixir[20]; if thou ask[23] him, he cannot describe[24] it.

ਗੂੰਗਾ ਇਨਸਾਨ[18], ਪਰਮ[10] ਸੁਧਾਰਸ[20] ਦਾ ਸੁਆਦ[21] ਮਾਣਦਾ[22] ਹੈ, ਪਰ ਜੇ ਉਸ ਤੋਂ ਪੁੱਛੋ ਤਾਂ[23], ਉਹ ਇਸ ਨੂੰ ਬਿਆਨ[24] ਨਹੀਂ ਕਰ ਸਕਦਾ ।

ਬੇਢੀ ਕੇ ਗੁਣ[25] ਸੁਨਿ[29] ਰੀ ਬਾਈ ਜਲਧਿ[26] ਬਾਂਧਿ[27] ਧ੍ਰੂ ਥਾਪਿਓ[28] ਹੋ ॥

Listen[29] thou the merits[25] of the carpenter, O Sister. He has checked[27] the ocean[26] and installed[28] Dhru.

ਤੂੰ ਤਰਖਾਣ ਦੀਆਂ ਚੰਗਿਆਈਆਂ[25] ਸ੍ਰਵਣ ਕਰ[29], ਹੇ ਭੈਣ ! ਉਸ ਨੇ ਸਮੁੰਦਰ[26] ਨੂੰ ਰੋਕਿਆ[27] ਤੇ ਧ੍ਰੂ ਨੂੰ ਅਸਥਾਪਨ[28] ਕੀਤਾ ਹੋਇਆ ਹੈ ।

ਨਾਮੇ ਕੇ ਸੁਆਮੀ ਸੀਅ[30] ਬਹੋਰੀ[31] ਲੰਕ[32] ਭਭੀਖਣ ਆਪਿਓ[33] ਹੋ ॥੪॥੨॥

Nama's Lord brought back[31] Sita[30] and bestowed[33] Ceylon[32] on Bhabhikan.

ਨਾਮੇ ਦੇ ਸਾਹਿਬ ਨੇ ਸੀਤਾ[30] ਮੋੜ ਲਿਆਂਦੀ[31] ਅਤੇ ਲੰਕਾ[32] ਭਭੀਖਣ ਨੂੰ ਦੇ ਦਿੱਤੀ[33] ।

### ਸੋਰਠਿ ਘਰੁ ੩ ॥

### Sorath.

### ਸੋਰਠਿ ।

ਅਣਮੜਿਆ[34] ਮੰਦਲੁ[35] ਬਾਜੈ[36] ॥ ਬਿਨੁ ਸਾਵਣ[37] ਘਨਹਰੁ[38] ਗਾਜੈ[39] ॥

The unskinned[34] drum[35] plays[36]. Without the rainy season[37] the cloud[38] thunders[39].

ਚੰਮ ਨਾਲ ਨਾ ਮੜ੍ਹਿਆ ਹੋਇਆ[34] ਢੋਲ[35] ਵਜਦਾ[36] ਹੈ । ਬਰਖਾ ਦੀ ਰੁੱਤ[37] ਦੇ ਬਗ਼ੈਰ ਬੱਦਲ[38] ਗੱਜਦਾ[39] ਹੈ ।

ਬਾਦਲ ਬਿਨੁ ਬਰਖਾ[40] ਹੋਈ[41] ॥ ਜਉ[42] ਤਤੁ[43] ਬਿਚਾਰੈ[44] ਕੋਈ[45] ॥੧॥

Without the clouds, the rain[40] falls[41], if[42] anyone[45] reflects over[44] the Real Things[43].

ਬੱਦਲਾਂ ਦੇ ਬਗ਼ੈਰ ਮੀਂਹ[40] ਪੈਂਦਾ[41] ਹੈ, ਜੇਕਰ[42] ਕੋਈ ਜਣਾ[45] ਅਸਲੀ ਵਸਤੂ ਨੂੰ ਸੋਚੇ ਵਿਚਾਰੇ[45] ।

ਮੋ ਕਉ[46] ਮਿਲਿਓ ਰਾਮੁ[47] ਸਨੇਹੀ[48] ॥ ਜਿਹ[49] ਮਿਲਿਐ

I[46] have met my Beloved[48] all Pervading Lord[47], meeting with whom[49]

ਮੈਂ[46] ਆਪਣੇ ਪਿਆਰੇ[48] ਵਿਆਪਕ ਪ੍ਰਭੂ[47] ਨੂੰ ਮਿਲ ਪਿਆ ਹਾਂ, ਜਿਸ ਨੂੰ[49] ਮਿਲਣ ਦੁਆਰਾ ਸਰੀਰ ਇਕ ਸ੍ਰੇਸ਼ਟ[50]

| | | |
|---|---|---|
| ਦੇਹ [50]ਸੁਦੇਹੀ[51] ॥੧॥ ਰਹਾਉ॥ | the body is rendered a sublime[50] body[51]. Pause. | ਸਰੀਰ[51] ਵਿੱਚ ਬਦਲ ਗਿਆ ਹੈ। ਠਹਿਰਾਉ। |
| ਮਿਲਿ[52] ਪਾਰਸ[53] ਕੰਚਨੁ[54] ਹੋਇਆ ॥ | Touching[52] the philosopher's[53] stone, I have become gold[54]. | ਪਾਰਸ (ਅਮੋਲਕ ਰਸਾਇਨ[53]) ਨਾਲ ਲਗ ਕੇ[52] ਮੈਂ ਸੋਨਾ[54] ਹੋ ਗਿਆ ਹਾਂ। |
| ਮੁਖ[55] ਮਨਸਾ[56] ਰਤਨੁ[57] ਪਰੋਇਆ[58] ॥ | In my mouth[55] and mind[56], I have strung[58] the jewels[57] of the Lord's Name. | ਆਪਣੇ ਮੂੰਹ[55] ਤੇ ਮਨ[56] ਵਿੱਚ ਮੈਂ ਸਾਂਈਂ ਦੇ ਨਾਮ ਦੇ ਜਵਾਹਿਰਾਤ[57] ਗੁੰਥਨ ਕੀਤੇ[58] ਹਨ। |
| ਨਿਜ[59] ਭਾਉ ਭਇਆ[60] ਭ੍ਰਮੁ[61] ਭਾਗਾ[62] ॥ | I love[60] the Lord as my own[59] and my doubt[61] is dispelled[62]. | ਮੈਂ ਪ੍ਰਭੂ ਨੂੰ ਆਪਣੀ ਨਿੱਜ[59] ਦਾ ਜਾਣ ਪਿਆਰ ਕਰਦਾ[60] ਹਾਂ ਅਤੇ ਮੇਰਾ ਸੰਦੇਹ[61] ਦੂਰ ਹੋ ਗਿਆ[62] ਹੈ। |
| ਗੁਰ ਪੂਛੇ[63] ਮਨੁ[64] ਪਤੀਆਗਾ[65] ॥੨॥ | Instructed[63] by the Guru, my soul[64] is satiated[65] | ਗੁਰਾਂ ਤੋਂ ਸਿਖਮਤ ਲੈ[63], ਮੇਰੀ ਆਤਮਾ[64] ਤ੍ਰਿਪਤ ਹੋ ਗਈ[65] ਹੈ। |
| ਜਲ[66] ਭੀਤਰਿ[67] ਕੁੰਭ[68] ਸਮਾਨਿਆ[69] ॥ ਸਭ[70] ਰਾਮੁ[71] ਏਕੁ ਕਰਿ ਜਾਨਿਆ[72] ॥ | As the water[66] is contained[69] in[67] the pitcher[68], likewise, I know[72], the one Lord[71] is contained in the whole World[70]. | ਜਿਸ ਤਰ੍ਹਾਂ ਪਾਣੀ[66] ਘੜੇ[68] ਅੰਦਰ[67] ਸਮਾਇਆ ਹੋਇਆ[69] ਹੈ, ਏਸੇ ਤਰ੍ਹਾਂ ਹੀ, ਮੈਂ ਜਾਣਦਾ[72] ਹਾਂ ਕਿ ਇੱਕ ਸੁਆਮੀ[71] ਸਾਰੇ ਸੰਸਾਰ[70] ਅੰਦਰ ਰਮਿਆ ਹੋਇਆ ਹੈ। |
| ਗੁਰ ਚੇਲੇ[73] ਹੈ ਮਨੁ[74] ਮਾਨਿਆ[75] ॥ ਜਨ[76] ਨਾਮੇ ਤਤੁ[77] ਪਛਾਨਿਆ[78]॥੩॥੩॥ | The mind[74] of the disciple[73] reposes faith[75] in the Guru. Slave[76] Nama understands[78] the Reality[77] | ਮੁਰੀਦ[73] ਦਾ ਚਿੱਤ ਗੁਰਾਂ[74] ਉੱਤੇ ਭਰੋਸਾ ਧਾਰ ਲੈਂਦਾ[75] ਹੈ। ਦਾਸ ਨਾਮੇ ਨੇ ਅਸਲੀਅਤ[77] ਨੂੰ ਸਮਝ ਲਿਆ[78] ਹੈ। |
| ਰਾਗੁ ਸੋਰਠਿ | Sorath Measure. | ਰਾਗ ਸੋਰਠਿ। |
| ਬਾਣੀ ਭਗਤ[79] ਰਵਿਦਾਸ ਜੀ[80] ਕੀ | The hymns of reverend[80] Saint[79] Ravi Dass ji | ਬਾਣੀ ਪੂਜਯ[80] ਸੰਤ ਰਵਿਦਾਸ[79] ਜੀ। |
| ੧ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace, He is obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਜਬ[81] ਹਮ[82] ਹੋਤੇ ਤਬ[85] ਤੂ ਨਾਹੀ ਅਬ[84] ਤੂਹੀ ਮੈ[83] ਨਾਹੀ ॥ | When[81] there was egoism[82] in me, Thou wert not within me, then[85]; now that Thou art there, there is no egoism[83]. | ਜਦ[81] ਮੇਰੇ ਵਿੱਚ ਅਪਣੱਤ[82] ਸੀ, ਤਦ[85] ਤੂੰ ਮੇਰੇ ਵਿੱਚ ਨਹੀਂ ਸੈਂ, ਹੁਣ ਜਦ[84] ਤੂੰ ਮੇਰੇ ਅੰਦਰ ਹੈਂ, ਮੇਰੀ ਹਉਮੈ[83] ਦੂਰ ਹੋ ਗਈ ਹੈ। |
| ਅਨਲ[86] ਅਗਮ[87] ਜੈਸੇ[88] ਲਹਰਿ[89] ਮਇ[90] ਓਦਧਿ[91] ਜਲ[92] ਕੇਵਲ[93] ਜਲ ਮਾਂਹੀ[94] ॥੧॥ | As[88] huge[87] waves[89] are raised by the wind[86] in the great[90] ocean[91], but they are, only[93] water[92] in[93] water. | ਜਿਵੇਂ[88] ਪਵਨ[86] ਦੇ ਨਾਲ ਵੱਡੇ[90] ਸਮੁੰਦਰ[91] ਵਿੱਚ ਭਾਰੀ[87] ਛੱਲਾਂ[89] ਉਠਦੀਆਂ ਹਨ, ਪ੍ਰੰਤੂ ਪਾਣੀ ਵਿੱਚ[94] ਉਹ ਨਿਰਾ[93] ਪਾਣੀ[92] ਹੀ ਹਨ। |
| [95]ਮਾਧਵੇ[96] ਕਿਆ[97] ਕਹੀਐ[98] ਭ੍ਰਮੁ[99] ਐਸਾ[100] ॥ | O Lord[96] of wealth[95], what[97] should I say[98] about this[100] delusion[99] ? | ਹੇ ਮਾਇਆ[95] ਦੇ ਸੁਆਮੀ[96], ਮੈਂ[97] ਕੀ ਆਖਾਂ[98], ਇਹ ਕੀ ਭੁਲੇਖਾ[99] ਹੈ ? |
| ਜੈਸਾ[2] ਮਾਨੀਐ[3] ਹੋਇ ਨ ਤੈਸਾ[4] ॥੧॥ਰਹਾਉ॥ | What[2] we deem[3] a thing to be, in reality, it is not like that[4]. Pause. | ਜਿਹੋ ਜਹੀ[2] ਅਸੀਂ ਕਿਸੇ ਚੀਜ਼ ਨੂੰ ਸਮਝ[3] ਲੈਂਦੇ ਹਾਂ ਅਸਲ ਵਿੱਚ ਉਹ ਉਹੋ[4] ਜਹੀ ਹੁੰਦੀ ਨਹੀਂ। ਠਹਿਰਾਉ। |

| | | |
|---|---|---|
| ਨਰਪਤਿ[5] ਏਕੁ ਸਿੰਘਾਸਨਿ[6] ਸੋਇਆ[7] ਸੁਪਨੇ[8] ਭਇਆ[9] ਭਿਖਾਰੀ[10] ॥ | It is like a king[5] falling asleep[7] on his throne[6] and becoming[9] a beggar[10] in dream[8]. | ਇਕ ਰਾਜਾ[5] ਤਖ਼ਤ[6] ਉੱਤੇ ਸੌਂ ਜਾਂਦਾ[7] ਹੈ। ਸੁਪਨੇ[8] ਵਿੱਚ ਉਹ ਮੰਗਤਾ[10] ਬਣ ਜਾਂਦਾ[9] ਹੈ। |
| ਅਛਤ[12] ਰਾਜ[13] ਬਿਛੁਰਤ[14] ਦੁਖੁ[15] ਪਾਇਆ[16]ਸੋ[17]ਗਤਿ[18] ਭਈ[19] ਹਮਾਰੀ[20] ॥੨॥ | His kingdom[13] is[12] in tact, but separating[14] from it, he suffers[16] pain[15] Such[17], indeed, has been[19] my[20] condition[18]. | ਉਸ ਦੀ ਪਾਤਿਸ਼ਾਹੀ[13] ਸਹੀ ਸਲਾਮਤ ਹੈ[12], ਪ੍ਰੰਤੂ ਇਸ ਨਾਲੋਂ ਵਿਛੜ ਕੇ[14] ਉਹ ਤਕਲੀਫ਼[15] ਉਠਾਉਂਦਾ[16] ਹੈ। ਐਹੋ ਜੇਹੀ[17] ਹੀ ਹਾਲਤ[18] ਮੇਰੀ[20] ਹੋਈ[19] ਹੈ। |
| ੬੫੮ | | |
| ਰਾਜ[21] ਭੁਇਅੰਗ[22] ਪ੍ਰਸੰਗ[23] ਜੈਸੇ[24] ਹਹਿ[29] ਅਬ[25] ਕਛੁ[26] ਮਰਮੁ[27] ਜਨਾਇਆ[28] ॥ | As[24] is[22] the story[23] of the rope[21] and serpent[22], I have, now[25], had some[26] secret[27] explained[28] to me. | ਜਿਸ ਤਰ੍ਹਾਂ[24] ਰੱਸੀ[21] ਤੇ ਸੱਪ[22] ਦੀ ਕਹਾਣੀ[23] ਹੈ[29], ਹੁਣ[25] ਮੈਨੂੰ ਕੁਝ ਕੁ[26] ਭੇਤ[27] ਦਰਸਾਇਆ ਗਿਆ[28] ਹੈ। |
| ਅਨਿਕ[30] ਕਟਕ[31] ਜੈਸੇ[32] ਭੂਲਿ[33] ਪਰੇ ਅਬ[34] ਕਹਤੇ[35] ਕਹਨੁ[36] ਨ ਆਇਆ[37] ॥੩॥ | As[32] I was misled[33] to believe that several[30] bangles[31] were different from gold, but what I then said[35] becomes[37] me not to say[36], now[34]. | ਜਿਸ ਤਰ੍ਹਾਂ[32] ਭੁਲੇਖਾ[33] ਸੀ, ਮੈਂ ਅਨੇਕਾਂ[30] ਕੜਿਆਂ[31] ਨੂੰ ਸੋਨੇ ਨਾਲੋਂ ਵੱਖਰਾ ਮੰਨਦਾ ਸਾਂ, ਪਰ ਜੋ ਕੁੱਛ ਮੈਂ ਉਦੋਂ ਕਹਿੰਦਾ[35] ਸੀ, ਹੁਣ[34] ਮੈਨੂੰ ਕਹਿਣਾ[36] ਨਹੀਂ ਬਣਦਾ[37]। |
| ਸਰਬੇ[38]ਏਕੁ ਅਨੇਕੈ[39] ਸੁਆਮੀ ਸਭ ਘਟ[40] ਭੋੁਗਵੈ[41] ਸੋਈ[42]॥ | Amidst all[38], the One Lord has assumed many[39] forms and He[42], is enjoying[41](pervading) in all the hearts[40] | ਸਮੂਹ[38] ਅੰਦਰ ਇੱਕ ਸੁਆਮੀ ਨੇ ਅਨੇਕ[39] ਸਰੂਪ ਧਾਰਨ ਕੀਤੇ ਹੋਏ ਹਨ। ਉਹ[42] ਸਾਹਿਬ ਸਾਰਿਆਂ ਦਿਲਾਂ[40] ਅੰਦਰ ਅਨੰਦ ਮਾਣ ਰਿਹਾ[41] ਹੈ। |
| ਕਹਿ ਰਵਿਦਾਸ ਹਾਥ[43] ਪੈ[44] ਨੇਰੈ[45] ਸਹਜੇ[46] ਹੋਇ[47] ਸੁ[49] ਹੋਈ[48] ॥੪॥੧॥ | Says Ravi Dass, the Lord is nearer[45] to us than our hands[43] and feet[44]. So let it happen[38], what[49] may naturally[46] happen[47]. | ਰਵਿਦਾਸ ਜੀ ਆਖਦੇ ਹਨ, ਸਾਹਿਬ ਸਾਨੂੰ ਆਪਣੇ ਹੱਥਾਂ[43] ਪੈਰਾਂ[44] ਨਾਲੋਂ ਭੀ ਨੇੜੇ[45] ਹੈ। ਇਸ ਲਈ ਜਿਹੜਾ[49] ਕੁੱਛ ਕੁਦਰਤੀ[46] ਹੁੰਦਾ[47] ਹੈ, ਹੋਣ ਦਿਓ[48]। |
| ਜਉ[49] ਹਮ ਬਾਂਧੇ[50] ਮੋਹ[51] ਫਾਸ[52] ਹਮ ਪ੍ਰੇਮ[53] ਬਧਨਿ[54] ਤੁਮ[55] ਬਾਧੇ[56] ॥ | If[49] I am bound[50] with the noose[52] of worldly attachment[51], Thee[55] too, O Lord, I have bound[56] with the bond[54] of love[53]. | ਜੇਕਰ[49] ਮੈਂ ਸੰਸਾਰੀ ਲਗਨ[51] ਦੀ ਫਾਹੀ[52] ਨਾਲ ਬੰਨ੍ਹਿਆ ਹੋਇਆ[50] ਹਾਂ ਤਾਂ ਤੈਨੂੰ[55] ਭੀ, ਹੇ ਸੁਆਮੀ ! ਮੈਂ ਪ੍ਰੀਤ[53] ਦੀ ਜ਼ੰਜੀਰ[54] ਨਾਲ ਜਕੜਿਆ ਹੋਇਆ[56] ਹੈ। |
| ਅਪਨੇ ਛੂਟਨ[57] ਕੋ ਜਤਨੁ[58] ਕਰਹੁ ਹਮ ਛੂਟੇ ਤੁਮ ਆਰਾਧੇ[59] ॥੧॥ | Make Thou effort[58] O Lord to secure Thine release[57], because I have secured my release by remembering[59] Thee. | ਹੁਣ ਤੂੰ ਆਪਣੀ ਖ਼ਲਾਸੀ[57] ਕਰਾਉਣ ਦਾ ਉਪਰਾਲਾ[58] ਕਰ। ਮੈਂ ਤਾਂ ਤੇਰਾ ਸਿਮਰਨ ਕਰਨ[59] ਦੁਆਰਾ ਛੁਟਕਾਰਾ ਪਾ ਗਿਆ ਹਾਂ। |
| [60]ਮਾਧਵੇ[61] ਜਾਨਤ[62] ਹਹੁ ਜੈਸੀ[63] ਤੈਸੀ[64] ॥ | O Lord[61] of wealth[62], as[63] is my love for Thee, that[64] Thou knowest[62]. | ਹੇ ਮਾਇਆ[60] ਦੇ ਪਤੀ[61], ਜੇਹੋ ਜੇਹੀ[63] ਤੇਰੇ ਨਾਲ ਪ੍ਰੀਤ ਹੈ, ਉਹ[64] ਤੂੰ ਜਾਣਦਾ[62] ਹੀ ਹੈਂ। |
| ਅਬ[65] ਕਹਾ[66] ਕਰਹੁਗੇ[67] ਐਸੀ[68] ॥੧॥ਰਹਾਉ॥ | Such[68] being my love for Thee, what[66] shalt Thou do[67] now[65] with me ? Pause. | ਤੇਰੇ ਨਾਲ ਮੇਰੀ ਐਹੋ ਜੇਹੀ[68] ਪ੍ਰੀਤ ਹੁੰਦਿਆਂ, ਹੁਣ[65] ਤੂੰ ਮੇਰੇ ਨਾਲ ਕੀ[66] ਕਰੇਂਗਾ[67] ? ਠਹਿਰਾਉ। |
| ਮੀਨੁ[69] ਪਕਰਿ[70] ਫਾਂਕਿਓ[71] | Man catches[70] a fish[69], slices[71] it, | ਆਦਮੀ ਮੱਛੀ[69] ਨੂੰ ਫੜਦਾ[70]ਹੈ, ਇਸ ਦੀਆਂ ਫ਼ੀੜਆਂ[71] |

| | | |
|---|---|---|
| ਅਰੁ[72] ਕਾਟਿਓ[73] ਰਾਂਧਿ[74] ਕੀਓ ਬਹੁ[75] ਬਾਨੀ[76] ॥ | cuts[73] it and[73] cooks[74] it in many[75] ways[76]. | ਕਰਦਾ ਹੈ ਇਸ ਨੂੰ ਕਟਦਾ[73] ਹੈ ਅਤੇ[72] ਕਈ[75] ਤਰੀਕਿਆਂ[76] ਨਾਲ ਇਸ ਨੂੰ ਰਿੰਨ੍ਹਦਾ[74] ਹੈ । |
| ਖੰਡ[77] ਖੰਡ ਕਰਿ ਭੋਜਨੁ ਕੀਨੋ[78] ਤਊ[79] ਨ ਬਿਸਰਿਓ[80] ਪਾਨੀ ॥੨॥ | It is eaten up[78], bit by bit[77] but still[79], it forgets[80] not water. | ਉਹ ਬੋਟੀ ਬੋਟੀ ਕਰ ਕੇ[77] ਖਾਂਦੀ ਜਾਂਦੀ[78] ਹੈ ਤਾਂ[79] ਭੀ ਇਹ ਪਾਣੀ ਨੂੰ ਨਹੀਂ ਭੁਲਦੀ[80] । |
| ਆਪਨ ਬਾਪੈ[81] ਨਾਹੀ ਕਿਸੀ ਕੋ ਭਾਵਨ[82] ਕੋ ਹਰਿ ਰਾਜਾ[83] ॥ | God, the King[83], fathers[81] no one but him who loves[82] Him. | ਪਾਤਿਸ਼ਾਹ[83], ਪ੍ਰਮੇਸ਼ਰ, ਕਿਸੇ ਦੇ ਵਿਰਸੇ[81] ਵਿੱਚ ਆਇਆ ਹੋਇਆ ਨਹੀਂ । ਉਹ ਉਸੇ ਦਾ ਹੈ, ਜਿਹੜਾ ਉਸ ਨੂੰ ਪਿਆਰ ਕਰਦਾ[82] ਹੈ । |
| ਮੋਹ[84] ਪਟਲ[85] ਸਭੁ ਜਗਤੁ[86] ਬਿਆਪਿਓ[87] ਭਗਤ[88] ਨਹੀ ਸੰਤਾਪਾ[89] ॥੩॥ | The screen[85] of worldly love[84] is cast over[87] the whole world[86], but it troubles[89] not the saint[88]. | ਸੰਸਾਰੀ ਮਮਤਾ[84] ਦਾ ਪੜਦਾ[85] ਸਾਰੇ ਸੰਸਾਰ[86] ਤੇ ਪਿਆ ਹੋਇਆ[87] ਹੈ, ਪਰ ਇਹ ਸਾਧੂ[88] ਨੂੰ ਦੁਖ[89] ਨਹੀਂ ਦਿੰਦਾ। |
| ਕਹਿ ਰਵਿਦਾਸ ਭਗਤਿ[90] ਇਕ[91] ਬਾਢੀ[92] ਅਬ[93] ਇਹ ਕਾ ਸਿਉ[94] ਕਹੀਐ[95] ॥ | Says Ravi Dass, my devotion[90] to one Lord[91] has increased[92]; To whom[94] should I tell[95] this now[93]? | ਰਵਿਦਾਸ ਜੀ ਆਖਦੇ ਹਨ, ਇੱਕ ਪ੍ਰਭੂ[91] ਨਾਲ ਮੇਰੀ ਸ਼ਰਧਾ-ਪ੍ਰੀਤ[90] ਵਧੇਰੀ ਹੋ ਗਈ[92] ਹੈ । ਇਹ ਮੈਂ ਹੁਣ[93] ਕਿਸ ਨੂੰ[94] ਦੱਸਾਂ[95] ? |
| ਜਾ[96] ਕਾਰਨਿ[97] ਹਮ[98] ਤੁਮ[99] ਆਰਾਧੇ[100] ਸੋ[5] ਦੁਖੁ[2] ਅਜਹੂ[3] ਸਹੀਐ[4] ॥੪॥੨॥ | Shall I still[3] suffer[4] the[5] pain[2], for[97] the removal of which[96] I[98] meditate[100] on Thee[99], O my Master? | ਕੀ ਮੈਂ ਉਹ[5] ਤਕਲੀਫ਼[2] ਅਜੇ ਭੀ[3] ਉਠਾਵਾਂਗਾ[4], ਜਿਸ[96] ਤੋਂ ਖ਼ਲਾਸੀ ਪਾਉਣ ਲਈ[97] ਮੈਂ[98] ਤੇਰਾ[99] ਸਿਮਰਨ[100] ਕਰਦਾ ਹਾਂ, ਹੇ ਮੇਰੇ ਮਾਲਕ ? |
| ਦੁਲਭ[6] ਜਨਮੁ[7] ਪੁੰਨ[8] ਫਲ[9] ਪਾਇਓ[10] ਬਿਰਥਾ[12] ਜਾਤ[13] [14]ਅਬਿਬੇਕੈ[15] ॥ | This precious[6] human life[7], I have obtained[10] as a reward[9] of good actions[8], but without[14] discriminating wisdom[15] it is going[13] in vain[12]. | ਇਹ ਨਾਯਾਬ[6] ਮਨੁਖੀ-ਜੀਵਨ[7], ਮੈਨੂੰ ਚੰਗੇ ਕਰਮਾਂ[8] ਦੇ ਸਿਲੇ ਵਜੋਂ[9] ਪ੍ਰਾਪਤ ਹੋਇਆ[10] ਹੈ, ਪਰ ਸੋਚ-ਵਿਚਾਰ[15] ਦੇ ਬਗ਼ੈਰ[14] ਇਹ ਵਿਅਰਥ[12] ਜਾ ਰਿਹਾ[13] ਹੈ । |
| ਰਾਜੇ[16] ਇੰਦ੍ਰ ਸਮਸਰਿ[17] ਗ੍ਰਿਹ[18] ਆਸਨ[19] ਬਿਨੁ[24] ਹਰਿ ਭਗਤਿ[20] ਕਹਹੁ[21] ਕਿਹ[22] ਲੇਖੈ[23] ॥੧॥ | Say[21], of what[22] account[23] are the mansion[18] and throne[19] like[17] those of king[16] Indara's, without[24] the Lord's devotional service[20]? | ਦਸ[21], ਪਾਤਿਸ਼ਾਹ[16] ਇੰਦ੍ਰ ਤੁਲ[17] ਘਰ[18] ਤੇ ਤਖ਼ਤ[19], ਸਾਹਿਬ ਦੀ ਪ੍ਰੇਮ-ਮਈ ਸੇਵਾ[20] ਦੇ ਬਾਝੋਂ[24], ਕਿਹੜੀ[22] ਗਿਣਤੀ[23] ਵਿੱਚ ਹਨ ? |
| ਨ ਬੀਚਾਰਿਓ[25] ਰਾਜਾ[26] ਰਾਮ[27] ਕੋ ਰਸੁ[28] ॥ ਜਿਹ ਰਸ ਅਨਰਸ[29] ਬੀਸਰਿ[30] ਜਾਹੀ ॥੧॥ਰਹਾਉ॥ | Thou hast not thought[25] of the relish[28] of the King[26] Lord's[27] Name, a relish, in which all other relishes[29] are forgotten[30]. Pause. | ਤੂੰ ਪਾਤਿਸ਼ਾਹ[26] ਪ੍ਰਮੇਸ਼ਰ ਦੇ[27] ਨਾਮ ਦੇ ਸੁਆਦ[28] ਵਲ ਧਿਆਨ[25] ਨਹੀਂ ਦਿੱਤਾ, ਜਿਸ ਸੁਆਦ ਅੰਦਰ ਹੋਰ ਸਾਰੇ ਸੁਆਦ[29] ਭੁਲ ਜਾਂਦੇ[30] ਹਨ । ਠਹਿਰਾਉ । |
| ਜਾਨਿ ਅਜਾਨ[31] ਭਏ[32] ਹਮ[33] ਬਾਵਰ[34] ਸੋਚ ਅਸੋਚ[35] ਦਿਵਸ[36] ਜਾਹੀ[37] ॥ | We[33] have become[32] mad[34], we know not[31] what we ought to know, and consider[35] not what we out to consider. Like this our days[36] are passing away[37]. | ਅਸੀਂ[33] ਝੱਲੇ[34] ਹੋ ਗਏ[32] ਹਾਂ, ਅਸੀਂ ਉਸ ਨੂੰ ਨਹੀਂ ਜਾਣਦੇ[31] ਜਿਹੜਾ ਸਾਨੂੰ ਜਾਨਣ-ਯੋਗ ਹੈ ਅਤੇ ਉਸ ਨੂੰ ਨਹੀਂ ਵਿਚਾਰਦੇ[35] ਜੋ ਵਿਚਾਰਨਾ ਚਾਹੀਦਾ ਹੈ । ਇਸ ਤਰ੍ਹਾਂ ਸਾਡੇ ਦਿਨ[36] ਬੀਤਦੇ ਜਾ ਰਹੇ ਹਨ[37] । |
| ਇੰਦ੍ਰੀ[38] ਸਬਲ[39] ਨਿਬਲ[40] | Our evil passions[38] are strong[39], | ਸਾਡੇ ਵਿਸ਼ੇ ਵੇਗ[38] ਬਲਵਾਨ[39] ਹਨ ਅਤੇ ਸਾਡੀ ਵਿਚਾਰ[41] |

| | | |
|---|---|---|
| ਬਿਬੇਕ[41] ਬੁਧਿ[42] [43]ਪਰਮਾਰਥ[44] ਪਰਵੇਸ[45] ਨਹੀ ॥੨॥ | discriminating[41] sense[42] is weak[40] and to the supreme[43] object[44], we have no access[45]. | ਸਮਝ[42] ਕਮਜ਼ੋਰ[40] ਹੈ । ਸ੍ਰੇਸ਼ਟ[43] ਮਨੋਰਥ[44] ਤਾਂਈਂ ਸਾਡੀ ਪਹੁੰਚ[45] ਨਹੀਂ । |
| ਕਹੀਅਤ[46] ਆਨ[47] ਅਚਰੀਅਤ[48] ਅਨ ਕਛੁ[49] ਸਮਝ[50] ਨ ਪਰੈ[51] ਅਪਰ[52] ਮਾਇਆ[53] ॥ | We say[46] one thing[47] and do[48] quite another[49] and deluded by infinite[52] worldly attachments[53], we obtain[51] not true understanding[50]. | ਅਸੀਂ ਕਹਿੰਦੇ[46] ਕੁੱਝ[47] ਹਾਂ ਅਤੇ ਕਮਾਉਂਦੇ[48] ਬਿਲਕੁਲ ਹੋਰ[49] ਹੀ ਹਾਂ । ਅਨੰਤ[52] ਸੰਸਾਰੀ ਲਗਨਾਂ[53] ਦੇ ਬਹਿ-ਕਾਇਆਂ ਹੋਇਆਂ ਨੂੰ ਸਾਨੂੰ ਕੋਈ ਸੂਝ ਬੂਝ[50] ਨਹੀਂ ਪੈਂਦੀ[51] । |
| ਕਹਿ ਰਵਿਦਾਸ ਉਦਾਸ[54] ਦਾਸ[55] ਮਤਿ[56] ਪਰਹਰਿ[57] ਕੋਪੁ[58] ਕਰਹੁ ਜੀਅ[59] ਦਇਆ[60] ॥੩॥੩॥ | Says Ravi Dass, Thy slave[55], O Lord, I am sad[54] at heart[56]. Banishing[57] Thine anger[58], take pity[60] on my soul[59]. | ਤੇਰਾ ਗੋਲਾ[55] ! ਹੇ ਸੁਆਮੀ ! ਰਵਿਦਾਸ ਆਖਦਾ ਹੈ, ਮੈਂ ਦਿਲੋਂ[56] ਗਮਗੀਨ[54] ਹਾਂ । ਤੂੰ ਆਪਣਾ ਗੁੱਸਾ[56] ਮੇਰੇ ਉਤੋਂ ਹਟਾ ਲੈ[57] ਤੇ ਮੇਰੀ ਜਿੰਦੜੀ[59] ਤੇ ਤਰਸ ਕਰ[60] । |
| ਸੁਖ[61] ਸਾਗਰੁ[62] ਸੁਰਤਰ[63] ਚਿੰਤਾਮਨਿ[64] ਕਾਮਧੇਨੁ[67] ਬਸਿ[68] ਜਾ ਕੇ[69] ॥ ਚਾਰਿ ਪਦਾਰਥ[65] ਅਸਟ ਦਸਾ[66] ਸਿਧਿ[70] ਨਵ ਨਿਧਿ[71] ਕਰ[72] ਤਲ[73] ਤਾ ਕੇ[74] ॥੧॥ | The ocean[62] of peace[61] is the Lord, in whose[69] power[68] are the miraculous tree[63], the wish-fulfilling[64] gem and the elysian cow[67]. The four cardinal boons[65], eighteen[66] super-natural powers[70] and nine treasures[71] are on the palm[73] of His[74] hand[72]. | ਆਰਾਮ ਚੈਨ[61] ਦਾ ਸਮੁੰਦਰ[62] ਹੈ, ਸੁਆਮੀ, ਜਿਸ ਦੇ[69] ਇਖ਼ਤਿਆਰ[68] ਵਿੱਚ ਹਨ ਕਲਪ-ਬਿਰਛ[63], ਇੱਛਾ-ਪੂਰਕ[64] ਰਤਨ ਅਤੇ ਸਵਰਗੀ-ਗਊ[67] । ਚਾਰ ਸ੍ਰੇਸ਼ਟ ਦਾਤਾਂ[65], ਅਠਾਰਾਂ[66] ਕਰਾਮਾਤੀ ਸ਼ਕਤੀਆਂ[70] ਅਤੇ ਨੌ ਖ਼ਜ਼ਾਨੇ[71] ਉਸ ਦੇ[74] ਹੱਥ[72] ਦੀ ਤਲੀ[73] ਉਤੇ ਹਨ । |
| ਹਰਿ ਹਰਿ ਹਰਿ ਨ ਜਪਹਿ[75] ਰਸਨਾ[76] ॥ | Why utterest[75] thou not "God, God, God", with thy tongue[76] ? | ਤੂੰ ਆਪਣੀ ਜੀਭ[76] ਨਾਲ "ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ" ਦਾ ਉਚਾਰਨ[75] ਕਿਉਂ ਨਹੀਂ ਕਰਦਾ ? |
| ਅਵਰ[77] ਸਭ ਤਿਆਗਿ[78] ਬਚਨ[79] ਰਚਨਾ[80] ॥੧॥ ਰਹਾਉ॥ | Abandon[78] thou, the involvement[80] in all other[77] words[79]. Pause. | ਤੂੰ ਹੋਰ[77] ਸਾਰਿਆਂ ਸ਼ਬਦਾਂ[79] ਅੰਦਰ ਲੀਨ[80] ਹੋਣਾ ਛੱਡ[78] ਦੇ । ਠਹਿਰਾਉ । |
| ਨਾਨਾ[81] ਖਿਆਨ[82] ਪੁਰਾਨ ਬੇਦ ਬਿਧਿ[83] ਚਉਤੀਸ[84] ਅਖਰ[85] ਮਾਂਹੀ[86] ॥ | The various[81] Shashtras[82], Puranas and the Vedas of Brahma[83] are composed out of[86] the thirty four[84] letters[85]. | ਅਨੇਕਾਂ[81] ਸ਼ਾਸਤਰ[82], ਪੁਰਾਣ ਅਤੇ ਬ੍ਰਹਮਾ[83] ਦੇ ਵੇਦ ਚੌਂਤੀ ਅੱਖਰਾਂ[85] ਦੇ ਵਿਚੋਂ[86] ਰਚੇ ਹੋਏ ਹਨ । |
| ਬਿਆਸ ਬਿਚਾਰਿ[87] ਕਹਿਓ[88] ਪਰਮਾਰਥੁ[89] ਰਾਮ[90] ਨਾਮ ਸਰਿ[91] ਨਾਹੀ ॥੨॥ | After good reflection[87] Bias has stated[88] the supreme reality[89], that nothing equals[91] the Lord's Name[90]. | ਬੜੀ ਸੋਚ ਵਿਚਾਰ[87] ਮਗਰੋਂ ਬਿਆਸ ਨੇ ਪਰਮ ਅਸਲੀਅਤ[89] ਬਿਆਨ[88] ਕੀਤੀ ਹੈ ਕਿ ਸੁਆਮੀ ਦੇ ਨਾਮ[90] ਦੇ ਤੁਲ[91] ਕੋਈ ਸ਼ੈ ਨਹੀਂ । |
| ਸਹਜ ਸਮਾਧਿ[92] ਉਪਾਧਿ[93] ਰਹਤ[94] ਫੁਨਿ[95] ਬਡੈ ਭਾਗਿ[96] ਲਿਵ[97] ਲਾਗੀ[98] ॥ | Very fortunate[96] are they, who remain absorbed in the trance of equipoise[92], embrace[98] love[97] for the Lord and are ultimately[95] freed[94] from wranglings[93]. | ਪਰਮ ਚੰਗੇ ਕਰਮਾਂ ਵਾਲੇ[96] ਹਨ, ਉਹ ਜੋ ਅਡੋਲਤਾ[92] ਦੀ ਤਾੜੀ ਅੰਦਰ ਲੀਨ ਰਹਿੰਦੇ ਹਨ, ਪ੍ਰਭੂ ਨਾਲ ਪਿਆਰ[97] ਪਾਉਂਦੇ[98] ਹਨ ਅਤੇ ਆਖਿਰਕਾਰ[95] ਟੰਟੇ ਬਖੇੜਿਆਂ[93] ਤੋਂ ਆਜ਼ਾਦ ਹੋ ਜਾਂਦੇ[94] ਹਨ । |
| ਕਹਿ ਰਵਿਦਾਸੁ ਪ੍ਰਗਾਸੁ[99] | Says Ravi Dass, enshrine[2] thou, the | ਰਵਿਦਾਸ ਜੀ ਆਖਦੇ ਹਨ, ਤੂੰ ਈਸ਼ਵਰੀ ਨੂਰ[99] ਨੂੰ ਆਪਣੇ |

| | | |
|---|---|---|
| ਰਿਦੈ[100] ਧਰਿ[2] ਜਨਮ ਮਰਨ ਭੈ[3] ਭਾਗੀ[4] ॥੩॥੪॥ | Divine Light[99] within thy mind[100] and the fear[3] of birth and death shall flee[4] from thee. | ਹਿਰਦੇ[100] ਅੰਦਰ ਟਿਕਾ[2] ਅਤੇ ਜੰਮਣ ਤੇ ਮਰਨ ਦਾ ਡਰ[3] ਤੇਰੇ ਕੋਲੋਂ ਦੌੜ ਜਾਵੇਗਾ[4] । |
| ਜਉ[5] ਤੁਮ ਗਿਰਿਵਰ[6] ਤਉ[7] ਹਮ ਮੋਰਾ[8] ॥ | If[5] Thou art a mountain[6], then[7] I am thy peacock[8], O Lord. | ਜੇ[5] ਤੂੰ ਪਹਾੜ[6] ਹੈਂ ਤਾਂ[7] ਮੈਂ ਤੇਰਾ ਮੋਰ[8] ਹਾਂ, ਹੇ ਸਾਂਈਂ ! |
| ਜਉ ਤੁਮ ਚੰਦ[9] ਤਉ ਹਮ ਭਏ ਹੈ ਚਕੋਰਾ[10] ॥੧॥ | If Thou art the moon[9], then I am Thine red-legged partridge[10]. | ਜੇਕਰ ਤੂੰ ਚੰਦਰਮਾ[9] ਹੈਂ ਤਦ ਮੈਂ ਤੇਰਾ ਲਾਲ ਲੱਤਾਂ ਵਾਲਾ ਤਿੱਤਰ[10] (ਚਕੋਰ) ਹਾਂ । |
| [12]ਮਾਧਵੇ[13] ਤੁਮ ਨ ਤੋਰਹੁ[14] ਤਉ ਹਮ ਨਹੀ ਤੋਰਹਿ ॥ | O Lord[13] of wealth[12], if Thou breakest[14] not with me, then I won't break with Thee. | ਹੇ ਮਾਇਆ[12] ਦੇ ਪਤੀ[13] ਜੇ ਤੂੰ ਮੇਰੇ ਨਾਲੋਂ ਤੋੜ ਵਿਛੋੜੀ[14] ਨਾ ਕਰੇਂ ਤਾਂ ਮੈਂ ਤੇਰੇ ਨਾਲੋਂ ਤੋੜ ਵਿਛੋੜੀ ਨਹੀਂ ਕਰਾਂਗਾ । |
| ਤੁਮ ਸਿਉ ਤੋਰਿ ਕਵਨ[15] ਸਿਉ ਜੋਰਹਿ[16] ॥੧॥ ਰਹਾਉ॥ | For, If I break with Thee, with whom[15] else shall I join[16] ? Pause. | ਜੇਕਰ ਮੈਂ ਤੇਰੇ ਨਾਲੋਂ ਟੁੱਟ ਜਾਵਾਂ, ਤਦ ਮੈਂ ਹੋਰ ਕੀਹਦੇ[15] ਨਾਲ ਮੇਲ ਮਿਲਾਪ[16] ਕਰਾਂਗਾ ? ਠਹਿਰਾਉ । |
| ਜਉ ਤੁਮ ਦੀਵਰਾ[17] ਤਉ ਹਮ ਬਾਤੀ[18] ॥ | If Thou art an earthen lamp[17], then I am Thy wick[18]. | ਜੇ ਕਰ ਤੂੰ ਦੀਵਾ[17] ਹੈਂ ਤਦ ਮੈਂ ਤੇਰੀ ਬੱਤੀ[18] ਹਾਂ । |
| ਜਉ ਤੁਮ ਤੀਰਥ[19] ਤਉ ਹਮ ਜਾਤੀ[20] ॥੨॥ | If Thou art a place of pilgrimage[19], then I am Thine pilgrim[20]. | ਜੇ ਕਰ ਤੂੰ ਯਾਤ੍ਰਾ-ਅਸਥਾਨ[19] ਹੈਂ, ਤਦ ਮੈਂ ਤੈਂਡਾ ਯਾਤਰੂ[20] ਹਾਂ । |
| ੬੫੯ | | |
| ਸਾਚੀ ਪ੍ਰੀਤਿ[21] ਹਮ ਤੁਮ ਸਿਉ[22] ਜੋਰੀ[23] ॥ | True love[21] I have joined[23] with[22] Thee, O Lord. | ਸੱਚੀ ਪਿਰਹੜੀ[21] ਮੈਂ ਤੇਰੇ ਨਾਲ[22] ਗੰਢੀ[23] ਹੈ, ਹੇ ਪ੍ਰਭੂ ! |
| ਤੁਮ ਸਿਉ ਜੋਰਿ[25] ਅਵਰ[24] ਸੰਗਿ[26] ਤੋਰੀ ॥੩॥ | Attaching[25] myself to Thee, I have broken with[26] all others[24]. | ਤੇਰੇ ਨਾਲ ਪ੍ਰੇਮ ਵਿਚ ਜੁੜ ਕੇ[25], ਮੈਂ ਹੋਰ[24] ਸਾਰਿਆਂ ਨਾਲੋਂ[26] ਟੁੱਟ ਗਿਆ ਹਾਂ । |
| ਜਹ ਜਹ[27] ਜਾਉ ਤਹਾ[28] ਤੇਰੀ ਸੇਵਾ[29] ॥ | Whither-so-ever[27] I go, thither[28] I perform Thine srrvice[29]. | ਜਿੱਥੇ ਕਿਤੇ ਭੀ[27] ਮੈਂ ਜਾਂਦਾ ਹਾਂ, ਉਥੇ[28] ਮੈਂ ਤੇਰੀ ਟਹਿਲ[29] ਕਮਾਉਂਦਾ ਹਾਂ । |
| ਤੁਮ[34] ਸੋ[30] ਠਾਕੁਰੁ[31] ਅਉਰੁ[33] ਨ ਦੇਵਾ[32] ॥੪॥ | There is no other[33] Lord[31], like[30] Thee[34], O God[32]. | ਤੇਰੇ[34] ਵਰਗਾ[30] ਸੁਆਮੀ[31] ਹੋਰ ਕੋਈ[33] ਨਹੀਂ, ਹੇ ਵਾਹਿਗੁਰੂ[32] । |
| ਤੁਮਰੇ ਭਜਨ[35] ਕਟਹਿ ਜਮ[36] ਫਾਸਾ[37] ॥ | By Thy meditation[35], death's[36] noose[37] is cut away. | ਤੇਰੇ ਸਿਮਰਨ[35] ਦੁਆਰਾ ਮੌਤ ਦੀ[36] ਫ਼ਾਹੀ[37] ਕੱਟੀ ਜਾਂਦੀ ਹੈ । |
| ਭਗਤਿ[38] ਹੇਤ[39] ਗਾਵੈ[40] ਰਵਿਦਾਸਾ ॥੫॥੫॥ | To obtain[39] Thine devotional service[38], O Lord, Ravi Dass sings[40] Thy praise. | ਤੈਂਡੀ ਪ੍ਰੇਮ ਮਈ ਸੇਵਾ[38] ਪ੍ਰਾਪਤ ਕਰਨ ਲਈ[39] ਹੇ ਸਾਂਈਂ ! ਰਵਿਦਾਸ ਤੇਰੀ ਮਹਿਮਾ ਗਾਇਨ ਕਰਦਾ[40] ਹੈ । |
| ਜਲ[41] ਕੀ ਭੀਤਿ[42] ਪਵਨ[43] ਕਾ ਥੰਭਾ[44] ਰਕਤ[45] ਬੁੰਦ[46] ਕਾ ਗਾਰਾ[47] ॥ | The body is a wall[42] of water[41], supported by the piller[44] of air[43] and ovary[45] and semen[46] are its mortar[47]. | ਦੇਹ ਪਾਣੀ[41] ਦੀ ਕੰਧ[42] ਹੈ, ਜਿਸ ਨੂੰ ਹਵਾ[43] ਦੇ ਥਮਲੇ[44] ਨੇ ਥੰਮਿਆ ਹੋਇਆ ਹੈ, ਮਾਂ ਦਾ ਲਹੂ[45] ਤੇ ਵੀਰਜ[46] ਇਸ ਦਾ ਮਸਾਲਾ[47] ਹਨ । |

| | | |
|---|---|---|
| ਹਾਡ[48] ਮਾਸ[49] ਨਾੜੀ[50] ਕੋ ਪਿੰਜਰੁ[51] ਪੰਖੀ[52] ਬਸੈ[53] ਬਿਚਾਰਾ[54] ॥੧॥ | The skeleton[51] is of bones[48], flesh[49] and veins[50]: within it abides[53] the poor[54] soul bird[52]. | ਹੱਡੀਆਂ[48], ਗੋਸ਼ਤ[49] ਅਤੇ ਨਾੜੀਆਂ[50] ਦਾ ਢਾਂਚਾ[51] ਹੈ । ਇਸ ਵਿਚ ਗ਼ਰੀਬ[54] ਆਤਮਾ ਪੰਛੀ[52] ਰਹਿੰਦਾ[53] ਹੈ । |
| ਪ੍ਰਾਨੀ[55] ਕਿਆ ਮੇਰਾ ਕਿਆ ਤੇਰਾ ॥ | O mortal[55], what is mine and what is thine ? | ਹੇ ਫ਼ਾਨੀ ਬੰਦੇ[55] ! ਕੀ ਮੈਂਡਾ ਹੈ, ਤੇ ਕੀ ਹੈ ਤੈਂਡਾ ? |
| ਜੈਸੇ[56] ਤਰਵਰ[57] ਪੰਖਿ[58] ਬਸੇਰਾ[59] ॥੧॥ਰਹਾਉ॥ | As[56] a bird[58] perches[59] on a tree[57], so does the soul in the body. Pause. | ਪੰਛੀ[58] ਦੇ ਬਿਰਛ[57] ਉੱਤੇ ਆ ਟਿਕਣ[59] ਦੀ ਤਰ੍ਹਾਂ[56] ਹੀ ਆਤਮਾ ਦਾ ਸਰੀਰ ਵਿੱਚ ਟਿਕਾਉ ਹੈ । ਠਹਿਰਾਉ । |
| ਰਾਖਹੁ[60] ਕੰਧ[61] ਉਸਾਰਹੁ[62] ਨੀਵਾਂ[63] ॥ | Thou layest[60] foundations[63] and buildest[72] walls[61]. | ਤੂੰ ਬੁਨਿਆਦਾਂ[63] ਰਖਦਾ[60] ਹੈਂ ਤੇ ਦੀਵਾਰਾਂ[61] ਬਣਾਉਂਦਾ[62] ਹੈਂ । |
| ਸਾਢੇ ਤੀਨਿ ਹਾਥ[64] ਤੇਰੀ ਸੀਵਾਂ[65] ॥੨॥ | Three and a half cubit[64] measure[65] of place is for thee in the end. | ਅਖੀਰ ਨੂੰ ਤੇਰੇ ਲਈ ਸਾਢੇ ਤਿੰਨ ਹੱਥ[64] ਮਿਣਤੀ[65] ਦੀ ਥਾਂ ਹੈ । |
| ਬੰਕੇ[66] ਬਾਲ[67] ਪਾਗ[68] ਸਿਰਿ[69] ਡੇਰੀ[70] ॥ | Thou beautifully[66] dressest thy hair[67] and wearest slanting[70] turban[68] on thy head[69]. | ਤੂੰ ਸੁਹਣੀ[66] ਤਰ੍ਹਾਂ ਆਪਣੇ ਵਾਲਾਂ[67] ਨੂੰ ਸੁਆਰਦਾ ਹੈਂ ਅਤੇ ਆਪਣੇ ਸੀਸ[69] ਤੇ ਟੇਢੀ[70] ਦਸਤਾਰ[68] ਸਜਾਉਂਦਾ ਹੈਂ । |
| ਇਹੁ ਤਨੁ[71] ਹੋਇਗੋ ਭਸਮ[72] ਕੀ ਢੇਰੀ[73] ॥੩॥ | But this body[71] shall be reduced to a heap[73] of ashes[72]. | ਪ੍ਰੰਤੂ ਇਹ ਸਰੀਰ[71] ਸੁਆਹ[72] ਦਾ ਇਕ ਅੰਬਾਰ[73] ਹੋ ਜਾਊਗਾ । |
| ਊਚੇ[74] ਮੰਦਰ[75] ਸੁੰਦਰ[76] ਨਾਰੀ[77] ॥ ਰਾਮ[78] ਨਾਮ ਬਿਨੁ[79] ਬਾਜੀ[80] ਹਾਰੀ[81] ॥੪॥ | Lofty[74] are Thine palaces[75] and beauteous[76] Thine brides[77]. But without[79] the Lord's[78] Name, the game[80] is lost[81]. | ਉੱਚੇ[74] ਹਨ ਤੇਰੇ ਮਹਿਲ[75] ਅਤੇ ਸੁਹਣੀਆਂ[76] ਤੇਰੀਆਂ ਪਤਨੀਆਂ[77] ਪਰ ਸਾਂਈਂ ਦੇ[78] ਨਾਮ ਦੇ ਬਾਝੋਂ[79] ਖੇਡ[80] ਹਰ ਜਾਂਦੀ[81] ਹੈ । |
| ਮੇਰੀ ਜਾਤਿ[82] ਕਮੀਨੀ[83] ਪਾਂਤਿ[84] ਕਮੀਨੀ ਓਛਾ[85] ਜਨਮੁ[86] ਹਮਾਰਾ[87] ॥ | My caste[82] is low[83], my lineage[84] is low and mean[85] is my[87] birth[86]. | ਮੈਂਡੀ ਜਾਤੀ[82] ਨੀਚ[83] ਹੈ, ਮੇਰਾ ਘਰਾਣਾ[84] ਨੀਚ, ਅਤੇ ਅਧਮ[85] ਹੈ ਮੇਰੀ[87] ਪੈਦਾਇਸ਼[86] । |
| ਤੁਮ ਸਰਨਾਗਤਿ[88] ਰਾਜਾ[89] ਰਾਮ[90] ਚੰਦ[91] ਕਹਿ ਰਵਿਦਾਸ ਚਮਾਰਾ[92] ॥੫॥੬॥ | I have entered Thy sanctuary[88], O my Luminous[91] Lord[90], the King[89], says the cobbler[92], Ravi Dass. | ਮੈਂ ਤੇਰੀ ਪਨਾਹ[88] ਲਈ ਹੈ, ਹੇ ਮੇਰੇ ਪਾਤਿਸ਼ਾਹ[89] ! ਪ੍ਰਕਾਸ਼ਵਾਨ[91] ਪ੍ਰਭੂ[90], ਮੋਚੀ[92] ਰਵਿਦਾਸ ਆਖਦਾ ਹੈ । |
| ਚਮਰਟਾ[93] ਗਾਂਠਿ[94] ਨ ਜਨਈ[95] ॥ ਲੋਗੁ[96] ਗਠਾਵੈ[97] ਪਨਹੀ[98] ॥੧॥ਰਹਾਉ॥ | I, a shoe-mender[93], know[95] not how to mend[94]. But people[96] get their shoes[98] repaired[97] by me. Pause. | ਮੈਂ ਜੁੱਤੀਆਂ ਗੰਢਣ ਵਾਲਾ[93] ਮੁਰੰਮਤ[94] ਕਰਨਾ ਨਹੀਂ ਜਾਣਦਾ[95] ਪਰ ਲੋਕ[96] ਮੇਰੇ ਕੋਲੋਂ ਆਪਣੀਆਂ ਜੁੱਤੀਆਂ[98] ਗੰਢਵਾਉਂਦੇ[97] ਹਨ । ਠਹਿਰਾਉ । |
| ਆਰ[99] ਨਹੀ ਜਿਹ[100] ਤੋਪਉ[2] ॥ ਨਹੀ ਰਾਂਬੀ[3] ਠਾਉ ਰੋਪਉ[4] ॥੧॥ | I have no awl[99] with which[100] I may stich[2]. I have no hoe[3] to put the patch[4] with. | ਮੇਰੇ ਕੋਲ ਖੰਧੂਈ[99] ਨਹੀਂ ਜਿਸ ਨਾਲ[100] ਮੈਂ ਤੋਪੇ[2] ਲਾਵਾਂ । ਟਾਕੀ[4] ਲਾਉਣ ਲਈ ਮੇਰੇ ਕੋਲ ਰੰਬੀ[3] ਨਹੀਂ । |
| ਲੋਗੁ[5] ਗੰਠਿ[6] ਗੰਠਿ ਖਰਾ[7] ਬਿਗੂਚਾ[8] ॥ | Attaching[6], attaching themselves with the world, people[5] have been thoroughly[7] ruined[8]. | ਆਪਣੇ ਆਪ ਨੂੰ ਜਗਤ ਨਾਲ ਜੋੜ ਜੋੜ ਕੇ[6] ਲੋਕ[5] ਬਿਲਕੁਲ[7] ਬਰਬਾਦ ਹੋ ਗਏ[8] ਹਨ । |

| | | |
|---|---|---|
| ਹਉ ਬਿਨੁ[9] ਗਾਂਠੇ ਜਾਇ ਪਹੂਚਾ[10] ॥੨॥ | Without attaching myself[9] thus with the world I have attained to[10] my Lord. | ਆਪਣੇ ਆਪ ਨੂੰ ਸੰਸਾਰ ਨਾਲ ਇਸ ਤਰ੍ਹਾਂ ਨਾ ਜੋੜ ਕੇ[9] ਮੈਂ ਪ੍ਰਭੂ ਕੋਲ ਪੁੱਜ ਗਿਆ[10] ਹਾਂ। |
| ਰਵਿਦਾਸੁ ਜਪੈ[12] ਰਾਮ[13] ਨਾਮਾ ॥ ਮੋਹਿ ਜਮ[14] ਸਿਉ ਨਾਹੀ ਕਾਮਾ[15] ॥੩॥੭॥ | Ravi Dass repeats[12] the Lord's Name[13]. With the death's courier[14], I have, now, no concern[15]. | ਰਵਿਦਾਸ ਪ੍ਰਭੂ ਦੇ ਨਾਮ[13] ਦਾ ਉਚਾਰਨ ਕਰਦਾ[12] ਹੈ। ਮੌਤ ਦੇ ਦੂਤ[14] ਨਾਲ ਹੁਣ ਮੇਰਾ ਕੋਈ ਵਾਸਤਾ[15] ਨਹੀਂ। |
| ਰਾਗੁ ਸੋਰਠਿ | Sorath Measure. | ਰਾਗ ਸੋਰਠਿ |
| ਬਾਣੀ ਭਗਤ ਭੀਖਨ ਕੀ | The hymns of Saint Bhikhan. | ਸ਼ਬਦ ਸੰਤ ਭੀਖਨ ਦੇ। |
| ੧ ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace, is He obtained | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਨੈਨਹੁ[16] ਨੀਰੁ[17] ਬਹੈ[18] ਤਨੁ[19] ਖੀਨਾ[20] ਭਏ ਕੇਸ[21] ਦੁਧ ਵਾਨੀ[22] ॥ | The water[17] flows[18] from mine eyes[16], my body[19] has become weak[20] and my hair[21] have assumed the milk-colour[62], | ਮੇਰੀਆਂ ਅੱਖਾਂ[16] ਵਿਚੋਂ ਪਾਣੀ[17] ਵਗਦਾ[18] ਹੈ, ਮੇਰੀ ਦੇਹ[19] ਕਮਜ਼ੋਰ[20] ਹੋ ਗਈ ਹੈ ਅਤੇ ਮੇਰੇ ਵਾਲ[21] ਦੁੱਧ-ਰੰਗੇ[22] ਹੋ ਗਏ ਹਨ। |
| ਰੂਧਾ[23] ਕੰਠੁ[24] ਸਬਦੁ[25] ਨਹੀ ਉਚਰੈ[26] ਅਬ[27] ਕਿਆ[29] ਕਰਹਿ ਪਰਾਨੀ[28] ॥੧॥ | Mine throat[24] is choked[23] and cannot utter[26] even a word[25]; what[29] can I, a mere mortal[28], do now[27] ? | ਮੇਰਾ ਗਲਾ[24] ਰੁਕ ਗਿਆ[23] ਹੈ। ਮੈਂ ਇੱਕ ਲਫ਼ਜ਼[25] ਭੀ ਬੋਲ[26] ਨਹੀਂ ਸਕਦਾ। ਮੇਰੇ ਵਰਗਾ ਫ਼ਾਨੀ ਜੀਵ[28], ਹੁਣ[27] ਕੀ[29] ਕਰ ਸਕਦਾ ਹੈ ? |
| ਰਾਮ[30] ਰਾਇ[31] ਹੋਹਿ[32] ਬੈਦ[33] ਬਨਵਾਰੀ[34] ॥ ਅਪਨੇ ਸੰਤਹ ਲੇਹੁ ਉਬਾਰੀ[35] ॥੧॥ ਰਹਾਉ॥ | O Sovereign[31] Lord[30], the Gardner of the world[34], be[32] Thou my Physician[33] and save Thine saint[35]. Pause. | ਹੇ ਪਾਤਿਸ਼ਾਹ[31] ਪ੍ਰਮੇਸ਼ਰ[30] ਜਗਤ ਦੇ ਮਾਲੀ[34], ਤੂੰ ਮੇਰਾ ਹਕੀਮ[33] ਥੀ ਵੰਞ ਅਤੇ ਆਪਣੇ ਸੰਤਾਂ ਦਾ ਪਾਰ ਉਤਾਰਾ ਕਰ ਦੇ[35]। ਠਹਿਰਾਉ। |
| ਮਾਥੇ[36] ਪੀਰ[37] ਸਰੀਰਿ[38] ਜਲਨਿ[39] ਹੈ ਕਰਕ[40] ਕਰੇਜੇ[41] ਮਾਹੀ[42] ॥ | There is pain[37] in my forehead[36], burning[39] in my body[38] and anguish[40] in[42] my heart[41]. | ਮੇਰੇ ਮੱਥੇ[36] ਵਿੱਚ ਪੀੜ[37], ਤਨ[28] ਅੰਦਰ ਸੜਨ[39] ਅਤੇ ਦਿਲ[41] ਵਿੱਚ[42] ਦਰਦ[40] ਹੈ। |
| ਐਸੀ[43] ਬੇਦਨ[44] ਉਪਜਿ ਖਰੀ[45] ਭਈ ਵਾ ਕਾ[46] ਅਉਖਧੁ[47] ਨਾਹੀ ॥੨॥ | Such[43] a disease[44] is grown[45] in me, of which[46] there is no medicine[47]. | ਮੇਰੇ ਅੰਦਰ ਐਹੋ ਜੇਹੀ[43] ਬੀਮਾਰੀ[44] ਉੱਠ ਖੜੀ ਹੋਈ ਹੈ[45] ਕਿ ਜਿਸ ਦੀ[46] ਕੋਈ ਦਵਾਈ[47] ਨਹੀਂ। |
| ਹਰਿ ਕਾ ਨਾਮੁ ਅੰਮ੍ਰਿਤ[48] ਜਲੁ[49] ਨਿਰਮਲੁ[50] ਇਹੁ ਅਉਖਧੁ[51] ਜਗਿ[52] ਸਾਰਾ[53]॥ | The Name of God, the Immaculate[50] Nectareous[48] water[49], is the best[53] medicine[51] in the world[52]. | ਵਾਹਿਗੁਰੂ ਦੇ ਨਾਮ ਦਾ ਪਵਿੱਤਰ[50] ਅੰਮ੍ਰਿਤ ਸਰੂਪ[48] ਪਾਣੀ[49], ਇਸ ਸੰਸਾਰ[52] ਅੰਦਰ ਸਭ ਤੋਂ ਸ਼੍ਰੇਸ਼ਟ[53] ਦਵਾਈ[51] ਹੈ। |
| ਗੁਰ ਪਰਸਾਦਿ[54] ਕਹੈ[59] ਜਨੁ[55] ਭੀਖਨੁ ਪਾਵਉ[56] ਮੋਖ[57] ਦੁਆਰਾ[58] ॥੩॥੧॥ | Says[59] slave[55] Bhikhan, by Guru's grace[54], I have obtained[56] the door[58] of salvation[57]. | ਦਾਸ[55] ਭੀਖਣ ਆਖਦਾ[59] ਹੈ, ਗੁਰਾਂ ਦੀ ਮਿਹਰ[54] ਸਦਕਾ ਮੈਂ ਮੁਕਤੀ[57] ਦਾ ਦਰਵਾਜ਼ਾ[58] ਪ੍ਰਾਪਤ ਕਰ ਲਿਆ[56] ਹੈ। |
| ਐਸਾ[60] ਨਾਮੁ ਰਤਨੁ[61] ਨਿਰਮੋਲਕੁ[62] ਪੁੰਨਿ[63] | Such[60] a Name, an invaluable[62] jewel[61] and the sublime wealth[64], | ਅਣਮੁੱਲਾ[62] ਹੀਰਾ[61] ਅਤੇ ਸ੍ਰੇਸ਼ਟ ਦੌਲਤ[64], ਐਹੋ ਜੇਹੇ[60] ਨਾਮ ਨੂੰ ਮੈਂ ਨੇਕ ਅਮਲਾਂ[63] ਦੇ ਰਾਹੀਂ |

| | | |
|---|---|---|
| ਪਦਾਰਥੁ[64] ਪਾਇਆ[65] ॥ | I have attained[65] through meritorious deeds[63] | ਪ੍ਰਾਪਤ[65] ਕੀਤਾ ਹੈ। |
| ਅਨਿਕ[66] ਜਤਨ[67] ਕਰਿ ਹਿਰਦੈ[68] ਰਾਖਿਆ[69] ਰਤਨੁ[70] ਨ ਛਪੈ[71] ਛਪਾਇਆ ॥੧॥ | With various[66] efforts[67], I have enshrined[69] it in my mind[68] but, by concealing, the jewel cannot remain concealed[71]. | ਅਨੇਕਾਂ[66] ਉਪਰਾਲਿਆਂ[67] ਨਾਲ ਮੈਂ ਇਸ ਨੂੰ ਆਪਣੇ ਨਾਮ-ਮਨ[68] ਅੰਦਰ ਟਿਕਾਇਆ[69] ਹੈ। ਲੁਕੋਣ ਦੁਆਰਾ ਹੀਰਾ[70] ਲੁਕਿਆ[71] ਨਹੀਂ ਰਹਿ ਸਕਦਾ। |
| ਹਰਿ ਗੁਨ[71] ਕਹਤੇ[72] ਕਹਨੁ ਨ ਜਾਈ[73] ॥ | By mere narration[72] God's praises[91] cannot[73] be narrated. | ਵਰਣਨ ਕਰਨ[72] ਦੁਆਰਾ, ਹਰੀ ਦੀਆਂ ਸਿਫ਼ਤਾਂ[71] ਵਰਨਣ ਕੀਤੀਆਂ ਨਹੀਂ ਜਾ ਸਕਦੀਆਂ[73]। |
| ਜੈਸੇ[74] ਗੂੰਗੇ[75] ਕੀ ਮਿਠਿਆਈ[76] ॥੧॥ਰਹਾਉ॥ | They are like[74] sweets[76] to a dumb person[75]. Pause. | ਉਹ ਗੂੰਗੇ ਇਨਸਾਨ[75] ਦੀ ਮਠਿਆਈ[76] ਦੀ ਮਾਨੰਦ[74] ਹਨ। ਠਹਿਰਾਉ। |
| ਰਸਨਾ[77] ਰਮਤ[78] ਸੁਨਤ[79] ਸੁਖੁ[80] ਸ੍ਰਵਨਾ[81] ਚਿਤ[82] ਚੇਤੇ[83] ਸੁਖੁ[84] ਹੋਈ ॥ | My tongue[77], by uttering[78], ears[81], on hearing[79], and mind[82], by reflecting over[83] the Lord, are pleased[80] and comforted[84]. | ਸੁਆਮੀ ਨੂੰ, ਮੇਰੀ ਜੀਭਾ[77] ਉਚਾਰਦੀ[78], ਕੰਨ[81] ਸੁਣਦੇ[79] ਅਤੇ ਮਨ[82] ਸਿਮਰਦਾ ਹੋਇਆ ਪ੍ਰਸੰਨ[80] ਤੇ ਸੁਖੀ[84] ਹੁੰਦਾ ਹੈ। |
| ਕਹੁ ਭੀਖਨ ਦੁਇ[85] ਨੈਨ[86] ਸੰਤੋਖੇ[87] ਜਹ[88] ਦੇਖਾਂ[91] ਤਹ[89] ਸੋਈ[90] ॥੨॥੨॥ | Says Bhikhan, both[85] mine eyes[86] are content[87] and wherever[88] I see[91], there[89] I see the Lord[90]. | ਭੀਖਨ ਜੀ ਆਖਦੇ ਹਨ, ਮੇਰੇ ਦੋਨੋ[85] ਨੇਤ੍ਰ[86] ਸੰਤੁਸ਼ਟ[87] ਹੋ ਗਏ ਹਨ ਜਿੱਥੇ ਕਿਤੇ[88] ਭੀ ਮੈਂ ਵੇਖਦਾ[91] ਹਾਂ ਉਥੇ ਹੀ[89] ਮੈਂ ਉਸ ਸਾਂਈ[90] ਨੂੰ ਵੇਖਦਾ ਹਾਂ। |
| ੬੬੦ | | |
| ਧਨਾਸਰੀ ਮਹਲਾ ੧ ਘਰੁ ੧ ਚਉਪਦੇ | Dhanasri 1st Guru Chaupade. | ਧਨਾਸਰੀ ਪਹਿਲੀ ਪਾਤਿਸ਼ਾਹੀ ਚਉਪਦੇ। |
| ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | There is but One God. True is His Name, and creative His personality. He is without fear, without enmity, immortal in from, beyond birth and self illumined. By Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚ ਹੈ ਉਸ ਦਾ ਨਾਮ, ਰਚਨਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ। ਉਹ ਨਿੱਡਰ, ਦੁਸ਼ਮਨੀ-ਰਹਿਤ, ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਜੀਉ[92] ਡਰਤੁ[93] ਹੈ ਆਪਣਾ[96] ਕੈ ਸਿਉ[94] ਕਰੀ ਪੁਕਾਰ[95] ॥ | My[96] soul[92] is afraid[93]; to whom[94] should I complain[95]? | ਮੇਰੀ[96] ਆਤਮਾ[92] ਭੈ-ਭੀਤ[93] ਹੋਈ ਹੋਈ ਹੈ। ਮੈਂ ਕੀਹਦੇ[94] ਕੋਲ ਫ਼ਰਿਆਦ[95] ਕਰਾਂ? |
| ਦੂਖ[97] ਵਿਸਾਰਣੁ[98] ਸੇਵਿਆ[99] ਸਦਾ[100] ਸਦਾ ਦਾਤਾਰੁ[2] ॥੧॥ | I serve[99] Him, who makes me forget[98] my sorrow[97] and is ever[100], ever the Giver[2]. | ਮੈਂ ਉਸ ਦੀ ਘਾਲ ਕਮਾਉਂਦਾ[99] ਹਾਂ ਜੋ ਮੈਨੂੰ ਮੇਰਾ ਦੁਖੜਾ[97] ਭੁਲਾ[98] ਦਿੰਦਾ ਹੈ ਅਤੇ ਹਮੇਸ਼ਾ[100], ਹਮੇਸ਼ਾ ਦੇਣਹਾਰ[2] ਹੈ। |
| ਸਾਹਿਬੁ ਮੇਰਾ ਨੀਤ[3] ਨਵਾ[4] ਸਦਾ ਸਦਾ ਦਾਤਾਰੁ ॥੧॥ ਰਹਾਉ॥ | My Lord is Ever[3]-new[4] and ever and ever, Benevdent. Pause. | ਮੈਂਡਾ ਸੁਆਮੀ ਸਦੀਵ[3] ਹੀ ਨਵਾਂ ਨਕੋਰ[4] ਹੈ। ਹਮੇਸ਼ਾ ਅਤੇ ਹਮੇਸ਼ਾ ਹੀ ਉਹ ਦੇਣਹਾਰ ਹੈ। ਠਹਿਰਾਉ। |
| ਅਨਦਿਨੁ[5] ਸਾਹਿਬੁ ਸੇਵੀਐ | Night[5] and day, I serve my Master | ਰਾਤ ਦਿਨ[5] ਮੈਂ ਆਪਣੇ ਮਾਲਕ ਦੀ ਚਾਕਰੀ ਕਮਾਉਂਦਾ |

| | | |
|---|---|---|
| ਅੰਤਿ[6] ਛਡਾਏ[7] ਸੋਇ[8] ॥ | and, in the end[6], He[8] will deliver[7] me. | ਹਾਂ ਅਤੇ ਅਖ਼ੀਰ[6] ਨੂੰ, ਉਹ[8] ਮੈਨੂੰ ਬੰਦਖ਼ਲਾਸ[7]ਕਰਾਊਗਾ। |
| ਸੁਣਿ ਸੁਣਿ ਮੇਰੀ ਕਾਮਣੀ[9] ਪਾਰਿ ਉਤਾਰਾ[10] ਹੋਇ ॥੨॥ | Hearing and hearing the Lord's Name O my fascinating lady[9], I have crossed[10] the world ocean. | ਪ੍ਰਭੂ ਦੇ ਨਾਮ ਨੂੰ ਸੁਣ ਸੁਣ ਕੇ, ਹੇ ਮੈਂਡੀ ਮਨਮੋਹਣੀ ਇਸਤਰੀਏ[9], ਮੈਂ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ[10] ਹਾਂ। |
| ਦਇਆਲ[12] ਤੇਰੈ ਨਾਮਿ ਤਰਾ[13] ॥ | O merciful Master[12], by Thy Name shall I swim across[13]. | ਹੇ ਮਿਹਰਬਾਨ ਮਾਲਕ[12]! ਤੇਰੇ ਨਾਮ ਦੁਆਰਾ ਮੈਂ ਪਾਰ ਉੱਤਰ[13] ਜਾਵਾਂਗਾ। |
| ਸਦ[14] ਕੁਰਬਾਣੈ[15] ਜਾਉ॥੧॥ | Unto Thee, I am ever[14] a sacrifice[15]. | ਤੇਰੇ ਉਤੋਂ ਮੈਂ ਹਮੇਸ਼ਾ[14] ਘੋਲੀ[15] ਵੰਞਦਾ ਹਾਂ। |
| ਰਹਾਉ॥ ਸਰਬੰ[16] ਸਾਚਾ[17] ਏਕੁ ਹੈ ਦੂਜਾ[18] ਨਾਹੀ ਕੋਇ ॥ | In the whole world[16], there is but One True Lord[17] and there is not any other[18]. | ਸਾਰੇ ਸੰਸਾਰ[16] ਅੰਦਰ ਕੇਵਲ ਇੱਕ ਸੱਚਾ ਸਾਹਿਬ[17] ਹੈ। ਹੋਰ ਕੋਈ[18] ਹੈ ਹੀ ਨਹੀਂ। |
| ਤਾ ਕੀ[19] ਸੇਵਾ ਸੋ[20] ਕਰੇ ਜਾ ਕਉ ਨਦਰਿ[21] ਕਰੇ[22] ॥੩॥ | He[20] alone performs His[19] service, on whom the Lord casts[22] His gracious glance[21]. | ਕੇਵਲ ਓਹੀ[20] ਉਸ ਦੀ[19] ਚਾਕਰੀ ਕਮਾਉਂਦਾ ਹੈ, ਜਿਸ ਉੱਤੇ ਸੁਆਮੀ ਆਪਣੀ ਮਿਹਰ ਦੀ ਨਜ਼ਰ[21] ਧਾਰਦਾ[22] ਹੈ। |
| ਤੁਧੁ ਬਾਝੁ[23] ਪਿਆਰੇ[24] ਕੇਵ[25] ਰਹਾ ॥ | O my Beloved[24], how[25] can I live without[23] Thee ? | ਹੇ ਮੇਰੇ ਪ੍ਰੀਤਮ[24]! ਤੇਰੇ ਬਗੈਰ[23] ਮੈਂ ਕਿਸ ਤਰ੍ਹਾਂ[25] ਰਹਿ ਸਕਦਾ ਹਾਂ ? |
| ਸਾ[26] ਵਡਿਆਈ[27] ਦੇਹਿ[28] ਜਿਤੁ ਨਾਮਿ ਤੇਰੇ ਲਾਗਿ[29] ਰਹਾਂ ॥ | Bless[28] me with such[26] greatness[27], that I may remain attached[29] to thy Name. | ਮੈਨੂੰ ਉਹ[26] ਵਿਸ਼ਾਲਤਾ[27] ਬਖ਼ਸ਼[28] ਕਿ ਮੈਂ ਤੇਰੇ ਨਾਮ ਨਾਲ ਜੁੜਿਆ[29] ਰਹਾਂ। |
| ਦੂਜਾ[30] ਨਾਹੀ ਕੋਇ ਜਿਸੁ ਆਗੈ ਪਿਆਰੇ[31] ਜਾਇ[33] ਕਹਾ[32] ॥੧॥ਰਹਾਉ॥ | There is no other second[30], O my Love[31], to whom I may go[33] to address[32], myself. Pause. | ਕੋਈ ਹੋਰ ਦੂਸਰਾ[30] ਹੈ ਹੀ ਨਹੀਂ, ਹੇ ਮੇਰੇ ਜਾਨੀਆਂ[31]! ਜਿਸ ਕੋਲ ਮੈਂ ਜਾ ਕੇ[33] ਆਪਣੀ ਵਿਥਿਆ ਬਿਆਨ[32] ਕਰਾਂ। ਠਹਿਰਾਉ। |
| ਸੇਵੀ ਸਾਹਿਬੁ[34] ਆਪਣਾ ਅਵਰੁ ਨ ਜਾਚੰਉ[35] ਕੋਇ ॥ | I serve my Lord[34] and beg[35] not another. | ਮੈਂ ਆਪਣੇ ਪ੍ਰਭੂ[34] ਦੀ ਘਾਲ ਕਮਾਉਂਦਾ ਹਾਂ ਅਤੇ ਕਿਸੇ ਹੋਰ ਕੋਲੋਂ ਨਹੀਂ ਮੰਗਦਾ[35]। |
| ਨਾਨਕੁ ਤਾ ਕਾ[36] ਦਾਸੁ[37] ਹੈ ਬਿੰਦ ਬਿੰਦ[38] ਚੁਖ ਚੁਖ[39] ਹੋਇ ॥੪॥ | Nanak is His[36] slave[37] and every moment[38] is, every bit[39], a sacrifice unto Him. | ਨਾਨਕ ਉਸ[36] ਦਾ ਗੁਮਾਸ਼ਤਾ[37] ਹੈ ਅਤੇ ਹਰ ਛਿਨ[38] ਉਸ ਉੱਤੋਂ ਟੁਕੜੇ[39], ਟੁਕੜੇ ਕੁਰਬਾਨ ਜਾਂਦਾ ਹੈ। |
| ਸਾਹਿਬ ਤੇਰੇ ਨਾਮ ਵਿਟਹੁ[40] ਬਿੰਦ ਬਿੰਦ ਚੁਖਚੁਖ[41] ਹੋਇ ॥੧॥ਰਹਾਉ॥੪॥੧॥ | O Lord, every moment, I am every bit[41] a sacrifice unto[40] Thy Name. Pause. | ਹੇ ਸੁਆਮੀ ! ਹਰ ਮੁਹਤ ਮੈਂ ਤੇਰੇ ਨਾਮ ਉਤੋਂ[40] ਬੋਟੀ ਬੋਟੀ ਕੁਰਬਾਨ[41], ਕੁਰਬਾਨ ਜਾਂਦਾ ਹਾਂ। ਠਹਿਰਾਉ। |
| ਧਨਾਸਰੀ ਮਹਲਾ ੧ ॥ | Dhanasri 1st Guru. | ਧਨਾਸਰੀ ਪਹਿਲੀ ਪਾਤਿਸ਼ਾਹੀ। |
| ਹਮ ਆਦਮੀ[42] ਹਾਂ ਇਕ[46] ਦਮੀ[43] ਮੁਹਲਤਿ[44] ਮੁਹਤੁ[45] ਨ ਜਾਣਾ[47] ॥ | We are men[42] of but one[46] breath[43] and know[47] not the appointed time[44] and moment[45] of our departure. | ਅਸੀਂ ਕੇਵਲ ਇੱਕ[46] ਸਾਹ[43] ਵਾਲੇ ਪੁਰਸ਼[42] ਹਾਂ ਅਤੇ ਆਪਣੇ ਕੂਚ ਦਾ ਮੁਕੱਰਰਾ ਵੇਲਾ[44] ਤੇ ਛਿਨ[45] ਨਹੀਂ ਜਾਣਦੇ[47]। |
| ਨਾਨਕੁ ਬਿਨਵੈ[48] ਤਿਸੈ[49] | Supplicates[48] Nanak, serve[50] thou | ਨਾਨਕ ਪ੍ਰਾਰਥਨਾ ਕਰਦਾ[48]ਹੈ ਤੂੰ ਉਸ ਦੀ[49] ਸੇਵਾ ਕਰ[50] |

| | | |
|---|---|---|
| ਸਰੇਵਹੁ[50] ਜਾ ਕੇ ਜੀਅ[51] ਪਰਾਣਾ[52] ॥੧॥ | Him[49], to whom belong our soul[51] and very life[52]. | ਜਿਸ ਦੀ ਮਲਕੀਅਤ ਸਾਡੀ ਆਤਮਾ[51] ਤੇ ਜਿੰਦ-ਜਾਨ[52] ਹੈ । |
| ਅੰਧੇ[53] ਜੀਵਨਾ[54] ਵੀਚਾਰਿ[55] ਦੇਖਿ[56] ਕੇਤੇ ਕੇ[57] ਦਿਨਾ[58] ॥੧॥ਰਹਾਉ॥ | O blind man[53], consider[55] and see[56] how many[57] days[58] thy life[54] shall last. | ਹੇ ਅੰਨ੍ਹੇ ਇਨਸਾਨ[53], ਸੋਚ ਕਰ[55] ਅਤੇ ਵੇਖ[56] ਕਿੰਨੇ[57] ਕੁ ਦਿਹਾੜੇ[58] ਤੇਰੀ ਜ਼ਿੰਦਗੀ[54] ਹੈ । |
| ਸਾਸੁ[59] ਮਾਸੁ[60] ਸਭੁ ਜੀਉ[61] ਤੁਮਾਰਾ ਤੂ ਮੈ ਖਰਾ[62] ਪਿਆਰਾ[63] ॥ | O Lord, my breath[59], flesh[60] and soul[61] are all Thine and thou art very[62] dear[63] unto me. | ਹੇ ਪ੍ਰਭੂ ! ਮੇਰਾ ਸੁਆਸ[59], ਮਾਸ[60] ਅਤੇ ਆਤਮਾ[61] ਸਾਰੇ ਤੇਰੇ ਹਨ । ਤੂੰ ਮੈਨੂੰ ਬਹੁਤਾ[62] ਮਿੱਠੜਾ[63] ਲਗਦਾ ਹੈਂ । |
| ਨਾਨਕੁ ਸਾਇਰੁ[64] ਏਵ[65] ਕਹਤੁ[66] ਹੈ ਸਚੇ ਪਰਵਦਗਾਰਾ[67] ॥੨॥ | Nanak, the poet[64], speaks[66] thus[65], O True Cherisher[67]. | ਕਵੀ[64] ਨਾਨਕ ਇਸ ਤਰ੍ਹਾਂ[65] ਆਖਦਾ[66] ਹੈ, ਹੇ ਸੱਚੇ ਪਾਲਣ-ਪੋਸਣਹਾਰ[67] ! |
| ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ[68] ॥ | If Thou givest nothing to any man, what can he pledge[68] with Thee to receive Thy Bounties, O Lord ? | ਜੇਕਰ ਤੂੰ ਕਿਸੇ ਨੂੰ ਕੋਈ ਸ਼ੈ ਨਾ ਦੇਵੇਂ, ਤਾਂ ਉਹ ਤੇਰੇ ਕੋਲ ਕਿਹੜੀ ਸ਼ੈ ਗਿਰਵੀ[68] ਰਖ ਕੇ ਕੁਛ ਲੈ ਸਕਦਾ ਹੈ, ਹੇ ਸਾਂਈਂ ? |
| ਨਾਨਕੁ ਬਿਨਵੈ[69] ਸੋ ਕਿਛੁ[70] ਪਾਈਐ[71] ਪੁਰਬਿ[72] ਲਿਖੇ[73] ਕਾ ਲਹਣਾ[74] ॥੩॥ | Prays[69] Nanak, the mortal obtains[71] just the thing[70], which he is pre-[72] destined[73] to receive[74]. | ਨਾਨਕ ਬਿਨੈ ਕਰਦਾ[69] ਹੈ, ਪ੍ਰਾਣੀ ਐਨ ਉਹੀ ਸ਼ੈ[70] ਪ੍ਰਾਪਤ ਕਰਦਾ[71] ਹੈ, ਜਿਸ ਦਾ ਹਾਸਲ ਕਰਨਾ[74] ਉਸ ਲਈ ਮੁਢ[72] ਤੋਂ ਲਿਖਿਆ ਹੋਇਆ[73] ਹੈ । |
| ਨਾਮੁ ਖਸਮ[75] ਕਾ ਚਿਤਿ[76] ਨ ਕੀਆ ਕਪਟੀ[77] ਕਪਟੁ[78] ਕਮਾਣਾ[79] ॥ | The deceitful person[77] remembers[76] not the Lord's Name[75] and practises[79] deceit[78]. | ਛੱਲੀਆ ਪੁਰਸ਼[77] ਸੁਆਮੀ ਦੇ ਨਾਮ[75] ਦਾ ਸਿਮਰਨ[76] ਨਹੀਂ ਕਰਦਾ ਅਤੇ ਠੱਗੀ ਠੋਰੀ[78] ਕਰਦਾ[79] ਹੈ । |
| ਜਮ[80] ਦੁਆਰਿ[81] ਜਾ[82] ਪਕੜਿ[83] ਚਲਾਇਆ[84] ਤਾ[85] ਚਲਦਾ[86] ਪਛੁਤਾਣਾ[87] ॥੪॥ | When[82] he is driven[84] captive[83] to death's[80] door[81], then[85], whilst going[86], he regrets[87] his actions. | ਜਦ[82] ਉਸ ਨੂੰ ਫੜ ਕੇ[83] ਮੌਤ[80] ਦੇ ਮੂੰਹ[81] ਵਿੱਚ ਧੱਕਿਆ[84] ਜਾਂਦਾ ਹੈ ਤਦ[85], ਜਾਂਦਾ ਹੋਇਆ[86], ਉਹ ਆਪਣੇ ਅਮਲਾਂ ਉੱਤੇ ਅਫ਼ਸੋਸ ਕਰਦਾ[87] ਹੈ । |
| ੬੬੧ | | |
| ਜਬ ਲਗੁ[88] ਦੁਨੀਆ[89] ਰਹੀਐ ਨਾਨਕ ਕਿਛੁ[90] ਸੁਣੀਐ ਕਿਛੁ ਕਹੀਐ[91] ॥ | As long as[88] we are in this world[89], Nanak, we should hear some what[90] and speak[91] some what of the Lord. | ਜਦ ਤਾਂਈ[88] ਅਸੀਂ ਇਸ ਸੰਸਾਰ[89] ਵਿੱਚ ਹਾਂ, ਸਾਨੂੰ ਪ੍ਰਭੂ ਬਾਰੇ ਕੁਝਕੁ[90] ਸੁਣਨਾ ਤੇ ਕੁਝਕੁ ਉਚਾਰਣਾ[91] ਚਾਹੀਦਾ ਹੈ । |
| ਭਾਲਿ[92] ਰਹੇ ਹਮ ਰਹਣੁ[93] ਨ ਪਾਇਆ ਜੀਵਤਿਆ[94] ਮਰਿ ਰਹੀਐ[95] ॥੫॥੨॥ | I have searched[92] and found no way to remain[93] here, so, remain thou, dead[95] whilst alive[94]. | ਮੈਂ ਖੋਜ[92] ਕੀਤੀ ਹੈ ਅਤੇ ਏਥੇ ਠਹਿਰਨ[93] ਦਾ ਮੈਨੂੰ ਕੋਈ ਰਾਹ ਨਹੀਂ ਲੱਭਾ, ਇਸ ਲਈ ਤੂੰ ਜੀਉਂਦੇ[94] ਜੀ ਮਰਿਆ[95] ਰਹੁ । |
| ਧਨਾਸਰੀ ਮਹਲਾ ੧ ਘਰੁ ਦੂਜਾ | Dhanasri 1st Guru. | ਧਨਾਸਰੀ ਪਹਿਲੀ ਪਾਤਿਸ਼ਾਹੀ । |

| | | |
|---|---|---|
| ੴ ਸਤਿਗੁਰ ਪ੍ਰਸਾਦਿ ॥ | There is but One God By True Guru's grace, is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਕਿਉ[96] ਸਿਮਰੀ[97] ਸਿਵਰਿਆ ਨਹੀ ਜਾਇ ॥ | How[96] am I to remember[97] the Lord ? Him, I can remember not. | ਮੈਂ ਸੁਆਮੀ ਦਾ ਕਿਸ ਤਰ੍ਹਾਂ[96] ਭਜਨ[97] ਕਰਾਂ ? ਉਸ ਦਾ ਸਿਮਰਨ ਮੈਂ ਕਰ ਨਹੀਂ ਸਕਦਾ। |
| ਤਪੈ[98] ਹਿਆਉ[99] ਜੀਅੜਾ[100] ਬਿਲਲਾਇ[2] ॥ | Without the Lord's meditation, my mind[99] burns[98] and my soul[100] bewails[2]. | ਸੁਆਮੀ ਦੇ ਸਿਮਰਨ ਬਾਝੋਂ ਮੇਰਾ ਜੀਅਰਾ[99] ਸੜਦਾ[98] ਹੈ ਅਤੇ ਮੇਰੀ ਆਤਮਾ[100] ਵਿਰਲਾਪ ਕਰਦੀ[2] ਹੈ। |
| ਸਿਰਜਿ[3] ਸਵਾਰੇ[4] ਸਾਚਾ[5] ਸੋਇ[6] ॥ | He[6], the True Lord[5], creates[3] and adorns[4] the mortal. | ਉਹ[6] ਸੱਚਾ ਸਾਹਿਬ[5], ਪ੍ਰਾਨੀ ਨੂੰ ਸਾਜਦਾ[3] ਤੇ ਸ਼ਿੰਗਾਰਦਾ[4] ਹੈ। |
| ਤਿਸੁ[7] ਵਿਸਰਿਐ[8] ਚੰਗਾ[9] ਕਿਉ[10] ਹੋਇ ॥੧॥ | Forgetting[8] Him[7], how[10] can the mortal be good[9] ? | ਉਸ ਨੂੰ[7] ਭੁਲਾ ਕੇ[8]; ਜੀਵ ਕਿਸ ਤਰ੍ਹਾਂ[10] ਭਲਾ[9] ਹੋ ਸਕਦਾ ਹੈ ? |
| ਹਿਕਮਤਿ[12] ਹੁਕਮਿ[13] ਨ ਪਾਇਆ ਜਾਇ ॥ | Through cleverness[12] and command[13], the Lord can be obtained not. | ਚਾਲਾਕੀ[12] ਅਤੇ ਹੁਕਮ[13] ਰਾਹੀਂ ਸਾਹਿਬ ਪ੍ਰਾਪਤ ਕੀਤਾ ਨਹੀਂ ਜਾ ਸਕਦਾ। |
| ਕਿਉ ਕਰਿ[14] ਸਾਚਿ[15] ਮਿਲਉ ਮੇਰੀ ਮਾਇ[16] ॥੧॥ ਰਹਾਉ॥ | In what way[14] can I meet with my True Master[15], O my Mother[16]? Pause. | ਕਿਸੇ ਤਰੀਕੇ[14] ਨਾਲ ਮੈਂ ਆਪਣੇ ਸੱਚੇ ਮਾਲਕ[15] ਨਾਲ ਮਿਲ ਸਕਦਾ ਹਾਂ, ਹੇ ਮੈਂਡੀ ਮਾਤਾ[16] ? ਠਹਿਰਾਉ। |
| ਵਖਰੁ[17] ਨਾਮੁ ਦੇਖਣ[18] ਕੋਈ[19] ਜਾਇ[20] ॥ | Rare[19] is the one, who goes[20] out in search[18] of the merchandise[17] of the Lord's Name. | ਟਾਂਵਾਂ ਟੱਲਾ[19] ਜਣਾ ਹੀ ਨਾਮ ਦੇ ਸੌਦੇ ਸੂਤ[17] ਨੂੰ ਵੇਖਣ[18] (ਭਾਲਣ) ਜਾਂਦਾ[20] ਹੈ। |
| ਨਾ ਕੋ ਚਾਖੈ[21] ਨਾ ਕੋ ਖਾਇ[22] ॥ | This Name merchandise none tastes[21] (cherishes) and none eats[22] (imbibes). | ਇਸ ਨਾਮ ਦੇ ਸੌਦੇ ਸੂਤ ਨੂੰ ਨਾ ਕੋਈ ਚੱਖਦਾ[21] ਹੈ ਤੇ ਨਾ ਹੀ ਖਾਂਦਾ[22] ਹੈ। |
| ਲੋਕਿ[23] ਪਤੀਣੈ[24] ਨਾ ਪਤਿ[25] ਹੋਇ ॥ | By pleasing[24] people[23], the mortal obtains not honour[25]. | ਲੋਗਾਂ[23] ਨੂੰ ਖ਼ੁਸ਼[24] ਕਰਨ ਦੁਆਰਾ ਪ੍ਰਾਣੀ ਨੂੰ ਇੱਜ਼ਤ[25] ਪ੍ਰਾਪਤ ਨਹੀਂ ਹੁੰਦੀ। |
| ਤਾ[26] ਪਤਿ ਰਹੈ[27] ਰਾਖੈ ਜਾ[28] ਸੋਇ[29] ॥੨॥ | If[28] He[29], the Lord, preserves, then[26] alone can the mortal's honour be preserved[27]. | ਜੇਕਰ[28] ਉਹ[29] ਸਾਹਿਬ ਬਚਾਵੇ, ਕੇਵਲ ਤਦ[26] ਹੀ ਪ੍ਰਾਣੀ ਦੀ ਇੱਜ਼ਤ ਬੱਚ ਸਕਦੀ[27] ਹੈ। |
| ਜਹ[30] ਦੇਖਾ[32] ਤਹ[31] ਰਹਿਆ ਸਮਾਇ[33] ॥ | Wherever[30] I see[32], there[31] I see the Lord pervading[33]. | ਜਿੱਥੇ ਕਿਤੇ[30] ਮੈਂ ਵੇਖਦਾ[32] ਹਾਂ, ਉੱਥੇ[31] ਮੈਂ ਸਾਂਈਂ ਨੂੰ ਵਿਆਪਕ[33] ਵੇਖਦਾ[33] ਹਾਂ। |
| ਤੁਧੁ ਬਿਨੁ ਦੂਜੀ[34] ਨਾਹੀ ਜਾਇ[35] ॥ | Without Thee, O Lord, I have no other[34] place[35] of rest. | ਤੇਰੇ ਬਾਝੋਂ ਹੇ ਸਾਂਈਂ ! ਮੇਰਾ ਹੋਰ ਕੋਈ[34] ਆਰਾਮ ਦਾ ਟਿਕਾਣਾ[35] ਨਹੀਂ। |
| ਜੇ ਕੋ[36] ਕਰੇ[37] ਕੀਤੈ[38] ਕਿਆ[39] ਹੋਇ[40] ॥ | However hard one[26] may try to do[37], yet what[39] can be done[40] by his doing[38] ? | ਕਰਨ[37] ਨੂੰ ਕੋਈ[26] ਕਿਤਨੀ ਕਠਨ ਕੋਸ਼ਸ਼ ਪਿਆ ਕਰੇ, ਪਰ ਉਸ ਦੇ ਕੀਤਿਆਂ[38] ਕੀ[39] ਹੋ ਸਕਦਾ[40] ਹੈ ? |
| ਜਿਸ[41] ਨੋ ਬਖਸੇ[42] ਸਾਚਾ[43] | He alone becomes potent to do, | ਕੇਵਲ ਓਹੀ ਕਰਨ ਦੇ ਯੋਗ ਹੁੰਦਾ ਹੈ ਜਿਸ[41] ਨੂੰ ਉਹ[44] |

| | | |
|---|---|---|
| ਸੋਇ[44] ॥੩॥ | whom[41], He[44], the True Lord[43], blesses[42]. | ਸੱਚਾ ਸੁਆਮੀ[43], ਬਰਕਤ ਦਿੰਦਾ[42] ਹੈ। |
| ਹੁਣਿ[45] ਉਠਿ[46] ਚਲਣਾ[47] ਮੁਹਤਿ[48] ਕਿ[49] ਤਾਲਿ[50] ॥ | Now[45], in a moment[48], or[49] in the clapping of hands[50], I may have to arise[46] and depart[47]. | ਹੁਣ[45] ਇੱਕ ਛਿਨ[48] ਜਾਂ[49] ਹੱਥਾਂ ਦੀ ਤਾੜੀ ਵੱਜਣ[50] ਦੇ ਵਿੱਚ ਹੀ ਮੈਂ ਖੜਾ[46] ਹੋ ਟੁਰ ਵੰਞਣਾ[47] ਹੈ। |
| ਕਿਆ[51] ਮੁਹੁ[52] ਦੇਸਾ[53] ਗੁਣ[54] ਨਹੀ ਨਾਲਿ[55] ॥ | What[51] face[52] will I show[53] the Lord, when I am, without[55] any virtue[54] ? | ਮੈਂ ਸਾਂਈਂ ਨੂੰ ਕਿਹੜਾ[51] ਮੂੰਹ[52] ਦਿਖਾਵਾਂਗਾ[53], ਜਦ ਕਿ ਮੈਂ ਨੇਕੀਆਂ[54] ਤੋਂ ਬਿਨਾ[55] ਹਾਂ ? |
| ਜੈਸੀ[56] ਨਦਰਿ[57] ਕਰੇ ਤੈਸਾ[58] ਹੋਇ[59] ॥ | As[56] is the Lord's glance[57], so[58] becomes[59] the mortal. | ਜਿਸ ਤਰ੍ਹਾਂ[56] ਦੀ ਸੁਆਮੀ ਦੀ ਦ੍ਰਿਸ਼ਟੀ[57]ਹੈ, ਉਸੇ ਤਰ੍ਹਾਂ[58] ਦਾ ਹੀ ਜੀਵ ਹੋ ਜਾਂਦਾ[59] ਹੈ। |
| ਵਿਣੁ[60] ਨਦਰੀ[61] ਨਾਨਕ ਨਹੀ ਕੋਇ[62] ॥੪॥੧॥੩॥ | Without[60] the Lord's gracious glance[61], O Nanak, no one[62] is saved. | ਪ੍ਰਭੂ ਦੀ ਰਹਿਮਤ ਦੀ ਨਿਗ੍ਹਾ[61] ਬਗੈਰ[60], ਹੇ ਨਾਨਕ ! ਕਿਸੇ ਦਾ ਭੀ[62] ਪਾਰ ਉਤਾਰਾ ਨਹੀਂ ਹੁੰਦਾ। |
| ਧਨਾਸਰੀ ਮਹਲਾ ੧ ॥ | Dhanasri Ist Guru. | ਧਨਾਸਰੀ ਪਹਿਲੀ ਪਾਤਿਸ਼ਾਹੀ। |
| ਨਦਰਿ[63] ਕਰੇ[64] ਤਾ[65] ਸਿਮਰਿਆ[66] ਜਾਇ ॥ | If God shows[64] mercy[63], then[65] alone can man remember[66] Him. | ਜੇਕਰ ਹਰੀ ਮਿਹਰ[63] ਧਾਰੇ[64], ਤਦ[65] ਹੀ ਬੰਦਾ ਉਸ ਨੂੰ ਯਾਦ ਕਰਦਾ[66] ਹੈ। |
| ਆਤਮਾ[67] ਦ੍ਰਵੈ[68] ਰਹੈ ਲਿਵ[69] ਲਾਇ[70] ॥ | His soul[67], is softened[68] and he remains absorbed[70] in the Lord's love[69]. | ਉਸ ਦੀ ਰੂਹ[67] ਨਰਮ[68] ਹੋ ਜਾਂਦੀ ਹੈ ਅਤੇ ਉਹ ਪ੍ਰਭੂ ਦੀ ਪ੍ਰੀਤ[69] ਅੰਦਰ ਲੀਨ ਰਹਿੰਦੀ[70] ਹੈ। |
| ਆਤਮਾ[71] ਪਰਾਤਮਾ[72] ਏਕੋ ਕਰੈ[73] ॥ | His soul[71], he makes one[73] with the Supreme soul[72]. | ਆਪਣੀ ਰੂਹ[71] ਨੂੰ ਉਹ ਪਰਮ ਰੂਹ[72] ਨਾਲ ਇੱਕ ਮਿੱਕ[73] ਕਰ ਦਿੰਦਾ ਹੈ। |
| ਅੰਤਰ[74] ਕੀ ਦੁਬਿਧਾ[75] ਅੰਤਰਿ ਮਰੈ[76] ॥੧॥ | His mind's[74] duality[75] is re-absorbed[76] in the mind. | ਉਸ ਦੇ ਮਨ[74] ਦਾ ਦਵੈਤ-ਭਾਵ[75] ਮਨ ਵਿੱਚ ਹੀ ਲੀਨ ਹੋ ਜਾਂਦਾ[76] ਹੈ। |
| ਗੁਰ ਪਰਸਾਦੀ[77] ਪਾਇਆ ਜਾਇ ॥ | By Guru's grace[77] the Lord is attained to. | ਗੁਰਾਂ ਦੀ ਦਇਆ[77] ਦੁਆਰਾ ਪ੍ਰਭੂ ਪਾਇਆ ਜਾਂਦਾ ਹੈ। |
| ਹਰਿ ਸਿਉ[78] ਚਿਤੁ[79] ਲਾਗੈ[80] ਫਿਰਿ[81] ਕਾਲੁ[82] ਨ ਖਾਇ[83] ॥੧॥ਰਹਾਉ॥ | If man's mind[79] gets attached[80] with[78] the Lord, death[82], then[81], devours[83] him not. Pause. | ਜੇਕਰ ਆਦਮੀ ਦਾ ਮਨ[79] ਪ੍ਰਭੂ ਨਾਲ[78] ਜੁੜ ਜਾਵੇ[80] ਤਦ[81], ਮੌਤ[82] ਉਸ ਨੂੰ ਨਹੀਂ ਨਿਗਲਦੀ[83]। ਠਹਿਰਾਉ। |
| ਸਚਿ[84] ਸਿਮਰਿਐ[85] ਹੋਵੈ ਪਰਗਾਸੁ[86] ॥ | Remembering[85] the True Lord[84], man's mind is illumined[86]. | ਸੱਚੇ ਸਾਹਿਬ[84] ਦਾ ਆਰਾਧਨ ਕਰਨ[85] ਦੁਆਰਾ ਮਨੁੱਖ ਦਾ ਮਨ ਰੌਸ਼ਨ ਹੋ ਜਾਂਦਾ[86] ਹੈ। |
| ਤਾ[87] ਤੇ ਬਿਖਿਆ[88] ਮਹਿ[89] ਰਹੈ ਉਦਾਸੁ[90] ॥ | Wherefore[87] in the midst[89] of mammon[88], he remains detached[90]. | ਇਸ ਲਈ[83] ਮਾਇਆ[88] ਅੰਦਰ[89] ਉਹ ਨਿਰਲੇਪ ਰਹਿੰਦਾ[90] ਹੈ। |
| ਸਤਿਗੁਰ ਕੀ ਐਸੀ[41] ਵਡਿਆਈ[42] ॥ ਪੁਤ੍ਰ[43] ਕਲਤ੍ਰ[44] ਵਿਚੇ[45] ਗਤਿ ਪਾਈ[46] ॥੨॥ | Such[41] is the glory[42] of the True Guru, that, in the midst[45] of sons[43] and wife[44], man obtains emancipation[46]. | ਐਹੋ ਜੇਹੀ[41] ਹੈ ਸੱਚੇ ਗੁਰਾਂ ਦੀ ਮਹਾਨਤਾ[42] ਕਿ ਲੜਕਿਆਂ[43] ਅਤੇ ਪਤਨੀ[44]ਦੇ ਵਿਚਕਾਰ[45] ਹੀ ਇਨਸਾਨ ਮੁਕਤੀ[45] ਪਾ ਲੈਂਦਾ ਹੈ। |
| ਐਸੀ[47] ਸੇਵਕੁ[48] ਸੇਵਾ[49] | Such[47] service[49], the Lord's slave[48] | ਸਾਹਿਬ ਦਾ ਗੋਲਾ[48] ਉਸ ਦੀ ਐਹੋ ਜੇਹੀ[47] ਟਹਿਲ[49] |

| | | |
|---|---|---|
| ਕਰੈ[50] ॥ ਜਿਸ ਕਾ ਜੀਉ[51] ਤਿਸੁ ਆਗੈ ਧਰੈ[52] ॥ | renders[50] unto Him, that he surrenders[52] his soul[51] to Him to whom it belongs. | ਕਮਾਉਂਦਾ[50] ਹੈ ਕਿ ਉਹ ਆਪਣੀ ਜਿੰਦੜੀ[51] ਉਸ ਦੇ ਮੂਹਰੇ ਰੱਖ ਦੇਂਦਾ[52] ਹੈ ਜਿਸ ਦੀ ਕਿ ਉਹ ਹੈ। |
| ਸਾਹਿਬ ਭਾਵੈ[53] ਸੋ[54] ਪਰਵਾਣੁ[55] ॥ | He[54], who is pleasing[53] to the Lord, becomes acceptable[55] in His court. | ਜੋ ਸਾਂਈਂ ਨੂੰ ਚੰਗਾ ਲਗਦਾ[53] ਹੈ, ਉਹ[54] ਕਬੂਲ ਪੈ ਜਾਂਦਾ[55] ਹੈ। |
| ਸੋ[56] ਸੇਵਕੁ ਦਰਗਹ[57] ਪਾਵੈ ਮਾਣੁ[58] ॥੩॥ | Such[56] a slave obtains honour[58] in the Lord's court[57]. | ਐਸਾ[56] ਗੋਲਾ ਪ੍ਰਭੂ ਦੇ ਦਰਬਾਰ[57] ਵਿੱਚ ਇੱਜ਼ਤ[58] ਪਾਉਂਦਾ ਹੈ। |
| ਸੋ[59] ਕਤ[60] ਡਰੈ[61] ਜਿ ਖਸਮੁ[62] ਸਮ੍ਹਾਰੈ[63] ॥ | He[59], who meditates[63] on the Lord[62], why[60] should he be afraid of anything? | ਉਹ[59] ਕਿਉਂ[60] ਭੈ ਕਰੇ, ਜੋ ਸਾਹਿਬ[62] ਨੂੰ ਸਿਮਰਦਾ[63] ਹੈ ? |
| ਡਰਿ ਡਰਿ[64] ਪਚੇ[65] ਮਨਮੁਖ[66] ਵੇਚਾਰੇ[67] ॥੧॥ ਰਹਾਉ ॥ | Through fear and fright[64], the poor[67] egocentrics[66] are ruined[65]. Pause. | ਭੈ ਅਤੇ ਖ਼ੌਫ[64] ਰਾਹੀਂ ਆਪ-ਹੁਦਰੇ[66] ਗਰੀਬ[67] ਤਬਾਹ ਹੋ ਜਾਂਦੇ[65] ਹਨ । ਠਹਿਰਾਉ । |
| ਸਿਰ[68] ਊਪਰਿ ਮਾਤ[69] ਪਿਤਾ[70] ਗੁਰਦੇਵ[71] ॥ | Over my head[68] is my Guru God[71], my mother[69] and father[70]. | ਮੇਰੇ ਸੀਸ[68] ਉਤੇ ਮੇਰੀ ਅੰਮੜੀ[69] ਤੇ ਬਾਬਲ[70] ਗੁਰੂ-ਪਰਮੇਸ਼ਰ[71] ਹੈ । |
| ਸਫਲ[72] ਮੂਰਤਿ[73] ਜਾ ਕੀ[74] ਨਿਰਮਲ[75] ਸੇਵ[76] ॥ | Fruitful[72] is his[74] vision[73] and immaculate[75] his service[76]. | ਫਲਦਾਇਕ[72] ਹੈ ਉਸ ਦਾ[74] ਦਰਸ਼ਨ[73] ਅਤੇ ਪਵਿੱਤਰ[75] ਉਸ ਦੀ ਘਾਲ[76] । |
| ਏਕੁ ਨਿਰੰਜਨੁ[77] ਜਾ ਕੀ ਰਾਸਿ[78] ॥ | The one pure[77] Lord is his capital[78]. | ਇੱਕ ਪਾਵਨ[77] ਸੁਆਮੀ ਹੀ ਉਸ ਪੂੰਜੀ[78] ਹੈ । |
| ਮਿਲਿ ਸਾਧਸੰਗਤਿ ਹੋਵਤ ਪਰਗਾਸ[79] ॥੧॥ | Meeting the society of saints, man's mind is illumined[79]. | ਸਤਿਸੰਗਤ ਨਾਲ ਜੁੜਨ ਦੁਆਰਾ ਮਨੁਸ਼ ਦਾ ਮਨ ਰੋਸ਼ਨ ਹੋ ਜਾਂਦਾ[79] ਹੈ । |
| ਜੀਅਨ[80] ਕਾ ਦਾਤਾ[81] | The Beneficent[81] Lord of all the beings[80] | ਸਾਰੇ ਜੀਵਾਂ[80] ਦਾ ਦਾਤਾਰ[81] ਸੁਆਮੀ ਸਾਰਿਆਂ ਬਾਵਾਂ[83] |

| | | |
|---|---|---|
| ਪੂਰਨ[82] ਸਭ ਠਾਇ[83] ॥ | is filling[82] all the places[83]. | ਅੰਦਰ ਪਰੀਪੂਰਨ ਹੋ ਰਿਹਾ[82] ਹੈ । |
| ਕੋਟਿ[84] ਕਲੇਸ[85] ਮਿਟਹਿ[86] ਹਰਿ ਨਾਇ[87] ॥ | Millions[84] of pains[85] are removed[86] with God's Name[87]. | ਕ੍ਰੋੜਾਂ[84] ਹੀ ਦੁੱਖ[85], ਰੱਬ ਦੇ ਨਾਮ[87] ਨਾਲ ਦੂਰ ਹੋ ਜਾਂਦੇ[86] ਹਨ । |
| ਜਨਮ ਮਰਨ ਸਗਲਾ[88] ਦੂਖੁ[89] ਨਾਸੈ[90] ॥ ਗੁਰਮੁਖਿ[95] ਜਾਕੈ[91] ਮਨਿ[92] ਤਨਿ[93] ਬਾਸੈ[94] ॥੨॥ | The man, in whose[91] soul[92] and body[93] the Lord abides[94] by Guru's grace[95], is rid of[90] all[88] the agony[89] of birth and death. | ਜਿਸ[91] ਇਨਸਾਨ ਦੀ ਆਤਮਾ[92] ਤੇ ਦੇਹ[93] ਵਿੱਚ, ਗੁਰਾਂ ਦੀ ਦਇਆ[95] ਦੁਆਰਾ ਪ੍ਰਭੂ ਵਸਦਾ[94] ਹੈ, ਉਹ ਜੰਮਣ ਤੇ ਮਰਨ ਦੇ ਸਮੂਹ[88] ਕਸ਼ਟਾਂ[89] ਤੋਂ ਬੱਚ ਜਾਂਦਾ[90] ਹੈ । |
| ਜਿਸ ਨੋ ਆਪਿ ਲਏ ਲੜਿ[96] ਲਾਇ[97] ॥ ਦਰਗਹ[98] ਮਿਲੈ ਤਿਸੈ[99] ਹੀ ਜਾਇ[100] ॥ | He[99] alone, whom the Lord attaches[97] to His skirt[96], obtains a place[100] in His court[98]. | ਜਿਸ ਨੂੰ ਪ੍ਰਭੂ ਆਪਣੇ ਪੱਲੇ[96] ਨਾਲ ਜੋੜ ਲੈਂਦਾ[97] ਹੈ, ਕੇਵਲ ਉਸੇ[99] ਨੂੰ ਹੀ ਉਸ ਦੇ ਦਰਬਾਰ[98] ਵਿੱਚ ਥਾਂ[100] ਮਿਲਦੀ ਹੈ । |
| ਸੇਈ[2] ਭਗਤ[3] ਜਿ ਸਾਚੇ[4] ਭਾਣੇ[5] ॥ | They alone[2] are the saints[3], who are pleasing[5] to the True Lord[4]. | ਕੇਵਲ ਓਹੀ[2] ਭਗਤ[3] ਹਨ, ਜੋ ਸਚੇ ਸੁਆਮੀ[4] ਨੂੰ ਚੰਗੇ ਲਗਦੇ[5] ਹਨ । |
| [6]ਜਮਕਾਲ[7] ਤੇ ਭਏ[9] ਨਿਕਾਣੇ[8] ॥੩॥ | They become[9] free[8] of the Death's[7] myrmidon[6]. | ਉਹ ਮੌਤ[7] ਦੇ ਫ਼ਰੇਸ਼ਤੇ[6] ਤੋਂ ਸੁਤੰਤਰ[8] ਹੋ ਜਾਂਦੇ[9] ਹਨ । |
| ਸਾਚਾ ਸਾਹਿਬੁ ਸਚੁ ਦਰਬਾਰੁ[10] ॥ | True is the Lord and true is His court[10]. | ਸੱਚ ਹੈ ਸੁਆਮੀ ਅਤੇ ਸੱਚੀ ਹੈ ਦਰਗਾਹ[10] । |
| ਕੀਮਤਿ[12] ਕਉਣੁ ਕਹੈ[13] ਬੀਚਾਰੁ[14] ॥ | Who can think[14] of and narrate[13] His worth[12]? | ਉਸ ਦੇ ਮੁੱਲ[12] ਨੂੰ ਕੌਣ ਸੋਚ[14] ਅਤੇ ਵਰਨਣ[13] ਕਰ ਸਕਦਾ ਹੈ ? |
| ਘਟਿ ਘਟਿ[15] ਅੰਤਰਿ[16] ਸਗਲ[17] ਅਧਾਰੁ[18] ॥ | He is within[16] all the hearts[15] and is the support[18] of all[17]. | ਉਹ ਸਾਰਿਆਂ ਦਿਲਾਂ[15] ਅੰਦਰ[16] ਹੈ ਤੇ ਸਾਰਿਆਂ[17] ਦਾ ਆਸਰਾ[18] ਹੈ । |
| ਨਾਨਕੁ ਜਾਚੈ[19] ਸੰਤ ਰੇਣਾਰੁ[20] ॥੪॥੩॥੨੪॥ | Nanak begs for[19] the dust[20] of the saints' feet. | ਨਾਨਕ ਸਾਧੂਆਂ ਦੇ ਪੈਰਾਂ ਦੀ ਧੂੜ[20] ਮੰਗਦਾ[19] ਹੈ । |
| ਧਨਾਸਰੀ ਮਹਲਾ ੫ | Dhanasri 5th Guru. | ਧਨਾਸਰੀ ਪੰਜਵੀਂ ਪਾਤਸ਼ਾਹੀ । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਘਰਿ[21] ਬਾਹਰਿ ਤੇਰਾ ਭਰਵਾਸਾ[22] ਤੂ ਜਨ[23] ਕੈ ਹੈ ਸੰਗਿ[24] ॥ | Within home[21] and without, I have Thine support[22], O Lord. Thou art ever with[24] Thy slave[23]. | ਗ੍ਰਿਹ[21] ਦੇ ਅੰਦਰ ਅਤੇ ਬਾਹਰ ਮੈਨੂੰ ਤੇਰਾ ਹੀ ਆਸਰਾ[22] ਹੈ, ਹੇ ਸੁਆਮੀ ! ਤੂੰ ਸਦਾ ਆਪਣੇ ਗੋਲੇ[23] ਦੇ ਅੰਗ ਸੰਗ[24] ਹੈਂ । |
| ਕਰਿ ਕਿਰਪਾ[25] ਪ੍ਰੀਤਮ[26] ਪ੍ਰਭ ਅਪੁਨੇ ਨਾਮੁ ਜਪਉ[27] ਹਰਿ ਰੰਗਿ[28] ॥੧॥ | O my Beloved[26] Lord, take pity[25] on me, that I may utter[27] God's Name with love[28]. | ਹੇ ਮੈਂਡੇ ਪਿਆਰੇ[26] ਪ੍ਰਭੂ ! ਮੇਰੇ ਉੱਤੇ ਰਹਿਮਤ ਧਾਰ[25] ਤਾਂ ਜੋ ਮੈਂ ਵਾਹਿਗੁਰੂ ਦੇ ਨਾਮ ਨੂੰ ਪ੍ਰੇਮ[28] ਨਾਲ ਉਚਾਰਨ[27] ਕਰਾਂ । |
| ਜਨ ਕਉ ਪ੍ਰਭ ਅਪਨੇ ਕਾ ਤਾਣੁ[29] ॥ | The Lord is the only support[29] of His slave. | ਸਾਹਿਬ ਹੀ ਆਪਣੇ ਦਾਸ ਦਾ ਇੱਕੋ ਇੱਕ ਆਸਰਾ[29] ਹੈ । |

| | | |
|---|---|---|
| ਜੋ ਤੂ ਕਰਹਿ ਕਰਾਵਹਿ ਸੁਆਮੀ ਸਾ[30] ਮਸਲਤਿ[31] ਪਰਵਾਣੁ[32] ॥ਰਹਾਉ॥ | Whatever Thou doest or causeth to do, O Lord, in that[30] I deem[32] my welfare[31] to lie. Pause. | ਜਿਹੜਾ ਕੁਛ ਤੂੰ ਕਰਦਾ ਜਾਂ ਕਰਾਉਂਦਾ ਹੈਂ, ਹੇ ਪ੍ਰਭੂ ! ਉਸ[30] ਵਿਚ ਹੀ ਮੈਂ ਆਪਣੀ ਬਿਹਤਰੀ[31] ਜਾਣਦਾ[32] ਹਾਂ । ਠਹਿਰਾਉ । |
| ਪਤਿ[33] ਪਰਮੇਸਰੁ[34] ਗਤਿ[35] ਨਾਰਾਇਣੁ[36] ਧਨੁ[37] [38]ਗੁਪਾਲ[39] ਗੁਣ[40] ਸਾਖੀ[41]॥ | The Lord[34] is my honour[33], the Lord[36] is my emancipation[35], and merited[40] gospel[41] of the World[38] Cherisher[39] is my wealth[37]. | ਸੁਆਮੀ[34] ਮੇਰੀ ਇੱਜ਼ਤ ਆਬਰੂ[33] ਹੈ; ਸੁਆਮੀ[36] ਮੇਰੀ ਕਲਿਆਣ[35] ਹੈ ਅਤੇ ਸ੍ਰਿਸ਼ਟੀ[38] ਦੇ ਪਾਲਣਹਾਰ[39] ਦੀ ਪਾਕ[40] ਕਥਾ ਵਾਰਤਾ[41] ਹੀ ਮੇਰੀ ਦੌਲਤ[37] ਹੈ । |
| ਚਰਨ[42] ਸਰਨ[43] ਨਾਨਕ ਦਾਸ[44] ਹਰਿ ਹਰਿ[45] ਸੰਤੀ ਇਹ ਬਿਧਿ[46] ਜਾਤੀ[47] ॥੨॥੧॥੨੫॥ | Slave[44] Nanak seeks the protection[43] of the Lord God's[45] feet[42]; this way of life[46] he has learnt[47] from the saints. | ਗੋਲਾ[44] ਨਾਨਕ ਸੁਆਮੀ ਵਾਹਿਗੁਰੂ[45] ਦੇ ਪੈਰਾਂ[42] ਦੀ ਪਨਾਹ[43] ਲੋੜਦਾ ਹੈ । ਜੀਵਨ ਦੀ ਇਹ ਰਹੁ-ਰੀਤੀ[46] ਉਸ ਨੇ ਸਾਧੂਆਂ ਕੋਲੋਂ ਸਿੱਖੀ[47] ਹੈ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਸਗਲ[48] ਮਨੋਰਥ[49] ਪ੍ਰਭ ਤੇ ਪਾਏ[50] ਕੰਠਿ[51] ਲਾਇ[52] ਗੁਰਿ ਰਾਖੇ[53] ॥ | The Lord has fulfilled[50] all[48] my desires[49]. Hugging[52] me to his bosom[51] the Guru has saved[53] me. | ਸਾਹਿਬ ਨੇ ਮੇਰੀਆਂ ਸਾਰੀਆਂ[48] ਖ਼ਾਹਿਸ਼ਾਂ[49] ਪੂਰੀਆਂ ਕਰ ਦਿੱਤੀਆਂ[50] ਹਨ । ਆਪਣੀ ਛਾਤੀ[51] ਨਾਲ ਲਾ ਕੇ[52] ਗੁਰਾਂ ਨੇ ਮੈਨੂੰ ਬਚਾ ਲਿਆ[53] ਹੈ । |
| ਸੰਸਾਰ[54] ਸਾਗਰ[55] ਮਹਿ ਜਲਨਿ[56] ਨ ਦੀਨੇ ਕਿਨੈ ਨ ਦੁਤਰੁ[57] ਭਾਖੇ[58] ॥੧॥ | The Guru has saved me from being (drowned) or (burnt)[56] in the world[54] ocean[55]. Now, none calls[58] it impassable[57] any more. | ਗੁਰਾਂ ਨੇ ਮੈਨੂੰ ਸੰਸਾਰ[54] ਸਮੁੰਦਰ[55] ਵਿੱਚ ਡੁਬਣੋਂ[56] ਬਚਾ ਲਿਆ ਹੈ । ਹੁਣ ਕੋਈ ਭੀ ਇਸ ਨੂੰ ਤਰਨਾ ਔਖਾ[57] ਨਹੀਂ ਆਖਦਾ[58] । |
| ਜਿਨ ਕੈ ਮਨਿ ਸਾਚਾ ਬਿਸ੍ਵਾਸੁ[59] ॥ ਪੇਖਿ ਪੇਖਿ[60] ਸੁਆਮੀ ਕੀ ਸੋਭਾ[61] ਆਨਦੁ[62] ਸਦਾ[63] ਉਲਾਸੁ[64] ॥ਰਹਾਉ॥ | They, who have true belief[59] in their mind, ever[63] they enjoy happiness[62] and bliss[64], seeing[60] and continuing to see the Lord's glory[61], Pause. | ਜਿਨ੍ਹਾਂ ਦੇ ਚਿੱਤ ਅੰਦਰ ਸੱਚਾ ਨਿਸਚਾ[59] ਹੈ, ਉਹ ਸੁਆਮੀ ਦੀ ਪ੍ਰਭਤਾ[61] ਨੂੰ ਵੇਖ, ਵੇਖ ਕੇ[60] ਹਮੇਸ਼ਾਂ[63] ਖ਼ੁਸ਼ੀ[62] ਤੇ ਮੌਜ[64] ਮਾਣਦੇ ਹਨ । ਠਹਿਰਾਉ । |
| ਚਰਨ[65] ਸਰਨਿ[66] ਪੂਰਨ[67] ਪਰਮੇਸੁਰ[68] ਅੰਤਰਜਾਮੀ[69] ਸਾਖਿਓ[70] ॥ | I seek the refuge[66] of the feet[65] of the Perfect[67] supreme Lord[68], the knower of hearts[69] and clearly see Him present[70]. | ਮੈਂ ਦਿਲਾਂ ਦੀਆਂ ਜਾਨਣਹਾਰ[69], ਪੂਰੇ[67] ਪਰਮ ਪ੍ਰਭੂ[68] ਦੇ ਚਰਣਾਂ[65] ਦੀ ਪਨਾਹ[66] ਲੋੜਦਾ ਹਾਂ ਅਤੇ ਉਸ ਨੂੰ ਐਨ ਪ੍ਰਤੱਖ[70] ਵੇਖਦਾ ਹਾਂ । |
| ਜਾਨਿ ਬੂਝਿ[71] ਅਪਨਾ[72] ਕੀਓ ਨਾਨਕ ਭਗਤਨ[73] ਕਾ ਅੰਕੁਰੁ[74] ਰਾਖਿਓ[75] ॥੨॥੨॥੨੬॥ | Assaying well[71], the Lord has owned[72] Nanak and preserved[75] the root[74] (bud) of His devotees[73]. | ਚੰਗੀ ਤਰ੍ਹਾਂ ਪਰਖ ਕੇ[71] ਸਾਹਿਬ ਨੇ ਨਾਨਕ ਨੂੰ ਅਪਣਾ ਲਿਆ[72] ਹੈ ਅਤੇ ਆਪਣੇ ਪ੍ਰੇਮੀਆਂ[73] ਦਾ ਅੰਗੂਰ[74] ਬਚਾ ਲਿਆ[75] ਹੈ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਜਹ ਜਹ[76] ਪੇਖਉ[77] ਤਹ[78] ਹਜੂਰਿ[79] ਦੂਰਿ[80] ਕਤਹੁ[81] ਨ ਜਾਈ[82] ॥ | Wherever[76] I see[77], there[78] I see Him present[79]. He, My Master, is never[81] far[80] from any place[82]. | ਜਿਥੇ ਕਿਤੇ ਭੀ[76] ਮੈਂ ਵੇਖਦਾ[77] ਹਾਂ, ਉਥੇ[78] ਮੈਂ ਉਸ ਨੂੰ ਅੰਗ ਸੰਗ[79] ਵੇਖਦਾ ਹਾਂ । ਮੇਰਾ ਮਾਲਕ ਕਦੇ ਭੀ[81] ਕਿਸੇ ਥਾਂ[82] ਤੋਂ ਦੁਰੇਡੇ[80] ਨਹੀਂ । |

| | | |
|---|---|---|
| ਰਵਿ ਰਹਿਆ[83] ਸਰਬਤ੍ਰ[84] ਮੈ[85] ਮਨ[86] ਸਦਾ[87] ਧਿਆਈਐ[88] ॥੧॥ | O my soul[86], ever[87] remember[88] Him, who is contained[83] in[85] everything[84]. | ਹੇ ਮੇਰੀ ਜਿੰਦੜੀਏ[86] ! ਤੂੰ ਹਮੇਸ਼ਾ[87] ਹੀ ਉਸ ਨੂੰ ਯਾਦ ਕਰ[88] ਜੋ ਹਰ ਸ਼ੈ[84] ਅੰਦਰ[85] ਵਿਆਪਕ[83] ਹੋ ਰਿਹਾ ਹੈ । |
| ਈਤ[89] ਊਤ[90] ਨਹੀ ਬੀਛੁੜੈ[91] ਸੋ[92] ਸੰਗੀ[93] ਗਨੀਐ[94] ॥ | He[92] alone is accounted[94] a companion[93], who separates[91] not here[89] and hereafter[90]. | ਕੇਵਲ ਓਹੀ[92] ਸਾਥੀ[93] ਗਿਣਿਆ ਜਾਂਦਾ[94] ਹੈ, ਜੋ ਏਥੇ[89] (ਲੋਕ) ਅਤੇ ਓਥੇ[90] (ਪ੍ਰਲੋਕ) ਵਖਰਾ[91] ਨਹੀਂ ਹੁੰਦਾ । |
| ਬਿਨਸਿ[99] ਜਾਇ ਜੋ ਨਿਮਖ[95] ਮਹਿ[98] ਸੋ[96] ਅਲਪ[97] ਸੁਖੁ ਭਨੀਐ[100] ॥ਰਹਾਉ॥ | Paltry[97] is said to be[100] the[96] pleasure, which passes off[99] in[98] an instant[95]. Pause. | ਤੁੱਛ[97] ਕਹੀ ਜਾਂਦੀ[100] ਹੈ ਉਹ[96] ਖ਼ੁਸ਼ੀ, ਜੋ ਇੱਕ ਛਿਨ[95] ਅੰਦਰ[98] ਅਲੋਪ ਹੋ ਜਾਂਦੀ[99] ਹੈ । ਠਹਿਰਾਉ । |
| ਪ੍ਰਤਿਪਾਲੇ[2] ਅਪਿਆਉ[3] ਦੇਇ[4] ਕਛੁ ਊਨ[5] ਨ ਹੋਈ ॥ | Giving[4] sustenance[3], the Lord cherishes[2] all and He is short[5] of nothing. | ਰੋਜ਼ੀ[3] ਦੇ ਕੇ[4], ਪ੍ਰਭੂ ਸਾਰਿਆਂ ਦੀ ਪਾਲਣਾ-ਪੋਸਣਾ ਕਰਦਾ[2] ਹੈ, ਅਤੇ ਉਸ ਨੂੰ ਕਿਸੇ ਸ਼ੈ ਦੀ ਕਮੀਂ[5] ਨਹੀਂ । |
| ਸਾਸਿ ਸਾਸਿ[6] ਸੰਮਾਲਤਾ[7] ਮੇਰਾ ਪ੍ਰਭੁ ਸੋਈ[8] ॥੨॥ | Every moment[6], that[8] Lord of mine takes care[7] of His creatures. | ਹਰ ਮੁਹਤਿ[6], ਉਹ[8] ਮੈਂਡਾ ਮਾਲਕ, ਆਪਣੇ ਜੀਵਾਂ ਦੀ ਸੰਭਾਲ ਕਰਦਾ[7] ਹੈ । |
| ਅਛਲ[9] ਅਛੇਦ[10] ਅਪਾਰ[12] ਪ੍ਰਭ ਊਚਾ[13] ਜਾ[14] ਕਾ ਰੂਪੁ[15] ॥ | Undeceivable[9], Unpiercable[10], and Infinite[12] is my Lord and supremely high[13] is His[14] form[15]. | ਨਾ-ਛਲਿਆ ਜਾਣ ਵਾਲਾ[9], ਨਾ ਵਿੰਨ੍ਹਿਆ ਜਾਣ ਵਾਲਾ[10] ਅਤੇ ਬੇਅੰਤ[12] ਹੈ ਮੇਰਾ ਸੁਆਮੀ, ਅਤੇ ਅਤਿ ਉੱਚਾ[13] ਹੈ ਉਸ ਦਾ[14] ਸਰੂਪ[15] । |
| ਜਪਿ[16] ਜਪਿ[21] ਕਰਹਿ ਅਨੰਦੁ[17] ਜਨ[18] ਅਚਰਜ[19] ਆਨੂਪੁ[20] ॥੩॥ | Contemplating[16] and reflecting[21] over the Embodiment of wonder[19] and beauty[20], His slaves[18] make merry[17]. | ਅਸਚਰਜਤਾ[19] ਤੇ ਸੁੰਦਰਤਾ[20] ਦੇ ਸਰੂਪ ਦਾ ਸਿਮਰਨ[16] ਤੇ ਆਰਾਧਨਾ[21] ਕਰਨ ਦੁਆਰਾ ਉਸ ਦੇ ਗੋਲੇ[18] ਮੌਜਾਂ ਮਾਣਦੇ[17] ਹਨ । |
| ੬੭੮ | | |
| ਸਾ[22] ਮਤਿ[23] ਦੇਹੁ[24] ਦਇਆਲ[25] ਪ੍ਰਭ ਜਿਤੁ[26] ਤੁਮਹਿ ਅਧਾਰਾ[27] ॥ | My merciful[25] Master, bless[24] me with such[22] an understanding[23], by which[26] I may remember[27] Thee. | ਮੇਰੇ ਮਿਹਰਬਾਨ[25] ਮਾਲਕ ! ਮੈਨੂੰ ਉਹ[22] ਸਮਝ[23] ਪਰਦਾਨ[24] ਕਰ, ਜਿਸ ਦੁਆਰਾ[26] ਮੈਂ ਤੈਂਡਾ ਸਿਮਰਨ ਕਰਾਂ । |
| ਨਾਨਕੁ ਮੰਗੈ[28] ਦਾਨੁ[29] ਪ੍ਰਭੁ ਰੇਨ[30] ਪਗ[31] ਸਾਧਾ ॥੪॥੩॥੨੭॥ | From the Lord, Nanak asks[28] for the gift[29] of the dust[30] of the saints' feet[31]. | ਸੁਆਮੀ ਪਾਸੋਂ, ਨਾਨਕ ਸੰਤਾਂ ਦੇ ਪੈਰਾਂ[31] ਦੀ ਧੂੜ[30] ਦੀ ਦਾਤ[29] ਮੰਗਦਾ[28] ਹੈ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਜਿਨਿ ਤੁਮ ਭੇਜੇ[32] ਤਿਨਹਿ ਬੁਲਾਏ[33] ਸੁਖ[34] ਸਹਜ[35] ਸੇਤੀ[36] ਘਰਿ ਆਉ[37] ॥ | He, who had sent[32] thee, has now recalled[33] Thee; so, return[37] thou home with[36] peace[34] and pleasure[35]. | ਜਿਸ ਨੇ ਤੈਨੂੰ ਬਾਹਰ ਘਲਿਆ[32] ਸੀ, ਉਸੇ ਨੇ ਹੀ ਤੈਨੂੰ ਵਾਪਸ ਸੱਦ ਲਿਆ[33] ਹੈ, ਇਸ ਲਈ ਆਰਾਮ[34] ਤੇ ਆਨੰਦ[35] ਨਾਲ[31] ਤੂੰ ਗ੍ਰਿਹ ਨੂੰ ਮੁੜ ਆ[37] । |
| ਅਨਦ[38] ਮੰਗਲ[39] ਗੁਨ[40] ਗਾਉ[41] ਸਹਜ[42] ਧੁਨਿ[43] ਨਿਹਚਲ[44] ਰਾਜੁ[45] ਕਮਾਉ[46] ॥੧॥ | In blissful[42] melody[43] sing[41] thou the praise[40] of God, with gladness[38] and glee[39] and thus acquire[46] an eternal[44] empire[45]. | ਸ਼ਾਂਤਮਈ[42] ਰਾਗ[43] ਅੰਦਰ ਤੂੰ ਖ਼ੁਸ਼ੀ[38] ਅਤੇ ਮਲ੍ਹਾਰ[39] ਨਾਲ ਵਾਹਿਗੁਰੂ ਦੀ ਕੀਰਤੀ[40] ਗਾਇਨ[41] ਕਰ, ਅਤੇ ਇਸ ਤਰ੍ਹਾਂ ਸਦੀਵੀ ਤੋਂ ਸਥਿਰ[44] ਪਾਤਿਸ਼ਾਹੀ[45] ਨੂੰ ਪ੍ਰਾਪਤ ਕਰ[46] । |

| | | |
|---|---|---|
| ਤੁਮ ਘਰਿ[47] ਆਵਹੁ ਮੇਰੇ ਮੀਤ[48] ॥ | O my friend[48], come thou into my home[47]. | ਹੇ ਮੇਂਡੇ ਮਿੱਤਰ[48] ! ਤੂੰ ਮੇਰੇ ਗ੍ਰਿਹ[47] ਵਿੱਚ ਆ । |
| ਤੁਮਰੇ ਦੋਖੀ[49] ਹਰਿ ਆਪਿ ਨਿਵਾਰੇ[50] ਅਪਦਾ[51] ਭਈ ਬਿਤੀਤ[52] ॥ਰਹਾਉ॥ | Thine enemies[49], the Lord Himself has warded off[50] and thy calamity[51] is past[52]. Pause. | ਤੇਰੇ ਵੈਰੀ[49], ਪ੍ਰਭੂ ਨੇ ਖ਼ੁਦ ਹੀ ਪਰੇ ਹਟਾ ਦਿਤੇ[50] ਹਨ, ਅਤੇ ਤੇਰੀ ਮੁਸੀਬਤ[51] ਟਲ ਗਈ[52] ਹੈ । ਠਹਿਰਾਉ । |
| ਪ੍ਰਗਟ[53] ਕੀਨੇ ਪ੍ਰਭ ਕਰਨੇਹਾਰੇ[54] ਨਾਸਨ[55] ਭਾਜਨ[57] ਥਾਕੇ[56] ॥ | The Creator-Lord[54] has glorified[53] thee and thine runnings[55] and ramblings[57] have ceased[56]. | ਸਿਰਜਣਹਾਰ-ਸੁਆਮੀ[54] ਨੇ ਤੈਨੂੰ ਪ੍ਰਸਿੱਧ[53] ਕਰ ਦਿੱਤਾ ਹੈ, ਅਤੇ ਤੇਰਾ ਭੱਜਣਾ[55] ਤੇ ਭਟਕਣਾ[57] ਮੁਕ ਗਿਆ[56] ਹੈ । |
| ਘਰਿ[64] ਮੰਗਲ[58] ਵਾਜਹਿ[59] ਨਿਤ[60] ਵਾਜੇ[61] ਅਪੁਨੈ ਖਸਮਿ[62] ਨਿਵਾਜੇ[63] ॥੨॥ | In thy home[64] are the eternal[60] rejoicings[58] and playing[59] of musical instruments[61] and thy spouse[62] has honoured[63] thee. | ਤੇਰੇ ਧਾਮ[64] ਅੰਦਰ ਸਦੀਵੀ[60] ਖ਼ੁਸ਼ੀਆਂ[58] ਅਤੇ ਸੁਰੀਲੇ ਸਾਜ਼ਾਂ[61] ਦੇ ਆਲਾਪ[59] ਹਨ, ਅਤੇ ਤੇਰੇ ਕੰਤ[62] ਨੇ ਤੈਨੂੰ ਮਾਣ ਬਖ਼ਸ਼ਿਆ[63] ਹੈ । |
| ਅਸਥਿਰ[65] ਰਹਹੁ ਡੋਲਹੁ[66] ਮਤ ਕਬਹੂ ਗੁਰ ਕੈ ਬਚਨਿ[67] ਅਧਾਰਿ[68] ॥ | Remain firm[65], wabble[66] thou never, and have the mainstay[68] of the Guru's word[67]. | ਦ੍ਰਿੜ੍ਹ[65] ਰਹੁ, ਤੂੰ ਕਦਾਚਿਤ ਡਿਕਡੋਲੇ[66] ਨਾ ਖਾ ਅਤੇ ਗੁਰਾਂ ਦੀ ਬਾਣੀ[67] ਦੀ ਓਟ[68] ਲੈ । |
| ਜੈ ਜੈ ਕਾਰੁ[69] ਸਗਲ[70] ਭੂ ਮੰਡਲ[71] ਮੁਖ[72] ਊਜਲ[73] ਦਰਬਾਰ[74] ॥੩॥ | Thou shalt be hailed[69] in the entire[70] world[71] and thy countenance[72] shalt be bright[73] in the Lord's court[74]. | ਸਾਰੇ[70] ਜਹਾਨ[71] ਅੰਦਰ ਤੇਰੀ ਵਾਹ ਵਾਹ ਹੋਵੇਗੀ[69] ਅਤੇ ਸੁਆਮੀ ਦੀ ਦਰਗਾਹ[74] ਅੰਦਰ ਤੇਰਾ ਚਿਹਰਾ[72] ਰੋਸ਼ਨ[73] ਹੋਵੇਗਾ । |
| ਜਿਨ ਕੇ ਜੀਅ[75] ਤਿਨੈ[76] ਹੀ ਫੇਰੇ[77] ਆਪੇ[78] ਭਇਆ[79] ਸਹਾਈ[80] ॥ | He[76], to whom the beings[75] belong, Himself transforms[77] them and Himself[78] becomes[79] their succourer[80]. | ਜਿਸ ਦੇ ਜੀਵ[75] ਹਨ, ਉਹ[76] ਖ਼ੁਦ ਹੀ ਉਨ੍ਹਾਂ ਦੀ ਕਾਇਆ ਪਲਟ ਦਿੰਦਾ[77] ਹੈ ਅਤੇ ਖ਼ੁਦ[78] ਹੀ ਉਨ੍ਹਾਂ ਦਾ ਸਹਾਇਕ[80] ਬੀ ਥੀਂਵਦਾ[79] ਹੈ । |
| ਅਚਰਜੁ[81] ਕੀਆ[82] ਕਰਨੈਹਾਰੈ[83] ਨਾਨਕ ਸਚੁ ਵਡਿਆਈ[84] ॥੪॥੪॥੨੮॥ | The Creator-Lord[83] has worked[82] a wonder[81], O Nanak and ever true is His greatness[84]. | ਸਿਰਜਣਹਾਰ ਸੁਆਮੀ[83] ਨੇ ਇਕ ਕ੍ਰਿਸ਼ਮਾ[81] ਕਰ ਵਿਖਾਲਿਆ[82] ਹੈ, ਹੇ ਨਾਨਕ ! ਸਦੀਵ ਸੱਚੀ ਹੈ ਉਸ ਦੀ ਵਿਸ਼ਾਲਤਾ[84] । |
| ਧਨਾਸਰੀ ਮਹਲਾ ੫ ਘਰੁ ੬ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ । |
| ਸੁਨਹੁ[85] ਸੰਤ ਪਿਆਰੇ[86] ਬਿਨਉ[87] ਹਮਾਰੇ[88] ਜੀਉ ॥ | O my dear[86] saints, hearken[85] ye to my[88] supplication[87]. | ਹੇ ਮੇਰੇ ਪ੍ਰੀਤਵਾਨ[86] ਸੰਤੋ ! ਤੁਸੀਂ ਮੇਰੀ[88] ਬੇਨਤੀ[87] ਵਲ ਕੰਨ ਕਰੋ[85] । |
| ਹਰਿ ਬਿਨੁ[89] ਮੁਕਤਿ[90] ਨ ਕਾਹੂ[91] ਜੀਉ ॥ਰਹਾਉ॥ | Without[89] the Lord, no one[91] obtains salvation[90]. Pause. | ਪ੍ਰਭੂ ਦੇ ਬਾਝੋਂ[89] ਕਿਸੇ ਨੂੰ ਭੀ[91] ਮੋਖਸ਼[90] ਪ੍ਰਾਪਤ ਨਹੀਂ ਹੁੰਦੀ । ਠਹਿਰਾਉ । |

| | | |
|---|---|---|
| ਮਨ[92] ਨਿਰਮਲ[93] ਕਰਮ[94] ਕਰਿ[95] ਤਾਰਨ[96] ਤਰਨੁ[97] ਹਰਿ ਅਵਰਿ[99] ਜੰਜਾਲ[98] ਤੇਰੈ ਕਾਹੂ ਨ ਕਾਮ[100] ਜੀਉ ॥ | O man[92], do[95] thou, only the pious[93] deeds[94]. To ferry across[96], God is the only ship[97]; other[99] entanglements[98] shall serve thee no purpose[100]. | ਹੇ ਬੰਦੇ[92] ! ਤੂੰ ਕੇਵਲ ਪਵਿੱਤਰ[93] ਅਮਲ[94] ਕਮਾ[95] । ਪਾਰ ਉਤਰਨ ਲਈ[96] ਕੇਵਲ ਵਾਹਿਗੁਰੂ ਹੀ ਇੱਕੋ ਇਕ ਜਹਾਜ਼[97] ਹੈ, ਹੋਰ[99] ਰੁਝੇਵੇਂ[98] ਤੇਰੇ ਕਿਸੇ ਕੰਮ[100] ਨਹੀਂ ਆਉਣੇ । |
| ਜੀਵਨ[2] ਦੇਵਾ[3] ਪਾਰਬ੍ਰਹਮ[4] ਸੇਵਾ[5] ਇਹੁ ਉਪਦੇਸੁ[6] ਮੋ ਕਉ[7] ਗੁਰਿ ਦੀਨਾ[8] ਜੀਉ ॥੧॥ | The real life[2] consists in serving[5] the luminous[3] Lord[4] and this instruction[6] the Guru has imparted[8] unto me[7]. | ਅਸਲ ਜਿੰਦਗੀ[2] ਪ੍ਰਕਾਸ਼ਵਾਨ[3] ਪ੍ਰਭੂ[4] ਦੀ ਘਾਲ ਕਮਾਉਣ[5] ਵਿੱਚ ਹੈ । ਗੁਰਦੇਵ ਜੀ ਨੇ ਮੈਨੂੰ[7] ਇਹ ਸਿਖਮੱਤ[6] ਦਿੱਤੀ[8] ਹੈ । |
| ਤਿਸੁ[10] ਸਿਉ ਨ ਲਾਈਐ[12] ਹੀਤੁ[13] ਜਾ ਕੋ ਕਿਛੁ[9] ਨਾਹੀ ਬੀਤੁ[14] ਅੰਤ[15] ਕੀ ਬਾਰ[16] ਓਹੁ ਸੰਗਿ[17] ਨ ਚਾਲੈ[18] ॥ | Embrace[12] not love[13] for that[10], which has but little[9] significance[14]. At the last[15] moment[16], it shall not go[18] with[17] thee. | ਉਸ[10] ਨਾਲ ਪਿਆਰ[13] ਨਾ ਪਾ[12], ਜਿਸ ਦੀ ਕੁਝ ਭੀ[9] ਵੁਕਤ[14] (ਹਸਤੀ) ਨਹੀਂ । ਅਖੀਰ[15] ਦੇ ਵੇਲੇ[16] ਉਸ ਨੇ ਤੇਰੇ ਨਾਲ[17] ਨਹੀਂ ਜਾਣਾ[18] । |
| ਮਨਿ[19] ਤਨਿ[20] ਤੂ ਆਰਾਧ[21] ਹਰਿ ਕੇ ਪ੍ਰੀਤਮ[22] ਸਾਧ ਜਾ ਕੈ ਸੰਗਿ[23] ਤੇਰੇ ਬੰਧਨ[24] ਛੂਟੈ[25] ॥੨॥ | O the beloved[22] saint of God, with thy soul[19] and body[20], remember[21] thou the Lord, by whose association[23] thine bonds[24] shall be broken[25]. | ਹੇ ਵਾਹਿਗੁਰੂ ਦੇ ਪਿਆਰੇ[22] ਸੰਤ ! ਤੂੰ ਆਪਣੀ ਆਤਮਾ[19] ਤੇ ਦੇਹ[20] ਨਾਲ ਸੁਆਮੀ ਦਾ ਸਿਮਰਨ[21] ਕਰ, ਜਿਸ ਦੀ ਸੰਗਤ[23] ਦੁਆਰਾ ਤੇਰੇ ਬੰਧਨ[24] ਕੱਟੇ ਜਾਣਗੇ[25] । |
| ਗਹੁ[26] ਪਾਰਬ੍ਰਹਮ[27] ਸਰਨ[28] ਹਿਰਦੈ[29] ਕਮਲ[30] ਚਰਨ[31] ਅਵਰ[32] ਆਸ[33] ਕਛੁ ਪਟਲੁ[34] ਨ ਕੀਜੈ[35] ॥ | In thy mind[29], grasp[26] the protection[28] of the lotus[30] feet[31] of the supreme Lord[27] and rest[35] not thy hope[33] on any other[32] support[34]. | ਆਪਣੇ ਰਿਦੇ[29] ਅੰਦਰ ਸ਼੍ਰੋਮਣੀ ਸਾਹਿਬ[27] ਦੇ ਕੰਵਲ[30] ਚਰਨਾਂ[31] ਦੀ ਪਨਾਹ[28] ਪਕੜ[26] ਅਤੇ ਆਪਣੀ ਉਮੇਦ[33] ਕਿਸੇ ਹੋਰਸ[32] ਆਸਰੇ[34] ਤੇ ਨਾ ਬੰਨ੍ਹ[35] । |
| ਸੋਈ[36] ਭਗਤੁ[37] ਗਿਆਨੀ[38] ਧਿਆਨੀ[39] ਤਪਾ[40] ਸੋਈ ਨਾਨਕ ਜਾ ਕਉ ਕਿਰਪਾ[41] ਕੀਜੈ ॥੩॥੧॥੨੯॥ | O Nanak, he[36] alone is a devotee[37] and he, the gnostic[38], the contemplator[39] and the penitent[40], to whom the Lord extends His mercy[41]. | ਹੇ ਨਾਨਕ ! ਓਹੀ[36] ਅਨੁਰਾਗੀ[37] ਅਤੇ ਕੇਵਲ ਓਹੀ ਬ੍ਰਹਮ ਬੇਤਾ[38], ਵੀਚਾਰਵਾਨ[39] ਅਤੇ ਤਪੱਸਵੀ[40] ਹੈ, ਜਿਸ ਤੇ ਸਾਂਈਂ ਆਪਣੀ ਰਹਿਮਤ[41] ਧਾਰਦਾ ਹੈ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਮੇਰੇ ਲਾਲ[42] ਭਲੋ[43] ਰੇ ਭਲੋ ਰੇ ਭਲੋ ਹਰਿ[5] ਮੰਗਨਾ[4] ॥ | O, O my dear[42], good[43], great and sublime it is, to ask[4] for the Lord's Name[5]. | ਹੇ[44] ! ਮੇਂਡੇ ਪ੍ਰੀਤਮ[42] ! ਚੰਗੀ[43], ਉਤਮ ਅਤੇ ਸ਼ੋਭਨੀਕ ਹੈ ਪ੍ਰਭੂ[5] ਦੇ ਨਾਮ ਦੀ ਯਾਚਨਾ[4] ਕਰਨੀ । |
| ਦੇਖਹੁ[6] ਪਸਾਰਿ[7] ਨੈਨ[8] ਸੁਨਹੁ ਸਾਧੂ ਕੇ ਬੈਨ[9] [10]ਪ੍ਰਾਨਪਤਿ[12] ਚਿਤਿ ਰਾਖੁ[13] ਸਗਲ[14] ਹੈ ਮਰਨਾ ॥ਰਹਾਉ॥ | See[6] with eyes[8] wide-opened[7], hear aints' word[9], enshrine[13] thou, in thy mind, the Lord[12] of life[10] and know that all[14] have to die. 'Pause. | ਆਪਣੀਆਂ ਅੱਖਾਂ[8] ਚੰਗੀ ਤਰ੍ਹਾਂ ਖੋਲ੍ਹ ਕੇ[7] ਵੇਖ ਕੇ[6] ਬਚਨ[9] ਸ੍ਰਵਣ ਕਰ, ਤੂੰ ਜਿੰਦੜੀ[10] ਦੇ ਸੁਆਮੀ[12] ਨੂੰ ਆਪਣੇ ਮਨ ਵਿੱਚ ਟਿਕਾ[13] ਤੇ ਜਾਣ ਲੈ, ਕਿ ਸਾਰਿਆਂ[14] ਨੇ ਮਰ ਵੰਞਣਾ ਹੈ । ਠਹਿਰਾਉ । |
| ਚੰਦਨ[15] ਚੋਆ[16] ਰਸ[17] ਭੋਗ[18] ਕਰਤ[19] ਅਨੇਕੈ[20] | The applying of sandal[15] and aloe[16] wood perfumes, the enjoyment[18] of | ਚੰਨਣ[15] ਤੇ ਅਗਰ[16] ਦੇ ਅਤਰਾਂ ਦਾ ਲਾਉਣਾ, ਸੰਸਾਰੀ ਰੰਗ[17] ਰਲੀਆਂ ਮਾਨਣਾ[18] ਅਤੇ ਘਣੇਰੇ[20] ਪ੍ਰਾਣ ਨਾਸਕ[21] |

ਬਿਖਿਆ[21] ਬਿਕਾਰ[22] ਦੇਖੁ[23] ਸਗਲ[24] ਹੈ ਫੀਕੇ[25] ਏਕੈ[26] [27]ਗੋਬਿਦ[28] ਕੋ ਨਾਮੁ ਨੀਕੋ[29] ਕਹਤ ਹੈ ਸਾਧ[30] ਜਨ ॥

worldly pleasures[17] and the commission[19] of various[20] mortal[21] sins[22]; deem[23] all[24] these as insipid[25]. The holy men[30] say, that the world[27] Lord's[28] Name alone[26] is most sublime[29].

ਪਾਪਾਂ[22] ਦਾ ਕਮਾਉਣਾ[19] ਵੇਖ[23], ਇਹ ਸਾਰੇ[24] ਰੱਸ ਨਿਰੋਲ ਹੀ ਫਿੱਕੇ[25] ਹਨ। ਪਵਿੱਤ੍ਰ ਪੁਰਸ਼[30] ਆਖਦੇ ਹਨ ਕਿ ਕੇਵਲ[26] ਸ੍ਰਿਸ਼ਟੀ[27] ਦੇ ਸੁਆਮੀ[28] ਦਾ ਨਾਮ ਹੀ ਪਰਮ ਸ੍ਰੇਸ਼ਟ[29] ਹੈ।

ਤਨੁ[31] ਧਨੁ[32] ਆਪਨ[33] ਥਾਪਿਓ[34] ਹਰਿ ਜਪੁ[35] ਨ ਨਿਮਖ[36] ਜਾਪਿਓ[37] ਅਰਥੁ[38] ਦ੍ਰਬੁ[39] ਦੇਖੁ ਕਛੁ[40] ਸੰਗਿ[41] ਨਾਹੀ ਚਲਨਾ[42] ॥੧॥

Thou deemest[34] thy body[31] and wealth[32] thy own[33] and embraceth[37] not the Lord's meditation[35], even for a moment[36]. Mind thou, nothing[40] out of the property[38] and riches[39] shall go[42] with[41] thee

ਤੂੰ ਆਪਣੀ ਦੇਹ[31] ਤੇ ਮਾਇਆ[32] ਨੂੰ ਆਪਣੀਆਂ ਨਿੱਜ ਦੀਆਂ[33] ਜਾਣਦਾ[34] ਹੈਂ ਅਤੇ ਇੱਕ ਮੁਹਤ ਲਈ[36] ਭੀ ਤੂੰ ਸੁਆਮੀ ਦੇ ਸਿਮਰਨ[35] ਨੂੰ ਗ੍ਰਹਿਣ[37] ਨਹੀਂ ਕਰਦਾ। ਵੇਖ ਲੈ ਕਿ ਜਾਇਦਾਦ[38] ਅਤੇ ਦੌਲਤ[39] ਵਿੱਚੋਂ ਕੁਝ ਭੀ[40] ਤੇਰੇ ਨਾਲ[41] ਨਹੀਂ ਜਾਣਾ[42]।

ਜਾ ਕੋ ਰੇ ਕਰਮੁ[43] ਭਲਾ[44] ਤਿਨਿ ਓਟ[45] ਗਹੀ[46] ਸੰਤ ਪਲਾ[47] ਤਿਨ ਨਾਹੀ ਰੇ ਜਮੁ[48] ਸੰਤਾਵੈ[49] ਸਾਧੂ ਕੀ ਸੰਗਨਾ[50] ॥

He, who has the good[44] fortune[43], grasps[46] the protection[45] of the Saints' skirt[47]. He associates[50] with the pious persons and him, the death's myrmidon[48] harasses[49] not.

ਜਿਸ ਦੇ ਚੰਗੇ[44] ਭਾਗ[43] ਹਨ, ਉਹ ਸਾਧੂਆਂ ਦੇ ਪੱਲੇ[47] ਦੀ ਸ਼ਰਣ[45] ਫੜਦਾ[46] ਹੈ। ਉਹ ਪਵਿੱਤ੍ਰ ਪੁਰਸ਼ਾਂ ਦੀ ਸੰਗਤ[50] ਕਰਦਾ ਹੈ ਅਤੇ ਮੌਤ ਦਾ ਫਰੇਸ਼ਤਾ[48] ਉਸ ਨੂੰ ਦੁਖ[49] ਨਹੀਂ ਦਿੰਦਾ।

੬੭੯

ਪਾਇਓ[51] ਰੇ ਪਰਮ[52] ਨਿਧਾਨੁ[53] ਮਿਟਿਓ[54] ਹੈ ਅਭਿਮਾਨੁ[55] ਏਕੈ ਨਿਰੰਕਾਰ[56] ਨਾਨਕ ਮਨੁ[57] ਲਗਨਾ[58] ॥੨॥੨॥੩੦॥

Nanak's mind[57] is attached[58] with the one Formless Lord[56], his ego[55] is stilled[54] and he has obtained[51] the supreme[52] treasure[53].

ਨਾਨਕ ਦਾ ਚਿੱਤ[57] ਇੱਕ ਰੂਪ ਰੰਗ ਰਹਿਤ ਸੁਆਮੀ[56] ਨਾਲ ਜੁੜ ਗਿਆ[58] ਹੈ, ਉਸ ਦਾ ਹੰਕਾਰ[55] ਮਿਟ ਗਿਆ[54] ਹੈ ਅਤੇ ਉਸ ਨੂੰ ਮਹਾਨ[52] ਖ਼ਜ਼ਾਨਾ[53] ਪ੍ਰਾਪਤ[51] ਹੋ ਗਿਆ ਹੈ।

### ਧਨਾਸਰੀ ਮਹਲਾ ੫ ਘਰੁ ੭

### Dhanasri 5th Guru.

### ਧਨਾਸਰੀ ਪੰਜਵੀਂ ਪਾਤਿਸ਼ਾਹੀ।

ੴ ਸਤਿਗੁਰ ਪ੍ਰਸਾਦਿ ॥

There is but One God. By True Guru's grace, He is obtained.

ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪ੍ਰਾਪਤ ਹੁੰਦਾ ਹੈ।

ਹਰਿ ਏਕੁ ਸਿਮਰਿ[59] ਏਕੁ ਸਿਮਰਿ ਏਕੁ ਸਿਮਰਿ ਪਿਆਰੇ[60] ॥

Remember[59] thou the one Lord, remember the one Lord, remember the one Lord, O my love[60].

ਤੂੰ ਇੱਕ ਸਾਹਿਬ ਦਾ ਚਿੰਤਨ[59] ਕਰ, ਇਕ ਸਾਹਿਬ ਦਾ ਚਿੰਤਨ ਕਰ, ਇਕ ਸਾਹਿਬ ਦਾ ਚਿੰਤਨ ਕਰ, ਹੇ ਮੇਰੇ ਪ੍ਰੀਤਮਾ[60]!

ਕਲਿ[61] ਕਲੇਸ[62] ਲੋਭੁ[63] ਮੋਹ[64] ਮਹਾ[65] [66]ਭਉਜਲੁ[67] ਤਾਰੇ[68] ॥ਰਹਾਉ॥

He shall save[68] thee from strifes[61], sufferings[62], avarice[63], worldly attachment[64] and the most[65] dreadful[66] world ocean[67]. Pause.

ਉਹ ਤੈਨੂੰ ਲੜਾਈਆਂ[61], ਦੁੱਖਾਂ[62], ਲਾਲਚ[63], ਸੰਸਾਰੀ ਲਗਨ[64] ਅਤੇ ਪਰਮ[65] ਭਿਆਨਕ[66] ਸੰਸਾਰ ਸਮੁੰਦਰ[67] ਤੋਂ ਬਚਾ ਲਵੇਗਾ[68]। ਠਹਿਰਾਉ।

| | | |
|---|---|---|
| ਸਾਸਿ ਸਾਸਿ[69] ਨਿਮਖ ਨਿਮਖ[70] ਦਿਨਸੁ[71] ਰੈਨਿ[72] ਚਿਤਾਰੇ[73] ॥ | Meditate[73] thou on Him with thy every breath[69], every moment[70] and day[71] and night[72]. | ਤੂੰ ਆਪਣੇ ਹਰ ਸੁਆਸ[69], ਹਰ ਮੁਹਤ[70] ਅਤੇ ਦਿਨ੍ਹ[71] ਤੇ ਰਾਤ੍ਰੀ[72] ਉਸ ਦਾ ਸਿਮਰਨ ਕਰ[73]। |
| ਸਾਧਸੰਗ ਜਪਿ[74] ਨਿਸੰਗ[75] ਮਨਿ[78] ਨਿਧਾਨੁ[76] ਧਾਰੇ[77] ॥੧॥ | In the society of saints, meditate[74] thou on His Name fearlessly[75] and enshrine[77] the Lord's treasure[76] in thy mind[78]. | ਸਤਿ ਸੰਗਤ ਅੰਦਰ ਤੂੰ ਨਿਡਰ[75] ਹੋ ਕੇ ਉਸ ਦਾ ਆਰਾਧਨ[74] ਕਰ ਅਤੇ ਸੁਆਮੀ ਦੇ ਖ਼ਜ਼ਾਨੇ[76] ਨੂੰ ਆਪਣੇ ਹਿਰਦੇ[78] ਅੰਦਰ ਟਿਕਾ[77]। |
| ਚਰਨ[79]ਕਮਲ[80] ਨਮਸਕਾਰ[81] ਗੁਨ[82] [83]ਗੋਬਿਦ[84] ਬੀਚਾਰੇ[85] ॥ | Deliberate[85] thou over the world[83] Lord's[34] merits[82] and pay homage[81] to His lotus[80] feet[79]. | ਤੂੰ ਸ੍ਰਿਸ਼ਟੀ[83] ਦੇ ਸੁਆਮੀ[84] ਦੀਆਂ ਵਡਿਆਈਆਂ[82] ਦਾ ਧਿਆਨ ਧਰ[85] ਅਤੇ ਉਸ ਦੇ ਕੰਵਲ[80] ਰੂਪੀ ਪੈਰਾਂ[79] ਨੂੰ ਪ੍ਰਨਾਮ ਕਰ[81]। |
| ਸਾਧ ਜਨਾ[86] ਕੀ ਰੇਨ[87] ਨਾਨਕ ਮੰਗਲ[88] ਸੂਖ[89] ਸਧਾਰੇ[90] ॥੨॥੧॥੩੧॥ | Nanak, the dust[87] of the saints'[86] feet blesses[90] the mortal with pleasure[88] and peace[89]. | ਨਾਨਕ, ਸੰਤਾਂ[86] ਦੇ ਪੈਰਾਂ ਦੀ ਧੂੜ[87], ਪ੍ਰਾਣੀ ਨੂੰ ਆਨੰਦ[88] ਅਤੇ ਆਰਾਮ[89] ਬਖ਼ਸ਼ਦੀ[90] ਹੈ। |
| ਧਨਾਸਰੀ ਮਹਲਾ ੫ ਘਰੁ ੮ ਦੁਪਦੇ | Dhanasri 5th Guru Dupadas. | ਧਨਾਸਰੀ ਪੰਜਵੀਂ ਪਾਤਿਸ਼ਾਹੀ ਦੁਪਦੇ। |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, is He attained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਸਿਮਰਉ[91] ਸਿਮਰਿ ਸਿਮਰਿ ਸੁਖ[92] ਪਾਵਉ ਸਾਸਿ ਸਾਸਿ[93] ਸਮਾਲੇ[94] ॥ | Remembering[91], remembering, and ever remembering my Lord, I am at peace[92]. I think[94] of Him, with every breath. | ਆਪਣੇ ਸਾਂਈਂ ਨੂੰ ਆਰਾਧ[91], ਆਰਾਧ, ਆਰਾਧ ਕੇ ਮੈਂ ਸੁਖੀ[92] ਹੁੰਦਾ ਹਾਂ। ਹਰ ਸੁਆਸ[93] ਮੈਂ ਉਸ ਨੂੰ ਯਾਦ ਕਰਦਾ[94] ਹਾਂ। |
| ਇਹ ਲੋਕਿ[95] ਪਰਲੋਕਿ[96] ਸੰਗਿ[97] ਸਹਾਈ[98] ਜਤ ਕਤ[99]ਮੋਹਿ ਰਖਵਾਲੇ[100]॥੧॥ | In this world[95] and the world beyond[96], God, my succour[98] is with[97] me and protects[100] me everywhere[99]. | ਇਸ ਜੱਗ[95] ਤੇ ਅਗਲੇ ਜਹਾਨ[96] ਵਿੱਚ ਹਰੀ ਮੇਰਾ ਸਹਾਇਕ[98] ਮੇਰੇ ਨਾਲ[97]ਹੈ, ਤੇ ਹਰ ਥਾਂ[99] ਮੇਰੀ ਰੱਖਿਆ ਕਰਦਾ[100] ਹੈ। |
| ਗੁਰ ਕਾ ਬਚਨੁ[2] ਬਸੈ[3] ਜੀਅ[4] ਨਾਲੇ[5] ॥ | The Guru's word[2] abides[3] with[5] my soul[4]. | ਗੁਰਾਂ ਦਾ ਸ਼ਬਦ[2] ਮੇਰੀ ਜ਼ਿੰਦਗੀ[4] ਦੇ ਨਾਲ[5] ਰਹਿੰਦਾ[3] ਹੈ। |
| ਜਲਿ[6] ਨਹੀ ਡੂਬੈ[7] ਤਸਕਰੁ[8] ਨਹੀ ਲੇਵੈ ਭਾਹਿ[9] ਨ ਸਾਕੈ ਜਾਲੇ[10] ॥੧॥ਰਹਾਉ॥ | It sinks[7] not in water[6], nor can a thief[8] take it away, and neither can fire[9] burn[10] it. Pause. | ਇਹ ਪਾਣੀ[6] ਵਿੱਚ ਡੁਬਦਾ[7] ਨਹੀਂ, ਨਾਂ ਚੋਰ[8] ਇਸ ਨੂੰ ਲੈ ਜਾ ਸਕਦਾ ਹੈ ਅਤੇ ਨਾ ਹੀ ਅੱਗ[9] ਇਸ ਨੂੰ ਸਾੜ ਸਕਦੀ ਹੈ। ਠਹਿਰਾਉ। |
| ਨਿਰਧਨ[12] ਕਉ ਧਨੁ[13] ਅੰਧੁਲੇ[14] ਕਉ ਟਿਕ[15] ਮਾਤ[16] ਦੂਧੁ[19] ਜੈਸੇ[17] ਬਾਲੇ[18] ॥ | As[17] wealth[13] is for the poor[12], the staff[15] for the blind[14] and mother's[16] milk[19] for an infant[18], so is Gurbani for me. | ਜਿਸ ਤਰ੍ਹਾਂ[17] ਕੰਗਾਲ[12] ਲਈ ਦੌਲਤ[13], ਅੰਨ੍ਹੇ[14] ਲਈ ਡੰਗੋਰੀ[15] ਅਤੇ ਬੱਚੇ[18] ਲਈ ਮਾਂ[16] ਦਾ ਦੁੱਧ[19] ਹੈ, ਏਸੇ ਤਰ੍ਹਾਂ ਹੀ ਮੇਰੇ ਲਈ ਗੁਰਾਂ ਦੀ ਬਾਣੀ ਹੈ। |
| ਸਾਗਰ[20] ਮਹਿ[21] ਬੋਹਿਥੁ[22] ਪਾਇਓ[23] ਹਰਿ[27] ਨਾਨਕ | In[21] the world ocean[20], 'I have found[23] the Lord's[27] ship[22]. The Merciful | ਸੰਸਾਰ ਸਮੁੰਦਰ[20] ਵਿੱਚ ਮੈਨੂੰ[21] ਪ੍ਰਭੂ[27] ਦਾ ਜਹਾਜ਼[27] ਲੱਭ ਪਿਆ[23] ਹੈ। ਮਿਹਰਬਾਨ ਮਾਲਕ[26] ਨੇ ਨਾਨਕ ਉੱਤੇ |

| | | |
|---|---|---|
| ਕਰੀ[24] ਕ੍ਰਿਪਾ[25] ਕਿਰਪਾਲੇ[26] ੨॥੧॥੩੨॥ | Master[26] has taken[24] pity[25] on Nanak. | ਰਹਿਮਤ[25] ਕੀਤੀ[24] ਹੈ। |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ। |
| ਭਏ ਕ੍ਰਿਪਾਲ[28] ਦਇਆਲ[29] [30]ਗੋਬਿੰਦਾ[31] ਅੰਮ੍ਰਿਤੁ[32] ਰਿਦੈ[33] ਸਿੰਚਾਈ[34] ॥ | The merciful[29] World[30]-Lord[31] has become compassionate[28] unto me and His Name-Nectar[32] has permeated[34] my mind[33]. | ਦਇਆਵਾਨ[29] ਸ੍ਰਿਸ਼ਟੀ[30] ਦਾ ਸੁਆਮੀ[31] ਮੇਰੇ ਉੱਤੇ ਮੇਹਰਵਾਨ[28] ਹੋ ਗਿਆ ਹੈ, ਅਤੇ ਉਸ ਦਾ ਨਾਮ-ਅੰਮ੍ਰਿਤ[32] ਮੇਰੇ ਹਿਰਦੇ[33] ਵਿੱਚ ਰਮ ਗਿਆ[34] ਹੈ। |
| [35]ਨਵਨਿਧਿ[36]ਰਿਧਿ[37] ਸਿਧਿ[38] ਹਰਿ ਲਾਗਿ[39] ਰਹੀ ਜਨ[40] ਪਾਈ[41] ॥੧॥ | The nine[35] treasures[36], riches[37] and the miraculons[38] powers cling[39] to the feet[41] of the God's slave[40]. | ਨੌ[35] ਖ਼ਜ਼ਾਨੇ[36], ਧਨ-ਦੌਲਤ[37] ਤੇ ਕਰਾਮਾਤਾਂ[38], ਵਾਹਿਗੁਰੂ ਦੇ ਗੋਲੇ[40] ਦੇ ਪੈਰਾਂ[41] ਹੇਠ ਰੁਲਦੀਆਂ ਰਹਿੰਦੀਆਂ ਹਨ। |
| ਸੰਤਨ ਕਉ ਅਨਦੁ[42]ਸਗਲ[43] ਹੀ ਜਾਈ[44] ॥ | The saints ever abide in joy[42] at all[43] the places[44]. | ਸੰਤ ਸਾਰੀਆਂ[43] ਥਾਵਾਂ[44] ਉਤੇ ਖ਼ੁਸ਼ੀ[42] ਵਿੱਚ ਵਿਚਰਦੇ ਹਨ। |
| ਗ੍ਰਿਹਿ[45] ਬਾਹਰਿ[50] ਠਾਕੁਰੁ[46] ਭਗਤਨ[47]ਕਾ ਰਵਿ ਰਹਿਆ[48] ਸ੍ਰਬ ਠਾਈ[49] ॥੧॥ਰਹਾਉ॥ | The Lord[46] of the devotees[47] is pervading[48] every where[49], within and without[50] the home[45]. Pause. | ਜਗਿਆਸੂਆਂ[47] ਦਾ ਸੁਆਮੀ[46] ਘਰ[45] ਦੇ ਅੰਦਰ ਤੇ ਬਾਹਰ[50] ਹਰ ਥਾਂ[49] ਵਿਆਪਕ[48] ਹੋ ਰਿਹਾ ਹੈ। ਠਹਿਰਾਉ। |
| ਤਾ ਕਉ[51] ਕੋਇ ਨ ਪਹੁਚਨਹਾਰਾ[52] ਜਾ ਕੈ ਅੰਗਿ[53] [54]ਗੁਸਾਈ[55] ॥ | None can equal[52] him[51], whose side[53] the Lord[55] of the universe[54] takes. | ਕੋਈ ਜਣਾ ਉਸ ਦੀ[51] ਬਰਾਬਰੀ[52] ਨਹੀਂ ਕਰ ਸਕਦਾ, ਜਿਸ ਦੇ ਪੱਖ[53] ਤੇ ਸ੍ਰਿਸ਼ਟੀ[54] ਦਾ ਸੁਆਮੀ[55] ਹੁੰਦਾ ਹੈ। |
| ਜਮ[56] ਕੀ ਤ੍ਰਾਸ[57] ਮਿਟੈ[58] ਜਿਸੁ ਸਿਮਰਤ[59] ਨਾਨਕ ਨਾਮੁ ਧਿਆਈ[60] ॥੨॥੨॥੩੩॥ | Nanak repeats[60] the Name of Him, by whose meditation[59] the fear[57] of death[56] is removed[58]. | ਨਾਨਕ ਉਸ ਦੇ ਨਾਮ ਦਾ ਉਚਾਰਨ[60] ਕਰਦਾ ਹੈ, ਜਿਸ ਦੀ ਬੰਦਗੀ[59] ਦੁਆਰਾ ਮੌਤ[56] ਦਾ ਡਰ[57] ਦੂਰ ਹੋ ਜਾਂਦਾ[58] ਹੈ। |
| ਧਨਾਸਰੀ ਮਹਲਾ ੫ ॥ | Dhanasari 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ। |
| ਦਰਬਵੰਤੁ[63] ਦਰਬੁ ਦੇਖਿ[62] ਗਰਬੈ[63] ਭੂਮਵੰਤੁ[64] ਅਭਿਮਾਨੀ[65] ॥ | Beholding[62] his riches,the rich man[61] takes pride[63] and so is the land-lord[64] proud[65] of his lands. | ਆਪਣੀ ਮਾਇਆ ਨੂੰ ਵੇਖ ਵੇਖ[62] ਮਾਇਆਧਾਰੀ[61] ਹੰਕਾਰ[63] ਕਰਦਾ ਹੈ, ਅਤੇ ਇਸੇ ਤਰ੍ਹਾਂ ਜ਼ਿਮੀਂਦਾਰ[64] ਆਪਣੀਆਂ ਜ਼ਮੀਨਾਂ ਕਰਕੇ ਹੰਕਾਰੀ[65] ਹੈ। |
| ਰਾਜਾ[66] ਜਾਨੈ ਸਗਲ ਰਾਜੁ ਹਮਰਾ[67] ਤਿਉ[71] ਹਰਿਜਨ[68] ਟੇਕ[69] ਸੁਆਮੀ[70] ॥੧॥ | The king[66] deems the entire kingdom to be his own[67]; so[71] does the God's slave's[68]consider the Lord's[70] support[69]. | ਜਿਵੇਂ ਪਾਤਿਸ਼ਾਹ[66] ਸਾਰੀ ਪਾਤਿਸ਼ਾਹੀ ਨੂੰ ਆਪਣੀ ਨਿੱਜ ਦੀ[67] ਜਾਇਦਾਦ ਜਾਣਦਾ ਹੈ; ਤਿਵੇਂ[71] ਆਸਰਾ[69] ਹੈ ਰੱਬ ਦੇ ਗੋਲੇ[68] ਨੂੰ ਆਪਣੇ ਸਾਹਿਬ[70] ਦਾ। |
| ਜੇ[72] ਕੋਊ[73] ਅਪੁਨੀ[74] ਓਟ[75] ਸਮਾਰੈ[76] ॥ ਜੈਸਾ ਬਿਤੁ[77] ਤੈਸਾ ਹੋਇ | If[72] any one[73] considers Lord[70] as his[74] only support[75], then, the Lord exercises[78] all His might[77] to Protect | ਜੇਕਰ[72] ਕੋਈ ਜਣਾ[73] ਆਪਣੇ ਆਸਰੇ[75] ਵਜੋਂ ਪ੍ਰਭੂ ਨੂੰ ਯਾਦ[76] ਕਰੇ, ਤਾਂ ਪ੍ਰਭੂ ਆਪਣੀ ਸਾਰੀ ਤਾਕਤ[77] ਉਸ ਦੀ ਰੱਖਿਆ ਕਰਨ ਨੂੰ ਵਰਤਦਾ[78] ਹੈ ਅਤੇ ਉਸ |

| | | |
|---|---|---|
| ਵਰਤੈ[78] ਅਪੁਨਾ[79] ਬਲੁ[80] ਨਹੀ ਹਾਰੈ[81] ॥੧॥ਰਹਾਉ॥ | him and His[79] might[80] loses[81] not. Pause. | ਦੀ[79] ਤਾਕਤ[80] ਹਾਰਦੀ[81] ਨਹੀਂ । ਠਹਿਰਾਉ । |
| ਆਨ[82] ਤਿਆਗਿ[83] ਭਏ ਇਕ ਆਸਰ[84] ਸਰਣਿ[85] ਸਰਣਿ ਕਰਿ[86] ਆਏ[87] ॥ | Forsaking[83] all others[82], I have sought one Lord's support[84] and beseaching[86], "Protect[85] me, protect me" have I repaired[87] to the Lord. | ਹੋਰ[82] ਸਾਰਿਆਂ ਨੂੰ ਛੱਡ ਕੇ[83] ਮੈਂ ਇੱਕ ਸੁਆਮੀ ਦਾ ਆਸਰਾ[84] ਲਿਆ ਹੈ, "ਮੇਰੀ ਰਖਿਆ ਕਰ[85], ਮੇਰੀ ਰਖਿਆ ਕਰ" ਕਰਦਾ ਹੋਇਆ[86] ਮੈਂ ਸੁਆਮੀ ਕੋਲ ਆਇਆ[87] ਹਾਂ । |
| ਸੰਤ ਅਨੁਗ੍ਰਹਿ[88] ਭਏ ਮਨ ਨਿਰਮਲ[89] ਨਾਨਕ ਹਰਿ ਗੁਨ[90] ਗਾਏ[91] ॥੨॥੩॥੩੪॥ | By saints' grace[88], Nanak's mind has become pure[89] and he sings[91] God's praise[90]. | ਸਾਧੂਆਂ ਦੀ ਦਇਆ[88] ਦੁਆਰਾ ਨਾਨਕ ਦਾ ਹਿਰਦਾ ਪਵਿੱਤ੍ਰ[89] ਹੋ ਗਿਆ ਹੈ, ਅਤੇ ਉਹ ਹਰੀ ਦੀ ਕੀਰਤੀ[90] ਗਾਇਨ[91] ਕਰਦਾ ਹੈ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ੬੮੦ | | |
| ਜਾਕਉ ਹਰਿ ਰੰਗੁ[92] ਲਾਗੋ[93] ਇਸੁ ਜੁਗ ਮਹਿ[94] ਸੋ[95] ਕਹੀਅਤ[96] ਹੈ ਸੂਰਾ[97] ॥ | He[95] alone, who is imbued[93] with God's love[92] in[94] this age, is said[96] to be a warrior[97]. | ਕੇਵਲ ਓਹੀ[95] ਜਿਸ ਨੂੰ ਇਸ ਯੁਗ ਅੰਦਰ[94] ਹਰੀ ਦਾ ਪ੍ਰੇਮ[92] ਲੱਗ ਗਿਆ[93] ਹੈ, ਸੂਰਬੀਰ[97] ਆਖਿਆ ਜਾਂਦਾ[96] ਹੈ । |
| ਆਤਮ[98] ਜਿਣੈ[99] ਸਗਲ[100] ਵਸਿ[2] ਤਾ ਕੈ[3] ਜਾ ਕਾ ਸਤਿਗੁਰੁ ਪੂਰਾ[5] ॥੧॥ | Everything[100] is under his[3] control[2], who, by the Perfect[4] True Guru's grace, conquers[99] his self[98]. | ਸਭ ਕੁੱਛ[100] ਹੀ ਉਸ ਦੇ[3] ਇਖ਼ਤਿਆਰ[2] ਵਿੱਚ ਹੈ, ਜੋ ਪੂਰਨ[4] ਸੱਚੇ ਗੁਰਾਂ ਦੀ ਦਇਆ ਦੁਆਰਾ ਆਪਣੇ ਆਪ[8] ਨੂੰ ਜਿੱਤ ਲੈਂਦਾ[99] ਹੈ । |
| ਠਾਕੁਰੁ ਗਾਈਐ[5] ਆਤਮ[6] ਰੰਗਿ[8] ॥ | Sing[6] thou the Lord's praise with deepest[6] love[8]. | ਤੂੰ ਦਿਲੀ[6]-ਪਿਆਰ[8] ਨਾਲ ਸਾਂਈਂ ਦਾ ਜੱਸ ਗਾਇਨ[5] ਕਰ । |
| ਸਰਣੀ[7] ਪਾਵਨ[9] ਨਾਮ ਧਿਆਵਨ[10] ਸਹਜਿ[12] ਸਮਾਵਨ[13] ਸੰਗਿ[14] ॥੧॥ ਰਹਾਉ॥ | They, who seek[9] Lord's refuge[7] and meditate[10] on His Name, are blended[13] with[14] the Lord[12]. Pause. | ਜੋ ਸੁਆਮੀ ਦੀ ਪਨਾਹ[7] ਲੈਂਦੇ[9] ਹਨ, ਅਤੇ ਉਸ ਦੇ ਨਾਮ ਦਾ ਸਿਮਰਨ[10] ਕਰਦੇ ਹਨ, ਉਹ ਸੁਆਮੀ[12] ਨਾਲ[14] ਅਭੇਦ[13] ਹੋ ਜਾਂਦੇ ਹਨ । ਠਹਿਰਾਉ । |
| ਜਨ[15] ਕੇ ਚਰਨ[16] ਵਸਹਿ[17] ਮੇਰੈ ਹੀਅਰੈ[18] ਸੰਗਿ[19] ਪੁਨੀਤਾ[20] ਦੇਹੀ[21] ॥ | The feet[16] of God's slave[15] abide[17] within my mind[18], and in their association[19], my body[21] is rendered pure[20]. | ਰੱਬ ਦੇ ਦਾਸ[15] ਦੇ ਪੈਰ[16] ਮੇਰੇ ਹਿਰਦੇ[18] ਅੰਦਰ ਵਸਦੇ[17] ਹਨ, ਅਤੇ ਉਨ੍ਹਾਂ ਦੀ ਸੰਗਤ[19] ਨਾਲ ਮੇਰਾ ਤਨ[21] ਪਵਿੱਤ੍ਰ ਹੋ ਗਿਆ[20] ਹੈ । |
| ਜਨ ਕੀ ਧੂਰਿ[22] ਦੇਹੁ[23] ਕਿਰਪਾ[24] ਨਿਧਿ[25] ਨਾਨਕ ਕੈ ਸੁਖੁ[26] ਏਹੀ[27] ॥੨॥੪॥੩੫॥ | O Treasure[25] of mercy[24], bless[23] Nanak with the dust[22] of Thine serf's feet. This alone[27] is the source of peace[26] for him. | ਹੇ ਰਹਿਮਤ[24] ਦੇ ਖ਼ਜ਼ਾਨੇ[25], ਆਪਣੇ ਗੋਲੇ ਦੇ ਪੈਰਾਂ ਦੀ ਧੂੜ[22] ਨਾਨਕ ਨੂੰ ਪ੍ਰਦਾਨ[23] ਕਰ । ਕੇਵਲ ਏਹੀ[27] ਉਸ ਲਈ ਆਰਾਮ[26] ਦਾ ਇਕ ਸੋਮਾ ਹੈ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਜਤਨ[28] ਕਰੈ ਮਾਨੁਖ[29] ਡਹਕਾਵੈ[30] ਓਹੁ ਅੰਤਰਜਾਮੀ[31] ਜਾਨੈ ॥ | The man[29] makes efforts[28] to deceive[30] others, but that Lord, the searcher of hearts[31], knows everything. | ਆਦਮੀ[29] ਹੋਰਨਾ ਨੂੰ ਧੋਖਾ[30] ਦੇਣ ਦੇ ਉਪਰਾਲੇ[28] ਕਰਦਾ[28] ਹੈ, ਪਰ ਉਹ ਦਿਲਾਂ ਦੀਆਂ ਜਾਨਣਹਾਰ[31] ਸਾਂਈਂ ਸਭ ਕੁਛ ਜਾਣਦਾ ਹੈ । |

| | | |
|---|---|---|
| ਪਾਪ[32] ਕਰੇ ਕਰਿ[33] ਮੁਕਰਿ[34] ਪਾਵੈ ਭੇਖ[35] ਕਰੈ ਨਿਰਬਾਨੈ[36] ॥੧॥ | He commits sins[32] and denies[34] their commission[33] and wears the garb[35] of a renouncer[36]. | ਉਹ ਗੁਨਾਹ[32] ਕਮਾਉਂਦਾ, ਤੇ ਕਰਕੇ ਮੁੱਕਰ[34] ਜਾਂਦਾ ਹੈ ਅਤੇ ਤਿਆਗੀਆਂ[36] ਦਾ ਭੇਸ[35] ਧਾਰਦਾ ਹੈ। |
| ਜਾਨਤ[37] ਦੂਰਿ[38] ਤੁਮਹਿ[40] ਪ੍ਰਭ ਨੇਰਿ[39] ॥ | Thee[40], O Lord, he deems[37] to he far[38] away, though Thou art so near[39]. | ਤੈਨੂੰ[40], ਹੇ ਸੁਆਮੀ ! ਉਹ ਦੁਰੇਡੇ[38] ਸਮਝਦਾ[37] ਹੈ, ਪਰ ਤੂੰ ਐਨ ਨੇੜੇ[39] ਹੀ ਹੈਂ। |
| ਉਤ[41] ਤਾ ਕੈ[42] ਉਤ ਤੇ ਉਤ[43] ਪੇਖੈ[44] ਆਵੈ[45] ਲੋਭੀ[46] ਫੇਰਿ[47] ॥ਰਹਾਉ॥ | The greedy man[46] looks[42] thither[41], sees[44] this and that way[43] and, committing theft, comes[45] back[47]. Pause. | ਲਾਲਚੀ ਬੰਦਾ[46] ਐਧਰ[41] ਉਧਰ ਤੱਕਦਾ[42] ਹੈ, ਅਤੇ ਫੇਰ ਓਧਰੋਂ ਏਧਰ[43] ਵੇਖਦਾ[44] ਹੈ, ਅਤੇ ਚੋਰੀ ਕਰਕੇ ਮੁੜ[47] ਆਉਂਦਾ[45] ਹੈ। ਠਹਿਰਾਉ। |
| ਜਬ ਲਗੁ[48] ਤੁਟੈ[49] ਨਾਹੀ ਮਨ ਭਰਮਾ[50] ਤਬ ਲਗੁ[51] ਮੁਕਤੁ[52] ਨ ਕੋਈ ॥ | So long as[48] the mind's superstition[50] is not removed[49], till then[51] there is no emancipation[52]. | ਜਦ ਤਾਂਈਂ[48] ਚਿੱਤ ਦਾ ਸੰਸਾ[50] ਦੂਰ[49] ਨਹੀਂ ਹੁੰਦਾ ਤਦ[51] ਤਾਂਈਂ ਮੋਖ਼ਸ਼[52] ਪ੍ਰਾਪਤ ਨਹੀਂ ਹੁੰਦੀ। |
| ਕਹੁ ਨਾਨਕ ਦਇਆਲ[52*] ਸੁਆਮੀ ਸੰਤੁ ਭਗਤੁ[53] ਜਨੁ[54] ਸੋਈ[55] ॥੨॥੫॥੩੬॥ | Says Nanak, he[55] alone is a saint, and he a devoted[53] person[54], on whom the Lord is merciful[52*]. | ਗੁਰੂ ਆਖਦੇ ਹਨ, ਕੇਵਲ ਉਹ[55] ਹੀ ਸਾਧੂ ਹੈ, ਤੇ ਓਹੀ ਭਗਤ[53] ਪੁਰਸ਼[54], ਜਿਸ ਉੱਤੇ ਪ੍ਰਭੂ ਮਿਹਰਬਾਨ[52*] ਹੈ। |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ। |
| ਨਾਮੁ ਗੁਰਿ ਦੀਓ[56] ਹੈ ਅਪੁਨੈ[57] ਜਾ ਕੈ ਮਸਤਕਿ[58] ਕਰਮਾ[59] ॥ | My[57] Guru blesses[56] with the Name, the mortal, on whose brow[58] good fortune[59] is writ. | ਮੇਰੇ[57] ਗੁਰਦੇਵ ਉਸ ਪ੍ਰਾਣੀ ਨੂੰ ਨਾਮ ਬਖ਼ਸ਼ਦੇ[56] ਹਨ, ਜਿਸ ਦੇ ਮੱਥੇ[58] ਉੱਤੇ ਚੰਗੀ ਕਿਸਮਤ[59] ਲਿਖੀ ਹੋਈ ਹੈ। |
| ਨਾਮੁ ਦ੍ਰਿੜਾਵੈ[60] ਨਾਮੁ ਜਪਾਵੈ[61] ਤਾ ਕਾ[62] ਜੁਗ[63] ਮਹਿ[64] ਧਰਮਾ[65] ॥੧॥ | He implants[60] the Name and the Name he makes others repeat[61]; this is his[62] religion[65] in[64] this world[63]. | ਉਹ ਨਾਮ ਨੂੰ ਪੱਕਾ ਕਰਦੇ[60] ਹਨ, ਅਤੇ ਨਾਮ ਦਾ ਹੀ ਉਹ ਉਚਾਰਨ ਕਰਾਉਂਦੇ[61] ਹਨ। ਇਹ ਹੈ ਉਨ੍ਹਾਂ ਦਾ[62] ਮੱਤ[65] ਇਸ ਸੰਸਾਰ[63] ਵਿਚ[64] ਹੈ। |
| ਜਨ[66] ਕਉ ਨਾਮੁ ਵਡਾਈ[67] ਸੋਭ[68] ॥ | In His Name lies the greatness[67] and glory[68] of God's slave[66]. | ਨਾਮ ਹੀ ਰੱਬ ਦੇ ਦਾਸ[66] ਦੀ ਵਿਸਾਲਤਾ[67] ਅਤੇ ਪਰਤਾਪ[68] ਹੈ। |
| ਨਾਮੋ ਗਤਿ[69] ਨਾਮੋ ਪਤਿ[70] ਜਨ ਕੀ ਮਾਨੈ[71] ਜੋ ਜੋ[72] ਹੋਗ[73] ॥੧॥ਰਹਾਉ॥ | The Name is the salvation[69] and the Name the honour[70] of His serf and he accepts[71] as good, whatever[72] comes to pass[73]. Pause. | ਨਾਮ ਹੀ ਪ੍ਰਭੂ ਸੇਵਕ ਦੀ ਮੁਕਤੀ[69] ਅਤੇ ਨਾਮ ਹੀ ਉਸ ਦੀ ਇੱਜ਼ਤ[70] ਹੈ। ਜੋ ਕੁੱਛ[72] ਹੁੰਦਾ ਹੈ[73], ਉਹ ਉਸ ਨੂੰ ਭਲਾ ਕਰਕੇ ਮੰਨਦਾ[71] ਹੈ। ਠਹਿਰਾਉ। |
| ਨਾਮ ਧਨੁ[74] ਜਿਸੁ ਜਨ ਕੈ ਪਾਲੈ[75] ਸੋਈ[76] ਪੂਰਾ[77] ਸਾਹਾ[78] ॥ | The man, who has the Name's wealth[74] in his skirt[75], he[76] is the perfect[77] banker[79]. | ਜਿਸ ਇਨਸਾਨ ਦੀ ਝੋਲੀ[75] ਵਿਚ ਨਾਮ ਦੀ ਦੌਲਤ[74] ਹੈ, ਓਹੀ[76] ਪੂਰਨ[77] ਸ਼ਾਹੂਕਾਰ[78] ਹੈ। |
| ਨਾਮੁ ਬਿਉਹਾਰਾ[79] ਨਾਨਕ | Nanak has the Name as his occu- | ਨਾਨਕ ਨੂੰ ਨਾਮ ਦੇ ਕਾਰਵਿਹਾਰ[79] ਦਾ ਆਸਰਾ[80] ਹੈ, ਅਤੇ |

| | | |
|---|---|---|
| ਆਧਾਰਾ[80] ਨਾਮੁ ਪਰਾਪਤਿ[81] ਲਾਹਾ[82] ॥੨॥੬॥੩੭॥ | pation[79], the Name is his support[80] and he earns[81] only the Name as his profit[82]. | ਉਹ ਕੇਵਲ ਨਾਮ ਦਾ ਹੀ ਨਫ਼ਾ[82] ਪ੍ਰਾਪਤ[81] ਕਰਦਾ ਹੈ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਨੇਤ੍ਰ[83] ਪੁਨੀਤ[84] ਭਏ ਦਰਸੁ[85] ਪੇਖੇ[86] ਮਾਥੈ ਪਰਉ[87] ਰਵਾਲ[88] ॥ | Mine eyes[83] have become pure[84] by seeing[86] the Lord's sight[85] and my forehead by falling[87] on the dust[88] of His feet. | ਮੇਰੀਆਂ ਅੱਖਾਂ[83] ਸੁਆਮੀ ਦਾ ਦਰਸ਼ਨ[85] ਦੇਖ ਕੇ[86] ਪਵਿੱਤਰ[84] ਹੋ ਗਈਆਂ ਹਨ ਅਤੇ ਮੇਰਾ ਮੱਥਾ ਉਸ ਦੇ ਪੈਰਾਂ ਦੀ ਧੂੜ[88] ਪੈਣ ਦੁਆਰਾ[87] । |
| ਰਸਿ[89] ਰਸਿ[90] ਗੁਣ[91] ਗਾਵਉ ਠਾਕੁਰ ਕੇ ਮੋਰੈ[92] ਹਿਰਦੈ[93] ਬਸਹੁ [94]ਗੋਪਾਲ[95] ॥੧॥ | With joy[89] and relish[90], I sing the Lord's praise and the Cherisher[95] of the world[94] abides in my[92] mind[93]. | ਖ਼ੁਸ਼ੀ[89] ਤੇ ਸੁਆਦ[90] ਨਾਲ ਮੈਂ ਸਾਂਈਂ ਦਾ ਜੱਸ[91] ਗਾਉਂਦਾ ਹਾਂ ਅਤੇ ਮੇਰੇ[92] ਮਨ[93] ਅੰਦਰ ਜਗ[94] ਦਾ ਪਾਲਣਹਾਰ[95] ਵਸਦਾ ਹੈ । |
| ਤੁਮ ਤਉ ਰਾਖਨਹਾਰ[96] ਦਇਆਲ[97] ॥ | Thou, O Lord, art my merciful[97] Protector[96]. | ਤੂੰ, ਹੇ ਸੁਆਮੀ ! ਮੇਰਾ ਮਿਹਰਬਾਨ[97] ਰਖਿਅਕ[96] ਹੈਂ । |
| ਸੁੰਦਰ[98] ਸੁਘਰ[99] ਬੇਅੰਤ[100] ਪਿਤਾ[2] ਪ੍ਰਭ ਹੋਹੁ ਪ੍ਰਭੂ ਕਿਰਪਾਲ[3] ॥੧॥ਰਹਾਉ॥ | Thou, the beauteous[98], wise[99] and infinite[100] Lord Master, be Thou, O Father[2], merciful[3] unto me. Pause. | ਤੂੰ, ਸੁਨੱਖੇ[98], ਸਿਆਣੇ[99] ਅਤੇ ਅਨੰਤ[100], ਸੁਆਮੀ, ਤੂੰ, ਹੇ ਬਾਬਲ[2] ! ਮੇਰੇ ਉਤੇ ਦਇਆਵਾਨ[3] ਹੋ । ਠਹਿਰਾਉ । |
| ਮਹਾ[4] ਅਨੰਦ[5] ਮੰਗਲ[6] ਰੂਪ[7] ਤੁਮਰੇ ਬਚਨ[8] ਅਨੂਪ[9] [10]ਰਸਾਲ[12] ॥ | O the Embodiment[7] of supreme[4] bliss[5] and beautitude[6], Thy word[8] is exceedingly charming[9] and the abode[12] of Nectar[10]. | ਹੇ ਪਰਮ[4] ਖ਼ੁਸ਼ੀ[5] ਅਤੇ ਪ੍ਰਸੰਨਤਾ[6] ਦੇ ਸਰੂਪ[7] ! ਤੇਰੀ ਬਾਣੀ[8] ਮਹਾਨ ਸੁੰਦਰ[9] ਅਤੇ ਅੰਮ੍ਰਿਤ[10] ਦਾ ਘਰ[12] ਹੈ । |
| ਹਿਰਦੈ[13] ਚਰਣ[14] ਸਬਦੁ[15] ਸਤਿਗੁਰ ਕੋ ਨਾਨਕ ਬਾਂਧਿਓ[16] ਪਾਲ[17] ॥੨॥੭॥੩੮॥ | Enshring his feet[14] in his mind[13], Nanak has tied[16] the holy word[15] of the True Guru to his skirt[17]. | ਨਾਨਕ ਨੇ ਸੱਚੇ ਗੁਰਾਂ ਦੇ ਪੈਰ[14] ਆਪਣੇ ਰਿਦੇ[13] ਅੰਦਰ ਟਿਕਾ ਲਏ ਹਨ ਅਤੇ ਉਨ੍ਹਾਂ ਦੀ ਗੁਰਬਾਣੀ[15] ਨੂੰ ਆਪਣੇ ਪੱਲੇ[17] ਬੰਨ੍ਹ ਲਿਆ[16] ਹੈ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਅਪਨੀ ਉਕਤਿ[18] ਖਲਾਵੈ[19] ਭੋਜਨ[20] ਅਪਨੀ ਉਕਤਿ ਖੇਲਾਵੈ[21] ॥ | By His contrivance[18], the Lord feeds[19] us with sustenance[20] and by His contrivance, He makes us play[21]. | ਆਪਣੀ ਯੁਕਤੀ[18] ਦੁਆਰਾ, ਪ੍ਰਭੂ ਸਾਨੂੰ ਅਹਾਰ[20] ਛਕਾਉਂਦਾ[19] ਹੈ ਅਤੇ ਆਪਣੀ ਯੁਕਤੀ ਦੁਆਰਾ ਹੀ ਉਹ ਸਾਨੂੰ ਖਿਡਾਉਂਦਾ[21] ਹੈ । |
| ਸਰਬ[22] ਸੂਖ[23] ਭੋਗ[24] ਰਸ[25] ਦੇਵੈ[26] ਮਨ[27] ਹੀ ਨਾਲਿ[28] ਸਮਾਵੈ[29] ॥੧॥ | He blesses[26] us with all[22] the comforts[23], enjoyments[23] and dainties[25] and abides[29] with[28] our mind[27]. | ਉਹ ਸਾਨੂੰ ਸਾਰੇ[22] ਆਰਾਮ[23], ਭੋਗ-ਬਿਲਾਸ[24] ਤੇ ਨਿਆਮਤਾਂ[25] ਬਖ਼ਸ਼ਦਾ[26] ਹੈ ਅਤੇ ਸਾਡੀ ਜਿੰਦ[27] ਦੇ ਨਾਲ[28] ਵਸਦਾ[29] ਹੈ । |
| ਹਮਰੇ[30] ਪਿਤਾ[31] [32]ਗੋਪਾਲ[33] ਦਇਆਲ[34] ॥ | God, the Compassionate[34] Cherisher[33] of the universe[32], is my[30] Father[31]. | ਕੁਲ ਆਲਮ[32] ਨੂੰ ਪਾਲਣਹਾਰ[33] ਦਇਆਵਾਨ[34] ਵਾਹਿਗੁਰੂ ਮੇਰਾ[30] ਪਿਤਾ[31] ਹੈ । |
| ਜਿਉ[35] ਰਾਖੈ[36] ਮਹਤਾਰੀ[37] ਬਾਰਿਕ[38] ਕਉ ਤੈਸੇ[39] ਹੀ | As[35] the mother[37] looks after[36] her child[38], so[39] nurtures[40] me | ਜਿਸ ਤਰ੍ਹਾਂ[35] ਮਾਂ[37] ਆਪਣੇ ਬੱਚੇ[38] ਦੀ ਰਖਵਾਲੀ[36] ਕਰਦੀ ਹੈ ਏਸੇ ਤਰ੍ਹਾਂ[39] ਹੀ ਸਾਹਿਬ ਮੇਰੀ ਪਰਵਰਸ਼ |

| | | |
|---|---|---|
| ਪ੍ਰਭ ਪਾਲ[40] ॥੧॥ਰਹਾਉ॥ | the Lord. Pause. | ਕਰਦਾ[40] ਹੈ । ਠਹਿਰਾਉ । |
| ਮੀਤ[41] ਸਾਜਨ[42] ਸਰਬ[43] ਗੁਣ[44] ਨਾਇਕ[45] ਸਦਾ[46] ਸਲਾਮਤਿ[47] ਦੇਵਾ[48] ॥ | O my ever[46] permanent[47] Luminous[48] Lord, Thou art my Friend[41] and Associate[42], and the Master[45] of all[43] the excellences[44]. | ਹੇ ਮੇਰੇ ਸਦੀਵੀ[46], ਪੱਕੇ[47] ਤੇ ਪ੍ਰਕਾਸ਼ਵਾਨ[48] ਪ੍ਰਭੂ ! ਤੂੰ ਮੇਰਾ ਮਿੱਤ੍ਰ[41] ਤੇ ਯਾਰ[42] ਅਤੇ ਸਾਰੀਆਂ[43] ਖ਼ੂਬੀਆਂ[44] ਦਾ ਮਾਲਕ[45] ਹੈਂ । |
| ਈਤ[49] ਊਤ[50] ਜਤ ਕਤ ਤਤ[51] ਤੁਮ ਹੀ ਮਿਲੈ[52] ਨਾਨਕ ਸੰਤ ਸੇਵਾ[53] ॥੨॥੮॥੩੯॥ | Here[49], there[50] and every where[51], O Lord, Thou art contained. Bless[52] Thou, Nanak, with the service[53] of Thine saints. | ਏਥੇ[49] ਓਥੇ[50] ਅਤੇ ਹਰ ਥਾਂ[51] ਤੂੰ, ਹੇ ਸਾਹਿਬ ! ਰਮਿਆ ਹੋਇਆ ਹੈਂ । ਆਪਣੇ ਸੰਤਾਂ ਦੀ ਚਾਕਰੀ[53] ਤੂੰ ਨਾਨਕ ਨੂੰ ਪ੍ਰਦਾਨ ਕਰ[52] । |
| ਧਨਾਸਰੀ ਮਹਲਾ ੫ ॥ | Dhansari 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਸੰਤ ਕ੍ਰਿਪਾਲ[54] ਦਇਆਲ[55] ਦਮੋਦਰ[56] ਕਾਮ[57] ਕ੍ਰੋਧ[58] ਬਿਖੁ[59] ਜਾਰੇ[60] ॥ | The kind[54] and compassionate[55] Lord's saints[56] burn[60] their lust[57], wrath[58] and vice[59]. | ਮਿਹਰਬਾਨ[54] ਤੇ ਦਇਆਵਾਨ[55] ਸਾਹਿਬ ਦੇ ਸਾਧੂ[56] ਆਪਣੀ ਕਾਮ ਚੇਸ਼ਟਾ[57], ਗੁੱਸੇ[58] ਤੇ ਪਾਪ[59] ਨੂੰ ਸਾੜ[60] ਸੁਟਦੇ ਹਨ । |
| ਰਾਜੁ[61] ਮਾਲੁ[62] ਜੋਬਨੁ[63] ਤਨੁ[64] ਜੀਅਰਾ[65] ਇਨ[66] ਊਪਰਿ ਲੈ ਬਾਰੇ[67] ॥੧॥ | My dominions[61], wealth[62], youth[63], body[64] and soul[65] are a sacrifice[67] unto them[66]. | ਮੇਰਾ ਰਾਜ ਭਾਗ[61], ਦੌਲਤ[62], ਜੁਆਨੀ[63] ਦੇਹ[64] ਤੇ ਆਤਮਾ[65] ਉਨ੍ਹਾਂ ਉਤੋਂ[66] ਕੁਰਬਾਨ[67] ਹਨ । |
| ਮਨਿ ਤਨਿ ਰਾਮ[68] ਨਾਮ ਹਿਤਕਾਰੇ[69] ॥ | With my mind and body I love[69] the Lord's[68] Name. | ਮੈਂ ਆਪਣੇ ਮਨੋ ਤਨੋ ਪ੍ਰਭੂ[68] ਦੇ ਨਾਮ ਨੂੰ ਪਿਆਰ[69] ਕਰਦਾ ਹਾਂ । |
| ਸੂਖ[70] ਸਹਜ[71] ਆਨੰਦ[72] ਮੰਗਲ[73] ਸਹਿਤ[74] ਭਵ[75] ਨਿਧਿ[76] ਪਾਰਿ ਉਤਾਰੇ[77] ॥ ਰਹਾਉ॥ | With[74] peace[70], poise[71], gladness[72] and glee[73], the Lord has ferried me across[77] the terrible[75] world ocean[76]. Pause. | ਸੁਖ ਆਰਾਮ[70], ਅਡੋਲਤਾ[71], ਖ਼ੁਸ਼ੀ[72] ਅਤੇ ਪ੍ਰਸੰਨਤਾ[73] ਨਾਲ[74] ਪ੍ਰਭੂ ਨੇ ਮੈਨੂੰ ਭਿਆਨਕ[75] ਸੰਸਾਰ ਸਮੁੰਦਰ[76] ਤੋਂ ਪਾਰ ਕਰ ਦਿੱਤਾ[77] ਹੈ । ਠਹਿਰਾਉ । |
| ਧੰਨਿ[78] ਸੁ[79] ਥਾਨੁ[80] ਧੰਨਿ ਓਇ[81] ਭਵਨਾ[82] ਜਾ ਮਹਿ[83] ਸੰਤ ਬਸਾਰੇ[84] ॥ | Blessed[78] is the[79] place[80] and blessed the[81] house[82] wherein[83] dwell[84] the saints of God. | ਸੁਲੱਖਣਾ[78] ਹੈ ਉਹ[79] ਥਾਂ[80] ਅਤੇ ਸੁਲੱਖਣਾ ਉਹ[81] ਘਰ[82] ਜਿਸ ਵਿੱਚ[83] ਵਾਹਿਗੁਰੂ ਦੇ ਸੰਤ ਨਿਵਾਸ ਕਰਦੇ[84] ਹਨ । |
| ਜਨ[85] ਨਾਨਕ ਕੀ ਸਰਧਾ[86] ਪੂਰਹੁ[87] ਠਾਕੁਰ ਭਗਤ[88] ਤੇਰੇ ਨਮਸਕਾਰੇ[89] ॥੨॥੯॥੪੦॥ | O Lord, fulfil[87] this desire[86] of slave[85] Nanak, that he may make obeisance[89] unto Thine saints[88]. | ਹੇ ਸਾਹਿਬ ! ਗੋਲੇ[85] ਨਾਨਕ ਦੀ ਇਹ ਸੱਧਰ[86] ਪੂਰੀ[87] ਕਰ ਕਿ ਉਹ ਤੇਰਿਆਂ ਸੰਤਾਂ[88] ਭਗਤਾਂ ਨੂੰ ਪ੍ਰਣਾਮ[89] ਕਰੇ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਛਡਾਇ[90] ਲੀਓ ਮਹਾ[91] ਬਲੀ[92] ਤੇ[93] ਅਪਨੇ ਚਰਨ[94] ਪਰਾਤਿ[95] ॥ | Attaching[95] me to his feet[94], the True Guru has delivered[90] me from[93] the very[91] powerful[92] mammon. | ਆਪਣੇ ਚਰਨੀ[94] ਲਾ ਕੇ[95] ਸੱਚੇ ਗੁਰਾਂ ਨੇ ਮੈਨੂੰ ਪਰਮ[91] ਬਲਵਾਨ[92] ਮਾਇਆ ਤੋਂ[98] ਬਚਾ ਲਿਆ[90] ਹੈ । |
| ਏਕੁ ਨਾਮੁ ਦੀਓ[2] ਮਨ[96] ਮੰਤਾ[97] ਬਿਨਸਿ[98] ਨ ਕਤਹੂ[99] ਜਾਤਿ[100] ॥੧॥ | In my mind[96], he has infused[2] the spell[97] of the one Name which perishes[98] not, nor goes[100] anywhere[99]. | ਮੇਰੇ ਰਿਦੇ[96] ਵਿੱਚ ਉਨ੍ਹਾਂ ਨੇ ਇੱਕ ਨਾਮ ਦਾ ਮੰਤ੍ਰ[97] ਵਸਾ ਦਿੱਤਾ[2] ਹੈ, ਜੋ ਨਾਸ[98] ਨਹੀਂ ਹੁੰਦਾ, ਤੇ ਨਾ ਹੀ ਕਿਧਰੇ[99] ਜਾਂਦਾ[100] ਹੈ । |

| | | |
|---|---|---|
| ਸਤਿਗੁਰਿ ਪੂਰੈ[3] ਕੀਨੀ ਦਾਤਿ[4] ॥ | The perfect[3] True Guru has given me the gift[4] of the praise of God's Name. | ਪੂਰਨ[3] ਸੱਚੇ ਗੁਰਾਂ ਨੇ ਮੈਨੂੰ ਵਾਹਿਗੁਰੂ ਦੇ ਨਾਮ ਦੀ ਬਖ਼ਸ਼ੀਸ਼[4] ਦਿੱਤੀ ਹੈ। |
| ਹਰਿ ਹਰਿ ਨਾਮੁ ਦੀਓ ਕੀਰਤਨ[5] ਕਉ ਭਈ ਹਮਾਰੀ[6] ਗਾਤਿ[7] ॥ਰਹਾਉ॥ | He has blessed me with the singing of the praise[5] of the Lord God's Name, and so am I[6] emancipated[7]. Pause. | ਉਨ੍ਹਾਂ ਨੇ ਮੈਨੂੰ ਸੁਆਮੀ ਵਾਹਿਗੁਰੂ ਦੇ ਨਾਮ ਦਾ ਜੱਸ[5] ਗਾਇਨ ਕਰਨਾ ਪ੍ਰਦਾਨ ਕੀਤਾ ਹੈ, ਜਿਸ ਕਰਕੇ ਮੈਂ ਮੁਕਤ ਹੋ ਗਿਆਂ[7] ਹਾਂ। ਠਹਿਰਾਉ। |
| ਅੰਗੀਕਾਰੁ[8] ਕੀਓ ਪ੍ਰਭਿ ਅਪੁਨੈ ਭਗਤਨ[9] ਕੀ ਰਾਖੀ[10] ਪਾਤਿ[12] ॥ | My Lord has taken my side[8] and has saved[10] the honour[12] of His devoted slave[9]. | ਮੇਰੇ ਸੁਆਮੀ ਨੇ ਮੇਰਾ ਪੱਖ[8] ਪੂਰਿਆ ਹੈ ਅਤੇ ਆਪਣੇ ਗੋਲੇ[9] ਦੀ ਇੱਜ਼ਤ[12] ਰੱਖ ਲਈ[10] ਹੈ। |
| ਨਾਨਕ ਚਰਨ[13] ਗਹੇ[14] ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ ॥੨॥੧੦॥੪੧॥ | Nanak has grasped[14] the feet[13] of his Lord and has, day and night, obtained peace, | ਨਾਨਕ ਨੇ ਆਪਣੇ ਸੁਆਮੀ ਦੇ ਪੈਰ[13] ਪਕੜੇ ਹਨ[14], ਅਤੇ ਦਿਨ ਰਾਤ ਆਰਾਮ ਪ੍ਰਾਪਤ ਕਰ ਲਿਆ ਹੈ। |
| ਧਨਾਸਰੀ ਮਹਲਾ ੫ ॥ | Dhansari 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ। |
| [15]ਪਰਹਰਨਾ[16] ਲੋਭੁ[17] ਝੂਠ[13] ਨਿੰਦ[19] ਇਵ[20] ਹੀ ਕਰਤ[21] ਗੁਦਾਰੀ[22] ॥ | To snatch[16] others[15] property, to covet[17], to lie[18], to slander[19] and acting[21] like wise[20], the man passes[22] his life. | ਹੋਰਨਾਂ[15] ਦੀ ਜਾਇਦਾਦ ਖੱਸਣੀ[16], ਲਾਲਚ[17] ਕਰਨਾ, ਕੂੜ ਬਕਣਾ[18], ਬਦਖੋਈ ਕਰਨੀ[19], ਇਸ ਤਰ੍ਹਾਂ[20] ਕਰਦਾ[21] ਹੋਇਆ ਆਦਮੀ ਆਪਣਾ ਜੀਵਨ ਬਿਤਾ ਦਿੰਦਾ[22] ਹੈ। |
| ਮ੍ਰਿਗ ਤ੍ਰਿਸਨਾ[23] ਆਸ[24] ਮਿਥਿਆ[25] ਮੀਠੀ[26] ਇਹ[27] ਟੇਕ[28] ਮਨਹਿ[29] ਸਾਧਾਰੀ[30] ॥੧॥ | The man deems sweet[26] the false[25] hope[24] of the optical illusion[23] and this[27] support[28] he enshrines[30] in his mind[29]. | ਇਨਸਾਨ ਦ੍ਰਿਸ਼ਕ ਧੋਖੇ[23] ਦੀ ਝੂਠੀ[25] ਉਮੈਦ[24]ਨੂੰ ਮਿੱਠੀ[26] ਜਾਣਦਾ ਹੈ। ਇਸ[27] ਕੂੜੇ ਆਸਰੇ[28] ਨੂੰ ਉਹ ਆਪਣੇ ਮਨ[29] ਅੰਦਰ ਟਿਕਾਉਂਦਾ[30] ਹੈ। |
| ਸਾਕਤ[31] ਕੀ ਆਵਰਦਾ[32] ਜਾਇ[33] ਬ੍ਰਿਥਾਰੀ[34] ॥ | The mammon worshipper's[31] life[32] passes away[33] in vain[34]. | ਮਾਇਆ ਦੇ ਪੁਜਾਰੀ[31] ਦੀ ਜ਼ਿੰਦਗੀ[32] ਵਿਅਰਥ[34] ਚਲੀ ਜਾਂਦੀ[33] ਹੈ; ਉਸੇ ਤਰ੍ਹਾਂ ਹੀ। |
| ਜੈਸੇ[35] ਕਾਗਦ[36] ਕੇ ਭਾਰ[37] ਮੂਸਾ[38] ਟੂਕਿ[39] ਗਵਾਵਤ[40] ਕਾਮਿ[41] ਨਹੀ ਗਾਵਾਰੀ[42] ॥ ਰਹਾਉ॥ | As[35] the rat[38], gnawing dawn[39] the loab[37] of paper[36], makes it useless[40], and it avails[41] not the foolish[42] rat either. Pause. | ਜਿਸ ਤਰ੍ਹਾਂ[35] ਕਾਗਜ਼[36] ਦੇ ਢੇਰ[37] ਨੂੰ ਚੂਹਾ[38] ਕੁਤਰ ਕੇ[39] ਅਕਾਰਥ[40] ਬਣਾ ਦਿੰਦਾ ਹੈ ਅਤੇ ਇਹ ਮੂਰਖ[42] ਚੂਹੇ ਦੇ ਵੀ ਕਿਸੇ ਕੰਮ[41] ਨਹੀਂ ਆਉਂਦਾ। ਠਹਿਰਾਉ। |
| ਕਰਿ ਕਿਰਪਾ[43] ਪਾਰਬ੍ਰਹਮ[44] ਸੁਆਮੀ ਇਹ[45] ਬੰਧਨ[46] ਛੂਟਕਾਰੀ[47] ॥ | O Transcendent Lord[44], my Master, take pity[43] on me and free[47] me of these[45] bonds[46]. | ਹੇ ਪਰਮ ਪ੍ਰਭੂ[44] ! ਮੇਰੇ ਮਾਲਕ, ਮੇਰੇ ਉਤੇ ਕਿਰਪਾ[43] ਕਰ ਅਤੇ ਮੈਨੂੰ ਇਨ੍ਹਾਂ[45] ਫਾਹਿਆਂ[46] ਤੋਂ ਬੰਦਖਲਾਸ ਕਰ[47]ਦੇ। |
| ਬੂਡਤ[49] ਅੰਧ[50] ਨਾਨਕ ਪ੍ਰਭ ਕਾਢਤ[51] ਸਾਧ ਜਨਾ[52] ਸੰਗਾਰੀ[53] ॥੨॥੧੧॥੪੨॥ | The sinking[49] blind[50] mortals, O Nanak, the Lord redeems[51] by uniting them with the society[53] of pious persons[52]. | ਡੁਬਦਿਆਂ[49] ਹੋਇਆਂ, ਅੰਨ੍ਹਿਆਂ[50] ਪ੍ਰਾਣੀਆਂ ਨੂੰ, ਹੇ ਨਾਨਕ ! ਸੁਆਮੀ ਪਵਿੱਤਰ ਪੁਰਸ਼ਾਂ[52] ਦੀ ਸੰਗਤ[53] ਨਾਲ ਜੋੜ ਕੇ ਬਚਾ ਲੈਂਦਾ[51] ਹੈ। |
| ਧਨਾਸਰੀ ਮਹਲਾ ੫ ॥ | Dhanasri 5th Guru | ਧਨਾਸਰੀ ਪੰਜਵੀਂ ਪਾਤਿਸ਼ਾਹੀ। |
| ਸਿਮਰਿ[54] ਸਿਮਰਿ ਸੁਆਮੀ[55] | Remembering[54] and contemplating on | ਆਪਣੇ ਸੁਆਮੀ ਮਾਲਕ[55] ਨੂੰ ਯਾਦ[54] ਤੇ ਚੇਤੇ ਕਰਨ |

| | | |
|---|---|---|
| ਪ੍ਰਭੁ ਅਪਨਾ ਸੀਤਲ[56] ਤਨੁ[57] ਮਨੁ[58] ਛਾਤੀ[59] ॥ | my Lord Master[56], my body[57], soul[58] and bosom[59] are pacified[56]. | ਦੁਆਰਾ ਮੇਰੀ ਦੇਹ[57], ਆਤਮਾ[58] ਤੇ ਹਿਕ[59] ਨੂੰ ਠੰਢ[56] ਪੈ ਗਈ ਹੈ । |
| ਰੂਪੁ[60] ਰੰਗੁ[61] ਸੂਖੁ[62] ਧਨੁ[63] ਜੀਅ ਕਾ[64] ਪਾਰਬ੍ਰਹਮ[65] ਮੋਰੈ[66] ਜਾਤੀ[67] ॥੧॥ | The Transcendent Lord[65] is my[66] beauty[60], pleasure[61], peace[62], riches[63], sustenance[64] and caste[67]. | ਪਰਮ ਪ੍ਰਭੂ[65] ਹੀ ਮੇਰੀ[66] ਸੁੰਦਰਤਾ[60], ਖ਼ੁਸ਼ੀ[61], ਆਰਾਮ[62], ਧਨ-ਦੌਲਤ[63], ਰਿਜ਼ਕ[64] ਅਤੇ ਜਾਤ[67] ਗੋਤ ਹੈ । |
| ਰਸਨਾ[68] ਰਾਮ[69] [70]ਰਸਾਇਨਿ[71] ਮਾਤੀ[72] ॥ | My tongue[68] is inebriated[72] with Lord's Name[69], home[71] of Nectar[70]. | ਮੇਰੀ ਜੀਭਾ[68] ਅੰਮ੍ਰਿਤ[70] ਦੇ ਘਰ—ਸੁਆਮੀ—ਦੇ ਨਾਮ[69] ਨਾਲ ਖੀਵੀ ਹੋਈ ਹੋਈ[72] ਹੈ । |
| ਰੰਗ[73] ਰੰਗੀ[74] ਰਾਮ ਅਪਨੇ ਕੈ ਚਰਨ[75] ਕਮਲ[76] ਨਿਧਿ[77] ਥਾਤੀ[78] ॥ਰਹਾਉ॥ | It is imbued[74] with the love[73] of its Lord, as the Lord's lotus[76] feet[75] are the treasure[78] of wealth[77]. Pause. | ਇਹ ਆਪਣੇ ਪ੍ਰਭੂ ਦੀ ਪ੍ਰੀਤ[73] ਨਾਲ ਰੰਗੀਜੀ ਹੋਈ[74]ਹੈ। ਮੇਰੇ ਲਈ ਪ੍ਰਭੂ ਦੇ ਚਰਨ[76] ਕੰਵਲ[75] ਹੀ ਦੌਲਤ[77] ਦਾ ਖ਼ਜ਼ਾਨਾ[78] ਹਨ । ਠਹਿਰਾਉ । |
| ਜਿਸ ਕਾ ਸਾ ਤਿਨ ਹੀ ਰਖਿ[79] ਲੀਆ ਪੂਰਨ[80] ਪ੍ਰਭ ਕੀ ਭਾਤੀ[81] ॥ | He, to whom I belong, has saved[79] me and perfect[80] is the Lord's way[81] of saving. | ਜਿਸ ਦੀ ਮੈਂ ਮਲਕੀਅਤ ਹਾਂ, ਉਸ ਨੇ ਮੈਨੂੰ ਬਚਾ ਲਿਆ[79] ਹੈ । ਮੁਕੰਮਲ[80] ਹੈ ਪ੍ਰਭੂ ਦੇ ਬਚਾਉਣ ਦਾ ਤਰੀਕਾ[81] । |
| ਮੇਲਿ ਲੀਓ[82] ਆਪੇ[84] ਸੁਖਦਾਤੈ[83] ਨਾਨਕ ਹਰਿ ਰਾਖੀ ਪਾਤੀ[85] ॥੨॥੧੨॥੪੩॥ | God, the Giver of peace[83], has Himself[84] blended[82] Nanak with Himself and has saved his honour[85]. | ਸੁੱਖਾਂ ਦੇ ਦਾਤੇ[83] ਵਾਹਿਗੁਰੂ ਨੇ ਖ਼ੁਦ[84] ਨਾਨਕ ਨੂੰ ਆਪਣੇ ਨਾਲ ਅਭੇਦ ਕਰ ਲਿਆ[82] ਹੈ ਅਤੇ ਉਸ ਦੀ ਪਤ[85] ਰਖ ਲਈ ਹੈ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਦੂਤ[86] ਦੁਸਮਨ[87] ਸਭਿ ਤੁਝ ਤੇ ਨਿਵਰਹਿ[88] ਪ੍ਰਗਟ[89] ਪ੍ਰਤਾਪੁ[90] ਤੁਮਾਰਾ ॥ | All the demons[86] and adversaries[87] are warded off[88] by Thee, O Lord and manifest[89] is Thy glory[90]. | ਸਾਰੇ ਦੋਖੀਆਂ[86] ਤੇ ਦੁਸ਼ਮਨਾਂ[87] ਨੂੰ ਤੂੰ, ਹੇ ਸਾਂਈਂ ! ਦੂਰ ਕਰਦਾ[88] ਹੈਂ, ਪ੍ਰਤੱਖ[89] ਹੈ ਤੇਰਾ ਤੱਪ ਤੇਜ[90] । |
| ਜੋ ਜੋ[95] ਤੇਰੇ ਭਗਤ[91] ਦੁਖਾਏ[92] ਓਹੁ ਤਤਕਾਲ[93] ਤੁਮ ਮਾਰਾ[94] ॥੧॥ | Who-so-ever[95] annoys[92] Thine saints[91], him Thou destroyest[94] forthwith[93]. | ਜੋ ਕੋਈ ਭੀ[95] ਤੇਰੇ ਸਾਧੂਆਂ[91] ਨੂੰ ਦੁਖੀ ਕਰਦਾ[92] ਹੈ, ਉਸ ਨੂੰ ਤੂੰ ਤੁਰਤ[93] ਹੀ ਮਾਰ ਮੁਕਾਉਂਦਾ[94] ਹੈਂ । |
| ਨਿਰਖਉ[96] ਤੁਮਰੀ ਓਰਿ[97] ਹਰਿ ਨੀਤ[98] ॥ | O God, I ever[98] look[96] towards[97] Thee. | ਹੇ ਹਰੀ ! ਮੈਂ ਸਦਾ[98] ਤੇਰੇ ਵਲ[97] ਤਕਦਾ[96] ਹਾਂ । |
| [99]ਮੁਰਾਰਿ[100] ਸਹਾਇ[2] ਹੋਹੁ ਦਾਸ[3] ਕਉ ਕਰੁ[4] ਗਹਿ[5] ਉਧਰਹੁ[6] ਮੀਤ[7] ॥ਰਹਾਉ॥ | O my Friend[7], the enemy[100] of pride[99], be Thou Thy slave's[3] succourer[2] and holding[5] me by the hand[4], rescue[6] me. Pause. | ਹੇ ਹੰਕਾਰ[99] ਦੇ ਵੈਰੀ[100] ਪ੍ਰਭੂ ! ਮੇਰੇ ਮਿੱਤਰ[7], ਤੂੰ ਆਪਣੇ ਗੋਲੇ[3] ਦਾ ਸਹਾਇਕ[2] ਹੋ ਜਾ ਅਤੇ ਮੈਨੂੰ ਹੱਥੋਂ[4] ਪਕੜ ਕੇ[5], ਮੇਰਾ ਪਾਰ ਉਤਾਰਾ[6] ਕਰ । ਠਹਿਰਾਉ । |
| ਸੁਣੀ ਬੇਨਤੀ[8] ਠਾਕੁਰਿ[12] ਮੇਰੈ ਖਸਮਾਨਾ[9] ਕਰਿ ਆਪਿ[10] ॥ | My Lord[12] has heard my supplication[8] and has afforded me His[10] refuge[9]. | ਮੇਰੇ ਪ੍ਰਭੂ[12] ਨੇ ਮੇਰੀ ਪ੍ਰਾਰਥਨਾ[8] ਸੁਣ ਲਈ ਹੈ, ਅਤੇ ਮੈਨੂੰ ਆਪਣੀ[10] ਪਨਾਹ[9] (ਰਾਖੀ) ਪ੍ਰਦਾਨ ਕੀਤੀ ਹੈ । |
| ਨਾਨਕ ਅਨਦ[13] ਭਏ ਦੁਖ[14] | Nanak is in bliss[13], his woes[14] are | ਨਾਨਕ ਅਨੰਦਤ[13] ਹੋ ਗਿਆ ਹੈ, ਉਸ ਦੇ ਦੁਖੜੇ[14] ਦੂਰ |

ਭਾਗੇ[15] ਸਦਾ[16] ਸਦਾ ਹਰਿ ਜਾਪਿ[17] ॥੨॥੧੩॥੪੪॥

dispelled[15] and ever[16], ever, he meditates[17] on the Lord.

ਹੋ ਗਏ[15] ਹਨ ਅਤੇ ਨਿਤ[16] ਨਿਤ ਹੀ ਉਹ ਸੁਆਮੀ ਦਾ ਸਿਮਰਨ ਕਰਦਾ[17] ਹੈ ।

ਧਨਾਸਰੀ ਮਹਲਾ ੫ ॥

Dhanasri 5th Guru.

ਧਨਾਸਰੀ ਪੰਜਵੀਂ ਪਾਤਿਸ਼ਾਹੀ ।

ਚਤੁਰ[18] ਦਿਸਾ[19] ਕੀਨੋ[20] ਬਲੁ[21] ਅਪਨਾ ਸਿਰ[22] ਊਪਰਿ[25] ਕਰੁ[23] ਧਾਰਿਓ[24] ॥

The Lord, has extended[20] His might[21] in the four[18] directions[19] and He has put[24] His hand[23] on[25] my head[22].

ਪ੍ਰਭੂ ਨੇ ਚੌਹਾਂ[18] ਹੀ ਕੂੰਟਾਂ[19] ਅੰਦਰ ਆਪਣੀ ਸ਼ਕਤੀ[21] ਪਸਾਰੀ ਹੋਈ[20] ਹੈ ਅਤੇ ਮੇਰੇ ਸੀਸ[22] ਉਤੇ[25] ਆਪਣਾ ਹੱਥ[23] ਟਿਕਾਇਆ ਹੋਇਆ[24] ਹੈ ।

ਕ੍ਰਿਪਾ[31] ਕਟਾਖੵ[26] ਅਵਲੋਕਨੁ[27] ਕੀਨੋ ਦਾਸ[28] ਕਾ ਦੂਖੁ[29] ਬਿਦਾਰਿਓ[30] ॥੧॥

Beholding[27] with His eye[26] of mercy[31], He has dispelled[30] the pains[29] of his slave[28].

ਆਪਣੀ ਮਿਹਰ[31] ਦੀ ਅੱਖ[26] ਨਾਲ ਵੇਖ ਕੇ[27] ਉਸ ਨੇ ਆਪਣੇ ਦਾਸ[28] ਦੇ ਦੁਖੜੇ[29] ਦੂਰ ਕਰ ਦਿਤੇ[30] ਹਨ ।

ਹਰਿ ਜਨ[32] ਰਾਖੇ[33] ਗੁਰ ਗੋਵਿੰਦ[34] ॥

God's serf[32], the Guru-God[34] has saved[33].

ਰੱਬ ਦੇ ਗੋਲੇ[32] ਨੂੰ ਰੱਬ ਰੂਪ[34] ਗੁਰਾਂ ਨੇ ਬਚਾ ਲਿਆ[33] ਹੈ ।

ਕੰਠਿ[35] ਲਾਇ ਅਵਗੁਣ[36] ਸਭਿ ਮੇਟੇ[40] ਦਇਆਲ[37] ਪੁਰਖ[38] ਬਖਸੰਦ[39] ॥ਰਹਾਉ॥

Hugging me to His bosom[35], the compassionate[37] and forgiving[39] Lord[38] has wiped off[40] all my sins[36]. Pause.

ਆਪਣੀ ਛਾਤੀ[35] ਨਾਲ ਲਾ ਕੇ, ਮਿਹਰਬਾਨ[37] ਅਤੇ ਬਖਸ਼ਣਹਾਰ[39] ਸਾਹਿਬ[38] ਨੇ ਮੇਰੇ ਸਾਰੇ ਪਾਪ[36] ਮੇਸ ਛਡੇ[40] ਹਨ । ਠਹਿਰਾਉ ।

ਜੋ[41] ਮਾਗਹਿ[42] ਠਾਕੁਰ ਅਪੁਨੇ ਤੇ ਸੋਈ[43] ਸੋਈ ਦੇਵੈ[44] ॥

Whatever[41] I ask[42] of my Lord exactly that[43] He blesses[44] me with.

ਜਿਹੜਾ ਕੁਛ ਭੀ[41] ਮੈਂ ਆਪਣੇ ਪ੍ਰਭੂ ਕੋਲੋਂ ਮੰਗਦਾ[42] ਹਾਂ, ਉਹ, ਉਹ[43] ਹੀ, ਉਹ ਮੈਨੂੰ ਬਖਸ਼ਸ਼ ਕਰਦਾ[44] ਹੈ ।

ਨਾਨਕ ਦਾਸੁ[45] ਮੁਖ ਤੇ[46] ਜੋ[47] ਬੋਲੈ[48] ਈਹਾ[49] ਊਹਾ[50] ਸਚੁ ਹੋਵੈ ॥੨॥੧੪॥੪੫॥

Whatever[47] the Lord's slave[35] Nanak, utters[48] with his mouth[46] proves true both here[49] and hereafter[50].

ਜਿਹੜਾ ਕੁਛ ਭੀ[47] ਸਾਂਈ ਦਾ ਸੇਵਕ[45] ਨਾਨਕ, ਆਪਣੇ ਮੂੰਹ[46] ਤੋਂ ਆਖਦਾ[48] ਹੈ, ਉਹ ਏਥੇ[49] ਤੇ ਓਥੇ[50] (ਲੋਕ ਪ੍ਰਲੋਕ ਵਿੱਚ), ਦੋਨਾਂ ਥਾਈਂ, ਸੱਚ ਹੁੰਦਾ ਹੈ ।

ਧਨਾਸਰੀ ਮਹਲਾ ੫ ॥

Dhanasri 5th Guru.

ਧਨਾਸਰੀ ਪੰਜਵੀਂ ਪਾਤਿਸ਼ਾਹੀ ।

੬੮੨

ਅਉਖੀ[51] ਘੜੀ[52] ਨ ਦੇਖਣ[53] ਦੇਈ ਅਪਨਾ ਬਿਰਦੁ[54] ਸਮਾਲੇ[55] ॥

Aware[55] of His innate nature[54], the Lord lets not His slave see[53] the difficult[51] hour[52].

ਆਪਣੇ ਧਰਮ[54] ਨੂੰ ਚੇਤੇ ਕਰਦਾ ਹੋਇਆ[55], ਸੁਆਮੀ ਆਪਣੇ ਗੋਲੇ ਨੂੰ ਔਖਾ[51] ਵੇਲਾ[52] ਨਹੀਂ ਵੇਖਣ[53] ਦਿੰਦਾ ।

ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ[57] ਪ੍ਰਤਿਪਾਲੇ[56] ॥੧॥

Lending His hand, He preserves His own slave and cherishes[56] him at every breath[57].

ਆਪਣਾ ਹੱਥ ਦੇ ਕੇ, ਉਹ ਆਪਣੇ ਗੋਲੇ ਦੀ ਰੱਖਿਆ ਕਰਦਾ ਹੈ ਤੇ ਹਰ ਸਾਹ[57] ਨਾਲ ਉਸ ਦੀ ਪਾਲਣਾ-ਪੋਸਣਾ[56] ਕਰਦਾ ਹੈ ।

ਪ੍ਰਭ ਸਿਉ[57] ਲਾਗਿ ਰਹਿਓ[58] ਮੇਰਾ ਚੀਤੁ[59] ॥

My mind[59] remains attached[58] with[57] the Lord.

ਮੈਂਡਾ ਮਨ[59] ਸੁਆਮੀ ਨਾਲ[57*] ਜੁੜਿਆ ਰਹਿੰਦਾ[58] ਹੈ ।

ਆਦਿ[60] ਅੰਤਿ[62] ਪ੍ਰਭੁ ਸਦਾ[63] ਸਹਾਈ[64] ਧੰਨੁ[65] ਹਮਾਰਾ ਮੀਤੁ[66] ॥ਰਹਾਉ॥

From the beginning[60] to the end[62], the Lord is ever[63] my saviour[64]; Wonderful[65], is my Friend[66]. Pause.

ਮੁਢ ਤੋਂ[60] ਲੈ ਕੇ ਅਖੀਰ ਤਾਂਈ[62] ਸੁਆਮੀ ਮੇਰਾ ਸਦਾ[63] ਹੀ ਸਹਾਇਕ[64] ਹੈ । ਧੰਨਤਾ ਜੋਗ[65] ਤੇ ਸਮਰਥ ਹੈ ਮੇਰਾ ਮਿੱਤਰ[66] ! ਠਹਿਰਾਉ ।

ਮਨਿ ਬਿਲਾਸ[67] ਭਏ ਸਾਹਿਬ

On beholding[70] the marvellous[68]

ਪ੍ਰਭੂ ਦੀ ਅਲੌਕਿਕ[68] ਵਿਸ਼ਾਲਤਾ[69] ਨੂੰ ਵੇਖ ਕੇ[70] ਮੇਰਾ

| | | |
|---|---|---|
| ਕੇ ਅਚਰਜ[68] ਦੇਖਿ[70] ਬਡਾਈ[69] ॥ | greatness[69] of the Lord, my mind is delighted[67]. | ਚਿੱਤ ਪ੍ਰਸੰਨ ਹੋ ਗਿਆ[67] ਹੈ । |
| ਹਰਿ ਸਿਮਰਿ[71] ਸਿਮਰਿ ਆਨਦ[72] ਕਰਿ ਨਾਨਕ ਪ੍ਰਭਿ ਪੂਰਨ[73] ਪੈਜ[74] ਰਖਾਈ[75] ॥੨॥੧੫॥੪੬॥ | Remembering[71] and contemplating the Lord, Nanak makes merry[72]. The Omnipresent[73] Lord has preserved[75] his honour[74]. | ਸਾਹਿਬ ਦਾ ਚਿੰਤਨ[71] ਤੇ ਆਰਾਧਨ ਕਰਨ ਦੁਆਰਾ ਨਾਨਕ ਅਨੰਦ[72] (ਸਦੀਵੀ ਖੇੜੇ) ਮਾਣਦਾ ਹੈ । ਸਰਬ ਵਿਆਪਕ[73] ਸੁਆਮੀ ਨੇ ਉਸ ਦੀ ਲੱਜਿਆ[74] ਰੱਖ ਲਈ[75] ਹੈ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਜਿਸ ਕਉ ਬਿਸਰੈ[76] ਪ੍ਰਾਨ[77] ਪਤਿ[78] ਦਾਤਾ[79] ਸੋਈ[80] ਗਨਹੁ[81] ਅਭਾਗਾ[82] ॥ | He, who forgets[76] the Beneficent[79] Lord[78] of life[77], reckon[81] him[80] thou unfortunate[82]. | ਜੋ ਜੀਵਨ[77] ਦੇ ਦਾਤਾਰ[79] ਸੁਆਮੀ[78] ਨੂੰ ਭੁਲਾਉਂਦਾ[76] ਹੈ, ਤੂੰ ਉਸ ਨੂੰ[80] ਨਿਕਰਮਣ[82] ਗਿਣ ਲੈ[81] । |
| ਚਰਨ[83] ਕਮਲ[84] ਜਾ ਕਾ ਮਨੁ ਰਾਗਿਓ[85] ਅਮਿਅ[86] ਸਰੋਵਰ[88] ਪਾਗਾ[89] ॥੧॥ | He, whose mind is in love[85] with the Lord's lotus[84] feet[83], obtains[89] the pool[88] of Nectar[86]. | ਜਿਸ ਦੇ ਚਿੱਤ ਦਾ ਪ੍ਰਭੂ ਦੇ ਚਰਨ[84] ਕੰਵਲਾਂ[83] ਨਾਲ ਪ੍ਰੇਮ[85] ਹੈ ਉਹ ਅੰਮ੍ਰਿਤ[86] ਦੇ ਸਰੋਵਰ[88] ਨੂੰ ਪਾ ਲੈਂਦਾ[89] ਹੈ । |
| ਤੇਰਾ ਜਨੁ[90] ਰਾਮ ਨਾਮ[91] ਰੰਗਿ[92] ਜਾਗਾ ॥ | Thy slave[90] awakes in the love[92] of the Lord's[91] Name. | ਤੇਰਾ ਗੋਲਾ[90] ਰਾਮ[91] ਨਾਮ ਦੇ ਪ੍ਰੇਮ[92]ਅੰਦਰ ਜਾਗਦਾ ਹੈ । |
| ਆਲਸੁ[93] ਛੀਜਿ ਗਇਆ[94] ਸਭੁ ਤਨ[95] ਤੇ ਪ੍ਰੀਤਮ[96] ਸਿਉ ਮਨੁ ਲਾਗਾ[97] ॥ ਰਹਾਉ॥ | All sloth[93] has departed[94] from his body[95] and his soul is attached[97] to the Beloved[96]. Pause. | ਉਸ ਦੇ ਸਰੀਰ[95] ਤੋਂ ਸਾਰੀ ਸੁਸਤੀ[93] ਦੂਰ ਹੋ ਗਈ[44] ਹੈ, ਅਤੇ ਉਸ ਦੀ ਜਿੰਦੜੀ ਪਿਆਰੇ[96] ਨਾਲ ਜੁੜ ਗਈ[97] ਹੈ । ਠਹਿਰਾਉ । |
| ਜਹਜਹ[98] ਪੇਖਉ[99] ਤਹ[100] ਨਾਰਾਇਣ[2] ਸਗਲ[3] ਘਟਾ[4] ਮਹਿ[5] ਤਾਗਾ[6] ॥ | Wherever[98] I see[99], there[100] is the Pervading[2] Lord, the string[6], in[5] which all[3] the hearts[4] are strung. | ਜਿੱਥੇ ਕਿਤੇ ਭੀ[98] ਮੈਂ ਵੇਖਦਾ[99]ਹਾਂ, ਉਥੇ[100]ਹੀ ਵਿਆਪਕ ਸੁਆਮੀ[2], ਮਾਲਾ ਦੇ ਧਾਗੇ[6] ਸਮਾਨ ਹੈ, ਜਿਸ ਵਿੱਚ[5] ਸਾਰੇ[3] ਦਿਲ[4] ਪਰੋਏ ਹੋਏ ਹਨ । |
| ਨਾਮ ਉਦਕੁ[7] ਪੀਵਤ[8] ਜਨ[9] ਨਾਨਕ ਤਿਆਗੇ[10] ਸਭਿ[12] [14]ਅਨੁਰਾਗਾ[13] ॥੨॥੧੬॥੪੭॥ | Drinking[8] the Name-water[7], slave[9] Nanak has forsaken[10] all[12] other[14] affections[13]. | ਹਰੀ ਨਾਮ ਦੇ ਪਾਣੀ[7] ਨੂੰ ਪੀ ਕੇ[8], ਗੋਲੇ[9] ਨਾਨਕ ਨੇ ਹੋਰ[14] ਸਾਰੀਆਂ[12] ਪ੍ਰੀਤਾਂ[13] ਛੱਡ ਦਿੱਤੀਆਂ[10] ਹਨ । |
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਿਸ਼ਾਹੀ । |
| ਕੋਈ ਐਸੋ ਰੇ ਸੁਖਹ ਦਾਈ[12] ਪ੍ਰਭ ਕੀ ਕਥਾ[13] ਸੁਨਾਈ[14] ਤਿਸੁ[15] ਭੇਟੇ[16] ਗਤਿ[17] ਹੋਇ ਹਮਾਰੀ[18] ॥੭॥ | Is there any bestower of peace[12], who may recite[11] to me the Gospel[13] of God ? Meeting[16] him[15], I[18] shall be emancipated[17]. | ਕੀ ਕੋਈ ਐਹੋ ਜੇਹਾ ਸੁਖ[12] ਦੇਣ ਵਾਲਾ ਹੈ, ਜੋ ਮੈਨੂੰ ਸੁਆਮੀ ਦੀ ਵਾਰਤਾ[13] ਸ੍ਰਵਣ ਕਰਾਵੇ[14] ? ਉਸ[15] ਨੂੰ ਮਿਲ ਕੇ[16] ਮੈਂ[18] ਬੰਦ-ਖ਼ਲਾਸ[17] ਹੋ ਵੰਞਾਗਾ। |
| [19]ਸੁਪ੍ਰਸੰਨ[20] ਗੋਪਾਲ[21] ਰਾਇ[22] ਕਾਟੈ ਰੇ ਬੰਧਨ[23] ਮਾਇ[24] ਗੁਰ ਕੈ ਸਬਦਿ[25] ਮੇਰਾ ਮਨੁ ਰਾਤਾ[26] ॥ | When God[21], the King[22], is supremely[19] pleased[20] with me, He breaks my bonds[23] of mammon[24] and then my soul is imbued[26] with the Guru's hymns[25]. | ਜਦ ਪ੍ਰਭੂ[21], ਪਾਤਿਸ਼ਾਹ[22] ਮੇਰੇ ਨਾਲ ਪਰਮ[19] ਖ਼ੁਸ਼[20] ਹੋ ਜਾਂਦਾ ਹੈ, ਉਹ ਮੇਰੀਆਂ ਮਾਇਆ[24] ਦੀਆਂ ਬੇੜੀਆਂ[23] ਨੂੰ ਕਟ ਦਿੰਦਾ ਹੈ, ਅਤੇ ਤਦ ਗੁਰਾਂ ਦੀ ਬਾਣੀ[25] ਨਾਲ ਮੇਰੀ ਆਤਮਾ ਰੰਗੀ ਜਾਂਦੀ[26] ਹੈ। |
| ਸਦਾ[27] ਸਦਾ ਆਨੰਦੁ[28] ਭੇਟਿਓ[29] ਨਿਰਭੈ[30] ਗੋਬਿੰਦੁ[31] ਸੁਖ[32] ਨਾਨਕ ਲਾਧੇ[34] ਹਰਿ ਚਰਨ[33] ਪਰਾਤਾ[35] ॥੮॥ | Meeting[29] my Fearless[30] Lord[31], I am ever[27], ever in bliss[28]. Falling[85] at the God's feet[33] Nanak has found[34] eternal peace[22]. | ਆਪਣੇ ਨਿਡਰ[30] ਪ੍ਰਭੂ[31] ਨੂੰ ਮਿਲ ਕੇ[29], ਮੈਂ ਹਮੇਸ਼ਾ[27], ਹਮੇਸ਼ਾ ਪ੍ਰਸੰਨਤਾ[28] ਅੰਦਰ ਵਸਦਾ ਹਾਂ। ਵਾਹਿਗੁਰੂ ਦੇ ਪੈਰੀਂ[33] ਪੈ[35] ਨਾਨਕ ਨੇ ਸਦੀਵੀ ਆਰਾਮ[32] ਪਾ ਲਿਆ[34] ਹੈ। |
| ਸਫਲ[36] ਸਫਲ ਭਈ[37] ਸਫਲ ਜਾਤ੍ਰਾ[38] ॥ | Fruitful[36], fruitful, fruitful has become[37] my life pilgrimage[38]. | ਫਲਦਾਇਕ[36] ਫਲਦਾਇਕ, ਫਲਦਾਇਕ ਹੋ ਗਈ[37] ਹੈ ਮੇਰੀ ਜੀਵਨ-ਯਾਤ੍ਰਾ[38]। |
| ਆਵਣ[39] ਜਾਣ[40] ਰਹੇ[41] ਮਿਲੇ[42] ਸਾਧਾ[43] ॥੧॥ ਰਹਾਉ ਦੂਜਾ ॥੧॥੩॥ | Meeting[42] with the Saint-Guru[43], my comings[39] and goings[40] have ended[41]. Pause 2nd. | ਸੰਤ-ਗੁਰਾਂ[43] ਨੂੰ ਭੇਟ ਕੇ[42], ਮੇਰਾ ਜਨਮ[39] ਅਤੇ ਮਰਨ[40] ਦਾ ਚੱਕਰ ਮੁਕ[41] ਗਿਆ ਹੈ। ਠਹਿਰਾਉ ਦੂਜਾ। |
| ਧਨਾਸਰੀ ਮਹਲਾ ੧ ਛੰਤ | Dhanasri Ist Guru, Chhant. | ਧਨਾਸਰੀ ਪਹਿਲੀ ਪਾਤਿਸ਼ਾਹੀ ਛੰਤ। |

| | | |
|---|---|---|
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਸੁਆਮੀ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ |
| ਤੀਰਥਿ[44] ਨਾਵਣ[45] ਜਾਉ ਤੀਰਥੁ ਨਾਮੁ ਹੈ ॥ | Why should I go to bathe[45] at the place of pilgrimage[44] ? God's Name is the real place of pilgrimage. | ਕਿਉਂ ਮੈਂ ਯਾਤ੍ਰਾ ਅਸਥਾਨ[44] ਤੇ ਇਸ਼ਨਾਨ[45] ਕਰਨ ਨੂੰ ਜਾਵਾਂ ? ਰੱਬ ਦਾ ਨਾਮ ਹੀ ਅਸਲ ਯਾਤ੍ਰਾ ਅਸਥਾਨ ਹੈ । |
| ਤੀਰਥੁ ਸਬਦ[46] ਬੀਚਾਰੁ[47] ਅੰਤਰਿ[48] ਗਿਆਨੁ[49] ਹੈ ॥ | My pilgrim stations are the Name's[46] meditation[47] and the inner[48] divine knowledge[49]. | ਮੇਰੇ ਯਾਤ੍ਰਾ-ਅਸਥਾਨ ਨਾਮ[46] ਦਾ ਸਿਮਰਨ[47] ਅਤੇ ਅੰਦਰਲਾ[48] ਬ੍ਰਹਮ-ਬੋਧ[49] ਹਨ । |
| ਗੁਰ ਗਿਆਨੁ[50] ਸਾਚਾ ਥਾਨੁ[51] ਤੀਰਥੁ[52] ਦਸ ਪੁਰਬ[53] ਸਦਾ[54] ਦਸਾਹਰਾ[55]॥ | The Guru-given gnosis[50] is the true place[51] of pilgrimage[52] where the ten festivals[53] are ever[54] obviously celebrated[55]. | ਗੁਰਾਂ ਦਾ ਦਿੱਤਾ ਹੋਇਆ ਬ੍ਰਹਮ ਬੋਧ[50] ਸੱਚਾ ਪਵਿੱਤਰ[52] ਅਸਥਾਨ[51] ਹੈ, ਜਿਥੇ ਹਮੇਸ਼ਾ[54] ਦਸ ਤਿਉਹਾਰ[53] ਪ੍ਰਗਟ ਹੀ ਮਨਾਏ ਜਾਂਦੇ[55] ਹਨ । |
| ਹਉ ਨਾਮੁ ਹਰਿ ਕਾ ਸਦਾ ਜਾਚਉ[56] ਦੇਹੁ[57] ਪ੍ਰਭ [58]ਧਰਣੀਧਰਾ[59] ॥ | I ever beg for[56] God's Name. Grant[57] me this boon, O Lord, the World[58]-Sustainer[59]. | ਮੈਂ ਹਮੇਸ਼ਾ ਵਾਹਿਗੁਰੂ ਦੇ ਨਾਮ ਨੂੰ ਮੰਗਦਾ[56] ਹਾਂ, ਮੈਨੂੰ ਇਹ ਪਰਦਾਨ ਕਰ[57], ਹੇ ਸ੍ਰਿਸ਼ਟੀ[58] ਨੂੰ ਥੰਮਣਹਾਰ[59] ਸੁਆਮੀ ! |
| ਸੰਸਾਰੁ[60] ਰੋਗੀ[61] ਨਾਮੁ ਦਾਰੂ[62] ਮੈਲੁ[63] ਲਾਗੈ[64] ਸਚ[65] ਬਿਨਾ[66] ॥ | The world[60] is ill[61], the Name is the cure-all[62]; without[66] the True Lord[65], the filth of sin[63] attaches[64] to it. | ਜਹਾਨ[60] ਬੀਮਾਰ[61] ਹੈ, ਨਾਮ ਦਵਾਈ[62] ਹੈ, ਸੱਚੇ ਸੁਆਮੀ[65] ਦੇ ਬਗੈਰ[66] ਇਸ ਨੂੰ ਪਾਪ ਦੀ ਗੰਦਗੀ[63] ਚਿਮੜ ਜਾਂਦੀ[64] ਹੈ । |
| ਗੁਰ ਵਾਕੁ[67] ਨਿਰਮਲੁ[68] ਸਦਾ[69] ਚਾਨਣੁ[70] ਨਿਤ[71] ਸਾਚੁ ਤੀਰਥੁ[72] ਮਜਨਾ[73]॥੧॥ | The Guru's word[67] is immaculate[68] and it ever[69] bestows light[70]. Always[71] bathe[73] thou in such a true place of pilgrimage[72]. | ਗੁਰਬਾਣੀ[67] ਪਵਿੱਤਰ[68] ਹੈ ਅਤੇ ਹਮੇਸ਼ਾ[69] ਹੀ ਪ੍ਰਕਾਸ਼[70] ਬਖਸ਼ਦੀ ਹੈ । ਤੂੰ ਸਦਾ[71] ਇਸ ਸੱਚੇ ਯਾਤ੍ਰਾ ਅਸਥਾਨ[72] ਵਿੱਚ ਇਸ਼ਨਾਨ[73] ਕਰ । |
| ਸਾਚਿ[74] ਨ ਲਾਗੈ[75] ਮੈਲੁ ਕਿਆ[76] ਮਲੁ ਧੋਈਐ[77] ॥ | Filth attaches[75] not to the true[74]: What[76] filth have they to wash off[77] ? | ਸਚਿਆਰਾਂ[74] ਨੂੰ ਮਲੀਣਤਾ ਚਿਮੜਦੀ[75] ਨਹੀਂ, ਉਨ੍ਹਾਂ ਨੇ ਕਿਹੜੀ[76] ਮਲੀਣਤਾ ਧੋਣੀ[77] ਹੈ । |
| ਗੁਣਹਿ[78] ਹਾਰੁ[79] ਪਰੋਇ[80] ਕਿਸ ਕਉ[81] ਰੋਈਐ[82] ॥ | If one twines[80] the garland[79] of virtues[78] for one self, what for[81] then one has to bewail[82] ? | ਜੇ ਤੂੰ ਆਪਣੇ ਲਈ ਨੇਕੀਆਂ[78] ਦੀ ਫੂਲਮਾਲਾ[79] ਗੁੰਦ ਲਵੇਂ[80] ਤਦ ਤੈਨੂੰ ਕਾਹਦੇ ਲਈ[81] ਵਿਰਲਾਪ[82] ਕਰਣਾ ਪਊਗਾ ? |
| ੬੮੮ | | |
| ਵੀਚਾਰਿ[83] ਮਾਰੈ[84] ਤਰੈ[85] ਤਾਰੈ[86] ਉਲਟਿ[87] ਜੋਨਿ[88] ਨ ਆਵਦੇ[89] ॥ | He, who by meditation[83], slays[84] his self, is saved[85] and saves[86] others and he enters[89] not existences[88] again[87]. | ਜੋ ਸਿਮਰਨ[83] ਦੁਆਰਾ ਆਪਣੇ ਆਪ ਨੂੰ ਮਾਰ ਲੈਂਦਾ[84] ਹੈ, ਉਹ ਬਚ ਜਾਂਦਾ[85] ਹੈ, ਅਤੇ ਹੋਰਨਾਂ ਨੂੰ ਭੀ ਬਚਾ ਲੈਂਦਾ[86] ਹੈ, ਅਤੇ ਉਹ ਮੁੜ ਕੇ[87] ਜੂਨੀਆਂ[88] ਵਿੱਚ ਨਹੀਂ ਪੈਂਦਾ[89]। |
| ਆਪਿ[90] ਪਾਰਸੁ[91] ਪਰਮ[92] ਧਿਆਨੀ[93] ਸਾਚੁ[94] ਸਾਚੇ[95] | The Supreme[92] contemplator[93] is himself[90] the philosopher's stone[91] | ਬੰਦਗੀ ਕਰਨ ਵਾਲਾ[93] ਮਹਾਨ[92] ਪੁਰਸ਼ ਖੁਦ[90] ਅਮੋਲਕ ਪਦਾਰਥ[91] ਹੈ । ਸਚਿਆਰੇ[94] ਸੱਚੇ ਸਾਂਈ[95] ਨੂੰ ਚੰਗੇ |

| | | |
|---|---|---|
| ਭਾਵਦੇ[96] ॥ | The true[94] are pleasing[96] to the True Lord[95]. | ਲਗਦੇ[96] ਹਨ । |
| ਆਨੰਦੁ[97] ਅਨਦਿਨੁ[98] ਹਰਖੁ[99] ਸਾਚਾ ਦੂਖ[100] ਕਿਲਵਿਖ[2] ਪਰਹਰੇ[3] ॥ | Night and day[98], he feels happiness[97] and true joy[99] and his sorrow[100] and sins[2] depart[3]. | ਰਾਤ ਦਿਨ[98] ਉਹ ਖ਼ੁਸ਼ੀ[97] ਤੇ ਸੱਚੀ ਪ੍ਰਸੰਨਤਾ[99] ਮਹਿਸੂਸ ਕਰਦਾ ਹੈ ਅਤੇ ਉਸ ਦੀ ਪੀੜ[100] ਤੇ ਪਾਪ[2] ਦੂਰ ਹੋ ਜਾਂਦੇ[3] ਹਨ । |
| ਸਚੁ ਨਾਮੁ ਪਾਇਆ[4] ਗੁਰਿ ਦਿਖਾਇਆ[5] ਮੈਲੁ[6] ਨਾਹੀ ਸਚ ਮਨੇ[7] ॥੨॥ | He attains[4] the True Name and beholds God, through[5] the Guru. No impurity[6] attaches to him, as the True Name abides in his mind[7]. | ਉਹ ਸੱਚੇ ਨਾਮ ਨੂੰ ਪ੍ਰਾਪਤ ਕਰ ਲੈਂਦਾ[4] ਹੈ, ਅਤੇ ਗੁਰੂ ਜੀ ਉਸ ਨੂੰ ਪ੍ਰਭੂ ਵਿਖਾਲ ਦਿੰਦੇ[5] ਹਨ । ਉਸ ਨੂੰ ਕੋਈ ਮਲੀਣਤਾ ਨਹੀਂ ਚਿਮੜਦੀ, ਕਿਉਂਕਿ ਸਤਿਨਾਮ ਉਸ ਦੇ ਰਿਦੇ[7] ਵਿੱਚ ਵਸਦਾ ਹੈ । |
| ਸੰਗਤਿ[8] ਮੀਤ[9] ਮਿਲਾਪੁ[10] ਪੂਰਾ[12] ਨਾਵਣੋ[13] ॥ | O friend[9], association[10] with the saints' congregation[8] is the perfect[12] ablution[13]. | ਹੇ ਮਿੱਤਰ[9] ! ਸਾਧ ਸੰਗਤ[8] ਅੰਦਰ ਜੁੜਨਾ[10] ਹੀ ਪੂਰਨ[12] ਇਸ਼ਨਾਨ[13] ਹੈ । |
| ਗਾਵੈ[14] ਗਾਵਣਹਾਰੁ[15] ਸਬਦਿ[16] ਸੁਹਾਵਣੋ[17] ॥ | The singer[15], who sings[14] the Lord's praise, is embellished[17] with His Name[16]. | ਗਾਉਣ ਵਾਲਾ[15], ਜੋ ਸੁਆਮੀ ਦੀ ਸਿਫਤ ਗਾਉਂਦਾ[14] ਹੈ, ਉਸ ਦੇ ਨਾਮ[16] ਨਾਲ ਸੁਸ਼ੋਭਤ ਹੋ ਜਾਂਦਾ[17] ਹੈ । |
| ਸਾਲਾਹਿ[18] ਸਾਚੇ[19] ਮੰਨਿ[20] ਸਤਿਗੁਰੁ ਪੁੰਨ[21] ਦਾਨ[22] ਦਇਆ[23] ਮਤੇ[24] ॥ | Believing[20] in the True Guru, praise[18] thou the True Lord[19]. In this is contained the merit of giving of alms[21] and charity[22] and the compassionate[23] nature[24]. | ਸੱਚੇ ਗੁਰਾਂ ਵਿੱਚ ਭਰੋਸਾ ਧਾਰ ਕੇ[20], ਤੂੰ ਸੱਚੇ ਸੁਆਮੀ[19] ਦੀ ਸਿਫਤ[18] ਕਰ । ਏਸੇ ਵਿੱਚ ਹੀ ਖ਼ੈਰਾਤ[21] ਤੇ ਸਖਾਵਤ[22] ਦਾ ਦੇਣਾਂ ਅਤੇ ਦਇਆਵਾਨ[23] ਸੁਭਾਵ[24] ਦੀਆਂ ਸਿਫਤਾਂ ਆ ਜਾਂਦੀਆ ਹਨ । |
| ਪਿਰ[25] ਸੰਗਿ[26] ਭਾਵੈ[27] ਸਹਜਿ[28] ਨਾਵੈ[29] ਬੇਣੀ ਤ[30] ਸੰਗਮੁ[31] ਸਤ ਸਤੇ[32] ॥ | The truest of the true[32], who loves[27] the society[26] of her Beloved[25] Lord[28], is deemed to bathe[29] at the Triveni[30], the confluence[31] of Ganga, Jamna and Saraswati. | ਸਚਿਆਰਾ ਦੀ ਸਚਿਆਰ[32], ਜੋ ਆਪਣੇ ਪ੍ਰੀਤਮ[25] ਸੁਆਮੀ[28] ਦੀ ਸੰਗਤ[26] ਨੂੰ ਪਿਆਰ ਕਰਦੀ[27] ਹੈ, ਤ੍ਰਿਵੇਣੀ[30], ਗੰਗਾ, ਜਮਨਾ ਤੇ ਸੁਰਸਤੀ ਦੇ ਮਿਲਾਪ ਅਸਥਾਨ[31] ਤੇ ਇਸ਼ਨਾਨ ਕਰਦੀ[29] ਜਾਣੀ ਜਾਦੀ ਹੈ । |
| ਆਰਾਧਿ[33] ਏਕੰਕਾਰੁ[34] ਸਾਚਾ[35] ਨਿਤ[36] ਦੇਇ[37] ਚੜੈ ਸਵਾਇਆ[38] ॥ | Meditate[33] thou on One[34] True Lord[35], who ever[36] gives[37] and whose gifts ever increase[38]. | ਤੂੰ ਕੇਵਲ ਇਕ[34] ਸੱਚੇ ਸੁਆਮੀ[35] ਦਾ ਹੀ ਸਿਮਰਨ[33] ਕਰ ਜੋ ਸਦਾ[36] ਹੀ ਦਿੰਦਾ[37] ਹੈ ਤੇ ਜਿਸ ਦੀਆ ਦਾਤਾਂ ਸਦੀਵ ਹੀ ਵਧੇਰੀਆਂ ਹੁੰਦੀਆਂ ਜਾਦੀਆਂ[38] ਹਨ । |
| ਗਤਿ[39] ਸੰਗਿ[40] ਮੀਤਾ[41] ਸੰਤ ਸੰਗਤਿ[42] ਕਰਿ[43] ਨਦਰਿ[44] ਮੇਲਿ[45] ਮਿਲਾਇਆ[46] ॥੩॥ | O friend[41], salvation[39] is obtained by associating[40] with the society of saints[42]. Showing[43] His mercy[44], the Lord unites[46] man in His union[45]. | ਹੇ ਮਿੱਤ੍ਰ[41] ! ਸਾਧ ਸੰਗਤ[42] ਨਾਲ ਜੁੜਨ ਦੁਆਰਾ[40] ਮੋਖ਼ਸ਼[39] ਪ੍ਰਾਪਤ ਹੁੰਦੀ ਹੈ । ਆਪਣੀ ਰਹਿਮਤ[44] ਧਾਰ ਕੇ[43], ਸੁਆਮੀ ਬੰਦੇ ਨੂੰ ਆਪਣੇ ਮਿਲਾਪ[45] ਅੰਦਰ ਮਿਲਾ ਲੈਂਦਾ[46] ਹੈ । |
| ਕਹਣੁ[47] ਕਹੈ[48] ਸਭੁ ਕੋਇ[49] ਕੇਵਡੁ[50] ਆਖੀਐ[51] ॥ | All[49] utter[48] the Lord's discourse[47]. How great[50] should I say[51], He is? | ਸਾਰੇ[49] ਹੀ ਸਾਹਿਬ ਦਾ ਭਾਸ਼ਨ[47] ਉਚਾਰਦੇ[48] ਹਨ । ਮੈਂ ਉਸ ਨੂੰ ਕਿੰਨਾ ਕੁ ਵੱਡਾ[50] ਵਰਣਨ ਕਰਾਂ[51] ? |
| ਹਉ[52] ਮੂਰਖੁ[53] ਨੀਚੁ[54] | I[52] am unwise[53], low[54] and ignorant[55] | ਮੈਂ[52] ਮੂੜ੍ਹ[53], ਅਧਮ[54] ਤੇ ਬੇਸਮਝ[55] ਹਾਂ, ਗੁਰਾਂ ਦੀ |

| | | |
|---|---|---|
| ਅਜਾਣੁ[55] ਸਮਝਾ[56] ਸਾਖੀਐ[57] ॥ | and it is through the Guru's instruction[57] that I understand[56] Him. | ਸਿਖਿਆ[57] ਦੁਆਰਾ ਹੀ ਮੈਂ ਉਸ ਨੂੰ ਸਮਝਦਾ[56] ਹਾਂ । |
| ਸਚੁ ਗੁਰ ਕੀ ਸਾਖੀ[58] ਅੰਮ੍ਰਿਤੁ[59] ਭਾਖੀ[60] ਤਿਤੁ[61] ਮਨੁ[62] ਮਾਨਿਆ[63] ਮੇਰਾ ॥ | True is the teaching[58] of the Guru, whose words[60] are Nectar-like[59]. With them[61] my mind[62] is pleased[63]. | ਸੱਚਾ ਹੈ ਉਪਦੇਸ਼[58] ਗੁਰਾਂ ਦਾ, ਜਿਨ੍ਹਾਂ ਦੇ ਬਚਨ[60] ਅੰਮ੍ਰਿਤ-ਸਰੂਪ ਹਨ[59] । ਉਨ੍ਹਾਂ[61] ਨਾਲ ਮੇਰਾ ਚਿੱਤ[62] ਪਤੀਜ ਗਿਆ[63] ਹੈ । |
| ਕੂਚੁ ਕਰਹਿ[64] ਆਵਹਿ[65] ਬਿਖੁ[66] ਲਾਦੇ[67] ਸਬਦਿ[68] ਸਚੈ ਗੁਰੁ ਮੇਰਾ[69] ॥ | Laden[67] with sin[66], men depart[64] and then return[66]. The True Lord[68] is obtained through my[69] Guru. | ਪਾਪਾਂ[66] ਨਾਲ ਲਦੇ ਹੋਏ[67] ਬੰਦੇ ਮਰਦੇ[64] ਅਤੇ ਜੰਮਦੇ[65] ਹਨ । ਸੱਚਾ ਸੁਆਮੀ[68] ਮੈਂਡੇ[69] ਗੁਰਾਂ ਦੇ ਰਾਹੀਂ ਪਾਇਆ ਜਾਂਦਾ ਹੈ । |
| ਆਖਣਿ[70] ਤੋਟਿ[71] ਨ ਭਗਤਿ[72] ਭੰਡਾਰੀ[73] ਭਰਿਪੁਰਿ[74] ਰਹਿਆ ਸੋਈ[75] ॥ | There is no end[71] to narration[70] of the Lord's glory and the treasures[73] of His devotion[72] He[75] is fully pervading[74] everywhere. | ਸਾਂਈਂ ਦੀ ਉਸਤਤਿ[70] ਕਰਨ ਦਾ ਕੋਈ ਅੰਤ[71] ਨਹੀਂ ਅਤੇ ਨਾ ਹੀ ਉਸ ਦੀ ਭਗਤੀ[72] ਦੇ ਖ਼ਜ਼ਾਨੇ[73] ਦਾ । ਉਹ[75] ਹਰ ਥਾਂ ਪੂਰੀ ਤਰ੍ਹਾਂ ਵਿਆਪਕ[74] ਹੋ ਰਿਹਾ ਹੈ । |
| ਨਾਨਕ ਸਾਚੁ ਕਹੈ ਬੇਨੰਤੀ[76] ਮਨੁ[79] ਮਾਜੈ[77] ਸਚੁ ਸੋਈ[78] ॥ ੪॥੧॥ | Nanak makes a true supplication[76];- He[78], who cleanses[77] his heart[79] becomes truthful. | ਨਾਨਕ ਸੱਚੀ ਪ੍ਰਾਰਥਨਾ[76] ਕਰਦਾ ਹੈ; ਜੋ ਆਪਣਾ ਦਿਲ[79] ਸਾਫ਼ ਕਰਦਾ[77] ਹੈ, ਉਹ[78] ਸੱਚਾ ਥੀ ਵੰਞਦਾ ਹੈ । |
| ਧਨਾਸਰੀ ਮਹਲਾ ੧ ॥ | Dhanasri Ist Guru. | ਧਨਾਸਰੀ ਪਹਿਲੀ ਪਾਤਸ਼ਾਹੀ । |
| ਜੀਵਾ[80] ਤੇਰੈ ਨਾਇ ਮਨਿ ਆਨੰਦੁ[81] ਹੈ ਜੀਉ ॥ | I live[80] by Thine Name and my mind is in bliss[81], O Lord. | ਮੈਂ ਤੇਰੇ ਨਾਮ ਦੁਆਰਾ ਜੀਉਂਦਾ[80] ਹਾਂ, ਅਤੇ ਮੇਰੇ ਚਿੱਤ ਅੰਦਰ ਖ਼ੁਸ਼ੀ[81] ਵਸਦੀ ਹੈ, ਹੇ ਸੁਆਮੀ ! |
| ਸਾਚੋ[82] ਸਾਚਾ[83] ਨਾਉ ਗੁਣ[84] ਗੋਵਿੰਦੁ[85] ਹੈ ਜੀਉ ॥ | True[83] is the Name and the praise[84] of the True[82] Lord[85]. | ਸੱਚਾ[83] ਹੈ ਨਾਮ ਅਤੇ ਜੱਸ[84] ਸੱਚੇ[82] ਸਾਹਿਬ[85] ਦਾ । |
| ਗੁਰ ਗਿਆਨੁ[86] ਅਪਾਰਾ[87] ਸਿਰਜਣਹਾਰਾ[88] ਜਿਨਿ[89] ਸਿਰਜੀ[90] ਤਿਨਿ[91] ਗੋਈ[92] ॥ | Infinite[87] is the gnosis[86] of the Guru. The Creator[88], who[89] creates[90] the world, He[91] also destroys[92] it. | ਬੇਅੰਤ[87] ਹੈ ਬ੍ਰਹਮ ਵੀਚਾਰ[86] ਗੁਰਾਂ ਦੀ । ਕਰਤਾਰ[88] ਜੋ[89] ਸ੍ਰਿਸ਼ਟੀ ਸਾਜਦਾ[90] ਹੈ, ਉਹ[91] ਇਸ ਨੂੰ ਨਾਸ ਭੀ ਕਰ ਦਿੰਦਾ[92] ਹੈ । |
| ਪਰਵਾਣਾ[95] ਆਇਆ[93] ਹੁਕਮਿ[94] ਪਠਾਇਆ[96] ਫੇਰਿ[97] ਨ ਸਕੈ ਕੋਈ ॥ | When death's call[95], sent[96] by the Lord's command[94], is received[93], none can challenge[97] it. | ਜਦ ਸਾਹਿਬ ਦੇ ਫ਼ੁਰਮਾਨ[94] ਦੁਆਰਾ ਭੇਜਿਆ ਹੋਇਆ[96] ਮੌਤ ਦਾ ਸੱਦਾ[95] ਆ ਜਾਂਦਾ[93] ਹੈ । ਕੋਈ ਭੀ ਇਸ ਨੂੰ ਮੋੜ ਨਹੀਂ ਸਕਦਾ[97] । |
| ਆਪੇ[98] ਕਰਿ[99] ਵੇਖੈ[100] ਸਿਰਿ ਸਿਰਿ[2] ਲੇਖੈ[3] ਆਪੇ ਸੁਰਤਿ[4] ਬੁਝਾਈ[5] ॥ | He Himself[98] creates[99] the world and takes care[100] of it. Over all the heads[2] is His writ[3] and He Himself imparts[5] understanding[4]. | ਉਹ ਖ਼ੁਦ[98] ਸ੍ਰਿਸ਼ਟੀ ਨੂੰ ਸਾਜਦਾ[99] ਤੇ ਇਸ ਦੀ ਸੰਭਾਲ ਕਰਦਾ[100] ਹੈ । ਸਾਰਿਆਂ ਸੀਸਾਂ[2] ਉਤੇ ਉਸ ਦੀ ਲਿਖਤਾਕਾਰ[3] ਹੈ, ਅਤੇ ਉਹ ਖ਼ੁਦ ਹੀ ਸਮਝ[4] ਦਰਸਾਉਂਦਾ[5] ਹੈ । |
| ਨਾਨਕ ਸਾਹਿਬੁ ਅਗਮੁ[6] ਅਗੋਚਰੁ[7] ਜੀਵਾ[8] ਸਚੀ ਨਾਈ[9] ॥੧॥ | Nanak, unreachable[6] and unfathomable[7] is the Lord and I live[8] by His True Name. | ਨਾਨਕ ਪਹੁੰਚ ਤੋਂ ਪਰੇ[6] ਤੇ ਅਗਾਧ[7] ਹੈ ਸੁਆਮੀ । ਮੈਂ ਉਸ ਦੇ ਸੱਚੇ ਨਾਮ[9] ਦੁਆਰਾ ਜੀਉਂਦਾ[8] ਹਾਂ । |
| ਤੁਮ ਸਰਿ[10] ਅਵਰੁ[12] ਨ | None else[12] equals[10] Thee, O Lord, | ਹੋਰ[12] ਤੇਰੇ ਤੁਲ[10] ਕੋਈ ਭੀ ਨਹੀਂ, ਹੇ ਸੁਆਮੀ ! ਬਾਕੀ |

| | | |
|---|---|---|
| ਕੋਇ ਆਇਆ ਜਾਇਸੀ[13] ਜੀਉ ॥ | All others continue coming and going[13]. | ਸਾਰੇ ਆਉਂਦੇ ਤੇ ਜਾਂਦੇ[13] ਰਹਿੰਦੇ ਹਨ । |
| ਹੁਕਮੀ[14] ਹੋਇ ਨਿਬੇੜੁ[15] ਭਰਮੁ[16] ਚੁਕਾਇਸੀ[17] ਜੀਉ ॥ | By Thine command[14] the account is settled[15] and the doubt[16] is dispelled[17]. | ਤੇਰੇ ਫ਼ੁਰਮਾਨ[14] ਦੁਆਰਾ ਲੇਖਾ ਪੱਤਾ ਮੁੱਕ ਜਾਂਦਾ[15] ਹੈ ਅਤੇ ਸੰਦੇਹ[16] ਦੂਰ ਥੀ ਵੰਞਦਾ[17] ਹੈ । |
| ਗੁਰੁ ਭਰਮੁ ਚੁਕਾਏ ਅਕਥੁ[18] ਕਹਾਏ[19] ਸਚ ਮਹਿ[21] ਸਾਚੁ[20] ਸਮਾਣਾ[22] ॥ | The Guru dispels the doubt and makes man utter[10] the Ineffable[18] Lord. In[21] truth the true one[20] is absorbed[22]. | ਗੁਰੂ ਜੀ ਵਹਿਮ ਦੂਰ ਕਰ ਦਿੰਦੇ ਹਨ ਅਤੇ ਬੰਦੇ ਪਾਸੋਂ ਅਕਹਿ[18] ਸੁਆਮੀ ਦਾ ਉਚਾਰਨ[19] ਕਰਵਾਉਂਦੇ ਹਨ । ਸੱਚ ਅੰਦਰ[21] ਸੱਚਾ ਪੁਰਸ਼[20] ਲੀਨ[22] ਹੋ ਜਾਂਦਾ ਹੈ । |
| ਆਪਿ[23] ਉਪਾਏ[24] ਆਪਿ ਸਮਾਏ[25] ਹੁਕਮੀ[26] ਹੁਕਮੁ[27] ਪਛਾਣਾ[28] ॥ | He Himself[23] creates[24] and Himself destroys[25]. I realise[28] the command[27] of the Commander[26]. | ਉਹ ਆਪੇ[23] ਰਚਦਾ[24] ਅਤੇ ਆਪੇ ਹੀ ਨਾਸ ਕਰਦਾ[25] ਹੈ । ਮੈਂ ਫ਼ੁਰਮਾਨ ਵਾਲੇ[26] (ਵਾਹਿਗੁਰੂ) ਦੇ ਫ਼ੁਰਮਾਨ[27] ਨੂੰ ਅਨੁਭਵ ਕਰਦਾ[28] ਹਾਂ । |
| ਸਚੀ ਵਡਿਆਈ[29] ਗੁਰ ਤੇ[30] ਪਾਈ ਤੂ ਮਨਿ[31] ਅੰਤਿ[32] ਸਖਾਈ[33] ॥ | True greatness[29] is obtained through[30] the Guru. Thou alone, O Lord, art the soul's[31] succourer[35] in the end[32]. | ਸੱਚੀ ਬਜ਼ੁਰਗੀ[29] ਗੁਰਾਂ ਦੇ ਰਾਹੀਂ[30] ਪ੍ਰਾਪਤ ਹੁੰਦੀ ਹੈ । ਤੂੰ ਹੀ, ਹੇ ਸੁਆਮੀ ! ਅਖ਼ੀਰ[32] ਨੂੰ ਜਿੰਦੜੀ[31] ਦਾ ਸਹਾਇਕ[33] ਹੈਂ । |
| ਨਾਨਕ ਸਾਹਿਬੁ ਅਵਰੁ[34] ਨ ਦੂਜਾ ਨਾਮਿ ਤੇਰੈ ਵਡਿਆਈ[35] ॥੨॥ | There is no other[34] besides Thee, O Lord. Through Thy Name alone, glory[84] is obtained. | ਤੇਰੇ ਬਗੈਰ ਹੋਰ ਕੋਈ[34] ਨਹੀਂ, ਹੇ ਸੁਆਮੀ ! ਤੇਰੇ ਨਾਮ ਰਾਹੀਂ ਹੀ ਪ੍ਰਭਤਾ[35] ਪ੍ਰਾਪਤ ਹੁੰਦੀ ਹੈ । |
| ਤੂ ਸਚਾ ਸਿਰਜਣਹਾਰੁ[36] ਅਲਖ[37] ਸਿਰੰਦਿਆ[38] ਜੀਉ ॥ | Thou art the True Creator[36] and the unknowable[37] Maker[83]. | ਤੂੰ ਸੱਚਾ ਕਰਤਾਰ[36] ਅਤੇ ਅਗਾਧ[37] ਰਚਨਹਾਰ[38] ਹੈਂ । |
| ਏਕੁ ਸਾਹਿਬੁ ਦੁਇ[39] ਰਾਹ[40] ਵਾਦ[41] ਵਧੰਦਿਆ[42] ਜੀਉ ॥ | There is but One Lord. Spiritualism and materialism are the two[39] ways[40] by which the strifes[41] multiply[42]. | ਸੁਆਮੀ ਕੇਵਲ ਇੱਕ ਹੀ ਹੈ । ਖ਼ੁਦਾ-ਪ੍ਰਸਤੀ ਤੇ ਮਾਦਾ-ਪ੍ਰਸਤੀ ਦੋ[39] ਰਸਤੇ[40] ਹਨ, ਜਿਸ ਦੁਆਰਾ ਝਗੜੇ[41] ਵਧਦੇ[42] ਹਨ । |
| ਦੁਇ ਰਾਹ ਚਲਾਏ[43] ਹੁਕਮਿ[44] ਸਬਾਏ[45] ਜਨਮਿ[46] ਮੁਆ[47] ਸੰਸਾਰਾ[48] ॥ | By His will[44], the Lord makes all[45] walk[43] in these two ways. The world[48] is subject to birth[46] and death[47]. | ਆਪਣੀ ਰਜ਼ਾ[44] ਦੁਆਰਾ ਸੁਆਮੀ ਸਾਰਿਆਂ[45] ਨੂੰ ਏਨ੍ਹਾ ਦੋਹਾਂ ਰਸਤਿਆਂ ਵਿੱਚ ਟੋਰਦਾ[43] ਹੈ । ਜੱਗ[48] ਜੰਮਣ[46] ਤੇ ਮਰਨ[47] ਦੇ ਅਧੀਨ ਹੈ । |
| ਨਾਮ ਬਿਨਾ[49] ਨਾਹੀ ਕੋ ਬੇਲੀ[50] ਬਿਖੁ[51] ਲਾਦੀ[52] ਸਿਰਿ[53] ਭਾਰਾ[54] ॥ | Without[49] the Name, the mortal has no friend[50]. In vain he carries[52] the load[54] of sins[51] on his head[53]. | ਨਾਮ ਦੇ ਬਗੈਰ[49] ਪ੍ਰਾਨੀ ਦਾ ਕੋਈ ਯਾਰ[50] ਨਹੀਂ, ਉਹ ਏਵੇਂ ਹੀ ਆਪਣੇ ਸੀਸ[53] ਤੇ ਪਾਪਾਂ[51] ਦਾ ਬੋਝ[54] ਚੁੱਕੀ ਫਿਰਦਾ[52] ਹੈ । |
| ਹੁਕਮੀ[55] ਆਇਆ ਹੁਕਮੁ ਨ ਬੂਝੈ[56] ਹੁਕਮਿ ਸਵਾਰਣਹਾਰਾ[57] ॥ | In the Lord's will[55] comes the man but His will he understands[56] not. His will alone is the man's embellisher[57], | ਸਾਹਿਬ ਦੀ ਰਜ਼ਾ[55] ਅੰਦਰ ਬੰਦਾ ਆਉਂਦਾ ਹੈ, ਪ੍ਰੰਤੂ ਉਸ ਦੀ ਰਜ਼ਾ ਨੂੰ ਉਹ ਸਮਝਦਾ[56] ਨਹੀਂ । ਕੇਵਲ ਉਸ ਦੀ ਰਜ਼ਾ ਹੀ ਬੰਦੇ ਨੂੰ ਸ਼ਸ਼ੋਭਤ ਕਰਨ ਵਾਲੀ[57] ਹੈ । |
| ਨਾਨਕ ਸਾਹਿਬੁ ਸਬਦਿ[58] ਸਿਞਾਪੈ[59] ਸਾਚਾ ਸਿਰਜਣਹਾਰਾ[60] ॥੩॥ | Nanak, through the Name[58], the True Creator[60] Lord is recognised[59]. | ਨਾਨਕ ਨਾਮ ਦੇ ਰਾਹੀਂ[58] ਸੱਚਾ ਰਚਨਹਾਰ[60] ਸੁਆਮੀ ਸਿੰਞਾਣਿਆ ਜਾਂਦਾ[59] ਹੈ । |

| | | |
|---|---|---|
| ਭਗਤ[61] ਸੋਹਹਿ[12] ਦਰਵਾਰਿ[63] ਸਬਦਿ[64] ਸੁਹਾਇਆ[65] ਜੀਉ ॥ | Embellished[36] with Thy Name[64], O Lord, Thine saints[61] look beauteous[62] in Thy court[63]. | ਤੇਰੇ ਨਾਮ[64] ਨਾਲ ਸ਼ਸ਼ੋਭਤ ਹੋਏ ਹੋਏ[65], ਹੇ ਸੁਆਮੀ ! ਤੇਰੇ ਸਾਧੂ[61] ਤੇਰੇ ਦਰਬਾਰ[63] ਅੰਦਰ ਸੋਹਣੇ[62] ਲਗਦੇ ਹਨ । |
| ਬੋਲਹਿ[66] ਅੰਮ੍ਰਿਤ[67] ਬਾਣਿ[68] ਰਸਨ[69] ਰਸਾਇਆ[70] ਜੀਉ ॥ | They recite[66] the ambrosial[67] Gurbani[68] and their tongue[69] they sweeten[70] therewith. | ਉਹ ਅੰਮ੍ਰਿਤਮਈ[67] ਗੁਰਬਾਣੀ[68] ਨੂੰ ਉਚਾਰਦੇ[66] ਹਨ ਅਤੇ ਆਪਣੀ ਜੀਭਾ[69] ਨੂੰ ਉਸ ਨਾਲ ਮਿੱਠਾ[70] ਕਰਦੇ ਹਨ । |
| ਰਸਨ ਰਸਾਏ[71] ਨਾਮਿ ਤਿਸਾਏ[72] ਗੁਰ ਕੈ ਸਬਦਿ[73] ਵਿਕਾਣੇ[74] ॥ | Sweet[71] is their tongue, they thirst[72] for the Name and are a sacrifice[74] unto the Guru's word[73]. | ਮਿੱਠੀ[71] ਹੈ ਉਨ੍ਹਾਂ ਦੀ ਜੀਭਾ, ਉਹ ਨਾਮ ਦੇ ਲਈ ਪਿਆਸੇ[72] ਹਨ ਅਤੇ ਗੁਰਾਂ ਦੀ ਬਾਣੀ[73] ਉਤੋਂ ਸਦਕੇ ਜਾਂਦੇ[74] ਹਨ । |
| ਪਾਰਸਿ[75] ਪਰਸਿਐ[76] ਪਾਰਸੁ ਹੋਏ[77] ਜਾ[38] ਤੇਰੈ ਮਨਿ[79] ਭਾਣੇ[80] ॥ | When[78] they become pleasing[80] to Thy mind[79], O Lord, they themselves become[77] philosopher's stone, by coming in contact[76] with the Philosopher's stone[75]. | ਜਦ[78] ਉਹ ਤੇਰੇ ਚਿੱਤ[79] ਨੂੰ ਚੰਗੇ ਲਗਦੇ[80] ਹਨ, ਹੇ ਸਾਂਈਂ ! ਉਹ ਅਮੋਲਕ ਪਦਾਰਥ[75] ਨਾਲ ਲਗ ਕੇ[76] ਖੁਦ ਅਮੋਲਕ ਪਦਾਰਥ ਬਣ ਜਾਂਦੇ[77] ਹਨ । |
| ੬੮੯ | | |
| ਅਮਰਾ[81] ਪਦੁ[82] ਪਾਇਆ[83] ਆਪੁ[84] ਗਵਾਇਆ[85] ਵਿਰਲਾ[86] ਗਿਆਨ[87] ਵੀਚਾਰੀ[88] ॥ | They still[85] their ego[84], and attain[83] to the immortal[81] status[82] but rare[86] is the person, who reflects[88] on this Divine knowledge[87]. | ਉਹ ਆਪਣੀ ਸਵੈ-ਹੰਗਤਾ[84] ਨੂੰ ਮਾਰ[85], ਅਬਿਨਾਸੀ[81] ਦਰਜੇ[82] ਨੂੰ ਪ੍ਰਾਪਤ[83] ਕਰ ਲੈਂਦੇ ਹਨ । ਕੋਈ ਟਾਂਵਾਂ ਟੱਲਾ[86] ਪੁਰਸ਼ ਹੀ ਇਸ ਬ੍ਰਹਮ ਗਿਆਨ[87] ਨੂੰ ਵੀਚਾਰਦਾ[88] ਹੈ । |
| ਨਾਨਕ ਭਗਤ ਸੋਹਨਿ[89] ਦਰਿ[90] ਸਾਚੈ ਸਾਚੇ[91] ਕੇ ਵਾਪਾਰੀ[92] ॥੪॥ | Nanak, the saints, who are the dealers[92] of the True Name[91], look beauteous[89] at the True Gate[90]. | ਨਾਨਕ, ਸੱਚੇ ਨਾਮ[91] ਦੇ ਵਣਜਾਰੇ[92], ਸਾਧੂ, ਸੱਚੇ ਦਰਵਾਜ਼ੇ[90] ਉਤੇ ਸੁੰਦਰ[89] ਲਗਦੇ ਹਨ । |
| ਭੂਖ[93] ਪਿਆਸੋ[94] ਆਥਿ[95] ਕਿਉ[96] ਦਰਿ[97] ਜਾਇਸਾ[98] ਜੀਉ ॥ | I hunger[93] and thirst[94] for worldly valuables[95]. How[96] can I then go[98] to the Lord's court[97] ? | ਮੈਨੂੰ ਸੰਸਾਰੀ ਪਦਾਰਥਾਂ[95] ਦੀ ਭੁੱਖ[93] ਅਤੇ ਤ੍ਰੇਹ[94] ਹੈ । ਮੈਂ ਕਿਸ ਤਰ੍ਹਾਂ[96] ਸੁਆਮੀ ਦੇ ਦਰਬਾਰ[97] ਵਿੱਚ ਜਾ ਸਕਦਾ[98] ਹਾਂ ? |
| ਸਤਿਗੁਰ ਪੂਛਉ[99] ਜਾਇ[100] ਨਾਮੁ ਧਿਆਇਸਾ[2] ਜੀਉ ॥ | I shall go[100] and consult[99] the True Guru and shall deliberate[2] over the Lord's Name. | ਮੈਂ ਜਾ ਕੇ[100] ਸੱਚੇ ਗੁਰਾਂ ਦਾ ਮਸ਼ਵਰਾ[99] ਲਵਾਂਗਾ ਅਤੇ ਸੁਆਮੀ ਦੇ ਨਾਮ ਦਾ ਸਿਮਰਨ[2] ਕਰਾਂਗਾ । |
| ਸਚੁ ਨਾਮੁ ਧਿਆਈ[3] ਸਾਚੁ ਚਵਾਈ[4] ਗੁਰਮੁਖਿ[5] ਸਾਚੁ ਪਛਾਣਾ[6] ॥ | I remember[3] the True Name, utter[4] the True Name and, through the Guru[5], know[6] the True Name | ਮੈਂ ਸੱਚੇ ਨਾਮ ਨੂੰ ਆਰਾਧਦਾ[3] ਹਾਂ, ਸੱਚੇ ਨਾਮ ਨੂੰ ਉਚਾਰਦਾ ਹਾਂ ਅਤੇ ਸੱਚੇ ਨਾਮ ਨੂੰ ਹੀ ਗੁਰਾਂ[5] ਦੇ ਰਾਹੀਂ ਜਾਣਦਾ[6] ਹਾਂ । |
| ਦੀਨਾ[7] ਨਾਥੁ[8] ਦਇਆਲੁ[9] ਨਿਰੰਜਨੁ[10] ਅਨਦਿਨੁ[12] ਨਾਮੁ ਵਖਾਣਾ[13] ॥ | Night and day[12], I utter[13] the Name of the Beneficent[9], Immaculate Lord[10], the Master[8] of the meek[7]. | ਰਾਤ ਦਿਨ[12] ਮੈਂ ਮਸਕੀਨਾਂ[7] ਦੇ ਮਾਲਕ[8], ਮਿਹਰਬਾਨ[9] ਤੇ ਪਵਿੱਤਰ ਸੁਆਮੀ[10] ਦੇ ਨਾਮ ਦਾ ਉਚਾਰਨ ਕਰਦਾ[13] ਹਾਂ । |

| | | |
|---|---|---|
| ਕਰਣੀ[14] ਕਾਰ[15] ਧੁਰਹੁ[16] ਫੁਰਮਾਈ[17] ਆਪਿ[18] ਮੂਆ[19] ਮਨੁ[20] ਮਾਰੀ[21] ॥ | This task[15], the Primal Being[16] has enjoined[17] man to do[14]. In this way the ego[18] is stilled[19] and the mind[20] is subdued[21]. | ਇਹ ਕਾਰਜ[15], ਆਦਿ ਪੁਰਖ[16] ਨੇ ਇਨਸਾਨ ਨੂੰ ਕਰਨ[14] ਦੀ ਆਗਿਆ[17] ਕੀਤੀ ਹੈ। ਇਸ ਤਰ੍ਹਾਂ ਸਵੈ-ਹੰਗਤਾ[18] ਮਿਟ ਜਾਂਦੀ[19] ਹੈ ਤੇ ਮਨ[20] ਕਾਬੂ ਆ ਜਾਂਦਾ[21] ਹੈ। |
| ਨਾਨਕ ਨਾਮੁ ਮਹਾ[22] ਰਸੁ[23] ਮੀਠਾ[24] ਤ੍ਰਿਸਨਾ[25] ਨਾਮਿ ਨਿਵਾਰੀ[26] ॥੫॥੨॥ | Nanak, supremely[22] sweet[24] is the Name-Nectar[23] and it is through the Name, that the desire[25] is stilled[26]. | ਨਾਨਕ, ਪਰਮ[22] ਮਿਠਾ[24] ਹੈ ਨਾਮ-ਅੰਮ੍ਰਿਤ[23]। ਨਾਮ ਦੇ ਰਾਹੀਂ ਹੀ ਵਧੀ ਖ਼ਾਹਿਸ਼[25] ਨਵਿਰਤ ਹੁੰਦੀ[26] ਹੈ। |
| ਧਨਾਸਰੀ ਛੰਤ ਮਹਲਾ ੧ ॥ | Dhanasri 1st Guru. | ਧਨਾਸਰੀ ਪਹਿਲੀ ਪਾਤਿਸ਼ਾਹੀ। |
| ਪਿਰ[27] ਸੰਗਿ[28] ਮੂਠੜੀਏ[29] ਖਬਰਿ[30] ਨ ਪਾਈਆ ਜੀਉ ॥ | O beguiled[29] bride, thy Beloved[27] is with[28] thee, but thou hast no knowledge[30] of it. | ਹੇ ਠੱਗੀ ਹੋਈ[29] ਪਤਨੀਏ! ਤੇਰਾ ਪ੍ਰੀਤਮ[27] ਤੇਰੇ ਨਾਲ[28] ਹੈ ਪਰ ਤੈਨੂੰ ਤਾਂ ਇਸ ਦਾ ਪਤਾ[30] ਤਕ ਨਹੀਂ। |
| ਮਸਤਕਿ[31] ਲਿਖਿਅੜਾ[32] ਲੇਖੁ[33] ਪੁਰਬਿ[34] ਕਮਾਇਆ[35] ਜੀਉ ॥ | According to thine past[34] deeds[35], the destiny[33] is writ[32] on thy forehead[31]. | ਤੇਰੇ ਪਿਛਲੇ[34] ਅਮਲਾਂ[35] ਦੇ ਅਨੁਸਾਰ, ਤੇਰੇ ਮੱਥੇ[31] ਉੱਤੇ ਪਰਾਲਬਧ[33] ਲਿਖੀ ਹੋਈ[32] ਹੈ। |
| ਲੇਖੁ ਨ[36] ਮਿਟਈ[37] ਪੁਰਬਿ[38] ਕਮਾਇਆ[39] ਕਿਆ[40] ਜਾਣਾ ਕਿਆ ਹੋਸੀ[41] ॥ | The writ[36] of the past[38] deeds[39] cannot be erased[37]. What[40] do I know as to what shall befall[41] me ? | ਪੂਰਬਲੇ[38] ਕਰਮਾਂ[39] ਦੀ ਲਿਖਤਾਕਾਰ[36] ਮੇਟੀ[37] ਨਹੀਂ ਜਾ ਸਕਦੀ। ਮੈਂ ਕੀ[40] ਜਾਣਦਾ ਹਾਂ, ਮੇਰੇ ਨਾਲ ਕੀ ਵਾਪਰੂਗੀ[41] ? |
| ਗੁਣੀ[42] ਅਚਾਰਿ[43] ਨਹੀ ਰੰਗਿ[44] ਰਾਤੀ[45] ਅਵਗੁਣ[46] ਬਹਿ ਬਹਿ[47] ਰੋਸੀ[48] ॥ | Thou hast not adopted the virtuous[42] way of life[43], nor art thou imbued[45] with thy Lord's love[44]; thou shalt ever sit[47] and bewail[48] over thine misdeeds[46]. | ਤੂੰ ਨੇਕ[42] ਜੀਵਨ-ਰਹੁ-ਰੀਤੀ[43] ਧਾਰਨ ਨਹੀਂ ਕੀਤੀ। ਨਾ ਹੀ ਤੂੰ ਆਪਣੇ ਪ੍ਰਭੂ ਦੇ ਪ੍ਰੇਮ[44] ਨਾਲ ਰੰਗੀਜੀ[45] ਹੈ। ਤੂੰ ਸਦੀਵ ਹੀ ਬੈਠ ਕੇ[47], ਆਪਣੇ ਕੁਕਰਮਾਂ[46] ਉਤੇ ਵਿਰਲਾਪ[48] ਕਰੇਂਗੀ। |
| ਧਨੁ[49] ਜੋਬਨੁ[50] ਆਕ[51] ਕੀ ਛਾਇਆ[52] ਬਿਰਧਿ[53] ਭਏ ਦਿਨ ਪੁੰਨਿਆ[54] ॥ | Thine riches[49] and youth[50] are like shade[52] of swallowort[51]. Growing old[53], thine days shall come to an end[54]. | ਤੇਰੀ ਮਾਲ-ਮਿਲਖ[49] ਅਤੇ ਜੁਆਨੀ[50] ਅੱਕ[51] ਦੀ ਛਾਂ[52] ਦੀ ਮਾਨੰਦ ਹਨ। ਬੁਢਾ[53] ਹੋਣ ਨਾਲ ਤੇਰੇ ਦਿਹਾੜੇ ਮੁਕ ਜਾਣਗੇ[54]। |
| ਨਾਨਕ ਨਾਮ ਬਿਨਾ[55] ਦੋਹਾਗਣਿ[56] ਛੂਟੀ[57] ਝੂਠਿ[58] ਵਿਛੁੰਨਿਆ[59] ॥੧॥ | Without[55] the Name, thou shalt be a discarded[56], divorced bride[57]. Thy falsehood[58] shall separate[59] thee from Thy Lord. | ਨਾਮ ਦੇ ਬਗੈਰ[55] ਤੂੰ ਛੁੱਟੜ[56] ਨਿਖਸਮੀ ਰੰਨ[57] ਥੀ ਵੰਞੇਗੀ। ਤੇਰਾ ਕੂੜ[58] ਤੈਨੂੰ ਤੇਰੇ ਸੁਆਮੀ ਨਾਲੋਂ ਜੁਦਾ ਕਰ ਦੇਵੇਗਾ[59]। |
| ਬੂਡੀ[60] ਘਰੁ[61] ਘਾਲਿਓ[62] ਗੁਰ ਕੈ ਭਾਇ[63] ਚਲੋ[64] ॥ | O bride, Thou art drowned[60]. Thy home[61] is ruined[62]. Walk[64] thou in Guru's will. | ਨੀ ਪਤਨੀਏ! ਤੂੰ ਡੁਬ[60] ਗਈ ਹੈਂ। ਤੇਰਾ ਝੁੱਗਾ[61] ਉੱਜੜ ਗਿਆ[62] ਹੈ। ਤੂੰ ਗੁਰਾਂ ਦੀ ਰਜ਼ਾ[63] ਅੰਦਰ ਟੁਰ[64]। |
| ਸਾਚਾ ਨਾਮੁ ਧਿਆਇ[65] ਪਾਵਹਿ ਸੁਖਿ[66] ਮਹਲੋ[67] ॥ | Meditate[65] thou on the True Name and thou shalt obtain peace[66] in the Lord's mansion[67]. | ਤੂੰ ਸੱਚੇ ਨਾਮ ਦਾ ਸਿਮਰਨ ਕਰ[65]। (ਇਸ ਤਰ੍ਹਾਂ) ਤੂੰ ਹਰੀ ਸੁਆਮੀ ਦੇ ਮੰਦਰ[67] ਅੰਦਰ ਆਰਾਮ[66] ਪਾਵੇਂਗੀ। |
| ਹਰਿ ਨਾਮੁ ਧਿਆਏ[68] ਤਾ[69] | If thou rememberest[68] the Lord's | ਜੇਕਰ ਤੂੰ ਪ੍ਰਭੂ ਦੇ ਨਾਮ ਦਾ ਆਰਾਧਨ ਕਰੇਂ[68], ਤਦ[69] |

| | | |
|---|---|---|
| ਸੁਖੁ[70] ਪਾਏ ਪੇਹੀਅੜੈ[70*] ਦਿਨ ਚਾਰੇ[71] ॥ | Name, then[69] shalt thou attain bliss[70]. Thy stay in this world[70] is but for four days[71]. | ਤੂੰ ਖੁਸ਼ੀ[70] ਪ੍ਰਾਪਤ ਕਰ ਲਵੇਂਗੀ । ਇਸ ਜਹਾਨ ਅੰਦਰ[70*] ਤੇਰਾ ਮੁਕਾਮ ਕੇਵਲ ਚਹੁ ਦਿਹਾੜਿਆਂ[71] ਲਈ ਹੀ ਹੈ । |
| ਨਿਜ[72] ਘਰਿ[81] ਜਾਇ[80] ਬਹੈ[73] ਸਚੁ ਪਾਏ ਅਨਦਿਨੁ[74] ਨਾਲਿ ਪਿਆਰੇ[75] ॥ | She, who, night[74] and day, abides with her Beloved[75], obtains truth and goes[80] and sits[73] in her own[72] Home[81]. | ਜੋ ਰਾਤ[74] ਦਿਨ ਆਪਣੇ ਪ੍ਰੀਤਮ[75] ਨਾਲ ਵਸਦੀ ਹੈ, ਉਹ ਸੱਚ ਨੂੰ ਪਾ ਲੈਂਦੀ ਹੈ ਅਤੇ ਆਪਣੇ ਨਿਜ[72] ਦੇ ਧਾਮ[81] ਵਿੱਚ ਜਾ[80] ਬਹਿੰਦੀ[73] ਹੈ । |
| ਵਿਣੁ ਭਗਤੀ[76] ਘਰਿ ਵਾਸੁ[77] ਨ ਹੋਵੀ ਸੁਣਿਅਹੁ ਲੋਕ[78] ਸਬਾਏ[79] ॥ | Without the love-worship[76], one abides[77] not in one's Home. Hearken, O ye all[79] men[78]. | ਪਿਆਰੀ ਉਪਾਸ਼ਨਾ[86] ਦੇ ਬਾਝੋਂ ਬੰਦਾ ਆਪਣੇ ਹਿਰਦੇ ਘਰ ਅੰਦਰ ਵਸੇਬਾ[77] ਨਹੀਂ ਪਾਉਂਦਾ । ਸੁਣ ਲਓ ਤੁਸੀਂ ਹੇ ਸਾਰਿਓ[79], ਲੋਕੋ[78] ! |
| ਨਾਨਕ ਸਰਸੀ[82] ਤਾ[83] ਪਿਰੁ[84] ਪਾਏ[84] ਰਾਤੀ[85] ਸਾਚੈ ਨਾਏ[86] ॥੨॥ | Nanak, if she is imbued[85] with the True Name[86], then[83] is she rendered happy[82] and obtains her Spouse[84]. | ਨਾਨਕ, ਜੇਕਰ ਉਹ ਸੱਚੇ ਨਾਮ[86] ਨਾਲ ਰੰਗੀ[85] ਜਾਵੇ, ਤਦ[83] ਉਹ ਪ੍ਰਸੰਨ[82] ਹੋ ਜਾਂਦੀ ਹੈ ਅਤੇ ਆਪਣੇ ਪਤੀ[85] ਨੂੰ ਪਾ ਲੈਂਦੀ ਹੈ । |
| ਪਿਰੁ[87] ਧਨ[88] ਭਾਵੈ[89] ਤਾ[90] ਪਿਰ ਭਾਵੈ[91] ਨਾਰੀ[92] ਜੀਉ ॥ | If the bride[88] become pleasing[89] to her groom[87], then[90] alone the groom loves[91] her bride[92]. | ਜੇਕਰ ਪਤਨੀ[88] ਆਪਣੇ ਪਤੀ[87] ਨੂੰ ਚੰਗੀ[89] ਲੱਗਣ ਲੱਗ ਜਾਵੇ, ਕੇਵਲ ਤਦ ਹੀ ਪਤੀ ਆਪਣੀ ਪਤਨੀ[92] ਨੂੰ ਪਿਆਰ ਕਰਦਾ[91] ਹੈ । |
| ਰੰਗਿ[93] ਪ੍ਰੀਤਮ[94] ਰਾਤੀ[95] ਗੁਰ ਕੈ ਸਬਦਿ[96] ਵੀਚਾਰੀ[97] ਜੀਉ ॥ | Imbued[95] with her beloved's[94] love[33], she reflects over[97] the Guru's hymns[96]. | ਆਪਣੇ ਪਿਆਰੇ[94] ਦੇ ਪ੍ਰੇਮ[93] ਨਾਲ ਰੰਗੀਜੀ ਹੋਈ[95], ਉਹ ਗੁਰਾਂ ਦੀ ਬਾਣੀ[96] ਦਾ ਧਿਆਨ ਧਾਰਦੀ[97] ਹੈ । |
| ਗੁਰ ਸਬਦਿ ਵੀਚਾਰੀ ਨਾਹ[98] ਪਿਆਰੀ[99] ਨਿਵਿ ਨਿਵਿ[100] ਭਗਤਿ[2] ਕਰੇਈ[3]॥ | Reflects she on the Gurbani and her Spouse[98] loves[39] her and in all humility[100] she embraces[3] His devotional service[2]. | ਉਹ ਗੁਰਬਾਣੀ ਦਾ ਧਿਆਨ ਧਾਰਦੀ ਹੈ ਅਤੇ ਉਸ ਦਾ ਪਤੀ[98] ਉਸ ਨੂੰ ਪਿਆਰ ਕਰਦਾ[99] ਹੈ ਤੇ ਉਹ ਐਨ ਨਿਮਰਤਾ[100] ਨਾਲ ਉਸ ਦੀ ਅਨਿੰਨ[2] ਸੇਵਾ ਇਖ਼ਤਿਆਰ ਕਰ ਲੈਂਦੀ[3] ਹੈ । |
| ਮਾਇਆ[4] ਮੋਹੁ[5] ਜਲਾਏ[6] ਪ੍ਰੀਤਮੁ[7] ਰਸ[8] ਮਹਿ[9] ਰੰਗੁ ਕਰੇਈ[10] ॥ | She burns[6] her worldly[4] love[5] and in[9] love[8] enjoys[10] her Beloved[7]. | ਉਹ ਆਪਣੀ ਸੰਸਾਰੀ[4] ਮਮਤਾ[5] ਨੂੰ ਸਾੜ ਸੁੱਟਦੀ[6] ਹੈ ਅਤੇ ਪਿਆਰ[8] ਅੰਦਰ[9] ਆਪਣੇ ਪਿਆਰੇ[7] (ਵਾਹਿਗੁਰੂ) ਨੂੰ ਮਾਣਦੀ[10] ਹੈ । |
| ਪ੍ਰਭ ਸਾਚੇ[12] ਸੇਤੀ[13] ਰੰਗਿ[14] ਰੰਗੇਤੀ[15] ਲਾਲ[16] ਭਈ[17] ਮਨੁ[18] ਮਾਰੀ[19] ॥ | She is imbued[15] with[13] the love[14] of the True Lord[12], conquers[19] her mind[18] and becomes[17] beauteous[16]. | ਉਹ ਸੱਚੇ ਸਾਂਈਂ[12] ਦੇ ਸਨੇਹ[14] ਨਾਲ[13] ਰੰਗੀ[15] ਹੋਈ ਹੈ । ਆਪਣੇ ਮਨ[18] ਨੂੰ ਜਿੱਤ[19] ਲੈਂਦੀ ਹੈ ਅਤੇ ਸੁੰਦਰ[16] ਬੀ ਵੰਞਦੀ[17] ਹੈ । |
| ਨਾਨਕ ਸਾਚਿ ਵਸੀ ਸੋਹਾਗਣਿ[20] ਪਿਰ[21] ਸਿਉ[22] ਪ੍ਰੀਤਿ[23] ਪਿਆਰੀ[24] ॥੩॥ | Nanak, the happv bride[20] abides in truth and bears sweet[24] love[23] to[22] her Beloved[21]. | ਨਾਨਕ, ਖੁਸ਼ਬਾਸ਼[20] ਪਤਨੀ ਸੱਚ ਅੰਦਰ ਵਸਦੀ ਹੈ ਅਤੇ ਆਪਣੇ ਪਿਆਰੇ[21] ਨਾਲ[22] ਮਿਠੜਾ[24] ਪਿਆਰ ਕਰਦੀ[23] ਹੈ । |
| ਪਿਰ[26] ਘਰਿ[30] ਸੋਹੈ[25] ਨਾਰਿ[27] ਜੇ[28] ਪਿਰ ਭਾਵਏ[29] ਜੀਉ ॥ | The bride[27] looks beauteous[25] in her Groom's[26] Home[30] if[28] she becomes pleasing[29] to her Groom | ਪਤਨੀ[27] ਆਪਣੇ ਪਤੀ[26] ਦੇ ਗ੍ਰਿਹੁ[30] ਵਿੱਚ ਸੋਹਣੀ[25] ਲਗਦੀ ਹੈ, ਜੇਕਰ[28] ਉਹ ਆਪਣੇ ਪਤੀ ਦੇ ਮਨ ਨੂੰ ਚੰਗੀ[29] ਲਗਣ ਲੱਗ ਜਾਵੇ । |
| ਝੂਠੇ[31] ਵੈਣ[32] ਚਵੈ[32] ਕਾਮਿ[34] | The utterance[33] of false[31] words[32] is | ਕੂੜੇ[31] ਸ਼ਬਦਾਂ[32] ਦਾ ਉਚਾਰਨਾ[33] ਕਿਸੇ ਕੰਮ[34] ਨਹੀਂ |

| | | |
|---|---|---|
| ਨ ਆਵਏ ਜੀਉ ॥ | of no avail[34]. | ਆਉਂਦਾ । |
| ਝੂਠੁ ਅਲਾਵੈ[35] ਕਾਮਿ ਨ ਆਵੈ ਨਾ ਪਿਰੁ[36] ਦੇਖੈ ਨੈਣੀ[37] ॥ | If she utters[35] falsehood, it is of no avail to her and she sees not her Spouse[36] with her eyes[37]. | ਜੇਕਰ ਉਹ ਕੂੜ ਬੋਲਦੀ[35] ਹੈ, ਤਾਂ ਉਹ ਉਸ ਦੇ ਕਿਸੇ ਕੰਮ ਨਹੀਂ ਆਉਂਦਾ ਅਤੇ (ਇਸ ਤਰ੍ਹਾਂ) ਉਹ ਆਪਣੀਆਂ ਅੱਖਾਂ[37] ਨਾਲ ਆਪਣੇ ਕੰਤ[36] ਨੂੰ ਨਹੀਂ ਵੇਖ ਸਕਦੀ । |
| ਅਵਗੁਣਿਆਰੀ[38] ਕੰਤਿ[39] ਵਿਸਾਰੀ[40]ਛੂਟੀ[41] [42]ਵਿਧਣ[43] ਰੈਣੀ[44] ॥ | Meritless[38], forgotten[40] and divorced[41] by her Spouse[39], she passes the night[44] of her life without[42] her Master[43]. | ਗੁਣ-ਵਿਹੂਣ[38] ਆਪਣੇ ਭਰਤੇ[39] ਦੀ ਭੁਲਾਈ[40] ਅਤੇ ਛਡੀ ਹੋਈ[41], ਉਹ ਆਪਣੀ ਜੀਵਨ-ਰਾਤ੍ਰੀ[44] ਆਪਣੇ ਖਸਮ[43] ਦੇ ਬਿਨਾ[42] ਬਿਤੀਤ ਕਰਦੀ ਹੈ । |
| ਗੁਰ ਸਬਦੁ[45] ਨ ਮਾਨੈ[46] ਫਾਹੀ[47] ਫਾਥੀ[48] ਸਾ[49] ਧਨੁ[50] ਮਹਲੁ[51] ਨ ਪਾਏ ॥ | Such[49] a wife[50] believes[46] not in the Guru's word[45], is caught[48] in the worldly net[47] and obtains not her Lord's mansion[51]. | ਐਹੋ ਜੇਹੀ[49] ਵਹੁਟੀ[50] ਗੁਰਾਂ ਦੇ ਬਚਨ[45] ਤੇ ਭਰੋਸਾ[46] ਨਹੀਂ ਰਖਦੀ, ਉਹ ਸੰਸਾਰੀ ਜਾਲ[47] ਵਿੱਚ ਫਸੀ[48] ਹੋਈ ਹੈ ਅਤੇ ਆਪਣੇ ਸੁਆਮੀ ਦੇ ਮੰਦਰ[51] ਨੂੰ ਨਹੀਂ ਪਾਉਂਦੀ । |
| ਨਾਨਕ ਆਪੇ ਆਪੁ[52] ਪਛਾਣੈ[53] ਗੁਰਮੁਖਿ[54] ਸਹਜਿ[55] ਸਮਾਏ[56] ॥੪॥ | Nanak, if she understands[53] her own-self[52], then, by the Guru's grace[54], she merges[56] in the celestial peace[55]. | ਨਾਨਕ ਜੇਕਰ ਉਹ ਆਪਣੇ ਆਪ[52] ਨੂੰ ਸਮਝ[53] ਲਵੇ, ਤਦ ਉਹ ਗੁਰਾਂ ਦੀ ਦਇਆ[54] ਦੁਆਰਾ ਬੈਕੁੰਠੀ ਆਰਾਮ[55] ਅੰਦਰ ਲੀਨ ਹੋ ਜਾਂਦੀ[56] ਹੈ । |
| ਧਨ[57] ਸੋਹਾਗਣਿ ਨਾਰਿ[58] ਜਿਨਿ ਪਿਰੁ[59] ਜਾਣਿਆ[60] ਜੀਉ ॥ | Blessed[57] is the fortunate bride[58] who recognises[60] her dear Spouse[59]. | ਮੁਬਾਰਕ[57] ਹੈ ਉਹ ਭਾਗਾਂ ਵਾਲੀ ਪਤਨੀ[58] ਜੋ ਆਪਣੇ ਪਿਆਰੇ ਪਤੀ[59] ਨੂੰ ਸਿੰਞਾਣਦੀ[60] ਹੈ । |
| ਨਾਮ ਬਿਨਾ ਕੂੜਿਆਰਿ[61] ਕੂੜੁ[62] ਕਮਾਣਿਆ[63] ਜੀਉ ॥ | Without the Name, she is false[61] and does[63] false deeds[62]. | ਨਾਮ ਦੇ ਬਾਝੋਂ ਉਹ ਝੂਠੀ[61] ਹੈ ਅਤੇ ਝੂਠੇ ਕੰਮ[62] ਕਰਦੀ[63] ਹੈ । |
| ਹਰਿ ਭਗਤਿ ਸੁਹਾਵੀ[65] ਸਾਚੇ[66] ਭਾਵੀ[67] ਭਾਇ ਭਗਤਿ[64] ਪ੍ਰਭ ਰਾਤੀ[68] ॥ | Beauteous[65] is the God's love-adoration, which the True Lord[66] loves[67]. So, one should get absorbed[68] in the Lord's love adoration[64]. | ਸੁੰਦਰ[65] ਹੈ ਵਾਹਿਗੁਰੂ ਦੀ ਪਿਆਰੀ-ਉਪਾਸ਼ਨਾ, ਜੋ ਸੱਚੇ ਸੁਆਮੀ[66] ਨੂੰ ਪਿਆਰੀ ਲਗਦੀ ਹੈ । ਇਸ ਲਈ ਬੰਦੇ ਨੂੰ ਸਾਂਈਂ ਦੀ ਪਿਆਰ-ਉਪਾਸ਼ਨਾ[64] ਵਿੱਚ ਲੀਨ[68] ਹੋਣਾ ਉਚਿੱਤ ਹੈ । |
| ਪਿਰੁ[69] ਰਲੀਆਲਾ[70] ਜੋਬਨਿ ਬਾਲਾ[71] ਤਿਸੁ[72] ਰਾਵੈ[73] ਰੰਗਿ[74] ਰਾਤੀ[75] ॥ | Playful[70] and youthful[71] is my Beloved[69]. Imbued[75] with His love[74], the bride enjoys[73] Him[72]. | ਰੰਗੀਲਾ[70] ਅਤੇ ਜਵਾਨ[71] ਹੈ ਮੇਰਾ ਪ੍ਰੀਤਮ[69] । ਉਸ ਦੇ ਪ੍ਰੇਮ[74] ਨਾਲ ਰੰਗੀ[75] ਹੋਈ ਪਤਨੀ ਉਸ[72] ਨੂੰ ਮਾਣਦੀ[73] ਹੈ । |
| ੬੯੦ | | |
| ਗੁਰ ਸਬਦਿ[76] ਵਿਗਾਸੀ[77] ਸਹੁ[78] ਰਾਵਾਸੀ[79] ਫਲੁ[80] ਪਾਇਆ ਗੁਣਕਾਰੀ[81] ॥ | She flowers[77] through the Guru's hymns[76], enjoys[79] her Spouse[78] and obtains the merited[81] Fruit[80]. | ਉਹ ਗੁਰਬਾਣੀ[76] ਦੁਆਰਾ ਪ੍ਰਫੁੱਲਤ ਹੁੰਦੀ[77] ਹੈ । ਆਪਣੇ ਪਤੀ[78] ਨੂੰ ਮਾਣਦੀ[79] ਹੈ ਤੇ ਲਾਭਦਾਇਕ[81] ਫਲ[80] ਨੂੰ ਪਾ ਲੈਂਦੀ ਹੈ । |
| ਨਾਨਕ ਸਾਚੁ[87] ਮਿਲੈ ਵਡਿਆਈ[82] ਪਿਰ[84] ਘਰਿ[85] ਸੋਹੈ[83] ਨਾਰੀ[86] ॥੫॥੩॥ | Nanak, through truth[87], the bride[86] attains glory[82] and looks beautiful[83] in her Husband's Home[85]. | ਨਾਨਕ, ਸੱਚ[87] ਦੇ ਰਾਹੀਂ ਪਤਨੀ[86] ਪ੍ਰਭਤਾ[82] ਨੂੰ ਪ੍ਰਾਪਤ ਹੋ ਜਾਂਦੀ ਹੈ ਤੇ ਆਪਣੇ ਪਤੀ[84] ਦੇ ਟਿਕਾਣੇ[85] ਵਿੱਚ ਸੁਹਣੀ[83] ਲਗਦੀ ਹੈ । |
| ਧਨਾਸਰੀ ਛੰਤ ਮਹਲਾ ੪ ਘਰੁ ੧ | Dhanasri 4th Guru. | ਧਨਾਸਰੀ ਚੌਥੀ ਪਾਤਿਸ਼ਾਹੀ । |

| | | |
|---|---|---|
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਹਰਿ ਜੀਉ[88] ਕ੍ਰਿਪਾ[89] ਕਰੇ[92] ਤਾ[90] ਨਾਮੁ ਧਿਆਈਐ[91] ਜੀਉ ॥ | If the venerable Lord[88] extends[92] His mercy[89], then[90] alone contemplates[91] one on His Name. | ਜੇਕਰ ਪੂਜਯ[88] ਪ੍ਰਭੂ ਆਪਣੀ ਮਿਹਰ[89] ਧਾਰੇ[92], ਤਦ[90] ਹੀ ਕੋਈ ਉਸ ਦੇ ਨਾਮ ਦਾ ਸਮਰਨ ਕਰਦਾ[91] ਹੈ। |
| ਸਤਿਗੁਰੁ ਮਿਲੈ ਸੁਭਾਇ[93] ਸਹਜਿ[94] ਗੁਣ[95] ਗਾਈਐ[96] ਜੀਉ ॥ | Meeting the Truc Guru through sublime faith[93], one easily[94] sings[96] the Lord's praise[95]. | ਸ੍ਰੇਸ਼ਟ ਸ਼ਰਧਾ[93] ਰਾਹੀਂ ਸੱਚੇ ਗੁਰਾਂ ਨੂੰ ਮਿਲ ਕੇ, ਕੋਈ ਸੁਖੈਨ ਹੀ[94] ਸੁਆਮੀ ਦਾ ਜੱਸ[95] ਗਾਇਨ ਕਰਦਾ[96] ਹਾਂ। |
| ਗੁਣ ਗਾਇ ਵਿਗਸੈ[97] ਸਦਾ[4] ਅਨਦਿਨੁ[98] ਜਾ[99] ਆਪਿ[100] ਸਾਚੇ[2] ਭਾਵਏ[3] ॥ | When[99] the True Lord[2] Himself[100] so pleases[3], the mortal flourishes[97] by ever[4] singing Lord's praise night and day[98]. | ਜਦ[99] ਸੱਚੇ ਸਾਂਈਂ[2] ਨੂੰ ਖੁਦ[100] ਐਕੁਰ ਭਾਉਂਦਾ[3] ਹੈ, ਤਾਂ ਪ੍ਰਾਨੀ ਰਾਤ ਦਿਨ[98] ਹਮੇਸ਼ਾਂ[4] ਸਾਹਿਬ ਦੀ ਸਿਫ਼ਤ ਗਾਇਨ ਕਰਨ ਦੁਆਰਾ ਪ੍ਰਫੁੱਲਤ ਹੁੰਦਾ[97] ਹੈ। |
| ਅਹੰਕਾਰੁ[5] ਹਉਮੈ[6] ਤਜੈ[7] ਮਾਇਆ[8] ਸਹਜਿ[9] ਨਾਮਿ ਸਮਾਵਏ[10] ॥ | He forsakes[7] ego[5], self-conceit[6] and mammon[8] and is easily[9] absorbed[10] in the Name. | ਉਹ ਹੰਕਾਰ[5] ਸਵੈ-ਹੰਗਤਾ[6] ਅਤੇ ਧਨ-ਦੌਲਤ[8] ਨੂੰ ਛੱਡ ਦਿੰਦਾ[7] ਹੈ ਅਤੇ ਸੁਖੈਨ[9] ਹੀ ਨਾਮ ਵਿੱਚ ਲੀਨ[10] ਹੋ ਜਾਂਦਾ ਹੈ। |
| ਆਪਿ[12] ਕਰਤਾ[13] ਕਰੇ[14] ਸੋਈ[15] ਆਪਿ ਦੇਇ[16] ਤ[17] ਪਾਈਐ ॥ | He[15], the Creator[13], Himself[12] does everything[14] and when He Himself bleses[16] us, then[17] alone,do we receive. | ਉਹ[15] ਰਚਣਹਾਰ[13] ਖ਼ੁਦ[12] ਹੀ ਰਚਦਾ[14] ਹੈ। ਜਦ ਉਹ ਖ਼ੁਦ ਬਖ਼ਸ਼ਦਾ[16] ਹੈ, ਕੇਵਲ ਤਦ[17] ਹੀ ਅਸੀਂ ਪਾਉਂਦੇ ਹਾਂ। |
| ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥੧॥ | When the reverend God shows mercy, then alone, meditate we,on His Name | ਜਦ ਮਾਣਨੀਯ ਵਾਹਿਗੁਰੂ ਰਹਿਮਤ ਧਾਰਦਾ ਹੈ, ਕੇਵਲ ਤਦ ਹੀ ਅਸੀਂ ਉਸ ਦੇ ਨਾਮ ਦਾ ਆਰਾਧਨ ਕਰਦੇ ਹਾਂ। |
| ਅੰਦਰਿ[18] ਸਾਚਾ ਨੇਹੁ[19] ਪੂਰੇ[20] ਸਤਿਗੁਰ ਜੀਉ ॥ | Within my mind[18] is the true love[19] of the Perfect[20] True Guru. | ਮੇਰੇ ਹਿਰਦੇ[18] ਅੰਦਰ ਪੂਰਨ[20] ਸੱਚੇ ਗੁਰਾਂ ਦਾ ਸੱਚਾ ਪਿਆਰ[19] ਹੈ। |
| ਹਉ ਤਿਸੁ[21] ਸੇਵੀ[22] ਦਿਨੁ ਰਾਤਿ ਮੈ ਕਦੇ[23] ਨ ਵੀਸਰੈ[24] ਜੀਉ ॥ | Him[21], I serve[22] day and night and I forget[24] Him not ever[23]. | ਉਨ੍ਹਾਂ[21] ਦੀ ਮੈਂ ਦਿਨ ਰਾਤ ਟਹਿਲ[22] ਕਮਾਉਂਦਾ ਹਾਂ ਅਤੇ ਮੈਂ ਉਨ੍ਹਾਂ ਨੂੰ ਕਦਾਚਿਤ[23] ਨਹੀਂ ਭੁਲਾਉਂਦਾ[24]। |
| ਕਦੇ ਨ ਵਿਸਾਰੀ ਅਨਦਿਨੁ[25] ਸਮ੍ਹਾਰੀ[26] ਜਾ[27] ਨਾਮੁ ਲਈ[28] ਤਾ[29] ਜੀਵਾ[30] ॥ | I never forget the Lord and, night and day[25], remember[26] Him. When[27] I cherish[28] Him, then[29]alone do I live[30]. | ਮੈਂ ਪ੍ਰਭੂ ਨੂੰ ਕਦਾਚਿਤ ਨਹੀਂ ਭੁਲਾਉਂਦਾ ਅਤੇ ਰੈਣ ਦਿਹੁੰ[25] ਉਸ ਨੂੰ ਯਾਦ[26]ਕਰਦਾ ਹਾਂ। ਜਦ[27] ਮੈਂ ਉਸ ਦਾ ਚਿੰਤਨ ਕਰਦਾ[28] ਹਾਂ, ਕੇਵਲ ਤਦ[29] ਹੀ ਮੈਂ ਜੀਉਂਦਾ[30] ਹਾਂ। |
| ਸ੍ਰਵਣੀ[31] ਸੁਣੀ ਤ[32] ਇਹੁ ਮਨੁ[33] ਤ੍ਰਿਪਤੈ[34] ਗੁਰਮੁਖਿ[35] ਅੰਮ੍ਰਿਤੁ[36] ਪੀਵਾ[37] ॥ | With mine ears[31], I hear of the Guru and[32] my soul[33] is satiated[34]. By Guru's grace[36], I quaff[37] the Name-Nectar[36]. | ਆਪਣੇ ਕੰਨਾਂ[31] ਨਾਲ ਮੈਂ ਗੁਰਾਂ ਬਾਰੇ ਸੁਣਦਾ ਹਾਂ ਅਤੇ[32] ਮੇਰੀ ਆਤਮਾ[33] ਰੱਜ ਗਈ[34] ਹੈ। ਗੁਰਾਂ ਦੀ ਦਇਆ ਦੁਆਰਾ[35] ਮੈਂ ਨਾਮ ਅੰਮ੍ਰਿਤ[36] ਪਾਨ ਕਰਦਾ[37] ਹਾਂ। |
| ਨਦਰਿ[38] ਕਰੇ[44] ਤਾ[39] | If the Lord extends[44] His mercy[33], | ਜੇਕਰ ਸਾਹਿਬ ਆਪਣੀ ਮਿਹਰ[38] ਧਾਰੇ[44], ਤਦ[39] ਮੈਂ |

| | | |
|---|---|---|
| ਸਤਿਗੁਰੁ ਮੇਲੇ ਅਨਦਿਨੁ[40] ਬਿਬੇਕ[41] ਬੁਧਿ[42] ਬਿਚਰੈ[43]॥ | then[39] would I meet the True Guru and my discriminating[41] mind[42] would reflect[43] on the Name, night and day[40]. | ਸੱਚੇ ਗੁਰਾਂ ਨੂੰ ਮਿਲ ਪਵਾਂਗਾ ਅਤੇ ਮੇਰਾ ਪ੍ਰਬੀਨ[41] ਮਨੂਆ[42] ਰੈਣ ਦਿਹੁੰ[40] ਨਾਮ ਦਾ ਚਿੰਤਨ[43] ਕਰੇਗਾ। |
| ਅੰਦਰਿ ਸਚਾ ਨੇਹੁ ਪੂਰੇ ਸਤਿਗੁਰੈ ॥੨॥ | Within me, is the true love of the perfect True Guru. | ਮੇਰੇ ਅੰਦਰ ਪੂਰਨ ਸੱਚੇ ਗੁਰਾਂ ਦਾ ਸੱਚਾ ਪ੍ਰੇਮ ਹੈ। |
| ਸਤਿਸੰਗਤਿ ਮਿਲੈ ਵਡਭਾਗਿ[48] ਤਾ[45] ਹਰਿ ਰਸੁ[46] ਆਵਏ[47] ਜੀਉ ॥ | If, by great good fortune[48], the mortal obtains the society of saints, then[45] is he blessed with[47] the Lord's ambrosia[46]. | ਜੇਕਰ ਭਾਰੇ ਚੰਗੇ ਨਸੀਬਾਂ[41] ਦੁਆਰਾ ਪ੍ਰਾਨੀ ਨੂੰ ਸਾਧ ਸੰਗਤ ਪ੍ਰਾਪਤ ਹੋ ਜਾਵੇ, ਤਦ[45] ਉਸ ਨੂੰ ਸੁਆਮੀ ਦੇ ਅੰਮ੍ਰਿਤ[46] ਦੀ ਦਾਤ ਮਿਲਦੀ[47] ਹੈ। |
| ਅਨਦਿਨੁ[49] ਰਹੈ ਲਿਵ ਲਾਇ[50] ਤ ਸਹਜਿ[51] ਸਮਾਵਏ[52] ਜੀਉ ॥ | Night[49] and day, he remains absorbed in the Lord's love[50] and then he attains[52] a state of Equipoise[51]. | ਰੈਣ[49] ਦਿਹੁੰ ਉਹ ਪ੍ਰਭੂ ਦੀ ਪ੍ਰੀਤ[50] ਅੰਦਰ ਲੀਨ ਰਹਿੰਦਾ ਹੈ ਅਤੇ ਤਦ ਉਹ ਕੁਦਰਤੀ[51] ਆਰਾਮ ਵਿੱਚ ਸਮਾ ਜਾਂਦਾ[52] ਹੈ। |
| ਸਹਜਿ ਸਮਾਵੈ ਤਾ ਹਰਿ ਮਨਿ ਭਾਵੈ[53] ਸਦਾ ਅਤੀਤੁ[54] ਬੈਰਾਗੀ[55] ॥ | When he merges in equipoise, then becomes he, pleasing[53] to the God's mind and ever remains uncontaminated[54] and detached[55]. | ਜਦ ਉਹ ਅਡੋਲਤਾ ਅੰਦਰ ਲੀਨ ਹੋ ਜਾਂਦਾ ਹੈ, ਤਦ ਉਹ ਮਾਲਕ ਦੇ ਚਿੱਤ ਨੂੰ ਚੰਗਾ[53] ਲਗਦਾ ਹੈ ਅਤੇ ਹਮੇਸ਼ਾ ਨਿਰਲੇਪ[54] ਤੇ ਅਟੰਕ[55] ਵਿਚਰਦਾ ਹੈ। |
| ਹਲਤਿ[56] ਪਲਤਿ[57] ਸੋਭਾ[58] ਜਗ[59] ਅੰਤਰਿ[60] ਰਾਮ ਨਾਮਿ ਲਿਵ[61] ਲਾਗੀ[62] ॥ | Embracing[62] affection[61] for the Lord's Name, he obtains honour[58] in[60] this world[56], the world hereafter[57] and the whole universe[59]. | ਸਾਹਿਬ ਦੇ ਨਾਮ ਨਾਲ ਪ੍ਰੇਮ[68] ਪਾਉਣ[62] ਦੁਆਰਾ, ਉਹ ਇਸ ਜਹਾਨ[56], ਪਰਲੋਕ[57] ਅਤੇ ਆਲਮ[59] ਅੰਦਰ[60] ਵਡਿਆਈ[58] ਪਾਉਂਦਾ ਹੈ। |
| ਹਰਖ[63] ਸੋਗ[64] ਦੁਹਾ ਤੇ ਮੁਕਤਾ[65] ਜੋ[66] ਪ੍ਰਭੁ ਕਰੇ ਸੁ[67] ਭਾਵਏ[68] ॥ | Both from weal[63] and woe[64], he remains immune[65] and whatever[66] the Lord does, with that[67] he is pleased[68]. | ਖੁਸ਼ੀ[63] ਅਤੇ ਗਮੀ[64], ਦੋਨਾਂ ਤੋਂ ਉਹ ਆਜ਼ਾਦ[65] ਰਹਿੰਦਾ ਹੈ ਅਤੇ ਜੋ ਕੁਛ[66] ਭੀ ਸੁਆਮੀ ਕਰਦਾ ਹੈ, ਉਹ[67] ਉਸ ਨੂੰ ਭਾਉਂਦਾ[68] ਹੈ। |
| ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥੩॥ | By good luck the society of saints is obtained and then one enjoys the God's elixir. | ਚੰਗੇ ਕਰਮਾਂ ਦੁਆਰਾ ਸਾਧ ਸੰਗਤ ਪਾਈਦੀ ਹੈ, ਤੇ ਤਦ ਬੰਦਾ ਵਾਹਿਗੁਰੂ ਦੇ ਅੰਮ੍ਰਿਤ ਨੂੰ ਮਾਣਦਾ ਹੈ। |
| ਦੂਜੈ[69] ਭਾਇ[70] ਦੁਖੁ ਹੋਏ[71] ਮਨਮੁਖ[72] ਜਮਿ[73] ਜੋਹਿਆ[74] ਜੀਉ ॥ | Pain results[71] from another's[69] love[70] and the Death's courier[73] spies[74] the perverse person[72]. | ਹੋਰਸ[69] ਦੀ ਪ੍ਰੀਤ[70] ਤੋਂ ਪੀੜ ਉਤਪੰਨ ਹੁੰਦੀ[71] ਹੈ ਅਤੇ ਮੌਤ ਦਾ ਫਰੇਸ਼ਤਾ[73] ਪ੍ਰਤੀਕੂਲ ਪੁਰਸ਼[72] ਨੂੰ ਤਕਾਉਂਦਾ[74] ਹੈ। |
| ਹਾਇ ਹਾਇ[75] ਕਰੇ ਦਿਨੁ ਰਾਤਿ ਮਾਇਆ[76] ਦੁਖਿ[77] ਮੋਹਿਆ[78] ਜੀਉ ॥ | Stung[78] by the pain[77] of worldly love[76], he bewails[75] day and night. | ਸੰਸਾਰੀ ਮਮਤਾ[76] ਦੀ ਪੀੜ[77] ਦਾ ਡੰਗਿਆ[78] ਹੋਇਆ, ਉਹ ਦਿਹੁੰ ਰੈਣ ਵਿਰਲਾਪ[75] ਕਰਦਾ ਹੈ। |
| ਮਾਇਆ[79] ਦੁਖਿ[80] ਮੋਹਿਆ[81] ਹਉਮੈ[82] ਰੋਹਿਆ[83] ਮੇਰੀ[84] ਮੇਰੀ ਕਰਤ[85] | Fascinated[81] by the agonising[80] worldly valuables[79], he becomes wrathful[83] in pride[82] and his life passes[86] saying | ਦੁਖਦਾਈ[80] ਸੰਸਾਰੀ ਪਦਾਰਥਾਂ[79] ਦਾ ਫਰੇਬਤਾ ਕੀਤਾ ਹੋਇਆ[81], ਉਹ ਹੰਕਾਰ[82] ਵਿੱਚ ਕ੍ਰੋਧਵਾਨ[83] ਹੋ ਜਾਂਦਾ ਹੈ ਅਤੇ ਇਹ "ਮੈਂਡੀ[84] ਹੈ, ਇਹ ਮੈਂਡੀ ਹੈ" |

| | | |
|---|---|---|
| ਵਿਹਾਵਏ[86] ॥ | "it is mine[84], it is mine". | ਕਹਿੰਦਿਆਂ[85] ਉਸ ਦੀ ਆਰਬਲਾ ਬੀਤ ਜਾਂਦੀ[86] ਹੈ । |
| ਜੋ ਪ੍ਰਭੁ ਦੇਇ[87] ਤਿਸੁ[88] ਚੇਤੈ[89] ਨਾਹੀ ਅੰਤਿ[90] ਗਇਆ[91] ਪਛੁਤਾਵਏ[92] ॥ | He remembers[89] not the[88] Lord, who gives[87] him gifts, and departs[91] regretting[92] in the end[90]. | ਉਹ ਉਸ[88] ਸੁਆਮੀ ਨੂੰ ਯਾਦ ਨਹੀਂ ਕਰਦਾ[89], ਜਿਹੜਾ ਉਸ ਨੂੰ ਦਾਤਾਂ ਦਿੰਦਾ[87] ਹੈ ਤੇ ਅਖੀਰ[90] ਨੂੰ ਪਸਚਾਤਾਪ ਕਰਦਾ ਹੋਇਆ[92] ਟੁਰ ਜਾਂਦਾ[91] ਹੈ । |
| ਬਿਨੁ ਨਾਵੈ ਕੋ ਸਾਥਿ[93] ਨ ਚਾਲੈ[94] ਪੁਤ੍ਰ[95] ਕਲਤ੍ਰ[96] ਮਾਇਆ[97] ਧੋਹਿਆ[98] ॥ | Without the Name, nothing goes[44] with[93] the mortal. The sons[95], wife[96] and wealth[97] have hoodwinked[98] him. | ਨਾਮ ਦੇ ਬਾਝੋਂ ਕੁਝ ਭੀ ਪ੍ਰਾਨੀ ਨਾਲ[93] ਨਹੀਂ ਜਾਂਦਾ[94], ਧੀਆਂ ਪੁੱਤ੍ਰਾਂ[95], ਵਹੁਟੀ[96] ਅਤੇ ਧਨ-ਦੌਲਤ[97] ਨੇ ਉਸ ਨੂੰ ਠੱਗ ਲਿਆ[98] ਹੈ । |
| ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥੪॥ | In duality, an apostate suffers pain and the death's courier keeps an eye on him. | ਦਵੈਤ-ਭਾਵ ਵਿੱਚ, ਅਧਰਮੀ ਦੁਖ ਭੋਗਦਾ ਹੈ ਅਤੇ ਮੌਤ ਦਾ ਦੂਤ ਉਸ ਨੂੰ ਨਜ਼ਰ ਹੇਠਾਂ ਰਖਦਾ ਹੈ । |
| ਕਰਿ ਕਿਰਪਾ[99] ਲੇਹੁ ਮਿਲਾਇ ਮਹਲੁ[100] ਹਰਿ ਪਾਇਆ ਜੀਉ ॥ | Taking pity[99] on me, the Lord Guru has united me with Himself and I have obtained His presence[100]. | ਮੇਰੇ ਤੇ ਮਿਹਰ ਧਾਰ ਕੇ[99], ਸਾਂਈਂ ਨੇ ਮੈਨੂੰ ਆਪਣੇ ਨਾਲ ਮਿਲਾ ਲਿਆ ਹੈ ਅਤੇ ਮੈਨੂੰ ਉਸ ਦੀ ਹਜ਼ੂਰੀ[100] ਪ੍ਰਾਪਤ ਹੋ ਗਈ ਹੈ । |
| ਸਦਾ ਰਹੈ ਕਰ[2] ਜੋੜਿ[3] ਪ੍ਰਭੁ ਮਨਿ ਭਾਇਆ[4] ਜੀਉ ॥ | With joined[3] hands[2], I ever remain standing in the Lord's presence and have thus become pleasing[4] to His mind. | ਹੱਥ[2] ਬੰਨ੍ਹ[3] ਕੇ ਮੈਂ ਹਮੇਸ਼ਾ ਸੁਆਮੀ ਦੀ ਹਜ਼ੂਰੀ ਵਿੱਚ ਖੜਾ ਰਹਿੰਦਾ ਹਾਂ ਅਤੇ ਇਸ ਤਰ੍ਹਾਂ ਉਸ ਦੇ ਚਿੱਤ ਨੂੰ ਚੰਗਾ[4] ਲੱਗਣ ਲੱਗ ਗਿਆ ਹਾਂ । |
| ਪ੍ਰਭੁ ਮਨਿ ਭਾਵੈ[5] ਤਾ[6] ਹੁਕਮਿ[7] ਸਮਾਵੈ[8] ਹੁਕਮੁ ਮੰਨਿ[9] ਸੁਖੁ[10] ਪਾਇਆ ॥ | When man becomes pleasing[5] to the Lord's mind, then[6] merges[8] he in His will.and, accepting[9] the Lord's command, he obtains peace[10]. | ਜਦ ਇਨਸਾਨ ਪ੍ਰਭੂ ਦੇ ਚਿੱਤ ਨੂੰ ਪੁੜ[5] ਜਾਂਦਾ ਹੈ, ਤਦ[6] ਉਹ ਉਸ ਦੀ ਰਜ਼ਾ[7] ਅੰਦਰ ਲੀਨ[8] ਹੋ ਜਾਂਦਾ ਹੈ । ਸਾਹਿਬ ਦੇ ਫ਼ੁਰਮਾਨ ਨੂੰ ਕਬੂਲ ਕਰ[9] ਬੰਦਾ ਆਰਾਮ[10] ਪਾਉਂਦਾ ਹੈ । |
| ਅਨਦਿਨੁ[12] ਜਪਤ[13] ਰਹੈ ਦਿਨੁ ਰਾਤੀ[14] ਸਹਜੇ[15] ਨਾਮੁ ਧਿਆਇਆ[16] ॥ | Night[12] and day, then, he ever[14] remembers[13] the Lord and effortlessly[15] repeats[16] the Name. | ਰਾਤ[12] ਦਿਨ, ਤਦ ਉਹ ਹਮੇਸ਼ਾ[14] ਹੀ ਉਸ ਸੁਆਮੀ ਨੂੰ ਸਿਮਰਦਾ[13] ਹੈ ਅਤੇ ਨਿਰਯਤਨ[15]ਹੀ ਨਾਮ ਦਾ ਉਚਾਰਨ ਕਰਦਾ[16] ਹੈ । |
| ਨਾਮੋ[17] ਨਾਮੁ ਮਿਲੀ ਵਡਿਆਈ[18] ਨਾਨਕ ਨਾਮੁ ਮਨਿ ਭਾਵਏ[19] ॥ | It is through only the Name[17], that Name and glory[18] are obtained The Lord's Name is pleasing[19] to Nanak's mind[20]. | ਕੇਵਲ ਨਾਮ[17] ਦੇ ਰਾਹੀਂ ਹੀ ਪ੍ਰਭਤਾ[18] ਪ੍ਰਾਪਤ ਹੁੰਦੀ ਹੈ । ਸਾਹਿਬ ਦਾ ਨਾਮ ਨਾਨਕ ਦੇ ਚਿੱਤ[20] ਨੂੰ ਚੰਗਾ ਲਗਦਾ[19] ਹੈ । |
| ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥ ੫॥੧॥ | O God, mercifully unite me with Thyself and bless me with Thine presence. | ਹੇ ਵਾਹਿਗੁਰੂ ! ਮਿਹਰ ਧਾਰ ਕੇ ਮੈਨੂੰ ਆਪਣੇ ਨਾਲ ਮਿਲਾ ਲੈ ਤੇ ਮੈਨੂੰ ਆਪਣੀ ਹਜ਼ੂਰੀ ਪ੍ਰਦਾਨ ਕਰ । |

੬੯੧

| | | |
|---|---|---|
| ਧਨਾਸਰੀ ਮਹਲਾ ੫ ਛੰਤ | Dhanasri 5th Guru Chhant. | ਧਨਾਸਰੀ ਪੰਜਵੀਂ ਪਾਤਿਸ਼ਾਹੀ ਛੰਤ । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ । |

| | | |
|---|---|---|
| ਸਤਿਗੁਰ ਦੀਨ[21] ਦਇਆਲ[22] ਜਿਸੁ ਸੰਗਿ[23] ਹਰਿ ਗਾਵੀਐ[24] ਜੀਉ ॥ | Merciful[22] to the meek[21] is my True Guru, in whose company[23] God's praise is sung[24]. | ਮਸਕੀਨਾਂ[21] ਤੇ ਮਿਹਰਬਾਨ[22] ਹਨ ਮੇਰੇ ਸੱਚੇ ਗੁਰੂ ਜੀ, ਜਿਨ੍ਹਾਂ ਦੀ ਸੰਗਤ[23] ਅੰਦਰ ਵਾਹਿਗੁਰੂ ਦਾ ਜੱਸ ਗਾਇਨ ਕੀਤਾ ਜਾਂਦਾ[24] ਹੈ । |
| ਅੰਮ੍ਰਿਤੁ[25] ਹਰਿ ਕਾ ਨਾਮੁ ਸਾਧਸੰਗਿ ਰਾਵੀਐ[26] ਜੀਉ ॥ | The Nectar[25]-Name of the Lord is uttered[26] in the society of saints'. | ਪ੍ਰਭੂ ਦਾ ਸੁਧਾ ਸਰੂਪ[25] ਨਾਮ ਸਤਿ ਸੰਗਤ ਅੰਦਰ ਉਚਾਰਨ ਕੀਤਾ ਜਾਂਦਾ[26] ਹੈ । |
| ਭਜੁ[27] ਸੰਗਿ ਸਾਧੂ ਇਕੁ ਅਰਾਧੂ[28] ਜਨਮ ਮਰਨ ਦੁਖ[30] ਨਾਸਏ[29] ॥ | By remembering[27] and contemplating[28] on the One Lord in the saints' society, the agony[30] of birth and death is removed[29]. | ਸਤਿ ਸੰਗਤ ਅੰਦਰ ਇਕ ਪ੍ਰਭੂ ਦਾ ਸਿਮਰਨ[27] ਤੇ ਆਰਾਧਨ[28] ਕਰਨ ਦੁਆਰਾ, ਜੰਮਣ ਤੇ ਮਰਨ ਦੀ ਪੀੜ[30] ਨਵਿਰਤ ਹੋ ਜਾਂਦੀ[29] ਹੈ । |
| ਧੁਰਿ[31] ਕਰਮੁ[32] ਲਿਖਿਆ ਸਾਚੁ ਸਿਖਿਆ[33] ਕਟੀ[34] ਜਮ[35] ਕੀ ਫਾਸਏ[36] ॥ | They, for whom good destiny[32] is writ from the very beginning[31], learn[33] the truth and their noose[36] of death[35] is loosed[34]. | ਜਿਨ੍ਹਾਂ ਲਈ ਐਨ ਆਰੰਭ[31] ਤੋਂ ਚੰਗੀ ਕਿਸਮਤ[32] ਲਿਖੀ ਹੋਈ ਹੈ, ਉਹ ਸੱਚ ਨੂੰ ਸਿਖਦੇ[33] ਹਨ ਅਤੇ ਉਨ੍ਹਾਂ ਦੀ ਮੌਤ[35] ਦੀ ਫਾਹੀ[36] ਕੱਟੀ ਜਾਂਦੀ[34] ਹੈ । |
| ਭੈ[37] ਭਰਮ[38] ਨਾਠੇ[39] ਛੁਟੀ[40] ਗਾਠੇ[41] ਜਮ[42] ਪੰਥਿ[43] ਮੂਲਿ ਨ ਆਵੀਐ[44] ॥ | Their dread[36] and doubt[38] are dispelled[39], the mammon's knot[41] is untied[40] and they never walk[44] the way[43] of death[42]. | ਉਨ੍ਹਾਂ ਦਾ ਡਰ[37] ਤੇ ਸੰਸਾ[38] ਦੂਰ[39] ਹੋ ਜਾਂਦੇ ਹਨ, ਮਾਇਆ ਦੀ ਗੰਢ[41] ਖੁਲ੍ਹ[40] ਜਾਂਦੀ ਹੈ ਅਤੇ ਉਹ ਮੌਤ[42] ਦੇ ਰਾਹੇ[43] ਕਦਾਚਿੱਤ ਨਹੀਂ ਪੈਂਦੇ[44] । |
| ਬਿਨਵੰਤਿ[45] ਨਾਨਕ ਧਾਰਿ[46] ਕਿਰਪਾ[47] ਸਦਾ[48] ਹਰਿ ਗੁਣ[49] ਗਾਵੀਐ[50] ॥੧॥ | Prays[45] Nanak, have[46] mercy[47] on me, O Lord, that I may ever[48] sing[50] Thy praise[49]. | ਗੁਰੂ ਜੀ ਬੇਨਤੀ ਕਰਦੇ[45] ਹਨ, ਮੇਰੇ ਉੱਤੇ ਮਿਹਰ[47] ਕਰ[46], ਹੇ ਸੁਆਮੀ ! ਤਾਂ ਜੋ ਮੈਂ ਹਮੇਸ਼ਾ[48] ਤੇਰਾ ਜੱਸ[49] ਗਾਇਨ ਕਰਦਾ[50] ਰਹਾਂ । |
| ਨਿਧਰਿਆ[51] ਧਰ[52] ਏਕੁ ਨਾਮੁ ਨਿਰੰਜਨੋ[53] ਜੀਉ ॥ | The one Immaculate[53] Name is the support[52] of the supportless[51]. | ਇੱਕ ਪਵਿੱਤ੍ਰ[53] ਨਾਮ ਹੀ ਨਿਆਸਰਿਆਂ[51] ਦਾ ਆਸਰਾ[52] ਹੈ । |
| ਤੂ ਦਾਤਾ[54] ਦਾਤਾਰੁ[55] ਸਰਬ[56] ਦੁਖ[57] ਭੰਜਨੋ[58] ਜੀਉ ॥ | O Beneficent Lord[54], Thou art ever the Giver[55] and the Dispeller[58] of all[56] sorrows[57]. | ਹੇ ਉਦਾਰ-ਚਿੱਤ ਸੁਆਮੀ[54] ਤੂੰ ਹਮੇਸ਼ਾ ਦੇਣ ਵਾਲਾ[55] ਅਤੇ ਸਾਰੇ[56] ਦੁਖੜੇ[57] ਦੂਰ ਕਰਨ ਵਾਲਾ[58] ਹੈ । |
| ਦੁਖ ਹਰਤ[59] ਕਰਤਾ[60] ਸੁਖਹ[61] ਸੁਆਮੀ ਸਰਣਿ[62] ਸਾਧੂ ਆਇਆ ॥ ਸੰਸਾਰੁ[63] ਸਾਗਰੁ[64] ਮਹਾ[65] ਬਿਖੜਾ[66] ਪਲ[67] ਏਕ ਮਾਹਿ ਤਰਾਇਆ[68] ॥ | O Creator[60], the Destroyer[59] of pain and the Lord of bliss[61], who-so-ever seeks the saints' refuge[62], him, Thou enablest to cross[68] the most[65] arduous[66] world[63] ocean[64] in an instant[67]. | ਹੇ ਦੁਖ ਦੂਰ ਕਰਨਹਾਰ[59] ! ਤੇ ਪ੍ਰਸੰਨਤਾ[61] ਦੇ ਸਾਂਈਂ ਸਿਰਜਨਹਾਰ[60] ! ਜਿਹੜਾ ਕੋਈ ਭੀ ਸੰਤਾਂ ਦੀ ਪਨਾਹ[62] ਲੈਂਦਾ ਹੈ; ਉਸ ਨੂੰ ਤੂੰ ਪਰਮ[65] ਕਠਨ[66] ਸੰਸਾਰ[63] ਸਮੁੰਦਰ[64] ਤੋਂ ਇੱਕ ਮੁਹਤ[67] ਵਿੱਚ ਪਾਰ ਕਰ ਦਿੰਦਾ[68] ਹੈ । |
| ਪੂਰਿ ਰਹਿਆ[69] ਸਰਬ ਥਾਈ[70] ਗੁਰ ਗਿਆਨੁ[71] ਨੇਤ੍ਰੀ[72] ਅੰਜਨੋ[73] ॥ | When I applied the slave[73] of Guru's gnosis[71] to my eyes[72], I saw the Lord fully contained[69] everywhere[70]. | ਜਦ ਮੈਂ ਗੁਰਾਂ ਦੇ ਬ੍ਰਹਮ ਬੀਚਾਰ[71] ਦਾ ਸੁਰਮਾ[73] ਆਪਣੀਆਂ ਅੱਖਾਂ[72] ਵਿੱਚ ਪਾਇਆ, ਤਾਂ ਮੈ ਸੁਆਮੀ ਨੂੰ ਹਰ ਥਾਂ[70] ਪਰੀਪੂਰਨ[69] ਤਕ ਲਿਆ । |

| | | |
|---|---|---|
| ਬਿਨਵੰਤਿ ਨਾਨਕ ਸਦਾ ਸਿਮਰੀ[74] ਸਰਬ ਦੁਖ ਭੈ ਭੰਜਨੋ[75] ॥੨॥ | Supplicates Nanak, ever meditate[74] I, on Him, who is the Destroyer[75] of all pains and fears. | ਗੁਰੂ ਜੀ ਬੇਨਤੀ ਕਰਦੇ ਹਨ, ਹਮੇਸ਼ਾ ਹੀ ਮੈਂ ਉਸ ਦਾ ਚਿੰਤਨ ਕਰਦਾ[74] ਹਾਂ, ਜੋ ਸਮੂਹ ਪੀੜਾਂ ਤੇ ਡਰ ਨੂੰ ਨਾਸ ਕਰਨ ਵਾਲਾ[75] ਹੈ। |
| ਆਪਿ ਲੀਏ ਲੜਿ[76] ਲਾਇ[79] ਕਿਰਪਾ[77] ਧਾਰੀਆ[78] ਜੀਉ ॥ | By showing[78] His mercy[79], the Lord has attached[79] me to His skirt[76]. | ਆਪਣੀ ਰਹਿਮਤ[77] ਕਰ ਕੇ[78], ਸੁਆਮੀ ਨੇ ਮੈਨੂੰ ਆਪਣੇ ਪੱਲੇ[76] ਲਾ ਲਿਆ[79] ਹੈ। |
| ਮੋਹਿ[80] ਨਿਰਗੁਣੁ[81] ਨੀਚੁ[82] ਅਨਾਥੁ[83] ਪ੍ਰਭ ਅਗਮ[84] ਅਪਾਰੀਆ[85] ਜੀਉ ॥ | I[80] am meritless[81], low[82] and destitute[83] and the Lord is Inaccessible[84] and Infinite[85]. | ਮੈਂ[80] ਨੇਕੀ ਵਿਹੂਣ[81], ਨੀਵਾਂ[82] ਤੇ ਨਿਖਸਮਾ[83] ਹਾਂ ਅਤੇ ਸਾਹਿਬ ਪਹੁੰਚ ਤੋਂ ਪਰੇ[84] ਅਤੇ ਬੇਅੰਤ[85] ਹੈ। |
| ਦਇਆਲ[86] ਸਦਾ[87] ਕ੍ਰਿਪਾਲ[88] ਸੁਆਮੀ ਨੀਚੁ[89] ਥਾਪਣਹਾਰਿਆ[90] ॥ | Ever[87] merciful[86] and compassionate[88] is my Lord, He is the Establisher[90] of the low[89]. | ਹਮੇਸ਼ਾ[87] ਹੀ ਮਿਹਰਬਾਨ[86] ਤੇ ਮਇਆਵਾਨ[88] ਹੈ ਮੇਰਾ ਮਾਲਕ। ਉਹ ਨੀਵਿਆਂ[89] ਨੂੰ ਅਸਥਾਪਨ ਕਰਨ ਵਾਲਾ[90] ਹੈ। |
| ਜੀਅ[91] ਜੰਤ ਸਭਿ ਵਸਿ[92] ਤੇਰੈ ਸਗਲ[93] ਤੇਰੀ ਸਾਰਿਆ[94] ॥ | All the creatures[91] are in Thy power[92], O Lord and Thou takest care[94] of all[93]. | ਸਾਰੇ ਜੀਵ ਜੰਤੂ[91] ਤੇਰੇ ਇਖ਼ਤਿਆਰ[92] ਵਿੱਚ ਹਨ, ਹੇ ਸੁਆਮੀ! ਅਤੇ ਤੂੰ ਸਾਰਿਆਂ[93] ਦੀ ਸੰਭਾਲ ਕਰਦਾ[94] ਹੈਂ। |
| ਆਪਿ[95] ਕਰਤਾ[96] ਆਪਿ ਭੁਗਤਾ[97] ਆਪਿ ਸਗਲ[98] ਬੀਚਾਰਿਆ[99] ॥ | The Lord Himself[95] is the Creator[96], Himself the Enjoyer[97] and Himself the Deliberator[99] of everything[98]. | ਸੁਆਮੀ ਆਪੇ[95] ਸਿਰਜਣਹਾਰ[96], ਆਪੇ ਅਨੰਦ ਮਾਨਣ ਵਾਲਾ[97] ਅਤੇ ਆਪੇ ਹੀ ਸਾਰਾ ਕੁੱਛ[98] ਸੋਚਣ ਸਮਝਣ ਵਾਲਾ[99] ਹੈ। |
| ਬਿਨਵੰਤ[100] ਨਾਨਕ ਗੁਣ[2] ਗਾਇ ਜੀਵਾ[6] ਹਰਿ ਜਪੁ[3] ਜਪਉ[4] ਬਨਵਾਰੀਆ[5] ॥੩॥ | Nanak prays that he may live[6] by singing the praise[2] of God and repeating[4] the Name[3] of the Lord of woods[5]. | ਨਾਨਕ ਬੇਨਤੀ ਕਰਦਾ[100] ਹੈ ਕਿ ਉਹ ਵਾਹਿਗੁਰੂ ਦਾ ਜੱਸ[2] ਗਾਇਨ ਕਰਨ ਅਤੇ ਜੰਗਲਾਂ[5] ਦੇ ਸੁਆਮੀ ਦੇ ਨਾਮ ਦਾ ਸਿਮਰਨ ਕਰਨ ਦੁਆਰਾ ਜੀਉਂਦਾ[6] ਹੈ। |
| ਤੇਰਾ ਦਰਸੁ[7] ਅਪਾਰੁ[8] ਨਾਮੁ ਅਮੋਲਈ[9] ਜੀਉ ॥ | Peerless[8] is Thine sight[7] and priceless[9] is Thine Name, O my Lord. | ਲਾਸਾਨੀ[8] ਹੈ ਤੇਰਾ ਦਰਸ਼ਨ[7] ਅਤੇ ਅਣਮੁੱਲਾ[9] ਹੈ ਤੇਂਡਾ ਨਾਮ, ਹੇ ਮੇਰੇ ਸੁਆਮੀ! |
| ਨਿਤਿ[10] ਜਪਹਿ[12] ਤੇਰੇ ਦਾਸ[13] ਪੁਰਖ[14] ਅਤੋਲਈ[15] ਜੀਉ ॥ | Thine slaves[13], ever[10] think[12] of Thee, O my unweighable[15] Master[14] | ਤੇਰੇ ਗੋਲੇ[13] ਸਦਾ[10] ਤੈਨੂੰ ਯਾਦ ਕਰਦੇ[12] ਹਨ, ਹੇ ਮੇਰੇ ਅਜੋਖ[15] ਮਾਲਕ[14]। |
| ਸੰਤ ਰਸਨ[16] ਵੂਠਾ[17] ਆਪਿ[18] ਤੂਠਾ[19] ਹਰਿ ਰਸਹਿ[20] ਸੇਈ[21] ਮਾਤਿਆ[22] ॥ | By Thine[18] pleasure[19], Thou abidest[17] on the saints' tongue[16] and they[21] are intoxicated[22] with Thy elixir[20], O Lord. | ਆਪਣੀ[17] ਪ੍ਰਸੰਨਤਾ[19] ਦੁਆਰਾ ਤੂੰ ਸਾਧੂਆਂ ਦੀ ਜਿਹਭਾ[16] ਉੱਤੇ ਵੱਸਦਾ[17] ਹੈਂ ਅਤੇ ਉਹ[21] ਤੇਰੇ[21] ਅੰਮ੍ਰਿਤ[20] ਨਾਲ ਖੀਵੇ ਹੋਏ ਹੋਏ[22] ਹਨ, ਹੇ ਪ੍ਰਭੂ! |
| ਗੁਰ ਚਰਨ[23] ਲਾਗੇ[24] ਮਹਾ[25] ਭਾਗੇ[26] ਸਦਾ ਅਨਦਿਨੁ[27] ਜਾਗਿਆ[28] ॥ | The supremely[25] fortunate[26], repair[24] to the Guru's feet[23] and, night and day[27], they ever remain wakeful[28]. | ਪਰਮ[25] ਚੰਗੇ ਨਸੀਬਾਂ[26] ਵਾਲੇ ਗੁਰਾਂ ਦੇ ਪੈਰੀਂ[23] ਪੈਂਦੇ[24] ਹਨ। ਅਤੇ ਰਾਤ ਦਿਨ[27], ਉਹ ਹਮੇਸ਼ਾ ਸੁਚੇਤ[28] ਰਹਿੰਦੇ ਹਨ। |
| ਸਦਾ ਸਦਾ ਸਿੰਮ੍ਰਿਤਬੁ[29] | Ever and ever, meditate thou on the | ਹਮੇਸ਼ਾ, ਹਮੇਸ਼ਾ ਹੀ ਤੂੰ ਸਿਮਰਨ[29] ਯੋਗ ਸਾਹਿਬ ਦਾ ਸ਼ਿਮਰਨ |

| | | |
|---|---|---|
| ਸੁਆਮੀ ਸਾਸਿ ਸਾਸਿ[30] ਗੁਣ[31] ਬੋਲਦੀ[32] ॥ | Lord, who is worthy of meditation[29], and with thy every breath[30], utter[32] thou His praises[31]. | ਕਰ ਅਤੇ ਆਪਣੇ ਹਰ ਸੁਆਸ[30] ਨਾਲ ਤੂੰ ਉਸ ਦੀਆਂ ਸਿਫਤਾਂ[31] ਦਾ ਉਚਾਰਨ ਕਰ[32] । |
| ਬਿਨਵੰਤਿ[33] ਨਾਨਕ ਧੂਰਿ[34] ਸਾਧੂ ਨਾਮੁ ਪ੍ਰਭੂ ਅਮੋਲਈ[35] ॥੪॥੧॥ | Supplicates[33] Nanak, invaluable[35] is the Lord's Name and he is the dust[34] of the saints' feet. | ਗੁਰੂ ਜੀ ਬੇਨਤੀ ਕਰਦੇ[33] ਹਨ, ਕਿ ਅਮੋਲਕ[35] ਹੈ ਸੁਆਮੀ ਦਾ ਨਾਮ ਅਤੇ ਸੰਤਾਂ ਦੇ ਪੈਰਾਂ ਦੀ ਧੂੜ[34] ਹੈ ਉਹ । |
| ਰਾਗੁ ਧਨਾਸਰੀ<br>ਬਾਣੀ[36] ਭਗਤ[37] ਕਬੀਰ ਜੀ[38] ਕੀ | Rag Dhanasri<br>Hymns[36] of reverend[38] Saint[37] Kabir. | ਰਾਗ ਧਨਾਸਰੀ ।<br>ਪੂਜਜ[38] ਸਾਧੂ[37] ਕਬੀਰ ਜੀ ਦੇ ਸ਼ਬਦ[36] । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's favour is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਸਨਕ ਸਨੰਦ ਮਹੇਸ[39] ਸਮਾਨਾਂ[40] ॥ ਸੇਖਨਾਗਿ ਤੇਰੋ ਮਰਮੁ[41] ਨ ਜਾਨਾਂ ॥੧॥ | Personalities like[40] Sanak, Snand, Shiva[39] and Sheshnag know not Thy secret[41], O Lord. | ਸਨਕ, ਸਨੰਦ, ਸ਼ਿਵਜੀ[39] ਅਤੇ ਸ਼ੇਸ਼ਨਾਗ ਵਰਗੀਆਂ[40] ਵਿਅਕਤੀਆਂ, ਤੇਰੇ ਭੇਦ[41] ਨੂੰ ਨਹੀਂ ਜਾਣਦੀਆਂ, ਹੇ ਸੁਆਮੀ ! |
| ਸੰਤਸੰਗਤਿ ਰਾਮੁ[42] ਰਿਦੈ[43] ਬਸਾਈ[44] ॥੧॥ਰਹਾਉ॥ | Through association with saints the Omnipresent Lord[42] abides[44] in the mind[43]. | ਸਾਧੂਆਂ ਦੀ ਸੰਗਤ ਰਾਹੀਂ ਸਰਬ-ਵਿਆਪਕ ਸੁਆਮੀ[42] ਹਿਰਦੇ[43] ਅੰਦਰ ਟਿੱਕ ਜਾਂਦਾ[44] ਹੈ । |
| ਹਨੂਮਾਨ ਸਰਿ[45] ਗਰੁੜ ਸਮਾਨਾਂ ॥ [46]ਸੁਰਪਤਿ[47] ਨਰਪਤਿ[48] ਨਹੀ ਗੁਨ[49] ਜਾਨਾਂ[50] ॥੨॥ | Personalities like[45] Hanuman, beings like Garar, Indar the lord[47] of gods[46] and Brahma the Lord of men[48], know[50] not Thine excellences[49], O Master. | ਹਨੂਮਾਨ ਵਰਗੀਆਂ[45] ਵਿਅਕਤੀਆਂ, ਗਰੜ ਜੈਸੇ ਜੀਵਾਂ, ਦੇਵਤਿਆਂ[46] ਦੇ ਸੁਆਮੀ[47] ਇੰਦਰ ਅਤੇ ਮਨੁੱਖਾਂ[48] ਦੇ ਸੁਆਮੀ-ਬ੍ਰਹਮਾ, ਤੇਰੀਆਂ ਉਤਕ੍ਰਿਸ਼ਤਾਈਆਂ[49] ਨੂੰ ਨਹੀਂ ਜਾਣਦੇ[50], ਹੇ ਮਾਲਕ ! |
| ਚਾਰਿ ਬੇਦ ਅਰੁ[51] ਸਿੰਮ੍ਰਿਤਿ ਪੁਰਾਨਾਂ ॥ ਕਮਲਾ[52] ਪਤਿ[53] ਕਵਲਾ[52] ਨਹੀ ਜਾਨਾਂ[55] ॥ | The four Vedas, twentyseven Simirtis, eighteen Puranas, the lord[53] of Lakhshmi[52] (Vishnu) and[51] Lakhsmi[54], understand[55] not the Lord. | ਚਾਰੇ ਵੇਦ, ਸਤਾਈ ਸਿਮਰਤੀਆਂ, ਅਠਾਰਾਂ ਪੁਰਾਣ, ਲਖਸ਼ਮੀ[52] ਦਾ ਪਤੀ[53] ਵਿਸ਼ਨੂੰ ਅਤੇ[51] ਲਖਸ਼ਮੀ[54], ਸਾਹਿਬ ਨੂੰ ਨਹੀਂ ਸਮਝਦੇ[55] । |
| ਕਹਿ ਕਬੀਰ ਸੋ[56] ਭਰਮੈ[57] ਨਾਹੀ ॥ ਪਗ[58] ਲਗਿ[59] ਰਾਮ ਰਹੈ ਸਰਨਾਂਹੀ[60] ॥੪॥੧॥ | Says Kabir, he[56] who repairing[59] to the Lord's feet[58], remains under His protection[60], wanders[57] not in existences. | ਕਬੀਰ ਜੀ ਆਖਦੇ ਹਨ, ਜੋ ਪ੍ਰਭੂ ਦੇ ਪੈਰਾਂ[58] ਨੂੰ ਪਰਸਦਾ[59] ਹੈ ਅਤੇ ਉਸ ਦੀ ਪਨਾਹ[60] ਹੇਠਾਂ ਰਹਿੰਦਾ ਹੈ, ਉਹ[56] ਜੂਨੀਆਂ ਅੰਦਰ ਨਹੀਂ ਭਟਕਦਾ[57] । |
| ਦਿਨ[61] ਤੇ ਪਹਰ[62] ਪਹਰ ਤੇ ਘਰੀਆਂ[63] ਆਵ[65] ਘਟੈ ਤਨੁ[66] ਛੀਜੈ[64] ॥ | Day by day[61] and watch[62] by watch, the life[65] draws to a close and the body[66] withers away[64]. | ਦਿਹਾੜਿਆਂ[61] ਤੋਂ ਪਹਿਰ[62], ਪਹਿਰਾਂ ਤੋਂ ਘੰਟੇ[63], ਉਮਰ[65] ਘਟਦੀ ਜਾਂਦੀ ਹੈ ਅਤੇ ਸਰੀਰ[66] ਕਮਜ਼ੋਰ ਹੁੰਦਾ ਜਾਂਦਾ[64] ਹੈ । |

| | | |
|---|---|---|
| ਕਾਲੁ[67] ਅਹੇਰੀ[68] ਫਿਰੈ[69] ਬਧਿਕ[70] ਜਿਉ[71] ਕਹਹੁ[72] ਕਵਨ[73] ਬਿਧਿ[74] ਕੀਜੈ ॥੧॥ | Death[67] is walking[69] around like[71] a hunter[68] and a butcher[70]. Say[72], what[73] way[74] should man adopt to escape ? | ਮੌਤ[67] ਸ਼ਿਕਾਰੀ[68] ਤੇ ਕਸਾਈ[70] ਦੀ ਤਰ੍ਹਾਂ[71] ਉਦਾਲੇਫਿਰ ਰਹੀ[69] ਹੈ। ਦਸੋ[72] ! ਬਚਣ ਲਈ ਬੰਦਾ ਕੀ[73] ਹੀਲਾ[74] ਕਰੇ ? |
| **੬੯੨** | | |
| ਸੋ[75]ਦਿਨੁ ਆਵਨ[76] ਲਾਗਾ ॥ ਮਾਤ[77] ਪਿਤਾ[78] ਭਾਈ[79] ਸੁਤ[80] ਬਨਿਤਾ[81] ਕਹਹੁ[84] ਕੋਊ[82] ਹੈ ਕਾ ਕਾ[83] ॥੧॥ ਰਹਾਉ॥ | That[75] last day is fast approaching[76]. Of mother[77], father[78], brother[79], son[80] and wife[81], say[84], who[82] belongs to whom[83]. Pause. | ਉਹ[75] ਅਖ਼ੀਰਲਾ ਦਿਹਾੜਾ ਨੇੜੇ ਢੁੱਕਣ ਵਾਲਾ[76] ਹੈ। ਅੰਮੜੀ[77], ਬਾਬਲ[78], ਵੀਰ[79], ਪੁੱਤ੍ਰ[80] ਅਤੇ ਵਹੁਟੀ[81] ਵਿਚੋਂ ਦਸੋ[84] ਕੌਣ[82] ਕੀਹਦਾ[83] ਹੈ ? ਠਹਿਰਾਉ। |
| ਜਬ[85]ਲਗੁ ਜੋਤਿ[86]ਕਾਇਆ[87] ਮਹਿ[88] ਬਰਤੈ[89] ਆਪਾ[90] ਪਸੂ[91] ਨ ਬੂਝੈ[92] ॥ | So long as[86] the light[86] of life remains[89] in[88] the body[87], the beastly man[91] understands[92] not his ownself[90]. | ਜਦ ਤਾਈਂ[85] ਜੀਵਨ ਦਾ ਚਾਨਣ[86] ਸਰੀਰ[87] ਵਿੱਚ[88] ਵਰਤਦਾ[89] ਹੈ, ਇਹ ਡੰਗਰ[91] ਮਨੁੱਖ ਆਪਣੇ ਆਪ[90] ਨੂੰ ਨਹੀਂ ਸਮਝਦਾ[92]। |
| ਲਾਲਚ[93] ਕਰੈ ਜੀਵਨ[94] ਪਦ ਕਾਰਨ ਲੋਚਨ[97] ਕਛੂ ਨ ਸੂਝੈ[98] ॥੨॥ | He is greedy[93] to maintain his life status[94] and sees[98] nothing with his eyes[97]. | ਉਹ ਆਪਣੀ ਜੀਵਨ ਅਵਸਥਾ[94] ਕਾਇਮ ਰੱਖਣ ਦਾ ਲੋਭ ਕਰਦਾ[93] ਹੈ ਅਤੇ ਆਪਣਿਆਂ ਨੇਤ੍ਰਾਂ[97] ਨਾਲ ਕੁਝ ਭੀ ਨਹੀਂ ਦੇਖਦਾ[98]। |
| ਕਹਤ ਕਬੀਰ ਸੁਨਹੁ[99] ਰੇ ਪ੍ਰਾਨੀ[100] ਛੋਡਹੁ[2] ਮਨ[3] ਕੇ ਭਰਮਾ[4] ॥ | Says Kabir, hear O[99] mortal[100], shed[2] thou thy mental[3] doubts[4]. | ਕਬੀਰ ਜੀ ਆਖਦੇ ਹਨ, ਸ੍ਰਵਣ ਕਰ, ਹੇ[99]ਫ਼ਾਨੀ ਬੰਦੇ[100]! ਤੂੰ ਆਪਣੇ ਚਿੱਤ[3] ਦੇ ਸੰਸੇ[4] ਦੂਰ ਕਰ ਦੇ[2]। |
| ਕੇਵਲ ਨਾਮੁ ਜਪਹੁ[5] ਰੇ ਪ੍ਰਾਨੀ ਪਰਹੁ ਏਕ ਕੀ ਸਰਨਾ[6] ॥੩॥੨॥ | Contemplate[5] thou only on the one Name, O mortal, and seek but the One Lord's asylum[6]. | ਤੂੰ ਕੇਵਲ ਇਕ ਹਰੀ-ਨਾਮ ਦਾ ਹੀ ਸਿਮਰਨ ਕਰ, ਹੇ ਜੀਵ ! ਅਤੇ ਕੇਵਲ ਇੱਕ ਪ੍ਰਭੂ ਦੀ ਹੀ ਸ਼ਰਨ[6] ਲੈ। |
| ਜੋ ਜਨੁ[7] ਭਾਉ[8] ਭਗਤਿ[9] ਕਛੁ ਜਾਨੈ[10] ਤਾ ਕਉ[12] ਅਚਰਜੁ[13] ਕਾਹੋ[14] ॥ | What[14] surprise[13] is there[12] for the[12] man[7], who knows even something[10] of the love[8] and meditation[9] of God ? | ਉਸ[12] ਬੰਦੇ[7] ਨੂੰ ਕਿਹੜੀ[14] ਹੈਰਾਨੀ[13] ਹੈ, ਜੋ ਵਾਹਿਗੁਰੂ ਦੀ ਪ੍ਰੀਤ[8] ਅਤੇ ਬੰਦਗੀ ਨੂੰ ਕੁਝਕੁ[10] ਭੀ ਸਮਝਦਾ ਹੈ। |
| ਜਿਉ[15] ਜਲੁ[16] ਜਲ ਮਹਿ[17] ਪੈਸਿ[18] ਨ ਨਿਕਸੈ[19] ਤਿਉ[20] ਢੁਰਿ[21] ਮਿਲਿਓ[22]ਜੁਲਾਹੋ[23]॥੧॥ | As[15] water[16], falling[18] in[17] water, separates[19] not again, so[20] the weaver[23], softening[21] down, has blended[22] with the Lord. | ਜਿਸ ਤਰ੍ਹਾਂ[15] ਪਾਣੀ[16] ਵਿੱਚ[17] ਪਾਣੀ ਪੈ ਕੇ[18] ਮੁੜ ਵਖਰਾ[19] ਨਹੀਂ ਹੁੰਦਾ, ਏਸੇ ਤਰ੍ਹਾਂ[20] ਜੁਲਾਹਾ[23] ਕੋਮਲ[21] ਹੋ, ਸਾਂਈਂ ਨਾਲ ਅਭੇਦ[22] ਹੋ ਗਿਆ ਹੈ। |
| ਹਰਿ ਕੇ ਲੋਗਾ[24] ਮੈ ਤਉ ਮਤਿ[25] ਕਾ ਭੋਰਾ[26] ॥ | O men[24] of God, I am mentally[25] a simpleton[26]. | ਹੇ ਰੱਬ ਦੇ ਬੰਦਿਓ[24] ! ਮੈਂ ਅਕਲੋਂ[25] ਭੋਲਾ ਭਾਲਾ[26] ਹਾਂ। |
| ਜਉ[27] ਤਨੁ[28] ਕਾਸੀ[29] ਤਜਹਿ[30] ਕਬੀਰਾ ਰਮਈਐ[31] ਕਹਾ[32] ਨਿਹੋਰਾ[33] ॥੧॥ ਰਹਾਉ॥ | If[27] Kabir abandons[30] His body[28] at Banaras[29], what[32] obligation[33] owes he to God[31](according to the Hindu belief he is emancipated of his own) ? Pause. | ਜੇਕਰ[27] ਕਬੀਰ ਬਨਾਰਸ[29] ਵਿੱਚ ਆਪਣੀ ਦੇਹ[28] ਛੱਡ ਦੇਵੇ[30], ਤਾਂ ਉਹ ਰੱਬ[31] ਦੀ ਕੀ[32] ਮੁਹੰਦਗੀ[23] ਧਰਾਉਂਦਾ ਹੈ, ਕਿਉਂ ਜੋ ਹਿੰਦੂਆਂ ਦੇ ਮਤ ਅਨੁਸਾਰ ਉਹ ਖ਼ੁਦ-ਬ-ਖ਼ੁਦ ਹੀ ਮੁਕਤ ਹੋ ਜਾਂਦਾ ਹੈ ? ਠਹਿਰਾਉ। |

| | | |
|---|---|---|
| ਕਹਤੁ ਕਬੀਰੁ ਸੁਨਹੁ ਰੇ ਲੋਈ[34] ਭਰਮਿ[35] ਨ ਭੂਲਹੁ[36] ਕੋਈ ॥ | Says Kabir, hear, O people[34], let no one go astray[36] under any illusion[35]. | ਕਬੀਰ ਜੀ ਆਖਦੇ ਹਨ ਸ੍ਰਵਣ ਕਰੋ, ਹੇ ਲੋਕੋ[34] ! ਕੋਈ ਜਣਾ ਕਿਸੇ ਸ਼ੱਕ ਸ਼ੁਬੇ[35] ਵਿੱਚ ਕੁਰਾਹੇ[36] ਨਾ ਪਵੇ । |
| ਰਤਨੁ[42] ਰਾਮੁ ਘਟ[43] ਹੀ ਕੇ ਭੀਤਰਿ[44] ਤਾ[45] ਕੋ ਗਿਆਨੁ[46] ਨ ਪਾਇਓ ॥ | The Lord's jewel[42] is within[44] my mind[43] and His[45] knowledge[46] I have not. | ਸੁਆਮੀ ਦਾ ਜਵੇਹਰ[42] ਮੇਰੇ ਹਿਰਦੇ[43] ਅੰਦਰ[44] ਹੀ ਹੈ; ਪ੍ਰੰਤੂ, ਮੈਨੂੰ ਉਸ ਦੀ[45] ਗਿਆਤ[46] ਨਹੀਂ। |
| ੭੦੩ | | |
| ਜਨ[47] ਨਾਨਕ ਭਗਵੰਤ[48] ਭਜਨ[49] ਬਿਨੁ ਬਿਰਥਾ[50] ਜਨਮੁ[51] ਗਵਾਇਓ[52] ॥੨॥੧॥ | O serf[47] Nanak, without the fortunate Lord's[48] meditation[49], the human life[51] is lost[52] in vain[50]. | ਹੇ ਨਫਰ[47] ਨਾਨਕ! ਭਾਗਾਂ ਵਾਲੇ ਸਾਹਿਬ[48] ਦੇ ਸਿਮਰਨ[49] ਬਾਝੋਂ, ਮਨੁੱਖੀ-ਜੀਵਨ[51] ਵਿਅਰਥ[50] ਗੁਆਚ ਜਾਂਦਾ[52] ਹੈ। |
| ਜੈਤਸਰੀ ਮਹਲਾ ੯ ॥ | Jaitsri 9th Guru. | ਜੈਤਸਰੀ ਨੌਵੀਂ ਪਾਤਿਸ਼ਾਹੀ। |
| ਹਰਿ ਜੂ[53] ਰਾਖਿ ਲੇਹੁ[54] ਪਤਿ[55] ਮੇਰੀ ॥ | O adorable[53] God, preserve[54] Thou my honour[55]. | ਹੇ ਪੂਜਨੀਜ[53] ਵਾਹਿਗੁਰੂ! ਤੂੰ ਮੇਰੀ ਪਤਿ[55] ਰੱਖ[54]। |
| ਜਮ[56] ਕੋ ਤ੍ਰਾਸੁ[57] ਭਇਓ ਉਰ[58] ਅੰਤਰਿ ਸਰਨਿ[60] ਗਹੀ[61] ਕਿਰਪਾ[62] ਨਿਧਿ[63] ਤੇਰੀ ॥੧॥ਰਹਾਉ॥ | The fear[57] of death[56] has entered my mind[58] and I have clung[61] to Thine asylum[60], O Ocean[63] of mercy[62]. Pause. | ਮੇਰੇ ਹਿਰਦੇ[58] ਨੂੰ ਮੌਤ[56] ਦਾ ਡਰ[57] ਪੈ ਗਿਆ ਹੈ ਅਤੇ ਮੈਂ ਤੇਂਡੀ ਪਨਾਹ[60] ਪਕੜੀ[61] ਹੈ, ਹੇ ਰਹਿਮਤ[62] ਦੇ ਸਮੁੰਦਰ[63]। ਠਹਿਰਾਉ। |
| ਮਹਾ[64] ਪਤਿਤ[65] ਮੁਗਧ[66] ਲੋਭੀ ਫੁਨਿ[67] ਕਰਤ ਪਾਪ[70] ਅਬ[68] ਹਾਰਾ[69] ॥ | I am a great[64] sinner[65], stupid[66] and greedy and[67] I have now[68] grown weary[69] of committing sins[70]. | ਮੈਂ ਪਰਮ[64] ਗੁਨਹਗਾਰ[65], ਮੂਰਖ[66] ਅਤੇ ਲਾਲਚੀ ਹਾਂ; ਅਤੇ[67] ਹੁਣ[68] ਮੈਂ ਗੁਨਾਹ[70] ਕਰਦਾ ਕਰਦਾ ਹੰਭ ਗਿਆ[69] ਹਾਂ। |
| ਭੈ[71] ਮਰਬੇ ਕੋ ਬਿਸਰਤ[72] | The fear[71] of death, I forget[72] not and | ਮੌਤ ਦਾ ਡਰ[71] ਮਨੂੰ ਭੁਲਦਾ[72] ਨਹੀਂ। ਉਸ[73] ਫਿਕਰ[74] |

| | | |
|---|---|---|
| ਨਾਹਿਨ ਤਿਹ[73] ਚਿੰਤਾ[74] ਤਨੁ[75] ਜਾਰਾ[76] ॥੧॥ | that[73] anxiety[74] has ruined[76] my body[75]. | ਨੇ ਮੇਰਾ ਸਰੀਰ[75] ਸਾੜ ਸੁੱਟਿਆ[76] ਹੈ । |
| ਕੀਏ ਉਪਾਵ[77] ਮੁਕਤਿ[78] ਕੇ ਕਾਰਨਿ[79]ਦਹ ਦਿਸਿ[80] ਕਉ ਉਠਿ ਧਾਇਆ[81] ॥ | I have been running about[81] in ten directions[80], making efforts[77] for[79] my emancipation[78]. | ਮੈਂ ਆਪਣੀ ਕਲਿਆਣ[78] ਵਾਸਤੇ[79] ਉਪਰਾਲੇ[77] ਕਰਦਾ ਹੋਇਆ, ਦਸੀਂ ਪਾਸੀਂ[80] ਭੱਜਿਆ ਫਿਰਿਆ[81] ਹਾਂ । |
| ਘਟ[82] ਹੀ ਭੀਤਰਿ[83] ਬਸੈ ਨਿਰੰਜਨੁ[84] ਤਾਕੋ[85] ਮਰਮੁ[86] ਨ ਪਾਇਆ ॥੨॥ | The Pure Lord[84] abides within[83] my mind[82], but I know not His[85] secret[86]. | ਪਵਿੱਤਰ ਪ੍ਰਭੂ[84] ਮੇਰੇ ਹਿਰਦੇ[82] ਅੰਦਰ[83] ਨਿਵਾਸ ਰਖਦਾ ਹੈ; ਪ੍ਰੰਤੂ, ਮੈਂ ਉਸ[85] ਦੇ ਭੇਤ[86] ਨੂੰ ਨਹੀਂ ਜਾਣਦਾ । |
| ਨਾਹਿਨ ਗੁਨੁ[87] ਨਾਹਿਨ ਕਛੁ[88]ਜਪੁ[89]ਤਪੁ[90] ਕਉਨੁ[92] ਕਰਮੁ[91] ਅਬ ਕੀਜੈ ॥ | I have no merit[77], nor any[88] contemplation[89] and austerity[90]. What[92] deed[91] should I, now, do to please Thee, O my Lord ? | ਮੇਰੇ ਪੱਲੇ ਨੇਕੀ[87] ਨਹੀਂ, ਨਾ ਹੀ ਕੋਈ[88] ਸਿਮਰਨ[89] ਤੇ ਤਪੱਸਿਆ[90] ਹੈ । ਤੈਨੂੰ ਖ਼ੁਸ਼ ਕਰਨ ਲਈ, ਹੁਣ, ਮੈਂ ਕਿਹੜਾ[92] ਕੰਮ[91] ਕਰਾਂ, ਹੇ ਮੇਰੇ ਸੁਆਮੀ ? |
| ਨਾਨਕ ਹਾਰਿ[93] ਪਰਿਓ ਸਰਨਾਗਤਿ[94]ਅਭੈ[95] ਦਾਨੁ[96] ਪ੍ਰਭ ਦੀਜੈ[97] ॥੩॥੨॥ | Nanak, I have grown weary[93] and have sought Thy protection[94]. O Lord, bless[97] me with the gift[96] of fearlessness[95]. | ਨਾਨਕ, ਮੈਂ ਥੱਕ ਗਿਆ[93] ਹਾਂ ਅਤੇ ਮੈਂ ਤੇਰੀ ਪਨਾਹ[94] ਲਈ ਹੈ । ਹੇ ਸਾਹਿਬ ! ਮੈਨੂੰ ਨਿਰਭੈਤਾ[95] ਦੀ ਦਾਤ[96] ਬਖ਼ਸ਼[97] । |
| **ਜੈਤਸਰੀ ਮਹਲਾ ੯ ॥** | **Jaitsri 9th Guru.** | **ਜੈਤਸਰੀ ਨੌਵੀਂ ਪਾਤਿਸ਼ਾਹੀ ।** |
| ਮਨ[98] ਰੇ ਸਾਚਾ ਗਹੋ[99] ਬਿਚਾਰਾ[100] ॥ | O man[98], embrace[99] thou true Wisdom[100]. | ਹੇ ਬੰਦੇ[98] ! ਤੂੰ ਸੱਚੀ ਸੋਚ ਸਮਝ[100] ਧਾਰਨ ਕਰ[99] । |
| ਰਾਮ ਨਾਮ ਬਿਨੁ ਮਿਥਿਆ[2] ਮਾਨੋ[3] ਸਗਰੋ[4] ਇਹੁ ਸੰਸਾਰਾ[5] ॥੧॥ਰਹਾਉ॥ | Be certain[3], that without the Lord's Name, all[4] this world[5] is false[2]. Pause. | ਤੂੰ ਮੰਨ ਲੈ[3] ਕਿ ਪ੍ਰਭੂ ਦੇ ਨਾਮ ਦੇ ਬਗ਼ੈਰ, ਇਹ ਸਾਰਾ[4] ਜਗਤ[5] ਝੂਠਾ[2] ਹੈ । ਠਹਿਰਾਉ । |
| ਜਾ ਕਉ ਜੋਗੀ ਖੋਜਤ[6] ਹਾਰੇ[7] ਪਾਇਓ ਨਾਹਿ ਤਿਹ[8] ਪਾਰਾ[9] ॥ | He, whom the Yogis have grown weary[7] of searching[6] without finding His[8] limit[9]; | ਜਿਸ ਨੂੰ ਯੋਗੀ, ਉਸ ਦਾ[8] ਅੰਤ[9] ਪਾਉਣ ਦੇ ਬਗ਼ੈਰ ਲਭਦੇ[6] ਥਕ ਗਏ[7] ਹਨ ;— |
| ਸੋ[10] ਸੁਆਮੀ ਤੁਮ ਨਿਕਟਿ[12] ਪਛਾਨੋ[13] ਰੂਪ[14] ਰੇਖ[15] ਤੇ ਨਿਆਰਾ[16] ॥੧॥ | Know[13] thou that that[10] Lord is near[12] thee, but is without[16] any form[14] and outline[15]. | ਤੂੰ ਜਾਣ ਲੈ[13] ਕਿ ਉਹ[10] ਸਾਹਿਬ, ਸਰੂਪ[14]ਅਤੇ ਨੁਹਾਰ[15] ਦੇ ਬਗ਼ੈਰ[16], ਤੇਰੇ ਨੇੜੇ[12] (ਅੰਗ ਸੰਗ) ਹੀ ਹੈ । |
| ਪਾਵਨ[17] ਨਾਮੁ ਜਗਤ[18] ਮੈ ਹਰਿ ਕੋ ਕਬਹੂ ਨਾਹਿ ਸੰਭਾਰਾ[19] ॥ | Purifying[17] is the Name of God in the world[18], yet thou never rememberest[19] it. | ਪਵਿੱਤਰ ਕਰਨ ਵਾਲਾ[17]ਹੈ ਰੱਬ ਦਾ ਨਾਮ ਇਸ ਸੰਸਾਰ[18] ਵਿੱਚ, ਪਰ ਤੂੰ ਕਦੇ ਭੀ ਇਸ ਨੂੰ ਯਾਦ[19] ਨਹੀਂ ਕਰਦਾ । |
| ਨਾਨਕ ਸਰਨਿ[20] ਪਰਿਓ ਜਗ[21] ਬੰਦਨ[22] ਰਾਖਹੁ[23] ਬਿਰਦੁ[24] ਤੁਹਾਰਾ ॥੨॥੩॥ | Nanak has entered the sanctuary[20] of Him, before whom the world[21] bows down[22]. Preserve[23] me as is Thine innate nature[24], O Lord. | ਨਾਨਕ ਨੇ ਉਸ ਦੀ ਪਨਾਹ[20] ਲਈ ਹੈ, ਜਿਸ ਦੇ ਮੂਹਰੇ ਜਹਾਨ[21] ਨਿਉਂਦਾ[22] ਹੈ । ਆਪਣੀ ਰੀਤੀ[24] ਅਨੁਸਾਰ ਮੇਰੀ ਰੱਖਿਆ[23] ਕਰ, ਹੇ ਸੁਆਮੀ ! |

| | | |
|---|---|---|
| ਜੈਤਸਰੀ ਮਹਲਾ ੫<br>ਛੰਤ ਘਰੁ ੧ | Jaitsri 5th Guru<br>Chhant | ਜੈਤਸਰੀ ਪੰਜਵੀਂ ਪਾਤਿਸ਼ਾਹੀ<br>ਛੰਤ |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtatined. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ। |
| ਸਲੋਕ ॥ | Slok. | ਸਲੋਕ। |
| ਦਰਸਨ[25]ਪਿਆਸੀ[26]ਦਿਨਸੁ ਰਾਤਿ ਚਿਤਵਉ[27]ਅਨਦਿਨੁ[28] ਨੀਤ[29] ॥ | Day and night I thirst[26] for the Lord's vision[25] and ever[28] think[27] of Him daily[29]. | ਦਿਨ ਰਾਤ, ਮੈਂ ਪ੍ਰਭੂ ਦੇ ਦੀਦਾਰ[25]ਦੀ ਤਿਹਾਈ[26]ਹਾਂ ਅਤੇ ਹਮੇਸ਼ਾ[28], ਨਿਤਾਪ੍ਰਤੀ[29], ਉਸ ਨੂੰ ਯਾਦ ਕਰਦੀ[27] ਹਾਂ। |
| ਖੋਲਿ੍ ਕਪਟ[30] ਗੁਰਿ ਮੇਲੀਆ ਨਾਨਕ ਹਰਿ ਸੰਗਿ[31] ਮੀਤ[32] ॥੧॥ | Opening the door[30] of my mind, O Nanak, the Guru has made me meet with[31] God, my Friend[32]. | ਦਿਲ ਦਾ ਦਰਵਾਜ਼ਾ[30] ਖੋਲ੍ਹ ਕੇ, ਹੇ ਨਾਨਕ! ਗੁਰਾਂ ਨੇ ਮੈਨੂੰ ਮੇਰੇ ਮਿੱਤ੍ਰ[32] ਵਾਹਿਗੁਰੂ ਨਾਲ[31] ਮਿਲਾ ਦਿੱਤਾ ਹੈ। |
| ਛੰਤ[33] ॥ | Chhant[33]. | ਛੰਤ[33]। |
| ਸੁਣਿ ਯਾਰ[34]ਹਮਾਰੇ ਸਜਣ[35] ਇਕ ਕਰਉ ਬੇਨੰਤੀਆ[36] ॥ | Hear thou, O my intimate[34] friend[35], I make one supplication[36]. | ਤੂੰ ਸ੍ਰਵਣ ਕਰ, ਹੇ ਮੇਰੇ ਦਿਲਬਰ[34] ਮਿੱਤ੍ਰਾ[35]! ਮੈਂ ਇਕ ਪ੍ਰਾਰਥਨਾ[36] ਕਰਦੀ ਹਾਂ। |
| ਤਿਸੁ[37] ਮੋਹਨ[38] ਲਾਲ[40] ਪਿਆਰੇ[29] ਹਉ ਫਿਰਉ ਖੋਜੰਤੀਆ[41] ॥ | I wander about searching for[41] that[37] enticing[38] sweet[39] Beloved[40] of mine. | ਮੈਂ ਉਸ[37] ਆਪਣੇ ਮਨਮੋਹਨੇ[38] ਮਿਠੜੇ[39] ਪ੍ਰੀਤਮ[40] ਨੂੰ ਭਾਲਦੀ ਫਿਰਦੀ[41] ਹਾਂ। |
| ਤਿਸੁ ਦਸਿ[42]ਪਿਆਰੇ ਸਿਰੁ[47] ਧਰੀ[43]ਉਤਾਰੇ[44]ਇਕ ਭੋਰੀ[45] ਦਰਸਨੁ[46] ਦੀਜੈ ॥ | Give me some idea[42] about that Beloved. I will sever[44] my head[47] and place[44] it before Him, if He blesses me with His sight[46] even for a moment[48]. | ਮੈਨੂੰ ਉਸ ਪ੍ਰੀਤਮ ਦੀ ਕਣਸੋ[42] ਦਿਓ। ਜੇਕਰ ਉਹ ਇੱਕ ਮੁਹਤ[45] ਲਈ ਭੀ ਮੈਨੂੰ ਆਪਣਾ ਦੀਦਾਰ[49] ਵਿਖਾਲ ਦੇਵੇ, ਤਾਂ ਮੈਂ ਆਪਣਾ ਸੀਸ[47] ਕੱਟ ਕੇ[44] ਉਸ ਦੇ ਮੂਹਰੇ ਰੱਖ ਦੇਵਾਂਗੀ[43]। |
| ਨੈਨ[47] ਹਮਾਰੇ ਪ੍ਰਿਅ[48]ਰੰਗ[49] ਰੰਗਾਰੇ[50] ਇਕੁ ਤਿਲੁ[50] ਭੀ ਨ ਧੀਰੀਜੈ[51] ॥ | Mine eyes[47] are imbued[50] with the love[49] of my Beloved[48] and without Him they have not even a moment's[50] peace[51]. | ਮੇਰੇ ਨੇਤ੍ਰ[47], ਮੇਰੇ ਪ੍ਰੀਤਮ[48] ਦੇ ਪ੍ਰੇਮ[49] ਨਾਲ ਰੰਗੀਜੇ ਹੋਏ[50] ਹਨ ਅਤੇ ਉਸ ਦੇ ਬਾਝੋਂ ਇਕ ਮੁਹਤ[50] ਭਰ ਭੀ ਆਰਾਮ[51] ਨਹੀਂ ਪਾਉਂਦੇ। |
| ਪ੍ਰਭ ਸਿਉ ਮਨੁ[52] ਲੀਨਾ[53] ਜਿਉ[54] ਜਲ[55] ਮੀਨਾ[56] ਚਾਤ੍ਰਿਕੁ[57] ਜਿਵੈ[58] ਤਿਸੰਤੀਆ[59] ॥ | My soul[52] is as attached[53] to the Lord, as[54] the fish[56] is to water[55] and as[58] the sparrow hawk[57] feels thirsty[59] for the rain-drop. | ਮੇਰੀ ਆਤਮਾ[52] ਇਸ ਤਰ੍ਹਾਂ ਸੁਆਮੀ ਨਾਲ ਜੁੜੀ ਹੋਈ[53] ਹੈ, ਜਿਸ ਤਰ੍ਹਾਂ[54] ਮੱਛੀ[56] ਪਾਣੀ[55] ਨਾਲ, ਅਤੇ ਜਿਸ ਤਰ੍ਹਾਂ[58] ਪਪੀਹਾ[57] ਮੀਂਹ ਦੀ ਕਣੀ ਲਈ ਪਿਆਸਾ[59] ਹੈ। |
| ਜਨ[60] ਨਾਨਕ ਗੁਰੁ ਪੂਰਾ[61] ਪਾਇਆ ਸਗਲੀ[62] ਤਿਖਾ[63] ਬੁਝੰਤੀਆ[64] ॥੧॥ | Serf[60] Nanak has attained to the Perfect[61] Guru and his entire[62] thirst[63] is quenched[64]. | ਦਾਸ[60] ਨਾਨਕ ਨੇ ਪੂਰਨ[61] ਗੁਰੂ ਜੀ ਪ੍ਰਾਪਤ ਕਰ ਲਏ ਹਨ ਅਤੇ ਉਸ ਦੀ ਸਾਰੀ[62] ਤੇਹ[63] ਨਵਿਰਤ ਹੋ ਗਈ[64] ਹੈ। |
| ਯਾਰ[65] ਵੇ[66] ਪ੍ਰਿਅ[67] ਹਭੇ[68] | Of all[68] the mates[69] of my Beloved[67], | ਆਪਣੇ ਪ੍ਰੀਤਮ[67] ਦੀਆਂ ਸਾਰੀਆਂ[68] ਸਹੇਲੀਆਂ[69]ਵਿੱਚੋਂ, |

| | | |
|---|---|---|
| ਸਖੀਆ[69] ਮੂ[70] ਕਹੀ[71] ਨ ਜੇਹੀਆ[72] ॥ | O[66] my friend[65], I[70] am equal[72] to none[71]. | ਹੇ ਮੇਰੇ ਮਿੱਤ੍ਰ[65] ! ਮੈਂ[70] ਕਿਸੇ[71] ਦੇ ਭੀ ਤੁਲ[72] ਨਹੀਂ । |
| ਯਾਰ[73] ਵੇ ਹਿਕ[74] ਡੂ ਹਿਕਿ ਚਾੜ੍ਹੇ[75] ਹਉ[76] ਕਿਸੁ[77] ਚਿਤੇਹੀਆ[78] ॥ | O my Intimate[73], when every one[74] excels[75] another there, then who[77] can ever think of[78] me[76] ? | ਹੇ ਮੇਰੇ ਜਾਨੀਆ[73] ! ਜਦ ਓਥੇ ਇੱਕ[74] ਤੋਂ ਇਕ ਚੜ੍ਹਦੀ ਚੜ੍ਹੇਂਦੀ[75] ਹੈ, ਤਦ ਮੈਨੂੰ[76] ਕਦੋਂ ਕੋਈ[77] ਯਾਦ ਕਰ ਸਕਦਾ[78] ਹੈ ? |
| ਹਿਕ ਦੂੰ ਹਿਕਿ ਚਾੜ੍ਹੇ ਅਨਿਕ[79] ਪਿਆਰੇ[80] ਨਿਤ[81] ਕਰਦੇ ਭੋਗ ਬਿਲਾਸਾ[82] ॥ | Numberless[79] are my Beloved's[80] sweet hearts, one better than the others, who ever[81] bill and coo[82] with Him. | ਅਣਗਿਣਤ[79] ਹਨ, ਇੱਕ ਤੋਂ ਇੱਕ ਚੰਗੇਰੀਆਂ, ਮੇਰੇ ਪ੍ਰੀਤਮ[80] ਵਾਹਿਗੁਰੂ ਦੀਆਂ ਪਿਆਰੀਆਂ, ਜੋ ਸਦਾ[81] ਹੀ ਉਸ ਦੇ ਨਾਲ ਰੰਗਰਲੀਆਂ ਮਾਣਦੀਆਂ[82] ਹਨ । |
| ਤਿਨਾ ਦੇਖਿ ਮਨਿ ਚਾਉ[83] ਉਠੰਦਾ[84] ਹਉ ਕਦਿ[85] ਪਾਈ ਗੁਣ[86] ਤਾਸਾ[87] ॥ | Beholding them, ambition[83] wells up[84] in my mind too,as to when[85] shall I obtain that Treasure[87] of virtues[86] ? | ਉਨ੍ਹਾਂ ਨੂੰ ਵੇਖ ਕੇ, ਮੇਰੇ ਚਿੱਤ ਵਿੱਚ ਵੀ ਉਮੰਗ[83] ਪੈਦਾ ਹੁੰਦੀ[84] ਹੈ : ਮੈਂ ਕਦੋਂ[85] ਉਸ ਨੇਕੀਆਂ[86] ਦੇ ਖ਼ਜ਼ਾਨੇ[87] ਨੂੰ ਪ੍ਰਾਪਤ ਕਰਾਂਗਾ ? |
| ਜਿਨੀ ਮੈਡਾ ਲਾਲੁ[88] ਰੀਝਾਇਆ[89] ਹਉ ਤਿਸੁ ਆਗੈ ਮਨੁ[90] ਡੇਂਹੀਆ[91] ॥ | They, who have propitiated[89] my love[88], my soul[90], I dedicate[91] unto them. | ਜਿਨ੍ਹਾਂ ਨੇ ਮੇਰੇ ਪਿਆਰੇ[88] ਨੂੰ ਪ੍ਰਸੰਨ ਕੀਤਾ[89] ਹੈ, ਆਪਣੀ ਜਿੰਦੜੀ[90] ਮੈਂ ਉਨ੍ਹਾਂ ਅੱਗੇ ਭੇਟਾ ਧਰਦੀ[91] ਹਾਂ । |
| ਨਾਨਕੁ ਕਹੈ ਸੁਣਿ ਬਿਨਉ[92] ਸੁਹਾਗਣਿ[93] ਮੂ[94] ਦਸਿ[95] ਡਿਖਾ[96] ਪਿਰੁ[97] ਕੇਹੀਆ[98]॥ ॥੨॥ | Says Nanak, hear my supplication[92], O happy bride[93], and tell[95] me[94] how[98] my Beloved[97] looks[98] like ? | ਨਾਨਕ ਆਖਦਾ ਹੈ, ਮੇਰੀ ਬੇਨਤੀ[92] ਸੁਣ, ਹੇ ਸੁਖੀ ਵੱਸਣ ਵਾਲੀ ਸੁਹਾਗਣੇ[93] ਅਤੇ ਮੈਨੂੰ[94] ਪਤਾ ਦੇ[95] ਕਿ ਮੇਰਾ ਪ੍ਰੀਤਮ[96] ਕੇਹੋ ਜਿਹਾ[98] ਦਿਸਦਾ[95] ਹੈ ? |
| ਯਾਰ ਵੇ ਪਿਰੁ[99] ਆਪਣ ਭਾਣਾ[100] ਕਿਛੁ ਨੀਸੀ ਛੰਦਾ[2] ॥ | O friend, my Spouse[99] doeth what He pleaseth[100] and oweth obedience[2] to none. | ਹੇ ਮਿੱਤ੍ਰ ! ਮੇਰਾ ਕੰਤ[99] ਉਹ ਕੁਛ ਕਰਦਾ ਹੈ, ਜਿਹੜਾ ਉਸ ਨੂੰ ਚੰਗਾ ਲਗਦਾ[100] ਹੈ । ਉਹ ਕਿਸੇ ਦੀ ਮੁਛੰਦਗੀ[2] ਨਹੀਂ ਧਰਾਉਂਦਾ । |
| ਯਾਰ[3] ਵੇ ਤੈ ਰਾਵਿਆ[4] ਲਾਲਨੁ[5] ਮੂ[6] ਦਸਿ[7] ਦਸੰਦਾ[8] ॥ | O my intimate[3], thou hast enjoyed[4] thy Darling[5], now, give[7] me[6], thou, His tidings[8]. | ਹੇ ਮੇਰੇ ਬੇਲੀਆ[3], ਤੈਂ ਮੇਰੇ ਪਿਆਰੇ[5] ਨੂੰ ਮਾਣਿਆ[4] ਹੈ । ਤੂੰ ਮੈਨੂੰ[6] ਉਸ ਦੀ ਕਣਸੋ[8] ਦੱਸ[7] । |
| ਲਾਲਨੁ ਤੈ ਪਾਇਆ ਆਪੁ[9] ਗਵਾਇਆ[10] ਜੈ ਧਨ[12] ਭਾਗ[13] ਮਥਾਣੇ[14] ॥ | They, on whose forehead[14] such good[12] fortune[13] is writ, attain to the Beloved Lord, through self[9] efacement[10]. | ਜਿਨ੍ਹਾਂ ਦੇ ਮੱਥੇ[14] ਤੇ ਚੰਗੇ[12] ਨਸੀਬ[13] ਲਿਖੇ ਹਨ, ਉਹ ਸਵੈ-ਹੰਗਤਾ[9] ਨੂੰ ਮੇਟ[10] ਕੇ ਪ੍ਰੀਤਮ ਵਾਹਿਗੁਰੂ ਨੂੰ ਪ੍ਰਾਪਤ ਕਰ ਲੈਂਦੇ ਹਨ । |
| ੭੦੪ | | |
| ਬਾਂਹ[15] ਪਕੜਿ[16] ਠਾਕੁਰਿ ਹਉ ਘਿਧੀ[17] ਗੁਣ[18] ਅਵਗਣ[19] ਨ ਪਛਾਣੇ[20] ॥ | Holding[16] me by the arm[16], the Lord has owned[17] me, and has considered[20] not my merits[18] and demerits[19]. | ਬਾਂਹ[15] ਤੋਂ ਫੜ ਕੇ[16], ਸੁਆਮੀ ਨੇ ਮੈਨੂੰ ਅਪਣਾਅ ਲਿਆ[17] ਹੈ ਅਤੇ ਮੇਰੀਆਂ ਨੇਕੀਆਂ[18] ਤੇ ਬਦੀਆਂ[19] ਵਲ ਧਿਆਨ ਨਹੀਂ ਦਿੱਤਾ[20] । |
| [21]ਗੁਣਹਾਰੁ[22] ਤੈ ਪਾਇਆ[23] ਰੰਗੁ[24]ਲਾਲੁ[25] ਬਣਾਇਆ[26] | She, whom Thou, O Lord, deckest[23] with the necklace[22] of virtues[21] and | ਜਿਸ ਨੂੰ ਤੂੰ, ਹੇ ਪ੍ਰਭੂ ! ਨੇਕੀਆਂ[21] ਦੀ ਮਾਲਾ[22] ਨਾਲ ਸੁਸ਼ੋਭਤ ਕਰਦਾ[23] ਹੈਂ ਅਤੇ ਆਪਣੀ ਸੂਹੀ[25] ਰੰਗਤ[24] ਨਾਲ |

| | | |
|---|---|---|
| ਤਿਸੁ[27] ਹਭੋ ਕਿਛੁ[28] ਸੁਹੰਦਾ[29] ॥ | dyest[26] in Thine red[25] hue[24], everything[28] befits[29] her[27]. | ਰੰਗਦਾ[26] ਹੈਂ, ਉਸ[27] ਨੂੰ ਹਰ ਸ਼ੈ[28] ਹੀ ਫੱਬਦੀ[29] ਹੈ । |
| ਜਨ ਨਾਨਕ ਧੰਨਿ[30] ਸੁਹਾਗਣਿ[31] ਸਾਈ[32] ਜਿਸੁ ਸੰਗਿ[33]ਭਤਾਰੁ[34]ਵਸੰਦਾ[35] ॥ ੩॥ | Blessed[30] is that[32] happy wife[31], O slave Nanak, with[33] whom abides[35] her Spouse[34]. | ਮੁਬਾਰਕ[30] ਹੈ ਉਹ[32]ਸੁਭਾਗੀ ਪਤਨੀ[31], ਜਿਸ ਦੇ ਨਾਲ[33] ਉਸ ਦਾ ਪਤੀ[34] ਵੱਸਦਾ[35] ਹੈ. ਹੇ ਗੋਲੇ ਨਾਨਕ ! |
| ਯਾਰ ਵੇ ਨਿਤ[36] ਸੁਖ[37] ਸੁਖੇਦੀ[38]ਸਾ[39] ਮੈ ਪਾਈ[40] ॥ | O friend, the invaluable wealth for which I ever[36] vowed[38] dedication[37], that[39] I have obtained[40]. | ਹੇ ਮਿੱਤ੍ਰ, ਜਿਸ ਅਣਮੁੱਲੇ ਪਦਾਰਥ ਲਈ ਮੈਂ ਸਦਾ[36] ਮਨੌਤ[37] ਮੰਨਦੀ[38] ਸਾਂ, ਉਹ[39] ਮੈਂ ਪ੍ਰਾਪਤ ਕਰ ਲਿਆ[40] ਹੈ । |
| ਵਰੁ[41] ਲੋੜੀਦਾ[42] ਆਇਆ ਵਜੀ[43] ਵਾਧਾਈ[44] ॥ | My desired[42] Bridegroom[41] has come and congratulations[44] pour in[43] for me. | ਮੇਰਾ ਮਨ[42] ਭਾਂਦਾ ਲਾੜਾ[41] ਆ ਗਿਆ ਹੈ ਅਤੇ ਮੈਨੂੰ ਮੁਬਾਰਕਾਂ[44] ਮਿਲ ਰਹੀਆਂ[43] ਹਨ । |
| ਮਹਾ[45] ਮੰਗਲੁ[46] ਰਹਸੁ[47] ਥੀਆ ਪਿਰੁ ਦਇਆਲੁ ਸਦ[48] ਨਵ[49] ਰੰਗੀਆ[50] ॥ | Supreme[45] joy[46] and happiness[47] have welled up when my spouse of ever[48]-fresh[49] beauty[50], has become compassionate unto me | ਪਰਮ[45] ਅਨੰਦ[46] ਅਤੇ ਖ਼ੁਸ਼ੀ[47] ਉਤਪੰਨ ਹੋ ਗਏ ਹਨ, ਜਦ ਮੇਰਾ ਸਦੀਵੀ[48] ਤਰੋਤਾਜ਼ਾ[49] ਸੁੰਦਰਤਾ[50] ਵਾਲਾ ਕੰਤ ਮੇਰੇ ਤੇ ਮਿਹਰਬਾਨ ਹੋ ਗਿਆ ਹੈ । |
| [51]ਵਡਭਾਗਿ[52] ਪਾਇਆ ਗੁਰਿ ਮਿਲਾਇਆ[53] ਸਾਧ ਕੈ ਸਤ ਸੰਗੀਆ[54] ॥ | By the great[51] good fortune[52], I have obtained my Groom. The Guru has united[53] me with Him through the society of saints[54]. | ਭਾਰੇ[51] ਚੰਗੇ ਨਸੀਬਾਂ[52] ਦੁਆਰਾ, ਮੈਂ ਆਪਣੇ ਵਰ ਨੂੰ ਪਾ ਲਿਆ ਹੈ । ਸਾਧ ਸੰਗਤ[54] ਦੇ ਰਾਹੀਂ ਗੁਰਾਂ ਨੇ ਮੈਨੂੰ ਉਸ ਨਾਲ ਮਿਲਾ ਦਿੱਤਾ[53] ਹੈ । |
| ਆਸਾ[55] ਮਨਸਾ[56] ਸਗਲ[57] ਪੂਰੀ[58] ਪ੍ਰਿਅ[59] ਅੰਕਿ[60] ਅੰਕੁ[61] ਮਿਲਾਈ ॥ | My hopes[55] and desires[56] are all[57] fulfilled[58] and my dear[60] Groom[59] has hugged me to His bosom[61]. | ਮੇਰੀਆਂ ਉਮੈਦਾਂ[55] ਤੇ ਖ਼ਾਹਿਸ਼ਾਂ[56] ਸਮੂਹ[57] ਪੂਰਨ ਹੋ ਗਈਆਂ[58] ਹਨ ਅਤੇ ਮੇਰੇ ਪਿਆਰੇ[60] ਪਤੀ[59] ਨੇ ਮੈਨੂੰ ਆਪਣੀ ਹਿੱਕ[61] ਨਾਲ ਲਾ ਲਿਆ ਹੈ । |
| ਬਿਨਵੰਤਿ[62] ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ[63] ਪਾਈ ॥੪॥੧॥ | Supplicates[62] Nanak, the invaluable wealth, for which I vowed dedication, that I have obtained by meeting with[63] the Guru. | ਗੁਰੂ ਜੀ ਬੇਨਤੀ ਕਰਦੇ[62] ਹਨ, ਜਿਸ ਅਣਮੁੱਲੇ ਪਦਾਰਥ ਲਈ ਮੈਂ ਮਨੌਤ ਮੰਨਦੀ ਸਾਂ, ਉਸ ਨੂੰ ਮੈਂ ਗੁਰਾਂ ਨੂੰ ਭੇਟਣ[63] ਦੁਆਰਾ ਪ੍ਰਾਪਤ ਕਰ ਲਿਆ ਹੈ । |
| ਜੈਤਸਰੀ ਮਹਲਾ ੫ ਘਰੁ ੨ ਛੰਤ | Jaitsri 5th Guru Chhant | ਜੈਤਸਰੀ ਪੰਜਵੀਂ ਪਾਤਿਸ਼ਾਹੀ ਛੰਤ |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ । |
| ਸਲੋਕੁ ॥ | Slok. | ਸਲੋਕ । |
| ਊਚਾ[64] ਅਗਮ[65] ਅਪਾਰ[66] | My Lord is Lofty[64], Unapproachable[65] | ਮੇਰਾ ਸੁਆਮੀ ਬੁਲੰਦ[64], ਅਪਹੁੰਚ[65] ਅਤੇ ਬੇਅੰਤ[66] ਹੈ । |

| | | |
|---|---|---|
| ਪ੍ਰਭੁ ਕਥਨੁ[68] ਨ ਜਾਇ ਅਕਥੁ[67] ॥ | and Infinite[66]. He is Ineffable[67] and cannot be described[68] | ਉਹ ਅਕਹਿ[67] ਹੈ, ਬਿਆਨ ਕੀਤਾ ਨਹੀਂ ਜਾ ਸਕਦਾ[68] । |
| ਨਾਨਕ ਪ੍ਰਭ ਸਰਣਾਗਤੀ[71] ਰਾਖਨ[69] ਕਉ ਸਮਰਥੁ[70] ॥੧॥ | Nanak has sought the refuge[71] of the Lord, who is Omnipotent[70] to save[69]. | ਨਾਨਕ ਨੇ ਸਾਹਿਬ ਦੀ ਸ਼ਰਣ[71] ਲਈ ਹੈ, ਜੋ ਰਖਿਆ ਕਰਨ[69] ਲਈ ਸਰਬ-ਸ਼ਕਤੀਵਾਨ[70] ਹੈ । |
| ਛੰਤੁ ॥ | Chhant. | ਛੰਤ । |
| ਜਿਉ[72] ਜਾਨਹੁ ਤਿਉ[73] ਰਾਖੁ[74]ਹਰਿ ਪ੍ਰਭ ਤੇਰਿਆ[75]॥ | My Lord God, I am Thine[75] : as[72] Thou pleasest, so[73] dost Thou preserve[74] me. | ਮੇਰੇ ਸੁਆਮੀ ਵਾਹਿਗੁਰੂ, ਮੈਂ ਤੇਂਡਾ[75] ਹਾਂ । ਜਿਸ ਤਰ੍ਹਾਂ[72] ਤੈਨੂੰ ਚੰਗਾ ਲਗਦਾ ਹੈ, ਉਸੇ ਤਰ੍ਹਾਂ[73] ਹੀ ਤੂੰ ਮੇਰੀ ਰੱਖਿਆ[74] ਕਰ । |
| ਕੇਤੇ[76] ਗਨਉ[77] ਅਸੰਖ[78] ਅਵਗਣ[79] ਮੇਰਿਆ ॥ | How many[76] misdeeds[79] of mine should I count[77] ? They are innumerable[78]. | ਮੈਂ ਆਪਣੇ ਕੁਕਰਮ[78] ਕਿੰਨੇ ਕੁ[76] ਗਿਣਾਂ[77] ? ਉਹ ਅਣਗਿਣਤ[78] ਹਨ । |
| ਅਸੰਖ ਅਵਗਣ[85] ਖਤੇ[80] ਫੇਰੇ[81] ਨਿਤਪ੍ਰਤਿ[82] ਸਦ[83] ਭੂਲੀਐ[84] ॥ | Countless sins[85] and errors[80] have I committed[81]; day by day[82], I ever[83] go wrong[84]. | ਬੇਗਿਣਤ ਪਾਪ[85] ਅਤੇ ਗ਼ਲਤੀਆਂ[80] ਮੈਂ ਕੀਤੀਆਂ[81]ਹਨ । ਰੋਜ਼ ਬਰੋਜ਼[82] ਮੈਂ ਹਮੇਸ਼ਾ[83] ਹੀ ਭੁਲਦਾ ਰਹਿੰਦਾ[84] ਹਾਂ । |
| ਮੋਹ[86] ਮਗਨ[87] ਬਿਕਰਾਲ[88] ਮਾਇਆ[89] ਤਉ ਪ੍ਰਸਾਦੀ[90] ਘੂਲੀਐ[91] ॥ | I am inebriated[87] with worldly love[86] and the hideous[88] worldly valuables[89]. By Thine grace[90] can I be redeemed[91]. | ਦੁਨਿਆਵੀ ਮਮਤਾ[86]ਅਤੇ ਭਿਆਨਕ[88]ਸੰਸਾਰੀ ਪਦਾਰਥਾਂ[89] ਨਾਲ ਮੈਂ ਮਤਵਾਲਾ ਹੋਇਆ ਹੋਇਆ[87] ਹਾਂ । ਤੇਰੀ ਰਹਿਮਤ[90] ਸਦਕਾ ਹੀ ਮੈਂ ਛੁਟਕਾਰਾ ਪਾ ਸਕਦਾਂ[91] ਹਾਂ । |
| ਲੂਕ[92] ਕਰਤ[93] ਬਿਕਾਰ[94] ਬਿਖੜੇ[95] ਪ੍ਰਭ ਨੇਰ ਹੂ[96] ਤੇ ਨੇਰਿਆ ॥ | In secrecy[92], I commit[93] agonising[95] sins[94], but the Lord is the nearest of the near[96]. | ਲੁਕ[92] ਕੇ ਮੈਂ ਦੁਖਦਾਈ[95] ਪਾਪ[94] ਕਮਾਉਂਦਾ[93] ਹਾਂ, ਪਰ ਸੁਆਮੀ ਨੇੜੇ ਤੋਂ ਭੀ ਨੇੜੇ[96] ਹੈ । |
| ਬਿਨਵੰਤਿ[97] ਨਾਨਕ ਦਇਆ[98]ਧਾਰਹੁ[99]ਕਾਢਿ[100] [2]ਭਵਜਲ[3] ਫੇਰਿਆ[4] ॥੧॥ | Prays[97] Nanak, O Lord, show[99] mercy[98] unto me and pull me out[100] of the whirl pools[4] of the dreadful[2] world ocean[3]. | ਗੁਰੂ ਜੀ ਬੇਨਤੀ ਕਰਦੇ[97] ਹਨ, ਹੇ ਸਾਹਿਬ ! ਮੇਰੇ ਉੱਤੇ ਮਿਹਰ[98] ਕਰ[99] ਅਤੇ ਮੈਨੂੰ ਭਿਆਨਕ[2] ਸੰਸਾਰ ਸਮੁੰਦਰ[3] ਦੀਆਂ ਘੁਮਣ ਘੇਰੀਆਂ[4] ਵਿਚੋਂ ਬਾਹਰ ਕੱਢ ਲੈ[100] । |
| ਸਲੋਕੁ ॥ | Slok. | ਸਲੋਕ । |
| ਨਿਰਤਿ[5] ਨ ਪਵੈ ਅਸੰਖ[6] ਗੁਣ[7] ਊਚਾ[8] ਪ੍ਰਭ ਕਾ ਨਾਉ ॥ | Innumerable[6] are the virtues[7] of the Lord and they cannot be enumerated[7]. Lofty[8] indeed is the Lord's Name. | ਅਣਗਿਣਤ[6] ਹਨ ਸਾਹਿਬ ਦੀਆਂ ਉਤੱਮਤਾਈਆਂ[7]; ਉਹ ਗਿਣੀਆਂ ਨਹੀਂ ਜਾ ਸਕਦੀਆਂ[5] । ਪਰਮ ਬੁਲੰਦ[8] ਹੈ ਉਸ ਦਾ ਨਾਮ । |
| ਨਾਨਕ ਕੀ ਬੇਨੰਤੀਆ[9] ਮਿਲੈ[10] ਨਿਥਾਵੇ[12] ਥਾਉ[13] ॥੨॥ | This is the prayer[9] of Nanak, "O Lord, bless[10] Thou the abodeless beings[12] with an abode[13]". | ਨਾਨਕ ਦੀ ਇਹ ਪ੍ਰਾਰਥਨਾ[9] ਹੈ : "ਹੇ ਪ੍ਰਭੂ ! ਥਾਂ-ਵਿਹੂਣੇ ਜੀਵਾਂ[12] ਨੂੰ ਤੂੰ ਥਾਂ ਟਿਕਾਣਾ[13] ਪ੍ਰਦਾਨ[10] ਕਰ" । |
| ਛੰਤੁ ॥ | Chhant. | ਛੰਤ । |
| ਦੂਸਰ[14] ਨਾਹੀ ਠਾਉ[15] | Without Thee, there is not another[14] | ਤੇਰੇ ਬਾਝੋਂ ਹੋਰ ਕੋਈ[14]ਥਾਂ[15]ਨਹੀਂ । ਤਦ ਮੈਂ ਹੋਰ ਕੀਹਦੇ |

| | | |
|---|---|---|
| ਕਾ ਪਹਿ ਜਾਈਐ[16] ॥ | place[15]. Then whom else should I go[16] to ? | ਕੋਲ ਜਾਵਾਂ[16] ? |
| ਆਠ ਪਹਰ ਕਰ[17] ਜੋੜਿ[18] ਸੋ[19] ਪ੍ਰਭੁ ਧਿਆਈਐ[20] ॥ | Throughout the eight watches of the day, I meditate[20] on that[19] Lord with hands[17] joined[18]. | ਦਿਨ ਦੇ ਅੱਠੇ ਪਹਿਰ ਹੀ, ਹੱਥ[17] ਬੰਨ੍ਹ ਕੇ[18] ਮੈਂ ਉਸ[19] ਸੁਆਮੀ ਦਾ ਸਿਮਰਨ ਕਰਦਾ[20] ਹਾਂ । |
| ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ[21]ਚਿੰਦਿਆ[22] ਪਾਈਐ ॥ | Meditating ever on that Lord of mine, I obtain my heart[21]-desired[22] boons. | ਹਮੇਸ਼ਾ ਉਸ ਆਪਣੇ ਸੁਆਮੀ ਦਾ ਚਿੰਤਨ ਕਰਨ ਦੁਆਰਾ, ਮੈਂ ਆਪਣੀਆਂ ਚਿੱਤ[21]-ਚਾਹੁੰਦੀਆਂ[22] ਮੁਰਾਦਾਂ ਪਾਉਂਦਾ ਹਾਂ । |
| ਤਜਿ[23] ਮਾਨ[24] ਮੋਹੁ[25] ਵਿਕਾਰੁ[26] ਦੂਜਾ[27] ਏਕ ਸਿਉ ਲਿਵ[28] ਲਾਈਐ[29] ॥ | Renouncing[23] pride[24], secular attachment[25] and the sin[26] of duality[27], fix[29] thou, O man, thy attention[28] on the One Lord. | ਹੰਕਾਰ[24], ਸੰਸਾਰੀ ਲਗਨ[25] ਅਤੇ ਦਵੈਤ-ਭਾਵ[27] ਦੇ ਪਾਪ[26] ਨੂੰ ਛੱਡ ਕੇ[23], ਤੂੰ ਹੇ ਬੰਦੇ ! ਇਕ ਪ੍ਰਭੂ ਨਾਲ ਆਪਣੀ ਬਿਰਤੀ[28] ਜੋੜ[29] । |
| ਅਰਪਿ[30] ਮਨੁ[32] ਤਨੁ[31] ਪ੍ਰਭੂ ਆਗੈ ਆਪੁ[33] ਸਗਲ[34] ਮਿਟਾਈਐ[35] ॥ | Dedicating[30] thy body[31] and soul[32] to the Lord, wholly[34] efface[35] thou, thy self-conceit[33]. | ਆਪਣੀ ਦੇਹ[31] ਤੇ ਆਤਮਾ[32]ਨੂੰ ਸੁਆਮੀ ਅੱਗੇ ਸਮਰਪਨ ਕਰ ਕੇ[30], ਤੂੰ ਆਪਣੀ ਸਵੈ-ਹੰਗਤਾ[33] ਨੂੰ ਪੂਰੀ ਤਰ੍ਹਾਂ[34] ਮੇਟ ਦੇ[35] । |
| ਬਿਨਵੰਤਿ ਨਾਨਕੁ ਧਾਰਿ[36] ਕਿਰਪਾ[37] ਸਾਚਿ ਨਾਮਿ ਸਮਾਈਐ[38] ॥੨॥ | Supplicates Nanak, my Lord, take[36] pity[37] on me, that I may be absorbed[38] in Thy True Name. | ਨਾਨਕ ਬੇਨਤੀ ਕਰਦਾ ਹੈ, ਹੇ ਸਾਂਈਂ, ਮੇਰੇ ਉੱਤੇ ਤਰਸ[37] ਕਰ[36], ਤਾਂ ਜੋ ਮੈਂ ਤੇਰੇ ਸੱਚੇ ਨਾਮ ਵਿੱਚ ਲੀਨ[38] ਹੋ ਜਾਵਾਂ । |
| ਸਲੋਕੁ ॥ | Slok. | ਸਲੋਕ । |
| ਰੇ[39] ਮਨ[40] ਤਾ ਕਉ[41] ਧਿਆਈਐ[42] ਸਭ ਬਿਧਿ[43] ਜਾ ਕੈ ਹਾਥਿ ॥ | O[39] my soul[40], contemplate[42] thou on Him[41], in whose hand lieth everything[43]. | ਹੇ[39] ਮੇਰੀ ਜਿੰਦੜੀਏ[40] ! ਤੂੰ ਉਸ ਦਾ[41] ਸਿਮਰਨ[42] ਕਰ, ਜਿਸ ਦੇ ਹੱਥ ਵਿੱਚ ਸਾਰੀਆਂ ਵਿਉਂਤਾਂ[43] ਹਨ । |
| ਰਾਮ ਨਾਮ ਧਨੁ[44] ਸੰਚੀਐ[45] ਨਾਨਕ ਨਿਬਹੈ ਸਾਥਿ[46] ॥੩॥ | Amass[45] thou the wealth[44] of the Lord's Name. Nanak, it shall stand by[46] thee in the yond. | ਤੂੰ ਪ੍ਰਭੂ ਦੇ ਨਾਮ ਦੀ ਦੌਲਤ[44] ਇਕੱਤਰ[45] ਕਰ । ਨਾਨਕ, ਪ੍ਰਲੋਕ ਵਿਚ ਇਹ ਤੇਰਾ ਪੱਖ ਪੂਰੇਗੀ[46] । |
| ਛੰਤੁ ॥ | Chhant. | ਛੰਤ । |
| ਸਾਥੀਅੜਾ[47] ਪ੍ਰਭੁ ਏਕੁ[49] ਦੂਸਰ[48] ਨਾਹਿ ਕੋਇ ॥ | The Lord alone[49] is the real friend[47]; there is not another[48]. | ਕੇਵਲ[49] ਸੁਆਮੀ ਹੀ ਸੱਚਾ ਸਾਥੀ[47] ਹੈ । ਹੋਰ ਕੋਈ[48] ਹੈ ਹੀ ਨਹੀਂ । |
| ਥਾਨ[50] ਥਨੰਤਰਿ[51] ਆਪਿ[52] ਜਲਿ[53] ਥਲਿ[54] ਪੂਰ[55] ਸੋਇ[56] ॥ | In places[50], inter-spaces[51], ocean[53] and land[54], He[56] Himself[52] is fully contained[55]. | ਥਾਵਾਂ[50], ਵਿੱਥਾਂ[51], ਸਮੁੰਦਰ[53] ਅਤੇ ਧਰਤੀ[54] ਵਿੱਚ ਉਹ[56] ਖ਼ੁਦ[52] ਹੀ ਪਰੀਪੂਰਨ[55] ਹੈ । |
| ਜਲਿ ਥਲਿ ਮਹੀਅਲਿ[57] ਪੂਰਿ ਰਹਿਆ[58] ਸਰਬ[59] ਦਾਤਾ[60] ਪ੍ਰਭੁ[61] ਧਨੀ[62] ॥ | The Beneficent[60] Lord[61] Master[62] of all[59] is filling[58] the ocean, land and the firmament[57]. | ਸਾਰਿਆਂ[59] ਦਾ ਦਾਤਾਰ[60] ਸੁਆਮੀ[61] ਮਾਲਕ[62], ਸਮੁੰਦਰ, ਧਰਤੀ ਅਤੇ ਆਕਾਸ਼[57] ਨੂੰ ਭਰ ਰਿਹਾ[58] ਹੈ । |

| | | |
|---|---|---|
| [64]ਗੋਪਾਲ[65] ਗੋਬਿੰਦ[65] ਅੰਤੁ ਨਾਹੀ ਬੇਅੰਤ[67] ਗੁਣ[68] ਤਾ ਕੇ[71] ਕਿਆ[69] ਗਨੀ[70] ॥ | The World[64]-Cherisher[63] and the Master[65] of the universe has no limit[66]. Innumerable[67] are His[71] merits[68]. How[69] can I recount[70] them ? | ਸ੍ਰਿਸ਼ਟੀ[64] ਦੇ ਪਾਲਣ-ਪੋਸਣਹਾਰ[63] ਅਤੇ ਆਲਮ ਦੇ ਮਾਲਕ[65] ਦਾ ਕੋਈ ਹੱਦ-ਬੰਨਾ[66] ਨਹੀਂ। ਅਨੰਤ[67] ਹਨ ਉਸ ਦੀਆਂ[71] ਵਡਿਆਈਆਂ[68]। ਮੈਂ ਉਨ੍ਹਾਂ ਨੂੰ ਕਿਸ ਤਰ੍ਹਾਂ[69] ਗਿਣ ਸਕਦਾ[70] ਹਾਂ ? |
| ਭਜੁ[72] ਸਰਣਿ[73] ਸੁਆਮੀ ਸੁਖਹ[74]ਗਾਮੀ ਤਿਸੁ ਬਿਨਾ[75] ਅਨ[76] ਨਾਹਿ ਕੋਇ ॥ | I hasten[72] to the refuge[73] of Lord, the harbinger of peace[74]. Without Him[75] there is not any other[76]. | ਆਰਾਮ ਦੇ ਹਲਕਾਰੇ[74] ਸੁਆਮੀ ਦੀ ਦੌੜ ਕੇ[72] ਮੈਂ ਪਨਾਹ[73] ਲੈਂਦਾ ਹਾਂ। ਉਸ ਦੇ[75] ਬਗੈਰ ਹੋਰ ਕੋਈ[76] ਨਹੀਂ। |
| ਬਿਨਵੰਤਿ ਨਾਨਕ ਦਇਆ[77] ਧਾਰਹੁ[78]ਤਿਸੁ[79] ਪਰਾਪਤਿ[80] ਨਾਮੁ ਹੋਇ ॥੩॥ | Prays Nanak, to whomsoever Thou showest[78] mercy[77], O Lord, he[79] alone attains[80] to Thy Name. | ਗੁਰੂ ਜੀ ਬੇਨਤੀ ਕਰਦੇ ਹਨ, ਜਿਸ ਕਿਸੇ ਤੇ ਤੂੰ ਮਿਹਰ[77] ਕਰਦਾ[78] ਹੈਂ, ਹੇ ਸਾਂਈਂ! ਕੇਵਲ ਓਹੀ[79] ਤੇਰੇ ਨਾਮ ਨੂੰ ਪਾਉਂਦਾ[80] ਹੈ। |
| ਸਲੋਕੁ ॥ | Slok. | ਸਲੋਕ। |
| ਚਿਤਿ[81] ਜਿ[82] ਚਿਤਵਿਆ[83] ਸੋ[84] ਮੈ ਪਾਇਆ[85] ॥ | Whatever[82] I heartily[81] wished[83] for, that[84] I have cbtained[85]. | ਜਿਹੜਾ ਕੁੱਛ[82] ਮੈਂ ਦਿਲੋਂ[81] ਚਾਹੁੰਦਾ[83] ਸੀ, ਉਹ[84] ਮੈਂ ਪ੍ਰਾਪਤ ਕਰ ਲਿਆ[85] ਹੈ। |
| ਨਾਨਕ ਨਾਮੁ ਧਿਆਇ[86]ਸੁਖ ਸਬਾਇਆ[87] ॥੪॥ | Contemplating[86] the Name, Nanak has attained all[87] the comforts. | ਨਾਮ ਸਿਮਰਨ[76] ਕਰਨ ਦੁਆਰਾ, ਨਾਨਕ ਨੇ ਸਾਰੇ[87] ਸੁਖ ਪਾ ਲਏ ਹਨ। |
| ੭੦੫ | | |
| ਛੰਤੁ ॥ | Chhant. | ਛੰਤ। |
| ਅਬ[88]ਮਨੁ[89]ਛੂਟਿ ਗਇਆ[90]. ਸਾਧੂ ਸੰਗਿ ਮਿਲੇ ॥ | Meeting tne society of saints, my soul[89] is, now[88], emancipated[90]. | ਸਤਿ ਸੰਗਤ ਨਾਲ ਜੁੜਨ ਦੁਆਰਾ, ਹੁਣ[88] ਮੇਰੀ ਆਤਮਾ[89] ਬੰਦ-ਖ਼ਲਾਸ[90] ਹੋ ਗਈ ਹੈ। |
| ਗੁਰਮੁਖਿ[91] ਨਾਮੁ ਲਇਆ ਜੋਤੀ[92] ਜੋਤਿ[93] ਰਲੇ[94] ॥ | By Guru's grace[91], I have uttered the Name and my light[93] is merged[94] in the Supreme Light[92]. | ਗੁਰਾਂ ਦੀ ਦਇਆ[91] ਦੁਆਰਾ ਮੈਂ ਨਾਮ ਦਾ ਉਚਾਰਨ ਕੀਤਾ ਹੈ ਅਤੇ ਮੇਰਾ ਪ੍ਰਕਾਸ਼[93], ਪਰਮ ਪ੍ਰਕਾਸ਼[92] ਨਾਲ ਅਭੇਦ[94] ਹੋ ਗਿਆ ਹੈ। |
| ਹਰਿ ਨਾਮੁ ਸਿਮਰਤ[95] ਮਿਟੇ ਕਿਲਬਿਖ[96] ਬੁਝੀ ਤਪਤਿ[97] ਅਘਾਨਿਆ[98] ॥ | Remembering[95] the Name, my sins[96] are effaced, the fire[97] within is quenched and I am satiated[98]. | ਨਾਮ ਦਾ ਆਰਾਧਨ[95] ਕਰਨ ਦੁਆਰਾ, ਮੇਰੇ ਪਾਪ[96] ਮਿੱਟ ਗਏ ਹਨ, ਅੰਦਰਲੀ ਅੱਗ[97] ਬੁਝ ਗਈ ਹੈ ਅਤੇ ਮੈਂ ਤ੍ਰਿਪਤ[98] ਹੋ ਗਿਆ ਹਾਂ। |
| ਗਹਿ[99] ਭੁਜਾ[100] ਲੀਏ ਦਇਆ ਕੀਨੇ[2] ਆਪਨੇ[3] ਕਰਿ[4] ਮਾਨਿਆ[5] ॥ | The Lord has mercifully[2] taken[99] me by the arm[100] and has accepted[5] me as[4] His own[3]. | ਕਿਰਪਾ ਕਰ ਕੇ[2] ਸੁਆਮੀ ਨੇ ਮੈਨੂੰ ਬਾਂਹ[100] ਤੋਂ ਪਕੜ ਲਿਆ[99] ਹੈ ਅਤੇ ਮੈਨੂੰ ਆਪਣਾ[3] ਨਿਜ ਦਾ ਕਰ ਕੇ[4] ਮੰਨ ਲਿਆ[5] ਹੈ। |
| ਲੇ ਅੰਕਿ[6] ਲਾਏ ਹਰਿ ਮਿਲਾਏ[7] ਜਨਮ ਮਰਣਾ ਦੁਖ[8] ਜਲੇ[9] ॥ | The Guru has hugged me to his bosom[6], united[7] me with God and my pain[8] of birth and death is burnt off[9]. | ਗੁਰਾਂ ਨੇ ਮੈਨੂੰ ਆਪਣੀ ਛਾਤੀ[6] ਨਾਲ ਲਾ ਲਿਆ[7] ਹੈ, ਮੈਨੂੰ ਵਾਹਿਗੁਰੂ ਨਾਲ ਮਿਲਾ[7] ਦਿੱਤਾ ਹੈ ਅਤੇ ਮੇਰੀ ਜੰਮਣ ਤੇ ਮਰਨ ਦੀ ਪੀੜ[8] ਸੜ ਮਰ ਗਈ[9] ਹੈ। |
| ਬਿਨਵੰਤਿ ਨਾਨਕ ਦਇਆ[10] ਧਾਰੀ[12] ਮੇਲਿ ਲੀਨੇ ਇਕ | Supplicates Nanak, the Lord has shown[12] me mercy[10] and in an | ਨਾਨਕ ਪ੍ਰਾਰਥਨਾ ਕਰਦਾ ਹੈ, ਸਾਹਿਬ ਨੇ ਮੇਰੇ ਉੱਤੇ ਰਹਿਮਤ[10] ਕੀਤੀ[12] ਹੈ ਅਤੇ ਇਕ ਛਿਨ ਵਿੱਚ[13] ਮੈਨੂੰ |

| | | |
|---|---|---|
| ਪਲੇ[13] ॥੪॥੨॥ | instant[13], has united me with Himself. | ਆਪਣੇ ਨਾਲ ਮਿਲਾ ਲਿਆ ਹੈ । |
| ਜੈਤਸਰੀ ਛੰਤ ਮ: ੫ ॥ | Jaitsri Chhant 5th Guru. | ਜੈਤਸਰੀ ਛੰਤ ਪੰਜਵੀਂ ਪਾਤਸ਼ਾਹੀ । |
| ਪਾਧਾਣੂ[14]ਸੰਸਾਰੁ[15]ਗਾਰਬਿ[16] ਅਟਿਆ[17] ॥ | The world[15] is like a caraven-sarai[14] and yet it is filled[17] with pride[16]. | ਦੁਨੀਆ ਇਕ ਮੁਸਾਫਰਖਾਨਾ ਹੈ, ਫਿਰ ਵੀ ਇਸ ਦੇ[15] ਵਸਨੀਕ[14] ਹੰਕਾਰ[16] ਨਾਲ ਭਰੇ ਹੋਏ[17] ਹਨ । |
| ਕਰਤੇ ਪਾਪ[18] ਅਨੇਕ[19] ਮਾਇਆ[20]ਰੰਗ[21]ਰਟਿਆ[22]॥ | Dyed[22] with the love[21] of worldly valuables[20], people commit many[19] sins[18]. | ਸੰਸਾਰੀ ਪਦਾਰਥਾਂ[20] ਦੇ ਪਿਆਰ[21] ਨਾਲ ਰੰਗੇ ਹੋਏ[22], ਸੰਸਾਰੀ ਘਨੇਰੇ[19] ਗੁਨਾਹ[18] ਕਰਦੇ ਹਨ । |
| ਲੋਭਿ[23]ਮੋਹਿ[24] ਅਭਿਮਾਨਿ[25] ਬੂਡੇ[26] ਮਰਣੁ[28] ਚੀਤਿ[27] ਨ ਆਵਏ ॥ | They are drowned[26] in covetousness[23], worldly attachment[24] and ego[25] and think[27] not of death[28]. | ਉਹ ਲਾਲਚ[23], ਸੰਸਾਰੀ ਲਗਨ[24] ਅਤੇ ਹੰਕਾਰ[25] ਅੰਦਰ ਡੁਬੇ ਹੋਏ[26] ਹਨ ਅਤੇ ਮੌਤ[28]ਨੂੰ ਚੇਤੇ[27] ਹੀ ਨਹੀਂ ਕਰਦੇ । |
| ਪੁਤ੍ਰ[29] ਮਿਤ੍ਰ[30] ਬਿਉਹਾਰ[31] ਬਨਿਤਾ[32] ਏਹ[35] ਕਰਤ[33] ਬਿਹਾਵਏ[34] ॥ | Their sons[29], friends[30], worldly affairs[31] and wife[32] these are the things[35] they talk[33]of and their life passes away[34]thus. | ਆਪਣੇ ਲੜਕਿਆਂ[29], ਦੋਸਤਾਂ[30], ਸੰਸਾਰੀ ਕੰਮਾਂ[31] ਤੇ ਵਹੁਟੀ[32] ਇਨ੍ਹਾਂ[35] ਦੀਆਂ ਗੱਲਾਂ ਕਰਦਿਆਂ[33] ਹੋਇਆਂ ਉਨ੍ਹਾਂ ਦੀ[35] ਉਮਰ ਬੀਤ ਜਾਂਦੀ[34] ਹੈ । |
| ਪੁਜਿ[36] ਦਿਵਸ[37] ਆਏ ਲਿਖੇ ਮਾਏ[38] ਦੁਖੁ[39] ਧਰਮ ਦੂਤਹ[40] ਡਿਠਿਆ[41] ॥ | When their destined days[37] are over[36], O mother[38], they grieve[39] on beholding[41] the couriers[40] of the Righteous Judge. | ਜਦ ਲਿਖੇ ਹੋਏ ਦਿਨ[37]ਪੂਰੇ ਹੋ ਜਾਂਦੇ[36]ਹਨ, ਹੇ ਮਾਤਾ[38] ! ਤਾਂ ਉਹ ਧਰਮ ਰਾਜੇ ਦੇ ਫ਼ਰੇਸ਼ਤਿਆਂ[40] ਨੂੰ ਵੇਖ ਕੇ[41] ਤਕਲੀਫ਼[39] ਉਠਾਉਂਦੇ ਹਨ ! |
| ਕਿਰਤ[42]ਕਰਮ[43] ਨ ਮਿਟੈ[44] ਨਾਨਕ ਹਰਿ ਨਾਮ ਧਨੁ[45] ਨਹੀ ਖਟਿਆ[46] ॥੧॥ | Nanak, the result of the deeds[43] done[42] cannot be wiped out[44], when one has not earned[46] the wealth[45] of God's Name. | ਨਾਨਕ, ਕੀਤੇ[42] ਹੋਏ ਅਮਲ[43] ਧੋਤੇ[44] ਨਹੀਂ ਜਾ ਸਕਦੇ, ਜਦਕਿ ਬੰਦੇ ਨੇ ਵਾਹਿਗੁਰੂ ਦੇ ਨਾਮ ਦੀ ਦੌਲਤ[45] ਨੂੰ ਨਹੀਂ ਕਮਾਇਆ[46] । |
| ਉਦਮ[47] ਕਰਹਿ ਅਨੇਕ[48] ਹਰਿ ਨਾਮੁ ਨ ਗਾਵਹੀ[49] ॥ | The man makes many[48] efforts[47], but God's Name he sings[49] not. | ਆਦਮੀ ਘਣੇ[48] ਉਪਰਾਲੇ[47] ਕਰਦਾ ਹੈ, ਪ੍ਰੰਤੂ ਰੱਬ ਦੇ ਨਾਮ ਨੂੰ ਉਹ ਗਾਇਨ[49] ਨਹੀਂ ਕਰਦਾ । |
| ਭਰਮਹਿ[50] ਜੋਨਿ[51] ਅਸੰਖ[52] ਮਰਿ ਜਨਮਹਿ ਆਵਹੀ[53] ॥ | He wanders[50] about in myriod[52] of existences[51], dies and is born again[53]. | ਉਹ ਅਣਗਿਣਤ[52] ਜੂਨੀਆਂ[51] ਅੰਦਰ ਭਟਕਦਾ[50]ਹੈ, ਮਰ ਜਾਂਦਾ ਹੈ ਅਤੇ ਮੁੜ[53] ਜੰਮ ਪੈਂਦਾ ਹੈ । |
| ਪਸੂ[54] ਪੰਖੀ[55] ਸੈਲ[56] ਤਰਵਰ[57] ਗਣਤ[58] ਕਛੂ ਨ ਆਵਏ ॥ | He passes through the life of beasts[54], birds[55], stones[56] and trees[57], whose number[58] cannot be known. | ਉਹ ਡੰਗਰਾਂ[54], ਪੰਛੀਆਂ[55], ਪੱਥਰਾਂ[56] ਅਤੇ ਬਿਰਛਾਂ[57] ਦੇ ਜੀਵਨ ਵਿਚ ਦੀ ਲੰਘਦਾ ਹੈ, ਜਿਨ੍ਹਾਂ ਦੀ ਗਿਣਤੀ[58] ਜਾਣੀ ਨਹੀਂ ਜਾ ਸਕਦੀ । |
| ਬੀਜੁ[53] ਬੋਵਸਿ[60] ਭੋਗ[61] ਭੋਗਹਿ[62] ਕੀਆ ਅਪਣਾ ਪਾਵਏ ॥ | As is the seed[59] man sows[60], so is the fruit[61] he enjoys[62]. He obtains the result of his own acts. | ਜੇਹੋ ਜੇਹਾ ਬੀ[59] ਬੰਦਾ ਬੀਜਦਾ[60] ਹੈ, ਉਹੋ ਜੇਹਾ ਫ਼ਲ[61] ਉਹ ਮਾਣਦਾ[62] ਹੈ । ਉਹ ਆਪਣੇ ਨਿੱਜ ਦੇ ਕਰਮਾਂ ਦਾ ਫਲ ਭੁਗਤਦਾ ਹੈ । |
| ਰਤਨ[63] ਜਨਮੁ[64] ਹਾਰੰਤ ਜੂਐ[65] ਪ੍ਰਭੂ ਆਪਿ ਨ ਭਾਵਹੀ[66] ॥ | The jewel[63] of human life[64], he loses in the game of gamble[65] and his Lord loves[66] him not. | ਮਨੁੱਖੀ ਜੀਵਨ[64] ਦੇ ਹੀਰੇ[63] ਨੂੰ ਉਹ ਜੂਏ[65] ਦੀ ਖੇਡ ਵਿੱਚ ਹਾਰ ਦਿੰਦਾ ਹੈ, ਅਤੇ ਉਹ ਆਪਣੇ ਸੁਆਮੀ ਨੂੰ ਚੰਗਾ[66] ਨਹੀਂ ਲਗਦਾ । |
| ਬਿਨਵੰਤਿ ਨਾਨਕ ਭਰਮਹਿ[67] | Supplicates Nanak, man wanders[68] | ਗੁਰੂ ਜੀ ਬਿਨੈ ਕਰਦੇ ਹਨ, ਇਨਸਾਨ ਸੰਸੇ[67] ਅੰਦਰ |

| | | |
|---|---|---|
| ਭ੍ਰਮਾਏ[68] ਖਿਨੁ[69] ਇਕੁ ਟਿਕਣੁ[70] ਨ ਪਾਵਹੀ ॥੨॥ | in doubt[67] and obtains not rest[70] even for a moment[69]. | ਭਟਕਦਾ ਫਿਰਦਾ[68] ਹੈ ਅਤੇ ਇੱਕ ਮੁਹਤ[67] ਲਈ ਭੀ ਆਰਾਮ[70] ਨਹੀਂ ਪਾਉਂਦਾ । |
| ਜੋਬਨੁ[71] ਗਇਆ ਬਿਤੀਤਿ[72] ਜਰੁ[73] ਮਲਿ ਬੈਠੀਆ[74] ॥ | Youth[71] has passed away[72] and the old-age[73] has taken possession[74] of the body. | ਜੁਆਨੀ[71] ਗੁਜ਼ਰ ਗਈ[72] ਹੈ ਅਤੇ ਬੁਢੇਪਾ[73] ਦੇਹ ਤੇ ਕਬਜ਼ਾ ਕਰ ਕੇ[74] ਬਹਿ ਗਿਆ ਹੈ । |
| ਕਰ[75] ਕੰਪਹਿ[76] ਸਿਰੁ[77] ਡੋਲ[78] ਨੈਣ[79] ਨ ਡੀਠਿਆ[80] ॥ | The hands[75] tremble[76], the head[77] shakes[78] and the eyes[79] see[80] not. | ਹੱਥ[75] ਕੰਬਦੇ[76] ਹਨ, ਸਿਰ[77] ਹਿਲਦਾ[78] ਹੈ ਅਤੇ ਅੱਖਾਂ[79] ਤੋਂ ਕੁੱਛ ਦਿਸਦਾ[80] ਹੀ ਨਹੀਂ । |
| ਨਹ ਨੈਣ ਦੀਸੈ ਬਿਨੁ ਭਜਨ[81] ਈਸੈ[82] ਛੋਡਿ ਮਾਇਆ[83] ਚਾਲਿਆ[84] ॥ | The eyes see not without the Master's[82] meditation[81]. One leaves behind his riches[83] and departs[84]. | ਮਾਲਕ[82] ਦੀ ਬੰਦਗੀ[81] ਦੇ ਬਾਝੋਂ, ਅੱਖਾਂ ਨੂੰ ਕੁਝ ਦਿਸਦਾ ਹੀ ਨਹੀਂ । ਮਨੁਖ ਆਪਣੀ ਦੌਲਤ[83] ਨੂੰ ਛੱਡ ਕੇ ਟੁਰ ਜਾਂਦਾ[84] ਹੈ । |
| ਕਹਿਆ[85] ਨ ਮਾਨਹਿ ਸਿਰਿ[86] ਖਾਕੁ[87] ਛਾਨਹਿ[88] ਜਿਨ ਸੰਗਿ[89] ਮਨੁ[90] ਤਨੁ[91] ਜਾਲਿਆ[92] ॥ | They, for whom[89] he burnt[92] his mind[90] and body[91], listen[85] to him not and, instead, throw[88] dust[87] on his head[86]. | ਜਿਨ੍ਹਾਂ ਦੇ ਲਈ[89] ਉਸ ਨੇ ਆਪਣੀ ਆਤਮਾ[90] ਤੇ ਦੇਹ[91] ਫੂਕ ਛੱਡੀ[92] ਸੀ ਉਹ ਉਸ ਦੀ ਗੱਲ[65] ਹੀ ਨਹੀਂ ਸੁਣਦੇ[85] ਅਤੇ ਸਗੋਂ ਉਸ ਦੇ ਸਿਰ[86] ਉੱਤੇ ਸੁਆਹ[87] ਪਾਉਂਦੇ[88] ਹਨ । |
| ਸ੍ਰੀ[93] ਰਾਮ[94] ਰੰਗ[95] ਅਪਾਰ[96] ਪੂਰਨ[97] ਨਹ ਨਿਮਖ[93] ਮਨ ਮਹਿ[99] ਵੂਠਿਆ[100] ॥ | The love[95] of the Infinite[96] and Perfect[97] adorable[83] Lord[94], abides[100] not even for a moment[98] in[99] his mind. | ਬੇਅੰਤ[96] ਤੇ ਸਰਬ ਵਿਆਪਕ[97] ਪੂਜਯ[93] ਪ੍ਰਭੂ[94] ਦਾ ਪ੍ਰੇਮ[95] ਇੱਕ ਛਿਨ ਭਰ ਲਈ[98] ਭੀ ਉਸ ਦੇ ਚਿੱਤ ਅੰਦਰ[99] ਨਹੀਂ ਵਸਦਾ[100] । |
| ਬਿਨਵੰਤਿ ਨਾਨਕ ਕੋਟਿ[2] ਕਾਗਰ[3] ਬਿਨਸ[4] ਬਾਰ[5] ਨ ਝੂਠਿਆ[6] ॥੩॥ | Prays Nanak, no delay[5] is caused in the destruction[4] of the false[6] fort[2] of paper[3] that this body is. | ਗੁਰੂ ਜੀ ਬੇਨਤੀ ਕਰਦੇ ਹਨ : ਕਾਗਜ਼[3] ਦੇ ਕੂੜੇ[6] ਕਿਲ੍ਹੇ[2] ਵਰਗੀ ਦੇਹ ਦੇ ਨਾਸ[4] ਹੋਣ ਨੂੰ ਕੋਈ ਚਿਰ[5] ਨਹੀਂ ਲਗਦਾ । |
| ਚਰਨ[7] ਕਮਲ[8] ਸਰਣਾਇ[9] ਨਾਨਕੁ ਆਇਆ ॥ | Nanak has sought the refuge[9] of the Lord's lotus[8] feet[7]. | ਨਾਨਕ ਨੇ ਪ੍ਰਭੂ ਦੇ ਕੰਵਲ[8] ਚਰਨਾਂ[7] ਦੀ ਪਨਾਹ[9] ਲਈ ਹੈ । |
| ਦੁਤਰੁ[15] ਭੈ[12] ਸੰਸਾਰੁ[13] ਪ੍ਰਭਿ ਆਪਿ[14] ਤਰਾਇਆ[15] ॥ | The Lord Himself[14] has ferried[15] me across the arduous[10] and terrible[12] world[13] ocean. | ਸੁਆਮੀ ਨੇ ਖ਼ੁਦ[14] ਮੈਨੂੰ ਕਠਨ[10] ਤੇ ਭਿਆਨਕ[12] ਜਗਤ[13] ਸਮੁੰਦਰ ਤੋਂ ਪਾਰ ਕਰ ਦਿੱਤਾ[15] ਹੈ । |
| ਮਿਲਿ ਸਾਧਸੰਗੇ ਭਜੇ[16] ਸ੍ਰੀ[17] ਧਰ[18] ਕਰਿ ਅੰਗੁ[19] ਪ੍ਰਭ ਜੀ ਤਾਰਿਆ[20] ॥ | Meeting the society of saints, I meditate[16] on the Lord[18] of wealth[17] and the Lord, taking my side[19], has saved[20] me. | ਸਤਿ ਸੰਗਤ ਨਾਲ ਜੁੜ ਕੇ ਮੈਂ ਮਾਇਆ[17] ਦੇ ਸੁਆਮੀ[18] ਦਾ ਸਿਮਰਨ[16] ਕਰਦਾ ਹਾਂ ਤੇ ਮੇਰੇ ਪੱਖੀ[19], ਪ੍ਰਭੂ ਨੇ ਮੈਨੂੰ ਤਾਰ ਦਿੱਤਾ[20] ਹੈ । |
| ਹਰਿ ਮਾਨਿ[21] ਲੀਏ ਨਾਮ ਦੀਏ[22] ਅਵਰੁ ਕਛੁ ਨ ਬੀਚਾਰਿਆ[23] ॥ | The Lord has approved[21] of me, blessed[22] me with His Name and has taken nothing else into consideration[23]. | ਸਾਂਈਂ ਨੇ ਮੈਨੂੰ ਪਰਵਾਨ ਕਰ ਲਿਆ[21] ਹੈ, ਮੈਨੂੰ ਆਪਣਾ ਨਾਮ ਦਿੱਤਾ[22] ਹੈ ਅਤੇ ਹੋਰ ਕਿਸੇ ਚੀਜ਼ ਵਲ ਧਿਆਨ[23] ਨਹੀਂ ਕੀਤਾ । |

ਗੁਣ[24] ਨਿਧਾਨ[25] ਅਪਾਰ[26] ਠਾਕੁਰ[27] ਮਨਿ[28] ਲੋੜੀਦਾ[29] ਪਾਇਆ ॥
ਬਿਨਵੰਤਿ ਨਾਨਕੁ ਸਦਾ[30] ਤ੍ਰਿਪਤੇ[31] ਹਰਿ ਨਾਮੁ ਭੋਜਨੁ[32] ਖਾਇਆ[33] ॥੪॥੨॥੩॥

I have attained to the Infinite[26] Lord[27], the Treasure[25] of virtues[24], whom my mind[28] sought[29].
Prays Nanak, I am, now, for ever[30] satiated[31], as I have partaken[33] the food[32] of the Name of God.

ਮੈਂ ਨੇਕੀ[24]ਦੇ ਖ਼ਜ਼ਾਨੇ[25], ਬੇਅੰਤ[26] ਪ੍ਰਭੂ[27], ਜਿਸ ਨੂੰ ਮੇਰਾ ਚਿੱਤ[28] ਚਾਹੁੰਦਾ[29] ਸੀ, ਪ੍ਰਾਪਤ ਕਰ ਲਿਆ ਹੈ।
ਨਾਨਕ ਪ੍ਰਾਰਥਨਾ ਕਰਦਾ ਹੈ ਕਿ ਮੈਂ ਹਮੇਸ਼ਾ[30] ਲਈ ਰੱਜ ਗਿਆ[31] ਹਾਂ, ਕਿਉਂਜੋ ਮੈਂ ਵਾਹਿਗੁਰੂ ਦੇ ਨਾਮ ਦਾ ਪ੍ਰਸ਼ਾਦ[32] ਛੱਕਿਆ[33] ਹੈ।

ਜੈਤਸਰੀ ਮਹਲਾ ੫
ਵਾਰ[34] ਸਲੋਕਾ ਨਾਲਿ[35]

Jaitsri 5th Guru.
Ode[34] with[35] sloks

ਜੈਤਸਰੀ ਪੰਜਵੀਂ ਪਾਤਿਸ਼ਾਹੀ
ਸਲੋਕਾਂ ਸਹਿਤ[35] ਕਵਿਤਾ[34]

ੴ ਸਤਿਗੁਰ ਪ੍ਰਸਾਦਿ ॥

There is but One God. By True Guru's grace is He obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।

ਸਲੋਕ ॥

Slok.

ਸਲੋਕ।

ਆਦਿ[36] ਪੂਰਨ[37] ਮਧਿ[38] ਪੂਰਨ ਅੰਤਿ[39] ਪੂਰਨ ਪਰਮੇਸੁਰਹ[40] ॥
ਸਿਮਰੰਤਿ[41] ਸੰਤ ਸਰਬਤ੍ਰ[42] ਰਮਣੰ[43] ਨਾਨਕ ਅਘ[44] ਨਾਸਨ[45] [46]ਜਗਦੀਸੁਰਹ[47]॥੧॥

The Transcendent Lord[40] pervaded[37] in the beginning[36], pervades in the middle[38] and would pervade in the end.
Nanak, the saints remember[41] the All[42]-pervading God[43], who is the Destroyer[45] of sins[44] and the Lord[47] of the universe[46].

ਪਰਮ ਪ੍ਰਭੂ[40] ਆਰੰਭ[36] ਵਿਚ ਵਿਆਪਕ[37] ਹੈ, ਦਰਮਿਆਨ[38] ਵਿਚ ਵਿਆਪਕ ਹੈ ਅਤੇ ਅਖ਼ੀਰ[39] ਵਿਚ ਵਿਆਪਕ ਹੈ।
ਨਾਨਕ, ਸਾਧੂ ਸੰਤ ਸਾਰੇ[42] ਵਿਆਪਕ ਵਾਹਿਗੁਰੂ[43] ਦਾ ਆਰਾਧਨ[41] ਕਰਦੇ ਹਨ, ਜੋ ਪਾਪਾਂ[44] ਨੂੰ ਨਾਸ ਕਰਨ ਵਾਲਾ[45] ਅਤੇ ਆਲਮ[46] ਦਾ ਸੁਆਮੀ[47] ਹੈ।

ਪੇਖਨ[48]ਸੁਨਨ[49] ਸੁਨਾਵਨੋ[50] ਮਨ[51] ਮਹਿ[52] ਦ੍ਰਿੜੀਐ[53] ਸਾਚੁ[54] ॥
ਪੂਰਿ ਰਹਿਓ[55] ਸਰਬਤ੍ਰ[56] ਮੈ[57] ਨਾਨਕ ਹਰਿ ਰੰਗਿ[58] ਰਾਚੁ[59] ॥੨॥

Behold[48], hear[49], utter[50] and implant[53] the True Lord[54] within[52] thy mind[51].
Nanak, the Lord is fully contained[55] amongst[57] all[56]. Be thou absorbed[59] in His love[58].

ਸੱਚੇ ਸੁਆਮੀ[54] ਨੂੰ ਵੇਖ[48], ਸੁਣ[49], ਉਚਾਰ[50] ਅਤੇ ਆਪਣੇ ਹਿਰਦੇ[51] ਅੰਦਰ[52] ਪੱਕਾ ਕਰ[53]।
ਨਾਨਕ, ਸਾਹਿਬ ਸਾਰਿਆਂ[56] ਅੰਦਰ[57] ਪੂਰੀ ਤਰ੍ਹਾਂ ਰਮਿਆ ਹੋਇਆ[55] ਹੈ। ਤੂੰ ਉਸ ਦੀ ਪ੍ਰੀਤ[58] ਵਿਚ ਲੀਨ[59] ਹੋ ਜਾ।

੭੦੬

ਪਉੜੀ ॥

Pauri.

ਪਉੜੀ।

ਹਰਿ ਏਕੁ ਨਿਰੰਜਨੁ[60] ਗਾਈਐ[61] ਸਭ[62] ਅੰਤਰਿ[63] ਸੋਈ[64] ॥
ਕਰਣ[65]ਕਾਰਣ[66] ਸਮਰਥ[67] ਪ੍ਰਭੁ ਜੋ[68] ਕਰੇ ਸੁ[69]ਹੋਈ[70] ॥

Sing[61] thou the praise of the one Immaculate Lord[60], who[64] is contained in[63] everything[62].
The Omnipotent[67] Lord is the Doer[65] and the Cause[66] and whatever[68] He willeth that[69] alone takes place[70].

ਤੂੰ ਇੱਕ ਪਵਿੱਤ੍ਰ ਪ੍ਰਭੂ[60] ਦਾ ਜੱਸ ਗਾਇਨ ਕਰ[61], ਜੋ[64] ਹਰ ਸ਼ੈ[62] ਅੰਦਰ[63] ਰਮਿਆ ਹੋਇਆ ਹੈ।
ਸਰਬ-ਸ਼ਕਤੀਵਾਨ[67] ਸੁਆਮੀ ਕਰਣ[65] ਕਰਾਉਣ ਵਾਲਾ[66] ਹੈ। ਜਿਹੜਾ ਕੁੱਛ[68] ਉਹ ਕਰਦਾ ਹੈ, ਕੇਵਲ ਉਹੀ[69] ਹੁੰਦਾ ਹੈ[70]।

| | | |
|---|---|---|
| ਖਿਨ[71] ਮਹਿ ਥਾਪਿ[72] ਉਥਾਪਦਾ[73] ਤਿਸੁ ਬਿਨੁ ਨਹੀ ਕੋਈ ॥ | He establishes[72] and disestablishes[73] in a moment[71], for, without Him, there is not another. | ਇੱਕ ਮੁਹਤ[71] ਵਿੱਚ ਉਹ ਕਾਇਮ[72] ਕਰਦਾ ਅਤੇ ਉਖੇੜ ਦਿੰਦਾ[73] ਹੈ ਕਿਉਂਕਿ ਉਸ ਦੇ ਬਗੈਰ ਹੋਰ ਕੋਈ ਨਹੀਂ । |
| ਖੰਡ[74] ਬ੍ਰਹਮੰਡ[75] ਪਾਤਾਲ[76] ਦੀਪ[77] ਰਵਿਆ[78] ਸਭ ਲੋਈ[79] ॥ | The Lord is pervading[78] the continents[74], solar systems[75], the under worlds[76], the islands[77] and all the worlds[79]. | ਪ੍ਰਮਾਤਮਾ ਮਹਾਂਦੀਪਾਂ[74], ਸੂਰਜ ਮੰਡਲਾਂ[75], ਪਾਤਾਲਾਂ[76], ਟਾਪੂਆਂ[77] ਅਤੇ ਸਾਰੀਆਂ ਸ੍ਰਿਸ਼ਟੀਆਂ[79] ਅੰਦਰ ਵਿਆਪਕ ਹੋ ਰਿਹਾ ਹੈ[78] । |
| ਜਿਸੁ ਆਪਿ[80] ਬੁਝਾਏ[81] ਸੋ[82] ਬੁਝਸੀ[83] ਨਿਰਮਲ[84] ਜਨੁ[85] ਸੋਈ ॥੧॥ | He[82], whom the Lord Himself[80] instructs[81], understands[83] Him. He alone is the pure[84] person[85]. | ਜਿਸ ਨੂੰ ਸੁਆਮੀ ਖ਼ੁਦ[80] ਸੂਝ ਬਖਸ਼ਦਾ[81] ਹੈ, ਉਹੀ[82] ਉਸ ਨੂੰ ਸਮਝਦਾ[83] ਹੈ । ਕੇਵਲ ਉਹ ਹੀ ਪਵਿੱਤਰ[84] ਪੁਰਸ਼[85] ਹੈ । |
| ਸਲੋਕ ॥ | | ਸਲੋਕ । |
| ਰਚੰਤਿ[86] ਜੀਅ[87] ਰਚਨਾ[88] ਮਾਤ[89] ਗਰਭ[90] ਅਸਥਾਪਨੰ[91] ॥ | Creating[86] man[87], the Lord instals[81] the creation[88] in the mother's[89] womb[90] | ਮਨੁਖ ਮਾਤਰ ਜੀਅ[88] ਘੜ[86], ਸੁਆਮੀ ਇਸ ਘੜਤ[87] ਨੂੰ ਮਾਂ ਦੇ[89] ਉਦਰ[90] ਵਿਚ ਟਿਕਾ ਦਿੰਦਾ[91] ਹੈ । |
| ਸਾਸਿ ਸਾਸਿ[92] ਸਿਮਰੰਤਿ[93] ਨਾਨਕ ਮਹਾ[94] ਅਗਨਿ[95] ਨ ਬਿਨਾਸਨੰ[96] ॥੧॥ | At every breath[92], it remembers[93] the Lord, O Nanak, and the great[94] fire[95] consumes[96] it not. | ਹਰ ਸੁਆਸ[92] ਨਾਲ ਇਹ ਸੁਆਮੀ ਨੂੰ ਯਾਦ ਕਰਦੀ[93] ਹੈ, ਹੇ ਨਾਨਕ ਅਤੇ ਡਾਢੀ[94] ਅੱਗ[95] ਇਸ ਨੂੰ ਨਸ਼ਟ[96] ਨਹੀਂ ਕਰਦੀ । |
| ਮੁਖੁ[97] ਤਲੈ[98] ਪੈਰ ਉਪਰੇ[99] ਵਸੰਦੋ[100] ਕੁਹਥੜੈ[2] ਥਾਇ[3] ॥ | With head[97] downwards[98] and feet upwards[99], thou abidest[100] in a filthy[2] place[3]. | ਮੂੰਹ[97] ਹੇਠਾਂ[98] ਅਤੇ ਪੈਰ ਉਤਾਹਾਂ[99] ਵਲ; ਇਸ ਤਰ੍ਹਾਂ ਤੂੰ ਮਲੀਨ[2] ਥਾਂ[3] ਤੇ ਵਸਦਾ[100] ਹੈਂ । |
| ਨਾਨਕ ਸੋ[4] ਧਣੀ[5] ਕਿਉ ਵਿਸਾਰਿਓ[6] ਉਧਰਹਿ[7] ਜਿਸ ਦੈ ਨਾਇ[8] ॥੨॥ | Nanak, why forgettest[6] thou the[4] Master[5] by remembering whose Nan e[8], thou wert saved[7] ? | ਨਾਨਕ ਤੂੰ ਉਸ[4] ਮਾਲਕ[5] ਨੂੰ ਕਿਉਂ ਭੁਲਾਉਂਦਾ[6] ਹੈਂ, ਜਿਸ ਦੇ ਨਾਮ[8] ਦਾ ਸਿਮਰਨ ਕਰਨ ਦੁਆਰਾ ਤੂੰ ਬੱਚ ਗਿਆ[7] ਸੈਂ ? |
| ਪਉੜੀ ॥ | Pauri. | ਪਉੜੀ । |
| ਰਕਤੁ[9] ਬਿੰਦੁ[10] ਕਰਿ ਨਿੰਮਿਆ[12] ਅਗਨਿ[13] ਉਦਰ[14] ਮਝਾਰਿ[15] ॥ | O mortal, thou wert conceived[12] from the female egg[9] and the male sperm[10] and wert placed in[15] the fire[13] of the womb[14]. | ਹੇ ਪ੍ਰਾਣੀ ! ਤੂੰ ਮਦੀਨ ਦੇ ਆਂਡੇ[9] ਅਤੇ ਮਰਦ ਦੇ ਵੀਰਜ[10] ਤੋਂ ਨਿਪਜਿਆ[12] ਸੈਂ ਅਤੇ ਪੇਟ[14] ਦੀ ਅੱਗ[13] ਵਿੱਚ[15] ਟਿਕਾਇਆ ਗਿਆ ਸੈਂ । |
| ਉਰਧ[16] ਮੁਖੁ ਕੁਚੀਲ[17] ਬਿਕਲੁ[18] ਨਰਕਿ[19] ਘੋਰਿ[20] ਗੁਬਾਰਿ[21] ॥ | With head downward[16] thou dwelt restlessly[18] in the filthy[17], dark[21] and terrible[20] hell[19]. | ਤੇਰਾ ਮੂੰਹ ਹੇਠਾਂ[16] ਨੂੰ ਸੀ, ਤੂੰ ਬੇਚੈਨ[18] ਸੈਂ ਅਤੇ ਮਲੀਣ[17] ਤੇ ਭਿਆਨਕ[20] ਦੋਜ਼ਕ[19] ਦੇ ਅਨ੍ਹੇਰੇ[21] ਵਿਚ ਵਸਦਾ ਸੈਂ । |
| ਹਰਿ ਸਿਮਰਤ[22] ਤੂ ਨਾ ਜਲਹਿ[23] ਮਨਿ[24] ਤਨਿ[25] [26]ਉਰਧਾਰਿ[27] ॥ | Remembering[22] God, thou wert burnt[23] not; so, keep Him clasped[27] to thy mind[24], body[25] and heart[26]. | ਵਾਹਿਗੁਰੂ ਦਾ ਚਿੰਤਨ[22] ਕਰਨ ਦੁਆਰਾ ਤੂੰ ਸੜਿਆ[23] ਨਹੀਂ ਸੈਂ । ਹੁਣ ਤੂੰ ਉਸ ਨੂੰ ਆਪਣੇ ਰਿਦੇ[24], ਦੇਹ[25] ਤੇ ਦਿਲ[26] ਨਾਲ ਲਾਈ ਰਖ[27] । |

| | | |
|---|---|---|
| ਬਿਖਮ[28] ਥਾਨਹੁ[29] ਜਿਨਿ ਰਖਿਆ[30] ਤਿਸੁ[31] ਤਿਲੁ[32] ਨ ਵਿਸਾਰਿ[33] ॥ | He, who preserved[30] thee in an arduous[28] place[29], forget[33] Him[31] not thou, even for an instant[32]. | ਜਿਸ ਨੇ ਤੈਨੂੰ ਔਖੀ[28] ਥਾਂ[29] ਤੋਂ ਬਚਾਇਆ[30] ਹੈ, ਤੂੰ ਉਸ[31] ਨੂੰ ਇਕ ਮੁਹਤ ਭਰ ਲਈ[32] ਭੀ ਨਾ ਭੁਲਾ[33] । |
| ਪ੍ਰਭ ਬਿਸਰਤ ਸੁਖੁ[34] ਕਦੇ ਨਾਹਿ ਜਾਸਹਿ[35] ਜਨਮੁ[36] ਹਾਰਿ[37] ॥ | Forgetting the Lord, thou shalt never obtain peace[34] and shalt depart[35], losing[37] thy life[36]. | ਸਾਹਿਬ ਨੂੰ ਭੁਲਾ ਕੇ ਤੈਨੂੰ ਕਦਾਚਿਤ ਸੁਖ[34] ਪ੍ਰਾਪਤ ਨਹੀਂ ਹੋਣਾ ਅਤੇ ਤੂੰ ਆਪਣਾ ਜੀਵਨ[36] ਗੁਆ[37] ਕੇ ਟੁਰ ਜਾਵੇਂਗਾ[35] । |
| ਸਲੋਕ ॥ | Slok. | ਸਲੋਕ । |
| ਮਨ ਇਛਾ[38]ਦਾਨ[39]ਕਰਣੰ[40] ਸਰਬਤ੍ਰ[41]ਆਸਾ[42] ਪੂਰਨਹ[43]॥ | The Lord bestows[40] the heart-desired[38] boons[39] and fulfills[43] all[41] the hopes[42]. | ਪ੍ਰਭੂ ਚਿੱਤ-ਚਾਹੁੰਦੀਆਂ[38] ਦਾਤਾਂ[39] ਬਖਸ਼ਦਾ[40] ਹੈ ਅਤੇ ਸਾਰੀਆਂ[41] ਉਮੈਦਾਂ[42] ਪੂਰੀਆਂ ਕਰਦਾ[43] ਹੈ । |
| ਖੰਡਣੰ[44] ਕਲਿ[45] ਕਲੇਸਹ[46] ਪ੍ਰਭ ਸਿਮਰਿ[47] ਨਾਨਕ ਨਹ ਦੂਰਣਹ[48] ॥੧॥ | He destroys[44] strifes[45] and sufferings[46]. O Nanak, contemplate[47] thou on the Lord, who is not far off[48]. | ਉਹ ਝਗੜਿਆਂ[45] ਤੇ ਦੁਖੜਿਆਂ[46] ਨੂੰ ਨਾਸ ਕਰ ਦਿੰਦਾ[44] ਹੈ, ਹੇ ਨਾਨਕ ! ਤੂੰ ਸੁਆਮੀ ਨੂੰ ਯਾਦ ਕਰ[47], ਉਹ ਦੁਰੇਡੇ[48] ਨਹੀਂ । |
| ਹਭਿ[49] ਰੰਗ[50] ਮਾਣਹਿ[51] ਜਿਸੁ ਸੰਗਿ[52] ਤੈ[56] ਸਿਉ[53] ਲਾਈਐ[54] ਨੇਹੁ[55] ॥ | With[52] whom thou shalt enjoy[51] all[49] the joys[50], bear[54] thou, love[55] with[53] Him[56]. | ਜਿਸ ਦੇ ਨਾਲ[52] ਤੂੰ ਸਾਰੇ[49] ਅਨੰਦ[50] ਭੋਗੇਂਗਾ[51], ਤੂੰ ਉਸ ਦੇ[56] ਨਾਲ[53] ਪਿਆਰ[55] ਪਾ[54] । |
| ਸੋ[57] ਸਹੁ[58] ਬਿੰਦ[59] ਨ ਵਿਸਰਉ[60] ਨਾਨਕ ਜਿਨਿ ਸੁੰਦਰੁ[61] ਰਚਿਆ[62] ਦੇਹੁ[63]॥੨॥ | Forget[60] thou not, even for an instant[59], that[57] Lord[58], who has fashioned[62] this beautiful[61] body[63], O Nanak. | ਤੂੰ ਉਸ[57] ਸਾਹਿਬ[58] ਨੂੰ, ਇਕ ਮੁਹਤ[59] ਭਰ ਲਈ ਭੀ, ਨਾ ਭੁਲਾ[60], ਜਿਸ ਨੇ ਇਹ ਸੋਹਣਾ[61]ਸਰੀਰ[63] ਸਾਜਿਆ[62] ਹੈ, ਹੇ ਨਾਨਕ ! |
| ਪਉੜੀ ॥ | Pauri. | ਪਉੜੀ । |
| ਜੀਉ[64]ਪ੍ਰਾਨ[65]ਤਨੁ[66] ਧਨੁ[67] ਦੀਆ[68]ਦੀਨੇ ਰਸ[69]ਭੋਗ[70]॥ | The Lord has blessed[68] thee with soul[64], life[65], body[66] and wealth[67] and has given the dainties[69] to enjoy[70]. | ਸੁਆਮੀ ਨੇ ਤੈਨੂੰ ਆਤਮਾ[64], ਜਿੰਦ ਜਾਨ[65], ਦੇਹ[66] ਤੇ ਦੌਲਤ[67] ਬਖਸ਼ੀਆਂ[68] ਹਨ ਅਤੇ ਮਾਨਣ[70] ਲਈ ਖ਼ੁਸ਼ੀਆਂ[69] ਦਿੱਤੀਆਂ ਹਨ । |
| ਗ੍ਰਿਹ[71]ਮੰਦਰ[72]ਰਥ[73]ਅਸੁ[74] ਦੀਏ ਰਚਿ[75]ਭਲੇ[76]ਸੰਜੋਗ[77]॥ | He has given thee houses[71], mansions[72], chariots[73] and horses[74] and built[75] good[76] destiny[77] for thee | ਉਸ ਨੇ ਤੈਨੂੰ ਘਰ[71], ਮਹਿਲ[72], ਗੱਡੀਆਂ[73] ਅਤੇ ਘੋੜੇ[74] ਦਿੱਤੇ ਹਨ ਅਤੇ ਤੇਰੇ ਲਈ ਚੰਗੀ[76] ਪ੍ਰਾਲਭਧ[77]ਬਣਾਈ[75] ਹੈ । |
| ਸੁਤ[78] ਬਨਿਤਾ[79] ਸਾਜਨ[80] ਸੇਵਕ[81] ਦੀਏ[83] ਪ੍ਰਭ ਦੇਵਨ ਜੋਗ[82] ॥ | He has conferred[83] on thee sons[78], wife[79], friends[80] and servants[81]. The Lord is Omnipotent[82] to give to all. | ਉਸ ਨੇ ਤੈਨੂੰ ਪੁੱਤ੍ਰ[78], ਪਤਨੀ[79], ਮਿੱਤ੍ਰ[80] ਅਤੇ ਨੌਕਰ[81] ਪ੍ਰਦਾਨ ਕੀਤੇ[83] ਹਨ । ਸੁਆਮੀ ਸਾਰਿਆਂ ਨੂੰ ਦੇਣ ਲਈ ਸਰਬ-ਸ਼ਕਤੀਵਾਨ[82] ਹੈ । |
| ਹਰਿ ਸਿਮਰਤ[84] ਤਨੁ[85] ਮਨੁ[86] ਹਰਿਆ[87] ਲਹਿ ਜਾਹਿ[88] ਵਿਜੋਗ[89] ॥ | Meditating[84] on the Lord, the body[85] and soul[86] are reverdured[87] and the sorrow[89] departs[88]. | ਪ੍ਰਭੂ ਦਾ ਭਜਨ[84] ਕਰਨ ਦੁਆਰਾ ਦੇਹ[85] ਤੇ ਆਤਮਾ[86] ਹਰੇ ਭਰੇ ਹੋ ਜਾਂਦੇ[87] ਹਨ ਅਤੇ ਗ਼ਮ[89] ਦੂਰ ਥੀ ਵੰਞਦਾ[88] ਹੈ । |
| ਸਾਧਸੰਗਿ ਹਰਿ ਗੁਣ[90] | In the saints' society, utter[91] | ਸਤਿ ਸੰਗਤ ਅੰਦਰ ਤੂੰ ਵਾਹਿਗੁਰੂ ਦਾ ਜੱਸ[90] ਉਚਾਰਨ[91] |

ਰਮਹੁ[91] ਬਿਨਸੇ[92] ਸਭਿ ਰੋਗ[93] ॥੩॥

thou the God's praise[90] and all thine ailments[93] shall vanish[92].

ਕਰ ਅਤੇ ਤੇਰੀਆਂ ਸਾਰੀਆਂ ਤਕਲੀਫਾਂ[93] ਦੂਰ[92] ਹੋ ਜਾਣਗੀਆਂ ।

ਸਲੋਕ ॥

Slok.

ਸਲੋਕ ।

ਕੁਟੰਬ[94] ਜਤਨ[95] ਕਰਣੰ ਮਾਇਆ[96] ਅਨੇਕ[97] ਉਦਮਹ[98] ॥

Man makes efforts[95] for his family[94] and he puts in many[97] endeavours[98] for the sake of wealth[96].

ਆਪਣੇ ਟੱਬਰ ਕਬੀਲੇ[94] ਲਈ ਆਦਮੀ ਆਹਰ[95] ਕਰਦਾ ਅਤੇ ਧਨ-ਦੌਲਤ[96] ਦੀ ਖ਼ਾਤਰ ਘਣੇ[97] ਉਪਰਾਲੇ[98] ਧਾਰਦਾ ਹੈ ।

ਹਰਿ ਭਗਤਿ[99] ਭਾਵ[100] ਹੀਣੰ ਨਾਨਕ ਪ੍ਰਭ ਬਿਸਰਤ[3] ਤੇ[4] ਪ੍ਰੇਤਤਹ[5] ॥੧॥

If he is without[2] the Lord's love-[100] worship[99] and forgets[3] the Master, then, he[4] is like a ghost[5], O Nanak.

ਜੇਕਰ ਉਹ ਪ੍ਰਭੂ ਦੀ ਪਿਆਰ[100] ਉਪਾਸ਼ਨਾ[99] ਤੋਂ ਸੱਖਣਾ[2] ਹੈ ਅਤੇ ਮਾਲਕ ਨੂੰ ਭੁਲਾਉਂਦਾ[3] ਹੈ, ਤਦ ਉਹ[4] ਇੱਕ ਭੂਤ[5] ਵਰਗਾ ਹੈ, ਹੇ ਨਾਨਕ !

ਤੁਟੜੀਆ[6] ਸਾ[7] ਪ੍ਰੀਤਿ[8] ਜੋ ਲਾਈ ਬਿਅੰਨ[9] ਸਿਉ[10]॥ ਨਾਨਕ ਸਚੀ ਰੀਤਿ[12] ਸਾਂਈ ਸੇਤੀ[13] ਰਤਿਆ[14] ॥੨॥

That[7] love[8] shall break[6], which is contracted with[10] any one, other[9] than God Nanak, true is the way[12] of bearing love[14] with[13] the Lord.

ਉਹ[7] ਪਿਆਰ[8] ਟੁੱਟ ਜਾਊਗਾ[6], ਜਿਹੜਾ ਵਾਹਿਗੁਰੂ ਦੇ ਬਗ਼ੈਰ ਕਿਸੇ ਹੋਰਸ[9] ਨਾਲ[10] ਲਾਇਆ ਗਿਆ ਹੈ । ਨਾਨਕ, ਸੱਚਾ ਹੈ ਰਸਤਾ[12] ਪ੍ਰਭੂ ਨਾਲ[13] ਪ੍ਰੇਮ ਪਾਉਣ[14] ਦਾ ।

ਪਉੜੀ ॥

Pauri.

ਪਉੜੀ ।

ਜਿਸੁ ਬਿਸਰਤ[15] ਤਨੁ ਭਸਮ[16] ਹੋਇ ਕਹਤੇ ਸਭਿ ਪ੍ਰੇਤੁ[17] ॥

By His separation[15] the body becomes dust[16] and all call it a ghost[17].

ਪ੍ਰਭੂ ਦੇ ਵਿਛੋੜੇ[15] ਦੁਆਰਾ, ਸਰੀਰ ਮਿੱਟੀ[16] ਹੋ ਜਾਂਦਾ ਹੈ ਅਤੇ ਸਾਰੇ ਇਸਨੂੰ ਭੂਤ[17] ਹਨ ।

ਖਿਨੁ[18] ਗ੍ਰਿਹ[19] ਮਹਿ[21] ਬਸਨ[20] ਨ ਦੇਵਹੀ ਜਿਨ ਸਿਉ ਸੋਈ[22] ਹੇਤੁ[23] ॥

They, with whom thou hast so much love[23], permit thee not to stay[20] in[21] home[19], even for an instant[18].

ਜਿਨ੍ਹਾਂ ਨਾਲ ਤੇਰਾ ਐਨਾ ਬਹੁਤਾ[22] ਪ੍ਰੇਮ[23] ਹੈ, ਉਹ ਤੈਨੂੰ ਘਰ[19] ਵਿੱਚ[21] ਇੱਕ ਮੁਹਤ ਭਰ[18] ਲਈ ਭੀ ਰਹਿਣ[20] ਨਹੀਂ ਦਿੰਦੇ ।

ਕਰਿ[24] ਅਨਰਥ[25] ਦਰਬੁ[26] ਸੰਚਿਆ[27] ਸੋ[28] ਕਾਰਜਿ[29] ਕੇਤੁ[30] ॥

Practising[24] oppession[25], thou hast amassed[27] wealth[26]; of what[30] avail[29] is that[28] to thee, now ?

ਤੂੰ ਜ਼ੁਲਮ[25] ਕਮਾ ਕੇ[24] ਧਨ[26] ਇਕੱਤਰ ਕੀਤਾ[27] ਹੈ, ਉਹ[28] ਹੁਣ ਤੇਰੇ ਕਿਹੜੇ[30] ਕੰਮ[29] ਹੈ ?

ਜੈਸਾ[31] ਬੀਜੈ ਸੋ[32] ਲੁਣੈ[33] ਕਰਮ[34] ਇਹੁ ਖੇਤੁ[35] ॥

As[31] the mortal sows so[32] does he reap[33]. This body is the field[35] of actions[34].

ਜੇਹੋ ਜੇਹਾ[31] ਪ੍ਰਾਨੀ ਬੀਜਦਾ ਹੈ, ਉਹੋ ਜੇਹਾ[32] ਹੀ ਉਹ ਵੱਢ ਲੈਂਦਾ[33] ਹੈ । ਇਹ ਸਰੀਰ ਅਮਲਾਂ[34] ਦੀ ਧਰਤੀ[35] ਹੈ।

ਅਕਿਰਤਘਣਾ[36] ਹਰਿ ਵਿਸਰਿਆ[37] ਜੋਨੀ[38] ਭਰਮੇਤੁ[39] ॥੪॥

The ungratefuls[36] forget[37] God and wander[39] in existences[38].

ਨਾ-ਸ਼ੁਕਰੇ[36] ਰੱਬ ਨੂੰ ਭੁਲਾ ਕੇ[37] ਜੂਨੀਆਂ[38] ਅੰਦਰ ਭਟਕਦੇ[39] ਹਨ ।

ਸਲੋਕ ॥

Slok.

ਸਲੋਕ ।

ਕੋਟਿ[40] ਦਾਨ[41] ਇਸਨਾਨੰ[42] ਅਨਿਕ[43] ਸੋਧਨ[44] ਪਵਿਤ੍ਰਤਹ[45] ॥ ਉਚਰੰਤਿ[46] ਨਾਨਕ ਹਰਿ ਹਰਿ[47] ਰਸਨਾ[48]

Nanak, he who utters[46] the God's Name[47] with his tongue[48], all[49] his sins[50] are washed off[51] and he obtains the merit of millions[40] of charities[41]

ਨਾਨਕ, ਜੋ ਆਪਣੀ ਜੀਭਾ[48] ਨਾਲ ਵਾਹਿਗੁਰੂ ਦੇ ਨਾਮ[47] ਦਾ ਉਚਾਰਨ[46] ਕਰਦਾ ਹੈ ਉਸ ਦੇ ਸਾਰੇ[49] ਗੁਨਾਹ[50] ਧੋਤੇ ਜਾਂਦੇ[51] ਹਨ ਅਤੇ ਉਹ ਕ੍ਰੋੜਾਂ[40] ਹੀ ਪੁੰਨਾਂ[41] ਤੇ ਇਸ਼ਨਾਨਾਂ[42] ਦਾ ਅਤੇ ਅਨੇਕਾਂ[43] ਸੁੱਚਮਾਂ[44] ਤੇ ਪਵਿੱਤਰਤਾਈਆਂ[45] ਦਾ

ਸਰਬ[49] ਪਾਪ[50] ਬਿਮੁਚਤੇ[51] ॥੧॥

and ablutions[42] and of various[43] purifications[44] and pieties[45].

ਫਲ ਪਾ ਲੈਂਦਾ ਹੈ।

ਈਧਣੁ[52]ਕੀਤੋ[53]ਮੂ[54]ਘਣਾ[55] ਭੋਰੀ[56] ਦਿਤੀਮੁ[57] ਭਾਹਿ[58]॥

I[54] collected[53] plenty[55] of fuel[52] and applied[57] a little[56] fire[58] to it and it got reduced to ashes.

ਮੈਂ[54] ਬਹੁਤ ਸਾਰਾ[55] ਬਾਲਣ[52] ਇਕੱਠਾ ਕੀਤਾ[53] ਅਤੇ ਇਸ ਨੂੰ ਰਤਾ ਕੁ ਭਰ[56] ਅੱਗ[58] ਲਾ ਦਿੱਤੀ[57] ਅਤੇ ਇਹ ਸੜ ਕੇ ਸੁਆਹ ਹੋ ਗਿਆ।

ਮਨਿ[59] ਵਸੰਦੜੋ[64] ਸਚੁ ਸਹੁ[60]ਨਾਨਕ ਹਭੇ[61]ਡੁਖੜੇ[62] ਉਲਾਹਿ[63] ॥੨॥

Similarly, if the True Spouse[60] abides[64] in the mind[59], all[61] the sins[62] are washed off[63], O Nanak.

ਏਸੇ ਤਰ੍ਹਾਂ ਹੀ ਜੇ ਕਰ ਉਹ ਸੱਚਾ ਕੰਤ[60] ਹਿਰਦੇ[59] ਵਿਚ ਵਸ ਜਾਵੇ[64] ਤਾਂ ਸਾਰੇ[61] ਪਾਪ[62] ਧੋਤੇ ਜਾਂਦੇ[63] ਹਨ, ਹੇ ਨਾਨਕ!

੭੦੭

ਪਉੜੀ ॥

Pauri.

ਪਉੜੀ।

ਕੋਟਿ[65] ਅਘਾ[66] ਸਭਿ[67] ਨਾਸ[68] ਹੋਹਿ ਸਿਮਰਤ[69] ਹਰਿ ਨਾਉ[70] ॥

Myriads[65] of sins[66] are all[67] destroyed[68] by repeating[69] the God's Name[70].

ਵਾਹਿਗੁਰੂ ਦੇ ਨਾਮ[70] ਦਾ ਜਾਪ[69] ਕਰਨ ਦੁਆਰਾ ਕ੍ਰੋੜਾਂ[65] ਹੀ ਪਾਪ[66], ਸਾਰੇ ਦੇ ਸਾਰੇ[67], ਨਸ਼ਟ ਹੋ ਜਾਂਦੇ[68] ਹਨ।

ਮਨ ਚਿੰਦੇ[71]ਫਲ[72]ਪਾਈਅਹਿ ਹਰਿ ਕੇ ਗੁਣ[73] ਗਾਉ[74] ॥

Singing[74] God's praises[73], man obtains his heart-desired[71] boons[72].

ਵਾਹਿਗੁਰੂ ਦੀਆਂ ਸਿਫ਼ਤਾਂ[73] ਗਾਇਨ ਕਰਨ[74] ਦੁਆਰਾ ਬੰਦਾ ਆਪਣੀਆਂ ਚਿੱਤ-ਚਾਹੁੰਦੀਆਂ[71] ਮੁਰਾਦਾਂ[72] ਪਾ ਲੈਂਦਾ ਹੈ।

ਜਨਮ ਮਰਣ ਭੈ[75] ਕਟੀਅਹਿ[76]ਨਿਹਚਲ[77] ਸਚੁ ਥਾਉ[78] ॥

The fear[75] of birth and death is removed[76] and an eternal[77] and true abode[78] is obtained.

ਜੰਮਣ ਤੇ ਮਰਣ ਦਾ ਡਰ[75] ਚੁੱਕਿਆ[76] ਜਾਂਦਾ ਨੂੰ ਅਤੇ ਸਦੀਵੀ ਸਥਿਰ[77] ਤੇ ਸੱਚਾ ਟਿਕਾਣਾ[78] ਪਰਾਪਤ ਹੋ ਜਾਂਦਾ ਹੈ।

ਪੂਰਬਿ[79] ਹੋਵੈ ਲਿਖਿਆ ਹਰਿ ਚਰਣ[80] ਸਮਾਉ[81] ॥

If it be so pre-ordained[79], the mortal becomes absorbed[81] in the Lord's feet[80].

ਜੇਕਰ ਮੁੱਢ ਤੋਂ ਐਸਾ ਲਿਖਿਆ ਹੋਇਆ[79] ਹੋਵੇ, ਤਾਂ ਪ੍ਰਾਣੀ ਪ੍ਰਭੂ ਦੇ ਚਰਣਾਂ[80] ਵਿਚ ਲੀਨ[81] ਹੋ ਜਾਂਦਾ ਹੈ।

ਕਰਿ ਕਿਰਪਾ[82]ਪ੍ਰਭ ਰਾਖਿ[83] ਲੇਹੁ ਨਾਨਕ ਬਲਿ[84]ਜਾਉ ॥੫॥

Blessing me with Thy mercy[82], preserve[83] me, O Lord; Nanak is a sacrifice[84] unto Thee.

ਮਿਹਰ ਧਾਰ ਕੇ[82] ਮੇਰੀ ਰੱਖਿਆ[83] ਕਰ, ਹੇ ਸੁਆਮੀ! ਨਾਨਕ ਤੇਰੇ ਉਤੋਂ ਘੋਲੀ[84] ਵੰਞਦਾ ਹੈ।

ਸਲੋਕ ॥

Slok.

ਸਲੋਕ।

ਗ੍ਰਿਹ[85] ਰਚਨਾ[86] ਅਪਾਰੰ[87] ਮਨਿ[88] ਬਿਲਾਸ[89] ਸੁਆਦੰ[90] ਰਸਹ[91] ॥

They, who are engrossed[91] in their beautifully[87] built[86] mansions[88] and the various relishes[90] the mind derises[89] ?

ਜੋ ਇਨਸਾਨ[88], ਸੁੰਦਰ[87] ਬਣੇ ਹੋਏ[86] ਘਰਾਂ[85], ਖੁਸ਼ੀਆਂ[89], ਚਸਕਿਆਂ[90] ਅਤੇ ਰੰਗ-ਰਲੀਆਂ[91] ਅੰਦਰ ਖੱਚਤ ਹੋਇ ਹੋਇ ਹਨ।

ਕਦਾਂਚ[92] ਨਹ ਸਿਮਰੰਤਿ[93] ਨਾਨਕ ਤੇ[94]ਜੰਤ[95]ਬਿਸਟਾ[96] ਕ੍ਰਿਮਹ[97] ॥੧॥

And contemplate[93] not their Lord ever[92], those[94] beings[95] are the worms[97] of ordure[96], O Nanak.

ਜੋ ਕਦੇ[92] ਭੀ ਆਪਣੇ ਸਾਂਈਂ ਦਾ ਸਿਮਰਨ[93] ਨਹੀਂ ਕਰਦੇ, ਉਹ[94] ਜੀਵ[95] ਗੰਦਗੀ[96] ਦੇ ਕੀੜੇ[97] ਹਨ, ਹੇ ਨਾਨਕ!

ਮੁਚੁ[98] ਅਡੰਬਰੁ[99] ਹਭੁ ਕਿਹੁ[100] ਮੰਝਿ[2] ਮੁਹਬਤਿ[3] ਨੇਹ[4] ॥

Forsake[98] thou all[100] the worldly ostentations[99] and be not[4] engrossed in their love[3].

ਤੂੰ ਸਾਰੀਆਂ[100] ਸੰਸਾਰੀ ਸ਼ਾਨਸ਼ੌਕਤਾਂ[99] ਤਿਆਗ ਦੇ[98], ਅਤੇ ਉਨ੍ਹਾਂ ਦੇ ਪਿਆਰ[3] ਵਿੱਚ[2] ਖੱਚਤ ਨਾ[4] ਹੋ।

| | | |
|---|---|---|
| ਸੋ ਸਾਂਈ[6] ਜੈਂ ਵਿਸਰੈ[3] ਨਾਨਕ ਸੋ ਤਨੁ[7] ਖੇਹ[9] ॥੨॥ | The body[7], which forgets[8] that[5] Lord[6], shall be reduced to ashes[9], O Nanak. | ਜਿਹੜੀ ਦੇਹ[7] ਉਸ[5] ਸੁਆਮੀ[6] ਨੂੰ ਭੁਲਾਉਂਦੀ[8] ਹੈ, ਉਹ ਸੁਆਹ[9] ਹੀ ਵੰਞੇਗੀ, ਹੇ ਨਾਨਕ ! |
| ਪਉੜੀ ॥ | Pauri. | ਪਉੜੀ । |
| ਸੁੰਦਰ[10] ਸੇਜ[12] ਅਨੇਕ[13] ਸੁਖ[14]ਰਸ[15]ਭੋਗਣ[16]ਪੂਰੇ[17]॥ | A man may enjoy[16] a beauteous[10] couch[12], numerous[13] pleasures[14] and all[17] Sorts of enjoyments[15]; | ਭਾਵੇਂ ਇਨਸਾਨ ਸੋਹਣੇ[10] ਪਲੰਘਾਂ[12], ਅਨੇਕਾਂ[13] ਮੌਜਬਹਾਰਾਂ[14] ਅਤੇ ਸਾਰੇ[17] ਸੁਆਦਾਂ[15] ਦੇ ਅਨੰਦ ਲਵੇ[16]; |
| ਗ੍ਰਿਹ[18] ਸੋਇਨ[19] ਚੰਦਨ[20] ਸੁਗੰਧ[21] ਲਾਇ[22] ਮੋਤੀ[23] ਹੀਰੇ[24] ॥ | And may possess mansions[18] of gold[19] studded[22] with pearls[23] and rubies[24] and plastered with fragrant[21] sandal dust[20] ; | ਭਾਵੇਂ ਉਸ ਕੋਲ ਖ਼ੁਸ਼ਬੂਦਾਰ[21] ਚੰਨਣ ਦੇ ਚੂਰੇ[20] ਨਾਲ ਲਿੱਪੇ ਹੋਏ ਅਤੇ ਮੋਤੀਆਂ[23] ਤੇ ਲਾਲਾਂ[24] ਨਾਲ ਜੜੇ ਹੋਏ[22] ਸੋਨੇ[19] ਦੇ ਮੰਦਰ[18] ਹੋਣ ; |
| ਮਨ ਇਛੇ[25]ਸੁਖ[28]ਮਾਣਦਾ[26] ਕਿਛੁ[29] ਨਾਹਿ ਵਿਸੂਰੇ[27] ॥ ਸੋ[32] ਪ੍ਰਭੁ ਚਿਤਿ[30] ਨ ਆਵਈ ਵਿਸਟਾ[31] ਕੇ ਕੀਰੇ ॥ | He may further enjoy[26] his heart-desired[25] pleasures[28] and have no anxiety[27] whatever[29], but, if he remembers[30] not that[32] Lord, he is like a worm in ordure[31]. | ਭਾਵੇਂ ਉਹ ਆਪਣੇ ਚਿੱਤ-ਚਾਹੁੰਦੀਆਂ[25] ਮੌਜਾਂ[28]ਲੁਟਦਾ[26] ਹੋਵੇ ਅਤੇ ਉਸ ਨੂੰ ਕੁੱਝ[29] ਭੀ ਚਿੰਤਾ ਫ਼ਿਕਰ[27] ਨਾ ਹੋਵੇ; ਪਰ ਜੇ ਉਹ ਉਸ[32] ਸੁਆਮੀ ਦਾ ਸਿਮਰਨ[30] ਨਹੀਂ ਕਰਦਾ, ਓਹ ਗੰਦਗੀ[31] ਦੇ ਕੀੜੇ ਵਰਗਾ ਹੈ । |
| ਬਿਨੁ ਹਰਿ ਨਾਮ ਨ ਸਾਂਤਿ[33] ਹੋਇ ਕਿਤੁ[34] ਬਿਧਿ[35]ਮਨੁ[36] ਧੀਰੇ[37] ॥੬॥ | Without God's Name, there is no peace[33]. In what[34] other way[35] can the soul[36] be comforted[37] ? | ਰੱਬ ਦੇ ਨਾਮ ਦੇ ਬਗ਼ੈਰ, ਕੋਈ ਆਰਾਮ ਚੈਨ[33] ਨਹੀਂ । ਹੋਰ ਕਿਹੜੇ[34] ਤਰੀਕੇ[35] ਨਾਲ ਆਤਮਾ[36] ਦੀ ਤਸੱਲੀ[37] ਹੋ ਸਕਦੀ ਹੈ । |
| ਸਲੋਕ ॥ | Slok | ਸਲੋਕ । |
| ਚਰਨ[38] ਕਮਲ[39] ਬਿਰਹੰ[40] ਖੋਜੰਤ[41] ਬੈਰਾਗੀ[42] ਦਹ[43] ਦਿਸਹ[44] ॥ | The lover[42] of the Lord's lotus[39]feet[38], lovingly[40] serarches[41] Him in ten[43] directions[44]. | ਪ੍ਰਭੂ ਦੇ ਕੰਵਲ[39] ਚਰਨਾਂ[38]ਦਾ ਪ੍ਰੇਮੀ[42], ਪਿਆਰ ਨਾਲ[40] ਉਸ ਨੂੰ ਦਸੀਂ[43] ਪਾਸੀਂ[44] ਭਾਲਦਾ ਫਿਰਦਾ[41] ਹੈ । |
| ਤਿਆਗੰਤ[45] ਕਪਟ ਰੂਪ[46] ਮਾਇਆ[47] ਨਾਨਕ ਆਨੰਦ ਰੂਪ ਸਾਧ ਸੰਗਮਹ[49] ॥੧॥ | He renounces[45] the deceitful[46] mammon[47] and joins the delightful[48] society of saints[49], O Nanak. | ਉਹ ਧੋਖੇ ਬਾਜ਼[46] ਮੋਹਣੀ[47] ਨੂੰ ਤਿਆਗ ਦਿੰਦਾ[45] ਹੈ ਅਤੇ ਮੰਗਲਮਈ[48] ਸਤਿ ਸੰਗਤ[49] ਨਾਲ ਜੁੜ ਜਾਂਦਾ ਹੈ । |
| ਮਨਿ[50] ਸਾਂਈ[51] ਮੁਖਿ[52] ਉਚਰਾ[53] ਵਤਾ[54] ਹਭੇ[55] ਲੋਅ[56] ॥ | Within my mind[50] is the Lord's Name[51]; with my mouth[52] I repeat[53] His Name and go[54] searching Him in all[55] the lands[56]. | ਮੇਰੇ ਹਿਰਦੇ[50] ਵਿਚ ਸੁਆਮੀ ਦਾ ਨਾਮ[51] ਹੈ, ਆਪਣੇ ਮੂੰਹ[52] ਨਾਲ ਮੈਂ ਉਸ ਦਾ ਨਾਮ ਉਚਾਰਦਾ[53] ਹਾਂ ਅਤੇ ਉਸ ਨੂੰ ਭਾਲਣ ਲਈ ਮੈਂ ਸਾਰਿਆਂ[55] ਦੇਸਾਂ[56] ਵਿਚ ਜਾਂਦਾ[54] ਹਾਂ । |
| ਨਾਨਕ ਹਭਿ ਅਡੰਬਰ[57] ਕੂੜਿਆ[58] ਸੁਣਿ ਜੀਵਾ ਸਚੀ ਸੋਇ[59] ॥੨॥ | Nanak all the ostentations[57] are false[58]. I live by hearing the Lord's true praise[59]. | ਨਾਨਕ ਸਾਰੀਆਂ ਨੁਮਾਇਸ਼ਾਂ[56] ਝੂਠੀਆਂ[58] ਹਨ । ਮੈਂ ਸੁਆਮੀ ਦੀ ਸੱਚੀ ਸੋਹਾ[59] ਸੁਣ ਕੇ ਜੀਉਂਦਾ ਹਾਂ । |
| ਪਉੜੀ ॥ | Pauri. | ਪਉੜੀ । |
| ਬਸਤਾ[60] ਤੂਟੀ[61] ਝੁੰਪੜੀ[62] ਚੀਰ ਸਭਿ[63] ਛਿੰਨਾ[64] ॥ | He, who abides[60] in a broken[61] hut[62], with all his clothes[63] tattrred[64]; | ਜੋ ਸਾਰੇ ਕਪੜੇ[63] ਲੀਰਾਂ ਲੀਰਾਂ[64] ਹੋਇਆਂ ਨਾਲ ਟੁੱਟੀ[61] ਹੋਈ ਝੁਗੀ[62] ਵਿਚ ਰਹਿੰਦਾ[60] ਹੈ ; |

| | | |
|---|---|---|
| ਜਾਤਿ[65] ਨ ਪਤਿ[66] ਨ ਆਦਰੋ[67] ਉਦਿਆਨ[68] ਭ੍ਰਮਿੰਨਾ[69] ॥ | And has neither high caste[65] nor honour[66] nor respect[67] and wanders[69] in wilderness[68] ; | ਜਿਸ ਦੀ ਨਾ ਉੱਚੀ ਜਾਤੀ[65], ਨਾ ਹੀ ਇੱਜ਼ਤ[66] ਅਤੇ ਮਾਨ ਪ੍ਰਤਿਸ਼ਟਾ[67] ਹੈ; ਜੋ ਬੀਆਬਾਨ[68] ਵਿਚ ਭਟਕਦਾ[69] ਹੈ ; |
| ਮਿਤ੍ਰ[71] ਨ ਇਠ[71] ਧਨ[72] ਰੂਪ[73] ਹੀਣ[74] ਕਿਛੁ ਸਾਕੁ[75] ਨ ਸਿੰਨਾ[76] ॥ | Has neither a friend[70], nor a beloved and is without[74] wealth[72], beauty[73], relation or kinsman[76] ; | ਜਿਸ ਦਾ ਨਾ ਕੋਈ ਯਾਰ[70] ਜਾਂ ਪਿਆਰਾ[71] ਹੈ; ਜੋ ਧਨ-ਦੌਲਤ[72] ਤੇ ਸੁੰਦਰਤਾ[73] ਦੇ ਬਗੈਰ[74] ਹੈ ਅਤੇ ਜਿਸ ਦਾ ਕੋਈ ਰਿਸ਼ਤੇਦਾਰ[75] ਜਾਂ ਅੰਗ ਸਾਕ[76] ਨਹੀਂ ; |
| ਰਾਜਾ[77] ਸਗਲੀ[78] ਸ੍ਰਿਸਟਿ[79] ਕਾ ਹਰਿ ਨਾਮਿ ਮਨੁ[80] ਭਿੰਨਾ[81] ॥ | He is yet the King[77] of the whole[78] world[79], if his soul[80] is absorbed[81] in the Lord's Name. | ਉਹ ਸਾਰੇ[78] ਸੰਸਾਰ[79] ਦਾ ਪਾਤਿਸ਼ਾਹ[77] ਹੈ, ਜੇਕਰ ਉਸ ਦੀ ਆਤਮਾ[80] ਪ੍ਰਭੂ ਦੇ ਨਾਮ ਅੰਦਰ ਲੀਨ ਹੋਈ ਹੋਈ[81] ਹੈ । |
| ਤਿਸ[82] ਕੀ ਧੂੜਿ[83] ਮਨੁ[84] ਉਧਰੈ[85] ਪ੍ਰਭੁ ਹੋਇ ਸੁ[86] ਪ੍ਰਸੰਨਾ[87] ॥੭॥ | Yea, with the dust[83] of his[82] feet, one[84] is emancipated[85] because the Lord is well[86]-pleased[87] with him. | ਹਾਂ, ਉਸ ਦੇ[82] ਪੈਰਾਂ ਦੀ ਖ਼ਾਕ[83] ਨਾਲ ਬੰਦੇ[84] ਦਾ ਪਾਰ ਉਤਾਰਾ ਹੋ ਜਾਂਦਾ[85] ਹੈ ਕਿਉਂਕਿ ਸਾਹਿਬ ਉਸ ਨਾਲ ਅਤਿਅੰਤ[86] ਖ਼ੁਸ਼[87] ਹੁੰਦਾ ਹੈ । |
| ਸਲੋਕ ॥ | Salok | ਸਲੋਕ । |
| ਅਨਿਕ[88] ਲੀਲਾ[90] ਰਾਜ[91] ਰਸ[92] ਰੂਪੰ[93] ਛਤ੍ਰ[94] ਚਮਰ[95] ਤਖਤ[96] ਆਸਨੰ[97] ॥ ਰਚੰਤਿ[98] ਮੂੜ[99] ਅਗਿਆਨ[100] ਅੰਧਹ[2] ਨਾਨਕ ਸੁਪਨ[3] ਮਨੋਰਥ[4] ਮਾਇਆ[5] ॥੧॥ | Various types[88] of enjoyments[90], dominions[91], pleasures[92], beauty[93], canopy[94] and fan[95] waving over head and throne[96] to sit upon[97], in them, only[8] unwise, ignorant[100] and blind[2] are engrossed[98]. Desire[4] for riches[5], Say Nanak, to like a dream[3]. | ਬਹੁਤੇ[88] ਰੰਗ ਤਮਾਸ਼ਿਆਂ[90], ਰਾਜਭਾਗ[91] ਰੰਗ ਰਲੀਆਂ[92], ਸੁੰਦਰਤਾ[93] ਸਿਰ ਤੇ ਚਾਨਣੀਆਂ[94] ਅਤੇ ਚਉਰ[95] ਅਤੇ ਬੈਠਣ[97] ਨੂੰ ਤਖਤ[96] ਦੀ ਲਾਲਸਾ ਅੰਦਰ ਮੂਰਖ[98], ਬੇਸਮਝ[100] ਅਤੇ ਅਕਲ ਦੇ ਅੰਨ੍ਹੇ[2] ਹੀ ਗ੍ਰਹਿਸੇ[98] ਰਹਿੰਦੇ ਹਨ । ਨਾਨਕ, ਧਨ-ਦੌਲਤ[5] ਦੀ ਅਜੇਹੀ ਲਾਲਸਾ[4] ਨਿਰੀ ਇਕ ਸੁਪਨੇ ਸਮਾਨ[3] ਹੈ । |
| ਸੁਪਨੇ ਹਭਿ ਰੰਗ[6] ਮਾਣਿਆ[7] ਮਿਠਾ ਲਗੜਾ ਮੋਹੁ[8] ॥ | In dream, man enjoys[7] all relishes[6] and worldly attachments[8] seem sweet to him. | ਸੁਫਨੇ ਵਿਚ ਇਨਸਾਨ ਸਮੂਹ ਸੁਆਦ[6] ਭੋਗਦਾ[7] ਹੈ ਅਤੇ ਸੰਸਾਰੀ ਪ੍ਰੀਤਾਂ[8] ਉਸ ਨੂੰ ਮਿੱਠੀਆਂ ਲਗਦੀਆਂ ਹਨ । |
| ਨਾਨਕ ਨਾਮ ਵਿਹੂਣੀਆ[9] ਸੁੰਦਰਿ[10] ਮਾਇਆ[12] ਧ੍ਰੋਹੁ[13] ॥੨॥ | Nanak, without[9] the Name, the beautiful[10] worldly valuables[12] are but a fraud[13]. | ਨਾਨਕ, ਨਾਮ ਦੇ ਬਿਨਾ[9] ਸੁਹਣੇ[10] ਸੰਸਾਰੀ ਪਦਾਰਥ[12] ਕੇਵਲ ਇੱਕ ਛੱਲ-ਫ਼ਰੇਬ[13] ਹਨ । |
| ਪਉੜੀ ॥ | Pauri. | ਪਉੜੀ । |
| ਸੁਪਨੇ ਸੇਤੀ[14] ਚਿਤੁ[15] ਮੂਰਖਿ[16] ਲਾਇਆ[17] ॥ | The fool[16] attaches[17] his mind[15] with[14] the dream. | ਮੂੜ[16] ਆਪਣੇ ਮਨ[15] ਨੂੰ ਸੁਫਨੇ ਦੇ ਨਾਲ[14] ਜੋੜਦਾ[17] ਹੈ । |
| ਬਿਸਰੇ[18] ਰਾਜ[19] ਰਸ[20] ਭੋਗ[21] ਜਾਗਤ[22] ਭਖ ਲਾਇਆ[23] ॥ | When he awakes[22], forgotten[18] are the power[19], revelments[20], pleasures[21] and he suffers disappointment[23]. | ਜਦ ਉਹ ਜਾਗਦਾ[22] ਹੈ, ਉਸ ਨੂੰ ਰਾਜ ਭਾਗ[19], ਬਹਾਰਾਂ[20] ਖ਼ੁਸ਼ੀਆਂ[21] ਭੁਲ ਜਾਂਦੀਆਂ ਹਨ ਤੇ ਉਹ ਮਾਯੂਸ ਹੁੰਦਾ[23] ਹੈ । |
| ਆਰਜਾ[24] ਗਈ ਵਿਹਾਇ[25] ਧੰਧੈ[26] ਧਾਇਆ[27] ॥ | His life[24] passes away[25] in ruuning[27] after worldly affairs[26]. | ਉਸ ਦੀ ਉਮਰ[24] ਸੰਸਾਰੀ ਕਾਰ-ਵਿਹਾਰਾਂ[26] ਮਗਰ ਭਜਦਿਆਂ[27] ਹੀ ਬੀਤ ਜਾਂਦੀ[25] ਹੈ । |

| | | |
|---|---|---|
| ਪੂਰਨ[28] ਭਏ ਨ ਕਾਮ[29] ਮੋਹਿਆ[30] ਮਾਇਆ[31] ॥ | His affairs[29] are accomplished not, because he is fascinated[30] by mammon[31]. | ਉਸ ਦੇ ਕੰਮ ਕਾਜ[29] ਪੂਰੇ[28] ਨਹੀਂ ਹੁੰਦੇ ਕਿਉਂਕਿ ਉਸ ਨੂੰ ਮੋਹਨੀ[31] ਮਾਇਆ ਨੇ ਮੋਹ ਲਿਆ[30] ਹੈ । |
| ਕਿਆ[37] ਵੇਚਾਰਾ[32] ਜੰਤੁ[33] ਜਾ[34] ਆਪਿ[35] ਭੁਲਾਇਆ[36] ॥੮॥ | What[37] can the helples[32] creature[33] do, when[34] the Lord Himself[35] strays[36] him ? | ਜਦ[34] ਪ੍ਰਭੂ ਖ਼ੁਦ[35] ਉਸ ਨੂੰ ਕੁਰਾਹੇ[36] ਪਾਵੇ, ਤਦ ਬੇ-ਬੱਸ[32] ਜੀਵ[33] ਕੀ[37] ਕਰ ਸਕਦਾ ਹੈ ? |
| ਸਲੋਕ ॥ | Slok. | ਸਲੋਕ । |
| ਬਸੰਤਿ[38] ਸੁਰਗ[39] ਲੋਕਹ[40] ਜਿਤਤੇ[41] ਪ੍ਰਿਥਵੀ[42] ਨਵ ਖੰਡਣਹ[43]॥ ਬਿਸਰੰਤ[44] ਹਰਿ ਗੋਪਾਲਹ[45] ਨਾਨਕ ਤੇ[46] ਪ੍ਰਾਣੀ[47] ਉਦਿਆਨ[48] ਭਰਮਣਹ[49] ॥੧॥ | Though they may abide[38] in a heavenly[39] land[40] and conquer[41] the nine regions[43] of the earth[42], but, if those[46] mortals[47] forget[44] the Lord God[45], O Nanak, they are like wanderers[49] in the wilderness[48]. | ਭਾਵੇਂ ਉਹ ਬਹਿਸ਼ਤ ਵਰਗੇ[39] ਦੇਸ[40] ਵਿੱਚ ਵਸਦੇ[38] ਹੋਣ ਅਤੇ ਧਰਤੀ[42] ਦੇ ਨੌਂ ਹੀ ਖੰਡ[43] ਜਿੱਤ ਲੈਣ[41]; ਪ੍ਰੰਤੂ ਜੇਕਰ ਉਹ[46] ਜੀਵ[47] ਸੁਆਮੀ ਵਾਹਿਗੁਰੂ[45] ਨੂੰ ਭੁਲਾਉਂਦੇ[44] ਹਨ, ਉਹ ਬੀਆਬਾਨ[58] ਵਿੱਚ ਭਟਕਣ ਵਾਲਿਆਂ ਵਾਂਗੂ ਹਨ । |
| ਕਉਤਕ[50] ਕੋਡ[51] ਤਮਾਸਿਆ[52] ਚਿਤਿ[53] ਨ ਆਵਸੁ ਨਾਉ ॥ ਨਾਨਕ ਕੋੜੀ[54] ਨਰਕ[55] ਬਰਾਬਰੇ[56] ਉਜੜੁ[57] ਸੋਈ[58] ਥਾਉ[59] ॥੨॥ | Where, in midst of millions[51] of plays[50] and entertainments[52], God's Name is not contemplated[53], O Nanak, that[58], place[59] is a wilderness[57] and equal[56] to the lepers[54] hell[55]. | ਜਿੱਥੇ ਕ੍ਰੋੜਾਂ[51] ਹੀ ਖੇਡਾਂ[50] ਅਤੇ ਦਿਲ ਬਹਿਲਾਵਿਆਂ[52] ਵਿੱਚ ਰੱਬ ਦੇ ਨਾਮ ਦਾ ਸਿਮਰਨ[53] ਨਹੀਂ ਕੀਤਾ ਜਾਂਦਾ, ਹੇ ਨਾਨਕ ! ਉਹ[58] ਥਾਂ[59] ਉਜਾੜ ਬੀਆਬਾਨ[57] ਅਤੇ ਕੋੜ੍ਹਿਆਂ[54] ਦੇ ਦੋਜ਼ਕ[55] ਦੇ ਤੁੱਲ[56] ਹੈ । |
| ਪਉੜੀ ॥ | Pauri. | ਪਉੜੀ । |
| ਮਹਾ[60] ਭਇਆਨ[61] ਉਦਿਆਨ[62] ਨਗਰ[63] ਕਰਿ[64] ਮਾਨਿਆ[65] ॥ | The very[60] terrible[61] wilderness[62], the man takes[65] as[64] a city[63]. | ਪਰਮ[60] ਡਰਾਉਣੇ[61] ਬੀਆਬਾਨ[62] ਨੂੰ ਬੰਦਾ ਇਕ ਸ਼ਹਿਰ[63] ਕਰਕੇ[64] ਮੰਨਦਾ[65] ਹੈ । |
| ਝੂਠ ਸਮਗ੍ਰੀ[66] ਪੇਖਿ[67] ਸਚੁ ਕਰਿ ਜਾਨਿਆ[68] ॥ | Beholding[67] the false paraphernalia[66], he deems[68] it to be true. | ਕੂੜੇ ਸਾਜ਼ ਸਮਾਨ[66] ਨੂੰ ਵੇਖ ਕੇ[67], ਉਹ ਇਸ ਨੂੰ ਸੱਚ ਕਰ ਕੇ ਜਾਣਦਾ[68] ਹੈ । |
| ਕਾਮ[69] ਕ੍ਰੋਧਿ[70] ਅਹੰਕਾਰਿ[71] ਫਿਰਹਿ ਦੇਵਾਨਿਆ[72] ॥ | Engrossed in lust[69], wrath[70] and ego[71], he roams about madly[72]. | ਵਿਸ਼ੇ ਭੋਗ[69], ਗੁੱਸੇ[70] ਤੇ ਗ਼ਰੂਰ[71] ਵਿੱਚ ਖ਼ੱਚਤ ਹੋਇਆ, ਉਹ ਕਮਲਾ ਹੋਇਆ[72] ਫਿਰਦਾ ਹੈ । |
| ੭੦੮ | | |
| ਸਿਰਿ[73] ਲਗਾ ਜਮ[74] ਡੰਡੁ[75] ਤਾ[76] ਪਛੁਤਾਨਿਆ[77] ॥ | When the club[75] of death[74] falls on his head[73], then[76] does he regret[77]. | ਜਦ ਮੌਤ[74] ਦਾ ਡੰਡਾ[75] ਉਸ ਦੇ ਸਿਰ[73] ਉੱਤੇ ਲੱਗਦਾ ਹੈ, ਤਦ[76] ਉਹ ਪਸਚਾਤਾਪ ਕਰਦਾ[77] ਹੈ । |
| ਬਿਨੁ ਪੂਰੇ[77] ਗੁਰਦੇਵ[79] ਫਿਰੈ ਸਤਾਨਿਆ[80] ॥੯॥ | Without the Perfect[78], Divine[79] Guru, he moves about like the Satan[80]. | ਪੂਰਨ[78] ਪ੍ਰਕਾਸ਼ਵਾਨ[79] ਗੁਰਾਂ ਦੇ ਬਗ਼ੈਰ ਉਹ ਸ਼ੈਤਾਨ[80] ਵਾਂਗੂੰ ਫਿਰਦਾ ਹੈ । |
| ਸਲੋਕ ॥ | Slok. | ਸਲੋਕ । |
| ਰਾਜ[81] ਕਪਟੰ[82] ਰੂਪ[83] ਕਪਟੰ ਧਨ[84] ਕਪਟੰ ਕੁਲ[85] ਗਰਬਤਹ[86] ॥ | Deceptive[82] is power[81], deceptive is beauty[83] and deceptive are wealth[84], and pride[86] of lineage[85]. | ਛਲਣਹਾਰ ਹੈ ਪਾਤਿਸ਼ਾਹੀ[81] ਛਲਣਹਾਰ ਹੈ ਸੁਹੱਪਣ[83] ਅਤੇ ਛਲਣਹਾਰ ਹਨ ਧਨ ਦੌਲਤ[84] ਤੇ ਵੰਸ਼[85] ਦਾ ਹੰਕਾਰ[86] । |
| ਸੰਚੰਤਿ[87] ਬਿਖਿਆ[88] ਛਲੰ[89] | Man amasses[87] poisonous[88] wealth | ਆਦਮੀ ਠੱਗੀਠੋਰੀ[89] ਤੇ ਛਲ[90] ਫ਼ਰੇਬ ਨਾਲ ਜ਼ਹਿਰੀਲੀ[88] |

| | | |
|---|---|---|
| ਛਿਦ੍ਰੂ[90] ਨਾਨਕ ਬਿਨੁ ਹਰਿ ਸੰਗਿ[91] ਨ ਚਾਲਤੇ[92] ॥੧॥ | with deceit[89] and guile[90], O Nanak. But, without the Lord's Name, nothing goes[92] with[91] him. | ਮਾਇਆ ਇਕੱਤਰ[87] ਕਰਦਾ ਹੈ, ਹੇ ਨਾਨਕ ! ਪ੍ਰਭੂ ਸਾਈਂ ਦੇ ਨਾਮ ਬਾਝੋਂ ਕੁੱਛ ਭੀ ਉਸ ਦੇ ਨਾਲ[91] ਨਹੀਂ ਜਾਂਦਾ[92] । |
| ਪੇਖੰਦੜੋ[93] ਕੀ ਭੁਲੁ[94] ਤੁੰਮਾ[95] ਦਿਸਮੁ[96] ਸੋਣਾ[97] ॥ | The mortal is mistaken[94] on beholding[93] the colocynth[98] which appears[96] to be beautiful[97]. | ਕੌੜੇ ਕੱਦੂ[95] ਨੂੰ, ਜੋ ਵੇਖਣ ਨੂੰ ਸੁੰਦਰ[97] ਜਾਪਦਾ[96] ਹੈ, ਵੇਖ ਕੇ[93] ਪ੍ਰਾਣੀ ਭੁਲੇਖਾ ਖਾ ਜਾਂਦਾ[94] ਹੈ । |
| ਅਢੁ[98]ਨ ਲਹੰਦੜੋ[99]ਮੁਲੁ[100] ਨਾਨਕ ਸਾਥਿ[2] ਨ ਜੁਲਈ[3] ਮਾਇਆ[4] ॥੨॥ | However, it fetches[99] not even a shell[98] as its price[100]. O Nanak, the riches[4] go[3] not with[2] the mortal. | ਇਹ ਆਪਣੀ ਕੀਮਤ[100] ਵਜੋਂ ਇੱਕ ਕੌਡੀ[98] ਭੀ ਪ੍ਰਾਪਤ[99] ਨਹੀਂ ਕਰਦਾ, ਹੇ ਨਾਨਕ ! ਮਾਲ ਮਿਲਖ[4] ਪ੍ਰਾਨੀ ਦੇ ਨਾਲ ਨਹੀਂ ਜਾਂਦੇ[3] । |
| ਪਉੜੀ ॥ | Pauri. | ਪਉੜੀ । |
| ਚਲਦਿਆ[5] ਨਾਲਿ ਨ ਚਲੈ[6] ਸੋ[7] ਕਿਉ[8] ਸੰਜੀਐ[9] ॥ | Why[8] amass[9] that[7] which goes[6] not with thee, when thou departest[6] ? | ਉਸ[7] ਨੂੰ ਕਾਹਦੇ ਲਈ[8] ਇਕੱਤਰ[9] ਕਰਨਾ ਹੈ, ਜਿਹੜੀ ਟੁਰਨ ਵੇਲੇ[5] ਤੇਰੇ ਨਾਲ ਨਹੀਂ ਜਾਂਦੀ[6] । |
| ਤਿਸ ਕਾ ਕਹੁ[10] ਕਿਆ[14] ਜਤਨੁ[12]ਜਿਸ ਤੇ ਵੰਜੀਐ[13]॥ | Say[10], why[14] thou endeavourest[12] to acquire that which thou must leave[13] behind ? | ਦੱਸ[10], ਉਸ ਨੂੰ ਪ੍ਰਾਪਤ ਕਰਨ ਲਈ ਤੂੰ ਕਿਉਂ[14] ਉਪਰਾਲਾ ਕਰਦਾ[12] ਹੈਂ, ਜਿਸ ਨੂੰ ਤੂੰ ਹਰ ਹਾਲਤ ਹੀ ਪਿੱਛੇ ਛੱਡ ਜਾਣਾ[13] ਹੈ ? |
| ਹਰਿ ਬਿਸਰਿਐ[15] ਕਿਉ ਤ੍ਰਿਪਤਾਵੈ[16] ਨਾ ਮਨੁ ਰੰਜੀਐ[17] ॥ | How can thy mind be contented[16] by forgetting[15] God ? It cannot be pleased[17] either. | ਵਾਹਿਗੁਰੂ ਨੂੰ ਭੁਲਾ ਕੇ[15] ਤੇਰਾ ਚਿੱਤ ਕਿਸ ਤਰ੍ਹਾਂ ਸੰਤੁਸ਼ਟ ਹੋ ਸਕਦਾ[16] ਹੈ ? ਇਹ ਪ੍ਰਸੰਨ[17] ਨਹੀਂ ਹੋ ਸਕਦਾ । |
| ਪ੍ਰਭੂ ਛੋਡਿ[21] ਅਨ[18] ਲਾਗੈ[22] ਨਰਕਿ[19] ਸਮੰਜੀਐ[20] ॥ | He, who, forsaking[21] the Lord, attaches[22] to another[18], abides[20] in hell[19]. | ਜੋ ਸਾਹਿਬ ਨੂੰ ਤਿਆਗ ਕੇ[21] ਹੋਰਸ[18] ਨਾਲ ਜੁੜਦਾ[22] ਹੈ, ਉਹ (ਅੰਤ ਨੂੰ) ਦੋਜ਼ਕ[19] ਅੰਦਰ ਵਸਦਾ[20] ਹੈ । |
| ਹੋਹੁ ਕ੍ਰਿਪਾਲ[23] ਦਇਆਲ[24] ਨਾਨਕ ਭਉ[25] ਭੰਜੀਐ[26] ॥੧੦॥ | O Lord, be Thou kind[23] and compassionate[24], and dispel[26] Nanak's dread[25]. | ਹੇ ਪ੍ਰਭੂ ! ਤੂੰ ਮਿਹਰਬਾਨ[23] ਤੇ ਮਇਆਵਾਨ[24] ਹੋ, ਅਤੇ ਨਾਨਕ ਦਾ ਡਰ[25] ਦੂਰ ਕਰ[26] । |
| ਸਲੋਕ ॥ | Slok. | ਸਲੋਕ । |
| ਨਚ[27] ਰਾਜ[28] ਸੁਖ[29] ਮਿਸਟੰ[30] ਨਚ ਭੋਗ[31] ਰਸ[32] ਮਿਸਟੰ ਨਚ ਮਿਸਟੰ ਸੁਖ ਮਾਇਆ[33] ॥ | Sweet[30] are not[27] the pleasure[29] of empire[28], sweet are not the sensuous[31] enjoyments[32] and sweet are not the comforts of riches[33]. | ਮਿੱਠੀਆਂ[30] ਨਹੀਂ[27] ਹਨ ਰਾਜ ਭਾਗ[28]ਦੀਆਂ ਖੁਸ਼ੀਆਂ[29], ਮਿੱਠੀਆਂ ਨਹੀਂ ਹਨ ਕਾਮ ਚੇਸ਼ਟਾ[31] ਦੀਆਂ ਬਹਾਰਾਂ[32] ਅਤੇ ਮਿੱਠੇ ਨਹੀਂ ਹਨ ਧਨ-ਦੌਲਤ[33] ਦੇ ਆਰਾਮ । |
| ਮਿਸਟੰ ਸਾਧਸੰਗਿ[34] ਹਰਿ ਨਾਨਕ ਦਾਸ[35] ਮਿਸਟੰ ਪ੍ਰਭ ਦਰਸਨੰ[36] ॥੧॥ | Sweet is the association[34] of the God's saints, O slave[35] Nanak and sweet is the Lord's sight[36]. | ਮਿੱਠੜੀ ਹੈ ਵਾਹਿਗੁਰੂ ਦੇ ਸੰਤਾਂ ਦੀ ਸੰਗਤ[34], ਹੇ ਗੋਲੇ[35] ਨਾਨਕ ! ਅਤੇ ਮਿਠੜਾ ਹੈ ਸਾਹਿਬ ਦਾ ਦੀਦਾਰ[36] । |
| ਲਗੜਾ[37] ਸੋ[38] ਨੇਹੁ[39]ਮੰਨ[40] ਮਝਾਹੂ[41] ਰਤਿਆ[42] ॥ | I have enshrined[37] such[38] a love[39], wherein[41] my soul[40] is imbued[42]. | ਮੈਨੂੰ ਐਹੋ ਜੇਹਾ[38] ਪ੍ਰੇਮ[39] ਲੱਗ ਗਿਆ[37] ਹੈ, ਜਿਸ ਅੰਦਰ[41] ਮੇਰੀ ਜਿੰਦੜੀ[40] ਰੰਗੀ ਗਈ[42] ਹੈ । |

ਵਿਧੜੋ[43]ਸਚ ਥੋਕਿ[44]ਨਾਨਕ ਮਿਠੜਾ ਸੋ[45] ਧਣੀ[46] ॥੨॥

My mind is pierced[43] through with the Lord's true wealth[44] and the[45] Master[46] seems sweet to me, O Nanak.

ਮੇਰਾ ਮਨ ਸੁਆਮੀ ਦੇ ਸੱਚੇ ਪਦਾਰਥ[44] (ਨਾਮ) ਨਾਲ ਵਿੰਨ੍ਹਿਆ ਗਿਆ[43] ਹੈ ਅਤੇ ਉਹ[45] ਮਾਲਕ[46] ਮੈਨੂੰ ਮਿੱਠਾ ਲਗਦਾ ਹੈ, ਹੇ ਨਾਨਕ !

ਪਉੜੀ ॥

Pauri.

ਪਉੜੀ ।

ਹਰਿ ਬਿਨੁ ਕਛੂ ਨ ਲਾਗਈ ਭਗਤਨ[47] ਕਉ ਮੀਠਾ ॥

Without God, nothing appears sweet to His devoted slaves[47].

ਵਾਹਿਗੁਰੂ ਦੇ ਬਾਝੋਂ ਉਸ ਦੇ ਭਗਤਾਂ[47] ਨੂੰ ਕੁੱਛ ਭੀ ਮਿੱਠੜਾ ਨਹੀਂ ਲਗਦਾ ।

ਆਨ[48] ਸੁਆਦ[49] ਸਭਿ ਫੀਕਿਆ[50]ਕਰਿ ਨਿਰਨਉ[51] ਡੀਠਾ[52] ॥

All other[48] relishes[49] are insipid[50]; them, I have tested[51] and seen[52].

ਹੋਰ[48] ਸਾਰੇ ਰੱਸ[49] ਫਿੱਕੇ[50] ਹਨ, ਉਨ੍ਹਾਂ ਨੂੰ ਮੈਂ ਅਜ਼ਮਾ[51] ਕੇ ਵੇਖ ਲਿਆ[52] ਹੈ ।

ਅਗਿਆਨੁ[53]ਭਰਮੁ[54] ਦੁਖੁ[55] ਕਟਿਆ[56] ਗੁਰ ਭਏ ਬਸੀਠਾ[57] ॥

The pain[55] of ignorance[53] and doubt[54] is dispelled[56], when the Guru becomes man's intercessor[57].

ਜਦ ਗੁਰੂ ਜੀ ਬੰਦੇ ਦੇ ਵਿਚੋਲੇ[57] ਹੋ ਜਾਂਦੇ ਹਨ, ਤਦ ਬੇਸਮਝੀ[53] ਤੇ ਸੰਦੇਹ[54] ਦੀ ਪੀੜ[55] ਦੂਰ ਹੋ ਜਾਂਦੀ[56] ਹੈ ।

ਚਰਨ[58] ਕਮਲ[59] ਮਨੁ ਬੇਧਿਆ[60] ਜਿਉ[61] ਰੰਗੁ[62] ਮਜੀਠਾ[63] ॥

The Lord's lotus[59] feet[58] have pierced[60] through my mind and I am dyed red, like[61] madder's[64] hue[62].

ਸਾਹਿਬ ਦੇ ਚਰਨ[58] ਕੰਵਲਾਂ[59] ਨਾਲ ਮੇਰਾ ਰਿਦਾ ਵਿੰਨ੍ਹਿਆ[60] ਗਿਆ ਹੈ ਅਤੇ ਉਹ ਮਜੀਠ[63] ਦੀ ਰੰਗਤ[62] ਦੀ ਤਰ੍ਹਾਂ[61] ਲਾਲ ਰੰਗਿਆ ਗਿਆ ।

ਜੀਉ[64] ਪ੍ਰਾਣ[65]ਤਨੁ[66]ਮਨੁ[67] ਪ੍ਰਭੂ ਬਿਨਸੇ[78] ਸਭ ਝੂਠਾ[69]॥੧੧॥

My life[64], soul[65], body[66] and heart[67], now, belong to God and all falsehood[69] has left[68] me.

ਮੇਰੀ ਜ਼ਿੰਦਗੀ[64], ਆਤਮਾ[65], ਦੇਹ[66] ਤੇ ਦਿਲ[67]ਵਾਹਿਗੁਰੂ ਦੀ ਮਲਕੀਅਤ ਹਨ ਅਤੇ ਸਾਰਾ ਕੂੜ[69] ਮੈਨੂੰ ਛੱਡ[68] ਗਿਆ ਹੈ ।

ਸਲੋਕ ॥

Slok.

ਸਲੋਕ ।

ਤਿਅਕਤ[70] ਜਲੰ[71] ਨਹ ਜੀਵ[72] ਮੀਨੰ[73] ਨਹ ਤਿਆਗਿ ਚਾਤ੍ਰਿਕ[74] ਮੇਘ[75] ਮੰਡਲਹ[76] ॥

Forsaking[70] water[71], the fish[73] can live[72] not, nor the pied-cuckoo[74] on forsaking the spheres[76] of clouds[75].

ਪਾਣੀ[71] ਨੂੰ ਤਿਆਗ ਕੇ[70] ਮੱਛੀ[73] ਜੀਉਂਦੀ[72] ਨਹੀਂ ਰਹਿ ਸਕਦੀ, ਨਾ ਹੀ ਬੱਦਲਾਂ[75] ਦੇ ਵਲਗਣਾਂ[76] ਨੂੰ ਤਿਆਗ ਕੇ ਪਪੀਹਾ[74] ।

ਬਾਣ[77] ਬੇਧੰਚ[78] ਕੁਰੰਕ[79] ਨਾਦੰ[80] ਅਲਿ[80] ਬੰਧਨ[81] ਕੁਸਮ[82] ਬਾਸਨਹ[83] ॥

The deer[79] is pierced[78] by the arrow[77] of the bell's music[80] and the black-bee[80] is entangled[81] with the fragrance[83] of flowers[82].

ਹਰਨ[79], ਘੰਡੇ-ਹੇੜੇ ਦੇ ਰਾਗ[80]* ਦੇ ਤੀਰ[77] ਦੁਆਰਾ ਵਿੰਨ੍ਹਿਆ ਜਾਂਦਾ[78] ਹੈ ਅਤੇ ਭਉਰਾ[80] ਫੁੱਲਾਂ[82] ਦੀ ਮਹਿਕ[83] ਨਾਲ ਫੱਸ ਜਾਂਦਾ[81] ਹੈ ।

ਚਰਨ[84] ਕਮਲ[85] ਰਚੰਤਿ[86] ਸੰਤਹ ਨਾਨਕ ਆਨ[87] ਨ ਰੁਚਤੇ[88] ॥੧॥

The saints remain absorbed[86] in the Lord's lotus[85] feet[84] and desire[88] naught else[87], O Nanak.

ਸਾਧੂ, ਸਾਂਈਂ ਦੇ ਕੰਵਲ[85] ਚਰਨਾਂ[84] ਅੰਦਰ, ਲੀਨ[86] ਰਹਿੰਦੇ ਹਨ ਅਤੇ ਹੋਰ ਕਿਸੇ[87] ਸ਼ੈ ਦੀ ਚਾਹਨਾ[88] ਨਹੀਂ ਕਰਦੇ ।

ਮੁਖੁ[89] ਡੇਖਾਊ[90] ਪਲਕ[91] ਛਡਿ ਆਨ[92] ਨ ਡੇਊ[93] ਚਿਤੁ[94] ॥

O Lord, show[90] me Thy face[89] even for a trice[91], and I shall then give[93] not my mind[94] to another[92].

ਹੇ ਪ੍ਰਭੂ ! ਤੂੰ ਇੱਕ ਛਿਨ ਭਰ ਲਈ[91] ਭੀ ਮੈਨੂੰ ਆਪਣਾ ਮੁਖੜਾ[89] ਵਿਖਾਲ ਦੇ[90] ਅਤੇ ਫਿਰ ਮੈਂ ਆਪਣਾ ਮਨ[94] ਹੋਰ ਕਿਸੇ[92] ਨੂੰ ਨਹੀਂ ਦੇਵਾਂਗਾ[93] ।

ਜੀਵਣ[95] ਸੰਗਮੁ[96] ਤਿਸੁ[97]

Nanak, the real life[95] consists in

ਨਾਨਕ, ਅਸਲੀ ਜ਼ਿੰਦਗੀ[95] ਉਸ[97] ਸੁਆਮੀ[99] ਮਾਲਕ[98]

| | | |
|---|---|---|
| ਧਣੀ[98] ਹਰਿ[99] ਨਾਨਕ ਸੰਤਾਂ ਮਿਤੁ[100] ॥੨॥ | abiding with[96] the[97] Lord[99] Master[98], who is the friend[100] of the saints. | ਨਾਲ[96] ਵੱਸਣ ਵਿੱਚ ਹੈ ਜੋ ਸਾਧੂਆਂ ਦਾ ਮਿੱਤਰ[100] ਹੈ। |
| ਪਉੜੀ ॥ | Pauri | ਪਉੜੀ। |
| ਜਿਉ ਮਛੁਲੀ[3] ਬਿਨੁ ਪਾਣੀਐ ਕਿਉ[4] ਜੀਵਣੁ[5] ਪਾਵੈ ॥ | How[4] can a fish[3] maintain life[5] without water ? | ਜਲ ਦੇ ਬਗੈਰ ਮੱਛੀ[3] ਕਿਸ ਤਰ੍ਹਾਂ[4] ਜੀਉਂਦੀ[5] ਰਹਿ ਸਕਦੀ ਹੈ ? |
| ਬੂੰਦ[6] ਵਿਹੂਣਾ[7] ਚਾਤ੍ਰਿਕੋ[8] ਕਿਉ[9] ਕਰਿ ਤ੍ਰਿਪਤਾਵੈ[10] ॥ | How[9] can a sparrow hawk[8] be satisfied[10] without[7] rain drops[6] ? | ਮੀਂਹ ਦੀਆਂ ਕਣੀਆਂ[6] ਦੇ ਬਿਨਾ[7] ਪਪੀਹਾ[8] ਕਿਸ ਤਰ੍ਹਾਂ[9] ਸੰਤੁਸ਼ਟ[10] ਹੋ ਸਕਦਾ ਹੈ ? |
| ਨਾਦ[12]ਕੁਰੰਕਹਿ[13]ਬੇਧਿਆ[14] ਸਨਮੁਖ[15] ਉਠਿ ਧਾਵੈ[16] ॥ ਭਵਰੁ[17] ਲੋਭੀ[18] ਕੁਸਮ[19] ਬਾਸੁ[20] ਕਾ ਮਿਲਿ[21] ਆਪੁ[22] ਬੰਧਾਵੈ[23] ॥ ਤਿਉ[24] ਸੰਤ ਜਨਾ[25] ਹਰਿ ਪ੍ਰੀਤਿ[26] ਹੈ ਦੇਖਿ ਦਰਸੁ[27] ਅਘਾਵੈ[28] ॥੧੨॥ | As[12] the deer[13], fascinated[14] by music[12] runs[16] straight[15] towards the huntsman, as the bumble-bee[17] greedy[18] after the flower's[19] fragrance[20], finding[21] it, enmeshes[23] itself[22] into it, so[24] do the holy men[25] love[26] their God and are sated[28] by seeing His vision[27]. | ਜਿਸ ਤਰ੍ਹਾਂ[12] ਘੰਡੇ-ਹੇੜੇ ਦੇ ਰਾਗ[12]ਦਾ ਮੋਹਿਤ ਹੋਇਆ[14] ਹਰਣ[13] ਸਿੱਧੇ ਮੱਥੇ[15] ਸ਼ਿਕਾਰੀ ਵਲ ਨੂੰ ਭੱਜ ਤੁਰਦਾ[16] ਹੈ, ਜਿਸ ਤਰ੍ਹਾਂ ਫੁੱਲ[19] ਦੀ ਮਹਿਕ[20] ਦਾ ਲਾਲਚੀ[18] ਭਉਰਾ[17], ਇਸ ਨੂੰ ਪਾ ਕੇ[21], ਇਸ ਵਿੱਚ ਆਪਣੇ ਆਪ[22] ਫਸਾ ਲੈਂਦਾ[23] ਹੈ, ਏਸੇ ਤਰ੍ਹਾਂ[24] ਹੀ ਪਵਿੱਤਰ ਪੁਰਸ਼ਾਂ[25] ਦਾ ਆਪਣੇ ਹਰੀ ਨਾਲ ਪ੍ਰੇਮ[26] ਹੈ ਅਤੇ ਉਸ ਦਾ ਦਰਸ਼ਨ[27] ਵੇਖ ਕੇ ਉਹ ਰੱਜਦੇ[28] ਹਨ। |
| ਸਲੋਕ ॥ | Slok. | ਸਲੋਕ। |
| ਚਿਤਵੰਤਿ[29]ਚਰਨ[30]ਕਮਲੰ[31] ਸਾਸਿ ਸਾਸਿ[32]ਅਰਾਧਨਹ[33]॥ | The saints meditate[29] on the Lord's lotus[31] feet[30], and remember[33] Him in every breath[32]. | ਸਾਧੂ ਪ੍ਰਭੂ ਦੇ ਕੰਵਲ[31] ਚਰਨਾਂ[30] ਦਾ ਧਿਆਨ ਧਾਰਦੇ[29] ਹਨ ਅਤੇ ਹਰ ਸੁਆਸ[32] ਨਾਲ ਉਸ ਨੂੰ ਸਿਮਰਦੇ[33]ਹਨ। |
| ਨਹ ਬਿਸਰੰਤਿ[34] ਨਾਮ ਅਚੁਤ[35] ਨਾਨਕ ਆਸ[36] ਪੂਰਨ[37]ਪਰਮੇਸੁਰਹ[36] ॥੧॥ | They forget[34] not the Name of Imperishable Being[35]. O Nanak, the Transcendent Lord[36] fulfills[37] their hopes[36]. | ਉਹ ਅਬਿਨਾਸੀ ਪੁਰਖ[35] (ਪ੍ਰਭੂ) ਦੇ ਨਾਮ ਨੂੰ ਨਹੀਂ ਭੁਲਾਉਂਦੇ[34]। ਹੇ ਨਾਨਕ ! ਪਰਮ ਪ੍ਰਭੂ[36] ਉਨ੍ਹਾਂ ਦੀਆਂ ਆਸਾਂ ਉਮੈਦਾਂ[36*] ਪੂਰੀਆਂ ਕਰ ਦਿੰਦਾ[37] ਹੈ। |
| ਸੀਤੜਾ[38] ਮੰਨ[39] ਮੰਝਾਹਿ[40] ਪਲਕ[41] ਨ ਥੀਵੈ[42] ਬਾਹਰਾ ॥ | The Lord is stitched[38] into[40] my heart[39] and never goes out[42] of it even for a moment[41]. | ਸਾਹਿਬ ਮੇਰੇ ਦਿਲ[39] ਅੰਦਰ[40] ਪਰੋਤਾ ਹੋਇਆ ਹੈ ਅਤੇ ਕਦਾਚਿਤ ਇੱਕ ਛਿਨ ਭਰ ਲਈ[41] ਭੀ ਇਸ ਤੋਂ ਬਾਹਰ ਨਹੀਂ ਹੁੰਦਾ[42]। |
| ਨਾਨਕ ਆਸੜੀ[43]ਨਿਬਾਹਿ[44] ਸਦਾ[45]ਪੇਖੰਦੋ[46] ਸਚੁ ਧਣੀ[47] ॥੨॥ | Nanak, the True Master[47] fulfills[44] my hopes[43] and ever[46] watches over[46] them. | ਨਾਨਕ, ਸੱਚਾ ਮਾਲਕ[47] ਮੇਰੀਆਂ ਆਸਾਂ[43] ਪੂਰਨ ਕਰਦਾ[44] ਹੈ ਅਤੇ ਹਮੇਸ਼ਾਂ[45] ਉਨ੍ਹਾਂ ਨੂੰ ਵੇਖਦਾ ਸੰਭਾਲਦਾ[46] ਹੈ। |
| ਪਉੜੀ ॥ | Pauri. | ਪਉੜੀ। |
| ਆਸਾਵੰਤੀ ਆਸ[50] [48]ਗੁਸਾਈ[49] ਪੂਰੀਐ[51] ॥ | My hopes rest in Thee, O, Lord[49] of the universe[48]; Pray fulfill[51] Thou, mine hopes[50]. | ਮੇਰੀਆਂ ਸੱਧਰਾਂ ਤੇਰੇ ਵਿੱਚ ਹਨ, ਹੇ ਸ੍ਰਿਸ਼ਟੀ[48] ਦੇ ਸੁਆਮੀ[49] ! ਤੂੰ ਇਨ੍ਹਾਂ ਸੱਧਰਾਂ ਨੂੰ[50] ਪੂਰੀਆਂ[51] ਕਰ। |
| ਮਿਲਿ ਗੋਪਾਲ[52] ਗੋਬਿੰਦ[53] | Meeting with the Lord[52] Master[53], I | ਸੁਆਮੀ[52] ਮਾਲਕ[53] ਨਾਲ ਮਿਲ ਕੇ, ਮੈਂ ਕਦੇ ਭੀ[54] |

| | | |
|---|---|---|
| ਨ ਕਬਹੂ[54] ਝੂਰੀਐ[55] ॥ | shall tantalise[55] not ever[54]. | ਪਸਚਾਤਾਪ[55] ਨਹੀਂ ਕਰਾਂਗਾ । |
| ਦੇਹੁ[56] ਦਰਸੁ[57] ਮਨਿ[58] ਚਾਉ[59] ਲਹਿ ਜਾਹਿ[60] ਵਿਸੂਰੀਐ[61] ॥ | My mind[58] desires[59] Thee. Pray let me have[56] Thine vision[57] that my anxiety[61] may depart[60]. | ਮੇਰਾ ਚਿੱਤ[58] ਤੈਨੂੰ ਚਾਹੁੰਦਾ[59] ਹੈ । ਮੈਨੂੰ ਆਪਣਾ ਦੀਦਾਰ[57] ਬਖ਼ਸ਼[56] ਤਾਂ ਜੋ ਮੇਰੀ ਚਿੰਤਾ[61] ਦੂਰ ਹੋ ਜਾਵੇ[60]। |
| ਹੋਇ ਪਵਿਤ੍ਰ[62] ਸਰੀਰੁ[63] ਚਰਨਾ[64] ਧੂਰੀਐ[65] ॥ | My body[63] is purified[62] with the dust[65] of Thine feet[64] | ਤੇਰੇ ਚਰਨਾਂ[64] ਦੀ ਧੂੜ[65] ਨਾਲ ਮੇਰੀ ਦੇਹ[63] ਪਾਵਨ[62] ਹੋ ਜਾਂਦੀ ਹੈ । |
| ਪਾਰਬ੍ਰਹਮ[66] ਗੁਰਦੇਵ[67] ਸਦਾ[68] ਹਜੂਰੀਐ[69] ॥੧੩॥ | O supreme Lord[66], the Divine Guru[67], Thou art ever[68] present[69] with me. | ਹੇ ਸ਼੍ਰੋਮਣੀ ਸਾਹਿਬ[66] ! ਗੁਰੂ-ਪਰਮੇਸ਼ਰ[67], ਤੂੰ ਸਦੀਵ ਹੀ[68] ਮੇਰੇ ਅੰਗ ਸੰਗ[69] ਹੈਂ । |
| ੭੦੯ | | |
| ਸਲੋਕ ॥ | Slok. | ਸਲੋਕ । |
| ਰਸਨਾ[70] ਉਚਰੰਤਿ[71] ਨਾਮੰ ਸ੍ਰਵਣੰ[72] ਸੁਨੰਤਿ ਸਬਦ[73] ਅੰਮ੍ਰਿਤਹ[74] ॥ | With my tongue[70], I utter[71] the Lord's Name and with mine ears[72], I hear the Nectar[74]-Name[73]. | ਆਪਣੀ ਜੀਭ[70] ਨਾਲ ਮੈਂ ਸਾਂਈਂ ਦੇ ਨਾਮ ਦਾ ਉਚਾਰਨ[71] ਕਰਦਾ ਹਾਂ ਅਤੇ ਆਪਣੇ ਕੰਨਾਂ[72] ਨਾਲ ਮੈਂ ਅੰਮ੍ਰਿਤ[74]-ਨਾਮ[73] ਨੂੰ ਸੁਣਦਾ ਹਾਂ । |
| ਨਾਨਕ ਤਿਨ[75] ਸਦ[76] ਬਲਿਹਾਰੰ[77] ਜਿਨਾ ਧਿਆਨੁ[78] ਪਾਰਬ੍ਰਹਮਣਹ[79] ॥੧॥ | Nanak is ever[76] a sacrifice[77] unto those[75], who meditate[78] on their supreme Lord[79]. | ਨਾਨਕ, ਹਮੇਸ਼ਾ[76] ਉਨ੍ਹਾਂ ਉੱਤੋਂ[75] ਕੁਰਬਾਨ[17] ਵੰਞਦਾ ਹੈ ਜੋ ਆਪਣੇ ਸ਼੍ਰੋਮਣੀ ਸਾਹਿਬ[79] ਦਾ ਸਿਮਰਨ[78] ਕਰਦੇ ਹਨ । |
| ਹਭਿ[80] ਕੂੜਾਵੇ[81] ਕੰਮ[82] ਇਕਸੁ[83] ਸਾਈ[84] ਬਾਹਰੇ[85] ॥ | All[80] the affairs[82] are false[81], save[85] the one[83] Lord[84] alone. | ਕੇਵਲ ਇੱਕ[83] ਸੁਆਮੀ[84] ਦੇ ਬਗੈਰ[85] ਸਮੂਹ[80] ਕਾਰ-ਵਿਹਾਰ[82] ਝੂਠੇ[81] ਹਨ । |
| ਨਾਨਕ ਸੇਈ[86] ਧੰਨੁ[87] ਜਿਨਾ ਪਿਰਹੜੀ[88] ਸਚ[89] ਸਿਉ[90] ॥੨॥ | Nanak, blessed[87] are they[86], who bear love[88] to[90] their True Lord[89]. | ਨਾਨਕ, ਸੁਲੱਖਣੇ[87] ਹਨ ਉਹ[86] ਜੋ ਆਪਣੇ ਸੱਚੇ ਸਾਹਿਬ[89] ਨਾਲ[90] ਪ੍ਰੇਮ[88] ਕਰਦੇ ਹਨ । |
| ਪਉੜੀ ॥ | Pauri. | ਪਉੜੀ । |
| ਸਦ[91] ਬਲਿਹਾਰੀ[92] ਤਿਨਾ ਜਿ ਸੁਨਤੇ ਹਰਿ ਕਥਾ[93] ॥ | I am ever[91] devoted[92] unto those, who hear the Lord's discourse[93]. | ਮੈਂ ਉਨ੍ਹਾਂ ਉੱਤੋਂ ਸਦੀਵ[91] ਹੀ ਸਦਕੇ[92] ਵੰਞਦਾ ਹਾਂ, ਜੋ ਪ੍ਰਭੂ ਦੀ ਕਥਾ ਵਾਰਤਾ[93] ਸੁਣਦੇ ਹਨ । |
| ਪੂਰੇ[94] ਤੇ ਪਰਧਾਨ[96] ਨਿਵਾਵਹਿ[97] ਪ੍ਰਭ ਮਥਾ[98] ॥ | Perfect[94] and eminent[96] are they, who bow[97] their forehead[98] to the Lord. | ਮੁਕੰਮਲ[94] ਅਤੇ ਮੁੱਖੀਏ[96] ਹਨ ਉਹ ਜੋ ਸੁਆਮੀ ਮੂਹਰੇ ਆਪਣਾ ਮਸਤਕ[98] ਨਿਵਾਉਂਦੇ[97] ਹਨ । |
| ਹਰਿ ਜਸੁ[99] ਲਿਖਹਿ ਬੇਅੰਤ[100] ਸੋਹਹਿ[2] ਸੇ[3] ਹਥਾ[4] ॥ | Beauteous[2] are the hands[4] which write the infinte[100] praises[99] of the Lord. | ਸੁੰਦਰ[2] ਹਨ ਉਹ[3] ਹੱਥ, ਜੋ ਸਾਂਈਂ ਦੀਆਂ ਅਨੰਤ[100] ਸਿਫ਼ਤਾਂ[99] ਲਿਖਦੇ ਹਨ । |
| ਚਰਨ[5] ਪੁਨੀਤ[6] ਪਵਿਤ੍ਰ[7] ਚਾਲਹਿ[8] ਪ੍ਰਭ ਪਥਾ[9] ॥ | Pure[6] and holy[7], are the feet[5], which walk[8] on the Lord's path[9]. | ਪਾਵਨ[6] ਅਤੇ ਪਾਕ[7] ਹਨ ਉਹ ਪੈਰ[5], ਜਿਹੜੇ ਪ੍ਰਭੂ ਦੇ ਮਾਰਗ[9] ਉੱਤੇ ਤੁਰਦੇ[8] ਹਨ । |
| ਸੰਤਾਂ ਸੰਗਿ[10] ਉਧਾਰੁ[12] ਸਗਲਾ[13] ਦੁਖੁ[14] ਲਥਾ[15] ॥੧੪॥ | They are emancipated[12] in the company of[10] saints and all[13] their sorrows[14] depart[15]. | ਸਾਧੂਆਂ ਦੇ ਨਾਲ[10] ਉਨ੍ਹਾਂ ਦਾ ਪਾਰ ਉਤਾਰਾ[12] ਹੋ ਜਾਂਦਾ ਹੈ ਅਤੇ ਅਤੇ ਉਨ੍ਹਾਂ ਦੇ ਸਾਰੇ[13] ਦੁਖੜੇ[14] ਦੂਰ ਹੋ ਜਾਂਦੇ ਹਨ[15] । |

| | | |
|---|---|---|
| ਸਲੋਕੁ ॥ | Slok. | ਸਲੋਕ । |
| ਭਾਵੀ[16] ਉਦੋਤ[17] ਕਰਣੰ ਹਰਿ ਰਮਣੰ[18] ਸੰਜੋਗ[19] ਪੂਰਨਹ[20] ॥ | Through perfect[20] good fortune[19], man's destiny[16] is awakened[17] and he utters[18] the Lord's Name. | ਪੂਰਨ[20] ਚੰਗੇ ਨਸੀਬਾਂ[19] ਰਾਹੀਂ ਆਦਮੀ ਦੀ ਪ੍ਰਾਲਬਧ[16] ਜਾਗ ਪੈਂਦੀ[17] ਹੈ ਅਤੇ ਉਹ ਸਾਂਈਂ ਦੇ ਨਾਮ ਦਾ ਉਚਾਰਨ ਕਰਦਾ[18] ਹੈ । |
| [21]ਗੋਪਾਲ[22] ਦਰਸ[23] ਭੇਟੰ[24] ਸਫਲ[25] ਨਾਨਕ ਸੋ[26] ਮਹੂਰਤਹ[27] ॥੧॥ | Fruitful[25] is that[26] moment[27], O Nanak, when man obtains[24] the vision[23] of the World[21]-Cherisher[22]. | ਫਲਦਾਇਕ[25] ਹੈ ਉਹ[26] ਮੁਹਤ[27], ਹੇ ਨਾਨਕ ! ਜਦ ਇਨਸਾਨ ਨੂੰ ਪ੍ਰਿਥਵੀ[21] ਦੇ ਪਾਲਣਹਾਰ[22] ਦਾ ਦੀਦਾਰ[23] ਪ੍ਰਾਪਤ ਹੁੰਦਾ[24] ਹੈ । |
| ਕੀਮ[28] ਨ ਸਕਾ ਪਾਇ ਸੁਖ[31] ਮਿਤੀ[29] ਹੂ ਬਾਹਰੇ[30]॥ | The value[28] of that moment can be appraised not and its bliss[31] is beyond[30] measure[29]. | ਉਸ ਮੁਹਤ ਦਾ ਮੁਲ[28] ਪਾਇਆ ਨਹੀਂ ਜਾ ਸਕਦਾ । ਇਸ ਦੀ ਖ਼ੁਸ਼ੀ[31] ਅੰਦਾਜ਼ੇ[29] ਤੋਂ ਪਰੇਡੇ[30] ਹੈ । |
| ਨਾਨਕ ਸਾ ਵੇਲੜੀ[32] ਪਰਵਾਣੁ[33] ਜਿਤੁ ਮਿਲੰਦੜੇ ਮਾ[34] ਪਿਰੀ[35] ॥੨॥ | Nanak that time[32] alone is approved[33], when my[34] Beloved[35] meets me. | ਨਾਨਕ, ਕੇਵਲ ਓਹੀ ਸਮਾ[32] ਕਬੂਲ[33] ਪੈਂਦਾ ਹੈ, ਜਦ ਮੇਰੇ[34] ਪ੍ਰੀਤਮ[35] ਦਾ ਮਿਲਾਪ ਮੈਨੂੰ ਪ੍ਰਾਪਤ ਹੁੰਦਾ ਹੈ । |
| ਪਉੜੀ ॥ | Pauri. | ਪਉੜੀ । |
| ਸਾ ਵੇਲਾ[39] ਕਹੁ[36] ਕਉਣੁ[37] ਹੈ ਜਿਤੁ[38] ਪ੍ਰਭ ਕਉ ਪਾਈ ॥ | Tell[36] me what[37] time[39] is that when[38] I shall attain to my Lord ? | ਮੈਨੂੰ ਦਸ[36] ਉਹ ਕਿਹੜਾ[37] ਸਮਾ[39]ਹੈ, ਜਦ[38] ਮੈਂ ਆਪਣੇ ਸੁਆਮੀ ਨੂੰ ਪ੍ਰਾਪਤ ਹੋਵਾਂਗਾ ? |
| ਸੋ ਮੂਰਤੁ[40] ਭਲਾ[41] ਸੰਜੋਗੁ[42] ਹੈ ਜਿਤੁ ਮਿਲੈ [43]ਗੁਸਾਈ[44] ॥ | Auspicious[41] is that moment[40] and destiny[42], when I shall attain to the World[43]-Lord[44]. | ਮੁਬਾਰਕ[41] ਹੈ ਉਹ ਪਲ[40] ਅਤੇ ਪ੍ਰਾਲਭਧ[41], ਜਦ ਮੈਂ ਸ੍ਰਿਸ਼ਟੀ[43] ਦੇ ਸੁਆਮੀ[44] ਨੂੰ ਮਿਲਾਂਗਾ । |
| ਆਠ ਪਹਰ ਹਰਿ ਧਿਆਇ ਕੈ[45] ਮਨ ਇਛ[46] ਪੁਜਾਈ[47] ॥ | Meditaning[45] on God for the eight watches of the day, my mind's desires[46] are realised[47]. | ਦਿਨ ਦੇ ਅੱਠੇ ਪਹਿਰ ਵਾਹਿਗੁਰੂ ਦਾ ਸਿਮਰਨ ਕਰਨ[45] ਦੁਆਰਾ ਮੇਰੇ ਚਿੱਤ ਦੀਆਂ ਖ਼ਾਹਿਸ਼ਾਂ[46] ਪੂਰੀਆਂ ਹੋ ਗਈਆਂ[47] ਹਨ । |
| ਵਡੈ[48] ਭਾਗਿ[49] ਸਤ[50]ਸੰਗੁ[51] ਹੋਇ ਨਿਵਿ[52] ਲਾਗਾ ਪਾਈ[53] ॥ | It is by great[48] good fortune[49] that the company[51] of saints[50] is obtained; I bow[52] and touch their feet[53]. | ਉੱਤਮ[48], ਸ੍ਰੇਸ਼ਟ ਨਸੀਬਾਂ[49] ਦੁਆਰਾ ਹੀ ਸਾਧੂਆਂ[50] ਦੀ ਸੰਗਤ[51] ਮਿਲਦੀ ਹੈ । ਮੈਂ ਨੀਵਾਂ[52] ਹੋ ਕੇ ਉਨ੍ਹਾਂ ਦੇ ਪੈਰੀਂ[53] ਪੈਂਦਾ ਹਾਂ । |
| ਮਨਿ ਦਰਸਨ[53] ਕੀ ਪਿਆਸ[55] ਹੈ ਨਾਨਕ ਬਲਿ[56] ਜਾਈ ॥੧੫॥ | My mind thirsts[55] for the Lord's sight[54]. Unto Him, Nanak is a sacrifice[56]. | ਮੇਰਾ ਚਿੱਤ ਪ੍ਰਭੂ ਦੇ ਦੀਦਾਰ[54] ਲਈ ਤਿਹਾਇਆ[59] ਹੈ । ਨਾਨਕ ਉਸ ਉੱਤੋਂ ਕੁਰਬਾਨ[56] ਹੈ । |
| ਸਲੋਕ ॥ | Slok. | ਸਲੋਕ । |
| ਪਤਿਤ[57] ਪੁਨੀਤ[58] [59]ਗੋਬਿੰਦਹ[60] ਸਰਬ[61] ਦੋਖ[62] ਨਿਵਾਰਣਹ[63] ॥ | The Lords[60] of universe[59] is the Purifier[58] of sinners[57] and the Dispeller[63] of all[61] the distresses[62]. | ਕੁਲ ਆਲਮ[59] ਦਾ ਸੁਆਮੀ[60] ਪਾਪੀਆਂ[57] ਨੂੰ ਪਵਿੱਤਰ ਕਰਨ ਵਾਲਾ[58] ਅਤੇ ਸਾਰੇ[61] ਦੁਖਾਂ[62]ਨੂੰ ਦੂਰ ਕਰਨਹਾਰ[63] ਹੈ । |
| ਸਰਣਿ ਸੂਰ[64] ਭਗਵਾਨਹ[65] | The Lord[65] is worthy of giving | ਸਾਹਿਬ[65] ਪਨਾਹ[64]ਦੇਣ ਦੇ ਸਮਰਥ ਹੈ । ਨਾਨਕ ਸੁਆਮੀ |

| | | |
|---|---|---|
| ਜਪੰਤਿ[66] ਨਾਨਕ ਹਰਿ ਹਰਿ ਹਰੇ[67] ॥੧॥ | refuge[64] and Nanak repeats[66] the Lord Master's[67] Name. | ਮਾਲਕ ਦੇ[67] ਨਾਮ ਦਾ ਉਚਾਰਨ ਕਰਦਾ[66] ਹੈ। |
| ਛਡਿਓ[68] ਹਭੁ[69] ਆਪੁ[70] ਲਗੜੋ[71] ਚਰਣਾ[72] ਪਾਸਿ[73]॥ | Abandoning[68] self-conceit[70] altogether[69], I now cling[71] to[73] the Master's feet[72]. | ਸ੍ਵੈ-ਹੰਗਤਾ[70]ਨੂੰ ਸਮੁੱਚੇ[69] ਤੌਰ ਤੇ ਤਿਆਗ[68], ਮੈਂ ਮਾਲਕ ਦੇ ਪੈਰੀਂ[72] ਪੈ[73] ਗਿਆ[71] ਹਾਂ। |
| ਨਠੜੋ[74] ਦੂਖ[75] ਤਾਪੁ[76] ਨਾਨਕ ਪ੍ਰਭੁ ਪੇਖੰਦਿਆ[77] ॥ ੨ ॥ | On beholding[77] my Lord, my troubles[75] and sufferings[76] have departed[74], O Nanak. | ਆਪਣੇ ਸਾਹਿਬ ਨੂੰ ਵੇਖ ਕੇ[77], ਮੇਰੀਆਂ ਤਕਲੀਫਾਂ[75] ਤੇ ਦੁਖੜੇ[76] ਦੂਰ ਹੋ ਗਏ ਹਨ[74], ਹੇ ਨਾਨਕ! |
| ਪਉੜੀ ॥ | Pauri. | ਪਉੜੀ। |
| ਮੇਲਿ[78] ਲੈਹੁ ਦਇਆਲ[79] ਢਹਿ[80] ਪਏ ਦੁਆਰਿਆ[81] ॥ | Unite[78] me with Thee, O my Merciful Master[79]. I have fallen[80] at Thine door[81]. | ਮੈਨੂੰ ਆਪਣੇ ਨਾਲ ਮਿਲਾ ਲੈ[78], ਹੇ ਮੇਰੇ ਮਿਹਰਬਾਨ ਮਾਲਕ[79]! ਮੈਂ ਤੇਰੇ ਬੂਹੇ[81] ਤੇ ਆ ਡਿੱਗਾ[80] ਹਾਂ। |
| ਰਖਿ[82] ਲੇਵਹੁ ਦੀਨ[83] ਦਇਆਲ ਭ੍ਰਮਤ[84] ਬਹੁ[85] ਹਾਰਿਆ[86] ॥ | Safegnard me, O Merciful to the meek[83]; wandering[84] about, I have become very[85] weary[86]. | ਹੇ ਮਸਕੀਨਾਂ[83] ਮੇਹਰਵਾਨ, ਮੇਰੀ ਰੱਖਿਆ ਕਰ[82]। ਭਟਕਦਾ ਫਿਰਦਾ[84] ਮੈਂ ਬਹੁਤ[85] ਹਾਰ ਹੁੱਟ[86]ਗਿਆ ਹਾਂ। |
| ਭਗਤਿ ਵਛਲੁ[87] ਤੇਰਾ ਬਿਰਦੁ[88] ਹਰਿ ਪਤਿਤ[89] ਉਧਾਰਿਆ[90] ॥ | It is Thy innate-nature[88] to love Thine saints[87] and save[90] the sinners[89], O Lord. | ਸਾਧੂਆਂ ਨੂੰ[87] ਪਿਆਰ ਕਰਨਾ ਅਤੇ ਪਾਪੀਆਂ[89] ਨੂੰ ਤਾਰਣਾ[90] ਤੇਰਾ ਸੁਭਾਵਕ ਧਰਮ[88] ਹੈ, ਹੇ ਪ੍ਰਭੂ! |
| ਤੁਝ ਬਿਨੁ ਨਾਹੀ ਕੋਇ[91] ਬਿਨਉ[92] ਮੋਹਿ[93] ਸਾਰਿਆ[94]॥ | Without Thee, there is not another[91]. To Thee I[93] make[94] this supplication[92], O God. | ਤੇਰੇ ਬਾਝੋਂ ਹੋਰ[91] ਕੋਈ ਨਹੀਂ। ਤੇਰੇ ਅੱਗੇ ਮੈਂ[93] ਇਹ ਬੇਨਤੀ[92] ਕਰਦਾ[94] ਹਾਂ, ਹੇ ਵਾਹਿਗੁਰੂ! |
| ਕਰੁ[95] ਗਹਿ[96] ਲੇਹੁ ਦਇਆਲ[97] ਸਾਗਰ[98] ਸੰਸਾਰਿਆ[99] ॥੧੬॥ | Take[96] me by the hand[95], O Beneficent[97] Lord and ferry me across the world[99] ocean[98]. | ਮੈਨੂੰ ਹੱਥੋਂ[95] ਪਕੜ[96] ਲੈ, ਹੇ ਮਿਹਰਬਾਨ[97] ਮਾਲਕ ਅਤੇ ਮੈਨੂੰ ਜਗਤ[99] ਸਮੁੰਦਰ[98] ਤੋਂ ਪਾਰ ਕਰ ਦੇ। |
| ਸਲੋਕ ॥ | Slok. | ਸਲੋਕ। |
| ਸੰਤ ਉਧਰਣ[100] ਦਇਆਲੰ[2] ਆਸਰੰ[3] ਗੋਪਾਲ[4] ਕੀਰਤਨਹ[5] ॥ | The kind Lord[2] is the Saviour[100] of saints; singing praise of the Lord[4] is my only support[4]. | ਮਾਇਆਵਾਨ ਮਾਲਕ[2] ਸਾਧੂਆਂ ਨੂੰ ਤਾਰਣ ਵਾਲਾ[100]ਹੈ। ਸੁਆਮੀ[4] ਦੇ ਜੱਸ ਗਾਇਨ ਕਰਨਾ[5] ਹੀ ਮੇਰਾ ਆਸਰਾ[3] ਹੈ। |
| ਨਿਰਮਲੰ[6] ਸੰਤ ਸੰਗੇਣ[7] ਓਟ[8] ਨਾਨਕ ਪਰਮੇਸੁਰਹ[9] ॥੧॥ | Associating[7] with the saints and by seeking the supreme Lord's[9] protection[8], O Nanak, the mortal becomes immaculate[6]. | ਸਾਧੂਆਂ ਦੀ ਸੰਗਤ ਕਰਨ[7] ਅਤੇ ਸ਼੍ਰੋਮਣੀ ਸਾਹਿਬ[9] ਦੀ ਪਨਾਹ[8] ਲੈਣ ਦੁਆਰਾ ਪ੍ਰਾਣੀ ਪਵਿੱਤਰ[6] ਹੋ ਜਾਂਦਾ ਹੈ, ਹੇ ਨਾਨਕ! |
| ਚੰਦਨ[15] ਚੰਦੁ[12] ਨ ਸਰਦ[13] ਰੁਤਿ ਮੂਲਿ[14] ਨ ਮਿਟਈ[15] ਘਾਂਮ[16] ॥ | The heart's burning[16] is not at all[14] removed[15] by the sandal-paste[10], the moon[12] or the cold season[13]. | ਦਿਲ ਦੀ ਜਲਣ[16], ਚੰਨਣ[10] ਦੇ ਲੇਪ, ਚੰਨ[12] ਅਤੇ ਠੰਢੀ ਰੁਤ[13] ਨਾਲ ਕਦਾਚਿਤ[14] ਨਵਿਰਤ[15]ਨਹੀਂ ਹੁੰਦੀ। |

| | | |
|---|---|---|
| ਸੀਤਲੁ[17] ਥੀਵੈ[18] ਨਾਨਕਾ ਜਪੰਦੜੋ[19] ਹਰਿ ਨਾਮੁ ॥੨॥ | It is rendered[18] cool[17], O Nanak, by repeating[19] the Lord's Name. | ਪ੍ਰਭੂ ਦੇ ਨਾਮ ਦਾ ਜਾਪ ਕਰਨ[19] ਦੁਆਰਾ ਹੀ, ਹੇ ਨਾਨਕ ! ਇਹ (ਜਲਣ) ਸ਼ਾਂਤ[17] ਹੋ ਜਾਂਦੀ[18] ਹੈ । |
| ਪਉੜੀ ॥ | Pauri. | ਪਉੜੀ । |
| ਚਰਨ[20] ਕਮਲ[21] ਕੀ ਓਟ[22] ਉਧਰੇ[23] ਸਗਲ ਜਨ[24] ॥ | Seeking the refuge[22] of the Lord's lotus[21] feet[20], all men[24] are emancipated[23]. | ਸੁਆਮੀ ਦੇ ਕੰਵਲ[21] ਚਰਨਾਂ[20] ਦੀ ਪਨਾਹ[22] ਲੈਣ ਦੁਆਰਾ, ਸਾਰੇ ਇਨਸਾਨ[24] ਪਾਰ ਉੱਤਰ ਜਾਂਦੇ[23] ਹਨ । |
| ਸੁਣਿ ਪਰਤਾਪੁ[25] [26]ਗੋਵਿੰਦ[27] ਨਿਰਭਉ[28] ਭਏ ਮਨ[29] ॥ | Hearing of the World[26]-Lord's[27] glory[25], the mind[29] becomes fearless[28]. | ਸ੍ਰਿਸ਼ਟੀ[26] ਦੇ ਸੁਆਮੀ[27] ਦੀ ਵਡਿਆਈ[25] ਸ੍ਰਵਣ ਕਰਨ ਨਾਲ ਆਤਮਾ[29] ਨਿੱਡਰ[28] ਹੋ ਜਾਂਦੀ ਹੈ । |
| ਤੋਟਿ[30] ਨ ਆਵੈ ਮੂਲਿ[31] ਸੰਚਿਆ[32] ਨਾਮੁ ਧਨ[33] ॥ | Nothing at all[31] is left wanting[30], when the wealth[33] of the God's Name is amassed[32]. | ਕਿਸੇ ਵੀ ਚੀਜ਼ ਦੀ ਕਦਾਚਿਤ[31] ਘਾਟ[30] ਨਹੀਂ ਰਹਿ ਜਾਂਦੀ, ਜਦ ਵਾਹਿਗੁਰੂ ਦੇ ਨਾਮ ਦੀ ਦੌਲਤ[33] ਇਕੱਤਰ[32] ਕਰ ਲਈ ਜਾਵੇ । |
| ਸੰਤ ਜਨਾ[34] ਸਿਉ ਸੰਗੁ[35] ਪਾਈਐ ਵਡੈ[36] ਪੁਨ[37] ॥ | The society[35] of the pious persons[34] is obtained by highly[36] meritorious deeds[37]. | ਪਵਿੱਤ੍ਰ ਪੁਰਸ਼ਾਂ[34] ਦੀ ਸੰਗਤ[35] ਪਰਮ[36] ਚੰਗੇ ਕਰਮਾਂ[37] ਦੁਆਰਾ ਪ੍ਰਾਪਤ ਹੁੰਦੀ ਹੈ । |
| ਆਠ ਪਹਰ ਹਰਿ ਧਿਆਇ[38] ਹਰਿ ਜਸੁ[39] ਨਿਤ[40] ਸੁਨ ॥ ੧੭॥ | Throughout the eight watches of the day, meditate[38] thou, on God and ever[40] hear God's praise[39]. | ਦਿਨ ਦੇ ਅੱਠੇ ਪਹਿਰ ਤੂੰ ਵਾਹਿਗੁਰੂ ਦਾ ਸਿਮਰਨ ਕਰ[38] ਅਤੇ ਸਦਾ[40] ਹੀ ਵਾਹਿਗੁਰੂ ਦੀ ਮਹਿਮਾ[39] ਸ੍ਰਵਣ ਕਰ । |
| ਸਲੋਕ ॥ | Slok. | ਸਲੋਕ । |
| ਦਇਆ[41] ਕਰਣੰ[42] ਦੁਖ[43] ਹਰਣੰ[44] ਉਚਰਣੰ[45] ਨਾਮ ਕੀਰਤਨਹ[46] ॥ | He, who sings[45] the praise[46] of the Name, unto him, the Lord shows[42] mercy[41] and dispels[44] his distress[43]. | ਜੋ ਸਾਂਈਂ ਦੇ ਨਾਮ ਦਾ ਜੱਸ[46] ਉਚਾਰਣ ਕਰਦਾ[45] ਹੈ; ਉਸ ਉੱਤੇ ਸਾਂਈਂ ਮਿਹਰ[41] ਧਾਰਦਾ[42] ਹੈ ਤੇ ਉਸ ਦਾ ਗ਼ਮ[43] ਦੂਰ ਕਰ ਦਿੰਦਾ[44] ਹੈ । |
| ਦਇਆਲ[47] ਪੁਰਖ[48] ਭਗਵਾਨਹ[49] ਨਾਨਕ ਲਿਪਤ[50] ਨ ਮਾਇਆ[51] ॥ ੧ ॥ | When the fortunate Lord[49] Master[48] becomes compassionate[47], O Nanak, the man is no longer engrossed[50] in wordly attachments[5] . | ਜਦ ਭਾਗਾਂ ਵਾਲਾ ਸਾਂਈਂ[49] ਮਾਲਕ[48] ਮਿਹਰਬਾਨ[47] ਹੋ ਜਾਂਦਾ ਹੈ, ਹੇ ਨਾਨਕ ! ਤਾਂ ਇਨਸਾਨ ਧਨ ਦੌਲਤ[51] ਅੰਦਰ ਖੱਚਤ[50] ਨਹੀਂ ਹੁੰਦਾ । |
| ਭਾਹਿ[52] ਬਲੰਦੜੀ[53] ਬੁਝਿ[54] ਗਈ ਰਖੰਦੜੋ[55] ਪ੍ਰਭੁ ਆਪਿ[56] ॥ | The burning[53] fire[52] has been quenched[54] and the Lord Himself[56] has saved[55] me. | ਮਚਦੀ ਹੋਈ[53] ਅੱਗ[52] ਸ਼ਾਂਤ[54] ਹੋ ਗਈ ਹੈ । ਸੁਆਮੀ ਨੇ ਖ਼ੁਦ[56] ਮੈਨੂੰ ਬਚਾ ਲਿਆ[55] ਹੈ । |
| ਜਿਨਿ ਉਪਾਈ[57] ਮੇਦਨੀ[58] ਨਾਨਕ ਸੋ[59] ਪ੍ਰਭੁ ਜਾਪਿ[60] ॥ ੨ ॥ | O Nanak, contemplate[60] thou on that[59] Lord, who has created[57] the world[58]. | ਹੇ ਨਾਨਕ ! ਤੂੰ ਉਸ[59] ਸਾਹਿਬ ਦਾ ਸਿਮਰਨ[60] ਕਰ ਜਿਸ[6] ਨੇ ਸ੍ਰਿਸ਼ਟੀ[58] ਸਾਜੀ[57] ਹੈ । |
| ੭੧੦ | | |
| ਪਉੜੀ ॥ | Pauri. | ਪਉੜੀ । |
| ਜਾ[61] ਪ੍ਰਭੁ ਭਏ ਦਇਆਲ[62] | When[61] the Master becomes | ਜਦ[61] ਮਾਲਕ ਮਇਆਵਾਨ[62] ਹੋ ਜਾਂਦਾ ਹੈ ਤਾਂ ਮੋਹਨੀ[64] |

| | | |
|---|---|---|
| ਨ ਬਿਆਪੈ[63] ਮਾਇਆ[64] ॥ | merciful[62], then mammon[64] clings[63] not to the man. | ਮਨੁਸ਼ ਨੂੰ ਨਹੀਂ ਚਿਮੜਦੀ[63] । |
| ਕੋਟਿ[65] ਅਘਾ[66] ਗਏ ਨਾਸ[67] ਹਰਿ ਇਕੁ ਧਿਆਇਆ[68] ॥ | Meditating[68] on One God, millions[65] of sins[66] are removed[67]. | ਇੱਕ ਵਾਹਿਗੁਰੂ ਦਾ ਸਿਮਰਨ ਕਰਨ[68] ਦੁਆਰਾ ਕ੍ਰੋੜਾਂ[65] ਹੀ ਪਾਪ[66] ਮਿੱਟ ਜਾਂਦੇ[67] ਹਨ । |
| ਨਿਰਮਲ[69] ਭਏ[70] ਸਰੀਰੁ[71] ਜਨ[72] ਧੂਰੀ[73] ਨਾਇਆ[74] ॥ | Bathing[74] in the dust[70] of the feet of the Lord's slaves[72], the body[71] is rendered[70] immaculate[60]. | ਸਾਂਈਂ ਦੇ ਗੋਲਿਆਂ[72] ਦੇ ਪੈਰਾਂ ਦੀ ਧੂੜ[70] ਅੰਦਰ ਇਸ਼ਨਾਨ ਕਰਨ[74] ਦੁਆਰਾ ਦੇਹ[71] ਪਵਿੱਤ੍ਰ[69] ਥੀ ਵੰਞਦੀ[70] ਹੈ । |
| ਮਨ[75] ਤਨ[76] ਭਏ ਸੰਤੋਖ[77] ਪੂਰਨ[78] ਪ੍ਰਭੁ ਪਾਇਆ ॥ | The mind[75] and body[76] become contented[77] and one attains to the Perfect[78] Lord. | ਮਨ[75] ਤੇ ਦੇਹ[76] ਸੰਤੁਸ਼ਟ[77] ਹੋ ਜਾਂਦੇ ਹਨ ਅਤੇ ਇਨਸਾਨ ਮੁਕੰਮਲ[78] ਮਾਲਕ ਨੂੰ ਪਾ ਲੈਂਦਾ ਹੈ । |
| ਤਰੇ[79] ਕੁਟੰਬ[80] ਸੰਗਿ[81] ਲੋਗ[82] ਕੁਲ[83] ਸਬਾਇਆ[84] ॥੧੮॥ | He is saved[79] alongwith[81] his family[80] members[82] and all[84] his lineage[82]. | ਉਹ ਆਪਣੇ ਟੱਬਰ[80] ਦੇ ਜੀਆਂ[82] ਅਤੇ ਆਪਣੀ ਸਮੂਹ[84] ਵੰਸ਼[83] ਦੇ ਨਾਲ[81] ਪਾਰ ਉੱਤਰ ਜਾਂਦਾ[79] ਹੈ । |
| ਸਲੋਕ ॥ | Slok. | ਸਲੋਕ । |
| ਗੁਰ ਗੋਬਿੰਦ[85] ਗੋਪਾਲ[86] ਗੁਰ ਗੁਰ ਪੂਰਨੁ[87] ਨਾਰਾਇਣਹ[88] ॥ | The Guru is the Master[85], the Guru is the Lord[86] and the Guru is the Pervading[87] God[88]. | ਗੁਰੂ ਜੀ ਹੀ ਸਾਹਿਬ[85] ਹਨ, ਗੁਰੂ ਜੀ ਹੀ ਸੁਆਮੀ[86] ਹਨ ਅਤੇ ਗੁਰੂ ਜੀ ਹੀ ਵਿਆਪਕ[87] ਵਾਹਿਗੁਰੂ[88] ਹਨ । |
| ਗੁਰ ਦਇਆਲ[89] ਸਮਰਥ[90] ਗੁਰ ਗੁਰ ਨਾਨਕ ਪਤਿਤ[91] ਉਧਾਰਣਹ[92] ॥੧॥ | The Guru is compassionate[89], the Guru is Omnipotent[90] and the Guru, O Nanak, is the saviour[92] of sinners[91]. | ਗੁਰੂ ਜੀ ਮਿਹਰਬਾਨ[89] ਹਨ, ਗੁਰੂ ਜੀ ਸਰਬ ਸ਼ਕਤੀਵਾਨ[90] ਹਨ ਅਤੇ ਗੁਰੂ ਜੀ ਹੀ ਹੇ ਨਾਨਕ, ਪਾਪੀਆਂ[91] ਨੂੰ ਤਾਰਣਹਾਰ[92] ਹਨ । |
| [93]ਭਉਜਲੁ[94] ਬਿਖਮੁ[95] ਅਸਗਾਹੁ[96] ਗੁਰਿ ਬੋਹਿਥੈ[97] ਤਾਰਿਅਮੁ[98] ॥ | The Guru is the ship[97] to cross over[98] the dangerous[93], formidable[95] and unfathomable[96] world ocean[94]. | ਭਿਆਨਕ[93], ਕਠਨ[95] ਅਤੇ ਅਥਾਹ[96] ਸੰਸਾਰ ਸਮੁੰਦਰ[94] ਤੋਂ ਪਾਰ ਉਤਰਨ[98] ਲਈ ਗੁਰੂ ਜੀ ਇੱਕ ਜਹਾਜ਼[97] ਹਨ । |
| ਨਾਨਕ ਪੂਰ[99] ਕਰੰਮ[100] ਸਤਿਗੁਰ ਚਰਣੀ[2] ਲਗਿਆ[3] ॥੨॥ | Nanak, perfect[99] is the destiny[100] of him, who is attached[3] to the True Guru's feet[2]. | ਨਾਨਕ, ਪੂਰਨ[99] ਹੈ ਪ੍ਰਾਲਭਧ[100] ਉਸ ਦੀ, ਜੋ ਸੱਚੇ ਗੁਰਾਂ ਦੇ ਪੈਰਾਂ[2] ਨਾਲ ਜੁੜਿਆ ਹੋਇਆ[3] ਹੈ । |
| ਪਉੜੀ ॥ | Pauri. | ਪਉੜੀ । |
| ਧੰਨੁ[4] ਧੰਨ ਗੁਰਦੇਵ[5] ਜਿਸੁ ਸੰਗਿ[6] ਹਰਿ ਜਪੇ[7] ॥ | Blessed[4] ! blessed is the Divine[5] Guru, in whose association[6] the Lord is meditated[7] upon. | ਮੁਬਾਰਕ[4] ! ਮੁਬਾਰਕ ਹਨ, ਰੱਬ-ਰੂਪ[5] ਗੁਰੂ ਮਹਾਰਾਜ ਜਿਨ੍ਹਾਂ ਦੀ ਸੰਗਤ[6] ਅੰਦਰ ਸਾਹਿਬ ਸਿਮਰਿਆ ਜਾਂਦਾ[7] ਹੈ । |
| ਗੁਰ ਕ੍ਰਿਪਾਲ[8] ਜਬ[9] ਭਏ ਤ[10] ਅਵਗੁਣ[12] ਸਭਿ ਛਪੇ[13] ॥ | When[9] the Gnru becomes merciful[8], then[10] all the demerits[12] disappear[13]. | ਜਦ[9] ਗੁਰੂ ਜੀ ਦਇਆਵਾਨ[8] ਹੋ ਜਾਂਦੇ ਹਨ, ਤਦ[10] ਸਾਰੀਆਂ ਬਦੀਆਂ[12] ਅਲੋਪ ਹੋ ਵੰਞਦੀਆਂ[13] ਹਨ । |
| ਪਾਰਬ੍ਰਹਮ[14] ਗੁਰਦੇਵ[15] ਨੀਚਹੁ[16] ਉਚ[17] ਥਪੇ[18] ॥ | The illumined[15] Guru, my Transcendent Lord[14], makes[18] the low[16] exalted[17]. | ਮੇਰੇ ਪਰਮ ਪ੍ਰਭੂ[14], ਪ੍ਰਕਾਸ਼ਵਾਨ[15] ਗੁਰੂ ਜੀ, ਨੀਵੇਂ[16] ਨੂੰ ਉੱਚਾ[17] ਕਰ ਦਿੰਦੇ[18] ਹਨ । |

| | | |
|---|---|---|
| ਕਾਟਿ[19] ਸਿਲਕ[20] ਦੁਖ[21] ਮਾਇਆ[22] ਕਰਿ ਲੀਨੇ[23] [24]ਅਪਦਸੇ[25] ॥ | Cutting[19] the painful[21] noose[20] of mammon[22], He makes[23] us his[24] slaves[25]. | ਮੋਹਨੀ[22] ਦੀ ਦੁਖਦਾਈ[21] ਫਾਹੀ[20] ਨੂੰ ਕਟ ਕੇ[19], ਉਹ ਸਾਨੂੰ ਆਪਣਾ[24] ਦਾਸ[25] ਬਣਾ ਲੈਂਦੇ[23] ਹਨ । |
| ਗੁਣ[26] ਗਾਏ[27] ਬੇਅੰਤ[28] ਰਸਨਾ[29] ਹਰਿ ਜਸੇ[30] ॥ ੧੯॥ | My tongue[29] sings[27] the virtues[26] and praises[30] of the Infinite[28] Lord. | ਮੇਰੀ ਜੀਭਾ[29] ਅਨੰਤ[28] ਸੁਆਮੀ ਦੀਆਂ ਨੇਕੀਆਂ[26] ਤੇ ਸਿਫਤਾਂ[30] ਗਾਇਨ ਕਰਦੀ[27] ਹੈ । |
| ਸਲੋਕ ॥ | Slok. | ਸਲੋਕ । |
| ਦ੍ਰਿਸਟੰਤ[31] ਏਕੋ ਸੁਨੀਅੰਤ[32] ਏਕੋ ਵਰਤੰਤ[33] ਏਕੋ ਨਰਹਰਹ[34] ॥ | Only the One Creator[34] I see[31], the One I hear[32] and the One I find pervading[33] all. | ਇਕੋ ਸਿਰਜਨਹਾਰ[34] ਨੂੰ ਹੀ ਵੇਖਦਾ[31] ਹਾਂ, ਇਕੋ ਨੂੰ ਹੀ ਸੁਣਦਾ[32] ਹਾਂ ਅਤੇ ਇਕੋ ਹੀ ਹਰ ਥਾਂ ਵਿਆਪਕ ਹੋ ਰਿਹਾ[33] ਹੈ । |
| ਨਾਮ ਦਾਨੁ[35] ਜਾਚੰਤਿ[36] ਨਾਨਕ ਦਇਆਲ[37]ਪੁਰਖ[38] ਕ੍ਰਿਪਾ ਕਰਹ[39] ॥੧॥ | Nanak asks for[36] the gift[35] of God's Name. O my merciful[37] Lord[38], grant me[39] this boon. | ਨਾਨਕ ਰੱਬ ਦੇ ਨਾਮ ਦੀ ਦਾਤ[35] ਦੀ ਯਾਚਨਾ ਕਰਦਾ[36] ਹੈ । ਹੇ ਮੇਰੇ ਮਿਹਰਬਾਨ[37]ਮਾਲਕ[38] ! ਦਇਆ ਧਾਰ ਕੇ[39] ਮੈਨੂੰ ਇਹ ਪ੍ਰਦਾਨ ਕਰ । |
| ਹਿਕੁ[40] ਸੇਵੀ[41] ਹਿਕੁ ਸੰਮਲਾ[42] ਹਰਿ[43] ਇਕਸੁ ਪਹਿ ਅਰਦਾਸਿ[44] ॥ | The One[40] Lord[43] I serve[41], the One I remember[42] and to the One, I make supplication[44]. | ਇਕੱਲੇ[40] ਸੁਆਮੀ[43] ਦੀ ਮੈਂ ਸੇਵਾ ਕਮਾਉਂਦਾ[41] ਹਾਂ, ਇਕੱਲੇ ਨੂੰ ਮੈਂ ਯਾਦ ਕਰਦਾ[42] ਹਾਂ ਅਤੇ ਇਕੱਲੇ ਅਗੇ ਹੀ ਮੈਂ ਬਿਨੈ ਕਰਦਾ[44] ਹਾਂ । |
| ਨਾਮ ਵਖਰੁ[45]ਧਨੁ[46]ਸੰਚਿਆ[47] ਨਾਨਕ ਸਚੀ[48] ਰਾਸਿ[49] ॥ ੨॥ | Nanak has amassed[47] the merchandise[45] and wealth[46] of the Name, the real[48] capital[49]. | ਨਾਨਕ ਨੇ ਅਸਲੀ[48] ਪੂੰਜੀ[49], ਨਾਮ ਦਾ ਮਾਲ[45] ਅਤੇ ਪਦਾਰਥ[46] ਇਕੱਤਰ ਕੀਤਾ[47] ਹੈ । |
| ਪਉੜੀ ॥ | Pauri. | ਪਉੜੀ । |
| ਪ੍ਰਭ ਦਇਆਲ[50] ਬੇਅੰਤ[51] ਪੂਰਨ[52] ਇਕੁ[53] ਏਹੁ ॥ | The Lord is compassionate[50] and limitless. He alone[53] is All-pervading[52]. | ਸਾਹਿਬ ਦਇਆਵਾਨ[50] ਅਤੇ ਹਦਬੰਨਾ-ਰਹਿਤ[51] ਹੈ । ਕੇਵਲ ਓਹੀ ਸਰਬ-ਵਿਆਪਕ[52] ਹੈ । |
| ਸਭੁ ਕਿਛੁ[54] ਆਪੇ ਆਪਿ[55] ਦੂਜਾ[56] ਕਹਾ[57] ਕੇਹੁ[58] ॥ | He Himself[55] is All[54] in all. Whom[58] else[56] should I refer[57] to as like Him ? | ਉਹ ਸਾਰਾ ਕੁਛ[54] ਖ਼ੁਦ-ਬਖ਼ੁਦ[55] ਹੀ ਹੈ । ਹੋਰ[56] ਕਿਸ[58] ਨੂੰ ਮੈਂ ਉਹਦੇ ਵਰਗਾ ਬਿਆਨ[57] ਕਰਾਂ ? |
| ਆਪਿ ਕਰਹੁ ਪ੍ਰਭ ਦਾਨੁ[59] ਆਪੇ ਆਪਿ ਲੇਹੁ[60] ॥ | The Lord Himself grants gifts[59] and He Himself receives[60] them | ਸੁਆਮੀ ਖ਼ੁਦ ਦਾਤਾਂ[59] ਬਖ਼ਸ਼ਦਾ ਹੈ ਅਤੇ ਖ਼ੁਦ ਹੀ ਉਨ੍ਹਾਂ ਨੂੰ ਲੈਂਦਾ[60] ਹੈ । |
| ਆਵਣ ਜਾਣਾ ਹੁਕਮੁ[61] ਸਭੁ ਨਿਹਚਲੁ[62] ਤੁਧੁ ਥੇਹੁ[63] ॥ | Coming and going is all in Thy will[61], O Lord and Eternal[62] is Thine abode[63]. | ਆਉਣਾ ਅਤੇ ਜਾਣਾ ਸਮੂਹ ਤੇਰੀ ਰਜ਼ਾ[61] ਅੰਦਰ ਹੈ, ਹੇ ਸਾਂਈਂ ! ਅਹਿੱਲ[62] ਹੈ ਤੇਰਾ ਨਿਵਾਸ-ਅਸਥਾਨ[63] । |
| ਨਾਨਕੁ ਮੰਗੈ[64] ਦਾਨੁ[65] ਕਰਿ ਕਿਰਪਾ[66] ਨਾਮੁ ਦੇਹੁ[67] ॥ ੨੦॥੧॥ | Nanak begs[64] a boon[65] : Mercifully[66] bless[67] me with Thy Name. | ਨਾਨਕ ਇਕ ਦਾਤ[65] ਦੀ ਯਾਚਨਾ ਕਰਦਾ[64] ਹੈ : ਮਿਹਰ ਧਾਰ ਕੇ[66] ਮੈਨੂੰ ਆਪਣਾ ਨਾਮ ਪ੍ਰਦਾਨ[67] ਕਰ । |
| ਜੈਤਸਰੀ ਬਾਣੀ ਭਗਤਾ ਕੀ | Jaitsri Hymns of the saints. | ਜੈਤਸਰੀ ਸਾਧੂਆਂ ਦੇ ਸ਼ਬਦ । |

| | | |
|---|---|---|
| ੧ ਓ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਨਾਥ[68] ਕਛੂਅ[69]ਨ ਜਾਨਉ॥ ਮਨ[70] ਮਾਇਆ[71] ਕੈ ਹਾਥਿ[72] ਬਿਕਾਨਉ[73] ॥੧॥ਰਹਾਉ॥ | My Lord[68], I know nothing[69]. My soul[70] is sold out[73] in the mammon's[71] hand[72]. Pause. | ਮੇਰੇ ਸੁਆਮੀ[68], ਮੈਂ ਕੁੱਝ ਭੀ ਨਹੀਂ[69] ਜਾਣਦਾ। ਆਪਣੀ ਆਤਮਾ[70] ਮੈਂ ਮੋਹਨੀ[71] ਦੇ ਹੱਥ[72] ਵੇਚ ਛੱਡੀ[73] ਹੈ। ਠਹਿਰਾਉ। |
| ਤੁਮ ਕਹੀਅਤ[74] ਹੌ ਜਗਤ[75] ਗੁਰ[76] ਸੁਆਮੀ[77] ॥ ਹਮ ਕਹੀਅਤ ਕਲਿਜੁਗ[78] ਕੇ ਕਾਮੀ[79] ॥੧॥ | Thou art called[74] the great[76] Lord[77] of the world[75] and I am styled the sensualist[79] of the Darkage[78]. | ਤੂੰ ਸੰਸਾਰ[75] ਦਾ ਵਿਸ਼ਾਲ[76] ਸਾਹਿਬ[77] ਆਖਿਆ[74] ਜਾਂਦਾ ਹੈਂ ਅਤੇ ਮੈਂ ਕਲਜੁਗ[78] ਦਾ ਵਿਸ਼ਈ[79] ਸੱਦਿਆ ਜਾਂਦਾ ਹਾਂ। |
| ਇਨ ਪੰਚਨ[80] ਮੇਰੋ ਮਨੁ[81] ਜੁ ਬਿਗਾਰਿਓ[82] ॥ | These five[80] vices have corrupted[82] my mind[81]. | ਏਨਾਂ ਪੰਜਾਂ[80] ਵਿਕਾਰਾਂ ਨੇ ਮੇਰਾ ਚਿੱਤ[81] ਪਲੀਤ[82] ਕਰ ਦਿੱਤਾ ਹੈ। |
| ਪਲੁ ਪਲੁ[83] ਹਰਿ ਜੀ[84] ਤੇ ਅੰਤਰੁ[85] ਪਾਰਿਓ[86] ॥੨॥ | Every moment[83] they remove[86] me away[86] from God[84]. | ਹਰ ਮੁਹਤ[83] ਉਹ ਮੇਰੀ ਆਤਮਾ[85] ਨੂੰ ਪੂਜਜ ਪ੍ਰਭੂ[84] ਨਾਲੋਂ ਪਾੜਦੇ[86] ਹਨ। |
| ਜਤ[87] ਦੇਖਉ ਤਤ[88] ਦੁਖ ਕੀ ਰਾਸੀ[90] ॥ | Whithersoever[87] I look, there[88] is a stock[90] of troubles. | ਜਿੱਥੇ ਕਿਤੇ[87] ਭੀ ਮੈਂ ਵੇਖਦਾ ਹਾਂ, ਉਥੇ[88] ਹੀ ਦੁੱਖਾਂ ਦੀ ਪੂੰਜੀ[90] ਹੈ। |
| ਅਜੌਂ[91] ਨ ਪਤ੍ਯਾਇ[92] ਨਿਗਮ[93] ਭਏ ਸਾਖੀ[94] ॥੩॥ | Though the Vedas[93] bear testimony[94], even then[91], my mind believes[92] not in God. | ਭਾਵੇਂ ਵੇਦ[93] ਗਵਾਹੀ[94] ਦਿੰਦੇ ਹਨ, ਤਾਂ ਭੀ[91] ਮੇਰਾ ਮਨ ਵਾਹਿਗੁਰੂ ਤੇ ਭਰੋਸਾ[92] ਨਹੀਂ ਧਾਰਦਾ। |
| ਗੋਤਮ ਨਾਰਿ[95] [96]ਉਮਾਪਤਿ[97] ਸ੍ਵਾਮੀ[98] ॥ ਸੀਸੁ[99] ਧਰਨਿ[100] ਸਹਸ[2] ਭਗ[3] ਗਾਂਮੀ[4] ॥੪॥ | O Lord[98], the body of Indar, who mated[4] with Gautam's wife[95], came to bear a thousand[2] vaginal[3] marks. Brahma's head[99] got stuck[100] to the hand of Shiva, the husband[97] of Parbati[96]. | ਹੇ ਪ੍ਰਭੂ[98]! ਗੋਤਮ ਦੀ ਪਤਨੀ[95] ਨੂੰ ਭੋਗਣ ਵਾਲੇ[4] ਇੰਦਰ ਦੀ ਦੇਹ ਉਤੇ ਭੋਗ[3] ਦੇ ਹਜ਼ਾਰ[2] ਚਿੰਨ੍ਹ ਹੋ ਗਏ। ਬਰਮ੍ਹਾਂ ਦਾ ਸਿਰ[99], ਪਾਰਬਤੀ[96] ਦੇ ਪਤੀ[97] ਸ਼ਿਵਜੀ ਦੇ ਹੱਥ ਨਾਲ ਚਿਮੜ ਗਿਆ[100]। |
| ਇਨ[5] ਦੂਤਨ[6] ਖਲੁ[7] ਬਧੁ[8] ਕਰਿ ਮਾਰਿਓ[9] ॥ | These[5] demons[6] have bound[8] and destroyed[9] me, a fool[7]. | ਇਨ੍ਹਾਂ[5] ਭੂਤਨਿਆਂ[6] ਨੇ, ਮੈਂ ਮੂਰਖ[7] ਨੂੰ, ਬੰਨ੍ਹ[8] ਕੇ ਮਾਰ ਸੁੱਟਿਆ[9] ਹੈ। |
| ਬਡੋ[10] ਨਿਲਾਜੁ[12] ਅਜਹੂ[13] ਨਹੀ ਹਾਰਿਓ[14] ॥੫॥ | I am very[10] shameless[12], for, even now[13], I grow not weary[14] of their company. | ਮੈਂ ਵੱਡਾ[10] ਬੇਸ਼ਰਮ[12] ਹਾਂ। ਅਜੇ ਭੀ[13] ਮੈਂ ਉਨ੍ਹਾਂ ਦੀ ਸੰਗਤ ਕਰਨੋਂ ਹੰਭਦਾ[14] ਨਹੀਂ। |
| ਕਹਿ[15] ਰਵਿਦਾਸ ਕਹਾ ਕੈਸੇ[16] ਕੀਜੈ[17] ॥ | Says[15] Ravdas, what way[16] should I adopt[17] now. | ਰਵਿਦਾਸ ਜੀ ਆਖਦੇ[15] ਹਨ, ਮੈਂ ਹੁਣ ਕਿਸ ਤਰ੍ਹਾਂ[16] ਕਰਾਂ[17]? |
| ਬਿਨੁ[18] ਰਘੁਨਾਥ[19] ਸਰਨਿ[20] ਕਾ ਕੀ[21] ਲੀਜੈ[22] ॥੬॥੧॥ | Except[18] God's[19] protection[20], whose[21] else should I seek[22]. | ਵਾਹਿਗੁਰੂ[19] ਦੀ ਪਨਾਹ[20] ਦੇ ਬਗ਼ੈਰ[18], ਮੈਂ ਹੋਰ ਕੀਹਦੀ[21] ਪਨਾਹ ਲਵਾਂ[22]। |

| | | |
|---|---|---|
| ੴ ਸਤਿ ਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | There is but One God. True is His Name, creative His personality and immortal His form. He is without fear, sans enmity, beyond birth and self-illumined. By Guru's grace, is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚਾ ਹੈ ਉਸ ਦਾ ਨਾਮ, ਰਚਣਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ। ਉਹ ਨਿਡਰ ਦੁਸ਼ਮਨੀ-ਰਹਿਤ, ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| **ਰਾਗੁ ਟੋਡੀ**<br>**ਮਹਲਾ ੪ ਘਰੁ ੧ ॥** | **Todi measure**<br>**4th Guru.** | **ਰਾਗੁ ਟੋਡੀ**<br>**ਚਉਥੀ ਪਾਤਿਸ਼ਾਹੀ।** |
| ਹਰਿ ਬਿਨੁ ਰਹਿ[23] ਨ ਸਕੈ ਮਨੁ[24] ਮੇਰਾ ॥ | Without God, my soul[24] can live[23] not. | ਵਾਹਿਗੁਰੂ ਦੇ ਬਗੈਰ ਮੇਰੀ ਆਤਮਾ[24] ਜੀਊ[23] ਨਹੀਂ ਸਕਦੀ। |
| ਮੇਰੇ ਪ੍ਰੀਤਮ[25] ਪ੍ਰਾਨ[26] ਹਰਿ ਪ੍ਰਭੁ[27] ਗੁਰੁ ਮੇਲੇ ਬਹੁਰਿ[28] ਨ [29]ਭਵਜਲਿ[30] ਫੇਰਾ[31] ॥ ਰਹਾਉ ॥ | If the Guru unites me with my life-like[26] darling[25] Lord God[27], I shall not, again[28], go round[31] the dreadful[29] world ocean[30]. Pause | ਜੇ ਕਰ ਗੁਰੂ ਜੀ ਮੈਨੂੰ ਮੇਰੇ ਜਿੰਦ-ਵਰਗੇ[26] ਪਿਆਰੇ[25] ਸੁਆਮੀ ਵਾਹਿਗੁਰੂ[27] ਨਾਲ ਮਿਲਾ ਦੇਣ, ਤਾਂ ਮੈਂ ਮੁੜ ਕੇ[28] ਭਿਆਨਕ[29] ਸੰਸਾਰ ਸਮੁੰਦਰ[30] ਦੇ ਗੇੜੇ[31] ਵਿੱਚ ਨਹੀਂ ਪਵਾਂਗਾ। ਠਹਿਰਾਉ। |
| ਮੇਰੈ ਹੀਅਰੈ[32] ਲੋਚ[33] ਲਗੀ ਪ੍ਰਭ ਕੇਰੀ ਹਰਿ ਨੈਨਹੁ[34]ਹਰਿ ਪ੍ਰਭ ਹੇਰਾ[25] ॥ | Within my mind[32], I have longing[33] for the Lord and with mine eyes[34], I see[35] my Lord God, the Master. | ਮੇਰੇ ਮਨ[32] ਅੰਦਰ ਸੁਆਮੀ ਦੀ ਚਾਹਨਾ[33] ਹੈ ਅਤੇ ਆਪਣੀਆਂ ਅੱਖਾਂ[34] ਨਾਲ ਮੈਂ ਆਪਣੇ ਸੁਆਮੀ ਵਾਹਿਗੁਰੂ ਮਾਲਕ ਨੂੰ ਵੇਖਦਾ[35] ਹਾਂ। |
| ਸਤਿਗੁਰਿ ਦਇਆਲਿ[36] ਹਰਿ ਨਾਮੁ ਦ੍ਰਿੜਾਇਆ[37] ਹਰਿ ਪਾਧਰੁ[38] ਹਰਿ ਪ੍ਰਭ ਕੇਰਾ ॥੧॥ | The compassionate[36] True Guru has implanted[37] God's Name within me and that is the way[38] which leads to God, the Lord Master | ਦਇਆਵਾਨ[36] ਸੱਚੇ ਗੁਰਾਂ ਨੇ ਮੇਰੇ ਅੰਦਰ ਵਾਹਿਗੁਰੂ ਦਾ ਨਾਮ ਪੱਕਾ ਕੀਤਾ[37] ਹੈ। ਇਹ ਉਹ ਮਾਰਗ[38] ਹੈ, ਜੋ ਵਾਹਿਗੁਰੂ ਸੁਆਮੀ ਮਾਲਕ ਨੂੰ ਜਾਂਦਾ ਹੈ। |
| ਹਰਿ ਰੰਗੀ[39] ਹਰਿ ਨਾਮੁ ਪ੍ਰਭ ਪਾਇਆ[40] ਹਰਿ ਗੋਵਿੰਦ ਹਰਿ ਪ੍ਰਭ ਕੇਰਾ[41] ॥ | I have received[40] the Loved[39] Lord God Master's Name, yea, the Name of[41] the Lord God Master. | ਮੈਂ ਪਿਆਰੇ[39] ਸੁਆਮੀ ਵਾਹਿਗੁਰੂ ਮਾਲਕ ਦਾ ਨਾਮ ਪ੍ਰਾਪਤ ਕੀਤਾ[40] ਹੈ, ਸੁਆਮੀ ਵਾਹਿਗੁਰੂ ਮਾਲਕ ਦਾ[41] ਨਾਮ। |
| ਹਰਿ ਹਿਰਦੈ[42] ਮਨਿ[43] ਤਨਿ[44] ਮੀਠਾ[45] ਲਾਗਾ ਮੁਖਿ[46] ਮਸਤਕਿ[47]ਭਾਗੁ[48] ਚੰਗੇਰਾ[49]॥੨॥ | To my mind[42], heart[43] and body[44], God's Name tastes sweet[45] On my face[46] and brow[47] is writ the good[49] fortune[48]. | ਮੇਰੇ ਮਨ[42], ਦਿਲ[43] ਤੇ ਦੇਹ[44] ਨੂੰ ਰੱਬ ਦਾ ਨਾਮ ਮਿੱਠਾ[95] ਲਗਦਾ ਹੈ। ਮੇਰੇ ਚਿਹਰੇ[46] ਤੇ ਮੱਥੇ[47] ਉੱਤੇ ਚੰਗੀ[49] ਕਿਸਮਤ[48] ਲਿਖੀ ਹੋਈ ਹੈ। |
| ਲੋਭ[50] ਵਿਕਾਰ[51] ਜਿਨਾ ਮਨੁ[52] ਲਾਗਾ[53] ਹਰਿ ਵਿਸਰਿਆ[54] ਪੁਰਖੁ[55] ਚੰਗੇਰਾ ॥ | They, whose soul[52] is attached[53] to avarice[50] and sin[51], forget[54] the sublime Lord[55]. | ਜਿਨ੍ਹਾਂ ਦੀ ਆਤਮਾ[52] ਲਾਲਚ[50] ਅਤੇ ਪਾਪ[51] ਨਾਲ ਜੁੜੀ ਹੋਈ[53] ਹੈ, ਉਹ ਸ੍ਰੇਸ਼ਟ ਸੁਆਮੀ[55] ਨੂੰ ਭੁਲਾ ਦਿੰਦੇ[54]ਹਨ। |
| ਓਇ ਮਨਮੁਖ[56] ਮੂੜ[57] ਅਗਿਆਨੀ[58] ਕਹੀਅਹਿ[59] | They are styled[59] wilful[56], foolish[57] and ignorant[58] and on their forehead[60] is | ਉਹ ਆਪ-ਹੁਦਰੇ[56] ਮੂਰਖ[57]ਅਤੇ ਬੇਸਮਝ[58] ਆਖੇ ਜਾਂਦੇ[59] ਹਨ, ਉਨ੍ਹਾਂ ਦੇ ਮੱਥੇ[60] ਉੱਤੇ ਮਾੜੀ[62] ਪ੍ਰਾਲਭਧ[61] ਲਿਖੀ |

| | | |
|---|---|---|
| ਤਿਨ ਮਸਤਕਿ[60] ਭਾਗੁ[61] ਮੰਦੇਰਾ[62] ॥੩॥ | writ an inglorious[62] destiny[61]. | ਹੋਈ ਹੈ । |
| ਬਿਬੇਕ[63] ਬੁਧਿ[64] ਸਤਿਗੁਰ ਤੇ ਪਾਈ ਗੁਰ[65] ਗਿਆਨੁ[66] ਗੁਰੂ ਪ੍ਰਭ[67] ਕੇਰਾ ॥ | The discriminating[63] intellect[64], I have obtained from the True Guru and true[65] is the gnosis[66] revealed by the Divine[67] Guru. | ਪ੍ਰਬੀਨ[63] ਮਤ[64] ਮੈਂ ਸੱਚੇ ਗੁਰਾਂ ਪਾਸੋਂ ਪ੍ਰਾਪਤ ਕੀਤੀ ਹੈ। ਵਿਸ਼ਾਲ[65] ਹੈ ਬ੍ਰਹਮ ਬੋਧ[66], ਗੁਰੂ ਪਰਮੇਸ਼ਰ[67] ਦਾ ਪ੍ਰਕਾਸ਼ਿਆ ਹੋਇਆ । |
| ਜਨ[68] ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ[69] ਮਸਤਕਿ[70] ਭਾਗੁ[71] ਲਿਖੇਰਾ[72] ॥੪॥੧॥ | Slave[68] Nanak has obtained the Name from the Guru. Such a destiny[71] was pre[69]-ordained[72] on my brow[70]. | ਗੋਲੇ[68] ਨਾਨਕ ਨੇ ਗੁਰਾਂ ਪਾਸੋਂ ਨਾਮ ਪ੍ਰਾਪਤ ਕੀਤਾ ਹੈ। ਐਹੋ ਜੇਹੀ ਕਿਸਮਤ[71] ਮੁੱਢ[69] ਤੋਂ ਮੇਰੇ ਮਥੇ[70] ਉੱਤੇ ਲਿਖੀ ਹੋਈ[72] ਸੀ । |
| ਟੋਡੀ ਮਹਲਾ ੫ ਘਰੁ ੧ ਦੁਪਦੇ | Todi 5th Guru Dupadas[8] | ਟੋਡੀ ਪੰਜਵੀਂ ਪਾਤਿਸ਼ਾਹੀ ਦੁਪਦੇ |
| ੧ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਸੰਤਨ ਅਵਰ[73] ਨ ਕਾਹੂ[74] ਜਾਨੀ ॥ | Without the Lord, the saints know not any[74] other[73]. | ਪ੍ਰਭੂ ਦੇ ਬਿਨਾ ਰੱਬੀ-ਸਾਧੂ ਹੋਰ[73] ਕਿਸੇ[74] ਨੂੰ ਨਹੀਂ ਜਾਣਦੇ । |
| ਬੇਪਰਵਾਹ[75] ਸਦਾ[76] ਰੰਗਿ[77] ਹਰਿ ਕੈ ਜਾ ਕੋ ਪਾਖੁ[78] ਸੁਆਮੀ ॥ਰਹਾਉ॥ | They, on whose side[78] is the Lord, ever[76] remain free[75] from care, in the God's love[77]. Pause. | ਉਹ, ਜਿਨ੍ਹਾਂ ਦੇ ਪੱਖ[78] ਵਿਚ ਪ੍ਰਭੂ ਹੈ, ਵਾਹਿਗੁਰੂ ਦੇ ਪ੍ਰੇਮ[77] ਅੰਦਰ ਹਮੇਸ਼ਾ[76] ਹੀ ਬੇਫ਼ਿਕਰ[75] ਰਹਿੰਦੇ ਹਨ। ਠਹਿਰਾਉ। |
| ਊਚ ਸਮਾਨਾ[79] ਠਾਕੁਰ ਤੇਰੋ ਅਵਰੁ[80] ਨ ਕਾਹੂ ਤਾਨੀ[81]॥ | High is Thine canopy[79], O my Lord. No one else[80] has any power[81]. | ਉੱਚਾ ਹੈ ਤੇਰਾ ਸ਼ਾਮਿਆਨਾ[79], ਹੇ ਮੇਰੇ ਸੁਆਮੀ! ਹੋਰ ਕਿਸੇ[80] ਕੋਲ ਕੋਈ ਤਾਕਤ[81] ਨਹੀਂ । |
| ਐਸੋ[82] ਅਮਰੁ[83] ਮਿਲਿਓ ਭਗਤਨ[84] ਕਉ ਰਾਚਿ[85] ਰਹੇ ਰੰਗਿ[86] ਗਿਆਨੀ[87] ॥੧॥ | Such[82] an immortal Lord[83], the devotees[84] have obtained. The saints[87] remain absorbed[85] in the Lord's love[86]. | ਐਹੋ ਜੇਹਾ ਅਬਿਨਾਸੀ ਪ੍ਰਭੂ[83] ਸ਼ਰਧਾਲੂਆਂ[84] ਨੂੰ ਪ੍ਰਾਪਤ ਹੋਇਆ ਹੈ। ਬ੍ਰਹਿਮ ਬੇਤੇ[87] ਪ੍ਰਭੂ ਦੀ ਪ੍ਰੀਤ[86] ਅੰਦਰ ਲੀਨ[85] ਰਹਿੰਦੇ ਹਨ। |
| ਰੋਗ[88] ਸੋਗ[89] ਦੂਖ[90] ਜਰਾ[91] ਮਰਾ[92] ਹਰਿ ਜਨਹਿ[93] ਨਹੀ ਨਿਕਟਾਨੀ[94] ॥ | Disease[88], sorrow[89], pain[90], old age[91] and death[92] draw not near[94] the Lord's slave[93]. | ਬੀਮਾਰੀ[88], ਅਫ਼ਸੋਸ[89], ਤਕਲੀਫ਼[90], ਬੁਢੇਪਾ[91] ਅਤੇ ਮੌਤ[92] ਪ੍ਰਭੂ ਦੇ ਗੋਲੇ[93] ਦੇ ਨੇੜੇ[94] ਨਹੀਂ ਫਟਕਦੇ। |
| ਨਿਰਭਉ[95] ਹੋਇ ਰਹੇ ਲਿਵ[96] ਏਕੈ ਨਾਨਕ ਹਰਿ ਮਨੁ[98] ਮਾਨੀ[97]॥੨॥੧॥ | They remain fear-free[95] in the love[96] of One Lord, O Nanak and their soul[98] remains propitiated[97] with God. | ਇਕ ਸਾਂਈਂ ਦੇ ਪ੍ਰੇਮ[96] ਅੰਦਰ ਉਹ ਨਿਡਰ[95] ਰਹਿੰਦੇ ਹਨ। ਹੇ ਨਾਨਕ! ਉਨ੍ਹਾਂ ਦੀ ਆਤਮਾ[98], ਵਾਹਿਗੁਰ ਨਾਲ ਖੁਸ਼[97] ਰਹਿੰਦੀ ਹੈ। |
| ੭੧੨ | | |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ। |
| ਹਰਿ ਬਿਸਰਤ[99] ਸਦਾ[100] ਖੁਆਰੀ[2] ॥ | Forgetting[99] God, one is ruined[2] for good[100]. | ਰੱਬ ਨੂੰ ਭੁਲਾ[99] ਕੇ ਬੰਦਾ ਹਮੇਸ਼ਾ[100] ਲਈ ਤਬਾਹ ਹੋ ਜਾਂਦਾ[2] ਹੈ। |

| | | |
|---|---|---|
| ਤਾ ਕਉ ਧੋਖਾ[3] ਕਹਾ[4] ਬਿਆਪੈ ਜਾ ਕਉ ਓਟ[5] ਤੁਹਾਰੀ ॥ਰਹਾਉ॥ | How[4] can he be defrauded[3], who has Thy support[6], O Lord ? Pause. | ਉਹ ਕਿਸ ਤਰ੍ਹਾਂ[4] ਛਲਿਆ[3] ਜਾ ਸਕਦਾ ਹੈ ਜਿਸ ਨੂੰ ਤੇਰਾ ਆਸਰਾ[15] ਹੈ, ਹੇ ਸਾਹਿਬ ? ਠਹਿਰਾਉ । |
| ਬਿਨੁ ਸਿਮਰਨ[6] ਜੋ[13] ਜੀਵਨੁ[7] ਬਲਨਾ[8] ਸਰਪ[9] ਜੈਸੇ[10] ਅਰਜਾਰੀ[12] ॥ | Without Lord's meditation[6], to live[7] is like[13] burning[8] in fire, even though, like[10] a serpent[9], one's life[12] may be long. | ਸੁਆਮੀ ਦੀ ਬੰਦਗੀ[6] ਦੇ ਬਾਝੋਂ ਜੀਉਣਾ[7] ਅੱਗ ਵਿੱਚ ਸੜਨ[8] ਦੀ ਤਰ੍ਹਾਂ[13] ਹੈ ਭਾਵੇਂ ਇਹ ਜ਼ਿੰਦਗੀ ਸੱਪ[9] ਦੀ ਜ਼ਿੰਦਗੀ[12] ਦੇ ਤੁੱਲ[10] ਲੰਬੀ ਹੀ ਕਿਉਂ ਨਾ ਹੋਵੇ । |
| ਨਵ ਖੰਡਨ[14] ਕੋ ਰਾਜੁ[15] ਕਮਾਵੈ ਅੰਤਿ[16] ਚਲੈਗੋ[17] ਹਾਰੀ[18] ॥੧॥ | Though man may rule over[15] the nine regions[14] of the earth, yet, without Lord's meditation, in the end[16], he shall depart[17], losing[18] the game. | ਭਾਵੇਂ ਆਦਮੀ ਧਰਤੀ ਦੇ ਨਵਾਂ ਹੀ ਖਿੱਤਿਆਂ[14] ਤੇ ਹਕੂਮਤ ਕਰਦਾ ਹੋਵੇ, ਪ੍ਰੰਤੂ ਸੁਆਮੀ ਦੇ ਸਿਮਰਨ ਦੇ ਬਾਝੋਂ, ਅਖੀਰ[16] ਨੂੰ ਉਹ ਬਾਜ਼ੀ ਹਾਰ ਕੇ[18] ਟੁਰ ਵੰਞੇਗਾ[17] । |
| ਗੁਣ[19] ਨਿਧਾਨ[20] ਗੁਣ[21] ਤਿਨ ਹੀ[23] ਗਾਏ ਜਾ ਕਉ ਕਿਰਪਾ[22] ਧਾਰੀ ॥ | He alone[23] sings the praise[21] of the Lord, the Treasure[20] of excellences[19], on whom is His grace[22]. | ਕੇਵਲ ਉਹੀ[23], ਵਡਿਆਈਆਂ[19] ਦੇ ਖ਼ਜ਼ਾਨੇ[20], ਪ੍ਰਭੂ, ਦਾ ਜੱਸ[21] ਗਾਇਨ ਕਰਦਾ ਹੈ, ਜਿਸ ਉੱਤੇ ਉਸ ਦੀ ਮਿਹਰ[22] ਹੈ । |
| ਸੋ[24] ਸੁਖੀਆ[25] ਧੰਨੁ[26] ਉਸੁ ਜਨਮਾ ਨਾਨਕ ਤਿਸੁ[27] ਬਲਿਹਾਰੀ[28] ॥੨॥੨॥ | He[24] is at peace[25] and blessed[26] is his birth, who sings the Lord's praise. Nanak is a sacrifice[28] unto him[27]. | ਉਹ[24] ਹੀ ਆਰਾਮ[25] ਵਿਚ ਹੈ ਅਤੇ ਉਸੇ ਦਾ ਹੀ ਹੈ ਸੁਲੱਖਣਾ[26] ਜਨਮ, ਜੋ ਪ੍ਰਭੂ ਦਾ ਜੱਸ ਗਾਉਂਦਾ ਹੈ । ਨਾਨਕ ਉਸ[27] ਉਤੋਂ ਕੁਰਬਾਨ[28] ਜਾਂਦਾ ਹੈ । |
| **ਟੋਡੀ ਮਹਲਾ ੫ ਘਰੁ ੨ ਚਉਪਦੇ** | **Todi 5th Guru Chaupadas.** | **ਟੋਡੀ ਪੰਜਵੀਂ ਪਾਤਿਸ਼ਾਹੀ ਚਉਪਦੇ ।** |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪ੍ਰਾਪਤ ਹੁੰਦਾ ਹੈ । |
| ਧਾਇਓ[29] ਰੇ ਮਨ[30] [31]ਦਹਦਿਸ[32] ਧਾਇਓ ॥ | This mind[30] wanders[29] and wanders in ten[31] directions[32]. | ਇਹ ਮਨ[30] ਦਸੀਂ[31] ਪਾਸੀਂ[32] ਭਟਕਦਾ[29], ਭਟਕਦਾ ਫ਼ਿਰਦਾ ਹੈ । |
| ਮਾਇਆ[33]ਮਗਨ[34] ਸੁਆਦਿ[35] ਲੋਭ[36] ਮੋਹਿਓ[37] ਤਿਨਿ[38] ਪ੍ਰਭਿ ਆਪਿ[39] ਭੁਲਾਇਓ[40] ॥ਰਹਾਉ॥ | The man is inebriated[34] in mammon[33] and is bewitched[37] by the relish[35] of avarice[36]. The[38] Lord Himself[39] has led him astray[40]. Pause. | ਇਨਸਾਨ ਮਾਲ ਮਿਲਖ[33] ਅੰਦਰ ਮਤਵਾਲਾ[34] ਹੈ ਅਤੇ ਲਾਲਚ[36] ਦੇ ਸਵਾਦ[35] ਨੇ ਉਸ ਨੂੰ ਮੋਹਿਆ[37] ਹੋਇਆ ਹੈ । ਉਸ[38] ਸਾਂਈਂ ਨੇ ਖ਼ੁਦ[39] ਉਸ ਨੂੰ ਕੁਰਾਹੇ ਪਾਇਆ ਹੋਇਆ[40] ਹੈ । ਠਹਿਰਾਉ । |
| ਹਰਿ ਕਥਾ[41] ਹਰਿ ਜਸ[42] ਸਾਧਸੰਗਤਿ ਸਿਉ ਇਕੁ ਮੁਹਤੁ[43] ਨ ਇਹੁ ਮਨੁ ਲਾਇਓ[41] ॥ | To God's discourse[41], God's praise[42] and the society of saints, .he applies[44] not this mind of his, even for a moment[43]. | ਰੱਬ ਦੀ ਕਥਾ ਵਾਰਤਾ[41], ਰੱਬ ਦੀ ਕੀਰਤੀ[42] ਅਤੇ ਸਤਿਸੰਗਤ ਨਾਲ, ਉਹ ਇੱਕ ਨਿਮਖ[43] ਭਰ ਲਈ ਭੀ ਆਪਣੇ ਇਸ ਚਿੱਤ ਨੂੰ ਨਹੀਂ ਜੋੜਦਾ[44] । |
| ਬਿਗਸਿਓ[45] ਪੇਖਿ[46] ਰੰਗੁ[47] ਕਸੁੰਭ[48] ਕੋ [49]ਪਰਗ੍ਰਿਹ[50] | He is pleased[45]to behold[46]the (transient) colour[47] of saf-flower[48] and wanders | ਉਹ ਕਸੁੰਭੇ ਦੇ ਫੁੱਲ[48] ਦੀ ਰੰਗਤ[47] (ਮਾਇਆ) ਨੂੰ ਵੇਖ ਕੇ[46] ਪ੍ਰਸੰਨ[45] ਹੁੰਦਾ ਹੈ ਅਤੇ ਹੋਰਸ[49] ਦੀ ਇਸਤ੍ਰੀ[50] |

| | | |
|---|---|---|
| ਜਹਨਿ[51] ਜਾਇਓ[52] ॥੧॥ | about[52] spying[51] another's[49] woman[50]. | ਤੱਕਣ[51] ਨੂੰ ਜਾਂਦਾ[52] ਹੈ । |
| ਚਰਨ[53] ਕਮਲ[54] ਸਿਉ ਭਾਉ[55] ਨ ਕੀਨੋ ਨਹ ਸਤ ਪੁਰਖੁ[56] ਮਨਾਇਓ[57] ॥ | The Lord's lotus[54] feet[53] he loves[55] not, nor propitiates[57] he the True Lord[56]. | ਪ੍ਰਭੂ ਦੇ ਕੰਵਲ[54] ਚਰਨਾਂ[53] ਨਾਲ ਉਹ ਪਿਆਰ[55] ਨਹੀਂ ਕਰਦਾ, ਨਾ ਹੀ ਉਹ ਸੱਚੇ ਸੁਆਮੀ[56]ਨੂੰ ਪ੍ਰਸੰਨ ਕਰਦਾ[57] ਹੈ । |
| ਧਾਵਤ[58] ਕਉ ਧਾਵਹਿ[59] [60]ਬਹੁਭਾਤੀ[61] ਜਿਉ[62] ਤੇਲੀ ਬਲਦੁ[63] ਭ੍ਰਮਾਇਓ[64] ॥੨॥ | Like[62] the circling round[64] of the oilman's ox[63], he runs around[59] the fleeting objects[58], in many[60] ways[61]. | ਤੇਲੀ ਦੇ ਬਲਦ[63] ਦੇ ਚੱਕਰ[64] ਕੱਟਣ ਦੀ ਮਾਨੰਦ[62], ਉਹ ਉੱਡ ਪੁੱਡ ਜਾਣ ਵਾਲੇ ਪਦਾਰਥਾਂ[58] ਮਗਰ ਅਨੇਕਾਂ[60] ਤਰੀਕਿਆਂ[61] ਨਾਲ ਭੱਜਿਆ ਫਿਰਦਾ[59] ਹੈ । |
| ਨਾਮ ਦਾਨ[65] ਇਸਨਾਨੁ[66] ਨ ਕੀਓ[67] ਇਕ ਨਿਮਖ[68] ਨ ਕੀਰਤਿ[69] ਗਾਇਓ[70] ॥ | He practises[67] not the Name, charity[65] and ablution[66], and sings[70] not God's praise[69] even for a moment[68]. | ਉਹ ਨਾਮ ਦਾ ਸਿਮਰਨ, ਪੁੰਨਦਾਨ[65] ਅਤੇ ਇਸ਼ਨਾਨ[66] ਨਹੀਂ ਕਰਦਾ[67] ਅਤੇ ਇਕ ਮੁਹਤ[68] ਲਈ ਭੀ ਰੱਬ ਦੀ ਉਸਤਤ[69] ਨਹੀਂ ਗਾਉਂਦਾ[70] । |
| ਨਾਨਾ[71] ਝੂਠਿ[72] ਲਾਇ[73] ਮਨੁ ਤੋਖਿਓ[74] ਨਹ ਬੂਝਿਓ[75] ਅਪਨਾਇਓ[76] ॥੩॥ | Clinging[73] to many[71] types of falsehoods[72], he pleases[74] his mind and understands[75] not his ownself[76]. | ਅਨੇਕਾਂ[71] ਕੂੜਾਂ[72] ਨਾਲ ਚਿਮੜ ਕੇ[73] ਉਹ ਆਪਣੇ ਚਿੱਤ ਨੂੰ ਖ਼ੁਸ਼ ਕਰਦਾ[74] ਹੈ ਅਤੇ ਆਪਣੇ ਆਪ[76] ਨੂੰ ਨਹੀਂ ਸਮਝਦਾ[75] । |
| ਪਰਉਪਕਾਰ[77] ਨ ਕਬਹੂ[78] ਕੀਏ ਨਹੀ ਸਤਿਗੁਰੁ ਸੇਵਿ[79] ਧਿਆਇਓ[80] ॥ | He does not ever[78] do good to others[77], nor serves[79] and remembers[80] he, the True Guru. | ਉਹ ਕਦੇ ਭੀ[78] ਹੋਰਨਾਂ ਦਾ ਭਲਾ[77] ਨਹੀਂ ਕਰਦਾ, ਨਾ ਹੀ ਉਹ ਸੱਚੇ ਗੁਰਾਂ ਨੂੰ ਸੇਂਵਦਾ[79] ਅਤੇ ਸਿਮਰਦਾ[80] ਹੈ । |
| ਪੰਚ ਦੂਤ[81] ਰਚਿ[82] ਸੰਗਤਿ[83] ਗੋਸਟਿ[84] ਮਤਵਾਰੋ[85] ਮਦ[86] ਮਾਇਓ[87] ॥੪॥ | Absorbed[82] in the company[83] and consultation[84] of the five demons[81], he is inebriated[85] with the pride[86] of worldly valuables[87]. | ਉਹ ਪੰਜ ਭੂਤਨਿਆਂ[81] ਦੇ ਮੇਲ-ਮਿਲਾਪ[83] ਅਤੇ ਚਰਚਾ ਵਾਰਤਾ[84] ਅੰਦਰ ਲੀਨ ਹੋਇਆ ਹੋਇਆ[82] ਸੰਸਾਰੀ ਪਦਾਰਥਾਂ[87] ਦੇ ਹੰਕਾਰ[86] ਦਾ ਮਤਵਾਲਾ[85] ਹੈ । |
| ਕਰਉ ਬੇਨਤੀ[88] ਸਾਧ ਸੰਗਤਿ ਹਰਿ ਭਗਤਿ ਵਛਲ[89] ਸੁਣਿ[90] ਆਇਓ[91] ॥ | Hearing[90] that God is the Lover of His saints[89], I come[91] and pray[88] to Him in the society of saints. | ਵਾਹਿਗੁਰੂ ਨੂੰ ਆਪਣੇ ਸੰਤਾਂ ਦਾ ਪ੍ਰੀਤਵਾਨ[89] ਸੁਣ ਕੇ[90], ਮੈਂ ਆ ਕੇ[91] ਸਤਿ ਸੰਗਤ ਅੰਦਰ ਉਸ ਦੇ ਅੱਗੇ ਬਿਨੈ ਕਰਦਾ[88] ਹਾਂ । |
| ਨਾਨਕ ਭਾਗਿ[92] ਪਰਿਓ ਹਰਿ ਪਾਛੈ[93] ਰਾਖੁ[94] ਲਾਜੁ[95] ਅਪੁਨਾਇਓ[96] ॥੫॥੧॥੩॥ | Nanak runs[92] after[93] Him, and supplicates, "O Lord, do Thou own me[96] and preserve[94] my honour[95]". | ਨਾਨਕ ਉਸ ਦੇ ਮਗਰ[93] ਭੱਜ ਕੇ[92] ਜਾਂਦਾ ਹੈ ਅਤੇ ਅਰਜੋਈ ਕਰਦਾ ਹੈ,"ਹੇ ਸੁਆਮੀ ! ਤੂੰ ਮੈਨੂੰ ਆਪਣਾ ਬਣਾ ਲੈ[96] ਅਤੇ ਮੇਰੀ ਇੱਜ਼ਤ ਆਬਰੂ[95] ਬਰਕਰਾਰ ਰੱਖ[94]" । |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ । |
| ਮਾਨੁਖੁ[97] ਬਿਨੁ ਬੂਝੇ[98] ਬਿਰਥਾ[99] ਆਇਆ[100] ॥ | Without knowing[98] the Lord, vain[99] is the man's[97] advent[100]. | ਸਾਂਈਂ ਨੂੰ ਜਾਨਣ[98] ਦੇ ਬਾਝੋਂ ਵਿਅਰਥ[99] ਹੈ ਬੰਦੇ[97] ਦਾ ਆਗਮਨ[100] । |
| ਅਨਿਕ[2] ਸਾਜ[3] ਸੀਗਾਰ[4] ਬਹੁ[5] ਕਰਤਾ ਜਿਉ[6] ਮਿਰਤਕੁ[7] ਓਢਾਇਆ[8] ॥ ਰਹਾਉ॥ | He makes various[2] embellishments[3] and many[5] decorations[4] but it is like[6] dressing[8] a corpse[7]. Pause. | ਉਹ ਅਨੇਕਾਂ[2] ਸਜਾਵਟਾਂ[3] ਅਤੇ ਘਣੇਰੇ[5] ਹਾਰਸ਼ਿੰਗਾਰ[4] ਕਰਦਾ ਹੈ, ਪਰ ਇਹ ਮੁਰਦੇ[7] ਨੂੰ ਕਪੜੇ ਪਾਉਣ[8] ਦੀ ਮਾਨੰਦ[6] ਹੈ । ਠਹਿਰਾਉ । |
| ਧਾਇ[9] ਧਾਇ ਕ੍ਰਿਪਨ[13] ਸ੍ਰਮੁ[14] | With utmost efforts[2], the miser[13] | ਸੂਮ[13], ਅਧਿਕ ਕੋਸ਼ਿਸ਼ਾਂ[9] ਦੁਆਰਾ[13], ਦੁੱਖਾਂ[14] ਨਾਲ |

| | | |
|---|---|---|
| ਕੀਨੋ ਇਕਤ੍ਰ[10] ਕਰੀ ਹੈ ਮਾਇਆ[12] ॥ | toils[14] and amasses[10] riches[12]. | ਧਨ-ਦੌਲਤ[12] ਜਮ੍ਹਾਂ ਕਰਦਾ[10] ਹੈ। |
| ਦਾਨੁ[15] ਪੁੰਨੁ[16] ਨਹੀ ਸੰਤਨ ਸੇਵਾ[17] ਕਿਤ ਹੀ[18] ਕਾਜਿ[19] ਨ ਆਇਆ ॥੧॥ | He gives not alms[15], ministers not charity[16] and serves[17] not the saints. His wealth avails[18] him not the least[18]. | ਉਹ ਸਖਾਵਤ[15] ਨਹੀਂ ਕਰਦਾ, ਖੈਰਾਤ[16] ਨਹੀਂ ਦਿੰਦਾ ਅਤੇ ਸਾਧੂਆਂ ਦੀ ਟਹਿਲ[17] ਨਹੀਂ ਕਮਾਉਂਦਾ। ਉਸ ਦੀ ਦੌਲਤ ਉਸ ਦੇ ਕਿਸੇ[18] ਕੰਮ[19] ਨਹੀਂ ਆਉਂਦੀ। |
| ਕਰਿ ਆਭਰਣ[20] ਸਵਾਰੀ[21] ਸੇਜਾ[22] ਕਾਮਨਿ[23] ਥਾਟੁ[24] ਬਨਾਇਆ[25] ॥ | The woman[23] puts on ornaments[20], decks[21] her couch[22] and makes[25] great decorations[24]. | ਇਸਤਰੀ[23], ਗਹਿਣਾ ਗੱਟਾ[20] ਪਾਉਂਦੀ ਹੈ, ਪਲੰਘ[22] ਨੂੰ ਸਜਾਉਂਦੀ[21] ਹੈ ਅਤੇ ਭਾਰਾ ਠਾਠ[24] ਰਚਦੀ[25] ਹੈ। |
| ਸੰਗੁ[26] ਨ ਪਾਇਓ ਅਪੁਨੇ ਭਰਤੇ[27] ਪੇਖਿ[28] ਪੇਖਿ ਦੁਖੁ[29] ਪਾਇਆ ॥੨॥ | But, if she obtains not the company[26] of her husband[27], she is pained[29] looking[28] at her decorations. | ਪਰ ਜੇ ਉਸ ਨੂੰ ਆਪਣੇ ਕੰਤ[27] ਦਾ ਸੰਜੋਗ[26] ਪ੍ਰਾਪਤ ਨਹੀਂ ਹੁੰਦਾ, ਤਾਂ ਉਹ ਆਪਣੀਆਂ ਸਜਾਵਟਾਂ ਨੂੰ ਵੇਖ ਵੇਖ ਕੇ[28] ਦੁਖ[29] ਉਠਾਉਂਦੀ ਹੈ। |
| ਸਾਰੋ ਦਿਨਸੁ[30] ਮਜੂਰੀ[31] ਕਰਤਾ ਤੁਹੁ[32] ਮੂਸਲਹਿ[33] ਛਰਾਇਆ[34] ॥ | The man labours[31] all day long[30], pounding[34] husks[32] with a pestle[33]. | ਆਦਮੀ ਸਾਰਾ ਦਿਹਾੜਾ[30] ਛਿਲਕੇ[32] ਨੂੰ ਮੋਹਲੇ[33] ਨਾਲ ਛੜਨ[34] ਦੀ ਮਿਹਨਤ ਮੁਸ਼ੱਕਤ ਕਰਦਾ[31] ਹੈ। |
| ਖੇਦ ਭਇਓ[35] ਬੇਗਾਰੀ[36] ਨਿਆਈ[37] ਘਰ[38] ਕੈ ਕਾਮਿ[39] ਨ ਆਇਆ ॥੩॥ | He, suffers pain[35] like[37] a forced labourer[36] and is of no use[39] to his home[38]. | ਉਹ ਵਗਾਰੀ[36] ਦੀ ਤਰ੍ਹਾਂ[37] ਤਕਲੀਫ਼[35] ਉਠਾਉਂਦਾ ਹੈ ਅਤੇ ਆਪਣੇ ਘਰ[38] ਦਾ ਕੋਈ ਕੰਮ[39] ਨਹੀਂ ਸੁਆਰਦਾ। |
| ਭਇਓ ਅਨੁਗ੍ਰਹੁ[40] ਜਾਕਉ ਪ੍ਰਭ ਕੋ ਤਿਸੁ[41] ਹਿਰਦੈ[42] ਨਾਮੁ ਵਸਾਇਆ[43] ॥ | He, on whom is the Lord's grace[40], within his[41] mind[42], He implants[43] His Name. | ਜਿਸ ਉੱਤੇ ਸੁਆਮੀ ਦੀ ਰਹਿਮਤ[40] ਹੈ, ਉਸ[41] ਦੇ ਮਨ[42] ਅੰਦਰ ਸੁਆਮੀ ਆਪਣਾ ਨਾਮ ਟਿਕਾਉਂਦਾ[43] ਹੈ। |
| ਸਾਧ ਸੰਗਤਿ ਕੈ ਪਾਛੈ ਪਰਿਅਉ[44] ਜਨ[45] ਨਾਨਕ ਹਰਿ ਰਸੁ[46] ਪਾਇਆ ॥੪॥੨॥੪॥ | He searches[44] the society of saints, O slave[45] Nanak, and obtains Lord's Nectar[46]. | ਉਹ ਸਤਿ ਸੰਗਤ ਦੀ ਭਾਲ ਕਰਦਾ[44] ਹੈ, ਹੇ ਦਾਸ[45] ਨਾਨਕ ! ਅਤੇ ਪ੍ਰਭੂ ਦੇ ਅੰਮ੍ਰਿਤ[46] ਨੂੰ ਪਾ ਲੈਂਦਾ ਹੈ। |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ। |
| ਕ੍ਰਿਪਾ[47] ਨਿਧਿ[48] ਬਸਹੁ[49] ਰਿਦੈ[50] ਹਰਿ ਨੀਤ[51] ॥ | O God, the Ocean[48] of mercy[47], abide[49] Thou ever[51] in my mind[50]. | ਹੇ ਮਿਹਰ[47] ਦੇ ਸਮੁੰਦਰ[48] ਵਾਹਿਗੁਰੂ ! ਤੂੰ ਸਦਾ[51] ਮੇਰੇ ਮਨ[50] ਅੰਦਰ ਵੱਸ[49]। |
| ਤੈਸੀ[52] ਬੁਧਿ[53] ਕਰਹੁ ਪਰਗਾਸਾ[54] ਲਾਗੈ[55] ਪ੍ਰਭ ਸੰਗਿ[56] ਪ੍ਰੀਤਿ[57] ॥ਰਹਾਉ॥ | Enlighten[54] Thou such[52] intellect[53] in me, that I may bear[55] love[57] with[56] Thee, O Lord. Pause. | ਤੂੰ ਮੇਰੇ ਅੰਦਰ ਐਹੋ ਜੇਹੀ[52] ਮਤ[53] ਪ੍ਰਕਾਸ਼ ਕਰ[54] ਕਿ ਮੇਰੀ ਤੇਰੇ ਨਾਲ[56] ਪ੍ਰੀਤ[57] ਪੈ ਜਾਵੇ[55], ਹੇ ਸੁਆਮੀ ! ਠਹਿਰਾਉ ! |
| ਦਾਸ[58] ਤੁਮਾਰੇ ਕੀ ਪਾਵਉ[59] ਧੂਰਾ[60] ਮਸਤਕਿ[61] ਲੇ ਲੇ[62] ਲਾਵਉ[63] ॥ | Bless[59] me with the dust[60] of Thy slave's[58] feet. Obtaining[62] and gathering it, I shall apply[63] it to my forehead[61]. | ਮੈਨੂੰ ਆਪਣੇ ਸੇਵਕ[58] ਦੇ ਪੈਰਾਂ ਦੀ ਧੂੜ[60] ਪਰਦਾਨ ਕਰ[59]। ਇਸ ਨੂੰ ਪ੍ਰਾਪਤ[62] ਕਰ ਕੇ, ਮੈਂ ਆਪਣੇ ਮੱਥੇ[61] ਉੱਤੇ ਲਾਵਾਂਗਾ[63]। |

੭੧੩

| | | |
|---|---|---|
| ਮਹਾ[64] ਪਤਿਤ[65] ਤੇ ਹੋਤ ਪੁਨੀਤਾ[66] ਹਰਿ ਕੀਰਤਨ[67] ਗੁਨ[68] ਗਾਵਉ ॥੧॥ | From a supreme[64] sinner[65], I am rendered pure[66], by singing God's praises[67] and virtues[68]. | ਵਾਹਿਗੁਰੂ ਦੀਆਂ ਸਿਫ਼ਤਾਂ[67] ਅਤੇ ਨੇਕੀਆਂ[68] ਦਾ ਗਾਇਨ ਕਰਨ ਦੁਆਰਾ ਮੈਂ ਪਰਮ[64] ਪਾਂਬਰ[65] ਤੋਂ ਪਵਿੱਤ੍ਰ[66] ਹੋ ਗਿਆ ਹਾਂ। |
| ਆਗਿਆ[69] ਤੁਮਰੀ ਮੀਠੀ[70] ਲਾਗਉ ਕੀਓ ਤੁਹਾਰੋ ਭਾਵਉ[71] ॥ | Thine will[69] seems sweet[70] unto me and whatever Thou doest, pleases[71] me. | ਤੇਰੀ ਰਜ਼ਾ[69] ਮੈਨੂੰ ਮਿਠੜੀ[70] ਲਗਦੀ ਹੈ ਅਤੇ ਜੋ ਵੀ ਤੂੰ ਕਰਦਾ ਹੈਂ, ਮੈਨੂੰ ਭਾਉਂਦਾ[71] ਹੈ। |
| ਜੋ ਤੂ ਦੇਹਿ ਤਹੀ[72] ਇਹੁ[73] ਤ੍ਰਿਪਤੈ[74] ਆਨ[75] ਨ ਕਤਹੂ[76] ਧਾਵਉ[77] ॥੨॥ | Whatever Thou givest, with that[72], this[73] soul of mine is satiated[74]. I run[77] after no one[76] else[75]. | ਜਿਹੜਾ ਕੁੱਛ ਤੂੰ ਮੈਨੂੰ ਦਿੰਦਾ ਹੈਂ, ਉਸੇ[72] ਨਾਲ ਹੀ ਇਹ[73] ਮੇਰੀ ਆਤਮਾ ਰੱਜ ਜਾਂਦੀ[74] ਹੈ। ਮੈਂ ਕਿਸੇ[76] ਹੋਰ[75] ਮਗਰ ਨਹੀਂ ਦੌੜਦਾ[77]। |
| ਸਦ[78] ਹੀ ਨਿਕਟਿ[79] ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ[80] ਰਹੀਐ ॥ | I ever[78] reckon the Lord Master near[79] me and I remain the dust[80] of all men's feet. | ਮੈਂ ਸੁਆਮੀ ਮਾਲਕ ਨੂੰ ਸਦਾ[78] ਆਪਣੇ ਨੇੜੇ[79] ਜਾਣਦਾ ਹਾਂ, ਅਤੇ ਮੈਂ ਸਾਰਿਆਂ ਦੇ ਪੈਰਾਂ ਦੀ ਧੂੜ[80] ਹੋਇਆ ਰਹਿੰਦਾ ਹਾਂ। |
| ਸਾਧੂ ਸੰਗਤਿ ਹੋਇ ਪਰਾਪਤਿ[81] ਤਾ[82] ਪ੍ਰਭੁ ਅਪੁਨਾ ਲਹੀਐ[83] ॥੩॥ | If I meet[81] the society of saints, then[82] shall I obtain[83] my Lord. | ਜੇ ਕਰ ਮੈਂ ਸਤਿ ਸੰਗਤ ਨਾਲ ਜੁੜ ਜਾਵਾਂ[81], ਤਦ[82] ਮੈਂ ਆਪਣੇ ਸੁਆਮੀ ਨੂੰ ਪਾ ਲਵਾਂਗਾ[83]। |
| ਸਦਾ[84] ਸਦਾ ਹਮ ਛੋਹਰੇ[85] ਤੁਮਰੇ ਤੂ ਪ੍ਰਭ ਹਮਰੋ ਮੀਰਾ[86] ॥ | Ever[84] and ever I am Thy child[85]. Thou art my Lord and King[86]. | ਹਮੇਸ਼ਾ[84], ਹਮੇਸ਼ਾ ਹੀ ਮੈਂ ਤੇਰਾ ਬੱਚਾ[85] ਹਾਂ। ਤੂੰ ਮੇਰਾ ਸੁਆਮੀ ਅਤੇ ਪਾਤਿਸ਼ਾਹ[86] ਹੈਂ। |
| ਨਾਨਕ ਬਾਰਿਕ[87] ਤੁਮ ਮਾਤ[88] ਪਿਤਾ[89] ਮੁਖਿ[90] ਨਾਮੁ ਤੁਮਾਰੋ ਖੀਰਾ[91] ॥੪॥੩॥੫॥ | Nanak is Thine child[87] and Thou O Lord, art my mother[88] and father[89]. Put Thou Thy Name as milk[91] into my mouth[90]. | ਨਾਨਕ ਤੇਰਾ ਬੱਚਾ[87] ਹੈ। ਤੂੰ ਹੇ ਸੁਆਮੀ ਮੇਰੀ ਅੰਮੜੀ[88] ਤੇ ਬਾਬਲ[89] ਹੈਂ। ਤੂੰ ਆਪਣੇ ਨਾਮ ਦਾ ਦੁੱਧ[91] ਮੇਰੇ ਮੂੰਹ[90] ਵਿਚ ਪਾ। |
| ਟੋਡੀ ਮਹਲਾ ੫ ਘਰੁ ੨ ਦੁਪਦੇ | Todi 5th Guru Dupadas. | ਟੋਡੀ ਪੰਜਵੀਂ ਪਾਤਿਸ਼ਾਹੀ ਦੁਪਦੇ। |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਮਾਗਉ[92] ਦਾਨੁ[93] ਠਾਕੁਰ ਨਾਮ ॥ | O Lord, from Thee, I crave[92] the gift[93] of Thy Name. | ਹੇ ਸਾਹਿਬ! ਤੇਰੇ ਪਾਸੋਂ ਮੈਂ ਤੇਰੇ ਨਾਮ ਦੀ ਦਾਤ[93] ਮੰਗਦਾ[92] ਹਾਂ। |
| ਅਵਰੁ[94] ਕਛੂ ਮੇਰੈ ਸੰਗਿ[95] ਨ ਚਾਲੈ[96] ਮਿਲੈ[97] ਕ੍ਰਿਪਾ[98] ਗੁਣ[99] ਗਾਮ[100] ॥੧॥ ਰਹਾਉ॥ | Naught else[94] shall go[96] with[95] me. Through Thine grace[98], grant[97] me the singing[100] of Thy praise[99]. Pause. | ਹੋਰ ਕੁਝ[94] ਭੀ ਮੇਰੇ ਨਾਲ[95] ਨਹੀਂ ਜਾਣਾ[96]। ਆਪਣੀ ਮਿਹਰ[98] ਰਾਹੀਂ, ਮੈਨੂੰ ਆਪਣੇ ਜੱਸ[99] ਦਾ ਗਾਇਨ[100] ਕਰਨਾ ਬਖ਼ਸ਼[97]। ਠਹਿਰਾਉ। |
| ਰਾਜੁ[2] ਮਾਲੁ[3] ਅਨੇਕ[4] | Power[2], wealth[3], varied[4] revelments[5] | ਹਕੂਮਤ[2], ਦੌਲਤ[3], ਅਨੇਕਾਂ[4] ਰੰਗ-ਰਲੀਆਂ[5] ਅਤੇ |

| | | |
|---|---|---|
| ਭੋਗ[5] ਰਸ[6] ਸਗਲ[7] ਤਰਵਰ[8] ਕੀ ਛਾਮ[9] ॥ | and enjoyments[6] are all[7] like the shadow[9] of a tree[8]. | ਬਹਾਰਾਂ[6] ਸਾਭ[7] ਬਿਰਛ[8] ਦੇ ਪ੍ਰਛਾਵੇਂ[9] ਦੀ ਮਾਨੰਦ ਹਨ। |
| ਧਾਇ[10] ਧਾਇ ਬਹੁ[12] ਬਿਧਿ[13] ਕਉ ਧਾਵੈ ਸਗਲ ਨਿਰਾਰਥ[14] ਕਾਮ[15] ॥੧॥ | Man runs[10], runs and runs in many[12] directions[13], but all his pursuits[15] are vain[14]. | ਇਨਸਾਨ ਬਹੁਤੀਆਂ[12] ਦਿਸ਼ਾਂ[13] ਨੂੰ ਦੌੜਦਾ[10] ਅਤੇ ਭਜ ਦੌੜ ਕਰਦਾ ਹੈ; ਪ੍ਰੰਤੂ, ਉਸ ਦੇ ਸਾਰੇ ਕਾਰਜ[15] ਨਿਸਫਲ[14] ਹਨ। |
| ਬਿਨੁ [16]ਗੋਵਿੰਦ[17] ਅਵਰੁ[18] ਜੇ[22] ਚਾਹਉ[19] ਦੀਸੈ[20] ਸਗਲ ਬਾਤ[21] ਹੈ ਖਾਮ[23] ॥ | Yea, everything[21] that[22] man desires[19], other than the Lord[17] of the World[16], seems[20] to be transitory[23]. | ਬਗੈਰ ਸ੍ਰਿਸ਼ਟੀ[16] ਤੇ ਸੁਆਮੀ[17] ਦੇ, ਹੋਰ[18] ਹਰ ਸ਼ੈ[21], ਜਿਹੜੀ[22] ਬੰਦਾ ਲੋੜਦਾ[19] ਹੈ, ਅਨਸਥਿਰ[23] ਦਿਸਦੀ[20] ਹੈ। |
| ਕਹੁ ਨਾਨਕ ਸੰਤ ਰੇਨ[24] ਮਾਗਉ[25] ਮੇਰੋ ਮਨੁ[26] ਪਾਵੈ ਬਿਸ੍ਰਾਮ[27] ॥੨॥੧॥੬॥ | Says Nanak, I seek[25] the dust[24] of the saints' feet that my soul[26] may obtain rest[27]. | ਗੁਰੂ ਜੀ ਫੁਰਮਾਉਂਦੇ ਹਨ, ਮੈਂ ਸਾਧੂਆਂ ਦੇ ਪੈਰਾਂ ਦੀ ਧੂੜ[24] ਦੀ ਯਾਚਨਾ ਕਰਦਾ[25]ਹਾਂ, ਤਾਂ ਜੋ ਮੇਰੀ ਆਤਮਾ[26] ਨੂੰ ਆਰਾਮ[27] ਪ੍ਰਾਪਤ ਹੋ ਜਾਵੇ। |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ। |
| ਪ੍ਰਭ ਜੀ[28] ਕੋ ਨਾਮੁ ਮਨਹਿ[29] ਸਾਧਾਰੈ[30] ॥ | The Name of the reverened[28] Lord is the support[30] of my soul[29]. | ਪੂਜਯ[28] ਪ੍ਰਭੂ ਦਾ ਨਾਮ ਮੇਰੀ ਜਿੰਦੜੀ[29] ਦਾ ਆਸਰਾ[30] ਹੈ। |
| ਜੀਅ[31] ਪ੍ਰਾਨ[32] ਸੂਖ[33] ਇਸੁ ਮਨ ਕਉ ਬਰਤਨਿ[34] ਏਹ ਹਮਾਰੈ[35] ॥੧॥ਰਹਾਉ॥ | The Name is the life[31], soul[32] and solace[33] of this mind, and for me[35], it is a thing of daily use[34]. Pause. | ਇਸ ਮਨ ਦੀ ਜਿੰਦ ਜਾਨ[31], ਆਤਮਾ[32] ਅਤੇ ਆਰਾਮ[33] ਰੱਬ ਦਾ ਨਾਮ ਹੈ, ਮੇਰੇ[35] ਲਈ ਇਹ ਰੋਜ਼ ਦੇ ਇਸਤਿਮਾਲ[34] ਦੀ ਸ਼ੈ ਹੈ। ਠਹਿਰਾਉ। |
| ਨਾਮੁ ਜਾਤਿ[36] ਨਾਮੁ ਮੇਰੀ ਪਤਿ[37] ਹੈ ਨਾਮੁ ਮੇਰੈ ਪਰਵਾਰੈ[38] ॥ | The Name is my caste[36], the Name is my honour[37] and the Name is my family[38]. | ਨਾਮ ਮੇਰਾ ਵਰਨ[36] ਹੈ, ਨਾਮ ਮੇਰੀ ਇੱਜ਼ਤ ਆਬਰੂ[37] ਹੈ ਅਤੇ ਨਾਮ ਹੀ ਮੇਰਾ ਟੱਬਰ ਕਬੀਲਾ[38] ਹੈ। |
| ਨਾਮੁ ਸਖਾਈ[39] ਸਦਾ[40] ਮੇਰੈ ਸੰਗਿ[41] ਹਰਿ ਨਾਮੁ ਮੋ ਕਉ ਨਿਸਤਾਰੈ[42] ॥੧॥ | The Lord's Name, my companion[39], is ever[40] with[41] me and it is the Lord's Name that delivers[42] me. | ਸੁਆਮੀ ਦਾ ਨਾਮ, ਮੇਰਾ ਸਾਥੀ[39], ਸਦੀਵ[40] ਹੀ ਮੇਰੇ ਅੰਗ ਸੰਗ[41] ਹੈ, ਅਤੇ ਸੁਆਮੀ ਦਾ ਨਾਮ ਹੀ ਮੇਰਾ ਪਾਰ ਉਤਾਰਾ ਕਰਦਾ[42] ਹੈ। |
| ਬਿਖੈ[43] ਬਿਲਾਸ[44] ਕਹੀਅਤ[45] ਬਹੁਤੇਰੇ[46] ਚਲਤ[47] ਨ ਕਛੂ ਸੰਗਾਰੈ[48] ॥ | Sensuous[43] pleasures[44] are much[46] spoken of[45], but none of them goes[47] along with[48] the man. | ਵਿਸ਼ੇ ਭੋਗ[43] ਦੀਆਂ ਬਹਾਰਾਂ[44] ਬਹੁਤੀਆਂ[46] ਆਖੀਆਂ ਜਾਂਦੀਆਂ[45] ਹਨ, ਪਰ ਉਨ੍ਹਾਂ ਵਿੱਚੋਂ ਕੋਈ ਭੀ ਬੰਦੇ ਦੇ ਨਾਲ[48] ਨਹੀ ਟੁਰਦੀ[47]। |
| ਇਸਟੁ[49] ਮੀਤੁ[50] ਨਾਮੁ ਨਾਨਕ ਕੋ ਹਰਿ ਨਾਮੁ ਮੇਰੈ ਭੰਡਾਰੈ[51] ॥੨॥੨॥੭॥ | Nanak seeks the Name of dear[49] Friend[50]; God's Name is my treasure[51], he says. | ਨਾਨਕ ਪਿਆਰੇ[49] ਮਿੱਤ੍ਰ[50] ਦੇ ਨਾਮ ਦਾ ਯਾਚਕ ਹੈ। ਰੱਬ ਦਾ ਨਾਮ ਹੀ ਉਸ ਦਾ ਖ਼ਜ਼ਾਨਾ[51] ਹੈ। |
| ਟੋਡੀ ਮ: ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ। |
| ਨੀਕੇ[52] ਗੁਣ[53] ਗਾਉ ਮਿਟਹੀ[54] ਰੋਗ[55] ॥ | Sing thou the sublime[52] praises[53] of the Lord, and thine maladies[55] shall be cured[54]. | ਤੂੰ ਸਾਹਿਬ ਦੀਆਂ ਸ੍ਰੇਸ਼ਟ[52] ਸਿਫ਼ਤਾਂ[53] ਗਾਇਨ ਕਰ ਅਤੇ ਤੇਰੀਆਂ ਬੀਮਾਰੀਆਂ[55] ਦੂਰ ਹੋ ਜਾਣਗੀਆਂ[54]। |
| ਮੁਖ[56] ਊਜਲ[57] ਮਨੁ ਨਿਰਮਲ[58] ਹੋਈ ਹੈ ਤੇਰੋ | Thy countenance[56] shall become bright[57] and thy mind immaculate[58] | ਤੇਰਾ ਚਿਹਰਾ[56] ਪ੍ਰਕਾਸ਼ਮਾਨ[57]ਤੇ ਤੇਰਾ ਹਿਰਦਾ ਪਵਿੱਤ੍ਰ[58] ਹੋ ਜਾਵੇਗਾ ਅਤੇ ਤੂੰ ਇਸ[60] ਅਤੇ ਉਸ[61] ਲੋਕ[62] ਵਿੱਚ |

| | | |
|---|---|---|
| ਰਹੈ[59] ਈਹਾ[60] ਊਹਾ[61] ਲੋਗੁ[62] ॥੧॥ਰਹਾਉ॥ | and thou shalt be saved[59] in this[60] and that[61] world[62]. Pause. | ਖ਼ਲਾਸੀ ਪਾ ਜਾਵੇਂਗਾ[59] । ਠਹਿਰਾਉ ! |
| ਚਰਨ[64] ਪਖਾਰਿ[64] ਕਰਉ ਗੁਰ ਸੇਵਾ ਮਨਹਿ[65] ਚਰਾਵਉ[66] ਭੋਗੁ[67] ॥ | I wash[64] Guru's feet[63] and serve him and make[66] I an offering[67] of my soul[65] to him. | ਮੈਂ ਗੁਰਾਂ ਦੇ ਚਰਨ[63] ਧੋਂਦਾ[64] ਅਤੇ ਉਨ੍ਹਾਂ ਦੀ ਸੇਵਾ ਕਰਦਾ ਹਾਂ ਅਤੇ ਆਪਣੀ ਆਤਮਾ[65] ਨੂੰ ਉਨ੍ਹਾਂ ਮੂਹਰੇ ਭੇਟਾ[67] ਰਖਦਾ[66] ਹਾਂ । |
| ਛੋਡਿ[68] ਆਪਤੁ[69] ਬਾਦੁ[70] ਅਹੰਕਾਰਾ[71] ਮਾਨੁ[72] ਸੋਈ ਜੋ ਹੋਗੁ[73] ॥੧॥ | Abandon[68] thou thy self-conceit[69], contention[70], and pride[71], and cheerfully accept[72] what comes[73] from God. | ਤੂੰ ਆਪਣੀ ਸਵੈ-ਹੰਗਤਾ[69], ਝਗੜੇ[70] ਅਤੇ ਹੰਕਾਰ[71] ਨੂੰ ਤਿਆਗ[68] ਦੇ ਅਤੇ ਜੋ ਰੱਬ ਵਲੋਂ ਆਉਂਦਾ[73] ਹੈ, ਉਸ ਨੂੰ ਖ਼ੁਸ਼ੀ ਨਾਲ ਸਵੀਕਾਰ ਕਰ[72] । |
| ਸੰਤ ਟਹਲ[74] ਸੋਈ[75] ਹੈ ਲਾਗਾ[76] ਜਿਸੁ ਮਸਤਕਿ[77] ਲਿਖਿਆ[78] ਲਿਖੋਗੁ[79] ॥ | He alone[75] attaches[76] himself to the saints' service[74], on whose forehead[77] such a destiny[79] is writ[78]. | ਕੇਵਲ ਉਹੀ[75] ਸਾਧੂਆਂ ਦੀ ਸੇਵਾ[74] ਅੰਦਰ ਜੁੜਦਾ[76] ਹੈ, ਜਿਸ ਦੇ ਮੱਥੇ[77] ਉੱਤੇ ਐਸੀ ਪ੍ਰਾਲਭਧ[79] ਲਿਖੀ ਹੋਈ[78] ਹੁੰਦੀ ਹੈ । |
| ਕਹੁ ਨਾਨਕ ਏਕ ਬਿਨੁ[83] ਦੂਜਾ[80] ਅਵਰੁ[81] ਨ ਕਰਣੈ ਜੋਗੁ[82] ॥੨॥੩॥੮॥ | Says Nanak, except[83] the one Lord, there is not any[80] other[81] potent[82] to accomplish aught. | ਗੁਰੂ ਜੀ ਫ਼ੁਰਮਾਉਂਦੇ ਹਨ : ਇੱਕ ਸਾਹਿਬ ਦੇ ਬਾਝੋਂ[83] ਕੋਈ[80] ਹੋਰ[81] ਕੁਝ ਭੀ ਕਰਨ ਨੂੰ ਸਮਰਥ[82] ਨਹੀਂ । |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ । |
| ਸਤਿਗੁਰ ਆਇਓ ਸਰਣਿ[84] ਤੁਹਾਰੀ[85] ॥ | My True Guru, I have sought Thy[85] protection[84]. | ਮੇਰੇ ਸੱਚੇ ਗੁਰੂ ਜੀ, ਮੈਂ ਤੁਹਾਡੀ[85] ਪਨਾਹ[84] ਲਈ ਹੈ । |
| ਮਿਲੈ[86] ਸੂਖੁ[87] ਨਾਮੁ ਹਰਿ ਸੋਭਾ[88] ਚਿੰਤਾ[89] ਲਾਹਿ[90] ਹਮਾਰੀ[91] ॥੧॥ਰਹਾਉ॥ | Grant[86] me the peace[87] and glory[88] of God's Name, and remove[90] thou my[91] anxiety[89]. Pause. | ਮੈਨੂੰ ਰੱਬ ਦੇ ਨਾਮ ਦੀ ਠੰਢ ਚੈਨ[87] ਅਤੇ ਪ੍ਰਭਤਾ[88] ਬਖ਼ਸ਼[86] ਅਤੇ ਮੇਰਾ[91] ਫ਼ਿਕਰ[89] ਦੂਰ ਕਰ[90] । ਠਹਿਰਾਉ । |
| ਅਵਰ ਨ ਸੂਝੈ[95] ਦੂਜੀ ਠਾਹਰ[96] ਹਾਰਿ[92] ਪਰਿਓ[93] ਤਉ ਦੁਆਰੀ[94] ॥ | I see[95] not any other place of shelter[96]. Growing weary[92] I have fallen[93] at Thy door[94]. | ਮੈਨੂੰ ਹੋਰ ਕੋਈ ਪਨਾਹ[96] ਦੀ ਥਾਂ ਨਹੀਂ ਦਿਸਦੀ[95] । ਹਾਰ ਹੰਭ ਕੇ[92] ਮੈਂ ਤੇਰੇ ਬੂਹੇ[94] ਤੇ ਆ ਡਿੱਗਾ[93] ਹਾਂ । |
| ਲੇਖਾ[97] ਛੋਡਿ[98] ਅਲੇਖੈ[99] ਛੂਟਹ[100] ਹਮ ਨਿਰਗੁਨ[2] ਲੇਹੁ ਉਬਾਰੀ[3] ॥੧॥ | Heed[98] not my account[97] for I can only be saved[100] by ignoring the account[99]. Save[3] Thou, me, the meritless[2] one, O Lord. | ਮੇਰਾ ਹਿਸਾਬ ਕਿਤਾਬ[97] ਨਾ ਪੜਤਾਲ[98], ਮੈਂ ਕੇਵਲ ਲੇਖੇ ਪੱਤੇ ਨੂੰ ਅੱਖਾਂ ਤੋਂ ਓਹਲੇ ਕਰਨ ਨਾਲ[99] ਹੀ ਬਚ ਸਕਦਾ[100] ਹਾਂ । ਮੈਂ ਗੁਣ-ਵਿਹੂਣ[2] ਦਾ ਪਾਰ ਉਤਾਰਾ[3] ਕਰ ਦੇ, ਹੇ ਸੁਆਮੀ ! |
| ਸਦ ਬਖਸਿੰਦੁ[4] ਸਦਾ[5] ਮਿਹਰਵਾਨਾ[7] ਸਭਨਾ ਦੇਇ ਅਧਾਰੀ[6] ॥ | Ever pardoner[4] art Thou, ever[5] Beneficent[7]. Thou, O Lord, givest support[6] to all. | ਤੂੰ ਸਦਾ ਮਾਫ਼ੀ ਦੇਣਹਾਰ[4] ਹੈਂ, ਹਮੇਸ਼ਾ[5] ਹੀ ਦਇਆਲੂ[7] ਹੈ । ਹੇ ਸੁਆਮੀ, ਸਾਰਿਆਂ ਨੂੰ ਆਸਰਾ[6] ਦਿੰਦਾ ਹੈ । |
| ਨਾਨਕ ਦਾਸ[8] ਸੰਤ ਪਾਛੈ ਪਰਿਓ[9] ਰਾਖਿ[10] ਲੇਹੁ ਇਹ ਬਾਰੀ[12] ॥੨॥੪॥੯॥ | Slave[8] Nanak follows the way[9] of saints. Save[10] him Thou, O Lord, this time[12] (in this life). | ਗੋਲਾ[8] ਨਾਨਕ ਸਾਧੂਆਂ ਦੇ ਮਾਰਗ[9] ਚਲਦਾ ਹੈ । ਹੇ ਸਾਹਿਬ ! ਤੂੰ ਉਸ ਨੂੰ ਇਸ ਜਨਮ ਵਿਚ ਜਾਂ ਇਸ ਦਫ਼ਾ[12] ਬਚਾ[10] ਲੈ । |

| | | |
|---|---|---|
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ । |
| ਰਸਨਾ[13] ਗੁਣ[14] ਗੋਪਾਲ[15] ਨਿਧਿ[16] ਗਾਇਣਿ[17]॥ ਸਾਂਤਿ[18] ਸਹਜੁ[19] ਰਹਸੁ[20] ਮਨਿ[24] ਉਪਜਿਓ[21] ਸਗਲੇ ਦੂਖ[22] ਪਲਾਇਣ[23] ॥੧॥ਰਹਾਉ॥ | When my tongue[13] sings[17] the praise[14] of the Lord[15], the ocean[16] of virtues, Peace[18], poise[19] and delight[20] well up[21] in my mind[24] and all the sorrows[22] flee away[23]. Pause. | ਜਦ ਮੇਰੀ ਜੀਭ[13], ਗੁਣਾਂ ਦੇ ਸਮੁੰਦਰ[16] ਸੁਆਮੀ[15] ਦਾ ਜੱਸ[14] ਗਾਇਨ ਕਰਦੀ[17] ਹੈ, ਤਾਂ ਮੇਰੇ ਹਿਰਦੇ[24] ਅੰਦਰ ਸੁੱਖ[18], ਅਡੋਲਤਾ[19] ਅਤੇ ਅਨੰਦ[20] ਪੈਦਾ ਹੋ ਆਉਂਦੇ[21] ਹਨ ਅਤੇ ਸਾਰੇ ਦੁਖੜੇ[22] ਦੌੜ ਜਾਂਦੇ[23] ਹਨ । ਠਹਿਰਾਉ । |
| ੭੧੪ | | |
| ਜੋ ਮਾਗਹਿ ਸੋਈ[25] ਸੋਈ ਪਾਵਹਿ ਸੇਵਿ ਹਰਿ ਕੇ ਚਰਣ[26] ਰਸਾਇਣ[27] ॥ | Whatever thou askest, that[25] all, thou shalt obtain by serving the Lord's feet[26], the Abode of delight[27]. | ਖ਼ੁਸ਼ੀ ਦੇ ਘਰ[27], ਸੁਆਮੀ ਦੇ ਚਰਨਾਂ[26] ਦੀ ਘਾਲ ਕਮਾਉਣ ਦੁਆਰਾ ਜਿਹੜਾ ਕੁੱਛ ਤੂੰ ਮੰਗਦਾ ਹੈਂ, ਉਹੀ[25], ਉਹੀ ਕੁੱਛ ਤੂੰ ਪਾ ਲਵੇਂਗਾ । |
| ਜਨਮ ਮਰਣ ਦੁਹਹੂ[28] ਤੇ ਛੂਟਹਿ[29] [30]ਭਵਜਲੁ[31] ਜਗਤੁ[32] ਤਰਾਇਣ[33] ॥੧॥ | Thou shalt be free[29] both[28] from birth and death and shalt cross[33] the terrible[30] world[32] ocean[31]. | ਤੂੰ ਜੰਮਣ ਤੇ ਮਰਣ ਦੋਨਾਂ[28] ਤੋਂ ਖ਼ਲਾਸੀ[29] ਪਾ ਜਾਵੇਂਗਾ, ਅਤੇ ਭਿਆਨਕ[30] ਸੰਸਾਰ[32] ਸਮੁੰਦਰ[31] ਤੋਂ ਪਾਰ[33] ਹੋ ਵੰਞੇਗਾ । |
| ਖੋਜਤ[34] ਖੋਜਤ ਤਤੁ[35] ਬੀਚਾਰਿਓ[36] ਦਾਸ[37] ਗੋਵਿੰਦ[38] ਪਰਾਇਣ[39] ॥ | Searching[34] and searching, I have ascertained[36] this reality[35] that the Lord's[38]slave[37] is dedicated[39]unto Him. | ਭਾਲ[34] ਭਾਲ ਕੇ ਮੈਂ ਇਹ ਅਸਲੀਅਤ[35]ਨਿਰਣੈ ਕੀਤੀ[36] ਹੈ ਕਿ ਸੁਆਮੀ[38] ਦਾ ਗੋਲਾ[37] ਉਸ ਦੇ ਸਮਰਪਨ[39] ਹੋਇਆ ਹੋਇਆ ਹੁੰਦਾ ਹੈ । |
| ਅਬਿਨਾਸੀ[40] ਖੇਮ[41] ਚਾਹਹਿ[42] ਜੇ ਨਾਨਕ ਸਦਾ[43] ਸਿਮਰਿ[44] ਨਾਰਾਇਣ[45] ॥੨॥੫॥੧੦॥ | O Nanak, if thou desirest[42] eternal[40] bliss[41], remember[44] thou ever[43] the Omnipresent Lord[45]. | ਹੇ ਨਾਨਕ ! ਜੇਕਰ ਤੂੰ ਸਦੀਵੀ[40] ਖ਼ੁਸ਼ੀ[41] ਲੋੜਦਾ[42] ਹੈਂ ਤਾਂ ਤੂੰ ਹਮੇਸ਼ਾ[43] ਹੀ ਸਰਬ-ਵਿਆਪਕ ਸੁਆਮੀ[45] ਦਾ ਆਰਾਧਨ[44] ਕਰ । |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ । |
| ਨਿੰਦਕੁ[46] ਗੁਰ ਕਿਰਪਾ[47] ਤੇ ਹਾਟਿਓ[48] ॥ | By Guru's grace[47], the slanderer[46] has been warded off[48]. | ਗੁਰਾਂ ਦੀ ਰਹਿਮਤ[47] ਸਦਕਾ, ਨਿੰਦਿਆ ਕਰਨ ਵਾਲਾ[46] ਦੂਰ ਹਟਾ ਦਿੱਤਾ ਗਿਆ[48] ਹੈ । |
| ਪਾਰਬ੍ਰਹਮ[49] ਪ੍ਰਭ[50] ਭਏ ਦਇਆਲਾ[51] ਸਿਵ ਕੈ ਬਾਣਿ[52] ਸਿਰੁ[53] ਕਾਟਿਓ[54] ॥੧॥ਰਹਾਉ॥ | Supreme Lord[49], the Master[50], became merciful[51], and He tore[54] his head[53] with the Shiva's arrow[52]. Pause. | ਸ਼੍ਰੋਮਣੀ ਸੁਆਮੀ[49], ਮਾਲਕ[50], ਮਿਹਰਬਾਨ[51] ਹੋ ਗਿਆ ਹੈ ਅਤੇ ਉਸ ਨੇ ਸਿਵਜੀ ਦੇ ਤੀਰ[52] ਨਾਲ ਉਸ ਦਾ ਸਿਰ[53] ਕੱਟ ਸੁਟਿਆ[54] ਹੈ । ਠਹਿਰਾਉ । |
| ਕਾਲੁ[57] ਜਾਲੁ[55] ਜਮੁ[56] ਜੋਹਿ[58] ਨ ਸਾਕੈ ਸਚ ਕਾ ਪੰਥਾ[59] ਥਾਟਿਓ[60] ॥ | Death[57] and death's[56] noose[55] can stare[58] me not, as I have owned[60] the path[59] of truth. | ਮੌਤ[57] ਅਤੇ ਮੌਤ[56] ਦੀ ਫ਼ਾਹੀ[55] ਮੈਨੂੰ ਤੱਕ[58] ਨਹੀਂ ਸਕਦੇ; ਕਿਉਂਕਿ ਮੈਂ ਸੱਚ ਦਾ ਮਾਰਗ[59] ਪੱਕੇ ਤੌਰ ਤੇ ਅਪਨਾ[60] ਲਿਆ ਹੈ । |
| ਖਾਤ[61] ਖਰਚਤ[62] ਕਿਛੁ ਨਿਖੁਟਤ[63] ਨਾਹੀ ਰਾਮ[67] ਰਤਨੁ[64] ਧਨੁ[65] ਖਾਟਿਓ[66]॥੧॥ | The jewel[64] of the Lord's Name[67], I have earned[66] as my wealth[65] which exhausts[63] not by eating[61] and spendling[62]. | ਸਾਹਿਬ ਦੇ ਨਾਮ[67] ਦਾ ਜਵੇਹਰ[64] ਮੈਂ ਆਪਣੀ ਦੌਲਤ[65] ਵਜੋਂ ਕਮਾਇਆ[66] ਹੈ । ਜੋ ਖਾਣ[61] ਤੇ ਖਰਚਣ[62] ਨਾਲ ਮੁਕਦੀ[63] ਨਹੀਂ । |
| ਭਸਮਾ[69] ਭੂਤ ਹੋਆ ਖਿਨ[68] | In[72] an instant[68] the slanderer got | ਇੱਕ ਮੁਹਤ[68] ਵਿੱਚ[72] ਦੂਸ਼ਨ ਲਾਉਣ ਵਾਲਾ ਸੁਆਹ[69]ਹੋ |

| | | |
|---|---|---|
| ਭੀਤਰਿ[72] ਅਪਨਾ ਕੀਆ[70] ਪਾਇਆ[71] ॥ | reduced to ashes[69], and thus obtained[71] the fruit of his actions[70]. | ਗਿਆ ਅਤੇ ਇਸ ਤਰ੍ਹਾਂ ਉਸ ਨੇ ਆਪਣੇ ਕਰਮਾਂ[70] ਦਾ ਫਲ ਪਾ ਲਿਆ[71] । |
| ਆਗਮ[73] ਨਿਗਮੁ ਕਹੈ[74] ਜਨੁ[75] ਨਾਨਕੁ ਸਭੁ[76] ਦੇਖੈ ਲੋਕੁ[77] ਸਬਾਇਆ[78] ॥੨॥੬॥੧੧॥ | Slave[75] Nanak tells[74] the hidden thing[73], and the whole[76], wide[78] world[77] sees it. | ਦਾਸ[75] ਨਾਨਕ ਗ਼ੈਬੀ ਗਲ[73] ਆਖਦਾ[74] ਹੈ, ਅਤੇ ਸਾਰਾ[76], ਵਿਆਪਕ[78] ਸੰਸਾਰ[77] ਇਸ ਨੂੰ ਵੇਖਦਾ ਹੈ । |
| ਟੋਡੀ ਮ: ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ । |
| ਕਿਰਪਨ[79] ਤਨ[80] ਮਨ[81] ਕਿਲਵਿਖ[82] ਭਰੇ[83] ॥ | O miser[79], thy body[80] and mind[81] are filled[83] with sin[82]. | ਹੇ ਕੰਜੂਸ[79] ! ਤੇਰੀ ਦੇਹ[80] ਤੇ ਦਿਲ[81] ਪਾਪ[82] ਨਾਲ ਭਰੇ ਪਏ[83] ਹਨ । |
| ਸਾਧਸੰਗਿ ਭਜਨੁ[84] ਕਰਿ ਸੁਆਮੀ ਢਾਕਨ[85] ਕਉ ਇਕੁ[86] ਹਰੇ ॥੧॥ਰਹਾਉ॥ | In the society of saints, remember[84] Thou the Lord. God alone[86] can cover[85] thy sins. Pause. | ਸਤਿ ਸੰਗਤ ਅੰਦਰ ਤੂੰ ਸਾਹਿਬ ਦਾ ਸਿਮਰਨ[84] ਕਰ । ਕੇਵਲ[86] ਵਾਹਿਗੁਰੂ ਹੀ ਤੇਰੇ ਪਾਪ ਕੱਜ ਸਕਦਾ[85] ਹੈ । ਠਹਿਰਾਉ । |
| ਅਨਿਕ[87] ਛਿਦ੍ਰ[88] ਬੋਹਿਥ[89] ਕੇ ਛੁਟਕਤ[90] ਥਾਮ[91] ਨ ਜਾਹੀ ਕਰੇ[92] ॥ | When many[87] holes[88] occur[90] in the ship[89], they cannot be plugged[91] with hands[92]. | ਜਦ ਜਹਾਜ਼[89] ਵਿਚ ਬਹੁਤ ਸਾਰੀਆਂ[87] ਮੋਰੀਆਂ[88] ਪੈ ਜਾਣ[90], ਤਾਂ ਉਹ ਹੱਥਾਂ[92] ਨਾਲ ਬੰਦ[91] ਨਹੀਂ ਹੋ ਸਕਦੀਆਂ । |
| ਜਿਸੁ ਕਾ ਬੋਹਿਥੁ ਤਿਸੁ[93] ਆਰਾਧੇ[94] ਖੋਟੇ[95] ਸੰਗਿ[96] ਖਰੇ[97] ॥੧॥ | Contemplate[94] thou on Him[93] to whom the ship belongs, and through whose grace the counterfeit[95] also cross over with[96] the genuine[97]. | ਤੂੰ ਉਸ[93] ਦਾ ਸਿਮਰਨ[94] ਕਰ ਜਿਸ ਦੀ ਮਲਕੀਅਤ ਜਹਾਜ਼ ਹੈ ਅਤੇ ਜਿਸ ਦੀ ਸੰਗਤ ਅੰਦਰ ਖੋਟੇ[95] ਭੀ ਖਰਿਆ[97] ਨਾਲ[96] ਤਰ ਜਾਂਦੇ ਹਨ । |
| ਗਲੀ[98] ਸੈਲ[98] ਉਠਾਵਤ[100] ਚਾਹੈ[2] ਓਇ[3] ਊਹਾ[4] ਹੀ ਹੈ ਧਰੇ[5] ॥ | Man wants[2] to lift[100] a mountain[99] with words[98], but that[3] remains stationed[5] at that very place[4]. | ਬੰਦਾ ਗੱਲੀਂ ਬਾਤੀਂ[98] ਪਹਾੜ[99] ਨੂੰ ਚੁਕਣਾ[100] ਚਾਹੁੰਦਾ[2] ਹੈ, ਪਰ ਉਹ[3] ਉੱਥੇ[4] ਹੀ ਟਿਕਿਆ ਰਹਿੰਦਾ[5] ਹੈ, ਜਿੱਥੇ ਉਹ ਹੈ । |
| ਜੋਰੁ[6] ਸਕਤਿ[7] ਨਾਨਕ ਕਿਛੁ ਨਾਹੀ ਪ੍ਰਭ ਰਾਖਹੁ[8] ਸਰਣਿ[9] ਪਰੇ[10] ॥੨॥੭॥੧੨॥ | Nanak has no strength[6] and power[7]. O Lord, do Thou preserve[8] him who has sought[10] Thy protection[9]. | ਨਾਨਕ ਦੇ ਪੱਲੇ ਕੋਈ ਸਤਿਆ[6] ਅਤੇ ਤਾਕਤ[7] ਨਹੀਂ, ਹੇ ਸਾਹਿਬ ! ਤੂੰ ਉਸ ਦੀ ਰੱਖਿਆ ਕਰ[8] । ਜਿਸ ਨੇ ਤੇਰੀ ਪਨਾਹ[9] ਲਈ[10] ਹੈ । |
| ਟੋਡੀ ਮਹਲਾ ੫ ॥ | Thdi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ । |
| ਹਰਿ ਕੇ ਚਰਨ[12] ਕਮਲ[13] ਮਨਿ[14] ਧਿਆਉ[15] ॥ | Dwell[15] thou on the Lord's lotus[13] feet[12] in thy mind[14]. | ਤੂੰ ਹਰੀ ਦੇ ਕੰਵਲ[13] ਚਰਨਾਂ[12] ਦਾ ਆਪਣੇ ਚਿੱਤ[14] ਅੰਦਰ ਚਿੰਤਨ[15] ਕਰ । |
| ਕਾਢਿ[16] ਕੁਠਾਰੁ[17] ਪਿਤ[18] ਬਾਤ[19] ਹੰਤਾ[20] ਅਉਖਧੁ[21] ਹਰਿ ਕੋ ਨਾਉ ॥੧॥ ਰਹਾਉ॥ | The medicine[21] of God's Name is said[16] to destory[20] with an axe[17] the diseases of bile[18] and phlegm[19]. Pause. | ਰੱਬ ਦੇ ਨਾਮ ਦੀ ਦਵਾਈ[21] ਸਫਰਾ[18] ਤੇ ਬਲਗਮ[19] ਦੀਆਂ ਬੀਮਾਰੀਆਂ ਨੂੰ ਕੁਹਾੜੇ[17] ਨਾਲ ਨਾਸ ਕਰ ਦੇਣ ਵਾਲੀ[20] ਕਹੀ ਜਾਂਦੀ[16] ਹੈ । ਠਹਿਰਾਉ । |
| ਤੀਨੇ ਤਾਪ[22] ਨਿਵਾਰਣ | The Lord is the Remover[23] of the | ਸਾਹਿਬ ਤਿੰਨਾ ਹੀ ਬੁਖ਼ਾਰਾਂ[22] ਨੂੰ ਦੂਰ ਕਰਨਹਾਰ[23] ਹੈ । |

| | | |
|---|---|---|
| ਹਾਰਾ[23] ਦੂਖ ਹੰਤਾ[24] ਸੁਖ ਰਾਸਿ[25] ॥ | three fevers[22]. He is the Destroyer[24] of distress and the stock[25] of peace. | ਉਹ ਦੁਖੜੇ ਨਾਸ ਕਰਨ ਵਾਲਾ[24] ਅਤੇ ਆਰਾਮ ਚੈਨ ਦੀ ਪੂੰਜੀ[25] ਹੈ । |
| ਤਾ ਕਉ[26] ਬਿਘਨੁ[27] ਨ ਕੋਊ ਲਾਗੈ[28] ਜਾ ਕੀ ਪ੍ਰਭ ਆਗੈ ਅਰਦਾਸਿ[29] ॥੧॥ | No obstacle[27] befalls[28] him[26], who prayeth[29] before his Lord. | ਉਸ ਨੂੰ[26] ਕੋਈ ਔਕੜ[27] ਪੇਸ਼[28] ਨਹੀਂ ਆਉਂਦੀ, ਜੋ ਆਪਣੇ ਪ੍ਰਭੂ ਦੇ ਹਜ਼ੂਰ ਪ੍ਰਾਰਥਨਾ[29] ਕਰਦਾ ਹੈ । |
| ਸੰਤ ਪ੍ਰਸਾਦਿ[30] ਬੈਦ[31] ਨਾਰਾਇਣੰ[32] ਕਰਣ[33] ਕਾਰਣ[34] ਪ੍ਰਭ ਏਕ[35] ॥ | By saints' grace[30], the Primal Being[32] has become my physician[31]. The Lord alone[35] is the Doer[33] of all deeds[34]. | ਸਾਧੂਆਂ ਦੀ ਦਇਆ[30] ਦੁਆਰਾ ਪ੍ਰਥਮ ਪੁਰਖ[32] ਮੇਰਾ ਹਕੀਮ[31] ਹੋ ਗਿਆ ਹੈ । ਕੇਵਲ[35] ਸੁਆਮੀ ਹੀ ਸਾਰੇ ਕਾਰਜ[34] ਕਰਨ ਵਾਲਾ[33] ਹੈ । |
| ਬਾਲ[36] ਬੁਧਿ[37] ਪੂਰਨ[38] ਸੁਖ[42] ਦਾਤਾ[39] ਨਾਨਕ ਹਰਿ ਹਰਿ[40] ਟੇਕ[41] ॥੨॥੮॥੧੩॥ | O Nanak, the Lord God[40] is the Giver[39] of perfect[38] peace[42] and support[41] of the child-like[36], innocently minded[37] persons. | ਹੇ ਨਾਨਕ ! ਸੁਆਮੀ[40] ਵਾਹਿਗੁਰੂ ਬੱਚੇ ਵਰਗੀ[36] ਭੋਲੀ ਭਾਲੀ ਮਤ ਵਾਲਿਆਂ[37] ਪੁਰਸ਼ਾਂ ਨੂੰ ਪੂਰਾ[38] ਆਰਾਮ[42] ਤੇ ਆਸਰਾ[41] ਦੇਣ ਵਾਲਾ[39] ਹੈ । |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ । |
| ਹਰਿ ਹਰਿ[42] ਨਾਮੁ ਸਦਾ ਸਦ ਜਾਪਿ[43] ॥ | Ever and at all times, meditate[43] thou on the Lord Master's[42] Name. | ਤੂੰ ਸਦੀਵ, ਅਤੇ ਹਰ ਵੇਲੇ ਹੀ ਸੁਆਮੀ ਮਾਲਕ[42] ਦੇ ਨਾਮ ਦਾ ਉਚਾਰਨ[43] ਕਰ । |
| ਧਾਰਿ[44] ਅਨੁਗ੍ਰਹੁ[45] ਪਾਰਬ੍ਰਹਮ[46] ਸੁਆਮੀ[47] ਵਸਦੀ[48] ਕੀਨੀ ਆਪਿ[49] ॥੧॥ਰਹਾਉ॥ | Showing[44] His mercy[45], the supreme Lord[46] Master[47] has Himself[49] made the town flourish[48] again. Pause. | ਆਪਣੀ ਮਿਹਰ[45] ਕਰਕੇ[44] ਸ਼੍ਰੋਮਣੀ ਸਾਹਿਬ[46], ਮਾਲਕ[47], ਨੇ ਖ਼ੁਦ[49] ਨਗਰੀ ਨੂੰ ਨਵੇਂ ਸਿਰਿਓਂ ਆਬਾਦ ਕਰ ਦਿੱਤਾ[48] ਹੈ । ਠਹਿਰਾਉ । |
| ਜਿਸ ਕੇ ਸੇ ਫਿਰਿ[50] ਤਿਨ ਹੀ ਸਮ੍ਹਾਲੇ[51] ਬਿਨਸੇ[52] ਸੋਗ[53] ਸੰਤਾਪ[54] ॥ | He, to whom I belong, has, again[50], taken care[51] of me, and I am rid of[52] sorrow[53] and suffering[54]. | ਜੀਹਦਾ ਮੈਂ ਹਾਂ, ਉਸ ਨੇ ਮੁੜ[50] ਮੇਰੀ ਸੰਭਾਲ ਕੀਤੀ[51] ਹੈ, ਅਤੇ ਮੈਂ ਗ਼ਮਾਂ[53] ਅਤੇ ਦੁਖ[54] ਤੋਂ ਖ਼ਲਾਸੀ ਪਾ ਗਿਆ[52] ਹਾਂ । |
| ਹਾਥ ਦੇਇ ਰਾਖੇ[55] ਜਨ[56] ਅਪਨੇ ਹਰਿ ਹੋਏ[57] ਮਾਈ[58] ਬਾਪ[59] ॥੧॥ | Giving His hand, the Lord has Himself protected[55] me, His slave[56], by becoming[57] my mother[58] and father[59]. | ਆਪਣਾ ਹੱਥ ਦੇ ਕੇ, ਸਾਹਿਬ ਨੇ, ਮੈਨੂੰ, ਆਪਣੇ ਗੋਲੇ[56], ਨੂੰ, ਬਚਾ ਲਿਆ[55] ਹੈ ਅਤੇ ਖ਼ੁਦ ਹੀ ਮੇਰਾ ਮਾਤਾ[58] ਪਿਤਾ[59] ਹੋ ਗਿਆ[57] ਹੈ । |
| ਜੀਅ[60] ਜੰਤ[61] ਹੋਏ ਮਿਹਰਵਾਨਾ[62] ਦਯਾ[63] ਧਾਰੀ[64] ਹਰਿ ਨਾਥ[65] ॥ | God, the Lord[65], has showered[64] His benediction[63] and the men[60] and other beings[61] have become kind[62] to me. | ਵਾਹਿਗੁਰੂ, ਸੁਆਮੀ[65], ਨੇ ਮਿਹਰ[63] ਕੀਤੀ[64] ਹੈ, ਅਤੇ ਮਨੁਖ[60] ਤੇ ਹੋਰ ਜੀਵ[61] ਮੇਰੇ ਉੱਤੇ ਦਇਆਲੂ[62] ਹੋ ਗਏ ਹਨ । |
| ਨਾਨਕ ਸਰਨਿ[66] ਪਰੇ ਦੂਖ ਭੰਜਨ[67] ਜਾ ਕਾ ਬਡ[68] ਪਰਤਾਪ[69] ॥੩॥੯॥੧੪॥ | Nanak has sought the protection[66] of the Destroyer[67] of distress, great[68] is whose glory[69]. | ਨਾਨਕ ਨੇ ਦੁਖ ਦੂਰ ਕਰਨ ਵਾਲੇ[67] ਦੀ ਟੇਕ[66] ਲਈ ਹੈ, ਵਿਸ਼ਾਲ[68] ਹੈ ਜਿਸ ਦਾ ਤੱਪ ਤੇਜ[69] । |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ । |
| ਸੁਾਮੀ ਸਰਨਿ ਪਰਿਓ ਦਰਬਾਰੇ[70] ॥ | O Lord, I seek the refuge of Thy court[70]. | ਹੇ ਸੁਆਮੀ ! ਮੈਂ ਤੇਰੀ ਦਰਗਾਹ[70] ਦੀ ਪਨਾਹ ਲੋੜਦਾ ਹਾਂ । |

| | | |
|---|---|---|
| ਕੋਟਿ[71] ਅਪਰਾਧ[72] ਖੰਡਨ[73] ਕੇ ਦਾਤੇ[74] ਤੁਝ ਬਿਨੁ ਕਉਨੁ ਉਧਾਰੇ[75] ॥੧॥ਰਹਾਉ॥ | O Lord[74], the Destroyer[73] of myriad[71] of sins[72], who else can save[75] me without Thee. Pause. | ਹੇ ਦਾਤਾਰ[74] ! ਤੂੰ ਕ੍ਰੋੜਾਂ[71] ਪਾਪਾਂ[72] ਨੂੰ ਨਾਸ ਕਰਨ ਵਾਲਾ[73] ਹੈਂ । ਤੇਰੇ ਬਾਝੋਂ ਮੈਨੂੰ ਹੋਰ ਕੌਣ ਬਚਾ[75] ਸਕਦਾ ਹੈ । ਠਹਿਰਾਉ । |
| ਖੋਜਤ[76] ਖੋਜਤ ਬਹੁ[77] ਪਰਕਾਰੇ[78] ਸਰਬ[79] ਅਰਥ[80] ਬੀਚਾਰੇ[81] ॥ | Searching[76] and searching in various[77] ways[78], I have thought over[81] all[79] the objects[80] of life. | ਅਨੇਕਾਂ[77] ਤਰੀਕਿਆਂ[78] ਨਾਲ ਭਾਲ[76], ਭਾਲ ਕੇ, ਮੈਂ ਜੀਵਨ ਦੇ ਸਾਰੇ[79] ਮਨੋਰਥ[80] ਸੋਚੇ ਵੀਚਾਰੇ[81] ਹਨ । |
| ਸਾਧਸੰਗਿ ਪਰਮ[82] ਗਤਿ[83] ਪਾਈਐ ਮਾਇਆ[84] ਰਚਿ[85] ਬੰਧਿ[86] ਹਾਰੇ[87] ॥੧॥ | Through the saints' society alone, the sublime[82] status[83] is obtained. Bound[86] to and engrossed[85] in mammon[84], the man loses[87] the game. | ਸਤਿ ਸੰਗਤ ਰਾਹੀਂ ਹੀ ਮਹਾਨ[82] ਮਰਤਬਾ[83] ਪਰਾਪਤ ਹੋ ਜਾਂਦਾ ਹੈ ਅਤੇ ਧਨ-ਦੌਲਤ[84] ਨਾਲ ਬੱਝਿਆ[86] ਤੇ ਖੱਚਤ[85] ਹੋਇਆਂ, ਬੰਦਾ ਬਾਜ਼ੀ ਹਾਰ ਜਾਂਦਾ[87] ਹੈ । |
| ੭੧੫ | | |
| ਚਰਨ[88] ਕਮਲ[89] ਸੰਗਿ[90] ਪ੍ਰੀਤਿ[91] ਮਨਿ[92] ਲਾਗੀ ਸੁਰ ਜਨਿ[93] ਮਿਲੇ ਪਿਆਰੇ[94]॥ | Meeting with the dear[94] Guru, the great person[93], my soul[92] has come to bear love[91] with[90] the Lord's lotus[89] feet[88]. | ਮਹਾਂ ਪੁਰਸ਼[93], ਪ੍ਰੀਤਮ[94] ਗੁਰਾਂ ਨਾਲ ਮਿਲ ਕੇ, ਮੇਰੀ ਆਤਮਾ[92] ਦੀ ਪ੍ਰਭੂ ਦੇ ਚਰਨਾਂ[88] ਕਮਲਾਂ[89] ਨਾਲ[90] ਪਿਰਹੜੀ[91] ਪੈ ਗਈ ਹੈ । |
| ਨਾਨਕ ਅਨਦ[95] ਕਰੇ ਹਰਿ ਜਪਿ ਜਪਿ[96] ਸਗਲੇ[97] ਰੋਗ[98] ਨਿਵਾਰੇ[99] ॥੨॥੧੦॥੧੫॥ | Remembering[96] and ever remembering the Lord, Nanak makes merry[95] and all[97] his aliments[98] are over[99]. | ਸਾਹਿਬ ਨੂੰ ਸਿਮਰ[96], ਸਿਮਰ ਕੇ ਨਾਨਕ ਅਨੰਦ ਮਾਣਦਾ[95] ਹੈ, ਅਤੇ ਉਸ ਦੇ ਸਾਰੇ[97] ਦੁਖੜੇ[98] ਦੂਰ ਹੋ ਗਏ ਹਨ[99] । |
| ਟੋਡੀ ਮਹਲਾ ੫ ਘਰੁ ੩ ਚਉਪਦੇ | Todi 5th Guru Chaupadas. | ਟੋਡੀ ਪੰਜਵੀਂ ਪਾਤਿਸ਼ਾਹੀ ਚਉਪਦੇ । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ । |
| ਹਾਂ ਹਾਂ[100] ਲਪਟਿਓ[2] ਰੇ[3] ਮੂੜ੍ਹੇ[4] ਕਛੂ[5] ਨ ਥੋਰੀ[6] ॥ | Alas[100] ! O[3] fool[4], alas ! thou cling[2] to mammon and thy love with it is not at all[5] insignificent[6]. | ਅਫ਼ਸੋਸ[100] ! ਅਫ਼ਸੋਸ ! ਹੇ[3] ਮੂਰਖ[4] ਤੂੰ ਮਾਇਆ ਨਾਲ ਚਿਮੜਿਆ ਹੋਇਆ[2] ਹੈ । ਇਸ ਨਾਲ ਤੇਰੀ ਪ੍ਰੀਤ ਕੁਝ[5] ਥੋੜੀ[6] ਨਹੀਂ । |
| ਤੇਰੋ ਨਹੀ ਸੁ[7] ਜਾਨੀ[8] ਮੋਰੀ[9] ॥ਰਹਾਉ॥ | What[7] thou deemest[8] thine own[9], is not thine. Pause. | ਜਿਸ ਨੂੰ[7] ਤੂੰ ਆਪਣਾ ਨਿੱਜ ਦਾ[9] ਜਾਣਦਾ[8] ਹੈ, ਉਹ ਤੇਰਾ ਨਹੀਂ । ਠਹਿਰਾਉ । |
| ਆਪਨ ਰਾਮੁ[10] ਨ ਚੀਨੋ[12] ਖਿਨੂਆ[13] ॥ | Thy Lord[10], thou contemplatest[12] not even for a trice[13]. | ਆਪਣੇ ਪ੍ਰਭੂ[10] ਨੂੰ ਤੂੰ ਇਕ ਲਮ੍ਹੇ[13] ਭਰ ਲਈ ਭੀ ਨਹੀਂ ਸਿਮਰਦਾ[12] । |
| ਜੋ ਪਰਾਈ[14] ਸੁ[15] ਅਪਨੀ ਮਨੂਆ[16] ॥੧॥ | What belongs to another[14], that[15] thou deemest[16] thine own. | ਜਿਹੜੀ ਕਿਸੇ ਦੀ[14] ਮਲਕੀਅਤ ਹੈ, ਉਸ ਨੂੰ[15] ਤੂੰ ਆਪਣੀ ਨਿੱਜ ਦੀ ਜਾਣਦਾ[16] ਹੈਂ । |
| ਨਾਮੁ ਸੰਗੀ[17] ਸੋ[19] ਮਨਿ ਨ ਬਸਾਇਓ[18] ॥ | The Name which is thy real companion[17], that[19], thou enshrinest[18] not in thy mind. | ਨਾਮ, ਜੋ ਤੇਰਾ ਸਾਥੀ[17] ਹੈ । ਉਸ ਨੂੰ[19] ਤੂੰ ਆਪਣੇ ਚਿੱਤ ਵਿੱਚ ਨਹੀਂ ਵਸਾਉਂਦਾ[18] । |

| | | |
|---|---|---|
| ਛੋਡਿ ਜਾਹਿ ਵਾਹੂ[20] ਚਿਤੁ ਲਾਇਓ[21] ॥੨॥ | What thou hast to leave, with that[20], thou hast attached[21] thy mind. | ਜਿਸ ਨੂੰ ਤੂੰ ਤਿਆਗ ਜਾਣਾ ਹੈ, ਉਸ[20] ਨਾਲ ਤੂੰ ਆਪਣਾ ਮਨ ਜੋੜਿਆ ਹੋਇਆ[21] ਹੈ। |
| ਸੋ[22] ਸੰਚਿਓ[23] ਜਿਤੁ[24] ਭੂਖ[25] ਤਿਸਾਇਓ[26] ॥ | Thou amasseth[23] that[22], which[24] shall keep thee hungry[25] and thirsty[26]. | ਤੂੰ ਉਸ[22] ਨੂੰ ਇਕੱਤਰ ਕਰਦਾ[23] ਹੈਂ, ਜੋ[24] ਤੈਨੂੰ ਭੁੱਖਾ[25] ਤੇ ਤਿਹਾਇਆ[26] ਰੱਖੇਗਾ। |
| ਅੰਮ੍ਰਿਤ[27] ਨਾਮੁ ਤੋਸਾ[28] ਨਹੀ ਪਾਇਓ ॥੩॥ | Thou hast not obtained the viaticum[28] of the ambrosial[27] Name. | ਤੈਂ ਅੰਮ੍ਰਿਤਮਈ[27] ਨਾਮ ਦਾ ਸਫ਼ਰ ਖਰਚ[28] ਪਰਾਪਤ ਨਹੀਂ ਕੀਤਾ। |
| ਕਾਮ[29] ਕ੍ਰੋਧਿ[30] ਮੋਹ[31] ਕੂਪ[32] ਪਰਿਆ[33] ॥ | Thou hast fallen[33] into the well[32] of lust[29], wrath[30] and worldly love[31]. | ਤੂੰ ਮਿਥਨ ਹੁਲਾਸ[29], ਗੁਸੇ[30] ਅਤੇ ਸੰਸਾਰੀ ਮਮਤਾ[31] ਦੇ ਖੂਹ[32] ਵਿਚ ਡਿੱਗ ਪਿਆ[33] ਹੈ। |
| ਗੁਰ ਪ੍ਰਸਾਦਿ[34] ਨਾਨਕ ਕੋ[35] ਤਰਿਆ[36] ॥੪॥੧॥੧੬॥ | Nanak, rare[35] is the person, who is saved[36] through the Guru's grace[34]. | ਨਾਨਕ, ਕਿਸੇ ਵਿਰਲੇ[35] ਪੁਰਸ਼ ਦਾ ਹੀ, ਗੁਰਾਂ ਦੀ ਦਇਆ[34] ਰਾਹੀਂ ਪਾਰ ਉਤਾਰਾ[36] ਹੁੰਦਾ ਹੈ। |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ। |
| ਹਮਾਰੈ ਏਕੈ[37] ਹਰੀ ਹਰੀ[38] ॥ | I have but one[37] God, my Lord[38]. | ਮੇਰਾ ਕੇਵਲ ਇੱਕ[37] ਵਾਹਿਗੁਰੂ, ਮੈਂਡਾ ਮਾਲਕ[38] ਹੈ। |
| ਆਨ ਅਵਰ[39] ਸਿਞਾਨਿ[40] ਨ ਕਰੀ ॥੧॥ ਰਹਾਉ॥ | I recognise[40] not any other[39]. Pause. | ਮੈਂ ਹੋਰ ਕਿਸੇ[39] ਦੀ ਪਛਾਣ[40] ਨਹੀਂ ਕਰਦਾ। ਠਹਿਰਾਉ। |
| ਵਡੈ[41] ਭਾਗਿ[42] ਗੁਰੁ ਅਪੁਨਾ ਪਾਇਓ ॥ | By great[41] good fortune[42], I have found my Guru. | ਭਾਰੇ[41] ਚੰਗੇ ਭਾਗਾਂ[42] ਰਾਹੀਂ ਮੈਂ ਆਪਣਾ ਗੁਰੂ ਪਰਾਪਤ ਕੀਤਾ ਹੈ। |
| ਗੁਰਿ ਮੋ ਕਉ ਹਰਿ ਨਾਮੁ ਦ੍ਰਿੜਾਇਓ[43] ॥੧॥ | The Guru has implanted[43] the God's Name within me. | ਗੁਰਾਂ ਨੇ ਮੇਰੇ ਅੰਦਰ ਰੱਬ ਦਾ ਨਾਮ ਪੱਕਾ ਕੀਤਾ[43] ਹੈ। |
| ਹਰਿ[44] ਹਰਿ ਜਾਪ[45] ਤਾਪ[46] ਬ੍ਰਤ[47] ਨੇਮਾ[48] ॥ | For me, the Lord God's[44] meditation[45] is my real austerity[46], fasting[67] and religious rituals[48]. | ਸੁਆਮੀ ਵਾਹਿਗੁਰੂ[44] ਦਾ ਸਿਮਰਨ[45] ਹੀ ਮੇਰੇ ਲਈ ਸਚੀ ਤਪੱਸਿਆ[46], ਉਪਹਾਸ[47] ਅਤੇ ਧਾਰਮਕ ਕਰਮ ਕਾਂਡ[48] ਹਨ। |
| ਹਰਿ ਹਰਿ ਧਿਆਇ[49] ਕੁਸਲ[50] ਸਭਿ ਖੇਮਾ[51] ॥੨॥ | Contemplating[49] the Lord God, I gather all joy[50] and peace[51]. | ਸੁਆਮੀ ਵਾਹਿਗੁਰੂ ਦਾ ਆਰਾਧਨ[49] ਕਰਨ ਦੁਆਰਾ ਮੈਂ ਸਮੂਹ ਖ਼ੁਸ਼ੀ[50] ਅਤੇ ਆਰਾਮ[51] ਪਾਉਂਦਾ ਹਾਂ। |
| ਆਚਾਰ[52] ਬਿਉਹਾਰ[53] ਜਾਤਿ[54] ਹਰਿ ਗੁਨੀਆ[55] ॥ | The Lord's praise[55] is my culture[52], occupation[53] and caste[54]. | ਸਾਹਿਬ ਦੀ ਕੀਰਤੀ[55] ਮੇਰਾ ਚਾਲ ਚਲਨ[52], ਕਾਰ-ਵਿਹਾਰ[53] ਅਤੇ ਜਾਤ ਗੋਤ[54] ਹੈ। |
| ਮਹਾ[56] ਅਨੰਦ[57] ਕੀਰਤਨ[58] ਹਰਿ ਸੁਨੀਆ ॥੩॥ | Hearing the singing of praise[58] of the Lord, I feel great[56] joy[57]. | ਪ੍ਰਭੂ ਦੇ ਜੱਸ ਦਾ ਆਲਾਪ[58] ਸ੍ਰਵਣ ਕਰਕੇ, ਮੈਨੂੰ ਪਰਮ[56] ਖ਼ੁਸ਼ੀ[57] ਮਹਿਸੂਸ ਹੁੰਦੀ ਹੈ। |
| ਕਹੁ ਨਾਨਕ ਜਿਨਿ ਠਾਕੁਰੁ ਪਾਇਆ ॥ ਸਭੁ ਕਿਛੁ ਤਿਸ ਕੇ ਗ੍ਰਿਹ[59] ਮਹਿ[60] ਆਇਆ ॥੪॥੨॥੧੭॥ | Says Nanak, the man who has attained to his Lord, gathers everything in[60] his home[59]. | ਗੁਰੂ ਜੀ ਆਖਦੇ ਹਨ, ਜਿਸ ਨੇ ਪ੍ਰਭੂ ਨੂੰ ਪਾ ਲਿਆ ਹੈ, ਉਸ ਦੇ ਘਟ[59] ਵਿੱਚ[60] ਸਭ ਕੁੱਝ ਆ ਜਾਂਦਾ ਹੈ। |
| ਟੋਡੀ ਮਹਲਾ ੫ ॥ ਘਰੁ ੪ ਦੁਪਦੇ | Todi 5th Guru Dupadas | ਟੋਡੀ ਪੰਜਵੀਂ ਪਾਤਿਸ਼ਾਹੀ ਦੁਪਦੇ |

| | | |
|---|---|---|
| ੧ ੴ ਸਤਿਗੁਰ ਪ੍ਰਸਾਦਿ ॥ | There is but One Ood. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ। |
| ਰੂੜੋ[61] ਮਨੁ ਹਰਿ ਰੰਗੋ[62] ਲੋੜੈ[63] ॥ | My beautiful[61] mind desires[63] the love[62] of the Lord. | ਮੇਰਾ ਸੁੰਦਰ[61] ਮਨੂਆ ਪ੍ਰਭੂ ਦੀ ਪ੍ਰੀਤ[62] ਨੂੰ ਚਾਹੁੰਦਾ[63] ਹੈ। |
| ਗਾਲੀ[64] ਹਰਿ ਨੀਹੁ[65] ਨ ਹੋਇ ॥ਰਹਾਉ॥ | By mere words[64] God's love[65] wells up not. Pause. | ਨਿਰੀਆਂ ਗੱਲਾਂ ਬਾਤਾਂ[64] ਨਾਲ ਹਰੀ ਦਾ ਪ੍ਰੇਮ[65] ਉਤਪੰਨ ਨਹੀਂ ਹੁੰਦਾ। ਠਹਿਰਾਉ। |
| ਹਉ ਢੂਢੇਦੀ[66] ਦਰਸਨ[67] ਕਾਰਣਿ[68] ਬੀਥੀ[69] ਬੀਥੀ ਪੇਖਾ[70] ॥ | Searching[66] for[68] a sight[67] of Him, I look[70] in from lane to lane[69]. | ਉਸ ਦੇ ਦੀਦਾਰ[67] ਲਈ[68] ਭਾਲਦੀ[66] ਹੋਈ ਮੈਂ ਗਲੀ[69] ਗਲੀ ਵੇਖਦੀ[70] ਫਿਰਦੀ ਹਾਂ। |
| ਗੁਰ ਮਿਲਿ ਭਰਮੁ[71] ਗਵਾਇਆ[72] ਹੇ ॥੧॥ | On meeting the Guru, my doubt[71] is dispelled[72]. | ਗੁਰਾਂ ਨਾਲ ਮਿਲ ਪੈਣ ਤੇ ਮੇਰਾ ਸੰਦੇਹ[71] ਦੂਰ ਹੋ ਗਿਆ[72] ਹੈ। |
| ਇਹ ਬੁਧਿ[73] ਪਾਈ ਮੈ ਸਾਧੂ ਕੰਨਹੁ[74] ਲੇਖੁ[75] ਲਿਖਿਓ[76] ਧੁਰਿ[77] ਮਾਥੈ[78]॥ | This wisdom[73], I have obtained from[74] the saints, as per the pre[77]-ordained[76] destiny[75] writ on my brow[78]. | ਮੇਰੇ ਮੱਥੇ[78] ਉਤੇ ਮੁੱਢਦੀ[77] ਲਿਖੀ[77] ਹੋਈ ਪ੍ਰਾਲਭਦ[75] ਅਨੁਸਾਰ ਇਹ ਸਿਆਣਪ[73] ਮੈਂ ਸੰਤਾਂ ਪਾਸੋਂ[74] ਪਾਈ ਹੈ। |
| ਇਹ ਬਿਧਿ[79] ਨਾਨਕ ਹਰਿ ਨੈਣ[80] ਅਲੋਇਦਿ[81] ॥੨॥੧॥੧੮॥ | In this way[79], Nanak has seen[81] God with his eyes[80]. | ਇਸ ਤਰੀਕੇ[79] ਨਾਲ, ਨਾਨਕ ਨੇ ਵਾਹਿਗੁਰੂ ਦੇ ਆਪਣੀਆਂ ਅੱਖਾਂ[80] ਨਾਲ ਦਰਸ਼ਨ ਕਰ ਲਏ[81] ਹਨ। |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ। |
| ਗਰਬਿ[81]ਗਹਿਲੜੋ[83]ਮੂੜੜੋ[84] ਹੀਓ ਰੇ[86] ॥ ਹੀਓ[85] ਮਹਰਾਜ[87] ਰੀ ਮਾਇਓ[88] ॥ ਡੀਹਰ[89] ਨਿਆਈ[90] ਮੋਹਿ[91] ਫਾਕਿਓ[92] ਰੇ ॥ਰਹਾਉ॥ | O[86], my soul[86], my ignorant[84] soul is in the grip[83] of pride[82]. Such is the will of my reverened[87] Lord that mammon[88] has gulped[92] me[91] like[90] a witch[89]. Pause. | ਓ[86]! ਮੇਰੀ ਆਤਮਾ[85], ਮੇਰੀ ਮੂਰਖ[84] ਆਤਮਾ, ਹੰਕਾਰ[82] ਦੀ ਪਕੜ[83]ਵਿੱਚ ਹੈ। ਪੂਜਯ[87] ਪ੍ਰਭੂ ਦੀ ਇਹੋ ਜਹੀ ਰਜ਼ਾ ਹੈ ਕਿ ਮਾਇਆ ਨੇ ਮੈਨੂੰ[91] ਡੈਣ[89] ਦੀ ਤਰ੍ਹਾਂ[90] ਹੜੱਪ[92] ਕਰ ਲਿਆ ਹੈ। ਠਹਿਰਾਉ। |
| ਘਣੋ[92] ਘਣੋ ਘਣੋ ਸਦ[96] ਲੋੜੈ[93]ਬਿਨੁ ਲਹਣੇ[94] ਕੈਠੈ[95] ਪਾਇਓ[97] ਰੇ ॥ | More[92], more and yet more wealth, the man ever[96] hankers[93] after, but unless destined to receive[94], how[95] can he obtain[97] it ? | ਬਹੁਤੀ[92], ਬਹੁਤੀ, ਬਹੁਤੀ ਮਾਇਆ ਬੰਦਾ ਹਮੇਸ਼ਾ[96] ਚਾਹੁੰਦਾ[93] ਹੈ, ਪਰ ਪ੍ਰਾਲਭਧ ਵਿਚ ਲਿਖੀ ਹੋਈ ਪਰਾਪਤੀ[94] ਦੇ ਬਾਝੋਂ ਉਹ ਇਸ ਨੂੰ ਕਿਸ ਤਰ੍ਹਾਂ[95] ਪਾ ਸਕਦਾ[97] ਹੈ ? |
| ਮਹਰਾਜ[98] ਰੋ[99] ਗਾਥੁ[100] ਵਾਹੂ[2] ਸਿਉ[3] ਲੁਭੜਿਓ[4] ਨਿਹਭਾਗੜੋ[5] ਭਾਹਿ[6] ਸੰਜੋਇਓ[7] ਰੇ ॥੧॥ | The [98]Lord's[99] wealth[100], with[3] that[2], the man is entangled[4]. O ! the unfortunate[5] one attaches[7] himself to the fire[6] of desires. | ਪ੍ਰਭੂ[98] ਦੀ[99] ਦੌਲਤ[100], ਉਸ[2] ਨਾਲ[3] ਇਨਸਾਨ ਫਸਿਆ ਹੋਇਆ[4] ਹੈ। ਨਿਕਰਮਣ[5] ਬੰਦਾ ਖ਼ਾਹਿਸ਼ਾਂ ਦੀ ਅੱਗ[6] ਨਾਲ ਆਪਣੇ ਆਪ ਨੂੰ ਜੋੜਦਾ[7] ਹੈ। |
| ਸੁਣਿ ਮਨ[8] ਸੀਖ[9] ਸਾਧੂ ਜਨ[10] ਸਗਲੋ[12] ਥਾਰੇ[13] | O man[8], listen thou to the holy men's[10] advice[9]. Thus shall all[14] | ਹੇ ਬੰਦੇ[8]! ਤੂੰ ਪਵਿੱਤਰ ਪੁਰਸ਼ ਦੀ[10] ਨਸੀਹਤ[9] ਨੂੰ ਸ੍ਰਵਣ ਕਰ। ਇਸ ਤਰ੍ਹਾਂ ਤੇਰੇ[13] ਸਮੂਹ[14] ਪਾਪ[15] ਪੂਰੀ ਤਰ੍ਹਾਂ[12] |

| | | |
|---|---|---|
| ਸਗਲੇ[14] ਪ੍ਰਾਛਤ[15]ਮਿਟਿਓ[16] ਰੇ ॥ | thine[13] sins[15] be entirely[12] washed off[16]. | ਧੋਤੇ ਜਾਣਗੇ[16] । |
| ਜਾ ਕੋ ਲਹਣੋ[17] ਮਹਰਾਜ[18] ਰੀ ਗਾਠੜੀਓ[19] ਜਨ[20] ਨਾਨਕ ਗਰਭਾਸਿ[21] ਨ ਪਉੜਿਓ[22]ਰੇ॥੨॥੨॥੧੯॥ | He, who is destined to receive[17] in his skirt[19], the Lord's[18] blessing, he, O slave[20] Nanak, enters[22] not the womb[21] again. | ਜਿਸ ਦੇ ਪੱਲੇ[19] ਸਾਹਿਬ[18] ਦੀ ਰਹਿਮਤ ਦੀ ਪਰਾਪਤੀ[17] ਲਿਖੀ ਹੋਈ ਹੈ, ਉਹ, ਹੇ ਗੋਲੇ[20] ਨਾਨਕ ! ਮੁੜ ਕੇ, ਪੇਟ[21] (ਜੰਮਣ ਦੇ ਗੇੜ) ਅੰਦਰ ਨਹੀਂ ਪੈਂਦਾ[22] । |
| ੭੧੬ | | |
| ਟੋਡੀ ਮਹਲਾ ੫ ਘਰੁ ੫ ਦੁਪਦੇ | Todi 5th Guru Dupadas. | ਟੋਡੀ ਪੰਜਵੀਂ ਪਾਤਿਸ਼ਾਹੀ ਦੁਪਦੇ । |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪਰਾਪਤ ਹੁੰਦਾ ਹੈ । |
| ਐਸੋ[23] ਗੁਨੁ[24] ਮੇਰੋ ਪ੍ਰਭ ਜੀ[25] ਕੀਨ ॥ | Such[23] beneficence[24], my sire[25] Lord has done unto me. | ਮੇਰੇ ਮਹਾਰਾਜ[25] ਸੁਆਮੀ ਨੇ ਮੇਰੇ ਉੱਤੇ ਐਹੋ ਜਿਹਾ[23] ਉਪਕਾਰ[24] ਕੀਤਾ ਹੈ । |
| ਪੰਚ ਦੋਖ[26] ਅਰੁ[27] ਅਹੰ[28] ਰੋਗ[29] ਇਹ[30] ਤਨ[31] ਤੇ ਸਗਲ[32] ਦੂਰਿ ਕੀਨ[33] ॥ ਰਹਾਉ ॥ | The five evils[26] and[27] the ailment[29] of ego[28], these[30], He has all[32] banished away[33] from my body[31]. Pause. | ਪੰਜੇ ਬੁਰਿਆਈਆਂ[26] ਅਤੇ[27] ਹੰਕਾਰ[28] ਦੀ ਬੀਮਾਰੀ[29], ਇਹ[30] ਉਸ ਨੇ ਸਮੂਹ[32] ਹੀ ਮੇਰੀ ਦੇਹ[31] ਤੋਂ ਪਰੇ ਕਰ ਦਿੱਤੇ[33] ਹਨ । ਠਹਿਰਾਉ । |
| ਬੰਧਨ[34] ਤੋਰਿ ਛੋਰਿ[36] ਬਿਖਿਆ[37] ਤੇ ਗੁਰ ਕੋ ਸਬਦੁ[38] ਮੇਰੈ ਹੀਅਰੈ[39] ਦੀਨ[40] ॥ | Shattering[35] my shackles[34] and freeing[36] me from vices[27], He has enshrined[40] the Guru's word[38] within my mind[39]. | ਮੇਰੀਆਂ ਬੇੜੀਆਂ[34] ਕੱਟ[35] ਕੇ ਅਤੇ ਮੈਨੂੰ ਮਾਇਆ[37] ਤੋਂ ਛੁਡਾ ਕੇ[36], ਉਸ ਨੇ ਗੁਰਾਂ ਦੀ ਬਾਣੀ[38] ਮੇਰੇ ਅੰਤਰ-ਆਤਮੇ[39] ਅਸਥਾਪਨ[40] ਕੀਤੀ ਹੈ । |
| ਰੂਪੁ[41] ਅਨਰੂਪੁ[42] ਮੋਰੋ ਕਛੁ ਨ ਬੀਚਾਰਿਓ[43] ਪ੍ਰੇਮ[44] ਗਹਿਓ[45] ਮੋਹਿ ਹਰਿ ਰੰਗ[46] ਭੀਨ[47] ॥੧॥ | The Lord dwelt[43] not on my beauty[41] or deformity[42], but lovingly[44] held[45] me and thus I got immersed[47] in His love[46]. | ਸੁਆਮੀ ਨੇ ਮੇਰੇ ਸੁਹੱਪਣ[41] ਜਾਂ ਕੁਸੋਹਜ[42] ਵਲ ਧਿਆਨ[43] ਨਾ ਦਿੱਤਾ, ਤੇ ਮੈਨੂੰ ਪਿਆਰ ਨਾਲ[44] ਪਕੜ ਲਿਆ[45] ਅਤੇ ਇਸ ਤਰ੍ਹਾਂ ਮੈਂ ਉਸ ਦੀ ਪ੍ਰੀਤ[46] ਵਿਚ ਭਿੱਜ ਗਿਆ[47] ਹਾਂ । |
| ਪੇਖਿਓ[48] ਲਾਲਨੁ[49] ਪਾਟ[50] ਬੀਚ[51] ਖੋਏ[52] ਅਨਦ[53] ਚਿਤਾ[54] ਹਰਖੇ[58] ਪਤੀਨ[56]॥ | The intervening[51] curtain[50] is torn off[52] and I see[48] my Beloved[49]. My jovial[53] mind[54] is now pleased[55] and satiated[56]. | ਵਿਚਕਾਰਲਾ[51] ਪੜਦਾ[50] ਪਾਟ ਗਿਆ[52] ਹੈ ਅਤੇ ਮੈਂ ਆਪਣੇ ਪ੍ਰੀਤਮ[49] ਨੂੰ ਵੇਖ ਲਿਆ[48] ਹੈ । ਮੇਰਾ ਖੁਸ਼-ਤਬ੍ਹਾ[53] ਮਨ[54] ਹੁਣ ਰੱਜ ਕੇ[56] ਪ੍ਰਸੰਨ[55] ਹੋ ਗਿਆ ਹੈ । |
| ਤਿਸ[57] ਹੀ ਕੋ ਗ੍ਰਿਹੁ[58] ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ[59] ॥੨॥੧॥੨੦॥ | His[57] is the House[58], He is the Master and He, the Lord. Nanak is but a dependent[59] of His. | ਉਸੇ ਦਾ[57] ਘਰ[58] ਹੈ, ਓਹੀ ਮਾਲਕ ਹੈ, ਅਤੇ ਓਹੀ ਸੁਆਮੀ ! ਨਾਨਕ ਕੇਵਲ ਉਸ ਦਾ ਤਾਬੇਦਾਰ[59] ਹੈ । |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ । |

ਮਾਈ[60] ਮੇਰੇ ਮਨ ਕੀ ਪ੍ਰੀਤਿ[61] ॥

O my mother[60], my mind is in love[61] with my Master

ਹੇ ਮੇਰੀ ਮਾਤਾ[60] ! ਮੈਂਡੇ ਚਿੱਤ ਦਾ ਮੇਰੇ ਮਾਲਕ ਨਾਲ ਪ੍ਰੇਮ[61] ਹੈ ।

ਏਹੀ ਕਰਮ[62] ਧਰਮ[63]ਜਪ[64] ਏਹੀ ਰਾਮ[65]ਨਾਮ ਨਿਰਮਲ[66] ਹੈ ਰੀਤਿ[67] ॥ਰਹਾਉ॥

This, for me, is the religious deed[62] and creed[63] and this, the worship[64]. The meditation of the Lord's[65] Name is the pure[66] way of life[67]. Pause.

ਮੇਰੇ ਲਈ ਇਹ ਹੀ ਧਾਰਮਕ ਕੰਮ[62], ਈਮਾਨ[63] ਹੈ ਅਤੇ ਇਹ ਹੀ ਉਪਾਸ਼ਨਾ[64] । ਸੁਆਮੀ[65] ਦੇ ਨਾਮ ਦਾ ਸਿਮਰਨ ਹੀ ਪਵਿੱਤਰ[66] ਜੀਵਨ ਰਹੁ ਰੀਤੀ[67] ਹੈ । ਠਹਿਰਾਉ ।

ਪ੍ਰਾਨ[68] ਅਧਾਰ[69] ਜੀਵਨ[70] ਧਨ[71] ਮੋਰੈ[72] ਦੇਖਨ[73] ਕਉ ਦਰਸਨ[74] ਪ੍ਰਭ ਨੀਤਿ[75] ॥

Ever[75] to see[73] the vision[74] of the Lord, is the support[69] of my life-breath[68] and also my[72] life's[70] wealth[71].

ਹਮੇਸ਼ਾ[75] ਸੁਆਮੀ ਦਾ ਦੀਦਾਰ[74] ਵੇਖਣਾ[73], ਮੇਰੀ ਜਿੰਦ-ਜਾਨ[68] ਦਾ ਆਸਰਾ[69] ਅਤੇ ਮੇਰੀ[72] ਜ਼ਿੰਦਗੀ[70] ਦੀ ਦੌਲਤ[71] ਹੈ ।

ਬਾਟ[76] ਘਾਟ[77] ਤੋਸਾ[78] ਸੰਗਿ[79] ਮੋਰੈ ਮਨ[80] ਅਪੁਨੇ ਕਉ ਮੈ ਹਰਿ ਸਖਾ[81] ਕੀਤ ॥੧॥

On the way[76] and the wharf[77], the viaticum[78] of the Lord's love is with[79] me. My soul[80], I have made the Lord's companion[81].

ਰਸਤੇ[76] ਅਤੇ ਪੱਤਣ[77] ਉੱਤੇ ਪ੍ਰਭੂ ਦੇ ਪ੍ਰੇਮ ਦਾ ਸਫ਼ਰ-ਖਰਚ[78] ਮੇਰੇ ਨਾਲ[79] ਹੈ । ਆਪਣੀ ਆਤਮਾ[80] ਨੂੰ ਮੈਂ ਸੁਆਮੀ ਦਾ ਸੰਗੀ[81] ਬਣਾਇਆ ਹੈ ।

ਸੰਤ ਪ੍ਰਸਾਦਿ[82] ਭਏ ਮਨ ਨਿਰਮਲ[83] ਕਰਿ ਕਿਰਪਾ[84] ਅਪੁਨੇ[85] ਕਰਿ ਲੀਤ[86] ॥

By saints' grace[82], my mind has become immacnlate[83] and the Lord has mercifully[84] made[86] me His own[85].

ਸਾਧੂਆਂ ਦੀ ਦਇਆ[82] ਦੁਆਰਾ ਮੇਰਾ ਚਿੱਤ ਪਵਿੱਤਰ[83] ਹੋ ਗਿਆ ਹੈ ਅਤੇ ਮਿਹਰ ਧਾਰ ਕੇ[84], ਸਾਂਈਂ ਨੇ ਮੈਨੂੰ ਆਪਣਾ[85] ਨਿੱਜ ਦਾ ਬਣਾ ਲਿਆ[86] ਹੈ ।

ਸਿਮਰਿ[87] ਸਿਮਰਿ ਨਾਨਕ ਸੁਖੁ ਪਾਇਆ ਆਦਿ[88] ਜੁਗਾਦਿ[89] ਭਗਤਨ[90] ਕੇ ਮੀਤ[91] ॥੨॥੨॥੨੧॥

Contemplating[87] and ever contemplating the Lord, Nanak has obtained peace. From the very beginning[88] and the beginning of ages[89], the Lord has been the Friend[91] of His saints[90].

ਸੁਆਮੀ ਦਾ ਆਰਾਧਨ[87] ਕਰਨ ਦੁਆਰਾ ਨਾਨਕ ਨੇ ਆਰਾਮ ਪਰਾਪਤ ਕੀਤਾ ਹੈ । ਐਨ ਆਰੰਭ[88] ਅਤੇ ਯੁੱਗਾਂ ਦੇ ਆਰੰਭ[89] ਤੋਂ, ਪ੍ਰਭੂ ਸੰਤਾਂ[90] ਦਾ ਮਿੱਤਰ[91] ਰਿਹਾ ਹੈ ।

### ਟੋਡੀ ਮਹਲਾ ੫ ॥

### Todi 5th Guru.

### ਟੋਡੀ ਪੰਜਵੀਂ ਪਾਤਿਸ਼ਾਹੀ ।

ਪ੍ਰਭ ਜੀ[92] ਮਿਲੁ ਮੇਰੇ ਪ੍ਰਾਨ[93] ॥

My sire[92] Lord, meet Thou, with me. Thou art my very life[93].

ਮੇਰੇ ਮਹਾਰਾਜ[92] ਮਾਲਕ ! ਤੂੰ ਮੈਨੂੰ ਮਿਲ, ਤੂੰ ਮੇਰੀ ਜਿੰਦ-ਜਾਨ[93] ਹੈਂ ।

ਬਿਸਰੁ[94] ਨਹੀ ਨਿਮਖ[95] ਹੀਅਰੇ[96] ਤੇ ਅਪਨੇ ਭਗਤ[97] ਕਉ ਪੂਰਨ[98] ਦਾਨ[99] ॥ ਰਹਾਉ ॥

Be Thou not out[94] of my mind[96], even for a moment[95] and bless Thine devoted slave[97] with Thy perfect[98] beneficence[99]. Pause.

ਤੂੰ ਮੇਰੇ ਚਿੱਤੋਂ[96] ਇੱਕ ਮੁਹਤ[95] ਲਈ ਭੀ ਬਾਹਰ[94] ਨਾ ਹੋ ਅਤੇ ਆਪਣੇ ਪਿਆਰ-ਭਿੱਜੇ ਗੋਲੇ[97] ਨੂੰ ਆਪਣੀ ਪੂਰੀ[98] ਦਾਤ ਪਰਦਾਨ ਕਰ[99] । ਠਹਿਰਾਉ ।

ਖੋਵਹੁ[100] ਭਰਮੁ[2] ਰਾਖੁ[3] ਮੇਰੇ ਪ੍ਰੀਤਮ[4] ਅੰਤਰਜਾਮੀ[5] ਸੁਘੜ[6] ਸੁਜਾਨ[7] ॥

Dispel[100] my doubt[2] and save[3] me, O my accomplished[6] and Omniscient[7] loved[4] Lord, the searcher of hearts[5].

ਮੇਰਾ ਸੰਸਾ[2] ਨਵਿਰਤ[100] ਕਰ, ਮੇਰੀ ਰਖਿਆ ਕਰ[3], ਹੇ ਮੇਰੇ ਕਾਮਲ[6] ਅਤੇ ਸਰਬਗ[7], ਦਿਲਾਂ ਦੀਆਂ ਜਾਨਣਹਾਰ[5] ਪਿਆਰੇ[4] ਪ੍ਰਭੂ !

ਕੋਟਿ[8] ਰਾਜ[9] ਨਾਮ ਧਨੁ[10] ਮੇਰੈ ਅੰਮ੍ਰਿਤ[12] ਦ੍ਰਿਸਟਿ[13] ਧਾਰਹੁ[14] ਪ੍ਰਭ ਮਾਨ[15] ॥੧॥

For me, the wealth[10] of the Name is worth millions[8] of empires[9]. My adorable[15] Lord, bless[14] Thou me, with Thy ambrosial[12] look[13].

ਮੇਰੇ ਲਈ ਨਾਮ ਦੀ ਦੌਲਤ[10] ਕ੍ਰੋੜਾਂ[8] ਹੀ ਪਾਤਿਸ਼ਾਹੀਆਂ[9] ਹੈ । ਮੇਰੇ ਪੂਜਯ[15] ਪ੍ਰਭੂ ! ਤੂੰ ਮੈਨੂੰ ਆਪਣੀ ਸੁਧਾਸਰੂਪ[12] ਦ੍ਰਿਸ਼ਟੀ[13] ਪਰਦਾਨ[14] ਕਰ ।

ਆਠ ਪਹਰ ਰਸਨਾ[16]ਗੁਨ[17] ਗਾਵੈ ਜਸੁ[18] ਪੂਰਿ[19] ਅਘਾਵਹਿ[20] ਸਮਰਥ[21] ਕਾਨ[22] ॥

My tongue[16] sings Thy praise[17], eight watches of the day, and O powerful[21] Lord, Thine praise[18] fully[19] satiates[20] my ears[22].

ਮੇਰੀ ਜੀਭ[16] ਅੱਠੇ ਪਹਿਰ ਹੀ ਤੇਰੀ ਮਹਿਮਾਂ[17] ਗਾਇਨ ਕਰਦੀ ਹੈ, ਤੇ, ਹੇ ਬਲਵਾਨ[21] ਸਾਂਈਂ ! ਤੇਰੀ ਉਪਮਾ[18] ਨਾਲ ਮੇਰੇ ਕੰਨ[22] ਪੂਰੀ ਤਰ੍ਹਾਂ[19] ਤ੍ਰਿਪਤ ਹੁੰਦੇ[20] ਹਨ ।

ਤੇਰੀ ਸਰਣਿ[24] ਜੀਅਨ[25] ਕੇ ਦਾਤੇ[26] ਸਦਾ[27] ਸਦਾ ਨਾਨਕ ਕੁਰਬਾਨ[28] ॥੨॥੩॥੨੨॥

Seek I Thy refuge[24], O the Life[25]-giving[26] Lord. Ever[27], yea, forever, Nanak is a sacrifice[28] unto Thee.

ਮੈਂ ਤੇਰੀ ਪਨਾਹ[24] ਮੰਗਦਾ ਹਾਂ, ਹੇ ਜਿੰਦ ਜਾਨ[25] ਬਖ਼ਸ਼ਣਹਾਰ[26] ਸੁਆਮੀ ! ਹਮੇਸ਼ਾਂ[27], ਹਮੇਸ਼ਾਂ ਨਾਨਕ ਤੇਰੇ ਉਤੋਂ ਘੋਲੀ[28] ਵੰਞਦਾ ਹੈ ।

ਟੋਡੀ ਮਹਲਾ ੫ ॥

Todi 5th Guru.

ਟੋਡੀ ਪੰਜਵੀਂ ਪਾਤਿਸ਼ਾਹੀ ।

ਪ੍ਰਭ ਤੇਰੇ ਪਗ[29] ਕੀ ਧੂਰਿ[30] ॥

O My Master, I am the dust[30] of Thine feet[29].

ਮੇਰੇ ਮਾਲਕ, ਮੈਂ ਤੇਰੇ ਪੈਰਾਂ[79] ਦੀ ਧੂੜ[30] ਹਾਂ ।

ਦੀਨ[31] ਦਇਆਲ[32] ਪ੍ਰੀਤਮ[33] ਮਨਮੋਹਨ[34] ਕਰਿ ਕਿਰਪਾ[35]ਮੇਰੀ ਲੋਚਾ[36] ਪੂਰਿ[37] ॥ਰਹਾਉ॥

O my Beloved[33] Lord, compassionate[32] to the meek[31] and the soul-charmer[34], mercifully[35] fulfil[37] Thou my aspiration[36]. Pause.

ਹੇ ਮਸਕੀਨਾਂ[31] ਤੇ ਮਿਹਰਬਾਨ[32] ! ਅਤੇ ਆਤਮਾ ਨੂੰ ਮੋਹ ਲੈਣ-ਹਾਰ[34] ਪਿਆਰੇ[33] ਪ੍ਰਭੂ ! ਦਇਆ ਧਾਰ ਕੇ[35], ਤੂੰ ਮੇਰੀ ਸੱਧਰ[36] ਪੂਰਨ[37] ਕਰ । ਠਹਿਰਾਉ ।

ਦਹ[38]ਦਿਸ[39]ਰਵਿ ਰਹਿਆ[40] ਜਸੁ[41] ਤੁਮਰਾ ਅੰਤਰਜਾਮੀ[42] ਸਦਾ[43] ਹਜੂਰਿ[44] ॥

In ten[38] directions[39], Thy praise[41] is permeating[40], O Thou Inner-knower[42] and Ever[43] present[44].

ਦਸੀਂ[38] ਪਾਸੀਂ[39] ਤੇਰੀ ਕੀਰਤੀ[41] ਰਮ (ਵੱਸ) ਰਹੀ[40] ਹੈ । ਹੇ ਅੰਦਰਲੀਆਂ ਜਾਨਣਹਾਰ[42] ! ਤੂੰ ਸਦੀਵ[43] ਹੀ ਅੰਗ ਸੰਗ[44] ਹੈਂ ।

ਜੋ ਤੁਮਰਾ ਜਸੁ[45] ਗਾਵਹਿ ਕਰਤੇ[46] ਸੇ[47] ਜਨ[48]ਕਬਹੁ[49] ਨ ਮਰਤੇ ਝੂਰਿ[50] ॥੧॥

They, who sing Thy praise[45], O Creator[46], those[47] persons[48] die not ever[49] nor grieve[50].

ਜਿਹੜੇ ਤੇਰੀ ਮਹਿਮਾ[45] ਗਾਇਨ ਕਰਦੇ ਹਨ, ਹੇ ਸਿਰਜਣਹਾਰ[46]; ਉਹ[47] ਪੁਰਸ਼[48] ਕਦੇ[49] ਭੀ ਨਹੀਂ ਮਰਦੇ ਅਤੇ ਨਾ ਹੀ ਪਸਚਾਤਾਪ[50] ਕਰਦੇ ਹਨ ।

ਧੰਧ[51] ਬੰਧ[52] ਬਿਨਸੇ[53] ਮਾਇਆ[54] ਕੇ ਸਾਧੂ ਸੰਗਤਿ ਮਿਟੇ[55] ਬਿਸੂਰ[56] ॥

In the saints' society, vanish[53] the worldly[54] affairs[51] and entanglements[52] and all the sorrows[56] come to an end[55].

ਸਤਿ ਸੰਗਤ ਅੰਦਰ ਨਿਬੜ ਜਾਂਦੇ[53] ਹਨ ਸੰਸਾਰੀ[54] ਕੰਮ[51] ਦੇ ਬੰਧਨ[52] ਅਤੇ ਮੁੱਕ ਜਾਂਦੇ[55] ਹਨ ਸਾਰੇ ਰੁਝੇਵੇਂ[56] ।

ਸੁਖ[57] ਸੰਪਤਿ[58] ਭੋਗ[59] ਇਸੁ ਜੀਅ[60] ਕੇ ਬਿਨੁ ਹਰਿ ਨਾਨਕ ਜਾਨੇ[61] ਕੂਰ[62] ॥੨॥੪॥੨੩॥

The comforts[57] of wealth[58] and this mind's[60] revelments[59], without God, Nanak deems[61] them as false[62].

ਧਨ-ਦੌਲਤ[58] ਦੇ ਸੁਖ[57] ਅਤੇ ਇਸ ਮਨ[60] ਦੀਆਂ ਰੰਗਰਲੀਆਂ[59], ਵਾਹਿਗੁਰੂ ਦੇ ਬਾਝੋਂ, ਨਾਨਕ ਉਨ੍ਹਾਂ ਨੂੰ ਕੂੜੇ[62] ਜਾਣਦਾ[61] ਹੈ ।

ਟੋਡੀ ਮ: ੫ ॥

Todi 5th Guru.

ਟੋਡੀ ਪੰਜਵੀਂ ਪਾਤਿਸ਼ਾਹੀ ।

ਮਾਈ[63] ਮੇਰੇ ਮਨ ਕੀ ਪਿਆਸ[64] ॥

My mother[63], my mind thirsts[64] for the Lord.

ਮੇਰੀ ਮਾਤਾ[63], ਮੇਰੇ ਚਿੱਤ ਅੰਦਰ ਪ੍ਰਭੂ ਦੀ ਤੇਹ[64] ਹੈ ।

ਇਕੁ ਖਿਨੁ[65] ਰਹਿ ਨ ਸਕਉ ਬਿਨੁ ਪ੍ਰੀਤਮ[66] ਦਰਸਨ[67] ਦੇਖਨ ਕਉ ਧਾਰੀ ਮਨਿ ਆਸ[68] ॥ਰਹਾਉ॥

I can live not, even for a moment[65] without my Beloved[66]. Within my mind is the desire[68] to see His vision[67]. Pause.

ਮੈਂ ਆਪਣੇ ਪਿਆਰੇ[66] ਦੇ ਬਾਝੋਂ ਇੱਕ ਮੁਹਤ[65] ਭਰ ਭੀ ਰਹਿ ਨਹੀਂ ਸਕਦਾ । ਮੇਰੇ ਚਿੱਤ ਅੰਦਰ ਉਸ ਦਾ ਦੀਦਾਰ[67] ਵੇਖਣ ਦੀ ਚਾਹਨਾ[68] ਹੈ । ਠਹਿਰਾਉ ।

| | | |
|---|---|---|
| ਸਿਮਰਉ[69]ਨਾਮੁ ਨਿਰੰਜਨਿ[70] ਕਰਤੇ[71] ਮਨ ਤਨ ਤੇ ਸਭ ਕਿਲਵਿਖ[72] ਨਾਸ[73] ॥ | Contemplate[69] I, the Name of the immaculate[70] Creator[71] and all the sins[72] of my mind and body are washed off[73]. | ਪਵਿੱਤਰ[70] ਸਿਰਜਣਹਾਰ[71] ਦੇ ਨਾਮ ਦਾ ਮੈਂ ਆਰਾਧਨ ਕਰਦਾ[69] ਹਾਂ ਅਤੇ ਮੇਰੇ ਚਿੱਤ ਤੇ ਸਰੀਰ ਦੇ ਸਾਰੇ ਪਾਪ[72] ਧੋਤੇ ਗਏ[73] ਹਨ । |
| ਪੂਰਨ[74] ਪਾਰਬ੍ਰਹਮ[75] ਸੁਖਦਾਤੇ[76] ਅਬਿਨਾਸੀ[77] ਬਿਮਲ[78] ਜਾ ਕੋ[79] ਜਾਸ[80] ॥੧॥ | Imperishable[77], Omnipresent[74] and Peace-Giver[76] is the Transcendent Lord[75], immaculate[78] is whose[79] praise[80]. | ਨਾਸ-ਰਹਿਤ[77], ਸਰਬ-ਵਿਆਪਕ[74] ਅਤੇ ਆਰਾਮ ਦੇਣਹਾਰ[76] ਹੈ ਪਰਮ ਪ੍ਰਭੂ[75] ! ਪਵਿੱਤਰ[78] ਹੈ ਉਸ[79] ਦੀ ਸਿਫ਼ਤ ਸ਼ਲਾਘਾ[80] । |
| ਸੰਤ ਪ੍ਰਸਾਦਿ[81] ਮੇਰੇ ਪੂਰ[82] ਮਨੋਰਥ[83] ਕਰਿ ਕਿਰਪਾ[83] ਭੇਟੇ[85] [86]ਗੁਣਤਾਸ[87] ॥ | By saints' grace[81], my desires[83] are fulfilled[82] and Lord, the Treasure[87] of virtues[86], has mercifully[84] met[85] me. | ਸਾਧੂਆਂ ਦੀ ਰਹਿਮਤ[81] ਸਦਕਾ ਮੇਰੀਆਂ ਸੱਧਰਾਂ[83] ਪੂਰੀਆਂ ਹੋ ਗਈਆਂ[82] ਹਨ ਅਤੇ ਨੇਕੀਆਂ[86] ਦਾ ਖ਼ਜ਼ਾਨਾ[87] ਸੁਆਮੀ,ਦਇਆਧਾਰ[84]ਮੈਨੂੰ ਮਿਲ ਪਿਆ[85]ਹੈ । |
| ਸਾਂਤਿ[88] ਸਹਜ[89] ਸੂਖ[90] ਮਨਿ ਉਪਜਿਓ[91] ਕੋਟਿ[92] ਸੂਰ[93] ਨਾਨਕ ਪਰਗਾਸ[94] ॥੨॥੫॥੨੪॥ | Peace[88], poise[89] and pleasure[90] have welled up[91] in my mind and millions[92] of suns[93] shine[94] for me, O Nanak. | ਆਰਾਮ[88], ਅਡੋਲਤਾ[89] ਅਤੇ ਅਨੰਦ[90] ਮੇਰੇ ਚਿੱਤ ਅੰਦਰ ਉਤਪੰਨ ਹੋ ਗਏ[91] ਹਨ ਅਤੇ ਮੇਰੇ ਲਈ ਕ੍ਰੋੜਾਂ[92] ਹੀ ਸੂਰਜ[93] ਪ੍ਰਕਾਸ਼[94] ਹੋ ਗਏ ਹਨ, ਹੇ ਨਾਨਕ ! |
| ੭੧੭ | | |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ । |
| ਹਰਿ ਹਰਿ ਪਤਿਤ[95] ਪਾਵਨ[96] ॥ | The Lord God is the Purifier[96] of sinners[95]. | ਸੁਆਮੀ ਵਾਹਿਗੁਰੂ ਪਾਪੀਆਂ[95] ਨੂੰ ਪਵਿੱਤਰ ਕਰਨ ਵਾਲਾ[96] ਹੈ । |
| ਜੀਅ[97] ਪ੍ਰਾਨ[98] ਮਾਨ[99] ਸੁਖਦਾਤਾ[100] ਅੰਤਰਜਾਮੀ[2] ਮਨ ਕੋ ਭਾਵਨ[3] ॥ਰਹਾਉ॥ | God is the soul[97], life-breath[98] and the Giver[100] of honour[99] and peace. He is the Searcher of hearts[2] and is pleasing[3] to my mind. Pause. | ਵਾਹਿਗੁਰੂ, ਆਤਮਾ[97], ਜਿੰਦ ਜਾਨ[98], ਇੱਜ਼ਤ ਆਬਰੂ[99] ਅਤੇ ਆਰਾਮ ਬਖਸ਼ਣਹਾਰ[100] ਹੈ । ਉਹ ਦਿਲਾਂ ਦੀਆਂ[2] ਜਾਨਣਹਾਰ ਹੈ ਅਤੇ ਮੇਰੇ ਚਿੱਤ ਨੂੰ ਚੰਗਾ ਲਗਦਾ[3] ਹੈ । ਠਹਿਰਾਉ । |
| ਸੁੰਦਰੁ[4] ਸੁਘੜੁ[5] ਚਤੁਰੁ[6] ਸਭ ਬੇਤਾ[7] ਰਿਦ[8] ਦਾਸ[9] ਨਿਵਾਸ[10] ਭਗਤ[12] ਗੁਨ[13] ਗਾਵਨ ॥ | The Lord is beauteous[4], wise[5], clever[6] and all knowing[7]. The saints[12] sing the praises[13] of Him who abides[10] within His slave's[9] minds[8]. | ਪ੍ਰਭੂ ਸੁਨੱਖਾ[4], ਸਿਆਣਾ[5], ਹੁਸ਼ਿਆਰ[6] ਅਤੇ ਸਾਰਾ ਕੁਛ ਜਾਨਣਹਾਰ[7] ਹੈ । ਸਾਧੂ[12] ਉਸ ਦੀ ਮਹਿਮਾ[13] ਗਾਇਨ ਕਰਦੇ ਹਨ, ਜੋ ਆਪਣੇ ਸੇਵਕਾਂ[9] ਦੇ ਮਨ[8] ਅੰਦਰ ਵਸਦਾ[10] ਹੈ । |
| ਨਿਰਮਲ[14] ਰੂਪ[15] ਅਨੂਪ[16] ਸੁਆਮੀ ਕਰਮ[17] ਭੂਮਿ[18] ਬੀਜਨ ਸੋ ਖਾਵਨ ॥੧॥ | Of immaculate[14] form[15], the peerless[16] Lord is. The body is the field[18] of actions[17]; what the mortal sows, that[19] he eats. | ਪਵਿੱਤਰ[14] ਸਰੂਪ[15] ਵਾਲਾ ਹੈ, ਲਾਸਾਨੀ[16] ਸਾਹਿਬ । ਦੇਹ ਅਮਲਾਂ[17] ਦੀ ਧਰਤੀ[18] ਹੈ, ਜਿਹੜਾ ਕੁੱਛ ਪ੍ਰਾਣੀ ਇਸ ਵਿਚ ਬੀਜਦਾ ਹੈ ਉਹੀ[19] ਕੁਛ ਉਹ ਖਾਂਦਾ ਹੈ । |
| ਬਿਸਮਨ[20] ਬਿਸਮ[21] ਭਏ ਬਿਸਮਾਦਾ[22] ਆਨ[23] ਨ ਬੀਓ[24] ਦੂਸਰ ਲਾਵਨ[25] ॥ | I am amazed[21] and surprised[20] by Lord's wonder[22]. Any[23] other[24] second, I deem[25] not equal to Him. | ਮੈਂ ਪ੍ਰਭੂ ਦੀ ਅਦਭੁਤਤਾ[22] ਤੇ ਹੈਰਾਨ[20] ਤੇ ਚਕਰਿਤ ਹੋ ਗਿਆ[21] ਹਾਂ । ਕਿਸੇ[23] ਹੋਰਸ[24] ਦੂਜੇ ਨੂੰ ਮੈਂ ਉਸ ਦੇ ਤੁਲ ਨਹੀਂ ਜਾਣਦਾ[25] । |
| ਰਸਨਾ[26] ਸਿਮਰਿ[27] ਸਿਮਰਿ | Uttering[27] and uttering the Lord's | ਆਪਣੀ ਜੀਭਾ[26] ਨਾਲ ਸੁਆਮੀ ਦੀ ਮਹਿਮਾਂ[28],ਉਚਾਰਨ[27] |

| | | |
|---|---|---|
| ਜਸੁ[28]ਜੀਵਾ ਨਾਨਕ ਦਾਸ[29] ਸਦਾ[30]ਬਲਿ[31] ਜਾਵਨ ॥੨॥ ੬॥੨੫॥ | praises[28], with my tongue[26], live I. Slave[29] Nanak is ever[30] a sacrifice[31] unto Him. | ਉਚਾਰਨ ਕਰਨ ਦੁਆਰਾ, ਮੈਂ ਜੀਉਂਦਾ ਹਾਂ। ਗੋਲਾ[29] ਨਾਨਕ ਹਮੇਸ਼ਾ[30] ਉਸ ਉੱਤੋਂ ਕੁਰਬਾਨ[31] ਜਾਂਦਾ ਹੈ। |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ। |
| ਮਾਈ[32]ਮਾਇਆ[34] ਛਲੁ[33]॥ | O my mother[32], the mammon[34] is deceitful[33]. | ਹੇ ਮੇਰੀ ਮਾਤਾ[32]! ਸੰਸਾਰੀ ਮੋਹ ਮਾਇਆ[34] ਠੱਗ ਲੈਣ ਵਾਲੀ[33] ਹੈ। |
| ਤ੍ਰਿਣ[35] ਕੀ ਅਗਨਿ[36]ਮੇਘ[37] ਕੀ ਛਾਇਆ[38] [39]ਗੋਬਿਦ[40] ਭਜਨ[41] ਬਿਨੁ ਹੜ[42] ਕਾ ਜਲੁ[43] ॥ਰਹਾਉ॥ | Without meditation[41] of the World[39] Lord[40], it is like the fire[36] of straw[35], the fleeting shadow[38] of cloud[37] and the running waters[43] of flood[42]. Pause. | ਸ੍ਰਿਸ਼ਟੀ[39] ਦੇ ਸੁਆਮੀ[40] ਦੇ ਸਿਮਰਨ[41] ਦੇ ਬਾਝੋਂ ਇਹ ਫੂਸ[35] ਦੀ ਅੱਗ[36], ਉਡਦੇ ਜਾਂਦੇ ਬੱਦਲ[37] ਦੀ ਛਾਂ[38] ਅਤੇ ਹੜ੍ਹ[42] ਦੇ ਪਾਣੀ[43] ਦੇ ਮਾਨੰਦ ਹੈ। ਠਹਿਰਾਉ। |
| ਛੋਡਿ[44] ਸਿਆਨਪ[45] ਬਹੁ[46] ਚਤੁਰਾਈ[47] ਦੁਇ[48] ਕਰ[49] ਜੋੜਿ[50]ਸਾਧ ਮਗਿ[51]ਚਲੁ[52]॥ | Renounce[44] thou excessive[46] wisdom[45] and cleverness[47] and joining[50] both[48] thy hands[49], walk[52] the saints' way[51]. | ਤੂੰ ਆਪਣੀ ਅਕਲਮੰਦੀ[45] ਤੇ ਬਹੁਤੀ[46] ਚਲਾਕੀ[47] ਨੂੰ ਤਿਆਗ[44] ਦੇ, ਅਤੇ ਆਪਣੇ ਦੋਨੋਂ[48] ਹੱਥ[49] ਬੰਨ੍ਹ ਕੇ[50] ਸੰਤਾਂ ਦੇ ਮਾਰਗ[51] ਤੇ ਟੁਰ[52]। |
| ਸਿਮਰਿ[53] ਸੁਆਮੀ ਅੰਤਰਜਾਮੀ[54]ਮਾਨੁਖ[55] ਦੇਹ ਕਾ ਇਹੁ ਊਤਮ[56]ਫਲੁ[57]॥੧॥ | Remember[53] thou the Lord, the Inner-knower[54]. This is the sublime[56] fruit[57] of the human birth[55]. | ਤੂੰ ਆਪਣੇ ਅੰਦਰਲੀਆਂ ਜਾਨਣਹਾਰ[54] ਪ੍ਰਭੂ ਦਾ ਆਰਾਧਨ[53] ਕਰ। ਮਨੁੱਖੀ-ਜਨਮ[55] ਦਾ ਇਹ ਸ੍ਰੇਸ਼ਟ[56] ਮੇਵਾ[57] ਹੈ। |
| ਬੇਦ[58] ਬਖਿਆਨ[59] ਕਰਤ ਸਾਧੂ ਜਨ[60] ਭਾਗਹੀਨ[61] ਸਮਝਤ[62] ਨਹੀ ਖਲੁ[63] ॥ | The pious persons[60] preach[59] Divine knowledge[58] but the unfortunate[61] fool[63] understands[62] it not. | ਪਵਿੱਤਰ ਪੁਰਸ਼[60] ਬ੍ਰਹਿਮ ਗਿਆਨ[58] ਦਾ ਪ੍ਰਚਾਰ[59] ਕਰਦੇ ਹਨ ਪਰ ਨਿਕਰਮਣ[61] ਤੇ ਮੂਰਖ[63] ਮਨੁੱਖ ਇਸ ਨੂੰ ਨਹੀਂ ਸਮਝਦਾ[62]। |
| ਪ੍ਰੇਮ[64] ਭਗਤਿ[65] ਰਾਚੇ[66] ਜਨ[67] ਨਾਨਕ ਹਰਿ ਸਿਮਰਨਿ[68] ਦਹਨ[69] ਭਏ ਮਲ[70] ॥੨॥੭॥੨੬॥ | Slave[67] Nanak is absorbed[66] in the Lord's love[64] and devotion[65]. Contemplating[68] God, the filth[70] of sins is burnt[69]. | ਗੋਲਾ[67] ਨਾਨਕ ਪ੍ਰਭੂ ਦੀ ਪ੍ਰੀਤ[64] ਅਤੇ ਸ਼ਰਧਾ ਤੇ ਸਿਦਕ[65] ਵਿਚ ਲੀਨ[66] ਹੋਇਆ ਹੋਇਆ ਹੈ। ਵਾਹਿਗੁਰੂ ਦਾ ਭਜਨ[68] ਕਰਨ ਦੁਆਰਾ ਪਾਪਾਂ ਦੀ ਗੰਦਗੀ[70] ਸੜ ਮਚ ਜਾਂਦੀ[69] ਹੈ। |
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਿਸ਼ਾਹੀ। |
| ਮਾਈ[71] ਚਰਨ[72] ਗੁਰ ਮੀਠੇ[73] ॥ | O mother[71], to me, sweet[73] are the Guru's feet[72]. | ਮੇਰੀ ਅੰਮੜੀਏ[71]! ਗੁਰਾਂ ਦੇ ਪੈਰ[72] ਮੈਨੂੰ ਮਿੱਠੇ[73] ਲਗਦੇ ਹਨ। |
| ਵਡੈ[74] ਭਾਗਿ[75] ਦੇਵੈ[76] ਪਰਮੇਸਰੁ[77] ਕੋਟਿ[78] ਫਲਾ[79] ਦਰਸਨ[80] ਗੁਰ ਡੀਠੇ[81] ॥ ਰਹਾਉ ॥ | Through the great[74] good fortune[75], the Transcendent Lord[77] has blessed[76] me with them. Millions[78] of fruits[79] are obtained by seeing[81] the Guru's vision[80]. Pause. | ਭਾਰੇ[74] ਚੰਗੇ ਨਸੀਬਾਂ[75] ਰਾਹੀਂ ਪਰਮ ਪ੍ਰਭੂ[77] ਨੇ ਉਹ ਮੈਨੂੰ ਪਰਦਾਨ ਕੀਤੇ[76] ਹਨ। ਗੁਰਾਂ ਦਾ ਦੀਦਾਰ[80] ਦੇਖਣ[81] ਦੁਆਰਾ ਕ੍ਰੋੜਾਂ[78] ਹੀ ਫਲ[79] ਪ੍ਰਾਪਤ ਹੋ ਜਾਂਦੇ ਹਨ। ਠਹਿਰਾਉ। |
| ਗੁਨ[82] ਗਾਵਤ ਅਚੁਤ[83] ਅਬਿਨਾਸੀ[84] ਕਾਮ[85] ਕ੍ਰੋਧ[86] ਬਿਨਸੇ[87] ਮਦ[88] ਢੀਠੇ[89] ॥ | Singing the praise[82] of the Eternal[83] and Imperishable[84] Lord, stubbornness[89], lust[85], wrath[86] and pride[88] vanish[87]. | ਅਮਰ[83] ਅਤੇ ਨਾਸ-ਰਹਿਤ[84] ਸੁਆਮੀ ਦਾ ਜੱਸ[82] ਗਾਉਣ ਦੁਆਰਾ ਢੀਠਪੁਣਾ[89], ਕਾਮ-ਚੇਸ਼ਟਾ[85], ਗੁੱਸਾ[86] ਤੇ ਗਰੂਰ[88] ਨਾਸ ਹੋ ਜਾਂਦੇ[87] ਹਨ। |

| | | |
|---|---|---|
| ਅਸਥਿਰ[90] ਭਏ ਸਾਚ ਰੰਗਿ[94] ਰਾਤੇ[91] ਜਨਮ ਮਰਨ ਬਾਹੁਰਿ[92] ਨਹੀ ਪੀਠੇ[93] ॥੧॥ | They, who are imbued[91] with the true love[94], become eternally stable[90] and birth and death grind[93] them not again[92]. | ਜੋ ਸੱਚੀ ਪ੍ਰੀਤ[94] ਨਾਲ ਰੰਗੀਜੇ[91] ਹਨ, ਉਹ ਅਹਿੱਲ[90] ਥੀ ਵੰਞਦੇ ਹਨ ਅਤੇ ਜੰਮਣ ਤੇ ਮਰਨ ਮੁੜ ਕੇ[92] ਉਨ੍ਹਾਂ ਨੂੰ ਨਹੀਂ ਪੀਂਹਦੇ[93] । |
| ਬਿਨੁ ਹਰਿ ਭਜਨ[95] ਰੰਗ[96] ਰਸ[97] ਜੇਤੇ[98] ਸੰਤ ਦਇਆਲ[99] ਜਾਨੇ[2] ਸਭਿ[3] ਝੂਠੇ[100] ॥ | Without God's meditation[95], all[3] the joys[96] and pleasures[97], that[98] are there, I deem[2] them false[100], through the saints' grace[99]. | ਸਾਧੂਆਂ ਦੀ ਦਇਆ[99] ਰਾਹੀਂ, ਮੈਂ ਸਾਰੀਆਂ[3] ਖੁਸ਼ੀਆਂ[96] ਤੇ ਮੌਜ ਬਹਾਰਾਂ[97], ਜਿਹੜੀਆਂ[98] ਭੀ ਹਨ, ਵਾਹਿਗੁਰੂ ਦੇ ਸਿਮਰਨ[95] ਦੇ ਬਗ਼ੈਰ, ਕੂੜੀਆਂ[100] ਜਾਣਦਾ[2] ਹਾਂ । |
| ਨਾਮ ਰਤਨੁ[4] ਪਾਇਓ ਜਨ[5] ਨਾਨਕ ਨਾਮ ਬਿਹੂਨ[6] ਚਲੇ[7] ਸਭਿ ਮੂਠੇ[8] ॥੨॥੮॥੨੭॥ | Slave[5] Nanak has obtained the jewel[4] of the Name. Yea, without[6] the Name all depart[7], cheated[8] of human life. | ਦਾਸ[5] ਨਾਨਕ ਨੇ ਨਾਮ ਦਾ ਹੀਰਾ[4] ਪ੍ਰਾਪਤ ਕਰ ਲਿਆ ਹੈ । ਨਾਮ ਦੇ ਬਿਨਾ[6] ਆਪਣੇ ਮਨੁਖੀ-ਜੀਵਨ ਨੂੰ ਸਾਰੇ ਠਗਾ ਕੇ[8] ਟੁਰ ਜਾਂਦੇ[7] ਹਨ । |
| **ਟੋਡੀ ਮਹਲਾ ੫ ॥** | **Todi 5th Guru.** | **ਟੋਡੀ ਪੰਜਵੀਂ ਪਾਤਿਸ਼ਾਹੀ ।** |
| ਸਾਧਸੰਗਿ ਹਰਿ ਹਰਿ[9] ਨਾਮੁ ਚਿਤਾਰਾ[10] ॥ | In the saints' congregation, I contemplate[10] the Lord God's[9] Name. | ਸਤਿਸੰਗਤ ਅੰਦਰ ਮੈਂ ਸੁਆਮੀ[9] ਵਾਹਿਗੁਰੂ ਦੇ ਨਾਮ ਦਾ ਸਿਮਰਨ[10] ਕਰਦਾ ਹਾਂ । |
| ਸਹਜਿ ਅਨੰਦੁ[12] ਹੋਵੈ ਦਿਨੁ ਰਾਤੀ ਅੰਕੁਰੁ[13] ਭਲੋ[14] ਹਮਾਰਾ[15] ॥ਰਹਾਉ॥ | Day and night, I enjoy the bliss[12] of Equipoise. My[15] destiny's[13] seed has sprouted well[14]. Pause. | ਦਿਨੇ ਰੈਣ ਮੈਂ ਬੈਕੁੰਠੀ ਆਨੰਦ[12] ਮਾਣਦਾ ਹਾਂ । ਮੇਰੀ[15] ਕਿਸਮਤ[13] ਦਾ ਬੀਜ ਚੰਗੀ[14] ਤਰ੍ਹਾਂ ਫੁਟ ਪਿਆ ਹੈ । ਠਹਿਰਾਉ । |
| ਗੁਰੁ ਪੂਰਾ[16] ਭੇਟਿਓ[17] [18]ਬਡਭਾਗੀ[19] ਜਾ ਕੋ ਅੰਤੁ[20] ਨ ਪਾਰਾਵਾਰਾ[21] ॥ | By the greatest[18] good fortune[19], I have met[17] the Perfect[16] Guru, whose limit[20] and bounds[21] cannot be known. | ਪਰਮ[18] ਚੰਗੇ ਨਸੀਬਾਂ[19] ਦੁਆਰਾ, ਮੈਂ ਪੂਰਨ[16] ਗੁਰਾਂ ਨੂੰ ਮਿਲ[17] ਪਿਆ ਹਾਂ, ਜਿਨ੍ਹਾਂ ਦਾ ਓੜਕ[20] ਤੇ ਹਦ ਬੰਨਾ[21] ਜਾਣਿਆ ਨਹੀਂ ਜਾ ਸਕਦਾ । |
| ਕਰੁ[22] ਗਹਿ[22] ਕਾਢਿ ਲੀਓ[24] ਜਨੁ[25] ਅਪੁਨਾ ਬਿਖੁ[26] ਸਾਗਰ[27] ਸੰਸਾਰਾ[28] ॥੧॥ | Holding[23] His slave[25] by the hand[22], He has pulled[24] him out of the world's[28] ocean[27] of poison[26]. | ਆਪਣੇ ਗੋਲੇ[25] ਨੂੰ ਹੱਥੋਂ[22] ਫੜ ਕੇ[23], ਸਤਿਗੁਰੂ ਨੇ ਜ਼ਹਿਰ[26] ਦੇ ਜਗਤ[28]-ਸਮੁੰਦਰ[27] ਵਿੱਚੋਂ ਬਾਹਰ ਧੂ ਲਿਆ[24] ਹੈ । |
| ਜਨਮ ਮਰਨ ਕਾਟੇ[29] ਗੁਰ ਬਚਨੀ[30] ਬਹੁੜਿ[31] ਨ ਸੰਕਟ[32] ਦੁਆਰਾ[33] ॥ | By Guru's word[30], my births and deaths have ended[29], and I shall, no more[31], see the door[33] of pain[32]. | ਗੁਰਾਂ ਦੇ ਸ਼ਬਦ[30] ਦੁਆਰਾ, ਮੇਰੇ ਜੰਮਣੇ ਅਤੇ ਮਰਣੇ ਮੁੱਕ ਗਏ[29] ਹਨ, ਅਤੇ ਮੈਂ ਮੁੜ ਕੇ[31], ਦੁੱਖ[32] ਦਾ ਦਰਵਾਜ਼ਾ[33] ਨਹੀਂ ਵੇਖਾਂਗਾ । |
| ਨਾਨਕ ਸਰਨਿ[34] ਗਹੀ[35] ਸੁਆਮੀ ਕੀ ਪੁਨਹ ਪੁਨਹ[36] ਨਮਸਕਾਰਾ[37] ॥੨॥੯॥੨੮॥ | Nanak has grasped[35] the Lord's protection[34], and he, again and again[36], makes an obeisance[37] unto Him. | ਨਾਨਕ ਨੇ ਪ੍ਰਭੂ ਦੀ ਪਨਾਹ[34] ਪਕੜੀ[35] ਹੈ, ਅਤੇ ਉਹ ਬਾਰੰਬਾਰ[36] ਉਸ ਨੂੰ ਪ੍ਰਣਾਮ[37] ਕਰਦਾ ਹੈ । |
| **ਟੋਡੀ ਮਹਲਾ ੫ ॥** | **Todi 5th Guru.** | **ਟੋਡੀ ਪੰਜਵੀਂ ਪਾਤਿਸ਼ਾਹੀ ।** |
| ਮਾਈ[38] ਮੇਰੇ ਮਨ ਕੋ ਸੁਖੁ ॥ | O mother[38], my mind has obtained peace. | ਮੇਰੀ ਮਾਤਾ[38], ਮੇਰੇ ਚਿੱਤ ਨੂੰ ਆਰਾਮ ਪਰਾਪਤ ਹੋ ਗਿਆ ਹੈ । |

ਕੋਟਿ[39] ਅਨੰਦ[40] ਰਾਜ[41] ਸੁਖੁ[42] ਭੁਗਵੈ[43] ਹਰਿ ਸਿਮਰਤ[44] ਬਿਨਸੈ[45] ਸਭ ਦੁਖੁ[46] ॥੧॥ਰਹਾਉ॥

I, now, enjoy[43] the pleasures[40] and comforts[42] of millions[39] of dominions[41]. Remembering[44] God, all my distresses[46] are dispelled[45]. Pause.

ਮੈਂ ਹੁਣ ਕ੍ਰੋੜਾਂ[39] ਹੀ ਪਾਤਿਸ਼ਾਹੀਆਂ[41] ਦੀਆਂ ਖ਼ੁਸ਼ੀਆਂ[40] ਅਤੇ ਆਰਾਮ[42] ਮਾਣਦਾ[43] ਹਾਂ। ਵਾਹਿਗੁਰੂ ਦਾ ਭਜਨ[44] ਕਰਨ ਦੁਆਰਾ ਮੇਰੇ ਸਾਰੇ ਦੁਖੜੇ[46] ਦੂਰ ਹੋ ਗਏ[45] ਹਨ। ਠਹਿਰਾਉ।

ਕੋਟਿ[51] ਜਨਮ ਕੇ ਕਿਲਬਿਖ[47] ਨਾਸਹਿ[48] ਸਿਮਰਤ[49] ਪਾਵਨ[50] ਤਨ ਮਨ ਸੁਖ ॥

By Lord's meditation[49], the sins[47] of myriads[51] of births are eradicated[48] and man's body and mind attain[50] peace.

ਸਾਂਈਂ ਦੀ ਬੰਦਗੀ[49] ਦੁਆਰਾ ਕ੍ਰੋੜਾਂ[51] ਜਨਮਾਂ ਦੇ ਪਾਪ[47] ਮਿਟ ਜਾਂਦੇ[48] ਹਨ, ਅਤੇ ਆਦਮੀ ਦੀ ਦੇਹ ਤੇ ਆਤਮਾ ਆਰਾਮ ਪਾਉਂਦੇ[50] ਹਨ।

ਦੇਖਿ ਸਰੂਪੁ[52] ਪੂਰਨੁ[53] ਭਈ ਆਸਾ[54] ਦਰਸਨੁ[55] ਭੇਟਤ[56] ਉਤਰੀ[57] ਭੁਖ[58] ॥੧॥

Seeing Lord's Beauteous Form[52], my aspiration[54] is fulfilled[53] and attaining[56] His sight[55], my eternal hunger[58] is satiated[57].

ਸੁਆਮੀ ਦਾ ਸੁੰਦਰ ਰੂਪ[52] ਦੇਖਣ ਦੁਆਰਾ, ਮੇਰੀ ਅਭਿਲਾਖਾ[54] ਪੂਰੀ ਹੋ ਗਈ[53] ਹੈ ਅਤੇ ਉਸ ਦਾ ਦੀਦਾਰ[55] ਪਾਉਣ ਨਾਲ[56] ਮੇਰੀ ਖ਼ੁਦਿਆ[58] ਨਵਿਰਤ ਥੀ ਗਈ[57] ਹੈ।

ਚਾਰਿ ਪਦਾਰਥ[59] ਅਸਟ[60] ਮਹਾ[61] ਸਿਧਿ[62] ਕਾਮਧੇਨੁ[63] ਪਾਰਜਾਤ[64] ਹਰਿ ਹਰਿ[65] ਰੁਖੁ[66] ॥

God's Name[65] is the four cardinal boons[59], eight[60] supreme[61] supernatural powers[62], the elysian cow[63] and the celestial[64] tree[66].

ਵਾਹਿਗੁਰੂ ਦਾ ਨਾਮ[65] ਚਾਰ ਉਤਮ ਦਾਤਾਂ[59], ਅਠ[60] ਵਿਸ਼ਾਲ[61] ਕਰਾਮਾਤੀ ਸ਼ਕਤੀਆਂ[62], ਸਵਰਗੀ ਗਾਂ[63], ਅਤੇ ਕਲਪ[64] ਬਿਰਛ[66] ਹੈ।

ਨਾਨਕ ਸਰਨਿ[67] ਗਹੀ[68] ਸੁਖ[69] ਸਾਗਰ[80] ਜਨਮ ਮਰਨ ਫਿਰਿ[71] ਗਰਭ[72] ਨ ਧੁਖੁ[73] ॥੨॥੧੦॥੨੯॥

O Nanak, grasping[68] the protection[67] of the Ocean[70] of peace[69], thou shall not, again[71], suffer the pain[73] of birth, death and womb[72].

ਹੇ ਨਾਨਕ, ਆਰਾਮ[69] ਦੇ ਸਮੁੰਦਰ[70] ਦੀ ਪਨਾਹ[67] ਪਕੜਨ[68] ਦੁਆਰਾ ਤੈਨੂੰ ਮੁੜ ਕੇ[71], ਜੰਮਣ, ਮਰਨ ਅਤੇ ਉਦਰ[72] ਦੀ ਪੀੜ[73] ਨਹੀਂ ਉਠਾਣੀ ਪਵੇਗੀ।

੭੧੮

## ਟੋਡੀ ਮਹਲਾ ੫ ॥

## Todi 5th Guru.

## ਟੋਡੀ ਪੰਜਵੀਂ ਪਾਤਿਸ਼ਾਹੀ।

ਹਰਿ ਹਰਿ ਚਰਨ[74] ਰਿਦੈ[75] [76]ਉਰਧਾਰੇ[77] ॥

The Lord God's feet[74], I have enshrined[77] within my mind[75] and heart[76].

ਸੁਆਮੀ ਵਾਹਿਗੁਰੂ ਦੇ ਚਰਨ[74], ਮੈਂ ਆਪਣੇ ਮਨ[75] ਅਤੇ ਦਿਲ[76] ਅੰਦਰ ਟਿਕਾਏ ਹੋਏ[77] ਹਨ।

ਸਿਮਰਿ[78] ਸੁਆਮੀ ਸਤਿਗੁਰੁ ਅਪੁਨਾ ਕਾਰਜ[79] ਸਫਲ[80] ਹਮਾਰੇ ॥੧॥ਰਹਾਉ॥

Contemplating[78] my Master, the True Guru, mine affairs[79] have been adjusted[80]. Pause.

ਆਪਣੇ ਮਾਲਕ, ਸੱਚੇ ਗੁਰਾਂ ਨੂੰ ਯਾਦ[78] ਕਰਨ ਦੁਆਰਾ, ਮੇਰੇ ਕੰਮ[79] ਰਾਸ ਥੀ ਗਏ[80] ਹਨ। ਠਹਿਰਾਉ।

ਪੁੰਨ[81] ਦਾਨ[82] ਪੂਜਾ[83] ਪਰਮੇਸੁਰ[84] ਹਰਿ[85] ਕੀਰਤਿ[86] ਤਤੁ[87] ਬੀਚਾਰੇ[88] ॥

Alms[81], charity[82] and worship[83] lie in the praise[86] of the Supreme Lord[84] Master[85]. This is the essence[87] of wisdom[88].

ਖੈਰਾਤ[81], ਸਖ਼ਾਵਤ[82] ਅਤੇ ਉਪਾਸ਼ਨਾ[83] ਸ਼੍ਰੋਮਣੀ ਸਾਹਿਬ[84] ਮਾਲਕ[85] ਦੇ ਜੱਸ[86] ਤੇ ਸਿਮਰਨ[88] ਵਿਚ ਹੀ ਹਨ, ਇਹ ਹੀ ਮੂਲ[87] ਸਿਆਣਪ ਹੈ।

ਗੁਨ[89] ਗਾਵਤ[90] ਅਤੁਲ[91] ਸੁਖੁ ਪਾਇਆ ਠਾਕੁਰ ਅਗਮ[92] ਅਪਾਰੇ[93] ॥੧॥

Singing[90] the praise[89] of the Unapproachable[92] and Infinite[93] Lord, I have obtained immeasurable[91] peace.

ਪਹੁੰਚ ਤੋਂ ਪਰੇ[92] ਅਤੇ ਬੇਅੰਤ[93] ਸੁਆਮੀ ਦਾ ਜੱਸ[89] ਗਾਇਨ[90] ਕਰਨ ਦੁਆਰਾ, ਮੈਂ ਅਮਾਪ[91] ਆਰਾਮ ਪਾ ਲਿਆ ਹੈ।

| | | |
|---|---|---|
| ਜੋ[94] ਜਨ[95] ਪਾਰਬ੍ਰਹਮਿ[96] ਅਪਨੇ[97] ਕੀਨੇ ਤਿਨ[98] ਕਾ ਬਾਹੁਰਿ[99] ਕਛੁ ਨ ਬੀਚਾਰੇ[100] ॥ | The[94] persons[95], whom the Transcendent Lord[96], once, makes His own[97], their[98] merits and demerits He, again[99], considers[100] not. | ਜਿਨ੍ਹਾਂ[94] ਪੁਰਸ਼ਾਂ[95] ਨੂੰ ਪਰਮ ਪ੍ਰਭੂ[96] ਇੱਕ ਵਾਰੀ ਆਪਣੇ ਨਿੱਜ[97] ਦੇ ਬਣਾ ਲੈਂਦਾ ਹੈ, ਉਨ੍ਹਾਂ ਦੇ[98] ਗੁਣਾਂ ਤੇ ਔਗੁਣਾਂ ਵਲ ਉਹ ਮੁੜ ਕੇ[99] ਧਿਆਨ[100] ਨਹੀਂ ਦਿੰਦਾ । |
| ਨਾਮ ਰਤਨੁ[2] ਸੁਨਿ[3] ਜਪਿ[4] ਜਪਿ[5] ਜੀਵਾ ਹਰਿ ਨਾਨਕ ਕੰਠ[6] ਮਝਾਰੇ[7] ॥੨॥੧੧॥੩੦॥ | Hearing[3], remembering[4] and contemplating[5] the Name jewel[2], live I. Nanak wears the Lord around[7] his neck[6]. | ਨਾਮ ਦੇ ਹੀਰੇ[2] ਨੂੰ ਸ੍ਰਵਣ ਕਰ ਕੇ[3], ਅਤੇ ਉਸ ਦਾ ਆਰਾਧਨ[4] ਤੇ ਸਿਮਰਨ[5] ਕਰਨ ਦੁਆਰਾ ਮੈਂ ਜੀਉਂਦਾ ਹਾਂ । ਨਾਨਕ ਨੇ ਸਾਹਿਬ ਨੂੰ ਆਪਣੇ ਹਿਰਦੇ (ਗਲੇ[6]) ਦੁਆਲੇ[7] ਪਰੋ ਲਿਆ ਹੈ । |
| **ਟੋਡੀ ਮਹਲਾ ੯** | **Todi 9th Guru.** | **ਟੋਡੀ ਨੌਵੀਂ ਪਾਤਿਸ਼ਾਹੀ ।** |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪ੍ਰਾਪਤ ਹੁੰਦਾ ਹੈ । |
| ਕਹਉ[8] ਕਹਾ[9] ਅਪਨੀ ਅਧਮਾਈ[10] ॥ | What[9] should I say[8] regarding my baseness[10] ? | ਮੈਂ ਆਪਣੀ ਨੀਚਤਾ[10] ਬਾਰੇ ਕੀ[9] ਆਖਾਂ[8] ? |
| ਉਰਝਿਓ[12] ਕਨਕ[13] ਕਾਮਨੀ[14] ਕੇ ਰਸ[15] ਨਹ ਕੀਰਤਿ[16] ਪ੍ਰਭ ਗਾਈ[17] ॥੧॥ ਰਹਾਉ॥ | I am entangled[12] in the love[15] of gold[13] and woman[14] and have not sung[17] the Lord's praise[16]. Pause | ਮੈਂ ਸੋਨੇ[13] ਅਤੇ ਇਸਤਰੀ[14] ਦੀ ਪ੍ਰੀਤ[15] ਅੰਦਰ ਫਾਥਾ[12] ਹੋਇਆ ਹਾਂ ਅਤੇ ਮੈਂ ਸੁਆਮੀ ਦੀ ਮਹਿਮਾ[16] ਗਾਇਨ[17] ਨਹੀਂ ਕੀਤੀ । ਠਹਿਰਾਉ । |
| ਜਗ ਝੂਠੇ ਕਉ ਸਾਚੁ ਜਾਨਿ ਕੈ[18] ਤਾ[19] ਸਿਉ[20] ਰੁਚ[21] ਉਪਜਾਈ[22] ॥ | Deeming[18] the false world to be true, I have contracted[22] love[21] with[20] that[19]. | ਕੂੜੇ ਜਹਾਨ ਨੂੰ ਸੱਚ ਸਮਝ ਕੇ[18], ਮੈਂ ਉਸ[19] ਨਾਲ[20] ਪਿਆਰ[21] ਪਾ ਲਿਆ[22] ਹੈ । |
| ਦੀਨ ਬੰਧ[23] ਸਿਮਰਿਓ[24] ਨਹੀ ਕਬਹੂ[25] ਹੋਤ ਜੋ ਸੰਗਿ[26] ਸਹਾਈ[27] ॥੧॥ | I have not, ever[26], remembered[24] the Friend of the poor[23], who shall be my companion[26] and helper[27]. | ਮੈਂ ਕਦੇ ਭੀ[25] ਗਰੀਬਾਂ ਦੇ ਮਿੱਤਰ[23] ਵਾਹਿਗੁਰੂ ਨੂੰ ਯਾਦ[23] ਨਹੀਂ ਕੀਤਾ ਜੋ ਮੇਰਾ ਸਾਥੀ[26] ਅਤੇ ਸਹਾਇਕ[27] ਹੋਵੇਗਾ । |
| ਮਗਨ[28] ਰਹਿਓ ਮਾਇਆ[29] ਮੈ[30] ਨਿਸ ਦਿਨੁ[31] ਛੁਟੀ[32] ਨ ਮਨ ਕੀ ਕਾਈ[33] ॥ | Night and day[31], I remain absorbed[28] in[30] the worldly valuables[29] and my mind's filth[33] forsakes[32] me not. | ਰਾਤ ਦਿਨ[31] ਮੈਂ ਸੰਸਾਰੀ ਪਦਾਰਥਾਂ[29] ਅੰਦਰ[30] ਲੀਨ[28] ਰਹਿੰਦਾ ਹਾਂ ਅਤੇ ਮੇਰੇ ਚਿੱਤ ਦੀ ਮੈਲ[33] ਦੂਰ[32] ਨਹੀਂ ਹੁੰਦੀ । |
| ਕਹਿ ਨਾਨਕ ਅਬ[34] ਨਾਹਿ ਅਨਤ[35] ਗਤਿ[36] ਬਿਨੁ ਹਰਿ ਕੀ ਸਰਨਾਈ[37] ॥੨॥੧॥੩੧॥ | Says Nanak, without seeking the Lord's refuge[37] I cannot now[34] obtain salvation[36] in any other way[35]. | ਗੁਰੂ ਜੀ ਫੁਰਮਾਉਂਦੇ ਹਨ, ਬਗੈਰ ਸਾਂਈਂ ਦੀ ਸ਼ਰਨ[37] ਲੈਣ ਦੇ, ਮੈਨੂੰ ਹੁਣ[34] ਕਿਸੇ ਹੋਰ ਤਰੀਕੇ[35] ਨਾਲ ਮੁਕਤੀ[36] ਪ੍ਰਾਪਤ ਨਹੀਂ ਹੋ ਸਕਦੀ । |
| **ਟੋਡੀ ਬਾਣੀ ਭਗਤਾਂ ਕੀ** | **Todi Hymns of the saints** | **ਟੋਡੀ ਸੰਤਾਂ ਦੇ ਸ਼ਬਦ** |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |

| | | |
|---|---|---|
| ਕੋਈ[38] ਬੋਲੈ[39] ਨਿਰਵਾ[40] ਕੋਈ ਬੋਲੈ ਦੂਰਿ[41] ॥ | Some[38] say[39] the Lord is near[40] and some say He is afar[41]. | ਕਈ[38] ਆਖਦੇ[39] ਹਨ ਸੁਆਮੀ ਨੇੜੇ[40] ਹੈ, ਕਈ ਆਖਦੇ ਹਨ ਉਹ ਦੁਰੇਡੇ[41] ਹੈ । |
| ਜਲ[42] ਕੀ ਮਾਛੁਲੀ[43] ਚਰੈ[44] ਖਜੂਰਿ[45] ॥੧॥ | This amounts to saying that the fish[43] of water[42] is up-climbing[44] a date-tree[45]. | ਇਹ ਇਸ ਕਹਿਣ ਦੇ ਤੁਲ ਹੈ ਕਿ ਪਾਣੀ[42] ਦੀ ਮੱਛੀ[43] ਇਕ ਖਜੂਰ[45] ਦੇ ਰੁੱਖ ਤੇ ਚੜ੍ਹ[44] ਰਹੀ ਹੈ । |
| ਕਾਂਇ[48] ਰੇ[49] ਬਕਬਾਦੁ[47] ਲਾਇਓ ॥ | O[49] man, why[48] talkest thou nonsense[47] ? | ਹੇ[49] ਬੰਦੇ ! ਤੂੰ ਬਕਵਾਸ[47] ਕਿਉਂ[48] ਕਰਦਾ ਹੈਂ ? |
| ਜਿਨਿ ਹਰਿ ਪਾਇਓ ਤਿਨਹਿ[50] ਛਪਾਇਓ[51] ॥੧॥ ਰਹਾਉ ॥ | He, who finds the Lord, conceals[51] he[50] this fact. Pause. | ਜੋ ਪ੍ਰਭੂ ਨੂੰ ਪਾ ਲੈਂਦਾ ਹੈ, ਉਹ[50] ਇਸ ਗਲ ਨੂੰ ਲੁਕੋ ਲੈਂਦਾ[51] ਹੈ । ਠਹਿਰਾਉ । |
| ਪੰਡਿਤੁ ਹੋਇ ਕੈ ਬੇਦੁ ਬਖਾਨੈ[52] ॥ ਮੂਰਖੁ[53] ਨਾਮ ਦੇਉ ਰਾਮਹਿ[54] ਜਾਨੈ[55] ॥੨॥੧॥ | Becoming a Pandit thou utterest[52] the Vedas. But, ignorant[53] Namdev knows[55] only the Lord[54]. | ਪੰਡਿਤ ਹੋ ਕੇ ਤੂੰ ਵੇਦਾਂ ਦਾ ਉਚਾਰਨ ਕਰਦਾ[52] ਹੈਂ । ਪਰ ਬੇਸਮਝ[53] ਨਾਮ ਦੇਵ ਕੇਵਲ ਸੁਆਮੀ[54] ਨੂੰ ਹੀ ਜਾਣਦਾ[55] ਹੈ । |
| ਕਉਨ[56] ਕੋ ਕਲੰਕੁ[57] ਰਹਿਓ[58] ਰਾਮ ਨਾਮੁ ਲੇਤ[59] ਹੀ ॥ | Whose[56] stain[57] of sin, pray, ever lingers[58], who uttereth[59] the Lord's Name? | ਸੁਆਮੀ ਦੇ ਨਾਮ ਦਾ ਉਚਾਰਨ ਕਰਨ[57] ਦੁਆਰਾ ਕੀਹਦਾ[56] ਕੋਈ ਪਾਪ ਦਾ ਦਾਗ[57] ਬਾਕੀ ਰਹਿ ਜਾਂਦਾ[58] ਹੈ ? |
| ਪਤਿਤ[60] ਪਵਿਤ[61] ਭਏ ਰਾਮੁ ਕਹਤ[62] ਹੀ ॥੧॥ ਰਹਾਉ॥ | The sinners[60] become pure[61] by uttering[62] the Lord's Name Pause. | ਸਾਂਈਂ ਦੇ ਨਾਮ ਦਾ ਉਚਾਰਨ ਕਰਨ[62] ਦੁਆਰਾ ਪਾਪੀ[60] ਪਵਿੱਤਰ[61] ਹੋ ਜਾਂਦੇ ਹਨ । ਠਹਿਰਾਉ । |
| ਰਾਮ ਸੰਗਿ[63] ਨਾਮਦੇਵ ਜਨ[64] ਕਉ ਪ੍ਰਤਗਿਆ[65] ਆਈ ॥ | In the company[63] of the Lord, slave[64] Namdev has acquired faith[65]. | ਸਾਹਿਬ ਦੀ ਸੰਗਤ[63] ਅੰਦਰ ਦਾਸ[64] ਨਾਮ ਦੇਵ ਦਾ ਭਰੋਸਾ[65] ਬੱਝ ਗਿਆ ਹੈ । |
| ਏਕਾਦਸੀ[66] ਬ੍ਰਤੁ[67] ਰਹੈ[68] ਕਾਹੇ ਕਉ[69] ਤੀਰਥ[70] ਜਾਈਂ ॥੧॥ | He has ceased[68] to fast[67] on the eleventh lunar day[66]. Why[69] should he go on pilgrimages to shrines[70] ? | ਉਸ ਨੇ ਚੰਦੋਂ ਗਿਆਰ੍ਹਵੀਂ[66] ਦਾ ਉਪਹਾਸ[67] (ਵਰਤ) ਰਖਣਾ ਛੱਡ ਦਿੱਤਾ[68] ਹੈ । ਉਹ ਧਰਮ ਅਸਥਾਨਾਂ[70] ਦੀਆਂ ਯਾਤਰਾ ਕਰਨ ਕਿਉਂ[69] ਜਾਵੇ ? |
| ਭਨਤਿ[71] ਨਾਮ ਦੇਉ [72]ਸੁਕ੍ਰਿਤ[73] ਸੁਮਤਿ[74] ਭਏ[75]॥ | Says[71] Nam Dev, I have now become[75] a man of good[72] deeds[73] and good thoughts[74]. | ਨਾਮਦੇਵ ਜੀ ਆਖਦੇ[71] ਹਨ, ਮੈਂ ਹੁਣ ਚੰਗੇ[72] ਅਮਲਾਂ[73] ਅਤੇ ਚੰਗੇ ਖਿਆਲਾਂ[74] ਵਾਲਾ ਬੰਦਾ ਬਣ ਗਿਆ[75] ਹਾਂ । |
| ਗੁਰਮਤਿ[76] ਰਾਮੁ ਕਹਿ[77] ਕੋ ਕੋ[78] ਨ ਬੈਕੁੰਠਿ[79] ਗਏ[80] ॥੨॥੨॥ | Who[78] has ever not gone[80] to heaven[79] by uttering[77] the Lord's Name, under Guru's instruction[76] ? | ਕੌਣ ਹੈ ਐਸਾ[78] ਜੋ ਗੁਰਾਂ ਦੀ ਸਿੱਖਿਆ[76] ਅਧੀਨ ਸਾਹਿਬ ਦੇ ਨਾਮ ਦਾ ਉਚਾਰਨ ਕਰਨ[77] ਦੁਆਰਾ, ਬ੍ਰਹਿਮਲੋਕ[79] ਨਹੀਂ ਪਧਾਰਿਆ[80] ? |
| ਤੀਨਿ[81] ਛੰਦੇ[82] ਖੇਲੁ[83] ਆਛੈ[84] ॥੧॥ ਰਹਾਉ॥ | This verse[82] narrates the play[83] of three[81] good[84] illustrations. Pause. | ਇਹ ਛੰਤ[82] ਤਿੰਨਾਂ[81] ਸ਼ੁਭ[84] ਦ੍ਰਿਸ਼ਟਾਂਤਾਂ ਦੇ ਖੇਡੇ[83] ਵਰਣਨ ਕਰਦਾ ਹੈ । ਠਹਿਰਾਉ । |
| ਕੁੰਭਾਰ[85] ਕੇ ਘਰ[89] ਹਾਂਡੀ[86] | In the potter's[85] home[89] are[87] pots[86] | ਘੁਮਾਰ[85] ਦੇ ਗ੍ਰਿਹਿ[89] ਵਿਚ ਭਾਂਡੇ[86] ਹਨ[87] ਅਤੇ ਪਾਤਿਸ਼ਾਹ |

| | | |
|---|---|---|
| ਆਛੈ[87] ਰਾਜਾ ਕੈ ਘਰ ਸਾਂਡੀ[88] ਗੋ ॥ | and in the King's home, the she-camels[88]. | ਦੇ ਘਰ ਵਿੱਚ ਸਾਂਡਣੀਆਂ[88] । |
| ਬਾਮਨ ਕੇ ਘਰ ਰਾਂਡੀ[90] ਆਛੈ[91] ਰਾਂਡੀ ਸਾਂਡੀ ਹਾਂਡੀ ਗੋ[92] ॥ | In a Brahman's house are[91] widows[90]. Say[92] thou the widows, she-camels and pots. | ਬ੍ਰਹਿਮਣ ਦੇ ਗ੍ਰਿਹ ਵਿਚ ਵਿਧਵਾ[90] ਹਨ[91] । ਤੂੰ ਵਿਧਵਾ, ਸਾਂਡਣੀਆਂ ਤੇ ਤੌੜੀਆਂ ਕਹੁ[92] । |
| ਬਾਣੀਏ[93] ਕੇ ਘਰ ਹੀਂਗੁ[94] ਆਛੈ[98] ਭੈਸਰ[95] ਮਾਥੈ[96] ਸੀਂਗੁ[97] ਗੋ ॥੩॥ | A grocer's[93] home has[98] asafoetida[94] and the he-buffaloe[95] has horn[97] on the forehead[96]. | ਪੰਸਾਰੀ[93] ਦੇ ਗ੍ਰਿਹ ਵਿਚ ਹਿੰਗ[94] ਹੈ[98] ਅਤੇ ਝੋਟੇ[95] ਦੇ ਮੱਥੇ ਉਤੇ ਸਿੰਗ[97] । |
| ਦੇਵਲ[99]ਮਧੇ[100]ਲੀਗੁ[2] ਆਛੈ ਲੀਗੁ ਸੀਗੁ ਹੀਗੁ ਗੋ ॥੨॥ | In[100] Shiva's temple[99] is a lingam[2]. Yea, say thou the lingam, the horn and asafoetida. | ਸ਼ਿਵਜੀ ਦੇ ਮੰਦਰ[99] ਵਿਚ[100] ਲਿੰਗਮ[2] ਹੈ । ਤੂੰ ਲਿੰਗਮ, ਸਿੰਗ ਅਤੇ ਹਿੰਗ ਆਖ । |
| ਤੇਲੀ ਕੈ ਘਰ ਤੇਲੁ ਆਛੈ ਜੰਗਲ[3] ਮਧੇ ਬੇਲ ਗੋ[4] ॥ | Oil is in an oilman s house and there is creeper[4] in the forest[3]. | ਤੇਲੀ ਦੇ ਗ੍ਰਿਹ ਅੰਦਰ ਤੇਲ ਹੈ ਅਤੇ ਬਣ[3] ਵਿਚ ਵੇਲ[4] । |
| ਮਾਲੀ ਕੈ ਘਰ ਕੇਲ[5] ਆਛੈ ਕੇਲ ਬੇਲ ਤੇਲ ਗੋ ॥੩॥ | Plantain[5] is in the gardener's home. Say thou plantain, creeper and oil. | ਮਾਲੀ ਦੇ ਧਾਮ ਅੰਦਰ ਕੇਲਾ[5] ਹੈ । ਤੂੰ ਕੇਲਾ, ਵੇਲ ਅਤੇ ਤੇਲ ਆਖ । |
| ਸੰਤਾਂ ਮਧੇ[8] ਗੋਬਿੰਦੁ[6] ਆਛੈ ਗੋਕਲ ਮਧੇ ਸਿਆਮ ਗੋ[7] ॥ | The Lord[6] is within[8] the saints' mind and Krishan[7] in Gokal. | ਸਾਹਿਬ[6] ਸਾਧੂਆਂ ਦੇ ਮਨ ਅੰਦਰ[8] ਹੈ ਅਤੇ ਕ੍ਰਿਸ਼ਨ[7] ਗੋਕਲ ਵਿੱਚ । |
| ਨਾਮੇ ਮਧੇ ਰਾਮੁ[9] ਆਛੈ ਰਾਮੁ ਸਿਆਮ ਗੋਬਿੰਦ ਗੋ[10] ॥੪॥੩॥ | God[9] is in Namdev. Say[10] thou the Lord, Krishan and God. | ਵਾਹਿਗੁਰੂ[9] ਨਾਮ ਦੇਵ ਵਿੱਚ ਹੈ । ਤੂੰ ਸਾਹਿਬ ਕ੍ਰਿਸ਼ਨ ਅਤੇ ਵਾਹਿਗੁਰੂ ਕਹੁ[10] । |

੭੧੯

| | | |
|---|---|---|
| ਰਾਗੁ ਬੈਰਾੜੀ ਮਹਲਾ ੪ ਘਰੁ ੧ ਦੁਪਦੇ | Rag Bairari 4th Guru Dupadas | ਰਾਗੁ ਬੈਰਾੜੀ ਚੌਥੀ ਪਾਤਿਸ਼ਾਹੀ ਦੁਪਦੇ |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grece is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ । |
| ਸੁਨਿ ਮਨ[12]ਅਕਥ[13] ਕਥਾ[14] ਹਰਿ ਨਾਮ ॥ | Hear thou, O man[12],the inexpressible[13] discourse[14] of God's Name. | ਹੇ ਬੰਦੇ[12] ! ਤੂੰ ਵਾਹਿਗੁਰੂ ਦੇ ਨਾਮ ਦੀ ਅਕਹਿ[13] ਕਥਾ ਵਾਰਤਾ[14] ਸ੍ਰਵਣ ਕਰ । |
| ਰਿਧਿ[15] ਬੁਧਿ[16] ਸਿਧਿ[17] ਸੁਖ[18] ਪਾਵਹਿ ਭਜੁ[19] ਗੁਰਮਤਿ[20] ਹਰਿ ਰਾਮ ਰਾਮ ॥੧॥ਰਹਾਉ॥ | Under Guru's instruction[20], meditate[19] thou on God, thy Lord Master and thou shalt obtain wealth[16], wisdom[16], supernatural powers[17] and comforts[18]. Pause. | ਗੁਰਾਂ ਦੇ ਉਪਦੇਸ਼[20] ਅਨੁਸਾਰ ਤੂੰ ਆਪਣੇ ਸੁਆਮੀ ਮਾਲਕ ਵਾਹਿਗੁਰੂ ਦਾ ਸਿਮਰਨ ਕਰ[19], ਅਤੇ ਤੂੰ ਧਨ-ਦੌਲਤ[15], ਸਮਝ ਸੋਚ[16], ਕਰਾਮਾਤੀ ਸ਼ਕਤੀਆਂ[17] ਅਤੇ ਸੁਖ ਆਰਾਮ[18] ਪਾ ਲਵੇਂਗਾ । ਠਹਿਰਾਉ । |
| ਨਾਨਾ[21] ਖਿਆਨ[22]ਪੁਰਾਨ[23] | Myriads[21] of legends[22], mythical | ਅਨੇਕਾਂ[21] ਯੁੱਗੀ ਕਾਵਜ[22], ਮਿਥਿਹਾਸਕ ਗ੍ਰੰਥ[23] ਅਤੇ ਛੇ[26] |

| | | |
|---|---|---|
| ਜਸੁ[24] ਉਤਮ[25] ਖਟ[26] ਦਰਸਨ[27]ਗਾਵਹਿ[28] ਰਾਮ ॥ | books[23] and six[26] schools of philosophy[27], sing[28] the sublime[25] praises[24] of the Lord. | ਸ਼ਾਸਤਰ[27], ਪ੍ਰਭੂ ਦੀ ਸ੍ਰੇਸ਼ਟ[25] ਕੀਰਤੀ[24] ਆਲਾਪਦੇ[28] ਹਨ । |
| ਸੰਕਰ[29] ਕੋੜਿ[30] ਤੇਤੀਸ[32] ਧਿਆਇਓ[32] ਨਹੀ ਜਾਨਿਓ ਹਰਿ ਮਰਮਾਮ[33] ॥੧॥ | Shiva[29] and thirty-three[31] millions[30] of gods contemplate[32] the Lord, but know not His secret[33]. | ਸ਼ਿਵਜੀ ਅਤੇ ਤੇਤੀ[31] ਕ੍ਰੋੜ[30] ਦੇਵਤੇ ਪ੍ਰਭੂ ਨੂੰ ਸਿਮਰਦੇ[32] ਹਨ, ਪ੍ਰੰਤੂ ਉਸ ਦੇ ਭੇਤ[33] ਨੂੰ ਨਹੀਂ ਸਮਝਦੇ । |
| ਸੁਰਿ ਨਰ[34] ਗਣ[35] ਗੰਧ੍ਰਬ[36] ਜਸੁ[37] ਗਾਵਹਿ ਸਭ ਗਾਵਤ ਜੇਤ[38] ਉਪਾਮ[39] ॥ | The godly men[34], god's attendants[35] and celestial singer[36] sing His praise[37], and sings of Him all the creation, that[38] He has created[39]. | ਦੈਵੀ ਪੁਰਸ਼[34], ਦੇਵਤਿਆਂ ਦੇ ਸੇਵਕ[35] ਅਤੇ ਸਵਰਗੀ ਗਵੱਈਏ[36] ਉਸ ਦੀ ਕੀਰਤੀ[37] ਗਾਉਂਦੇ ਹਨ, ਅਤੇ ਗਾਉਂਦੀ ਹੈ ਉਸ ਨੂੰ ਸਾਰੀ ਰਚਨਾ ਜਿਹੜੀ[38] ਉਸ ਨੇ ਰਚੀ[39] ਹੈ । |
| ਨਾਨਕ ਕ੍ਰਿਪਾ[40] ਕਰੀ[41]ਹਰਿ ਜਿਨ ਕਉ ਤੇ[42] ਸੰਤ ਭਲੇ[43] ਹਰਿ ਰਾਮ ॥੨॥੧॥ | Nanak, they[42], to whom God shows[41] mercy[40], become the good[43] saints of the Lord God. | ਨਾਨਕ ਜਿਨ੍ਹਾਂ ਉਤੇ ਵਾਹਿਗੁਰੂ ਮਿਹਰ[40] ਧਾਰਦਾ[41] ਹੈ, ਉਹ[42] ਸੁਆਮੀ ਵਾਹਿਗੁਰੂ ਦੇ ਚੰਗੇ[43] ਸਾਧੂ ਹੋ ਨਿਬੜਦੇ ਹਨ । |
| ਬੈਰਾੜੀ ਮਹਲਾ ੪ ॥ | Bairari 4th Guru. | ਬੈਰਾੜੀ ਚੌਥੀ ਪਾਤਿਸ਼ਾਹੀ । |
| ਮਨ[44] ਮਿਲਿ ਸੰਤ ਜਨਾ[45] ਜਸੁ[46] ਗਾਇਓ ॥ ਹਰਿ ਹਰਿ ਰਤਨੁ[47] ਰਤਨੁ ਹਰਿ ਨੀਕੋ[48] ਗੁਰਿ ਸਤਿਗੁਰਿ ਦਾਨੁ[49] ਦਿਵਾਇਓ[50] ॥੧॥ ਰਹਾਉ॥ | O man[44], they, who, meeting with the holy men[45], sing the Lord's praise[46], they are blessed[50] with the gift[49] of the Lord God's jewel[47], the Lord's sublime[48] jewel, by the Guru, the True Guru. Pause. | ਹੇ ਬੰਦੇ[44] ! ਜੋ ਪਵਿੱਤਰ ਪੁਰਸ਼ਾਂ[45] ਨੂੰ ਮਿਲ ਕੇ ਪ੍ਰਭੂ ਦੀ ਕੀਰਤੀ[46] ਗਾਉਂਦੇ ਹਨ, ਉਨ੍ਹਾਂ ਨੂੰ ਗੁਰੂ ਜੀ, ਸੱਚੇ ਗੁਰੂ ਜੀ, ਸੁਆਮੀ ਵਾਹਿਗੁਰੂ ਦੇ ਹੀਰੇ[47], ਸੁਆਮੀ ਦੀ ਸ੍ਰੇਸ਼ਟ[48] ਹੀਰੇ ਦੀ ਦਾਤ[49] ਪ੍ਰਦਾਨ ਕਰਦੇ[50] ਹਨ । ਠਹਿਰਾਉ । |
| ਤਿਸੁ[51] ਜਨ[52] ਕਉ ਮਨੁ[53] ਤਨੁ[54] ਸਭੁ[55] ਦੇਵਉ[56] ਜਿਨਿ ਹਰਿ ਹਰਿ ਨਾਮੁ ਸੁਨਾਇਓ[57] ॥ | Offer[56] I my soul[53], body[54] and everything[55] to the[51] man[52], who recites[57] to me the Lord Master's Name. | ਮੈਂ ਆਪਣੀ ਆਤਮਾ[53], ਦੇਹ[54] ਤੇ ਸਾਰਾ ਕੁੱਛ[55] ਉਸ[51] ਜਣੇ[52] ਨੂੰ ਭੇਟਾ ਕਰਦਾ[56] ਹਾਂ, ਜੋ ਮੈਨੂੰ ਸੁਆਮੀ ਮਾਲਕ ਦਾ ਨਾਮ ਸੁਣਾਉਂਦਾ[57] ਹੈ । |
| ਧਨੁ[58] ਮਾਇਆ[59] ਸੰਪੈ[60] ਤਿਸੁ[61] ਦੇਵਉ[62] ਜਿਨਿ ਹਰਿ ਮੀਤੁ[63]ਮਿਲਾਇਓ॥੧॥ | Surrender[62] I, my wealth[58], riches[59] and property[60] to him[61], who unites me with God, my Friend[63]. | ਮੈਂ ਆਪਣੀ ਦੌਲਤ[58], ਮਾਲ ਮਿਲਖ[59]ਅਤੇ ਜਾਇਦਾਦ[60] ਉਸ[61] ਨੂੰ ਸਮਰਪਨ ਕਰਦਾ[62] ਹਾਂ, ਜੋ ਮੈਨੂੰ ਮੇਰੇ ਮਿਤ੍ਰ[63] ਹਰੀ ਨਾਲ ਮਿਲਾ ਦੇਵੇ । |
| ਖਿਨੁ[64] ਕਿੰਚਿਤ[65] ਕ੍ਰਿਪਾ[66] ਕਰੀ[67] ਜਗਦੀਸਰਿ[68]ਤਬ[69] ਹਰਿ[70] ਹਰਿ ਹਰਿ ਜਸੁ[71] ਧਿਆਇਓ[72] ॥ | When the World[68]-Lord[69] showed[67] me a little[65] mercy[66], even for a moment[64], then[70] dwelt[72] I on my God, the Lord Master's praise[71]. | ਜਦ ਸ੍ਰਿਸ਼ਟੀ[68] ਦੇ ਸੁਆਮੀ[69] ਨੇ ਮੇਰੇ ਉੱਤੇ ਇੱਕ ਮੁਹਤ[64] ਭਰ ਲਈ ਭੀ, ਥੋੜੀ[65] ਜੇਹੀ ਮਿਹਰ[66] ਧਾਰੀ[67], ਤਦ[70] ਮੈਂ ਆਪਣੇ ਵਾਹਿਗੁਰੂ ਸੁਆਮੀ ਮਾਲਕ ਦੀ ਕੀਰਤੀ[71] ਵਲ ਧਿਆਨ[72] ਕੀਤਾ । |
| ਜਨ[73] ਨਾਨਕ ਕਉ ਹਰਿ ਭੇਟੇ[74] ਸੁਆਮੀ ਦੁਖੁ[75] ਹਉਮੈ[76] ਰੋਗੁ[77]ਗਵਾਇਓ[78] ॥੨॥੨॥ | The Lord Master has met[74] slave[73] Nanak and his pain[75] of the ailment[77] of ego[76] is eliminated[78]. | ਪ੍ਰਭੂ ਪ੍ਰਮੇਸ਼ਰ ਸੇਵਕ[73] ਨਾਨਕ ਨੂੰ ਮਿਲ ਪਿਆ[74] ਹੈ ਅਤੇ ਉਸ ਦੀ ਹੰਕਾਰ[76] ਦੀ ਬੀਮਾਰੀ[77] ਦੀ ਪੀੜ[75] ਜਾਂਦੀ ਰਹੀ[78] ਹੈ । |

੭੨੦

ਬੈਰਾੜੀ ਮਹਲਾ ੪ ॥

Bairari 4th Guru.

ਬੈਰਾੜੀ ਚੌਥੀ ਪਾਤਿਸ਼ਾਹੀ ।

ਹਰਿ ਜਨੁ[79] ਰਾਮ ਨਾਮ ਗੁਨ[80] ਗਾਵੈ[81] ॥
ਜੇ[82] ਕੋਈ[83] ਨਿੰਦ[84] ਕਰੇ ਹਰਿਜਨ ਕੀ ਅਪੁਨਾ ਗੁਨੁ[85] ਨ ਗਵਾਵੈ[86] ॥੧॥ਰਹਾਉ॥

The Lord's slave[72] sings[81] the praise[80] of the Lord's Name.
If[82], some one[83] slanders[84] the Lord's servant, he renounces[86] not his merit[85]. Pause

ਸੁਆਮੀ ਦਾ ਗ਼ੁਲਾਮ[72] ਸੁਆਮੀ ਦੀ ਮਹਿਮਾਂ[80] ਗਾਇਨ ਕਰਦਾ ਹੈ ।
ਜੇਕਰ[82] ਕੋਈ ਜਣਾ[82] ਸੁਆਮੀ ਦੇ ਸੇਵਕ ਦੀ ਬਦਖੋਈ[84] ਕਰੇ, ਉਹ ਆਪਣੀ ਨੇਕੀ[85] ਨੂੰ ਨਹੀਂ ਤਿਆਗਦਾ[86] । ਠਹਿਰਾਉ ।

ਜੋ ਕਿਛੁ[87] ਕਰੇ ਸੁ[88] ਆਪੇ[89] ਸੁਆਮੀ ਹਰਿ ਆਪੇ ਕਾਰ[90] ਕਮਾਵੈ[91] ॥
ਹਰਿ ਆਪੇ ਹੀ ਮਤਿ[92] ਦੇਵੈ[93] ਸੁਆਮੀ ਹਰਿ ਆਪੇ ਬੋਲਿ[94] ਬੁਲਾਵੈ[95] ॥੧॥

What-so-ever[87] the Lord does, that[88], He does Himself[89]. God, by Himself does[91] all the deeds[90].
The Lord Master Himself imparts[93] understanding[92] and Himself the Lord makes man utter[95] the words[94].

ਜਿਹੜਾ ਕੁਝ ਭੀ[87] ਪ੍ਰਭੂ ਕਰਦਾ ਹੈ, ਉਹ[88] ਉਸ ਨੂੰ ਖ਼ੁਦ[89] ਕਰਦਾ ਹੈ । ਵਾਹਿਗੁਰੂ ਆਪ ਹੀ ਸਾਰੇ ਕੰਮ[90] ਕਰਦਾ[91] ਹੈ ।
ਪ੍ਰਭੂ ਪ੍ਰਮੇਸਰ ਖ਼ੁਦ ਸਮਝ[92] ਪਰਦਾਨ ਕਰਦਾ[93] ਹੈ ਅਤੇ ਖ਼ੁਦ ਹੀ ਪ੍ਰਭੂ ਇਨਸਾਨ ਪਾਸੋਂ ਬਚਨ[94] ਉਚਾਰਨ[95] ਕਰਵਾਉਂਦਾ ਹੈ ।

ਹਰਿ ਆਪੇ ਪੰਚ ਤਤੁ[96] ਬਿਸਥਾਰਾ[97] ਵਿਚਿ ਧਾਤੂ[98] ਪੰਚ ਆਪਿ ਪਾਵੈ[99] ॥
ਜਨ[100] ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ[2] ਚੁਕਾਵੈ[3] ॥੨॥੩॥

God Himself evolves[97] the world of five elements[96] and Himself He infuses[99] the five senses[98] therein.
O slave[100] Nanak, the Lord Himself unites man with the True Guru and Himself He settles[3] the strifes[2].

ਹਰੀ ਖ਼ੁਦ ਪੰਜ ਮੂਲ ਅੰਸ਼ਾਂ[96] ਵਾਲੇ ਸੰਸਾਰ ਨੂੰ ਫੈਲਾਉਂਦਾ[97] ਹੈ ਅਤੇ ਖ਼ੁਦ ਹੀ ਉਸ ਵਿਚ ਪੰਜੇ ਬੋਧ ਸ਼ਕਤੀਆਂ[98] ਪਾਉਂਦਾ[99] ਹੈ ।
ਹੇ ਗੋਲੇ[100] ਨਾਨਕ ! ਪ੍ਰਭੂ ਖ਼ੁਦ ਬੰਦੇ ਨੂੰ ਸੱਚੇ ਗੁਰਾਂ ਨਾਲ ਮਿਲਾਉਂਦਾ ਹੈ ਅਤੇ ਖ਼ੁਦ ਹੀ ਝਗੜੇ[2] ਨਿਪਟਾਉਂਦਾ[3] ਹੈ ।

ਬੈਰਾੜੀ ਮਹਲਾ ੪ ॥

Bairari 4th Guru.

ਬੈਰਾੜੀ ਚੌਥੀ ਪਾਤਿਸ਼ਾਹੀ ।

ਜਪਿ[4] ਮਨ[5] ਰਾਮ ਨਾਮੁ ਨਿਸਤਾਰਾ[6] ॥
ਕੋਟ ਕੋਟੰਤਰ ਕੇ[7] ਪਾਪ[8] ਸਭਿ ਖੋਵੈ[9]ਹਰਿ [10]ਭਵਜਲੁ[12] ਪਾਰਿ ਉਤਾਰਾ[13] ॥੧॥ ਰਹਾਉ॥

O my soul[5], contemplating[4] the Lord's Name, emancipation[6] is obtained.
God destroys[9] all the sins[8] of millions upon millions[7] of births and ferries[13] man across the fearful[10] world ocean[12]. Pause.

ਹੇ ਮੇਰੀ ਜਿੰਦੜੀਏ[5] ! ਸਾਹਿਬ ਦੇ ਨਾਮ ਦਾ ਸਿਮਰਨ ਕਰਨ[4] ਦੁਆਰਾ ਮੋਖ਼ਸ਼[6] ਪ੍ਰਾਪਤ ਹੋ ਜਾਂਦੀ ਹੈ ।
ਵਾਹਿਗੁਰੂ ਕ੍ਰੋੜਾਂ ਹੀ ਕ੍ਰੋੜਾਂ[7] ਜਨਮਾਂ ਦੇ ਸਮੂਹ ਗੁਨਾਹਾਂ[8] ਨੂੰ ਨਾਸ[9] ਕਰਦਾ ਹੈ ਅਤੇ ਇਨਸਾਨ ਨੂੰ ਡਰਾਉਣੇ[10] ਸੰਸਾਰ ਸਮੁੰਦਰ[12] ਤੋਂ ਪਾਰ ਕਰ ਦਿੰਦਾ[13] ਹੈ । ਠਹਿਰਾਉ ।

ਕਾਇਆ[14]ਨਗਰਿ[15] ਬਸਤ[16] ਹਰਿ ਸੁਆਮੀ ਹਰਿ ਨਿਰਭਉ[17] ਨਿਰਵੈਰੁ[18] ਨਿਰੰਕਾਰਾ[19] ॥
ਹਰਿ ਨਿਕਟਿ[20] ਬਸਤ ਕਛੁ ਨਦਰਿ[21] ਨ ਆਵੈ ਹਰਿ ਲਾਧਾ[22]ਗੁਰ ਵੀਚਾਰਾ[23]॥੧॥
ਹਰਿ ਆਪੇ ਸਾਹੁ[24] ਸਰਾਫੁ[25]

The Fear-free[17] Uninimical[18] and Formless[19] God, the Lord Master abides[16] in the body[14] village[15].
God lives near[20], but is seen[21] not. By the Guru's counsel[23] the Lord is obtained[22].
God Himself is the Banker[24],

ਨਿੱਡਰ[17], ਦੁਸ਼ਮਨੀ-ਰਹਿਤ[18] ਅਤੇ ਸਰੂਪ-ਹੀਣ[19] ਵਾਹਿਗੁਰੂ ਪ੍ਰਭੂ ਪਰਮੇਸ਼ਰ ਦੇਹ[14] ਦੇ ਪਿੰਡ[15] ਵਿਚ ਰਹਿੰਦਾ[16] ਹੈ ।
ਵਾਹਿਗੁਰੂ ਨੇੜੇ[20] ਹੀ ਵਸਦਾ ਹੈ, ਪਰ ਦਿਸਦਾ[21] ਨਹੀਂ ।
ਗੁਰਾਂ ਦੇ ਉਪਦੇਸ਼[23] ਦੁਆਰਾ ਪ੍ਰਭੂ ਪ੍ਰਾਪਤ ਹੁੰਦਾ[22] ਹੈ ।
ਵਾਹਿਗੁਰੂ ਖ਼ੁਦ ਸ਼ਾਹੂਕਾਰ[24] ਜਵਾਹਰੀ[25], ਜਵੇਹਰ[26] ਅਤੇ

| | | |
|---|---|---|
| ਰਤਨੁ[26] ਹੀਰਾ[27] ਹਰਿ ਆਪਿ ਕੀਆ ਪਾਸਾਰਾ[28] ॥ | Jeweller[25], jewel[26] and gem[27] and He Himself has made the entire expanse[28]. | ਮਾਣਕ[27] ਹੈ। ਸੁਆਮੀ ਨੇ ਖ਼ੁਦ ਹੀ ਸਾਰਾ ਫੈਲਾਉ[28] ਕੀਤਾ ਹੈ। |
| ਨਾਨਕ ਜਿਸੁ ਕ੍ਰਿਪਾ[29] ਕਰੇ[34] ਸੁ[30] ਹਰਿ ਨਾਮੁ ਵਿਹਾਝੇ[31] ਸੋ[32] ਸਾਹੁ ਸਚਾ ਵਣਜਾਰਾ[33] ॥੨॥੪॥ | Nanak, he[30] to whom God shows[34] mercy[29] deals[31] in His Name. He alone[32] is the true banker and the true trader[33]. | ਨਾਨਕ, ਜਿਸ ਉੱਤੇ ਵਾਹਿਗੁਰੂ ਦਇਆ[29] ਧਾਰਦਾ[34] ਹੈ, ਉਹੀ[30] ਉਸ ਦੇ ਨਾਮ ਦਾ ਵਣਜ[31] ਕਰਦਾ ਹੈ। ਕੇਵਲ ਉਹ[32] ਹੀ ਸੱਚਾ ਸ਼ਾਹੂਕਾਰ ਅਤੇ ਸਚਾ ਵਪਾਰੀ[33] ਹੈ। |
| ਬੈਰਾੜੀ ਮਹਲਾ ੪ ॥ | Bairari 4th Guru. | ਬੈਰਾੜੀ ਚੌਥੀ ਪਾਤਿਸ਼ਾਹੀ। |
| ਜਪਿ[35] ਮਨ[36] ਹਰਿ ਨਿਰੰਜਨੁ[37] ਨਿਰੰਕਾਰਾ[38] ॥ | O man[36], meditate[35] thou on the Immaculate[37], Formless[38] Lord. | ਹੇ ਬੰਦੇ[36]! ਤੂੰ ਪਵਿੱਤਰ[37], ਸਰੂਪ-ਰਹਿਤ ਸੁਆਮੀ[38] ਦਾ ਸਿਮਰਨ[35] ਕਰ। |
| ਸਦਾ[39] ਸਦਾ ਹਰਿ ਧਿਆਈਐ[40] ਸੁਖਦਾਤਾ[41] ਜਾਕਾ ਅੰਤੁ[42] ਨ ਪਾਰਾਵਾਰਾ[43] ॥੧॥ਰਹਾਉ॥ | Ever[39] and at all times, dwell[40] thou on God, the Peace-giver[41], whose extent[42] and limit[43] are not known. Pause. | ਹਮੇਸ਼ਾ[39], ਹਮੇਸ਼ਾ ਤੂੰ ਆਰਾਮ[41]-ਬਖ਼ਸ਼ਣਹਾਰ[41] ਵਾਹਿਗੁਰੂ ਦਾ ਆਰਾਧਨ[40] ਕਰ ਜਿਸ ਦੇ ਵਿਸਥਾਰ[42] ਅਤੇ ਓੜਕ[43] ਦਾ ਪਤਾ ਨਹੀਂ ਲਗਦਾ। ਠਹਿਰਾਉ। |
| ਅਗਨਿ[44] ਕੁੰਟ[45] ਮਹਿ[46] ਉਰਧ[47] ਲਿਵ[48] ਲਾਗਾ[49] ਹਰਿ ਰਾਖੈ[50] ਉਦਰ[51] ਮੰਝਾਰਾ[52] ॥ | When hanging upside[47] down, thou wert absorbed[49] in the Lord's love[48] in[46] the pit[45] of fire[44], He preserved[50] thee in[52] the womb[51]. | ਜਦ ਮੂਧੇ ਮੂੰਹ[47] ਤੂੰ, ਅਗ[44] ਦੇ ਟੋਏ[45] ਅੰਦਰ[46] ਪ੍ਰਭੂ ਦੀ ਪ੍ਰੀਤ[48] ਵਿਚ[46] ਲੀਨ[49] ਸੈਂ, ਤਦ ਉਸ ਨੇ ਤੈਨੂੰ ਗਰਭ[51] ਵਿਚੋਂ[52] ਬਚਾ ਲਿਆ[50]। |
| ਸੋ ਐਸਾ[53] ਹਰਿ ਸੇਵਹੁ[54] ਮੇਰੇ ਮਨ ਹਰਿ ਅੰਤਿ[55] ਛਡਾਵਣਹਾਰਾ[56] ॥੧॥ | O my soul, serve[54] thou such[53] Lord God, who shall be thy Deliverer[56] in the end[55]. | ਹੇ ਮੇਰੀ ਜਿੰਦੇ! ਤੂੰ ਐਹੋ ਜੇਹੇ[53] ਸੁਆਮੀ ਵਾਹਿਗੁਰੂ ਦੀ ਘਾਲ ਕਮਾ[54] ਜੋ ਤੈਨੂੰ ਅਖੀਰ[55] ਨੂੰ ਬੰਦਖ਼ਲਾਸ ਕਰਾਉਣ ਵਾਲਾ[56] ਹੋਊਗਾ। |
| ਜਾ ਕੈ ਹਿਰਦੈ[57] ਬਸਿਆ[58] ਮੇਰਾ ਹਰਿ ਹਰਿ ਤਿਸੁ[60] ਜਨ[59] ਕਉ ਕਰਹੁ ਨਮਸਕਾਰਾ[61] ॥ | He, within whose mind[57] my Lord Master abides[58], make thou obeisance[61] unto that[60] person[59]. | ਜਿਸ ਦੇ ਮਨ[57] ਅੰਦਰ ਮੇਰਾ ਸੁਆਮੀ ਮਾਲਕ ਵਸਦਾ[58] ਹੈ, ਤੂੰ ਉਸ[60] ਪੁਰਸ਼[59] ਨੂੰ ਬੰਦਨਾ[61] ਕਰ। |
| ਹਰਿ ਕਿਰਪਾ[62] ਤੇ ਪਾਈਐ ਹਰਿ ਜਪੁ[63] ਨਾਨਕ ਨਾਮੁ ਅਧਾਰਾ[64] ॥੨॥੫॥ | By God's grace[62] alone, the Lord's meditation[63] and the support[64] of His Name are obtained, O Nanak. | ਵਾਹਿਗੁਰੂ ਦੀ ਮਿਹਰ[62] ਦੁਆਰਾ ਹੀ ਸਾਹਿਬ ਦਾ ਸਿਮਰਨ[63] ਅਤੇ ਉਸ ਦੇ ਨਾਮ ਦਾ ਆਸਰਾ[64] ਪਰਾਪਤ ਹੁੰਦੇ ਹਨ, ਹੇ ਨਾਨਕ! |
| ਬੈਰਾੜੀ ਮਹਲਾ ੪ ॥ | Bairari 4th Guru. | ਬੈਰਾੜੀ ਚੌਥੀ ਪਾਤਿਸ਼ਾਹੀ। |
| ਜਪਿ[65] ਮਨ ਹਰਿ ਹਰਿ ਨਾਮੁ ਨਿਤ[66] ਧਿਆਇ[67] ॥ | O my soul, every day[66] repeat[65] and remember[67] thou the Lord Master's Name. | ਹੇ ਮੇਰੀ ਜਿੰਦੜੀਏ! ਤੂੰ ਨਿਤਾਪ੍ਰਤੀ[66] ਪ੍ਰਭੂ ਪਰਮੇਸ਼ਰ ਦੇ ਨਾਮ ਦਾ ਉਚਾਰਨ[65] ਤੇ ਸਿਮਰਨ[67] ਕਰ। |
| ਜੋ ਇਛਹਿ[68] ਸੋਈ[72] ਫਲੁ[69] ਪਾਵਹਿ ਫਿਰਿ[70] ਦੂਖੁ[71] ਨ ਲਾਗੈ ਆਇ ॥੧॥ਰਹਾਉ॥ | Thou shalt obtain the[72] fruits[69] which thou desirest[68] and pain[71] shall touch thee not, again[70]. Pause. | ਤੂੰ ਉਹ[72] ਫਲ[69] ਪਾਵੇਂਗੀ ਜਿਹੜੇ ਤੂੰ ਚਾਹੁੰਦੀ[68] ਹੈਂ, ਅਤੇ ਮੁੜ ਕੇ[70] ਤੈਨੂੰ ਦੁੱਖ[71] ਨਹੀਂ ਵਿਆਪੇਗਾ। ਠਹਿਰਾਉ। |

| | | |
|---|---|---|
| ਸੋ[73] ਜਪੁ[74] ਸੋ ਤਪੁ[75] ਸਾ ਬ੍ਰਤੁ[76] ਪੂਜਾ[77] ਜਿਤੁ ਹਰਿ ਸਿਉ ਪ੍ਰੀਤਿ[78] ਲਗਾਇ ॥ | That[73] is the true meditation[74], true austerity[75], true fasting[76] and true worship[77], whereby affection[78] with the Lord is contracted. | ਓਹੀ[73] ਸੱਚਾ ਸਿਮਰਨ[74], ਸੱਚੀ ਤਪੱਸਿਆ[75] ਸੱਚਾ ਉਪਹਾਸ[76] ਤੇ ਸਚੀ ਉਪਾਸ਼ਨਾ[77] ਹੈ, ਜਿਸ ਦੁਆਰਾ ਪ੍ਰਭੂ ਨਾਲ ਪਿਆਰ[78] ਪੈ ਜਾਂਦਾ ਹੈ। |
| ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ[79] ਮਹਿ[80] ਬਿਸਰਿ[81] ਸਭ ਜਾਇ ॥੧॥ | Without Lord's love every other love is false; in[80] an instant[79], it is all forgotten[81]. | ਪ੍ਰਭੂ ਦੇ ਪਿਆਰ ਦੇ ਬਗੈਰ, ਹੋਰ ਹਰ ਇਕ ਪਿਆਰ ਕੂੜਾ ਹੈ। ਇਕ ਮੁਹਤ[79] ਵਿਚ[80] ਇਹ ਸਾਰਾ ਪਿਆਰ ਭੁੱਲ ਜਾਂਦਾ[81] ਹੈ। |
| ਤੂ ਬੇਅੰਤੁ[82] ਸਰਬ[83] ਕਲ[84] ਪੂਰਾ[85] ਕਿਛੁ[86] ਕੀਮਤਿ[87] ਕਹੀ[88] ਨ ਜਾਇ ॥ | Thou art Infinite[82] and Master[85] of all[83] the powers[84]. Thy worth[87] cannot even be slightly[86] described[88]. | ਤੂੰ ਅਨੰਤ[82], ਅਤੇ ਸਾਰੀਆਂ[83] ਸ਼ਕਤੀਆਂ[84] ਨਾਲ ਪਰੀਪੂਰਨ[85] ਹੈਂ। ਤੇਰਾ ਭੋਰਾ ਭਰ[86] ਮੁਲ[87] ਭੀ ਆਖਿਆ[88] ਨਹੀਂ ਜਾ ਸਕਦਾ। |
| ਨਾਨਕ ਸਰਣਿ[89] ਤੁਮ੍ਹਾਰੀ ਹਰਿ ਜੀਉ[90] ਭਾਵੈ[91] ਤਿਵੈ[92] ਛਡਾਇ[93] ॥੨॥੬॥ | O reverend[90] Lord, Nanak has entered Thine sanctuary[89]. As Thou likest[91], so[92] Thou unite[93] him with Thee. | ਹੇ ਮਹਾਰਾਜ[90] ਮਾਲਕ! ਨਾਨਕ ਨੇ ਤੇਰੀ ਸ਼ਰਣਾਗਤਿ[89] ਸੰਭਾਲੀ ਹੈ। ਜਿਸ ਤਰ੍ਹਾਂ ਤੈਨੂੰ ਚੰਗਾ ਲਗਦਾ[91] ਹੈ, ਉਸੇ ਤਰ੍ਹਾਂ[92] ਹੀ ਤੂੰ ਉਸ ਨੂੰ ਆਪਣੇ ਨਾਲ ਅਭੇਦ[93] ਕਰ ਲੈ। |
| ਰਾਗੁ ਬੈਰਾੜੀ ਮਹਲਾ ੫ ਘਰੁ ੧ | Bairari Measure 5th Guru | ਰਾਗੁ ਬੈਰਾੜੀ ਪੰਜਵੀਂ ਪਾਤਿਸ਼ਾਹੀ |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ। |
| ਸੰਤ[94] ਜਨਾ ਮਿਲਿ ਹਰਿ ਜਸੁ[95] ਗਾਇਓ ॥ | Associating with the pious persons[94], sing thou the Lord's praise[95]. | ਪਵਿੱਤਰ ਪੁਰਸ਼ਾਂ[94] ਨਾਲ ਜੁੜ ਕੇ, ਤੂੰ ਪ੍ਰਭੂ ਦੀ ਮਹਿਮਾ[95] ਗਾਇਨ ਕਰ। |
| ਕੋਟਿ ਜਨਮ ਕੇ ਦੂਖ[96] ਗਵਾਇਓ[97] ॥੧॥ਰਹਾਉ॥ | Thus shalt thou be rid of[97] the pain[96] of millions of births. Pause. | ਐਸ ਤਰ੍ਹਾਂ ਤੂੰ ਕ੍ਰੋੜਾਂ ਹੀ ਜਨਮਾਂ ਦੇ ਦੁੱਖਾਂ[96] ਤੋਂ ਖ਼ਲਾਸੀ ਪਾ ਜਾਵੇਂਗਾ[97]। ਠਹਿਰਾਉ। |
| ਜੋ ਚਾਹਤ[98] ਸੋਈ[99] ਮਨਿ ਪਾਇਓ[100] ॥ | What thy heart desires[98], that[99] is like-wise obtained[100]. | ਜਿਹੜਾ ਕੁਛ ਤੇਰਾ ਦਿਲ ਲੋੜਦਾ[98] ਹੈ, ਉਹ[99] ਇਸ ਤਰ੍ਹਾਂ ਪਰਾਪਤ[100] ਹੋ ਜਾਂਦਾ ਹੈ। |
| ਕਰਿ ਕਿਰਪਾ[2] ਹਰਿ ਨਾਮੁ ਦਿਵਾਇਓ[3] ॥੧॥ | In their mercy[2], the saints bless[3] me with the God's Name | ਆਪਣੀ ਰਹਿਮਤ[2] ਸਦਕਾ, ਸਾਧੂ ਮੈਨੂੰ ਰੱਬ ਦਾ ਨਾਮ ਪਰਦਾਨ[3] ਕਰਦੇ ਹਨ। |
| ਸਰਬ[4] ਸੂਖ[5] ਹਰਿ ਨਾਮਿ ਵਡਾਈ[6] ॥ | All[4] happiness[5] and greatness[6] abide in the Lord's Name. | ਸਮੂਹ[4] ਪ੍ਰਸੰਨਤਾ[5] ਅਤੇ ਪ੍ਰਭਤਾ[6] ਪ੍ਰਭੂ ਦੇ ਨਾਮ ਅੰਦਰ ਵਸਦੀਆਂ ਹਨ। |
| ਗੁਰ ਪ੍ਰਸਾਦਿ[7] ਨਾਨਕ ਮਤਿ[8] ਪਾਈ ॥੨॥੧॥੭॥ | By Guru's grace[7], Nanak has obtained this understanding[9]. | ਗੁਰਾਂ ਦੀ ਰਹਿਮਤ[7] ਸਦਕਾ ਨਾਨਕ ਨੂੰ ਇਹ ਸਮਝ[8] ਪਰਾਪਤ ਹੋਈ ਹੈ। |
| ੭੨੧ | | |
| ਰਾਗੁ ਤਿਲੰਗ ਮਹਲਾ ੧ ਘਰੁ ੧ | Tilang Measure Ist Guru. | ਰਾਗੁ ਤਿਲੰਗ ਪਹਿਲੀ ਪਾਤਿਸ਼ਾਹੀ। |

| | | |
|---|---|---|
| ੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | There is but One God. True is His Name and creative His Personality. He is without fear, without enmity, Immortal in form, beyond birth and self-illumined. By Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚਾ ਹੈ ਉਸ ਦਾ ਨਾਮ ਰਚਨਹਾਰ ਉਸ ਦੀ ਵਿਅਕਤੀ ਅਤੇ ਅਮਰ ਉਸ ਦਾ ਸਰੂਪ। ਉਹ ਨਿੱਡਰ, ਦੁਸ਼ਮਨੀ-ਰਹਿਤ, ਅਜਨਮਾ ਅਤੇ ਸਵੈ ਪਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਯਕ[9] ਅਰਜ[10] ਗੁਫਤਮ[12] ਪੇਸਿ[13] ਤੋ[14] ਦਰ ਗੋਸ[15] ਕੁਨ ਕਰਤਾਰ[16] ॥ | I utter[12] one[9] supplication[10] before[13] Thee[14]. Hear[15] it Thou, O my Creator[16]. | ਮੈਂ ਤੇਰੇ[14] ਮੂਹਰੇ[13] ਇਕ[9] ਬੇਨਤੀ[10] ਉਚਾਰਨ[12] ਕਰਦਾ ਹਾਂ। ਤੂੰ ਇਸ ਨੂੰ ਸ੍ਰਵਣ[15] ਕਰ, ਹੇ ਮੇਰੇ ਸਿਰਜਣਹਾਰ[16]! |
| ਹਕਾ[17] ਕਬੀਰ[18] ਕਰੀਮ[19] ਤੂ ਬੇਐਬ[20] ਪਰਵਦਗਾਰ[21] ॥੧॥ | Thou art the true[17], great[18], merciful[19] and faultless[20] cherisher[21]. | ਤੂੰ ਸੱਚਾ[17], ਵੱਡਾ[18], ਦਇਆਵਾਨ[19] ਅਤੇ ਪਾਪ-ਰਹਿਤ[20] ਪਾਲਣ ਪੋਸਣਹਾਰ[21] ਹੈਂ। |
| ਦੁਨੀਆ[22] ਮੁਕਾਮੇ[23] ਫਾਨੀ[24] ਤਹਕੀਕ[25] ਦਿਲ[26] ਦਾਨੀ[27] ॥ | The world[22] is a perishable[24] place[23]. Know[27] it for certain[25] in thy mind[26], O man ! | ਸੰਸਾਰ[22] ਇੱਕ ਨਾਸਵੰਤ[24] ਟਿਕਾਣਾ[23] ਹੈ। ਇਸ ਨੂੰ ਆਪਣੇ ਮਨ[26] ਵਿਚ ਸੱਚ ਕਰ ਕੇ[25] ਜਾਣ[27]। |
| ਮਮ[28] ਸਰ[29] ਮੂਇ[30] ਅਜਰਾਈਲ ਗਿਰਫਤਹ[31] ਦਿਲ ਹੇਚਿ[32] ਨ ਦਾਨੀ[33] ॥ ੧॥ਰਹਾਉ॥ | Azrail, death's courier, has canght[31] me by the hair[30] of my[28] head[29], yet I know[33] it not in the least[32], in my heart. Pause. | ਮੌਤ ਦੇ ਦੂਤ, ਅਜਰਾਈਲ, ਨੇ ਮੈਨੂੰ ਮੇਰੇ[28] ਸਿਰ[29] ਦੇ ਵਾਲਾਂ[30] ਤੋਂ ਫੜਿਆ[31] ਹੋਇਆ ਹੈ, ਪ੍ਰੰਤੂ, ਆਪਣੇ ਦਿਲ ਵਿਚ ਮੈਨੂੰ ਇਸ ਦਾ ਭੋਰਾਭਰ[32] ਭੀ ਪਤਾ[33] ਨਹੀਂ। ਠਹਿਰਾਉ। |
| ਜਨ[34] ਪਿਸਰ[35] ਪਦਰ[36] ਬਿਰਾਦਰਾਂ[37] ਕਸ[38] ਨੇਸ[39] [40]ਦਸਤੰਗੀਰ[41] ॥ | The wife[34], son[35], father[36] and brothers[37], no[39] one[38] shall hold[41] my hand[40]. | ਵਹੁਟੀ[34], ਪੁੱਤ੍ਰ[35], ਪਿਤਾ[36] ਅਤੇ ਵੀਰ[37], ਇਨ੍ਹਾਂ ਵਿਚੋਂ ਕਿਸੇ ਨੇ ਭੀ[38] ਮੇਰਾ ਹੱਥ ਨਹੀਂ[39] ਪਕੜਨਾ[41]। |
| ਆਖਿਰ[42] ਬਿਅਫਤਮ[43] ਕਸ[44] ਨ ਦਾਰਦ[45] ਚੂੰ[47] ਸਵਦ[48] ਤਕਬੀਰ[49] ॥੨॥ | At last[42] when[47] I[44] fall[43] and the time of last prayer[49] is reached[48], there shall be no one[46] to rescue[46] me | ਅੰਤ ਨੂੰ[42] ਜਦ[47] ਮੈਂ[44] ਡਿੱਗ ਪਵਾਂਗਾ[43] ਅਤੇ ਅਖ਼ੀਰਲੀ ਅਰਦਾਸ[49] ਦਾ ਵੇਲਾ ਆਵੇਗਾ[48] ਤਾਂ ਕੋਈ ਜਣਾ[45] ਭੀ ਮੈਨੂੰ ਬਚਾਉਣ ਵਾਲਾ[46] ਨਹੀਂ ਹੋਵੇਗਾ। |
| ਸਬ[50] ਰੋਜ[51] [52]ਗਸਤਮ[53] ਦਰ[54] ਹਵਾ[55] ਕਰਦੇਮ[56] ਬਦੀ[57] ਖਿਆਲ[58] ॥ | Night[50] and day[51], I[53] wander[52] in[54] avarice[55] and think[58] of doing[56] evil[57]. | ਰਾਤ[50] ਦਿਨ[51] ਮੈਂ[53] ਲਾਲਚ[55] ਅੰਦਰ[54] ਭਟਕਦਾ[52] ਹਾਂ, ਅਤੇ ਮੰਦਾ[57] ਚਿਤਵਦਾ[58] ਅਤੇ ਕਰਦਾ[56] ਹਾਂ। |
| ਗਾਹੇ[59] ਨ ਨੇਕੀ[60] ਕਾਰ[61] [62]ਕਰਦਮ[63] ਮਮ[64] ਈਂ[65] ਚਿਨੀ[66] ਅਹਵਾਲ[67] ॥੩॥ | I[63] do not, ever[59], do[62] good[60] deeds[61]. Like[66] this[66] is my[64] condition[67]. | ਮੈਂ[63] ਕਦੇ ਭੀ[59] ਚੰਗੇ[60] ਅਮਲ[61] ਨਹੀਂ ਕਮਾਏ[62]। ਇਸ[65] ਤਰ੍ਹਾਂ[66] ਦੀ ਹੈ ਮੇਰੀ[64] ਅਵਸਥਾ[67]। |
| ਬਦਬਖਤ[68] ਹਮਚੁ[69]ਬਖੀਲ[70] ਗਾਫਿਲ[71] ਬੇਨਜਰ[72] | I am unfortunate[68] as also[69] miserly[70], negligent[71], shameless[72] and without[73] | ਮੈਂ ਨਿਕਰਮਣ[68] ਅਤੇ ਨਾਲ[69] ਹੀ ਕੰਜੂਸ[70], ਅਚੇਤ[71] ਬੇਸ਼ਰਮ[72] ਅਤੇ ਤੇਰੇ ਡਰ ਦੇ ਬਿਨਾਂ[73] ਹਾਂ, ਹੇ ਸਾਂਈਂ ! |

| | | |
|---|---|---|
| ਬੇਬਾਕ[73] ॥ ਨਾਨਕ ਬੁਗੋਯਦ[74] ਜਨੁ[75] ਤੁਰਾ[76] ਤੇਰੇ ਚਾਕਰਾਂ[77] ਪਾ[78]ਖਾਕ[79] ॥੪॥੧॥ | Thine fear, O Lord. Says[74] Nanak, I am Thy[76] slave[77] and the dust[79] of the feet[78] of Thine servants'[77]. | ਨਾਨਕ ਆਖਦਾ[74] ਹੈ, ਮੈਂ ਤੇਰਾ[76] ਗੋਲਾ[75] ਹਾਂ ਅਤੇ ਤੇਂਡੇ ਸੇਵਕਾਂ[77] ਦੇ ਪੈਰਾਂ[78] ਦੀ ਧੂੜ[79] ਹਾਂ। |
| ਤਿਲੰਗ ਮਹਲਾ ੧ ਘਰੁ ੨ | Tilang Ist Guru. | ਤਿਲੰਕ ਪਹਿਲੀ ਪਾਤਿਸ਼ਾਹੀ। |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਭਉ[80] ਤੇਰਾ ਭਾਂਗ[81] ਖਲੜੀ[82] ਮੇਰਾ ਚੀਤੁ ॥ | O Lord, Thy fear[80] is my hemp[81] and my mind is the leather pouch[82]. | ਹੇ ਸੁਆਮੀ! ਤੇਰਾ ਡਰ[80] ਮੇਰੀ ਭੰਗ[81] ਹੈ ਅਤੇ ਮੇਰਾ ਮਨ (ਭੰਗ ਨੂੰ ਸਾਂਭਣ ਲਈ) ਚਮੜੇ ਦੀ ਗੁਥਲੀ[82] ਹੈ। |
| ਮੈ ਦੇਵਾਨਾ[83] ਭਇਆ[85] ਅਤੀਤੁ[84] ॥ | I have become[85] an intoxicated[83] hermit[84]. | ਮੈਂ ਇਕ ਮਤਵਾਲਾ[83] ਵਿਰੱਕਤ[84] ਹੋ ਗਿਆ[85] ਹਾਂ। |
| ਕਰ[86] ਕਾਸਾ[87] ਦਰਸਨ[88] ਕੀ ਭੂਖ[89] ॥ | My hands[86] are the begging bowl[87] and I crave[89] for Thine vision[88], O God. | ਮੇਰੇ ਹੱਥ[86] ਪਿਆਲਾ[87] ਹਨ ਅਤੇ ਮੈਨੂੰ ਤੇਰੇ ਦੀਦਾਰ[88] ਦੀ ਭੁੱਖ[89] ਹੈ, ਹੇ ਵਾਹਿਗੁਰੂ! |
| ਮੈ ਦਰਿ[90] ਮਾਗਉ[91] ਨੀਤਾ ਨੀਤ[92] ॥੧॥ | Day by day[92], beg[91] I at Thy door[90]. | ਰੋਜ਼ ਬਰੋਜ਼[92], ਮੈਂ ਤੇਰੇ ਬੂਹੇ[90] ਤੇ ਝੋਲੀ ਅੱਡਦਾ[91] ਹਾਂ। |
| ਤਉ ਦਰਸਨ[94] ਕੀ ਕਰਉ ਸਮਾਇ[93] ॥ | For Thy sight[94] I make a mumper's call[93]. | ਤੇਰੇ ਦੀਦਾਰ[94] ਲਈ ਮੈਂ ਮੰਗਤੇ ਵਾਲੀ ਸਦਾਅ[93] ਕਰਦਾ ਹਾਂ। |
| ਮੈ ਦਰਿ ਮਾਗਤੁ[95] ਭੀਖਿਆ[96] ਪਾਇ[97] ॥੧॥ਰਹਾਉ॥ | Bless[97] Thou me, Thine door's beggar[95], with alms[96], O Lord. Pause. | ਮੈਨੂੰ ਆਪਣੇ ਬੂਹੇ ਦੇ ਭਿਖਾਰੀ[95] ਨੂੰ ਤੂੰ ਖ਼ੈਰ[96] ਪਾ[97], ਹੇ ਪ੍ਰਭੂ! ਠਹਿਰਾਉ। |
| ਕੇਸਰਿ[98]ਕੁਸਮ[99] ਮਿਰਗਮੈ[100] ਹਰਣਾ[2] ਸਰਬ[3] ਸਰੀਰੀ[4] ਚੜ੍ਹਣਾ[5] ॥ ਚੰਦਨ[6] ਭਗਤਾ[7] ਜੋਤਿ[8] ਇਨੇਹੀ[9] ਸਰਬੇ ਪਰਮਲੁ[10] ਕਰਣਾ ॥੨॥ | Saffron[98], flowers[99], deer's musk[100] and gold[2] embellish[5] all[3], the bodies[4]. Like Chandan[6], such[9] is the quality[8] of Lord's slaves[7] that they render fragrant[10] one and all. | ਕੁੰਗੂ[98], ਫੁਲ[99], ਹਿਰਣ ਦਾ ਨਾਫ਼ਾ[100], ਅਤੇ ਸੋਨਾ[2] ਸਮੂਹ[3] ਦੇਹਾਂ[4] ਉਤੇ ਸਵਾਰ[5]ਹੁੰਦੇ ਹਨ। ਚੰਨਣ[6] ਦੀ ਤਰ੍ਹਾਂ[9] ਪ੍ਰਭੂ ਦੇ ਗੋਲਿਆਂ[7] ਦੀ ਉੱਜਲ[8] ਖ਼ੁਸ਼ਬੂ ਇਸ ਤਰ੍ਹਾਂ ਦੀ ਹੈ ਕਿ ਉਹ ਸਾਰਿਆਂ ਨੂੰ ਸੁਗੰਧਤ[10] ਕਰ ਦੇਂਦੀ ਹੈ। |
| ਘਿਅ[12] ਪਟ[13] ਭਾਂਡਾ[14] ਕਹੈ[15] ਨ ਕੋਇ ॥ | No one calls[15] clarified butter[12] and silk[13] polluted[14]. | ਕੋਈ ਜਣਾ ਘਿਉ[12] ਅਤੇ ਰੇਸ਼ਮ[13] ਨੂੰ ਕਲੰਕਤ[14] (ਬੁਰਾ) ਨਹੀਂ ਆਖਦਾ[15]। |
| ਐਸਾ[16] ਭਗਤੁ[17] ਵਰਨ[18] ਮਹਿ ਹੋਇ ॥ | Such[16] is the saint[17], be he of high or low caste[18]. | ਐਹੋ ਜੇਹਾ[16] ਹੁੰਦਾ ਹੈ ਸਾਧੂ[17] ਭਾਵੇਂ ਉਹ ਉੱਚੀ ਜਾਂ ਨੀਚੀ ਜਾਤੀ[18] ਵਾਲਾ ਹੋਵੇ। |
| ਤੇਰੈ ਨਾਮਿ ਨਿਵੇ[19] ਰਹੇ ਲਿਵ[20] ਲਾਇ[25] ॥ ਨਾਨਕ ਤਿਨ[21] ਦਰਿ[22] ਭੀਖਿਆ[23] ਪਾਇ[24] ॥੩॥੧॥੨॥ | They, who make obeisance[19] unto Thy Name and remain absorbed[25] in Thy love[20]; O Nanak, I beg[23] at their[21] door[22] for alms[24]. | ਜੋ ਤੇਂਡੇ ਨਾਮ ਨੂੰ ਨਿਮਸ਼ਕਾਰ[19] ਕਰਦੇ[25] ਹਨ, ਅਤੇ ਤੇਰੇ ਪ੍ਰੇਮ[20] ਅੰਦਰ ਲੀਨ[25] ਰਹਿੰਦੇ ਹਨ, ਹੇ ਨਾਨਕ, ਮੈਂ ਉਨ੍ਹਾਂ[21] ਦੇ ਬੂਹੇ[22] ਤੇ ਖੈਰਾਤ[24] ਦੀ ਭੀਖ[23] ਮੰਗਦਾ ਹਾਂ। |

| | | |
|---|---|---|
| ਤਿਲੰਗ ਮਹਲਾ ੧ ਘਰੁ ੩ | Tilang Ist Guru. | ਤਿਲੰਗ ਪਹਿਲੀ ਪਾਤਿਸ਼ਾਹੀ । |
| ੧ ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ । |
| ਇਹੁ ਤਨੁ[26] ਮਾਇਆ[27] ਪਾਹਿਆ[28] ਪਿਆਰੇ[29] ਲੀਤੜਾ[30] ਲਬਿ[31] ਰੰਗਾਏ[32]॥ | My beloved[29], this body[26] cloth[30] mercerized[28] by worldly attachments[27], is dyed[32] in greed[31]. | ਮੇਰੇ ਪ੍ਰੀਤਮਾ[29] ! ਇਹ ਸਰੀਰ[26] ਦਾ ਕਪੜਾ[30], ਦੁਨੀਆਦਾਰੀ[27] ਦੀ ਲਾਗ[28] ਅੰਦਰ ਭਿੱਜਿਆ ਹੋਇਆ ਲਾਲਚ[31] ਅੰਦਰ ਰੰਗਿਆ ਗਿਆ[32] ਹੈ । |
| ਮੇਰੈ ਕੰਤ[33] ਨ ਭਾਵੈ[34] ਚੋਲੜਾ[35] ਪਿਆਰੇ ਕਿਉ[36] ਧਨ[37] ਸੇਜੈ[38] ਜਾਏ ॥੧॥ | My beloved, such a cloak[35] pleases[34] not my Groom[33]. How[36] can the bride[37] go to His couch[38] ? | ਮੇਰੇ ਪ੍ਰੀਤਮਾ ! ਐਹੋ ਜੇਹਾ ਚੋਲਾ[35] ਮੇਰੇ ਪਤੀ[33] ਨੂੰ ਚੰਗਾ[34] ਨਹੀਂ ਲਗਦਾ । ਵਹੁਟੀ[37] (ਜਗਿਆਸੂ ਰੂਪੀ ਇਸਤ੍ਰੀ) ਕਿਸ ਤਰ੍ਹਾਂ[36] ਉਸ ਦੇ ਪਲੰਘ[38] ਤੇ ਜਾ ਸਕਦੀ ਹੈ ? |
| ਹੰਉ ਕੁਰਬਾਨੈ[39] ਜਾਉ ਮਿਹਰਵਾਨਾ[40] ਹੰਉ ਕੁਰਬਾਨੈ ਜਾਉ ॥ | I am a sacrifice[39], O Beneficent[40] Lord, I am a sacrifice unto Thee. | ਮੈਂ ਘੋਲੀ[39] ਵੰਞਦਾ ਹਾਂ, ਹੇ ਮਿਹਰਬਾਨ[40] ਮਾਲਕ ! ਮੈਂ ਘੋਲੀ ਵੰਞਦਾ ਹਾਂ, ਤੇਰੇ ਉੱਤੋਂ । |
| ਹੰਉ ਕੁਰਬਾਨੈ ਜਾਉ ਤਿਨਾ[41] ਕੈ ਲੈਨਿ[42] ਜੋ ਤੇਰਾ ਨਾਉ ॥ | I am a sacrifice unto those[41], who take[42] Thy Name. | ਮੈਂ ਉਨ੍ਹਾਂ[41] ਉੱਤੋਂ ਸਦਕੇ ਜਾਂਦਾ ਹਾਂ ਜਿਹੜੇ ਤੇਰਾ ਨਾਮ ਲੈਂਦੇ[42] ਹਨ । |
| ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ[43] ਕੁਰਬਾਨੈ ਜਾਉ ॥੧॥ਰਹਾਉ॥ | They, who utter Thine Name, unto them, I am ever[43] a sacrifice. Pause. | ਜੋ ਤੇਰਾ ਨਾਮ ਉਚਾਰਨ ਕਰਦੇ ਹਨ, ਉਨ੍ਹਾਂ ਉੱਤੋਂ ਮੈਂ ਹਮੇਸ਼ਾਂ[43] ਹੀ ਬਲਿਹਾਰਨੇ ਜਾਂਦਾ ਹਾਂ । ਠਹਿਰਾਉ । |
| ੭੨੨ | | |
| ਕਾਇਆ[44] ਰੰਙਣਿ[45] ਜੇ[46] ਥੀਐ[47] ਪਿਆਰੇ ਪਾਈਐ ਨਾਉ ਮਜੀਠ[48] ॥ ਰੰਙਣ ਵਾਲਾ[51] ਜੇ ਰੰਙੈ ਸਾਹਿਬੁ ਐਸਾ[49] ਰੰਗੁ ਨ ਡੀਠ[50] ॥੨॥ | If[46] the body[44] becomes[47] the dyer's vat[45], the Name is put into it as madder[48] and the Lord, the Dyer[51], Himself dyes, then, such[49] a colour would appear, as had never been seen[50], O beloved. | ਜੇਕਰ[46] ਦੇਹ[44] ਲਲਾਰੀ ਦੀ ਮੱਟੀ[45] ਹੋ ਜਾਵੇ[47], ਇਸ ਵਿਚ ਨਾਮ ਮਜੀਠ[48] ਵਜੋਂ ਪਾਇਆ ਜਾਵੇ, ਤੇ ਜੇਕਰ ਸਾਂਈਂ, ਲਲਾਰੀ[51] ਉਸ ਨਾਲ ਰੰਗੇ, ਤਾਂ ਐਹੋ ਜੇਹਾ[49] ਰੰਗ ਉਘੜੇਗਾ, ਜੇਹੋ ਜੇਹਾ ਕਦੇ ਕਿਸੇ ਨੇ ਨਹੀਂ ਦੇਖਿਆ[50], ਹੇ ਪ੍ਰੀਤਮਾ ! |
| ਜਿਨ ਕੇ ਚੋਲੇ ਰਤੜੇ[52] ਪਿਆਰੇ ਕੰਤੁ[53] ਤਿਨਾ[54] ਕੈ ਪਾਸਿ[55] ॥ | They, whose cloaks are thus dyed[52], O beloved, The spouse[53] is ever near[55] them[54]. | ਜਿਨ੍ਹਾਂ ਦੇ ਅੰਗਰਖੇ ਇਸ ਤਰ੍ਹਾਂ ਰੰਗੇ[52] ਹਨ, ਹੇ ਪ੍ਰੀਤਮਾ ! ਭਰਤਾ[53] ਸਦਾ ਹੀ ਉਨ੍ਹਾਂ[54] ਦੇ ਨੇੜੇ[55] ਹੈ । |
| ਧੂੜਿ[56] ਤਿਨਾ[57] ਕੀ[58] ਜੇ ਮਿਲੈ[59] ਜੀ[60] ਕਹੁ[61] ਨਾਨਕ ਕੀ ਅਰਦਾਸਿ[62] ॥੩॥ | O Lord, somehow[58] bless[59] Nanak with the dust[56] of those persons[57]. O Sire[60], Nanak makes[61] this supplication[62]. | ਹੇ ਸਾਂਈਂ ! ਕਿਵੇਂ ਨਾ ਕਿਵੇਂ[58] ਨਾਨਕ ਨੂੰ ਉਨ੍ਹਾਂ[57] ਪੁਰਸ਼ਾਂ ਦੇ ਪੈਰਾਂ ਦੀ ਖ਼ਾਕ[56] ਬਖ਼ਸ਼[59] । ਹੇ ਮਹਾਰਾਜ[60] ! ਉਹ ਇਹ ਬੇਨਤੀ[62] ਕਰਦਾ[61] ਹੈ । |
| ਆਪੇ ਸਾਜੇ[63] ਆਪੇ ਰੰਗੇ[64] | The Lord Himself creates[63], Himself | ਸੁਆਮੀ ਖ਼ੁਦ ਰਚਦਾ[63] ਹੈ, ਖ਼ੁਦ ਰੰਗਦਾ[64] ਹੈ ਅਤੇ ਖ਼ੁਦ |

| | | |
|---|---|---|
| ਆਪੇ ਨਦਰਿ[65] ਕਰੇਇ[66] ॥ | stains[64] and Himself He casts[66] the merciful glance[65]. | ਹੀ ਮਿਹਰ ਦੀ ਨਜ਼ਰ[65] ਧਾਰਦਾ[66] ਹੈ । |
| ਨਾਨਕ ਕਾਮਣਿ[67] ਕੰਤੈ[68] ਭਾਵੈ[69] ਆਪੇ[70] ਹੀ ਰਾਵੇਇ[71] ॥੪॥੧॥੩॥ | Nanak, if the bride[67] becomes pleasing[69] to her Bridegroom[68], He enjoys[71] her of His own accord[70]. | ਨਾਨਕ, ਜੇਕਰ ਪਤਨੀ[67] ਆਪਣੇ ਪਤੀ[68] ਨੂੰ ਚੰਗੀ[69] ਲੱਗਣ ਲਗ ਜਾਵੇ ਤਾਂ ਉਹ ਖ਼ੁਦ ਬਖ਼ੁਦ[70] ਹੀ ਉਸ ਨੂੰ ਮਾਣਦਾ ਹੈ । |
| ਤਿਲੰਗ ਮ: ੧ ॥ | Tilang Ist Guru. | ਤਿਲੰਗ ਪਹਿਲੀ ਪਾਤਿਸ਼ਾਹੀ । |
| ਇਆਨੜੀਏ[72] ਮਾਨੜਾ[73] ਕਾਇ[74] ਕਰੇਹਿ ॥ | O silly[72] woman, why[74] takest thou pride[73]? | ਹੇ ਕਮਲੀਏ[72] ਤ੍ਰੀਮਤੇ ! ਤੂੰ ਹੰਕਾਰ[73] ਕਿਉਂ[74] ਕਰਦੀ ਹੈਂ ? |
| ਆਪਨੜੈ[75] ਘਰਿ[76] ਹਰਿ ਰੰਗੋ[77] ਕੀ[78] ਨ ਮਾਣੇਹਿ[79] ॥ | Why[78] enjoyest[79] thou not the love[77] of God, in thy own[75] home[76]? | ਤੂੰ ਆਪਣੇ ਨਿੱਜ[75] ਦੇ ਗ੍ਰਿਹ[76] ਅੰਦਰ, ਕਿਉਂ[78] ਵਾਹਿਗੁਰੂ ਦੀ ਪ੍ਰੀਤ[77] ਦਾ ਅਨੰਦ[79] ਨਹੀਂ ਲੈਂਦੀ ? |
| ਸਹੁ[80] ਨੇੜੈ[81] ਧਨ[82] ਕੰਮਲੀਏ[83] ਬਾਹਰੁ ਕਿਆ[84] ਢੂਢੇਹਿ[85] ॥ | Thy Bridegroom[80] is quite near[81], O foolish[83] bride[82]. What for[84] searchest[85] thou abroad? | ਤੇਰਾ ਪਤੀ[80] ਨਜ਼ਦੀਕ[81] ਹੀ ਹੈ, ਹੇ ਪਗਲੀਏ[83] ਪਤਨੀਏ[82] ! ਤੂੰ ਕਾਹਦੇ[84] ਲਈ ਬਾਹਰ ਭਾਲਦੀ ਫਿਰਦੀ[85] ਹੈਂ ? |
| ਭੈ[86] ਕੀਆ[87] ਦੇਹਿ[88] ਸਲਾਹੀਆ[89] ਨੈਣੀ[90] ਭਾਵ[91] ਕਾ ਕਰਿ[92] ਸੀਗਾਰੋ[93] ॥ | Put[88] the salve needles[89] of[87] God's fear[86] into thine eyes[90] and make[92] the decoration[93] of the Lord's love[91]. | ਰੱਬ ਦੇ ਡਰ[86] ਦੇ ਸੁਰਮੇ ਦਾ[87] ਸੁਰਮਚੂ[89] ਆਪਣੀਆਂ ਅੱਖਾਂ[90] ਵਿਚ ਪਾ[88] ਤੇ ਪ੍ਰਭੂ ਦੀ ਪ੍ਰੀਤ[91] ਦਾ ਹਾਰਸ਼ਿੰਗਾਰ[93] ਬਣਾ[92] । |
| ਤਾ[94] ਸੋਹਾਗਣਿ[95] ਜਾਣੀਐ[96] ਲਾਗੀ[100] ਜਾ[97] ਸਹੁ[98] ਧਰੇ[99] ਪਿਆਰੋ[2] ॥੧॥ | Then[94] alone shalt thou be known[96] as devoted wife[95], attached[100] to thy spouse[98], if[97] thou bearest[99] Him love[2]. | ਕੇਵਲ ਤਦ[94] ਹੀ ਤੂੰ ਆਪਣੇ ਪਤੀ[98] ਨਾਲ ਜੁੜੀ ਹੋਈ[100] ਜਾਂ-ਨਿਸਾਰ ਪਤਨੀ[95] ਜਾਣੀ ਜਾਵੇਂਗੀ[96], ਜੇਕਰ[97] ਤੂੰ ਉਸ ਨਾਲ ਪ੍ਰੇਮ[2] ਕਰੇਂਗੀ[99] । |
| ਇਆਣੀ[7] ਬਾਲੀ[3] ਕਿਆ[8] ਕਰੇ ਜਾ ਧਨ[4] ਕੰਤ[5] ਨ ਭਾਵੈ[6] ॥ | What[8] can the silly[7] young[3] bride[4] do, if she pleases[6] not her Groom[5]? | ਮਤ-ਹੀਨ[7] ਜੁਆਨ[3] ਪਤਨੀ[4] ਕੀ[8] ਕਰ ਸਕਦੀ ਹੈ, ਜੇਕਰ ਉਹ ਆਪਣੇ ਪਤੀ[5] ਨੂੰ ਪ੍ਰਸੰਨ[6] ਨਹੀਂ ਕਰਦੀ ? |
| ਕਰਣ[9] ਪਲਾਹ ਕਰੇ[10] ਬਹੁਤੇਰੇ[12] ਸਾ[13] ਧਨ[14] ਮਹਲੁ[15] ਨ ਪਾਵੈ ॥ | Though she may make[10] good many[12] implorations[9], yet, such[13] a bride[14] cannot obtain her spouse's mansion[15]. | ਭਾਵੇਂ ਉਹ ਘਣੇਰੇ[12] ਹਾੜ੍ਹੇ[9] ਤਰਲੇ ਕੱਢੇ[10], ਤਾਂ ਭੀ ਐਸੀ[13] ਪਤਨੀ[14] ਆਪਣੇ ਪਤੀ ਦੇ ਟਿਕਾਣੇ[15] ਨੂੰ ਨਹੀਂ ਪਾ ਸਕਦੀ । |
| ਵਿਣੁ ਕਰਮਾ[16] ਕਿਛੁ ਪਾਈਐ ਨਾਹੀ ਜੇ[17] ਬਹੁਤੇਰਾ[18] ਧਾਵੈ[19] ॥ | Without good deeds[16], nothing can be obtained though[17] she may run[19] about a great deal[18]. | ਵਾਹਿਗੁਰੂ ਦੀ ਮਿਹਰ[16] ਦੇ ਬਾਝੋਂ ਕੁੱਝ ਭੀ ਪਰਾਪਤ ਨਹੀਂ ਹੋ ਸਕਦਾ, ਭਾਵੇਂ[17] ਉਹ ਕਿੰਨਾ ਹੀ ਬਹੁਤਾ[18] ਕਿਉਂ ਨਾ ਭੱਜ ਨੱਠ[19] ਲਵੇ । |
| ਲਬ[20] ਲੋਭ[21] ਅਹੰਕਾਰ[22] ਕੀ ਮਾਤੀ[23] ਮਾਇਆ[24] ਮਾਹਿ[25] ਸਮਾਣੀ[26] ॥ | Inebriated[23] with avarice[20], covetousness[21] and pride[22], she is engrossed[26] in[25] worldliness[24]. | ਲਾਲਚ[20], ਤਮ੍ਹਾ[21] ਅਤੇ ਹਉਮੈ[22] ਨਾਲ ਮਤਵਾਲੀ ਹੋਈ ਹੋਈ[23] ਐਸੀ ਇਸਤ੍ਰੀ, ਦੁਨੀਆਦਾਰੀ[24] ਅੰਦਰ[25] ਖੱਚਤ[26] ਹੈ । |
| ਇਨੀ ਬਾਤੀ[27] ਸਹੁ[28] ਪਾਈਐ ਨਾਹੀ ਭਈ ਕਾਮਣਿ[29] ਇਆਣੀ[30] ॥੨॥ | By these things[27] the Groom[28] is obtained not. Ignorant[30] is the young bride[29]. | ਇਨ੍ਹਾਂ ਗੱਲਾਂ[27] ਨਾਲ ਪਤੀ[28] ਪਰਾਪਤ ਨਹੀਂ ਹੁੰਦਾ । ਬੇਸਮਝ[30] ਹੈ ਨੌਜਵਾਨ ਪਤਨੀ[29] । |
| ਜਾਇ ਪੁਛਹੁ[31] ਸੋਹਾਗਣੀ[32] | Go and ask[31] the chaste brides[32], by | ਜਾ ਕੇ ਸਤਿਵੰਤੀਆਂ ਵਹੁਟੀਆਂ[32] ਪਾਸੋਂ ਪਤਾ[31] ਕਰ ਲਓ |

| | | |
|---|---|---|
| ਵਾਹੇ ਕਿਨੀ[34] ਬਾਤੀ[33] ਸਹੁ ਪਾਈਐ ॥ | what[34] actions[33] is the Spouse obtained. | ਕਿ ਕਿਹੜੀਆਂ[34] ਅਮਲਾਂ[33] ਦੁਆਰਾ ਕੰਤ ਪਾਇਆ ਜਾਂਦਾ ਹੈ। |
| ਜੋ ਕਿਛੁ ਕਰੇ ਸੋ[35] ਭਲਾ[36] ਕਰਿ[37]ਮਾਨੀਐ[38]ਹਿਕਮਤਿ[39] ਹੁਕਮੁ[40] ਚੁਕਾਈਐ[41] ॥ | Whatever the Lord does, accept[38] that[35] as[37] good[36] and do away with[41] thy cleverness[39] and will[40]. | ਜਿਹੜਾ ਕੁੱਛ ਸੁਆਮੀ ਕਰਦਾ ਹੈ, ਉਸ[35] ਨੂੰ ਚੰਗਾ[36] ਕਰ[37] ਕੇ ਮੰਨ[38] ਅਤੇ ਆਪਣੀ ਚਾਲਾਕੀ[39] ਤੇ ਜ਼ਿਦ[40] ਨੂੰ ਛੱਡ ਦੇ[41]। |
| ਜਾ ਕੈ ਪ੍ਰੇਮਿ[42] ਪਦਾਰਥੁ[43] ਪਾਈਐ ਤਉ[44] ਚਰਣੀ[45] ਚਿਤੁ[46] ਲਾਈਐ[47] ॥ | Attach[47] thou[44] thy mind[46] to His feet[45], by whose love[42] the wealth[43] of emancipation is attained. | ਤੂੰ[44] ਆਪਣਾ ਮਨ[46] ਉਸ ਦੇ ਚਰਨਾਂ[45] ਨਾਲ ਜੋੜ[47], ਜਿਸ ਦੀ ਪ੍ਰੀਤ[42] ਦੁਆਰਾ, ਮੋਖ਼ਸ਼ ਦੀ ਦੌਲਤ[43] ਪਰਾਪਤ ਹੁੰਦੀ ਹੈ। |
| ਸਹੁ[48] ਕਹੈ[54] ਸੋ[49] ਕੀਜੈ ਤਨੁ ਮਨੋ ਦੀਜੈ[50] ਐਸਾ[51] ਪਰਮਲੁ[52] ਲਾਈਐ[53] ॥ | Do thou that[49], what the spouse[48] bids[54] thee. Surrender[50] thy body and soul to Him and apply[53] thou such[51] a perfume[52]. | ਜਿਹੜਾ ਕੁੱਛ ਭਰਤਾ[48] ਆਖਦਾ[54] ਹੈ, ਤੂੰ ਓਹੀ[49] ਕੁਝ ਕਰ। ਆਪਣੀ ਦੇਹ ਤੇ ਆਤਮਾ ਉਸ ਦੇ ਸਮਰਪਨ[50] ਕਰ ਦੇ। ਤੂੰ ਐਹੋ ਜੇਹੀ[51] ਸੁਗੰਧੀ[52] ਮਲ[53]। |
| ਏਵ[55] ਕਹਹਿ ਸੋਹਾਗਣੀ ਭੈਣੇ[56] ਇਨੀ ਬਾਤੀ ਸਹੁ ਪਾਈਐ ॥੩॥ | Thus[55] says the true wife, O sister[56]. By these means the Bridegroom is obtained. | ਐਸ ਤਰ੍ਹਾਂ[55] ਸੋਹਾਗਵੰਤੀ ਆਖਦੀ ਹੈ, ਹੇ ਅੰਮਾ ਜਾਈਏ[56]! ਇਨ੍ਹਾਂ ਤਰੀਕਿਆਂ ਦੁਆਰਾ ਪਤੀ ਪਰਾਪਤ ਹੁੰਦਾ ਹੈ। |
| ਆਪੁ[57] ਗਵਾਈਐ[58] ਤਾ ਸਹੁ[59] ਪਾਈਐ ਅਉਰੁ ਕੇਸ[60] ਚਤੁਰਾਈ[61] ॥ | Efface[58] thy ownself[57] and then shalt thou[59] obtain the Groom. What[60] can other cleverness[61] avail? | ਆਪਣੇ ਆਪੇ[57] ਨੂੰ ਮਿਟਾ[58] ਦੇ, ਤਦ[59] ਤੂੰ ਆਪਣੇ ਪਤੀ ਨੂੰ ਪਾ ਲਵੇਂਗੀ। ਹੋਰਸ ਚਾਲਾਕੀ[61] ਕਿਹੜੇ[60] ਕੰਮ ਆ ਸਕਦੀ ਹੈ? |
| ਸਹੁ ਨਦਰਿ[62] ਕਰਿ ਦੇਖੈ ਸੋ ਦਿਨੁ ਲੇਖੈ[63] ਕਾਮਣਿ[64]ਨਉ ਨਿਧਿ[65] ਪਾਈ ॥ | The day when the Spouse looks with grace[62] is of signal account[63] and the bride[64] obtains nine treasures[65]. | ਉਹ ਦਿਹਾੜਾ ਹਿਸਾਬ ਕਿਤਾਬ[63] (ਮਹੱਤਵਪੂਰਨ) ਵਿੱਚ ਹੈ, ਜਦ ਕੰਤ ਮਿਹਰ[62] ਨਾਲ ਵੇਖਦਾ ਹੈ ਅਤੇ ਪਤਨੀ[64] (ਹਰੀ-ਭਗਤ) ਨੌ ਖ਼ਜ਼ਾਨੇ[65] ਪਾ ਲੈਂਦੀ ਹੈ। |
| ਆਪਣੇ ਕੰਤ ਪਿਆਰੀ[66] ਸਾ[67] ਸੋਹਾਗਣਿ[68] ਨਾਨਕ ਸਾ ਸਭਰਾਈ[69] ॥ | She[67], who is the beloved[66] of her Bridegroom, is the happy wife[68]. Nanak, she is the queen[69] of all. | ਜੋ ਆਪਣੇ ਭਰਤੇ ਨੂੰ ਚੰਗੀ[66] ਲਗਦੀ ਹੈ, ਓਹੀ[67] ਸੋਹਾਗਣ[68] ਪਤਨੀ ਹੈ। ਨਾਨਕ, ਉਹ ਸਾਰਿਆਂ ਦੀ ਰਾਣੀ[69] ਹੈ। |
| ਐਸੇ[70] ਰੰਗਿ[71] ਰਾਤੀ[72] ਸਹਜ[73] ਕੀ ਮਾਤੀ[74] [75]ਅਹਿਨਿਸਿ[76] ਭਾਇ[77] ਸਮਾਣੀ[78] ॥ | Like this[70] she remains imbued[72] with pleasure[71], intoxicated[74] with glee[73] and day[75] and night[76] absorbed[78] in the Lord's love[77]. | ਐਕੁਰ[70] ਉਹ ਖ਼ੁਸ਼ੀ[71] ਨਾਲ ਰੰਗੀਜੀ[72], ਅਨੰਦ[73] ਨਾਲ ਮਤਵਾਲੀ[74] ਅਤੇ ਦਿਹੁੰ[75] ਤੇ ਰੈਣ[76] ਪ੍ਰਭੂ ਦੀ ਪ੍ਰੀਤ[77] ਅੰਦਰ ਲੀਨ ਰਹਿੰਦੀ[78] ਹੈ। |
| ਸੁੰਦਰਿ[79] ਸਾਇ[80] ਸਰੂਪ[81] ਬਿਚਖਣਿ[82] ਕਹੀਐ[83] ਸਾ[84] ਸਿਆਣੀ[85] ॥੪॥੨॥੪॥ | She[80] is spoken[83] of as comely[79], beauteous[81] and intelligent[82] and she[84] alone is wise[85]. | ਉਹ[80] ਸੋਹਣੀ[79], ਸੁਨੱਖੀ[81] ਅਤੇ ਸਮਝਦਾਰ[82] ਆਖੀ ਜਾਂਦੀ[83] ਹੈ ਅਤੇ ਕੇਵਲ ਓਹੀ[84] ਅਕਲਮੰਦ[85] ਹੈ। |
| ਤਿਲੰਗ ਮਹਲਾ ੧ ॥ | Tilang Ist Guru. | ਤਿਲੰਗ ਪਹਿਲੀ ਪਾਤਿਸ਼ਾਹੀ। |
| ਜੈਸੀ[85]* ਮੈ ਆਵੈ ਖਸਮ[86] ਕੀ ਬਾਣੀ[87] ਤੈਸੜਾ[88] ਕਰੀ ਗਿਆਨੁ[89] ਵੇ ਲਾਲੋ ॥ | As[85] the word[87] of the Lord[86] comes to me, so[88] do I utter[89], O Lalo. | ਜੇਹੋ ਜੇਹਾ[85] ਸੁਆਮੀ[86] ਦਾ ਸ਼ਬਦ[87] ਮੈਨੂੰ ਆਉਂਦਾ ਹੈ, ਓਹੋ ਜੇਹਾ[88] ਹੀ ਮੈਂ ਉਚਾਰਨ ਕਰਦਾ[89] ਹਾਂ, ਹੇ ਲਾਲੋ! |

| | | |
|---|---|---|
| ਪਾਪ[90] ਕੀ ਜੰਞ[91] ਲੈ[92] ਕਾਬਲਹੁ ਧਾਇਆ[93] ਜੋਰੀ[94] ਮੰਗੈ[95] ਦਾਨੁ[96] ਵੇ ਲਾਲੋ ॥ | Bringing[92] the marriage party[91] of sin[90], Babar has hastened[93] from Kabul and demands[95] perforce[94] the gift[96] of our Land, etc O Lalo. | ਗੁਨਾਹ[90] ਦੀ ਜੰਞ[91] ਲੈ ਕੇ[92], ਬਾਬਰ ਕਾਬਲੋਂ ਮਾਰੋ ਮਾਰ ਕਰਦਾ ਆਇਆ[93] ਹੈ ਅਤੇ ਧਿੰਗੋਜ਼ੋਰੀ[94] ਇਸ ਮਾਤ੍ਰ ਭੂਮੀ ਆਦਿ ਦੇ ਨਜ਼ਰਾਨੇ[96] ਦੀ ਮੰਗ[95] ਕਰਦਾ ਹੈ, ਹੇ ਲਾਲੋ ! |
| ਸਰਮੁ[97] ਧਰਮੁ[98] ਦੁਇ[99] ਛਪਿ ਖਲੋਏ[100] ਕੂੜੁ[2] ਫਿਰੈ ਪਰਧਾਨੁ[3] ਵੇ ਲਾਲੋ ॥ | Modesty[97] and righteousness[98] both[99] have vanished[100], and falsehood[2] moves about as the leader[3], O Lalo. | ਲੱਜਿਆ[97] ਤੇ ਸਚਾਈ[98] ਦੋਨੋਂ[99] ਹੀ ਅਲੋਪ ਹੋ ਗਏ ਹਨ[100] ਅਤੇ ਝੂਠ[2] ਆਗੂ[3] ਹੋਇਆ ਫਿਰਦਾ ਹੈ, ਹੇ ਲਾਲੋ ! |
| ਕਾਜੀਆ ਬਾਮਣਾ ਕੀ ਗਲ[4] ਥਕੀ[5] ਅਗਦੁ[6] ਪੜੈ ਸੈਤਾਨੁ ਵੇ ਲਾਲੋ ॥ | The function[4] of the Qazis and the Brahmans is over[5] and the satan now reads the marriage rites[6]. | ਕਾਜ਼ੀਆਂ ਤੇ ਬ੍ਰਾਹਮਣਾਂ ਦਾ ਕੰਮ ਧੰਦਾ[4] ਮੁਕ[5] ਗਿਆ ਹੈ ਅਤੇ ਹੁਣ ਵਿਆਹ[6] ਦੀ ਰਸਮ ਸ਼ੈਤਾਨ ਹੀ ਪੜ੍ਹਦਾ ਹੈ। |
| ਮੁਸਲਮਾਨੀਆ[7] ਪੜਹਿ[8] ਕਤੇਬਾ[9] ਕਸਟ[10] ਮਹਿ[12] ਕਰਹਿ ਖੁਦਾਇ[13] ਵੇ ਲਾਲੋ ॥ | The Muslim women[7] read[8] the Quran[9] and in[12] suffering[10] call upon God[13], O Lalo. | ਮੁਸਲਮਾਨ ਜ਼ਨਾਨੀਆਂ[7] ਕੁਰਾਨ[9] ਵਾਚਦੀਆਂ[8] ਹਨ ਅਤੇ ਦੁਖ[10] ਵਿਚ[12] ਅੱਲਾ[13] ਅੱਲਾ ਪੁਕਾਰਦੀਆਂ ਹਨ, ਹੇ ਲਾਲੋ ! |
| ਜਾਤਿ[14] ਸਨਾਤੀ[15] ਹੋਰਿ ਹਿਦਵਾਣੀਆ[16] ਏਹਿ[18] ਭੀ ਲੇਖੈ[17] ਲਾਇ ਵੇ ਲਾਲੋ ॥ | The Hindu women[16] of high caste[14] and others of low caste[15], may also[18] be put in the same account[17], O Lalo. | ਉਚੀ ਜਾਤੀ[14] ਅਤੇ ਨੀਵੀਂ ਜਾਤੀ[15] ਦੀਆਂ ਹਿੰਦੂ ਤ੍ਰੀਮਤਾਂ[16], ਇਨ੍ਹਾਂ ਨੂੰ[18] ਭੀ ਉਸੇ ਹੀ ਹਿਸਾਬ ਕਿਤਾਬ[17] ਵਿਚ ਸਮਝ ਲਓ। |
| ਖੂਨ[19] ਕੇ ਸੋਹਿਲੇ[20] ਗਾਵੀਅਹਿ ਨਾਨਕ ਰਤੁ[21] ਕਾ ਕੁੰਗੂ[22] ਪਾਇ ਵੇ ਲਾਲੋ ॥੧॥ | Nanak, the eulogies[20] of murder[19] are sung, and the saffron[22] of blood[21] is sprinkled, O Lalo. | ਨਾਨਕ, ਖੂਨ[19] ਦੀਆਂ ਘੋੜੀਆਂ[20] ਗਾਈਆਂ ਜਾਂਦੀਆਂ ਹਨ ਅਤੇ ਲਹੂ[21] ਦਾ ਕੇਸਰ[22] ਛਿੜਕਿਆ ਜਾਂਦਾ ਹੈ, ਹੇ ਲਾਲੋ ! |
| ਸਾਹਿਬ ਕੇ ਗੁਣ[23] ਨਾਨਕੁ ਗਾਵੈ[27] ਮਾਸ ਪੁਰੀ[24] ਵਿਚਿ ਆਖੁ[25] ਮਸੋਲਾ[26] ॥ | Nanak sings[27] the glories[23] of the Lord in the city of corpses[24] and mentions[25] this affair[26]. | ਲੋਥਾਂ ਦੇ ਸ਼ਹਿਰ[24] ਅੰਦਰ, ਨਾਨਕ ਸੁਆਮੀ ਦੀਆਂ ਸਿਫ਼ਤਾਂ[23] ਗਾਇਨ[27] ਕਰਦਾ ਹੈ, ਤੇ ਇਹ ਮਸਲਾ[26] ਉਚਾਰਦਾ[25] ਹੈ। |
| ਜਿਨਿ ਉਪਾਈ[28] ਰੰਗਿ[29] ਰਵਾਈ[30] ਬੈਠਾ ਵੇਖੈ[31] ਵਖਿ[32] ਇਕੇਲਾ[33] ॥ | He, who has made[28] the mortals and attached[30] them to pleasures[29], sits apart[32] and alone[33], and beholds[31] them. | ਜਿਸ ਨੇ ਜੀਵ ਸਾਜੇ[28] ਹਨ, ਅਤੇ ਉਨ੍ਹਾਂ ਨੂੰ ਭੋਗ-ਬਿਲਾਸਾਂ[29] ਨਾਲ ਜੋੜਿਆ[30] ਹੈ, ਉਹ ਨਿਵੇਕਲਾ[32] ਤੇ ਕੱਲਮਕੱਲਾ[33] ਬੈਠਾ ਹੈ ਅਤੇ ਉਨ੍ਹਾਂ ਨੂੰ ਦੇਖਦਾ[31] ਹੈ। |
| ੭੨੩ | | |
| ਸਚਾ ਸੋ[34] ਸਾਹਿਬੁ ਸਚੁ ਤਪਾਵਸੁ[35] ਸਚੜਾ[36] ਨਿਆਉ[37] ਕਰੇਗੁ[38] ਮਸੋਲਾ[39] ॥ | He[34], the Lord, is true, true is His decision[35], and He issues[38] command[39] based on true[36] justice[37]. | ਉਹ[34] ਸੁਆਮੀ ਸੱਚਾ ਹੈ, ਸੱਚਾ ਹੈ ਉਸ ਦਾ ਫ਼ੈਸਲਾ[35] ਅਤੇ ਉਹ ਸੱਚੇ ਇਨਸਾਫ਼[37] ਵਾਲਾ ਹੁਕਮ[39] ਜਾਰੀ ਕਰਦਾ[38] ਹੈ। |
| ਕਾਇਆ[40] ਕਪੜੁ[41] ਟੁਕੁ ਟੁਕੁ[42] ਹੋਸੀ ਹਿਦੁਸਤਾਨੁ ਸਮਾਲਸੀ[43] ਬੋਲਾ[44] ॥ | The body[40] cloth[41] shall be torn into pieces and shreds[42]. Then shall Hindustan remember[43] my word[44]. | ਦੇਹ[40] ਦਾ ਕਪੜਾ[41] ਲੀਰਾਂ ਲੀਰਾਂ[42] ਕਰ ਦਿੱਤਾ ਜਾਵੇਗਾ ਤਦ ਹਿੰਦੁਸਤਾਨ ਮੇਰੇ ਬਚਨ[44] ਨੂੰ ਯਾਦ ਕਰੇਗਾ[43] ! |

| | | |
|---|---|---|
| ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ[45] ਕਾ ਚੇਲਾ[46] ॥ | Coming in seventy eight (vikrami), they (the Mughals) shall depart in ninety seven and then another disciple[46] of brave Man[45] shall arise | ਏਥੇ ਇਹ ਇਸ਼ਾਰਾ ਕਿ ਬਾਬਰ ੧੫੭੮ ਬਿਕਰਮੀ ਵਿਚ ਆਵੇਗਾ ਅਤੇ ਹਮਾਯੂ ੧੫੯੭ ਬਿਕਰਮੀ ਵਿਚ ਚਲਿਆ ਜਾਵੇਗਾ ਅਤੇ ਤਦ ਇਕ ਹੋਰ ਸੂਰਮੇ[45] ਦਾ ਮੁਰੀਦ[46], ਉਠੂਗਾ । |
| ਸਚ ਕੀ ਬਾਣੀ[47] ਨਾਨਕੁ ਆਖੈ[48] ਸਚੁ ਸੁਣਾਇਸੀ[49] ਸਚ[51] ਕੀ ਬੇਲਾ[50] ॥੨॥੩॥੫॥ | Nanak utters[48] the word[47] of truth and proclaims[49] truth at the right[51] time[50]. | ਨਾਨਕ ਸੱਚ ਦਾ ਬਚਨ[47] ਉਚਾਰਨ ਕਰਦਾ[48] ਹੈ ਅਤੇ ਠੀਕ[51] ਵਕਤ[50] ਉਤੇ ਸੱਚ ਸੁਣਾਉਂਦਾ[49] ਹੈ । |
| ਤਿਲੰਗ ਮਹਲਾ ੪ ਘਰੁ ੨ | Tilang 4th Guru | ਤਿਲੰਗ ਚੋਥੀ ਪਾਤਿਸ਼ਾਹੀ |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ । |
| ਸਭਿ ਆਏ ਹੁਕਮਿ[52] ਖਸਮਾਹੁ[53] ਹੁਕਮਿ ਸਭ ਵਰਤਨੀ[54] ॥ | All come by the Master's[53] command[52] and his order extends[54] over all. | ਸਾਰੇ ਮਾਲਕ[53] ਦੇ ਫੁਰਮਾਨ[52] ਦੁਆਰਾ ਆਉਂਦੇ ਹਨ । ਉਸ ਦਾ ਫੁਰਮਾਨ ਸਾਰਿਆਂ ਉਤੇ ਲਾਗੂ[54] ਹੈ । |
| ਸਚੁ ਸਾਹਿਬੁ ਸਾਚਾ ਖੇਲੁ[56] ਸਭੁ ਹਰਿ ਧਨੀ[57] ॥੧॥ | True is the Lord and true His play[56]. He, the Lord Master[57], is pervading everywhere. | ਸੱਚਾ ਹੈ ਸੁਆਮੀ ਤੇ ਸੱਚੀ ਹੈ ਉਸ ਦੀ ਖੇਡ[56] । ਉਹ ਸੁਆਮੀ ਮਾਲਕ[57] ਹਰ ਥਾਂ ਵਿਆਪਕ ਹੋ ਰਿਹਾ ਹੈ । |
| ਸਾਲਾਹਿਹੁ[58] ਸਚੁ ਸਭ ਊਪਰਿ ਹਰਿ ਧਨੀ ॥ | Praise[58] the True Lord. God, the Master is over all. | ਸੱਚੇ ਸੁਆਮੀ ਦੀ ਸਿਫ਼ਤ-ਸ਼ਲਾਘਾ[58] ਕਰ । ਵਾਹਿਗੁਰੂ ਮਾਲਕ ਸਾਰਿਆਂ ਦੇ ਉੱਪਰ ਦੀ ਹੈ । |
| ਜਿਸੁ ਨਾਹੀ ਕੋਇ ਸਰੀਕੁ[59] ਕਿਸੁ ਲੇਖੈ[60] ਹਉ ਗਨੀ ॥ ਰਹਾਉ॥ | No one is His equal[59]: of what account[60] am I? Pause. | ਉਸ ਦੇ ਬਰਾਬਰ[59] ਦਾ ਕੋਈ ਨਹੀਂ । ਮੈਂ ਕਿਹੜੇ ਹਿਸਾਬ ਕਿਤਾਬ[60] ਵਿੱਚ ਹਾਂ ? ਠਹਿਰਾਉ ! |
| ਪਉਣੁ[61] ਪਾਣੀ[62] ਧਰਤੀ[63] ਆਕਾਸੁ[64] ਘਰ ਮੰਦਰ[65] ਹਰਿ ਬਨੀ[66] ॥ | Air[61], water[62], earth[63] and sky[64], these, the Lord has made[66] His home and mansion[66]. | ਹਵਾ[61], ਜਲ[62], ਜ਼ਿਮੀ[63] ਅਤੇ ਅਸਮਾਨ[64], ਇਨ੍ਹਾਂ ਨੂੰ ਸਾਹਿਬ ਨੇ ਆਪਣਾ ਘਰ ਤੇ ਮਹਲ[65] ਬਣਾਇਆ[66] ਹੋਇਆ ਹੈ । |
| ਵਿਚਿ ਵਰਤੈ[67] ਨਾਨਕ ਆਪਿ ਝੂਠੁ ਕਹੁ[68] ਕਿਆ[69] ਗਨੀ[70] ॥੨॥੧॥ | The Lord Himself is contained[67] amongst all. Say[68], what[69] can be accounted[70] false? | ਸੁਆਮੀ ਖ਼ੁਦ ਹੀ ਸਮੂਹ ਅੰਦਰ ਵਿਆਪਕ[67] ਹੋ ਰਿਹਾ ਹੈ । ਦਸ[68] ਕਉਣ[69] ਕੂੜਾ ਗਿਣਿਆ[70] ਜਾ ਸਕਦਾ ਹੈ ? |
| ਤਿਲੰਗ ਮਹਲਾ ੪ ॥ | Tilang 4th Guru. | ਤਿਲੰਗ ਚੋਥੀ ਪਾਤਿਸ਼ਾਹੀ । |
| ਨਿਤ[74] ਨਿਹਫਲ[71] ਕਰਮ[75] ਕਮਾਇ[76] ਬਫਾਵੈ[72] ਦੁਰਮਤੀਆ[73] ॥ | The evil-minded[73] person ever[74] does[76] fruitless[71] acts[75] and is puffed up[72] with pride. | ਖੋਟੀ ਬੁਧ ਵਾਲਾ[73] ਪੁਰਸ਼ ਹਮੇਸ਼ਾ[74] ਨਿਸਫਲ[71] ਕੰਮ[75] ਕਰਦਾ[76] ਹੈ ਤੇ ਹੰਕਾਰ ਨਾਲ ਫੁਲਿਆ ਫਿਰਦਾ[72] ਹੈ । |
| ਜਬ[77] ਆਣੈ[78] ਵਲਵੰਚ[79] | Practising[80] deceit[79] and falsehood[81], | ਠੱਗੀ ਬੱਗੀ[79] ਤੇ ਕੂੜ[81] ਦੀ ਕਮਾਈ ਕਰ ਕੇ[80], ਜਦ[77] |

| | | |
|---|---|---|
| ਕਰਿ[80]ਝੂਠੁ[81] ਤਬ[82] ਜਾਣੈ[83] ਜਗੁ[84] ਜਿਤੀਆ[85] ॥੧॥ | when[77] he brings[78] home something, then[82] he thinks[83] he has conquered[85] the world[84]. | ਉਹ ਕੁਛ ਘਰ ਲਿਆਉਂਦਾ[78] ਹੈ, ਤਦ[82] ਉਹ ਖਿਆਲ ਕਰਦਾ[83] ਹੈ ਕਿ ਉਸ ਨੇ ਸੰਸਾਰ[84] ਫ਼ਤਹਿ ਕਰ ਲਿਆ[85] ਹੈ। |
| ਐਸਾ[88] ਬਾਜੀ[86] ਸੈਸਾਰੁ ਨ ਚੇਤੈ[87] ਹਰਿ ਨਾਮਾ ॥ | Such[88] is the game[86] of the world, that, the mortal contemplates[87] not the Lord's Name. | ਐਹੋ ਜੇਹੀ[88] ਹੈ ਜਗਤ ਦੀ ਖੇਡ[86] ਕਿ ਪ੍ਰਾਣੀ ਸਾਹਿਬ ਦੇ ਨਾਮ ਦਾ ਸਿਮਰਨ[87] ਨਹੀਂ ਕਰਦਾ। |
| ਖਿਨ[89] ਮਹਿ[90] ਬਿਨਸੈ[91]ਸਭੁ ਝੂਠੁ ਮੇਰੇ ਮਨ ਧਿਆਇ[92] ਰਾਮਾ ॥ਰਹਾਉ॥ | In[90] a moment[89], all this false play shall perish[91]. O my mind, meditate[92] thou on the Lord. Pause. | ਇਕ ਮੁਹਤ[89] ਵਿੱਚ[90] ਇਹ ਸਾਰੀ ਕੂੜੀ ਖੇਡ ਨਾਸ[91] ਹੋ ਜਾਊਗੀ। ਹੇ ਮੇਰੀ ਜਿੰਦੇ! ਤੂੰ ਸੁਆਮੀ ਦਾ ਸਿਮਰਨ[92] ਕਰ। ਠਹਿਰਾਉ। |
| ਸਾ[98] ਵੇਲਾ[93] ਚਿਤਿ[94] ਨ ਆਵੈ ਜਿਤੁ ਆਇ ਕੰਟਕੁ[95] ਕਾਲੁ[96] ਗ੍ਰਸੈ[97] ॥ | That[98] time comes[93] not to my mind[94], when the torturous[95] death[96] shall come and seize[97] me. | ਉਹ[98] ਸਮਾਂ[93] ਮੇਰੇ ਮਨ[94] ਵਿੱਚ ਨਹੀਂ ਆਉਂਦਾ ਜਦ ਦੁਖਦਾਈ[95] ਮੌਤ[96] ਆ ਕੇ ਮੈਨੂੰ ਪਕੜ ਲਵੇਗੀ[97]। |
| ਤਿਸੁ[99] ਨਾਨਕ ਲਏ ਛਡਾਇ[100] ਜਿਸੁ ਕਿਰਪਾ ਕਰਿ ਹਿਰਦੈ[2] ਵਸੈ ॥੨॥੨॥ | Nanak, the Lord redeems[100] him[99], within whose mind[2] He mercifully[3] dwells. | ਨਾਨਕ, ਸੁਆਮੀ ਉਸ ਨੂੰ[99] ਬਚਾ ਲੈਂਦਾ[100] ਹੈ, ਜਿਸ ਦੇ ਮਨ[2] ਵਿਚ ਉਹ ਰਹਿਮ ਧਾਰ ਕੇ[3] ਨਿਵਾਸ ਕਰਦਾ ਹੈ। |
| ਤਿਲੰਗ ਮਹਲਾ ੫ ਘਰੁ ੧ | Tilang 5th Guru | ਤਿਲੰਗ ਪੰਜਵੀਂ ਪਾਤਿਸ਼ਾਹੀ |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਖਾਕ[4] ਨੂਰ[5] ਕਰਦੰ[6] ਆਲਮ[7] ਦੁਨੀਆਇ[8] ॥ | Infusing His light[5] into the dust[4], the Lord has made[6] the universe[7] and the world[8]. | ਮਿੱਟੀ[4] ਅੰਦਰ ਆਪਣੀ ਜੋਤ[5] ਫੂਕ ਕੇ ਪ੍ਰਭੂ ਨੇ ਸੰਸਾਰ[7] ਤੇ ਜਗਤ[8] ਸਾਜੇ[6] ਹਨ। |
| ਅਸਮਾਨ[9]ਜਿਮੀ[10]ਦਰਖਤ[12] ਆਬ[13] ਪੈਦਾਇਸਿ[14] ਖੁਦਾਇ[15] ॥੧॥ | The sky[9], earth[10], trees[12] and water[13] are the Lord's[15] creation[14]. | ਆਕਾਸ਼[9], ਧਰਤੀ[10], ਬ੍ਰਿਛ[12] ਅਤੇ ਪਾਣੀ[13] ਵਾਹਿਗੁਰੂ[15] ਦੀ ਰਚਨਾ[14] ਹਨ। |
| ਬੰਦੇ ਚਸਮ[16] ਦੀਦੰ[17] ਫਨਾਇ[18] ॥ | O man, whatever the eye[16] sees[17], is perishable[18]. | ਹੇ ਇਨਸਾਨ! ਜੋ ਕੁਛ ਅੱਖ[16] ਦੇਖਦੀ[17] ਹੈ, ਉਹ ਨਾਸਵੰਤ[18] ਹੈ। |
| ਦੁਨੀਆ[19] ਮੁਰਦਾਰ[20] ਖੁਰਦਨੀ[21] ਗਾਫਲ[22] ਹਵਾਇ[23] ॥ਰਹਾਉ॥ | The world[19] is an eater[21] of carrion[20], neglectful of God, and avaricious[23]. Pause. | ਸੰਸਾਰ[19] ਮੁਰਦਾ[20] ਖਾਣ ਵਾਲਾ[21], ਰੱਬ ਤੋਂ ਬੇਖ਼ਬਰ ਅਤੇ ਲਾਲਚੀ[23] ਹੈ। ਠਹਿਰਾਉ। |
| ਗੈਬਾਨ[24] ਹੈਵਾਨ[25]ਹਰਾਮ[26] ਕੁਸਤਨੀ[27] ਮੁਰਦਾਰ ਬਖੋਰਾਇ[28] ॥ | Like a ghost[24] and a beast[25], the world kills[27] the forbidden[26] and eats[28] the carrion. | ਪ੍ਰੇਤ[24] ਅਤੇ ਡੰਗਰ[25] ਦੀ ਮਾਨੰਦ ਦੁਨੀਆ ਵਿਵਰਜਤ[26] ਨੂੰ ਮਾਰਦੀ[27] ਅਤੇ ਮੁਰਦੇ ਨੂੰ ਖਾਂਦੀ[28] ਹੈ। |

| | | |
|---|---|---|
| ਦਿਲ[29] ਕਬਜ[30] ਕਬਜਾ[31] ਕਾਦਰੋ[32] ਦੋਜਕ[33]ਸਜਾਇ[34] ॥੨॥ | Restrain[30] thy heart[29], otherwise seizing[31] thee, the Omnipotent[32] Lord shall punish[34] thee ih hell[33]. | ਆਪਣੇ ਮਨ[29] ਨੂੰ ਕਾਬੂ[30] ਕਰ, ਨਹੀਂ ਤਾਂ ਸਰਬ ਸ਼ਕਤੀਵਾਨ[32] ਸਾਂਈਂ ਤੈਨੂੰ ਪਕੜ ਕੇ[31] ਨਰਕ[33] ਵਿਚ ਡੰਡ ਦੇਵੇਗਾ। |
| ਵਲੀ[35] ਨਿਆਮਤਿ[36] ਬਿਰਾਦਰਾ ਦਰਬਾਰ[38] ਮਿਲਕ[39] ਖਾਨਾਇ[40] ॥ | The patrons[35], dainties[36], brothers[37], courts[38], lands[39] and homes[40]; | ਸਰਪ੍ਰਸਤ[35], ਨਿਆਮਤਾਂ[36], ਭਰਾ ਭਾਈ[37] ਕਚਹਿਰੀਆਂ[38] ਜ਼ਮੀਨਾਂ[39] ਅਤੇ ਘਰਬਾਰ[40]। |
| ਜਬ[41] ਅਜਰਾਈਲੁ ਬਸਤਨੀ[42]ਤਬ[43] ਚਿ[44]ਕਾਰੇ[45] ਬਿਦਾਇ[46] ॥੩॥ | Tell[46] me, of what[44] avail[45] shall these be to thee then[43], when Azrail, the death's myrmidon seizes[42] thee. | ਮੈਨੂੰ ਦਸ[46] ਕਿ ਤਦ[43] ਇਹ ਤੇਰੇ ਕਿਹੜੇ[44] ਕੰਮ[45] ਆਉਣਗੇ, ਜਦ[41] ਅਜ਼ਰਾਈਲ, ਮੌਤ ਦੇ ਫਰੇਸ਼ਤੇ, ਨੇ ਤੈਨੂੰ ਆ ਪਕੜਿਆ[42]। |
| ਹਵਾਲ[47] ਮਾਲੂਮੁ ਕਰਦੰ[48] ਪਾਕ[49] ਅਲਾਹ[50] ॥ | My Immaculate[49] Lord[50] knows[48] thy condition[47]. | ਮੇਰਾ ਪਵਿੱਤਰ[49] ਪ੍ਰਭੂ[50], ਤੇਰੀ ਅਵਸਥਾ[47] ਨੂੰ ਜਾਣਦਾ[48] ਹੈ। |
| ਬੁਗੋ[51]ਨਾਨਕ ਅਰਦਾਸਿ[50*] ਪੇਸਿ ਦਰਵੇਸ ਬੰਦਾਹ[52] ॥੪॥੧॥ | O Nanak, say[51] thy prayer[50*] to the pious persons[52] to lead thee to the right path. | ਹੇ ਨਾਨਕ ! ਤੂੰ ਪਵਿੱਤਰ ਪੁਰਸ਼ਾਂ[52] ਮੂਹਰੇ ਬੇਨਤੀ[50*] ਆਖ[51] ਕਿ ਉਹ ਤੈਨੂੰ ਠੀਕ ਰਸਤੇ ਪਾ ਦੇਣ। |
| ਤਿਲੰਗ ਘਰੁ ੨ ਮਹਲਾ ੫ ॥ | Tilang 5th Guru. | ਤਿਲੰਗ ਪੰਜਵੀਂ ਪਾਤਿਸ਼ਾਹੀ |
| ਤੁਧੁ ਬਿਨੁ ਦੂਜਾ[53] ਨਾਹੀ ਕੋਇ ॥ | Without Thee, there is not any other[53]. | ਤੇਰੇ ਬਾਝੋਂ (ਹੇ ਹਰੀ) ਹੋਰ[53] ਕੋਈ ਨਹੀਂ। |
| ਤੂ ਕਰਤਾਰੁ[54] ਕਰਹਿ ਸੋ[55] ਹੋਇ ॥ | Thou art the Creator[54], what Thou doest, that[55] alone happens. | ਤੂੰ ਸਿਰਜਣਹਾਰ[54] ਹੈਂ, ਜੋ ਤੂੰ ਕਰਦਾ ਹੈਂ, ਕੇਵਲ ਓਹੀ[55] ਹੁੰਦਾ ਹੈ। |
| ਤੇਰਾ ਜੋਰੁ[56] ਤੇਰੀ ਮਨਿ ਟੇਕ[57] ॥ | Thine is the strength[56], and Thine the support[57] within my mind. | ਤੇਰੀ ਹੀ ਸੱਤਿਆ[56] ਅਤੇ ਤੇਰਾ ਹੀ ਆਸਰਾ[57] ਮੇਰੇ ਚਿੱਤ ਅੰਦਰ ਹੈ। |
| ਸਦਾ[58] ਸਦਾ ਜਪਿ[59]ਨਾਨਕ ਏਕ ॥੧॥ | Ever[58] and ever, dwell[59] thou on the one Lord, O Nanak. | ਹਮੇਸ਼ਾ[58], ਹਮੇਸ਼ਾ, ਤੂੰ, ਹੇ ਨਾਨਕ, ਇੱਕ ਸਾਂਈਂ ਦਾ ਸਿਮਰਨ[59] ਕਰ। |
| ਸਭ ਊਪਰਿ ਪਾਰਬ੍ਰਹਮੁ[60] ਦਾਤਾਰੁ[61] ॥ | Over all is the Beneficent[61] supreme Lord[60]. | ਸਾਰਿਆਂ ਦੇ ਉੱਤੇ ਦਾਤਾ[61] ਸ਼੍ਰੋਮਣੀ ਸਾਹਿਬ[60] ਹੈ। |
| ਤੇਰੀ ਟੇਕ[62] ਤੇਰਾ ਆਧਾਰੁ[63] ॥ਰਹਾਉ॥ | Thou, O Lord art my support[62] and Thou the mainstay[63]. Pause. | ਤੂੰ, ਹੇ ਸਾਂਈਂ, ਮੇਰਾ ਆਸਰਾ[62] ਹੈਂ ਅਤੇ ਤੂੰ ਹੀ ਮੇਰੀ ਓਟ[63]। ਠਹਿਰਾਉ। |
| ਹੈ ਤੂਹੈ ਤੂ ਹੋਵਨਹਾਰ[64] ॥ ਅਗਮ[65] ਅਗਾਧਿ[66] ਊਚ[67] ਆਪਾਰ[68] ॥ | Thou alone art, yea, Thou alone art there and Thou alone shall[64] ever be, O Inaccessible[65], Incomprehensible[66], Lofty[67] and Infinite[68] Lord. | ਤੂੰ ਹੈਂ, ਤੂੰ ਹੈਂ ਅਤੇ ਹਮੇਸ਼ਾ ਤੂੰ ਹੀ ਹੋਵੇਗਾ[64], ਹੇ ਪਹੁੰਚ ਤੋਂ ਪਰੇ[65], ਅਲੱਖ[66], ਬੁਲੰਦ[67] ਅਤੇ ਬੇਅੰਤ[68] ਸੁਆਮੀ। |
| ੭੨੪ | | |
| ਜੋ ਤੁਧੁ ਸੇਵਹਿ[69] ਤਿਨ[70] ਭਉ[71] ਦੁਖੁ[72] ਨਾਹਿ ॥ | They, who serve[69] Thee, them[70], no dread[71] and distress[72] overtake. | ਜੋ ਤੇਰੀ ਟਹਿਲ ਕਮਾਉਂਦੇ[69] ਹਨ, ਉਨ੍ਹਾਂ ਨੂੰ[70] ਕੋਈ ਡਰ[71] ਅਤੇ ਦੁਖੜੇ[72] ਨਹੀਂ ਵਿਆਪਦੇ। |

| | | |
|---|---|---|
| ਗੁਰ ਪਰਸਾਦਿ[73] ਨਾਨਕ ਗੁਣ[74] ਗਾਹਿ[75] ॥੨॥ | By Guru's grace[73], sing[75] they the Lord's praise[74], O Nanak. | ਗੁਰਾਂ ਦੀ ਦਇਆ[73] ਦੁਆਰਾ, ਉਹ ਸੁਆਮੀ ਦਾ ਜੱਸ[74] ਗਾਇਨ ਕਰਦੇ[75] ਹਨ, ਹੇ ਨਾਨਕ ! |
| ਜੋ ਦੀਸੈ ਸੋ ਤੇਰਾ ਰੂਪੁ[76] ॥ ਗੁਣ[77]ਨਿਧਾਨ[78] [79]ਗੋਵਿੰਦ[80] ਅਨੂਪ[81] ॥ | Whatever is seen, is Thine manifestation[76], O my Beautiful Lord[81], the Treasure[78] of merit[77] and the Master[80] of universe[79]. | ਜੋ ਕੁੱਛ ਦਿਸ ਆਉਂਦਾ ਹੈ ਤੇਰਾ ਹੀ ਜ਼ਹੂਰ[76] ਹੈ, ਨੇਕੀਆਂ[77] ਦੇ ਖ਼ਜ਼ਾਨੇ[78] ਅਤੇ ਆਲਮ[79] ਦੇ ਮਾਲਕ[80], ਸੁੰਦਰ ਸੁਆਮੀ[81] । |
| ਸਿਮਰਿ[82] ਸਿਮਰਿ ਸਿਮਰਿ ਜਨ[83] ਸੋਇ[84] ॥ | Remembering[82], contemplating and meditating on the Lord, His slave[83] becomes like Him[84]. | ਸੁਆਮੀ ਦਾ ਆਰਾਧਨ[82], ਸਿਮਰਨ ਅਤੇ ਜਾਪ ਕਰਨ ਦੁਆਰਾ, ਉਸ ਦਾ ਸੇਵਕ[83] ਉਸ ਦੇ[84] ਵਰਗਾ ਹੋ ਜਾਂਦਾ ਹੈ । |
| ਨਾਨਕ ਕਰਮਿ[85]ਪਰਾਪਤਿ[86] ਹੋਇ ॥੩॥ | By His very grace[85] the Lord is obtained[86], O Nanak. | ਉਸ ਦੀ ਆਪਣੀ ਮਿਹਰ[85] ਦੁਆਰਾ ਹੀ ਸਾਹਿਬ ਪਾਇਆ[86] ਜਾਂਦਾ ਹੈ, ਹੇ ਨਾਨਕ ! |
| ਜਿਨਿ ਜਪਿਆ[87] ਤਿਸ[88] ਕਉ ਬਲਿਹਾਰ[89] ॥ | He, who meditates[87] on the Lord, unto Him[88], I am a sacrifice[89]. | ਜੋ ਸਾਹਿਬ ਦਾ ਸਿਮਰਨ[87] ਕਰਦਾ ਹੈ, ਉਸ[88] ਉਤੋਂ ਮੈਂ ਘੋਲੀ ਵੰਞਦਾ[89] ਹਾਂ । |
| ਤਿਸ ਕੈ ਸੰਗਿ[90] ਤਰੈ[91] ਸੰਸਾਰ[92] ॥ | In his company[90], the world[92] is saved[91]. | ਉਸ ਦੀ ਸੰਗਤ[90] ਅੰਦਰ ਜਗਤ[92] ਪਾਰ ਉਤਰ ਜਾਂਦਾ[91] ਹੈ । |
| ਕਹੁ ਨਾਨਕ ਪ੍ਰਭ ਲੋਚਾ[93] ਪੂਰਿ[94] ॥ | Says Nanak, the Lord is the fulfiller[94] of aspirations[93]. | ਗੁਰੂ ਜੀ ਆਖਦੇ ਹਨ : ਸੁਆਮੀ ਕਾਮਨਾ[93] ਪੂਰੀਆਂ ਕਰਨਹਾਰ[94] ਹੈ । |
| ਸੰਤ ਜਨਾ[95] ਕੀ ਬਾਛਉ[96] ਧੂਰਿ[97] ॥੪॥੨॥ | I long for[96] the dust[97] of the pious persons'[95] feet. | ਮੈਂ ਪਵਿੱਤਰ ਪੁਰਸ਼ਾਂ[95] ਦੇ ਪੈਰਾਂ ਦੀ ਧੂੜ[97] ਦੀ ਚਾਹਨਾ[96] ਕਰਦਾ ਹਾਂ । |
| ਤਿਲੰਗ ਮਹਲਾ ੫ ਘਰੁ ੩ ॥ | Tilang 5th Guru | ਤਿਲੰਗ ਪੰਜਵੀਂ ਪਾਤਿਸ਼ਾਹੀ |
| ਮਿਹਰਵਾਨੁ[98] ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥ | Merciful[98], merciful is the Lord. Merciful is my Master. | ਦਇਆਵਾਨ[98], ਦਇਆਵਾਨ ਹੈ ਸੁਆਮੀ । ਦਇਆਵਾਨ ਹੈ ਮੈਂਡਾ ਮਾਲਕ । |
| ਜੀਅ[99]ਸਗਲ ਕਉ ਦੇਇ[100] ਦਾਨੁ[2] ॥ਰਹਾਉ॥ | He blesses[100] all the beings[99] with His bounties[2]. Pause | ਉਹ ਸਾਰੇ ਜੀਵਾਂ[99] ਨੂੰ ਆਪਣੀਆਂ ਬਖ਼ਸ਼ਸ਼ਾਂ[2] ਪਰਦਾਨ ਕਰਦਾ[100] ਹੈ । ਠਹਿਰਾਉ । |
| ਤੂ ਕਾਹੇ[3] ਡੋਲਹਿ[4] ਪ੍ਰਾਣੀਆ[5] ਤੁਧੁ ਰਾਖੈਗਾ[6] ਸਿਰਜਣਹਾਰੁ[7] ॥ | Why[3] waverest[4] thou, O mortal[5]. The Creator[7] Himself shall protect[6] Thee. | ਤੂੰ ਕਿਉਂ[3] ਡਿੱਕੌਡੋਲੇ[4] ਖਾਂਦਾ ਹੈਂ, ਹੇ ਫਾਨੀ ਬੰਦੇ[5] ! ਕਰਤਾਰ[7] ਤੇਰੀ ਰੱਖਿਆ[6] ਕਰੇਗਾ । |
| ਜਿਨਿ ਪੈਦਾਇਸਿ[8] ਤੂ ਕੀਆ ਸੋਈ ਦੇਇ ਆਧਾਰੁ[9] ॥੧॥ | He, who gave thee birth[8], will also provide thee with sustenance[9]. | ਜਿਸ ਨੇ ਤੈਨੂੰ ਜਨਮ[8] ਦਿੱਤਾ ਹੈ, ਉਹ ਹੀ ਤੈਨੂੰ ਆਹਾਰ[9] ਵੀ ਦੇਵੇਗਾ । |
| ਜਿਨਿ ਉਪਾਈ[10] ਮੇਦਨੀ[12] ਸੋਈ[13] ਕਰਦਾ ਸਾਰ[14] ॥ | He[13], who has created[10] the world[12], takes care[14] of it. | ਜਿਸ ਨੇ ਸ੍ਰਿਸ਼ਟੀ[12] ਸਾਜੀ[10] ਹੈ, ਉਹ[13] ਹੀ ਇਸ ਦੀ ਸੰਭਾਲ ਕਰਦਾ[14] ਹੈ । |
| ਘਟਿ ਘਟਿ[15] ਮਾਲਕੁ[16] | The True Cherisher[18] is the Lord[16] | ਸੱਚਾ ਪਾਲਣ-ਪੋਸਣਹਾਰ[18], ਸਾਰੀਆਂ ਦਿਲਾਂ[15] ਅਤੇ |

| | | |
|---|---|---|
| ਦਿਲਾ[17] ਕਾ ਸਚਾ ਪਰਵਦਗਾਰੁ[18] ॥੨॥ | of all the hearts[18] and minds[17]. | ਮਨਾਂ[17] ਦਾ ਸੁਆਮੀ[16] ਹੈ । |
| ਕੁਦਰਤਿ[19] ਕੀਮ[20] ਨ ਜਾਣੀਐ ਵਡਾ[21] ਵੇਪਰਵਾਹੁ[22] ॥ | His Omnipotence[19] and worth[20] cannot be known. He is the great[21] and care-free[22] Lord. | ਉਸ ਦੀ ਅਪਾਰ ਸ਼ਕਤੀ[19] ਤੇ ਕੀਮਤ[20] ਜਾਣੀ ਨਹੀਂ ਜਾ ਸਕਦੀ । ਉਹ ਵਿਸ਼ਾਲ[21] ਅਤੇ ਬੇ-ਮੁਹਤਾਜ[22] ਸੁਆਮੀ ਹੈ । |
| ਕਰਿ ਬੰਦੇ[23] ਤੂ ਬੰਦਗੀ[24] ਜਿਚਰੁ[25] ਘਟ[26] ਮਹਿ[27] ਸਾਹੁ[28] ॥੩॥ | O man[23], meditate[24] thou on the Lord, till[25] there is breath[28] in[27] thy body[26]. | ਹੇ ਇਨਸਾਨ[23] ! ਤੂੰ ਉਦੋਂ ਤਾਂਈਂ ਸਾਹਿਬ ਦਾ ਸਿਮਰਨ[24] ਕਰ ਜਦ ਤਾਂਈ[25] ਤੇਰੀ ਦੇਹ[26] ਅੰਦਰ[27] ਸੁਆਸ[28] ਹੈ । |
| ਤੂ ਸਮਰਥੁ[29] ਅਕਥੁ[30] ਅਗੋਚਰੁ[31] ਜੀਉ[32] ਪਿੰਡੁ[33] ਤੇਰੀ ਰਾਸਿ[34] ॥ | O Lord, Thou art Omnipotent[29], Ineffable[30] and Inapprehensible[31] and my soul[32] and body[33] are Thy capital[34]. | ਹੇ ਪ੍ਰਭੂ ! ਤੂੰ ਸਰਬ-ਸ਼ਕਤੀਵਾਨ[29], ਅਕਹਿ[30] ਅਤੇ ਅਗਾਧ[31] ਹੈਂ । ਮੇਰਾ ਮਨ[32] ਅਤੇ ਤਨ[33] ਤੇਰੀ ਪੂੰਜੀ[34] ਹਨ । |
| ਰਹਮ[35] ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ[36] ॥੪॥੩॥ | In Thy mercy[35] I attain peace, O Lord. Nanak ever makes supplication[36] before Thee. | ਤੇਰੀ ਰਹਿਮਤ[35] ਅੰਦਰ ਮੈਂ ਸੁੱਖ ਪਾਉਂਦਾ ਹਾਂ, ਹੇ ਸਾਂਈਂ, ਨਾਨਕ ਹਮੇਸ਼ਾ ਹੀ ਤੇਰੇ ਅੱਗੇ ਪ੍ਰਾਰਥਨਾ[36] ਕਰਦਾ ਹੈ । |
| **ਤਿਲੰਗ ਮਹਲਾ ੫ ਘਰੁ ੩ ॥** | **Tilang 5th Guru** | **ਤਿਲੰਗ ਪੰਜਵੀਂ ਪਾਤਿਸ਼ਾਹੀ** |
| ਕਰਤੇ[37] ਕੁਦਰਤੀ[38] ਮੁਸਤਾਕੁ[39] ॥ | O Creator[37], seeing Thy creation[38] I have become Thy devotee[39]. | ਹੇ ਸਿਰਜਣਹਾਰ[37] ! ਤੇਰੀ ਅਪਾਰ ਕੁਦਰਤ[38] ਨੂੰ ਵੇਖ ਕੇ ਮੈਂ ਤੇਰਾ ਪ੍ਰੇਮੀ[39] ਹੋ ਗਿਆ ਹਾਂ । |
| ਦੀਨ[40] ਦੁਨੀਆ[41] ਏਕ[42] ਤੂਹੀ ਸਭ ਖਲਕ[43] ਹੀ ਤੇ ਪਾਕੁ[44] ॥ਰਹਾਉ॥ | Thou[42] alone art my spiritual[40] and temporal[41] Lord. Thou, O God, art detached[44] from the entire creation[43]. Pause. | ਕੇਵਲ ਤੂੰ[42] ਮੇਰਾ ਰੂਹਾਨੀ[40] ਤੇ ਦੁਨਿਆਵੀ[41] ਸੁਆਮੀ ਹੈਂ । ਤੂੰ ਹੇ ਵਾਹਿਗੁਰੂ ! ਸਮੂਹ ਰਚਨਾ[43] ਤੋਂ ਨਿਰਲੇਪ[44] ਹੈਂ । ਠਹਿਰਾਉ । |
| ਖਿਨ[45] ਮਾਹਿ[46] ਥਾਪਿ[47] ਉਥਾਪਦਾ[48] ਆਚਰਜ[49] ਤੇਰੇ ਰੂਪ[50] ॥ | In[46] a moment[45], Thou makest[47] and unmakest[48]. Wondrous[49] are Thine manifestations[50]. | ਇਕ ਮੁਹਤ[45] ਵਿੱਚ[46] ਤੂੰ ਬਣਾਉਂਦਾ[47] ਤੇ ਢਾਉਂਦਾ[48] ਹੈਂ । ਅਦਭੁਤ[49] ਹਨ ਤੇਰੇ ਸਰੂਪ[50] । |
| ਕਉਣੁ ਜਾਣੈ ਚਲਤ[51] ਤੇਰੇ ਅੰਧਿਆਰੇ[52] ਮਹਿ ਦੀਪ[53] ॥੧॥ | Who knows Thine plays[51] ? Thou art the light[53] in darkness[52]. | ਤੇਰੀਆਂ ਖੇਡਾਂ[51] ਨੂੰ ਕੌਣ ਜਾਣਦਾ ਹੈ ? ਤੂੰ ਅਨ੍ਹੇਰੇ[52] ਵਿੱਚ ਚਾਨਣ[53] ਹੈਂ । |
| ਖੁਦਿ[54] ਖਸਮ[55] ਖਲਕ[56] ਜਹਾਨ[57] ਅਲਹ[58] ਮਿਹਰਵਾਨ[59] ਖੁਦਾਇ[60] ॥ | My compassionate[59] God[60], Thou Thyself[54] art the Master[55] of the beings[56] and the Lord[58] of the world[57]. | ਮੇਰੇ ਦਿਆਲੂ[59] ਵਾਹਿਗੁਰੂ[60], ਤੂੰ ਆਪੇ[54] ਹੀ ਜੀਵਾਂ[56] ਦਾ ਮਾਲਕ[55] ਅਤੇ ਸੰਸਾਰ[57] ਦਾ ਸੁਆਮੀ[58] ਹੈਂ । |
| ਦਿਨਸੁ[61] ਰੈਣਿ[62] ਜਿ ਤੁਧੁ | He who contemplates[63] Thee, day[61] | ਜੋ ਦਿਹੁੰ[61] ਰਾਤ[62] ਤੈਂਡਾ ਸਿਮਰਨ[63] ਕਰਦਾ ਹੈ, ਉਹ |

| | | |
|---|---|---|
| ਅਰਾਧੇ[63] ਸੋ ਕਿਉ ਦੋਜਕਿ[64] ਜਾਇ ॥੨॥ | and night[62]; why should he go to hell[64] ? | ਨਰਕ[64] ਨੂੰ ਕਿਉਂ ਜਾਵੇਗਾ ? |
| ਅਜਰਾਈਲੁ ਯਾਰੁ[65] ਬੰਦੇ[66] ਜਿਸੁ ਤੇਰਾ ਆਧਾਰੁ[67] ॥ | Azrail, death's myrmidon is the friend[65] of the mortal[66] who has Thine support[67], O Lord. | ਅਜਰਾਈਲ ਮੌਤ ਦਾ ਫ਼ਰੇਸ਼ਤਾ, ਉਸ ਦਾ ਮਿੱਤਰ[65] ਹੈ, ਜਿਸ ਜੀਵ[66] ਨੂੰ ਤੇਰਾ ਆਸਰਾ[67] ਹੈ, ਹੇ ਪ੍ਰਭੂ ! |
| ਗੁਨਹ[68] ਉਸ ਕੇ ਸਗਲ ਆਫੂ[69] ਤੇਰੇ ਜਨ[70] ਦੇਖਹਿ ਦੀਦਾਰੁ[71] ॥੩॥ | All his sins[68] are pardoned[69] and he, Thy slave[70], sees Thine sight[71]. | ਉਸ ਦੇ ਸਾਰੇ ਪਾਪ[68] ਮਾਫ਼ ਹੋ ਜਾਂਦੇ[69] ਹਨ, ਅਤੇ ਉਹ ਤੇਰਾ ਗੋਲਾ[70], ਤੇਰਾ ਦਰਸ਼ਨ[71] ਵੇਖ ਲੈਂਦਾ ਹੈ । |
| ਦੁਨੀਆ[72] ਚੀਜ[75] ਫਿਲਹਾਲ[73] ਸਗਲੇ[74] ਸਚੁ ਸੁਖੁ ਤੇਰਾ ਨਾਉ ॥ | All[74] the worldly[72] things[75] are for the present[73] alone. The true peace is in Thy Name, O Lord. | ਜੱਗ[72] ਦੀਆਂ ਸਾਰੀਆਂ[74] ਵਸਤੂਆਂ[75] ਕੇਵਲ, ਵਰਤਮਾਨ[73] ਸਮੇਂ ਲਈ ਹਨ । ਸੱਚਾ ਆਰਾਮ ਤੇਰੇ ਨਾਮ ਵਿੱਚ ਹੈ, ਹੇ ਸਾਂਈਂ ! |
| ਗੁਰ ਮਿਲਿ ਨਾਨਕ ਬੂਝਿਆ[76] ਸਦਾ[77] ਏਕਸੁ[78] ਗਾਉ[79] ॥੪॥੪॥ | On meeting the Guru, Nanak has understood[76] Thee, O Lord and now he ever[77] sings[79] Thine praises alone[78]. | ਗੁਰਾਂ ਨੂੰ ਭੇਟ ਕੇ ਨਾਨਕ ਨੇ ਤੈਨੂੰ ਸਮਝ ਲਿਆ[76] ਹੈ, ਹੇ ਸਾਹਿਬ ! ਅਤੇ ਉਹ ਕੇਵਲ[78] ਤੇਰੀਆਂ ਸਿਫ਼ਤਾਂ ਨੂੰ ਹੀ ਹਮੇਸ਼ਾ[77] ਗਾਇਨ ਕਰਦਾ[79] ਹੈ । |
| ਤਿਲੰਗ ਮਹਲਾ ੫ ॥ | Tilang 5th Guru | ਤਿਲੰਗ ਪੰਜਵੀਂ ਪਾਤਿਸ਼ਾਹੀ । |
| ਮੀਰਾਂ[80] ਦਾਨਾਂ[81] ਦਿਲ[82] ਸੋਚ[83] ॥ | O wise[81] friend, ever think[83], thou, of thy Lord[80] in thy mind[82]. | ਹੇ ਮੇਰੇ ਸਿਆਣੇ[81] ਦੋਸਤ ! ਆਪਣੇ ਚਿੱਤ[82] ਵਿੱਚ ਹਮੇਸ਼ਾ ਆਪਣੇ ਵਾਹਿਗੁਰੂ ਪਾਤਿਸ਼ਾਹ[80] ਨੂੰ ਚੇਤੇ ਰੱਖ[83] । |
| ਮੁਹਬਤੇ[84] ਮਨਿ[85] ਤਨਿ[86] ਬਸੈ[87] ਸਚੁ ਸਾਹ[88] ਬੰਦੀ[89] ਮੋਚ[90] ॥੧॥ਰਹਾਉ॥ | Enshrine in thy body[86] and soul[85] the love[84] of the true sovereign[88], the Emancitator[90] from bondage[89]. Pause. | ਬੇੜੀਆਂ[89] ਕਟਣ ਵਾਲੇ[90] ! ਸੱਚੇ ਸੁਲਤਾਨ[88] ਦਾ ਪ੍ਰੇਮ[84] ਆਪਣੇ ਦਿਲ[85] ਤੇ ਦੇਹ[86] ਅੰਦਰ ਵਸਾਓ[87] । ਠਹਿਰਾਉ । |
| ਦੀਦਨੇ[91] ਦੀਦਾਰ[92]ਸਾਹਿਬ ਕਛੁ ਨਹੀ ਇਸ ਕਾ ਮੋਲੁ[93] ॥ | The worth[93] of seeing[91] the Lord's vision[92] cannot be evaluated. | ਪ੍ਰਭੂ ਦੇ ਦਰਸ਼ਨ[92] ਵੇਖਣ[91], ਦਾ ਮੁੱਲ[93] ਪਾਇਆ ਨਹੀਂ ਜਾ ਸਕਦਾ । |
| ਪਾਕ[93] ਪਰਵਦਗਾਰ[94] ਤੂ ਖੁਦਿ[95] ਖਸਮੁ[96] ਵਡਾ[97] ਅਤੋਲੁ[98] ॥੧॥ | Thou art the immaculate[93] Cherisher[94] and Thou Thyself[95] art the great[97] and immeasurable[98] Lord[96]. | ਤੂੰ ਪਵਿੱਤਰ[93]* ਪਾਲਣ-ਪੋਸਣਹਾਰ[94] ਹੈਂ । ਤੂੰ ਆਪ[95] ਹੀ ਵਿਸ਼ਾਲ[97] ਅਤੇ ਅਮਾਪ[98] ਸੁਆਮੀ[96] ਹੈਂ । |
| ਦਸਤਗੀਰੀ[99] ਦੇਹਿ[109] ਦਿਲਾਵਰ[2] ਤੂਹੀ ਤੂਹੀ ਏਕ[3] ॥ | Give[100] me assistance[99], O Chivalrous Lord[2], for Thou and Thou alone[3] art. | ਮੈਨੂੰ ਸਹਾਇਤਾ[99] ਦੇ[100], ਹੇ ਸੂਰਬੀਰ ਸਾਹਿਬ[2] ! ਕਿਉ ਕਿ ਕੇਵਲ[3] ਤੂੰ ਅਤੇ ਤੂੰ ਹੀ ਹੈ । |
| ਕਰਤਾਰ[4] ਕੁਦਰਤਿ[5] ਕਰਣ[6] ਖਾਲਕ[7] ਨਾਨਕ ਤੇਰੀ ਟੇਕ[8] ॥੨॥੫॥ | My Creator[4] Lord[7], by Thy power[5] Thou didst create[6] the world. Thou art Nanak's mainstay[8]. | ਮੇਰੇ ਸਿਰਜਣਹਾਰ[4] ਸੁਆਮੀ[7] ! ਆਪਣੀ ਸ਼ਕਤੀ[5] ਦੁਆਰਾ ਤੂੰ ਸੰਸਾਰ ਰਚਿਆ[6] ਹੈ । ਤੂੰ ਹੀ ਨਾਨਕ ਦਾ ਆਸਰਾ[8] ਹੈਂ । |
| ਤਿਲੰਗ ਮਹਲਾ ੧ ਘਰੁ ੨ | Tilang Ist Guru | ਤਿਲੰਗ ਪਹਿਲੀ ਪਾਤਿਸ਼ਾਹੀ |

| | | |
|---|---|---|
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ। |
| ਜਿਨਿ ਕੀਆ ਤਿਨਿ[9] ਦੇਖਿਆ[10] ਕਿਆ ਕਹੀਐ ਰੇ ਭਾਈ ॥ | He[9] who has made the world, also looks after[10] it. What more shall I say, O brother? | ਜਿਸ ਨੇ ਸੰਸਾਰ ਸਾਜਿਆ ਹੈ, ਉਹ[9] ਇਸ ਦੀ ਨਿਗਹ-ਬਾਨੀ ਕਰਦਾ[10] ਹੈ। ਮੈਂ ਹੋਰ ਕੀ ਆਖਾਂ, ਹੇ ਭਰਾਵਾ? |
| ਆਪੇ ਜਾਣੈ[14] ਕਰੇ ਆਪਿ ਜਿਨਿ ਵਾੜੀ[12]ਹੈ ਲਾਈ[13] ॥੧॥ | He who has laid out[13] the garden[12], He Himself knows[14] and Himself acts. | ਜਿਸ ਨੇ ਬਾਗ[12] ਲਾਇਆ ਹੈ, ਉਹ ਖ਼ੁਦ ਹੀ ਸੋਚਦਾ ਸਮਝਦਾ[14] ਅਤੇ ਖ਼ੁਦ ਹੀ ਕਾਰ ਕਰਦਾ ਹੈ। |
| ੭੨੫ | | |
| ਰਾਇਸਾ[14] ਪਿਆਰੇ[15] ਕਾ ਰਾਇਸਾ ਜਿਤੁ ਸਦਾ[16] ਸੁਖੁ ਹੋਈ ॥ਰਹਾਉ॥ | Embrace thou the meditation[14], the meditation of the Beloved[15], by which peace is ever[16] obtained. Pause. | ਤੂੰ ਪ੍ਰੀਤਮ[15] ਦੇ ਸਿਮਰਨ[14] ਹਾਂ ਸਿਮਰਨ ਵਿੱਚ ਜੁੜ ਜਿਸ ਦੁਆਰਾ ਹਮੇਸ਼ਾ[16] ਸੁੱਖ ਆਰਾਮ ਪ੍ਰਾਪਤ ਹੁੰਦਾ ਹੈ। ਠਹਿਰਾਉ। |
| ਜਿਨਿ ਰੰਗਿ[17] ਕੰਤੁ[18] ਨ ਰਾਵਿਆ[19] ਸਾ[20] ਪਛੋ ਰੇ[21] ਤਾਣੀ ॥ | She[20] who enjoys[19] not her spouse[18] with love[17], regrets[21] afterwards. | ਜੋ ਆਪਣੇ ਭਰਤੇ[18] ਨੂੰ ਪਿਆਰ[17] ਨਾਲ ਨਹੀਂ ਮਾਣਦੀ[19] ਉਹ[20] ਅਖੀਰ ਨੂੰ ਪਛਤਾਉਂਦੀ[21] ਹੈ। |
| ਹਾਥ[22] ਪਛੋੜੈ[23] ਸਿਰੁ[24] ਧੁਣੈ[25] ਜਬ ਰੈਣਿ[26] ਵਿਹਾਣੀ[27] ॥੨॥ | She wrings[23] her hands[22] and beats[25] her head[24], when the night[26] passes away[27]. | ਜਦ ਰਾਤ[26] ਬੀਤ ਜਾਂਦੀ[27] ਹੈ ਤਾਂ ਉਹ ਆਪਣੇ ਹੱਥ[22] ਮਲਦੀ[23] ਅਤੇ ਸੀਸ[24] ਨੂੰ ਪਛਾੜਦੀ[25] ਹੈ। |
| ਪਛੋਤਾਵਾ[28] ਨਾ ਮਿਲੈ[29]ਜਬ ਚੂਕੈਗੀ[30] ਸਾਰੀ[31] ॥ | No good accrues[29] from repentence[28] when the life[31] ends[30]. | ਜਦ ਜੀਵਨ ਖੇਡ[31] ਖਤਮ ਹੋ ਜਾਂਦੀ[30] ਹੈ ਤਾਂ ਪਸਚਾਤਾਪ[28] ਤੋਂ ਕੋਈ ਲਾਭ ਪ੍ਰਾਪਤ[29] ਨਹੀਂ ਹੁੰਦਾ। |
| ਤਾ[32] ਫਿਰਿ[33] ਪਿਆਰਾ[34] ਰਾਵੀਐ[35] ਜਬ ਆਵੈਗੀ ਵਾਰੀ[36] ॥੩॥ | Then[32] alone shall she have the chance of enjoying[35] her Beloved[34], when her turn[36] comes, again[33]. | ਕੇਵਲ ਤਦ[32] ਹੀ ਉਸ ਨੂੰ ਆਪਣੇ ਜਾਨੀ[34] ਨੂੰ ਮਾਨਣ[35] ਦਾ ਮੌਕਾ ਮਿਲੇਗਾ, ਜਦ, ਮੁੜ ਕੇ[33] ਉਸ ਦੀ ਵਾਰੀ[36] ਆਵੇਗੀ। |
| ਕੰਤੁ[37] ਲੀਆ[38]ਸੋਹਾਗਣੀ[39] ਮੈ ਤੇ ਵਧਵੀ ਏਹ[40] ॥ | The true bride[39] obtains[38] her Husband[37]; she is superior[40] to me. | ਸੱਚੀ ਪਤਨੀ[39] ਆਪਣੇ ਪਤੀ[37] ਨੂੰ ਪਾ ਲੈਂਦੀ[38] ਹੈ। ਮੇਰੇ ਨਾਲੋਂ ਉਹ ਵਧ ਕੇ[40] ਹੈ। |
| ਸੇ[41] ਗੁਣ[42] ਮੁਝੈ ਨ ਆਵਨੀ ਕੈ[43] ਜੀ ਦੋਸੁ[44] ਧਰੇਹ ॥੪॥ | Those[41] merits[42], I possess not, whom[43] should I blame[44]? | ਉਹ[41] ਚੰਗਿਆਈਆਂ[42] ਮੇਰੇ ਵਿੱਚ ਨਹੀਂ; ਮੈਂ ਕੀਹਦੇ ਉੱਤੇ[43] ਇਲਜ਼ਾਮ[44] ਲਾਵਾਂ? |
| ਜਿਨੀ ਸਖੀ[45] ਸਹੁ[46] ਰਾਵਿਆ[47]ਤਿਨ[48] ਪੂਛਉਗੀ ਜਾਏ[49] ॥ | The mates[45], who have enjoyed[47] their spouse[46], to them[48] I shall go[49] to ask. | ਜਿਨ੍ਹਾਂ ਸਹੇਲੀਆਂ[45] ਨੇ ਆਪਣੇ ਕੰਤ[46] ਨੂੰ ਮਾਣਿਆ[47] ਹੈ, ਮੈਂ ਜਾ ਕੇ[49] ਉਨ੍ਹਾਂ ਕੋਲੋਂ[48] ਪੁਛਾਂਗੀ। |
| ਪਾਇ[50] ਲਗਉ[51] ਬੇਨਤੀ[52] ਕਰਉ ਲੇਉਗੀ ਪੰਥੁ[53] ਬਤਾਏ[54] ॥੫॥ | I shall touch[51] their feet[50] and supplicate[52] them to show[54] me the path[53]. | ਮੈਂ ਉਨ੍ਹਾਂ ਦੇ ਪੈਰੀਂ[50] ਪਵਾਂਗੀ[51] ਅਤੇ ਮੈਨੂੰ ਮਾਰਗ[53] ਵਿਖਾਲਣ ਲਈ[54] ਪ੍ਰਾਰਥਨਾ[52] ਕਰਾਂਗੀ। |
| ਹੁਕਮੁ[55] ਪਛਾਣੈ[56] ਨਾਨਕਾ | Nanak, if the bride[62] obeys[56] her | ਨਾਨਕ, ਜੇਕਰ ਪਤਨੀ[62] ਆਪਣੇ ਪਤੀ ਦਾ ਫ਼ੁਰਮਾਨ[55] |

| | | |
|---|---|---|
| ਭਉ[57] ਚੰਦਨੁ[58] ਲਾਵੈ[59] ॥ ਗੁਣ[60] ਕਾਮਣ[61] ਕਾਮਣਿ[62] ਕਰੈ ਤਉ[63] ਪਿਆਰੇ[64] ਕਉ ਪਾਵੈ ॥੬॥ | spouse's order[56], applies[59] His fear[57] as her sandal[58] and performs the incantation[61] of merits[60], then[63] obtains she her Beloved[64]. | ਮੰਨੇ, ਉਸ ਦੇ ਡਰ[57] ਨੂੰ ਚੰਨਣ[58] ਵਜੋਂ ਮਲੇ[59] ਅਤੇ ਚੰਗਿਆਈਆਂ[60] ਦਾ ਟੂਣਾ ਟਾਮਣ[61] ਕਰੇ, ਤਦ[63] ਉਹ ਆਪਣੇ ਪ੍ਰੀਤਮ[64] ਨੂੰ ਪਾ ਲੈਂਦੀ ਹੈ। |
| ਜੋ ਦਿਲਿ[65] ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ[66] ਰੇ ਸੋਈ[67] ॥ | She, who meets with her Lord the heart's[65] way, ever abides with Him. That[67] is called[66] the real meeting. | ਜੋ ਆਪਣੇ ਸੁਆਮੀ ਨੂੰ ਦਿਲ[65] ਦੇ ਰਾਹੀਂ ਮਿਲਦੀ ਹੈ, ਉਹ ਉਸ ਨਾਲ ਮਿਲੀ ਰਹਿੰਦੀ ਹੈ। ਉਹ[67] ਹੀ ਅਸਲੀ ਮਿਲਾਪ ਆਖਿਆ ਜਾਂਦਾ[66] ਹੈ। |
| ਜੇ ਬਹੁਤੇਰਾ[68] ਲੋਚੀਐ[69] ਬਾਤੀ[70] ਮੇਲੁ[71] ਨ ਹੋਈ ॥੭॥ | However much[68] she may desire[69] it, she meets[71] Him not through mere words[70]. | ਕਿੰਨੀ ਬਾਹਲੀ[68] ਚਾਹਨਾ[69] ਉਹ ਕਿਉਂ ਨ ਕਰੇ, ਨਿਰੀਆਂ ਗੱਲਾਂ[70] ਨਾਲ ਉਸ ਦਾ ਉਸ ਨਾਲ ਮਿਲਾਪ[71] ਨਹੀਂ ਹੁੰਦਾ। |
| ਧਾਤੁ[72] ਮਿਲੈ ਫੁਨਿ[73] ਧਾਤੁ ਕਉ ਲਿਵ[74] ਲਿਵੈ ਕਉ ਧਾਵੈ[75] ॥ | The metal[72] blends with the metal again[73] and love[74] attracts[75] love. | ਮਾਦਨੀਆਤ[72], ਮੁੜ ਕੇ[73] ਮਾਦਨੀਆਤ ਨਾਲ ਮਿਲ ਜਾਂਦੀ ਹੈ ਅਤੇ ਪਿਆਰ[74] ਪਿਆਰ ਨੂੰ ਖਿਚਦਾ[75] ਹੈ। |
| ਗੁਰ ਪਰਸਾਦੀ[76] ਜਾਣੀਐ[77] ਤਉ[78]ਅਨਭਉ[79]ਪਾਵੈ ॥੮॥ | When by Guru's grace[76], man obtains true understanding[77], then[78] finds he, the Fearless Lord[79]. | ਜਦ ਗੁਰਾਂ ਦੀ ਦਇਆ[76] ਦੁਆਰਾ ਬੰਦੇ ਨੂੰ ਸਮਝ[77] ਪ੍ਰਾਪਤ ਹੋ ਜਾਂਦੀ ਹੈ, ਤਦ[78] ਉਹ ਨਿਡਰ ਸਾਂਈ[79] ਨੂੰ ਪਾ ਲੈਂਦਾ ਹੈ। |
| ਪਾਨਾ ਵਾੜੀ[80] ਹੋਇ ਘਰਿ ਖਰੁ[81] ਸਾਰ[82] ਨ ਜਾਣੈ ॥ | An orchard of betel[80] may be in the house, but the donkey[81] knows not its worth[82]. | ਪਾਨਾਂ ਦੀ ਵੇਲਾਂ ਦੀ ਬਗੀਚੀ[80] ਗ੍ਰਿਹ ਵਿਚ ਭਾਵੇਂ ਹੀ ਹੋਵੇ, ਪ੍ਰੰਤੂ ਖੋਤਾ[81] ਉਸ ਦੀ ਕਦਰ[82]ਨੂੰ ਨਹੀਂ ਜਾਣਦਾ। |
| ਰਸੀਆ[83] ਹੋਵੈ ਮੁਸਕ[84] ਕਾ ਤਬ[85] ਫੂਲੁ[86] ਪਛਾਣੈ[87] ॥੯॥ | If one knows[83] the nature of fragrance[84], then[85] alone can one appreciate[87] the flower[86]. | ਜੇਕਰ ਕੋਈ ਜਣਾ ਮਹਿਕ[84] ਦਾ ਮਾਹਰ[83] ਹੋਵੇ, ਤਦ[85] ਉਹ ਪੁਸ਼ਪ[86] ਦੀ ਕਦਰ ਸਿੰਞਾਣਦਾ[87] ਹੈ। |
| ਅਪਿਉ[88]ਪੀਵੈ[89] ਜੋ ਨਾਨਕਾ ਭ੍ਰਮੁ[90] ਭ੍ਰਮਿ[91] ਸਮਾਵੈ[92] ॥ | He alone who quaffs[89] the Name-Nectar[88], ends[92] his doubts[90] and wanderings[91]. | ਕੇਵਲ ਉਹ ਜੋ ਨਾਮ ਦੇ ਅੰਮ੍ਰਿਤ[88] ਨੂੰ ਪਾਨ ਕਰਦਾ[89]ਹੈ, ਉਸ ਦੇ ਸੰਦੇਹ[90] ਤੇ ਭਟਕਣੇ[91] ਮੁਕ ਜਾਂਦੇ[92] ਹਨ। |
| ਸਹਜੇ[93] ਸਹਜੇ[94] ਮਿਲਿ[95] ਰਹੈ ਅਮਰਾ[96] ਪਦੁ[97]ਪਾਵੈ ॥੧੦॥੧॥ | He easly[93] remains blended[95] with the Lord[94] and obtains the immortal[96] status[97]. | ਉਹ ਸੁਭਾਵਕ[93] ਹੀ ਸੁਆਮੀ[94] ਨਾਲ ਅਭੇਦ ਹੋਇਆ ਰਹਿੰਦਾ[95] ਹੈ ਅਤੇ ਅਬਿਨਾਸੀ[96] ਮਰਤਬਾ[97] ਪਾ ਲੈਂਦਾ ਹੈ। |
| ਤਿਲੰਗ ਮਹਲਾ ੪ ॥ | Tilang 4th Guru | ਤਿਲੰਗ ਚੌਥੀ ਪਾਤਿਸ਼ਾਹੀ। |
| ਹਰਿ ਕੀਆ ਕਥਾ[98] ਕਹਾਣੀਆ[99] ਗੁਰ ਮੀਤਿ[100] ਸੁਣਾਈਆ[2] ॥ | God's sermons[98] and tales[99], my friend[100], the Guru has related[2] to me. | ਵਾਹਿਗੁਰੂ ਦੀਆਂ ਧਰਮ ਵਾਰਤਾਵਾਂ[98] ਅਤੇ ਸਾਖੀਆਂ[99] ਮੇਰੇ ਮਿੱਤ੍ਰ[100], ਗੁਰਾਂ ਨੇ ਮੈਨੂੰ ਸੁਣਾਈਆਂ[2] ਹਨ। |
| ਬਲਿਹਾਰੀ[3] ਗੁਰ ਆਪਣੇ ਗੁਰ ਕਉ ਬਲਿ ਜਾਈਆ ॥੧॥ | A sacrifice[3] am I unto my Guru. Unto the Guru, I am a sacrifice. | ਕੁਰਬਾਨ[3] ਹਾਂ, ਮੈਂ ਆਪਣੇ ਗੁਰਾਂ ਉਤੋਂ। ਗੁਰਾਂ ਦੇ ਉਤੋਂ ਮੈਂ ਕੁਰਬਾਨ ਹਾਂ। |

| | | |
|---|---|---|
| ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ[4] ॥ਰਹਾਉ॥ | Come and see me. O thou the disciple of the Guru, come and meet me thou. Thou art my Guru's beloved[4]. Pause. | ਆ ਤੇ ਮੈਨੂੰ ਮਿਲ, ਤੂੰ ਹੇ ਗੁਰਾਂ ਦੇ ਸਿਖ ! ਤੂੰ ਆ ਕੇ ਮੈਨੂੰ ਮਿਲ, ਤੂੰ ਮੈਂਡੇ ਗੁਰਾਂ ਦਾ ਪ੍ਰੇਮੀ[4] ਹੈਂ । ਠਹਿਰਾਉ । |
| ਹਰਿ ਕੇ ਗੁਣ[5] ਹਰਿ ਭਾਵਦੇ[6] ਸੇ[7] ਗੁਰੂ ਤੇ ਪਾਏ[8] ॥ | God's praises[5] are pleasing[6] to God. Them[7], I have obtained[8] from the Guru. | ਵਾਹਿਗੁਰੂ ਦੀਆਂ ਸਿਫ਼ਤਾਂ[5] ਵਾਹਿਗੁਰੂ ਨੂੰ ਚੰਗੀਆਂ ਲਗਦੀਆਂ[6] ਹਨ । ਉਨ੍ਹਾਂ[7] ਨੂੰ ਮੈਂ ਗੁਰਾਂ ਪਾਸੋਂ ਪਰਾਪਤ ਕੀਤਾ[8] ਹੈ । |
| ਜਿਨ ਗੁਰ ਕਾ ਭਾਣਾ[9] ਮੰਨਿਆ[10] ਤਿਨ[12] ਘੁਮਿ ਘੁਮਿ[13] ਜਾਏ ॥੨॥ | They, who obey[10] the Guru's, will[9], unto them[12], I am a sacrifice[13], yea, a sacrifice. | ਜੋ ਗੁਰਾਂ ਦੀ ਰਜ਼ਾ[9] ਨੂੰ ਕਬੂਲ ਕਰਦੇ[10] ਹਨ; ਉਨ੍ਹਾਂ[12] ਉੱਤੋਂ ਮੈਂ ਸਦਕੇ[13], ਮੈਂ ਸਦਕੇ ਜਾਂਦਾ ਹਾਂ । |
| ਜਿਨ ਸਤਿਗੁਰੁ ਪਿਆਰਾ[14] ਦੇਖਿਆ ਤਿਨ ਕਉ ਹਉ ਵਾਰੀ ॥ | They, who behold the beloved[14] True Guru, unto them am I devoted. | ਜੋ ਪ੍ਰੀਤਮ[14] ਗੁਰਾਂ ਨੂੰ ਵੇਖਦੇ ਹਨ, ਉਨ੍ਹਾਂ ਉੱਤੋਂ ਮੈਂ ਸਦਕੇ ਜਾਂਦਾ ਹਾਂ । |
| ਜਿਨ ਗੁਰ ਕੀ ਕੀਤੀ ਚਾਕਰੀ[15] ਤਿਨ ਸਦ ਬਲਿਹਾਰੀ ॥੩॥ | I am ever a sacrifice unto those, who perform the Guru's service[15]. | ਮੈਂ ਉਨ੍ਹਾਂ ਉੱਤੋਂ ਹਮੇਸ਼ਾ ਘੋਲੀ ਵੰਞਦਾ ਹਾਂ, ਜੋ ਗੁਰਾਂ ਦੀ ਘਾਲ[15] ਕਮਾਉਂਦੇ ਹਨ । |
| ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ[16] ॥ | Thy Name, O Lord God, is the Destroyer of suffering[16] | ਤੇਰਾ ਨਾਮ, ਹੇ ਸੁਆਮੀ ਵਾਹਿਗੁਰੂ ! ਦੁੱਖ[16] ਦੂਰ ਕਰਨ ਵਾਲਾ ਹੈ । |
| ਗੁਰ ਸੇਵਾ[17] ਤੇ ਪਾਈਐ ਗੁਰਮੁਖਿ[18] ਨਿਸਤਾਰਾ[19] ॥੪॥ | By the service[17] of the Guru, the Name is received. It is through the Guru[18] that emancipation[19] is obtained. | ਗੁਰਾਂ ਦੀ ਚਾਕਰੀ[17] ਕਮਾਉਣ ਦੁਆਰਾ ਨਾਮ ਪਾਇਆ ਜਾਂਦਾ ਹੈ । ਗੁਰਾਂ ਦੇ ਰਾਹੀਂ[18] ਹੀ ਕਲਿਆਣ[19] ਪਰਾਪਤ ਹੁੰਦੀ ਹੈ । |
| ਜੋ ਹਰਿ ਨਾਮੁ ਧਿਆਇਦੇ[20] ਤੇ[21] ਜਨ[22] ਪਰਵਾਨਾ[23] ॥ | They, who contemplate[20] the Lord's Name, acceptable[23] become those[21] persons[22]. | ਜਿਹੜੇ ਸੁਆਮੀ ਦੇ ਨਾਮ ਦਾ ਸਿਮਰਨ ਕਰਦੇ[20] ਹਨ, ਉਹ[21] ਪੁਰਸ਼[22] ਕਬੂਲ[23] ਪੈ ਜਾਂਦੇ ਹਨ । |
| ਤਿਨ ਵਿਟਹੁ[24] ਨਾਨਕੁ ਵਾਰਿਆ[25] ਸਦਾ ਸਦਾ[26] ਕੁਰਬਾਨਾ ॥੫॥ | Unto[24] them, Nanak is a sacrifice[25] and for ever and aye[26] he is devoted. | ਉਨ੍ਹਾਂ ਉੱਤੋਂ[24] ਨਾਨਕ ਕੁਰਬਾਨ[25] ਜਾਂਦਾ ਹੈ ਅਤੇ ਸਦੀਵ ਤੇ ਹਮੇਸ਼ਾ[26] ਲਈ ਸਦੱਕੜੇ ਹੈ । |
| ਸਾ[27] ਹਰਿ ਤੇਰੀ ਉਸਤਤਿ[28] ਹੈ ਜੋ ਹਰਿ ਪ੍ਰਭ ਭਾਵੈ[29] ॥ | O God, the Lord Master, that[27] alone is Thine praise[28], which is pleasing[29] to Thee. | ਹੇ ਵਾਹਿਗੁਰੂ ਸੁਆਮੀ ਮਾਲਕ ! ਕੇਵਲ ਓਹੀ[27] ਤੇਰੀ ਮਹਿਮਾ[28] ਹੈ ਜਿਹੜੀ ਤੈਨੂੰ ਚੰਗੀ[29] ਲਗਦੀ ਹੈ । |
| ਜੋ ਗੁਰਮੁਖਿ[30] ਪਿਆਰਾ[31] ਸੇਵਦੇ[34] ਤਿਨ[33] ਹਰਿ ਫਲੁ[32] ਪਾਵੈ ॥੬॥ | The Guru-wards[30], who serve[34] the Beloved[31] Lord, they[33] obtain Him as their reward[32]. | ਗੁਰੂ-ਸਮਰਪਣ[30] ਜੋ ਪ੍ਰੀਤਮ[31] ਪ੍ਰਭੂ ਦੀ ਘਾਲ ਕਮਾਉਂਦੇ[34] ਹਨ, ਉਹ[33] ਉਸ ਨੂੰ, ਸਿਲੇ[32] ਵਜੋਂ, ਪਾ ਲੈਂਦੇ ਹਨ । |
| ਜਿਨਾ ਹਰਿ ਸੇਤੀ[35] | They, who cherish[36] love for their | ਸੁਆਮੀ ਉਨ੍ਹਾਂ ਦੀਆਂ ਜਿੰਦੜੀਆਂ[37] ਦੇ ਨਾਲ ਹੈ ਜਿਨ੍ਹਾਂ |

| | | |
|---|---|---|
| ਪਿਰਹੜੀ[36] ਤਿਨਾ ਜੀਅ[37] ਪ੍ਰਭ ਨਾਲੇ ॥ | Lord[36], their soul[37] is ever attuned to God. | ਦਾ ਵਾਹਿਗੁਰੂ ਦੇ ਨਾਲ[35] ਪ੍ਰੇਮ[36] ਹੈ। |
| ਓਇ ਜਪਿ ਜਪਿ[38] ਪਿਆਰਾ ਜੀਵਦੇ ਹਰਿ ਨਾਮੁ ਸਮਾਲੇ[39] ॥੭॥ | Meditating and ever dwelling[38] upon the Beloved, they live and they gather[39] God's Name. | ਪ੍ਰੀਤਮ ਨੂੰ ਸਿਮਰ ਤੇ ਆਰਾਧ[38] ਕੇ ਉਹ ਜੀਉਂਦੇ ਹਨ ਅਤੇ ਵਾਹਿਗੁਰੂ ਦੇ ਨਾਮ ਨੂੰ ਹੀ ਉਹ ਇਕੱਤਰ ਕਰਦੇ[39] ਹਨ। |
| ਜਿਨ ਗੁਰਮੁਖਿ[40] ਪਿਆਰਾ[41] ਸੇਵਿਆ ਤਿਨ[43] ਕਉ ਘੁਮਿ[42] ਜਾਇਆ ॥ | The Guru-wards[40], who serve the Beloved Lord[41], unto them[43], I am a sacrifice[42]. | ਗੁਰੂ-ਅਨੁਸਾਰੀ[40] ਜੋ ਪ੍ਰੀਤਮ-ਪ੍ਰਭੂ[41] ਦੀ ਸੇਵ ਕਮਾਉਂਦੇ ਹਨ, ਉਨ੍ਹਾਂ[43] ਉੱਤੋਂ ਮੈਂ ਸਦਕੇ[42] ਜਾਂਦਾ ਹਾਂ। |
| ਓਇ ਆਪਿ[44] ਛੁਟੇ[45] ਪਰਵਾਰ[46] ਸਿਉ[47] ਸਭੁ ਜਗਤ ਛਡਾਇਆ[48] ॥੮॥ | They themselves[44] are saved[45] along with[47] their families[46] and, through them, the whole world is delivered[48]. | ਉਹ ਆਪ[44], ਸਣੇ[47] ਆਪਣੇ ਟੱਬਰ[46] ਕਬੀਲੇ ਦੇ, ਤਰ ਜਾਂਦੇ[45] ਹਨ ਅਤੇ ਉਨ੍ਹਾਂ ਦੇ ਰਾਹੀਂ ਸਾਰਾ ਸੰਸਾਰ ਪਾਰ ਉੱਤਰ ਜਾਂਦਾ[48] ਹੈ। |
| ਗੁਰਿ ਪਿਆਰੈ[49] ਹਰਿ ਸੇਵਿਆ[50] ਗੁਰੁ ਧੰਨੁ[51] ਗੁਰੁ ਧੰਨੋ ॥ | My Beloved[49] Guru has served[50] the Lord. Blessed, blessed is the Guru, the True Guru. | ਪ੍ਰੀਤਮ[49] ਗੁਰਾਂ ਨੇ ਪ੍ਰਭੂ ਦੀ ਚਾਕਰੀ ਕਮਾਈ[50] ਹੈ। ਮੁਬਾਰਕ[51], ਮੁਬਾਰਕ ਹਨ ਗੁਰੂ ਜੀ ਸੱਚੇ ਗੁਰੂ ਜੀ। |
| ਗੁਰਿ ਹਰਿ ਮਾਰਗੁ[52] ਦਸਿਆ[53] ਗੁਰ ਪੁੰਨੁ ਵਡ[54] ਪੁੰਨੋ[55] ॥੯॥ | The Guru has shown[53] me the God's way[52]; the Guru has done me the good, yea, the supreme[54] good[55]. | ਗੁਰਾਂ ਨੇ ਮੈਨੂੰ ਵਾਹਿਗੁਰੂ ਦਾ ਰਸਤਾ[52] ਵਿਖਾਲਿਆ[53] ਹੈ। ਉਪਕਾਰ, ਮਹਾਨ[54] ਉਪਕਾਰ[55] ਗੁਰਾਂ ਨੇ ਮੇਰੇ ਉੱਤੇ ਕੀਤਾ ਹੈ। |
| ਜੋ ਗੁਰ ਸਿਖ ਗੁਰੁ ਸੇਵਦੇ[59] ਸੇ[56] ਪੁੰਨ[57] ਪਰਾਣੀ[58] ॥ | The Guru's disciples, who serve[59] the Guru, they[56] are the blessed[57] beings[58]. | ਗੁਰਾਂ ਦੇ ਮੁਰੀਦ, ਜਿਹੜੇ ਗੁਰਾਂ ਦੀ ਘਾਲ ਕਮਾਉਂਦੇ[59] ਹਨ, ਉਹ[56] ਗੁਣਵਾਨ[57] ਜੀਵ[58] ਹਨ। |
| ੭੨੬ | | |
| ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ[60] ॥੧੦॥ | Slave Nanak is a sacrifice unto them Unto them, he is ever, ever devoted[60]. | ਗੋਲਾ ਨਾਨਕ ਉਨ੍ਹਾਂ ਉੱਤੋਂ ਬਲਿਹਾਰਨੇ ਜਾਂਦਾ ਹੈ। ਉਨ੍ਹਾਂ ਉੱਤੋਂ ਹਮੇਸ਼ਾ, ਹਮੇਸ਼ਾ ਹੀ ਸਦਕੇ ਵੰਞਦਾ[60] ਹੈ। |
| ਗੁਰਮੁਖਿ[61] ਸਖੀ[62] ਸਹੇਲੀਆ[63] ਸੇ[64] ਆਪਿ[65] ਹਰਿ ਭਾਈਆ[66] ॥ | The Guru-ward[61] mates[62] and companions[63], they[64] are pleasing[66] to God Himself[66]. | ਪਵਿੱਤਰ-ਆਤਮਾ[61] ਸਖੀਆਂ[62] ਅਤੇ ਸਾਥਣਾਂ[63], ਉਹ[64] ਖੁਦ[65] ਵਾਹਿਗੁਰੂ ਨੂੰ ਚੰਗੀਆਂ[66] ਲਗਦੀਆਂ ਹਨ। |
| ਹਰਿ ਦਰਗਹ[67] ਪੈਨਾਈਆ[68] ਹਰਿ ਆਪਿ[69] ਗਲਿ[70] ਲਾਈਆ[71] ॥੧੧॥ | In God's court[67], they are clothed with the robe of honour[68]. The Lord hugs[71] them to His[69] bosom[70]. | ਵਾਹਿਗੁਰੂ ਦੇ ਦਰਬਾਰ ਅੰਦਰ[67], ਉਨ੍ਹਾਂ ਨੂੰ ਇੱਜ਼ਤ ਦੀ ਪੁਸ਼ਾਕ[68] ਪਹਿਨਾਈ ਜਾਂਦੀ ਹੈ। ਪ੍ਰਭੂ ਉਨ੍ਹਾਂ ਨੂੰ ਆਪਣੀ[69] ਹਿੱਕ[70] ਨਾਲ ਲਾ ਲੈਂਦਾ[71] ਹੈ। |
| ਜੋ ਗੁਰਮੁਖਿ[72] ਨਾਮੁ ਧਿਆਇਦੇ[73] ਤਿਨ[74] ਦਰਸਨੁ[75] ਦੀਜੈ[76] ॥ | The Guru-wards[72], who meditate[73] on Thy Name, O Lord, bless[76] Thou me with their[74] vision[75]. | ਗੁਰੂ ਅਨੁਸਾਰੀ[72] ਜੋ ਤੇਰੇ ਨਾਮ ਦਾ ਸਿਮਰਨ ਕਰਦੇ[73] ਹਨ, ਹੇ ਸਾਂਈਂ! ਤੂੰ ਮੈਨੂੰ ਉਨ੍ਹਾਂ[74] ਦਾ ਦੀਦਾਰ[75] ਬਖਸ਼[76]। |
| ਹਮ[77] ਤਿਨ[78] ਕੇ ਚਰਣ[79] | I[77] wash[80] their[78] feet[79] and stirring[82] | ਮੈਂ[77] ਉਨ੍ਹਾਂ[78] ਦੇ ਪੈਰ[79] ਧੋਂਦਾ[80] ਹਾਂ ਅਤੇ ਹਿਲਾ[82] ਹਿਲਾ |

| | | |
|---|---|---|
| ਪਖਾਲਦੇ[80] ਧੂੜਿ[81] ਘੋਲਿ[82] ਘੋਲਿ ਪੀਜੈ[83] ॥੧੨॥ | repeatedly the wash[81] of their feet, I drink[83] it heartily. | ਕੇ, ਮੈਂ ਉਨ੍ਹਾਂ ਦੇ ਪੈਰਾਂ ਦੇ ਧੋਣ[81] ਨੂੰ ਪੀਂਦਾ[83] ਹਾਂ । |
| ਪਾਨ[84] ਸੁਪਾਰੀ[85]ਖਾਤੀਆ[87] ਮੁਖਿ[86] ਬੀੜੀਆ[88] ਲਾਈਆ[89] ॥ ਹਰਿ ਹਰਿ ਕਦੇ[90] ਨ ਚੇਤਿਓ[91] ਜਮਿ[92] ਪਕੜਿ[93] ਚਲਾਈਆ[94] ॥੧੩॥ | They, who eat[87] betel-leaf[84] and betel-nut[85] and apply[89] red-paint[88] to their lips[86] but contemplate[91] not ever[90] the Lord God, them, the death's myrmidon[92] seizes[93] and takes away[94]. | ਜੋ ਤੰਬੋਲ[84] ਤੇ ਸਪਾਰੀ[85] ਖਾਂਦੀਆਂ[87] ਹਨ ਅਤੇ ਆਪਣੇ ਬੁਲ੍ਹਾਂ[86] ਨੂੰ ਲਾਲ-ਵਟਣਾ[88] ਮਲਦੀਆਂ[89] ਹਨ, ਪ੍ਰੰਤੂ ਸੁਆਮੀ ਵਾਹਿਗੁਰੂ ਦਾ ਸਿਮਰਨ[91] ਕਦਾਚਿਤ[90] ਨਹੀਂ ਕਰਦੀਆਂ, ਮੌਤ ਦਾ[92] ਫ਼ਰੇਸ਼ਤਾ ਉਨ੍ਹਾਂ ਨੂੰ ਫੜ ਕੇ[93] ਲੈ ਜਾਂਦਾ[94] ਹੈ । |
| ਜਿਨ ਹਰਿ ਨਾਮਾ ਹਰਿ ਚੇਤਿਆ[95] ਹਿਰਦੈ[96] [97]ਉਰਿਧਾਰੇ[98] ॥ ਤਿਨ[99]ਜਮੁ ਨੇੜਿ[100]ਨ ਆਵਈ ਗੁਰਸਿਖ ਗੁਰ ਪਿਆਰੇ[2] ॥੧੪॥ | They who contemplate[95] God's Name and God and keep Him clasped[98] to their mind[96] and heart[97], Death's courier draws not near[100] them[99]. The Guru's disciples are beloved[2] of the Guru. | ਜੋ ਰੱਬ ਦੇ ਨਾਮ ਅਤੇ ਰੱਬ ਦਾ ਸਿਮਰਨ ਕਰਦੀਆਂ[95] ਹਨ, ਅਤੇ ਉਸ ਨੂੰ ਆਪਣੇ ਮਨ[96] ਤੇ ਦਿਲ[97] ਨਾਲ ਲਾਈ ਰਖਦੀਆਂ[98] ਹਨ, ਮੌਤ ਦਾ ਦੂਤ ਉਨ੍ਹਾਂ[99] ਦੇ ਨਜ਼ਦੀਕ[100] ਨਹੀਂ ਆਉਂਦਾ । ਗੁਰਾਂ ਦੇ ਮੁਰੀਦ ਗੁਰਾਂ ਦੇ ਮਹਿਬੂਬ[2] ਹਨ । |
| ਹਰਿ ਕਾ ਨਾਮੁ ਨਿਧਾਨੁ[3] ਹੈ ਕੋਈ[4] ਗੁਰਮੁਖਿ[5] ਜਾਣੈ ॥ | God's Name is a treasure[3], but some rare one[4] comes to know it, through the Guru[5], | ਵਾਹਿਗੁਰੂ ਦਾ ਨਾਮ ਖ਼ਜ਼ਾਨਾ[3] ਹੈ, ਪ੍ਰੰਤੂ ਕੋਈ ਵਿਰਲਾ ਜਣਾ[4] ਹੀ ਇਸ ਨੂੰ ਗੁਰਾਂ ਦੇ ਰਾਹੀਂ[5] ਜਾਣਦਾ ਹੈ । |
| ਨਾਨਕ ਜਿਨ ਸਤਿਗੁਰੁ ਭੇਟਿਆ[6] ਰੰਗਿ ਰਲੀਆ[7] ਮਾਣੈ[8] ॥੧੫॥ | Nanak, they who meet[6] with the True Guru, enjoy[8] peace and pleasure[7]. | ਨਾਨਕ, ਜੋ ਸੱਚੇ ਗੁਰਾਂ ਨੂੰ ਮਿਲ ਪੈਂਦੇ[6] ਹਨ, ਉਹ ਸੁਖ ਅਤੇ ਅਨੰਦ[7] ਭੋਗਦੇ[8] ਹਨ । |
| ਸਤਿਗੁਰੁ ਦਾਤਾ[9] ਆਖੀਐ[10] ਤੁਸਿ[12] ਕਰੇ[13] ਪਸਾਉ[14] ॥ | The True Guru is said to be[10] the bountiful[9] donor. In his mercy[12], he bestows[13] gifts[14]. | ਸੱਚੇ ਗੁਰਦੇਵ ਜੀ ਦਾਤਾਰ[9] ਕਹੇ ਜਾਂਦੇ[10] ਹਨ । ਪ੍ਰਸੰਨ ਹੋ ਕੇ[12] ਉਹ ਦਾਤਾਂ[14] ਬਖ਼ਸ਼ਦੇ[13] ਹਨ । |
| ਹਉ ਗੁਰ ਵਿਟਹੁ[15] ਸਦ[16] ਵਾਰਿਆ[17]ਜਿਨਿ ਦਿਤੜਾ[18] ਨਾਉ ॥੧੬॥ | I am ever[16] a sacrifice[17] unto[15] the Guru, who has blest[18] me with the Lord's Name. | ਮੈਂ ਸਦੀਵ[16] ਹੀ ਗੁਰਾਂ ਉੱਤੋਂ[15] ਘੋਲੀ ਵੰਞਦਾ[17] ਹਾਂ, ਜਿਨ੍ਹਾਂ ਨੇ ਮੈਨੂੰ ਪ੍ਰਭੂ ਦਾ ਨਾਮ ਪਰਦਾਨ ਕੀਤਾ[18] ਹੈ । |
| ਸੋ[19] ਧੰਨੁ[20] ਗੁਰੂ ਸਾਬਾਸਿ[21] ਹੈ ਹਰਿ ਦੇਇ[22] ਸਨੇਹਾ[23] ॥ | Blest[20] ! blest[21] ! is the[19] Guru, who imparts[22] to me the Lord's message[23]. | ਸੁਲੱਖਣੇ[20] ! ਸੁਲੱਖਣੇ[21] ਹਨ ਉਹ[19] ਗੁਰੂ ਮਹਾਰਾਜ ਜੋ ਮੈਨੂੰ ਪ੍ਰਭੂ ਦਾ ਸੰਦੇਸਾ[23] ਦਿੰਦੇ[22] ਹਨ । |
| ਹਉ[24] ਵੇਖਿ ਵੇਖਿ[25] ਗੁਰੂ ਵਿਗਸਿਆ[26] ਗੁਰ[27] ਸਤਿਗੁਰ ਦੇਹਾ[28] ॥੧੭॥ | Seeing, yea, seeing[25] the Guru and the body[28] of the Great[27] True Guru, I[24] am ever[26] in bloom. | ਗੁਰਾਂ ਨੂੰ ਤੇ ਵੱਡੇ[27] ਸੱਚੇ ਗੁਰਾਂ ਦੀ ਦੇਹ[28] ਨੂੰ ਦੇਖ ਦੇਖ ਕੇ[25] ਮੈਂ[24] ਹਮੇਸ਼ਾ ਹੀ ਪ੍ਰਫੁੱਲਤ ਹੁੰਦਾ[26] ਹਾਂ । |
| ਗੁਰ ਰਸਨਾ[29] ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ[30] ॥ | The Guru's tongue[29] utters Divine Nectar and is adorned[30] with God's Name. | ਗੁਰਾਂ ਦੀ ਜੀਭਾ[29] ਬ੍ਰਹਿਮ-ਰਸ ਉਚਾਰਨ ਕਰਦੀ ਹੈ ਅਤੇ ਵਾਹਿਗੁਰੂ ਦੇ ਨਾਮ ਨਾਲ ਸ਼ਸ਼ੋਭਤ ਹੋਈ ਹੋਈ[30] ਹੈ । |

| | | |
|---|---|---|
| ਜਿਨ ਸੁਣਿ ਸਿਖਾ ਗੁਰੁ ਮੰਨਿਆ[31] ਤਿਨਾ[34] ਭੁਖ[32] ਸਭ ਜਾਵੀ[33] ॥੧੮॥ | The Sikhs, who hear and obey[31] the Guru, all their[34] cravings[32] depart[33]. | ਜਿਹੜੇ ਸਿੱਖ ਗੁਰਾਂ ਨੂੰ ਸੁਣਦੇ ਅਤੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਦੇ[31] ਹਨ, ਉਨ੍ਹਾਂ[34] ਦੀ ਸਾਰੀ ਖੁਧਿਆ[32] ਦੂਰ ਹੋ ਜਾਂਦੀ[33] ਹੈ। |
| ਹਰਿ ਕਾ ਮਾਰਗੁ[35] ਆਖੀਐ[36] ਕਹੁ[37] ਕਿਤੁ[38] ਬਿਧਿ[39] ਜਾਈਐ[40] ॥ | People talk[36] of the God's way[35]. Pray, tell me[37], by what[38] means[39] can I tread upon[40] it ? | ਲੋਕੀ ਰੱਬ ਦੇ ਰਾਹ[35] ਦੀਆਂ ਗੱਲਾਂ ਕਰਦੇ[36] ਹਨ। ਦੱਸੋ[37] ! ਕਿਹੜੇ[38] ਤਰੀਕੇ[39] ਨਾਲ ਮੈਂ ਇਸ ਉੱਤੇ ਟੁਰ ਸਕਦਾ[40] ਹਾਂ ? |
| ਹਰਿ ਹਰਿ[41] ਤੇਰਾ ਨਾਮੁ ਹੈ ਹਰਿ ਖਰਚੁ[42] ਲੈ[43] ਜਾਈਐ[44] ॥੧੯॥ | My Lord God[41], I can tread upon[44] this path, by taking[43] with me the viaticum[42] of Thee and Thy Name. | ਮੇਰੇ ਸੁਆਮੀ[41] ਮਾਲਕ, ਤੇਰਾ ਅਤੇ ਤੇਰੇ ਨਾਮ ਦਾ ਸਫ਼ਰ ਖਰਚ[42] ਨਾਲ ਲੈ ਕੇ[43], ਮੈਂ ਇਸ ਰਾਹ ਉੱਤੇ ਟੁਰ ਸਕਦਾ[44] ਹਾਂ। |
| ਜਿਨ ਗੁਰਮੁਖਿ[45] ਹਰਿ ਆਰਾਧਿਆ[46] ਸੇ[47] ਸਾਹ[48] ਵਡ[49] ਦਾਣੇ[50] ॥ | The Guru-wards[45], who meditate[46] on the Lord, they[47] are wealthy[48] and very[49] wise[50]. | ਗੁਰੂ-ਸਮਰਪਨ[45], ਜੋ ਸਾਹਿਬ ਦਾ ਸਿਮਰਨ ਕਰਦੇ[46] ਹਨ, ਉਹ[47] ਧਨਾਡ[48] ਅਤੇ ਬਹੁਤ[49] ਸਿਆਣੇ[50] ਹਨ। |
| ਹਉ ਸਤਿਗੁਰ ਕਉ ਸਦ[51] ਵਾਰਿਆ[52] ਗੁਰ ਬਚਨਿ[53] ਸਮਾਣੇ[54] ॥੨੦॥ | I am ever[51] a sacrifice[52] unto the True Guru and am absorbed[54] in the Guru's hymns[53]. | ਮੈਂ ਸੱਚੇ ਗੁਰਾਂ ਉੱਤੋਂ ਹਮੇਸ਼ਾ[51] ਹੀ ਕੁਰਬਾਨ[52] ਜਾਂਦਾ ਹਾਂ ਅਤੇ ਗੁਰਬਾਣੀ[53] ਅੰਦਰ ਲੀਨ ਹੋਇਆ ਹੋਇਆ[54] ਹਾਂ। |
| ਤੂ ਠਾਕੁਰੁ[54] ਤੂ ਸਾਹਿਬੋ[55] ਤੂ ਹੈ ਮੇਰਾ ਮੀਰਾ[56] ॥ | Thou art the Master[54], Thou the Lord[55] and Thou my sovereign[56]. | ਤੂੰ ਮਾਲਕ[54] ਹੈਂ, ਤੂੰ ਹੀ ਸੁਆਮੀ[55] ਅਤੇ ਤੂੰ ਹੀ ਮੇਰਾ ਸੁਲਤਾਨ[56]। |
| ਤੁਧੁ ਭਾਵੈ[57] ਤੇਰੀ ਬੰਦਗੀ[58] ਤੂ ਗੁਣੀ[59] ਗਹੀਰਾ[60] ॥੨੧॥ | If it so pleases[57] Thee, then alone can Thy devotional service[58] be performed, O Lord. Thou art an ocean[60] of merits[59]. | ਜੇਕਰ ਤੈਨੂੰ ਇਸ ਤਰ੍ਹਾਂ ਚੰਗਾ ਲਗੇ[57], ਹੇ ਸੁਆਮੀ ਕੇਵਲ ਤਦ ਹੀ ਤੇਰੀ ਪ੍ਰੇਮਮਈ ਸੇਵਾ[58] ਹੋ ਸਕਦੀ ਹੈ। ਤੂੰ ਗੁਣਾਂ[59] ਦਾ ਸਮੁੰਦਰ[60] ਹੈਂ। |
| ਆਪੇ ਹਰਿ ਇਕ ਰੰਗੁ ਹੈ ਆਪੇ ਬਹੁ[61] ਰੰਗੀ[62] ॥ | Himself, the Lord is manifest in many[61] forms[62] and Himself He is in one form alone. | ਆਪ ਹੀ ਪ੍ਰਭੂ ਬਹੁਤਿਆਂ[61] ਸਰੂਪਾਂ[62] ਵਿੱਚ ਪਰਗਟ ਹੈ ਅਤੇ ਆਪ ਹੀ ਕੇਵਲ ਇੱਕ ਸਰੂਪ ਵਾਲਾ ਹੈ। |
| ਜੋ[68] ਤਿਸੁ[63] ਭਾਵੈ[64] ਨਾਨਕਾ ਸਾਈ[65] ਗਲ[66] ਚੰਗੀ[67] ॥੨੨॥੨॥ | Whatever[68] pleases[64] Him, O Nanak, that[65] alone is the good[67] thing[66]. | ਜੋ ਕੁਛ[68] ਉਸ ਨੂੰ[63] ਚੰਗਾ ਲਗਦਾ[64] ਹੈ, ਹੇ ਨਾਨਕ ! ਕੇਵਲ ਓਹੀ[65] ਸ੍ਰੇਸ਼ਟ[67] ਬਾਤ[66] ਹੈ। |
| **ਤਿਲੰਗ ਮਹਲਾ ੯ ਕਾਫੀ** | **Tillang 9th Guru Kafi** | **ਤਿਲੰਗ ਨੌਵੀਂ ਪਾਤਿਸ਼ਾਹੀ ਕਾਫ਼ੀ** |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace, is He obtained. | ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ। |
| ਚੇਤਨਾ[68]* ਹੈ ਤਉ[69] ਚੇਤੁ[70] ਲੈ ਨਿਸਿ[71] ਦਿਨਿ ਮੈ ਪ੍ਰਾਨੀ[72] ॥ | O mortal[72], if thou hast any understanding[68], then[69] remember[70] thou Thy Lord, night[71] and day. | ਹੇ ਫ਼ਾਨੀ ਬੰਦੇ[72] ! ਜੇਕਰ ਤੈਨੂੰ ਕੋਈ ਸਮਝ[68] ਹੈ, ਤਦ[69] ਤੂੰ ਰਾਤ[71] ਦਿਨ ਸਾਹਿਬ ਦਾ ਸਿਮਰਨ[70] ਕਰ। |

| | | |
|---|---|---|
| ਛਿਨੁ ਛਿਨੁ[73] ਅਉਧ[74] ਬਿਹਾਤੁ[75] ਹੈ ਫੂਟੈ[76] ਘਟ[77] ਜਿਉ ਪਾਨੀ[78]॥੧॥ਰਹਾਉ॥ | Every moment[73] life[74] is passing away[75] like[78] the water from the cracked[76] pitcher[77]. Pause. | ਤਿੜਕੇ[76] ਹੋਏ ਘੜੇ[77] ਵਿਚੋਂ ਪਾਣੀ ਦੀ ਮਾਨੰਦ[78] ਹਰ ਮੁਹਤ[73] ਉਮਰ[74] ਬੀਤਦੀ[75] ਜਾ ਰਹੀ ਹੈ। ਠਹਿਰਾਉ। |
| ਹਰਿ ਗੁਨ[79] ਕਾਹਿ[80] ਨ ਗਾਵਹੀ[81] ਮੂਰਖ[82] ਅਗਿਆਨਾ[83] ॥ | Why[80] singest thou not the praises[79] of God, O ignorant[83] fool[82] ? | ਤੂੰ ਕਿਉਂ[80] ਵਾਹਿਗੁਰੂ ਦੀਆਂ ਸਿਫ਼ਤਾਂ[79] ਗਾਇਨ[81] ਨਹੀਂ ਕਰਦਾ, ਹੇ ਬੇਸਮਝ[83] ਬੇਵਕੂਫ਼[82] ! |
| ਝੂਠੈ[84] ਲਾਲਚਿ[85] ਲਾਗਿ[86] ਕੈ ਨਹਿ ਮਰਨੁ[87] ਪਛਾਨਾ[88] ॥੧॥ | Attached[86] to false[84] avarice[85], thou thinkest[88] not of death[87]. | ਕੂੜੇ[84] ਲੋਭ[85] ਨਾਲ ਚਿਮੜ ਕੇ[86], ਤੂੰ ਮੌਤ[87] ਨੂੰ ਚੇਤੇ[88] ਨਹੀਂ ਕਰਦਾ। |
| ਅਜਹੂ[89] ਕਛੁ ਬਿਗਰਿਓ[90] ਨਹੀ ਜੋ[91] ਪ੍ਰਭ ਗੁਨ[92] ਗਾਵੈ[93] ॥ | No harm[90] has yet[89] been done, if[91] thou even now singest[93] Lord's praise[92]. | ਅਜੇ ਭੀ[89] ਕੁਝ ਵਿਗੜਿਆ[90] ਨਹੀਂ, ਜੇਕਰ[91] ਤੂੰ ਹੁਣ ਭੀ ਸੁਆਮੀ ਦਾ ਜੱਸ[92] ਗਾਇਨ ਕਰਨ[93] ਲਗ ਜਾਵੇਂ। |
| ਕਹੁ[99]ਨਾਨਕ ਤਿਹ[98] ਭਜਨ[94] ਤੇ[95] ਨਿਰਭੈ[96] ਪਦੁ[97] ਪਾਵੈ॥੨॥੧॥ | Says[99] Nanak, by[95] meditating[94] on Him[98], thou shalt obtain the thc sublime state[97] of fearlessneess[96]. | ਗੁਰੂ ਜੀ ਫੁਰਮਾਉਂਦੇ[99] ਹਨ, ਉਸ[98] ਦਾ ਸਿਮਰਨ ਕਰਨ[94] ਦੁਆਰਾ[95] ਤੂੰ ਭੈ-ਰਹਿਤ[96] ਮਰਤਬੇ[97] ਨੂੰ ਪਾ ਲਵੇਂਗਾ। |
| ਤਿਲੰਗ ਮਹਲਾ ੯ ॥ | Tilang 9th Guru. | ਤਿਲੰਗ ਨੌਵੀਂ ਪਾਤਿਸ਼ਾਹੀ। |
| ਜਾਗਿ[100] ਲੇਹੁ ਰੇ[2] ਮਨਾ[3] ਜਾਗਿ ਲੇਹੁ ਕਹਾ[4] ਗਾਫਲ[5] ਸੋਇਆ[6] ॥ | Awake[100], O[2] man[3], be awake; why[4] art thou sleeping[6] heedlessly[5]. | ਜਾਗਦਾ[100] ਰਹੁ, ਹੇ[2] ਬੰਦੇ[3] ! ਜਾਗਦਾ ਰਹੁ ਤੂੰ ਕਿਉਂ[4] ਬੇਪਰਵਾਹ ਹੋ ਕੇ[5] ਸੌਂ ਰਿਹਾ[6] ਹੈਂ। |
| ਜੋ[12] ਤਨੁ[7] ਉਪਜਿਆ[8] ਸੰਗ[9] ਹੀ ਸੋ ਭੀ[10] ਸੰਗ ਨ ਹੋਇਆ ॥੧॥ਰਹਾਉ॥ | The[12] body[7], that was born[8] with[9] thee, even that[10] shall not go with thee. Pause. | ਦੇਹ[7] ਜਿਹੜੀ[12] ਤੇਰੇ ਨਾਲ[9] ਪੈਦਾ ਹੋਈ[8] ਸੀ, ਉਹ ਭੀ[10] ਤੇਰੇ ਨਾਲ ਨਹੀਂ ਜਾਣੀ। ਠਹਿਰਾਉ। |
| ਮਾਤ[13] ਪਿਤਾ[14] ਸੁਤ[15] ਬੰਧ ਜਨ[16] ਹਿਤੁ[17] ਜਾ ਸਿਉ ਕੀਨਾ[18]॥ ਜੀਉ[19] ਛੂਟਿਓ[20] ਜਬ ਦੇਹ[21] ਤੇ ਡਾਰਿ[22] ਅਗਨਿ[23] ਮੈ[24] ਦੀਨਾ ॥੧॥ | The mother[13], father[14], sons[15] and relatives[16], to[18] whom thou bearest love[17], they will throw[22] thy body[21] into[24] the fire[23], when the soul[19] separates[20] from it. | ਮਾਂ[13], ਪਿਉ[14], ਪੁੱਤ੍ਰ[15] ਅਤੇ ਸਾਕ-ਸੈਨ[16], ਜਿਨ੍ਹਾਂ ਨਾਲ[18] ਤੂੰ ਪਿਆਰ[17] ਪਾਇਆ ਹੋਇਆ ਹੈ ਤੇਰੇ ਸਰੀਰ[21] ਨੂੰ ਅੱਗ[23] ਵਿਚ[24] ਸੁੱਟ ਪਾਉਣਗੇ[22], ਜਦ ਆਤਮਾ[19] ਇਸ ਤੋਂ ਵੱਖਰੀ[20] ਹੋ ਵੰਞੇਗੀ। |
| ੭੨੭ | | |
| ਜੀਵਤ[25] ਲਉ[26] ਬਿਉਹਾਰੁ[27] ਹੈ ਜਗ[28] ਕਉ ਤੁਮ[29] ਜਾਨਉ[30] ॥ | Know[30] thou[29] for certain that the affairs[27] of the world[28] last only till[26] one is alive[25]. | ਤੂੰ[29] ਚੰਗੀ ਤਰ੍ਹਾਂ ਜਾਣ ਲੈ[30] ਕਿ ਸੰਸਾਰ[28] ਦੇ ਕਾਰ-ਵਿਹਾਰ[27] ਉਦੋਂ ਤਾਈ ਹੀ ਹਨ, ਜਦ[26] ਤਾਈਂ ਇਨਸਾਨ ਜੀਉਂਦਾ[25] ਹੈ। |
| ਨਾਨਕ ਹਰਿ ਗੁਨ[33] ਗਾਇ ਲੇ ਸਭ[34] ਸੁਫਨ[31] ਸਮਾਨਉ[32] ॥੨॥੨॥ | Nanak, sing thou the praises[33] of the Lord. Everything[34] is like[32] a dream[31]. | ਨਾਨਕ, ਤੂੰ ਸਾਹਿਬ ਦੀਆਂ ਸਿਫ਼ਤਾਂ[33] ਗਾਇਨ ਕਰ। ਹਰ ਚੀਜ਼[34] ਸੁਪਨੇ[31] ਦੀ ਮਾਨੰਦ[32] ਹੈ। |
| ਤਿਲੰਗ ਮਹਲਾ ੯ ॥ | Tilang 9th Guru. | ਤਿਲੰਗ ਨੌਵੀਂ ਪਾਤਿਸ਼ਾਹੀ |

| | | |
|---|---|---|
| ਹਰਿ ਜਸੁ[35] ਰੇ[36] ਮਨਾ[37] ਗਾਇ ਲੇ ਜੋ ਸੰਗੀ[38] ਹੈ ਤੇਰੋ ॥ | O[36] my soul[37], sing thou the praise[35] of God, who is thy real friend[38]. | ਹੇ[36] ਮੇਰੀ ਜਿੰਦੜੀਏ[37] ! ਤੂੰ ਵਾਹਿਗੁਰੂ ਦੀ ਮਹਿਮਾ[35] ਗਾਇਨ ਕਰ, ਜੋ ਤੇਰਾ ਸਚਾ ਸਾਥੀ[38] ਹੈ । |
| ਅਉਸਰੁ[39] ਬੀਤਿਓ[40] ਜਾਤੁ ਹੈ ਕਹਿਓ[41] ਮਾਨਿ[42] ਲੈ ਮੇਰੋ ॥੧॥ਰਹਾਉ॥ | The time[39] is passing away[40], listen carefully[42] to what I say[41]. Pause. | ਵੇਲਾ[39] ਬੀਤਦਾ ਜਾ ਰਿਹਾ[40] ਹੈ, ਮੇਰੀ ਗੱਲ[41] ਨੂੰ ਧਿਆਨ ਨਾਲ[42] ਸੁਣ । ਠਹਿਰਾਉ । |
| ਸੰਪਤਿ[43] ਰਥ[44] ਧਨ[45]ਰਾਜ[46] ਸਿਉ ਅਤਿ[47] ਨੇਹੁ[48] ਲਗਾਇਓ[49] ॥ | Thou hast embraced[49] immense[47] love[48] for riches[43], chariots[44], wife[45] and dominions[46]. | ਤੂੰ ਧਨ-ਦੌਲਤ[43], ਰਥਾਂ[44], ਪਤਨੀ[45] ਅਤੇ ਜਾਗੀਰਾਂ[46] ਨਾਲ ਪਰਮ[47] ਪਿਆਰ[48] ਪਾਇਆ ਹੋਇਆ[49] ਹੈ । |
| ਕਾਲ[50] ਫਾਸ[51] ਜਬ ਗਲਿ[52] ਪਰੀ ਸਭ ਭਇਓ ਪਰਾਇਓ[53] ॥੧॥ | When death's[50] noose[51] encircles thy neck[52], all shall become the property of others[53]. | ਜਦ ਮੌਤ[50] ਦੀ ਫਾਹੀ[51] ਤੇਰੀ ਗਰਦਨ[52] ਉਦਾਲੇ ਪਊਗੀ, ਸਾਰਾ ਕੁਛ ਹੋਰਨਾਂ[53] ਦੀ ਮਲਕੀਅਤ ਹੋ ਜਾਵੇਗਾ । |
| ਜਾਨਿ ਬੂਝਿ[54] ਕੈ ਬਾਵਰੇ[55] ਤੈ ਕਾਜੁ[56] ਬਿਗਾਰਿਓ[57] ॥ | Knowing full[54] well, O mad man[55], thou hast spoiled[57] thine case[56]. | ਜਾਣ ਬੁੱਝ ਕੇ[54], ਹੇ ਪਗਲੇ ਪੁਰਸ਼[55], ਤੈਂ ਆਪਣਾ ਕੰਮ[56] ਖ਼ਰਾਬ ਕਰ ਲਿਆ[57] ਹੈ । |
| ਪਾਪ[58] ਕਰਤ[59] ਸੁਕਚਿਓ[60] ਨਹੀ ਨਹ ਗਰਬੁ[61] ਨਿਵਾਰਿਓ[62] ॥੨॥ | Thou shirkest[60] not from committing[59] sins[58], nor dismissest[62] thou, thy ego[61]. | ਤੂੰ ਗੁਨਾਹ[58] ਕਰਨ[59] ਤੋਂ ਸੰਕੋਚ[60] ਨਹੀਂ ਕਰਦਾ, ਨਾ ਹੀ ਤੂੰ ਆਪਣੀ ਸਵੈ-ਹੰਗਤਾ[61] ਨੂੰ ਛੱਡਦਾ[62] ਹੈਂ । |
| ਜਿਹ ਬਿਧਿ[63] ਗੁਰ ਉਪਦੇਸਿਆ[64] ਸੋ[65] ਸੁਨੁ[66] ਰੇ[67] ਭਾਈ ॥ | The way[63] the Guru instructs[64] thee, hearken[66] thou to that[65], O[67] brother. | ਜਿਸ ਤਰ੍ਹਾਂ[65] ਗੁਰੂ ਜੀ ਤੈਨੂੰ ਸਿਖਮੱਤ ਦਿੰਦੇ[64] ਹਨ, ਤੂੰ ਉਸ[65] ਨੂੰ ਸ੍ਰਵਣ ਕਰ[66], ਹੇ[67] ਭਰਾ । |
| ਨਾਨਕ ਕਹਤ[68] ਪੁਕਾਰਿ[69] ਕੈ ਗਹੁ[70]ਪ੍ਰਭ ਸਰਨਾਈ[71] ॥੩॥੩॥ | Nanak loudly[69] proclaims[68] "Grasp[70] thou the protection[71] of thy Lord". | ਨਾਨਕ ਉੱਚੀ ਬੋਲ ਕੇ[69] ਆਖਦਾ[68] ਹੈ, ਤੂੰ ਆਪਣੇ ਪ੍ਰਭੂ ਦੀ ਪਨਾਹ[71] ਪਕੜ[70] । |
| ਤਿਲੰਗ ਬਾਣੀ[72] ਭਗਤਾ ਕੀ ਕਬੀਰ ਜੀ[73] | Tilang The saints' hymns[72] Sire Kabir | ਤਿਲੰਗ ਸ਼ਬਦ[72] ਭਗਤਾਂ ਦੇ ਮਹਾਰਾਜ[73] ਕਬੀਰ ਜੀ |
| ੴ ਸਤਿਗੁਰ ਪ੍ਰਸਾਦਿ ॥ | There is but One God. By True Guru's grace is He obtained. | ਵਾਹਿਗੁਰੂ ਕੇਵਲ ਇੱਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ । |
| ਬੇਦ ਕਤੇਬ[74] ਇਫਤਰਾ[75] ਭਾਈ[76] ਦਿਲ[77] ਕਾ ਫਿਕਰੁ[78] ਨ ਜਾਇ[79] ॥ | The Vedas and the four Semitic scriptures[74] are un-necessary[75], O brother[76], if the mind's[77] anxiety[78] is not removed[79]. | ਵੇਦ ਅਤੇ ਚਾਰੇ ਸ਼ਾਮ ਦੇਸ ਦੇ ਮਜ਼ਹਬੀ[74] ਗ੍ਰੰਥ ਬੇਲੋੜੇ[75] ਹਨ, ਹੇ ਭਰਾ[76] ! ਜੇਕਰ ਚਿੱਤ ਦੀ[77] ਚਿੰਤਾ[78] ਦੂਰ[79] ਨਹੀਂ ਹੁੰਦੀ । |
| ਟੁਕੁ[80] ਦਮੁ ਕਰਾਰੀ[81] ਜਉ[82] ਕਰਹੁ ਹਾਜਿਰ ਹਜੂਰਿ[83] | If[82] thou fix[81] thy mind on God even for a moment[80], then the | ਜੇਕਰ[82] ਤੂੰ ਆਪਣਾ ਮਨ ਇੱਕ ਨਿਮਖ ਭਰ[80] ਲਈ ਭੀ ਵਾਹਿਗੁਰੂ ਵਿਚ ਟਿਕਾ ਲਵੇਂ[81], ਤਦ ਸੁਆਮੀ[84] ਤੇਰੇ |

| | | |
|---|---|---|
| ਖ਼ੁਦਾਇ[84] ॥੧॥ | Lord[84] shall be seen just present[83] before thee | ਅੱਗੇ ਐਨ ਹਾਜ਼ਰ ਨਾਜ਼ਰ[83] ਦਿੱਸੇਗਾ । |
| ਬੰਦੇ ਖੋਜੁ[85] ਦਿਲ[86] ਹਰਿ ਰੋਜ[87] ਨਾ ਫਿਰੁ[88] ਪਰੇਸਾਨੀ[89] ਮਾਹਿ[90] ॥ | O man, search[85] thy heart[86] every day[87] and wander[88] not in[90] perplexity[89]. | ਹੇ ਇਨਸਾਨ ! ਆਪਣੇ ਮਨ[86] ਦੀ ਨਿਤਾਪ੍ਰਤੀ[87] ਢੂੰਡ ਭਾਲ[85] ਕਰ ਅਤੇ ਘਬਰਾਹਟ[89] ਅੰਦਰ[90] ਨਾ ਭਟਕ[88] । |
| ਇਹ ਜੁ ਦੁਨੀਆ[91] ਸਿਹਰੁ[92] ਮੇਲਾ ਦਸਤਗੀਰੀ[93] ਨਾਹਿ ॥੧॥ਰਹਾਉ॥ | This world[91] is a magic-show[92]. In it there is no one to hold[93] thy hand[92]. Pause. | ਇਹ ਜਗਤ[91] ਇੱਕ ਜਾਦੂ ਦਾ ਤਮਾਸ਼ਾ[92] ਹੈ। ਇਸ ਵਿੱਚ ਕੋਈ ਵੀ ਤੇਰਾ ਹੱਥ[92] ਫੜਨ ਵਾਲ[93] ਨਹੀਂ। ਠਹਿਰਾਉ । |
| ਦਰੋਗੁ[94] ਪੜਿ ਪੜਿ ਖੁਸੀ[98] ਹੋਇ ਬੇਖਬਰ[95] ਬਾਦੁ[96] ਬਕਾਹਿ[97] ॥ | Reading and reading false-hood[94], the mortals are delighted[98] and being ignorant[95] talk[97] nonsense[96]. | ਕੂੜ[94] ਨੂੰ ਵਾਚ ਵਾਚ ਕੇ, ਪ੍ਰਾਨੀ ਪ੍ਰਸੰਨ ਹੁੰਦੇ[98] ਹਨ ਅਤੇ ਬੇਸਮਝ[95] ਹੋਣ ਕਾਰਨ ਊਲ ਜਲੂਲ[96] ਬਕਦੇ[97] ਹਨ । |
| ਹਕੁ[99] ਸਚੁ ਖਾਲਕੁ[100] ਖਲਕ[2] ਮਿਆਨੇ[3] ਸਿਆਮ[4] ਮੂਰਤਿ[5] ਨਾਹਿ ॥੨॥ | My Just[99] True Creator[100] is within[3] His creation[2]. He is not the Krishna of black[4] form[5]. | ਮੇਰਾ ਨਿਆਇਕਾਰੀ[99] ਸੱਚਾ ਸਿਰਜਣਹਾਰ[100] ਆਪਣੀ ਰਚਨਾ[2] ਅੰਦਰ[3] ਹੈ। ਉਹ ਕਾਲੇ[4] ਸਰੂਪ[5] ਵਾਲਾ ਕ੍ਰਿਸ਼ਨ ਨਹੀਂ ਹੈ । |
| ਅਸਮਾਨ[6] ਮ੍ਹਿਾਨੇ[7] ਲਹੰਗ[8] ਦਰੀਆ[9] ਗੁਸਲ[10] ਕਰਦਨ ਬੂਦ[12] ॥ | In[7] the tenth gate[6] flows[8] the stream[9] of celestial bliss Thou ought to have taken[12] a bath[10] in it. | ਦਸਮ ਦੁਆਰ[6] ਅੰਦਰ[7] ਬੈਕੁੰਠੀ ਆਨੰਦ ਦੀ ਨਦੀ[9] ਵਗਦੀ[8] ਹੈ। ਤੈਨੂੰ ਇਸ ਵਿੱਚ ਇਸ਼ਨਾਨ[10] ਕਰਨਾ[12] ਚਾਹੀਦਾ ਸੀ । |
| ਕਰਿ[13] ਫਕਰੁ[14] ਦਾਇਮ[51] ਲਾਇ[16] ਚਸਮੇ[17] ਜਹ ਤਹਾ[18] ਮਉਜੂਦੁ[19] ॥੩॥ | Ever[15] perform[13] thou the Lord's service[14]. Wear[16] these spectacles[17] and see Him present[19] everywhere[18]. | ਤੂੰ ਹਮੇਸ਼ਾ[15] ਹੀ ਸੁਆਮੀ ਦੀ ਸੇਵਾ[14] ਕਮਾ[13]। ਇਹ ਐਨਕਾਂ[17] ਲਾ ਕੇ[16] ਤੂੰ ਉਸ ਨੂੰ ਹਰ ਜਗ੍ਹਾ[18] ਹਾਜ਼ਰ ਨਾਜ਼ਰ[19] ਵੇਖ । |
| ਅਲਾਹ[20] ਪਾਕੰ[21] ਪਾਕ ਹੈ ਸਕ[22] ਕਰਉ ਜੇ[23] ਦੂਸਰ[24] ਹੋਇ ॥ | The Lord[20] is the purest of the pure[21]. Thou mayest entertain a doubt[22] if[23] there be another[24]. | ਪ੍ਰਭੂ[20] ਪਵਿੱਤਰਾਂ ਦਾ ਪਰਮ ਪਵਿੱਤਰ[21] ਹੈ। ਤੂੰ ਤਾਂ ਸੰਦੇਹ[22] ਕਰੇਂ ਜੇਕਰ[23] ਕੋਈ ਦੂਜਾ[24] ਹੋਵੇ । |
| ਕਬੀਰ ਕਰਮੁ[25] ਕਰੀਮ[26] ਕਾ ਉਹੁ[27] ਕਰੈ[28] ਜਾਨੈ[29] ਸੋਇ[30] ॥੪॥੧॥ | Kabir, mercy[25] wells up from the Merciful Lord[26]. He[30] alone knows[29], who[27] does[28] all this. | ਕਬੀਰ, ਰਹਿਮਤ[25], ਰਹੀਮ ਸੁਆਮੀ[26] ਪਾਸੋਂ ਉਤਪੰਨ ਹੁੰਦੀ ਹੈ। ਕੇਵਲ ਓਹੀ[30] ਜਾਣਦਾ[29] ਹੈ, ਜੋ[27] ਇਹ ਸਾਰਾ ਕੁੱਛ ਕਰਦਾ[28] ਹੈ । |
| ਨਾਮਦੇਵ ਜੀ[31] ॥ | Sire Namdev. | ਮਹਾਰਾਜ[31] ਨਾਮ ਦੇਵ । |
| ਮੈ ਅੰਧੁਲੇ[32] ਕੀ ਟੇਕ[33] ਤੇਰਾ ਨਾਮੁ ਖੁੰਦਕਾਰਾ[34] ॥ | Of me, the blind[32] one, Thy Name, O Creator[34] is the only mainstay[33]. | ਮੈਂ ਅੰਨ੍ਹੇ[32] ਦਾ ਹੇ ਸਿਰਜਣਹਾਰ[34] ! ਕੇਵਲ ਤੇਰਾ ਨਾਮ ਹੀ ਆਸਰਾ[33] ਹੈ । |
| ਮੈ ਗਰੀਬ[35] ਮੈ ਮਸਕੀਨ[36] ਤੇਰਾ ਨਾਮੁ ਹੈ ਅਧਾਰਾ[37] ॥੧॥ਰਹਾਉ॥ | I am poor[35], I am meek[36], and Thy Name is my only support[37]. | ਮੈਂ ਗਰੀਬੜਾ[35] ਹਾਂ, ਮੈਂ ਆਜ਼ਿਜ਼[36] ਹਾਂ ਮੇਰੀ ਓਟ[37] ਤੇਂਡਾ ਨਾਮ ਹੀ ਹੈ । |
| ਕਰੀਮਾਂ[38] ਰਹੀਮਾਂ[39] ਅਲਾਹ[40] ਤੂ ਗਨੀਂ[41] ॥ | Bounteous[38], Beneficent[39] and wealthy[40] Thou art, O Lord[41]. | ਦਰਿਆਦਿਲ[38], ਦਇਆਵਾਨ[39] ਅਤੇ ਧਨਾਢ[40] ਤੂੰ ਹੈਂ ਹੇ ਪ੍ਰਭੂ[41] ! |
| ਹਾਜਰਾ ਹਜੂਰਿ[42] ਦਰਿ[43] | Thou[45] art ever present[42] within[43] | ਤੂੰ[45] ਮੇਰੇ[46] ਅੰਦਰ[43] ਤੇ ਸਾਮ੍ਹਣੇ[44] ਸਦਾ ਹਾਜ਼ਰ |

| | | |
|---|---|---|
| ਪੇਸਿ[44] ਤੁ[45] ਮਨੀ[46] ॥੧॥ | and before[44] me[46]. | ਨਾਜ਼ਰ[42] ਹੈਂ । |
| ਦਰੀਆਉ[47] ਤੂ ਦਿਹੰਦ[48] ਤੂ ਬਿਸੀਆਰ[49] ਤੂ ਧਨੀ[50] ॥ | Thou art the river[47] Thou the Giver[48] and Thou art exceedingly[49] wealthy[50]. | ਤੂੰ ਦਰਿਆ[47] ਹੈਂ, ਤੂੰ ਦਾਤਾ[48] ਅਤੇ ਤੂੰ ਹੀ ਮਹਾਂ[49] ਮਾਲਦਾਰ[50] ਹੈਂ । |
| ਦੇਹਿ[51] ਲੇਹਿ[52] ਏਕੁ[53] ਤੂੰ ਦਿਗਰ[54] ਕੋ ਨਹੀ ॥੨॥ | Thou alone[53] givest[51] and takest[52], there is not another[54]. | ਕੇਵਲ[53] ਤੂੰ ਹੀ ਦਿੰਦਾ[51] ਅਤੇ ਲੈਂਦਾ[52] ਹੈਂ । ਹੋਰ ਦੂਜਾ[54] ਕੋਈ ਨਹੀਂ । |
| ਤੂੰ ਦਾਨਾਂ[55] ਤੂੰ ਬੀਨਾਂ[56] ਮੈ ਬੀਚਾਰੁ[57] ਕਿਆ[58] ਕਰੀ ॥ | Thou art wise[55]. Thou art the beholder[56] What[58] conception[57] can I form of Thee. | ਤੂੰ ਸਿਆਣਾ[52] ਹੈਂ । ਤੂੰ ਹੀ ਦੇਖਣ ਵਾਲਾ[56] ਹੈਂ । ਮੈਂ ਤੇਰਾ ਕੀ[58] ਧਿਆਨ[57] ਧਾਰ ਸਕਦਾ ਹਾਂ ? |
| ਨਾਮੇ ਚੇ[59] ਸੁਆਮੀ ਬਖਸੰਦ[60] ਤੂੰ ਹਰੀ ॥੩॥੧॥੨॥ | O God, the Lord of Nama[59], Thou art the Pardoner[60]. | ਨਾਮੇ ਦੇ ਸਾਹਿਬ[59], ਹੇ ਵਾਹਿਗੁਰੂ ! ਤੂੰ ਬਖਸ਼ਣਹਾਰ[60] ਹੈਂ । |
| ਹਲੇ[61] ਯਾਰਾਂ[62] ਹਲੇ ਯਾਰਾਂ ਖੁਸਿਖਬਰੀ[63] ॥ | Hallo ! my friend[62], Hallo my friend, what glad tidings[63] bringest thou ? | ਹੇ ! ਮੇਰੇ ਮਿੱਤਰ[62], ਹੇ ਮੇਰੇ ਮਿੱਤਰ ! ਤੂੰ ਕੀ ਸੁਖ ਸੁਨੇਹਾ[63] ਲਿਆਇਆ ਹੈਂ ? |
| ਬਲਿ[64] ਬਲਿ ਜਾਂਉ ਹਉ[65] ਬਲਿ ਬਲਿ ਜਾਂਉ ॥ | Devoted[64], O devoted, devoted, O devoted am I[65] unto Thee. | ਸਦਕੇ[64] ! ਓ ਸਦਕੇ, ਸਦਕੇ, ਓ ਸਦਕੇ ! ਮੈਂ[65] ਜਾਂਦਾ ਹਾਂ ਤੇਰੇ ਉਤੋਂ । |
| ਨੀਕੀ[66] ਤੇਰੀ ਬਿਗਾਰੀ[67] ਆਲੇ[68] ਤੇਰਾ ਨਾਉ ॥੧॥ ਰਹਾਉ॥ | Good[66] is Thine forced labour[67] and exalted[68] is Thy Name. Pause. | ਚੰਗੀ[66] ਹੈ ਤੇਰੀ ਵਗਾਰ[67] ਅਤੇ ਸ੍ਰੇਸ਼ਟ[68] ਹੈ ਤੇਰਾ ਨਾਮ । ਠਹਿਰਾਉ । |
| ਕੁਜਾ[69] ਆਮਦ[70] ਕੁਜਾ ਰਫਤੀ[71] ਕੁਜਾ ਮੇ ਰਵੀ[72] ॥ | Whence[69] hast Thou come[70] ? Where hast Thou been[71] and whither art Thou going[72] ? | ਤੂੰ ਕਿੱਥੋਂ[69] ਆਇਆ[70] ਹੈਂ ? ਤੂੰ ਕਿੱਥੇ ਗਿਆ[71] ਸਾਂ ਅਤੇ ਕਿਧਰ ਨੂੰ ਜਾਂਦਾ[72] ਹੈਂ ? |
| ਦ੍ਵਾਰਿਕਾ ਨਗਰੀ[73] ਰਾਸਿ[74] ਬੁਗੋਈ[75] ॥੧॥ | Tell[75] Thou the truth[74], in this sacred city[73] of Dwarka. | ਇਹ ਦਵਾਰਕਾ ਦਾ ਸ਼ਹਿਰ[73] ਹੈ । ਤੂੰ ਸੱਚੋ ਸੱਚ[74] ਕਹੁ[75] । |
| ਖੂਬੁ[76] ਤੇਰੀ ਪਗਰੀ[77] ਮੀਠੇ[78] ਤੇਰੇ ਬੋਲ[79] ॥ ਦ੍ਵਾਰਿਕਾ ਨਗਰੀ ਕਾਹੇ[80] ਕੇ ਮਗੋਲ[81]॥੨॥ | Handsome[76] is Thy turban[77] and sweet[78] is Thy speech[79]. How[80] can there be a Mughal[81] in the city of Dwarka ? | ਸੁੰਦਰ[76] ਹੈ ਤੇਰੀ ਦਸਤਾਰ[77] ਅਤੇ ਮਿੱਠੀ[78] ਹੈ ਤੇਰੀ ਬੋਲ ਬਾਣੀ[79] । ਦਵਾਰਕਾ ਦੇ ਸ਼ਹਿਰ ਵਿਚ ਮੁਗਲ[81] ਕਿਸ ਤਰ੍ਹਾਂ[80] ਹੋ ਸਕਦਾ ਹੈ ? |
| ਚੰਦੀ[81]* ਹਜਾਰ[82] ਆਲਮ[83] ਏਕਲ[84] ਖਾਨਾਂ[85] ॥ | Thou alone[84] art the Lord[85] of the many[81] thousands[82] of worlds[83]. | ਕੇਵਲ[84] ਤੂੰ ਹੀ ਅਨੇਕਾਂ[81] ਹਜ਼ਾਰਾਂ[82] ਸੰਸਾਰਾਂ[83] ਦਾ ਸੁਆਮੀ[85] ਹੈਂ । |
| ਹਮ ਚਿਨੀ[86] ਪਾਤਿਸਾਹ[87] ਸਾਂਵਲੇ[88] ਬਰਨਾਂ[89] ॥੩॥ | Like-wise[86] is my king[87] of the sable[88] hue[89]. | ਏਸੇ ਤਰ੍ਹਾਂ[86] ਦਾ ਹੀ ਹੈ ਕਾਲੇ[88] ਰੰਗ ਵਾਲਾ[89] ਮੇਰਾ ਸੁਲਤਾਨ[87] । |
| [90]ਅਸਪਤਿ[91] ਗਜਪਤਿ[92] ਨਰਹ[93] ਨਰਿੰਦ[94] ॥ | Thou art the Lord[91] of horse[90], (the Sun), the Lord of elephant[92] (Indra), and the King[94] of men[93] (Brahma) | ਤੂੰ ਘੋੜਿਆਂ[90] ਦਾ ਸੁਆਮੀ[91] (ਸੂਰਜ), ਹਾਥੀਆਂ[92] ਦਾ ਸੁਆਮੀ (ਇੰਦਰ) ਅਤੇ ਇਨਸਾਨਾਂ[93] ਦਾ ਰਾਜਾ[94] (ਬ੍ਰਹਮਾ) ਹੈਂ । |
| ਨਾਮੇ ਕੇ[95] ਸ੍ਵਾਮੀ ਮੀਰ[96] ਮੁਕੰਦ[97] ॥੪॥੨॥੩॥ | Thou art the Lord of Nama[95], the sovereign[96] of all and the Giver of salvation[97]. | ਤੂੰ ਨਾਮੇ ਦਾ[95] ਸਾਹਿਬ, ਸਾਰਿਆਂ ਦਾ ਪਾਤਿਸ਼ਾਹ[96] ਅਤੇ ਮੁਕਤੀ[97] ਦੇਣ ਵਾਲਾ ਹੈਂ । |